# ਡਿਸਟੈਂਸ ਐਜੂਕੇਸ਼ਨ ਵਿਭਾਗ

# ਐਮ. ਏ. (ਧਰਮ ਅਧਿਐਨ)

## ਭਾਗ ਦੂਜਾ

## ਸਮੈਸਟਰ ਤੀਜਾ

## ਪੁਸਤਿਕਾ-2

ਪੰਜਾਬੀ ਯੂਨੀਵਰਸਿਟੀ, ਪਟਿਆਲਾ

**Department website : www.pbidde.org**

# ਤਤਕਰਾ


**ਪਰਚਾ ਪਹਿਲਾ : ਧਰਮ ਦਰਸ਼ਨ (ਪੇਪਰ–ਨੌਵਾਂ)**

1.1 : ਪਰਮਾਤਮਾ ਦੀ ਹੋਂਦ ਦੇ ਪ੍ਰਮਾਣ

1.2 : ਮਨੁੱਖੀ ਹੋਂਦ, ਆਵਾਗਵਣ ਤੇ ਅਮਰਤਾ

1.3 : ਨੇਤੀ ਅਤੇ ਬਦੀ ਦੀ ਸਮੱਸਿਆ

**ਪਰਚਾ ਦੂਜਾ : ਗੁਰਮਤਿ ਦਰਸ਼ਨ (ਪੇਪਰ–ਦਸਵਾਂ)**

2.1 : ਆਤਮਿਕ ਸੰਪੂਰਨਤਾ ਹਾਸਲ ਕਰਨ ਲਈ ਆਤਮਾ ਦੀ ਸਥਿਤੀ

2.2 : ਸਿੱਖ ਨੈਤਿਕਤਾ ਦਾ ਸਮਾਜਿਕ ਸੰਦਰਭ

2.3 : ਰਹੱਸਵਾਦ : ਪਰਿਭਾਸ਼ਾ ਅਤੇ ਸਰੂਪ

2.4 : ਰਹੱਸਵਾਦ : ਸਰੂਪ ਅਤੇ ਵਿਧੀ ਵਿਧਾਨ

2.5 : ਆਵਾਗਵਣ ਅਤੇ ਮੁਕਤੀ

**ਪਰਚਾ ਤੀਜਾ : (ਆਪਸ਼ਨ ਦੂਜੀ) ਭਗਤ ਬਾਣੀ ਅਧਿਐਨ (ਪੇਪਰ–ਗਿਆਰਵਾਂ)**

3.1 : ਭਗਤ ਕਬੀਰ ਜੀ – ਬਾਵਨ ਅੱਖਰੀ ਅਤੇ ਸਲੋਕ

3.2 : ਭਗਤ ਰਵਿਦਾਸ ਜੀ ਦੀ ਬਾਣੀ ਵਿਚ ਮੁਕਤੀ (ਬੇਗਮਪੁਰਾ) ਦਾ ਸੰਕਲਪ

3.3 : ਬਾਣੀ ਸ਼ੇਖ ਫਰੀਦ : ਅਧਿਆਤਮਕ ਅਨੁਭਵ ਦੀ ਪ੍ਰਾਪਤੀ

3.4 : ਭਗਤ ਧੰਨਾ ਜੀ : ਸਿਧਾਂਤਕ ਪੱਖ

3.5 : ਭਗਤ ਤ੍ਰਿਲੋਚਨ ਜੀ : ਸਿਧਾਂਤਕ ਪੱਖ

**ਪਰਚਾ ਚੌਥਾ : ਅੰਤਰ–ਧਰਮ ਗਿਆਨ ਅਤੇ ਸੰਵਾਦ A**

4.1 : ਵੈਦਿਕ ਪਰੰਪਰਾ

4.2 : ਸ਼੍ਰਮਣਿਕ ਪਰੰਪਰਾ (ਜੈਨ ਅਤੇ ਬੁੱਧ ਧਰਮ) ਵਿੱਚ ਪਰਮਸੱਚ

4.3 : ਭਾਰਤੀ ਅਤੇ ਸਾਮੀ ਪਰੰਪਰਾ

4.4 : ਸਹਿਹੋਂਦ ਅਤੇ ਸਮਾਜਿਕ ਭਲਾਈ

# ਪਰਮਾਤਮਾ ਦੀ ਹੋਂਦ ਦੇ ਪ੍ਰਮਾਣ

ਜਦੋਂ ਤੋਂ ਮਨੁੱਖ ਨੇ ਸੋਝੀ ਸੰਭਾਲੀ ਹੈ ਲਗਭਗ ਉਦੋਂ ਤੋਂ ਹੀ ਪਰਮਾਤਮਾ ਦੀ ਹੋਂਦ ਬਾਰੇ ਚਰਚਾ ਸੁਣਨ ਨੂੰ ਮਿਲਦੀ ਹੈ। ਕੁਝ ਕੁ ਫਿਲਾਸਫਰਾਂ ਨੇ ਵੀ ਆਪਣੀ ਬੁੱਧੀ ਅਤੇ ਤਰਕ ਦੁਆਰਾ ਪਰਮਾਤਮਾ ਦੀ ਹੋਂਦ ਨੂੰ ਸਿੱਧ ਕਰਨ ਦਾ ਯਤਨ ਕੀਤਾ ਹੈ ਪਰ ਨਾਲ ਹੀ ਕੁਝ ਦੂਜੇ ਫਿਲਾਸਫਰਾਂ ਨੇ ਪਰਮਾਤਮਾ ਦੀ ਪਹਿਲਾਂ ਸਿੱਧ ਹੋ ਚੁੱਕੀ ਹੋਂਦ ਦੇ ਵਿਰੋਧ ਵਿਚ ਸਬੂਤ ਪੇਸ਼ ਕਰਕੇ ਆਪਣੇ ਤਰੀਕੇ ਨਾਲ ਪਰਮਾਤਮਾ ਦੀ ਹੋਂਦ ਨੂੰ ਸਿੱਧ ਕਰਨ ਦਾ ਯਤਨ ਕੀਤਾ ਹੈ। ਫਿਲਾਸਫਰਾਂ ਤੋਂ ਇਲਾਵਾ ਉਨ੍ਹਾਂ ਵਿਅਕਤੀਆਂ ਨੇ ਵੀ ਪਰਮਾਤਮਾ ਦੀ ਹੋਂਦ ਨੂੰ ਸਿੱਧ ਕਰਨ ਦਾ ਯਤਨ ਕੀਤਾ ਹੈ ਜੋ ਕਿ ਤਰਕ ਤੋਂ ਪਰੇ ਜਾ ਕੇ ਪਰਾ-ਤਾਰਕਿਕ ਹੋਂਦ ਵਿਚ ਵਿਸ਼ਵਾਸ਼ ਰੱਖਦੇ ਹਨ ਅਤੇ ਉਨ੍ਹਾਂ ਨੇ ਇਲਹਾਮ ਨੂੰ ਇਸਦਾ ਅਧਾਰ ਮੰਨਿਆ ਹੈ। ਇਸ ਤਰ੍ਹਾਂ ਦੇ ਧਾਰਮਿਕ ਵਿਅਕਤੀਆਂ ਦਾ ਕਹਿਣਾ ਹੈ ਕਿ ਪਰਮਾਤਮਾ ਦੀ ਹੋਂਦ ਨੂੰ ਸਿੱਧ ਕਰਨ ਦੀ ਜ਼ਰੂਰਤ ਹੀ ਨਹੀਂ ਕਿਉਂਕਿ ਇਹ ਇਕ ਸਵੈ-ਸਿੱਧ ਸਚਾਈ ਹੈ। ਉਹ ਫਿਲਾਸਫਰਾਂ ਵਾਂਗ ਪਰਮਾਤਮਾ ਦੀ ਹੋਂਦ ਨੂੰ ਇਕ ਸਮੱਸਿਆ ਨਹੀਂ ਸਮਝਦੇ ਜਿਸ ਨੂੰ ਕਿ ਸਿੱਧ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਇਕ ਬੇਲੋੜਾ ਵਿਵਾਦ ਖੜਾ ਹੋ ਜਾਵੇਗਾ ਅਤੇ ਧਰਮ ਅਤੇ ਸ਼ਰਧਾ ਮੂਲੋਂ ਹੀ ਉੱਖੜ ਜਾਣਗੇ। ਫਿਲਾਸਫਰਾਂ ਅਤੇ ਸ਼ਰਧਾਵਾਨਾਂ ਤੋਂ ਇਲਾਵਾ ਉਹ ਵਿਅਕਤੀ ਵੀ ਮੌਜੂਦ ਹਨ ਜੋ ਇਹ ਪ੍ਰਸ਼ਨ ਕਰਦੇ ਹਨ ਕਿ ਕੀ ਪਰਮਾਤਮਾ ਦੀ ਹੋਂਦ ਹੈ ? ਇਸ ਤਰ੍ਹਾਂ ਦੇ ਵਿਅਕਤੀਆਂ ਦਾ ਆਪਣਾ ਇਕ ਗਰੁੱਪ ਹੈ, ਜਿਨ੍ਹਾਂ ਨੂੰ ਨਾਸਤਿਕ ਕਿਹਾ ਜਾਂਦਾ ਹੈ।

ਇਹ ਵਿਅਕਤੀ ਦਾ ਬੁਨਿਆਦੀ ਸੁਭਾਅ ਹੈ ਕਿ ਉਹ ਜਿਸ ਵੀ ਚੀਜ਼ ਵਿਚ ਵਿਸ਼ਵਾਸ਼ ਰੱਖਦਾ ਹੈ ਜਾਂ ਜਿਸਨੂੰ ਵੀ ਅਪਨਾਉਂਦਾ ਹੈ, ਉਸ ਨੂੰ ਆਪਣੀ ਮਾਨਸਿਕ ਸੰਤੁਸ਼ਟੀ ਲਈ ਤਰਕ ਦੇ ਆਧਾਰ ਤੇ ਸਿੱਧ ਕਰਨ ਦੀ ਕੋਸ਼ਿਸ ਕਰਦਾ ਹੈ। ਇਸ ਤਰ੍ਹਾਂ ਦਾ ਵਿਚਾਰ ਵਿਅਕਤੀ ਨੂੰ ਮਜਬੂਰ ਕਰਦਾ ਹੈ ਕਿ ਉਹ ਪਰਮਾਤਮਾ ਦੀ ਹੋਂਦ ਨੂੰ ਸਿੱਧ ਕਰਨ ਲਈ ਤਾਰਕਿਕ ਆਧਾਰ ਲੱਭੇ ਜੋ ਕਿ ਵਿਅਕਤੀ ਦੇ ਧਾਰਮਿਕ ਵਿਸ਼ਵਾਸ਼ ਵਿਚ ਵਾਧਾ ਕਰਨ। ਪਰਮਾਤਮਾ ਦੀ ਹੋਂਦ ਨੂੰ ਸਿੱਧ ਕਰਨ ਦਾ ਇਕ ਕਾਰਨ ਇਹ ਵੀ ਹੈ ਕਿ ਤਰਕਹੀਨ ਵਿਸ਼ਵਾਸ ਨੂੰ ਮੰਨਣ ਲਈ ਅਜੋਕਾ ਮਨੁੱਖ ਤਿਆਰ ਹੀ ਨਹੀਂ। ਇਸ ਲਈ ਇਹ ਕੰਮ ਫਿਲਾਸਫਰਾਂ ਦਾ ਹੈ ਕਿ ਵਿਅਕਤੀ ਦੀ ਸ਼ਰਧਾ ਨੂੰ ਮੁੱਖ ਰਖਦੇ ਹੋਏ ਪਰਮਾਤਮਾ ਦੀ ਹੋਂਦ ਨੂੰ ਸਿੱਧ ਕੀਤਾ ਜਾਵੇ ਤਾਂ ਕਿ ਆਮ ਵਿਅਕਤੀ ਦੇ ਮਨ ਵਿਚ ਪੈਦਾ ਹੋ ਰਹੇ ਸ਼ੰਕਿਆਂ ਦੀ ਨਵਿਰਤੀ ਵੀ ਕੀਤੀ ਜਾ ਸਕੇ।

ਪਰਮਾਤਮਾ ਦੀ ਹੋਂਦ ਨੂੰ ਸਿੱਧ ਕਰਨ ਲਈ ਵੱਖ ਵੱਖ ਫਿਲਾਸਫਰਾਂ ਨੇ ਆਪਣੇ ਆਪਣੇ ਆਧਾਰ ਪੇਸ਼ ਕੀਤੇ ਹਨ। ਉਨ੍ਹਾਂ ਵਿਚੋਂ ਕੁਝ ਪ੍ਰਮੁੱਖ ਇਸ ਤਰ੍ਹਾਂ ਦਸੇ ਗਏ ਹਨ :-

1. ਬ੍ਰਹਿਮੰਡੀ-ਵਿਗਿਆਨ ਦਲੀਲ (Cosmological Argument)
2. ਪ੍ਰਯੋਜਨਵਾਦੀ-ਵਿਗਿਆਨ ਦਲੀਲ (Teleogical Argument)
3. ਨੈਤਿਕ-ਦਲੀਲ (Moral Argument)
4. ਸੱਤਾ-ਵਿਗਿਆਨ ਦਲੀਲ (Ontological Argument)
5. ਪ੍ਰਮਾਣਗਤ ਦਲੀਲ (Argument based on Testimony)

## 1. ਬ੍ਰਹਿਮੰਡੀ-ਵਿਗਿਆਨ ਦਲੀਲ (Cosmological Argument)

ਪਹਿਲੀ ਯੁਕਤੀ ਕਾਰਣਤਾ ਦੇ ਸਿਧਾਂਤ ਉਪਰ ਆਧਾਰਿਤ ਹੈ ਅਤੇ ਇਹ ਪਰਮਾਤਮਾ ਨੂੰ ਸ੍ਰਿਸ਼ਟੀ ਰਚਨਾ ਦਾ ਪਹਿਲਾ ਕਾਰਣ ਮੰਨਦੀ ਹੈ। ਕਾਰਣਤਾ ਦਾ ਸਿਧਾਂਤ ਇਹ ਦਸਦਾ ਹੈ ਕਿ ਹਰ ਇਕ ਘਟਨਾ ਦਾ ਕੋਈ ਨਾ ਕੋਈ ਕਾਰਣ ਜ਼ਰੂਰ ਹੁੰਦਾ ਹੈ ਅਤੇ ਕੋਈ ਵੀ ਅਜਿਹੀ ਵਸਤੂ ਇਸ ਸ੍ਰਿਸ਼ਟੀ ਵਿਚ ਮੌਜੂਦ ਨਹੀਂ ਜਿਸਦਾ ਕਾਰਣ ਨਾ ਹੋਵੇ। ਜਿਵੇਂ ਦਰਖਤ ਦਾ ਕਾਰਨ ਬੀਜ ਹੈ ਅਤੇ ਦਹੀਂ ਦਾ ਕਾਰਣ ਦੁੱਧ। ਇਸ ਤਰ੍ਹਾਂ ਕਾਰਣ ਅਤੇ ਕਾਰਜ (cause and effect) ਦੀ ਲੜੀ ਵਿਚ ਪਹਿਲੇ ਕਾਰਣ ਤੇ ਪਹੁੰਚਣ ਦੀ ਕੋਸ਼ਿਸ਼ ਕਰੇ ਤਾਂ ਉਸਨੂੰ ਇਕ ਅਜਿਹੇ ਕਾਰਣ ਤੇ ਰੁਕਣਾ ਪਵੇਗਾ ਜਿਸਦਾ ਕੋਈ ਵੀ ਕਾਰਣ ਨਹੀਂ ਹੁੰਦਾ ਅਤੇ ਉਹ ਆਪਣਾ ਕਾਰਣ ਆਪ ਹੀ ਹੁੰਦਾ ਹੈ ਜਾਂ ਸਵੈ-ਭੂ (Sui Generus) ਹੁੰਦਾ ਹੈ। ਜਿਵੇਂ ਡੇਕਾਰਟ (Descartes) ਕਹਿੰਦਾ ਹੈ ਕਿ ਕੋਈ ਵੀ ਚੀਜ਼ ਜ਼ੀਰੋ ਤੋਂ ਪੈਦਾ ਨਹੀਂ ਹੋ ਸਕਦੀ (Nothing can come from nothing) ਅਤੇ ਜੋ ਵੀ ਚੀਜ ਪੈਦਾ ਹੁੰਦੀ ਹੈ, ਉਹੀ ਅਪੂਰਣ ਹੈ। ਕਿਉਂਕਿ ਭੌਤਿਕ ਵਸਤੂਆਂ ਤੋਂ ਪੂਰਣ ਚੀਜ਼ ਪੈਦਾ ਨਹੀਂ ਹੋ ਸਕਦੀ ਇਸ ਲਈ ਇਕ ਅਜਿਹੀ ਪੂਰਣ ਹੋਂਦ ਪ੍ਰਵਾਨ ਕੀਤੀ ਗਈ ਹੈ ਜਿਸਤੋਂ ਸਾਰੀਆਂ ਚੀਜ਼ਾਂ ਪੈਦਾ ਹੋ ਸਕਦੀਆਂ ਹਨ ਅਤੇ ਉਹ ਨਿਸ਼ਚਿਤ ਰੂਪ ਵਿਚ ਪਰਮਾਤਮਾ ਹੀ ਹੈ ਅਤੇ ਉਹ ਪੂਰਨ, ਅਨੰਤ ਦ੍ਰਵ ਹੈ ਜੋ ਖੁਦ ਤੋਂ ਪੈਦਾ ਹੋਇਆ ਹੈ।

ਡੇਕਾਰਟ ਵਾਂਗ ਥਾਮਸ ਐਕਵਿਨਸ (Thomas Acquinas) ਵੀ ਕਾਰਣਤਾ ਦੇ ਸਿਧਾਂਤ ਵਿਚ ਵਿਸ਼ਵਾਸ ਰਖਦਾ ਹੈ ਅਤੇ ਪਰਮਾਤਮਾ ਨੂੰ ਇਸ ਸ੍ਰਿਸ਼ਟੀ ਰਚਨਾ ਦਾ ਪਹਿਲਾ ਕਾਰਣ ਮੰਨਦਾ ਹੈ। ਉਹ ਕਹਿੰਦਾ ਹੈ ਕਿ ਜੇਕਰ ਪਰਮਾਤਮਾ ਕੇਵਲ ਸੰਭਾਵਿਤ ਕਾਰਣ ਹੀ ਹੁੰਦਾ ਅਤੇ ਕੇਵਲ ਕੁਝ ਚੀਜ਼ਾਂ ਹੀ ਪੈਦਾ ਕਰ ਸਕਦਾ ਤਾਂ ਉਹ ਸੰਪੂਰਣ ਸਰਵ ਸ਼ਕਤੀਮਾਨ ਨਾ ਹੁੰਦਾ ਅਤੇ ਨਾ ਹੀ ਉਹ ਪਹਿਲਾ ਕਾਰਣ ਮੰਨਿਆ ਜਾ ਸਕਦਾ। ਪਰ ਅਜਿਹਾ ਸੱਚ ਹੈ ਕਿ ਉਹ ਸੈਭੰ ਅਤੇ ਸੰਪੂਰਣ ਹੈ ਜਿਸਨੂੰ ਕਿ ਸਰਵੋਤਮ ਬੁਧੀਮਾਨ ਅਤੇ ਚੇਤੰਨ ਰੂਪ ਵਿਚ ਮੰਨਿਆ ਜਾ ਸਕਦਾ ਹੈ। ਪਰਮਾਤਮਾ ਨੂੰ ਉਹ ਸਾਰੀ ਸ੍ਰਿਸ਼ਟੀ ਦੀ ਹੋਂਦ ਦਾ ਕਾਰਣ ਮੰਨਦਾ ਹੈ ਜਿਸ ਨੇ ਇਸ ਸੰਸਾਰ ਨੂੰ ਸਿਫਰ (nothing) ਵਿਚੋਂ ਪੈਦਾ ਕੀਤਾ ਹੈ। Thomas Acquinas ਕਹਿੰਦਾ ਹੈ ਕਿ ਪਰਮਾਤਮਾ ਸ੍ਰਿਸ਼ਟੀ ਦੀਆਂ ਸਾਰੀਆਂ ਚੀਜ਼ਾਂ ਦਾ ਪਹਿਲਾ ਕਾਰਣ ਹੈ ਇਸ ਕਰਕੇ ਇਥੇ ਪਾਏ ਜਾਂਦੇ ਦ੍ਰਵ (matter) ਅਤੇ ਆਕਾਰ (form) ਦਾ ਕਾਰਣ ਵੀ ਉਹੋ ਹੀ ਹੈ ਅਤੇ ਜਦੋਂ ਉਹ ਪਵਿੱਤਰ ਆਤਮਾ ਸੀ ਤਾਂ ਦ੍ਰਵ ਉਸ ਵਿਚੋਂ ਹੀ ਪੈਦਾ ਨਹੀਂ ਹੋਇਆ ਬਲਕਿ ਪਰਮਾਤਮਾ ਨੇ ਦ੍ਰਵ ਨੂੰ ਸਿਫਰ (nothing) ਵਿਚੋਂ ਪੈਦਾ ਕੀਤਾ। ਇਥੇ ਇਹ ਨਹੀਂ ਕਿਹਾ ਜਾ ਸਕਦਾ ਕਿ ਸੰਸਾਰ ਦੀ ਹੋਂਦ ਕਿਸ ਸਮੇਂ ਵਿਚ ਹੋਈ ਹੈ ਅਤੇ ਨਾ ਹੀ ਇਹ ਕਿਹਾ ਜਾ ਸਕਦਾ ਹੈ ਕਿ ਇਸ ਦੀ ਕੋਈ ਵੀ ਸ਼ੁਰੂਆਤ ਨਹੀਂ ਹੈ। ਥਾਮਸ ਕਹਿੰਦਾ ਹੈ ਕਿ ਦੋਵੇਂ ਹੀ ਵਿਚਾਰ ਸੰਭਵ ਹਨ। ਸ੍ਰਿਸ਼ਟੀ ਰਚਨਾ ਦਾ ਸਿਫਰ ਤੋਂ ਪੈਦਾ ਹੋਣ ਦਾ ਅਰਥ ਹੈ ਕਿ ਸੰਸਾਰ ਦੀ ਉਤਪਤੀ ਪਰਮਾਤਮਾ ਤੋਂ ਹੋਈ ਹੈ ਅਤੇ ਪਰਮਾਤਮਾ ਹੀ ਇਸ ਦਾ ਇਕੋ ਇਕ ਕਾਰਣ ਹੈ। ਸਮਾਂ ਤਾਂ ਸ੍ਰਿਸ਼ਟੀ ਦਾ ਪਹਿਲਾ ਕਾਰਣ ਹੈ ਅਤੇ ਸਾਰੀਆਂ ਚੀਜ਼ਾਂ ਦੇ ਕਾਰਣ ਅਤੇ ਕਾਰਜ (cause and effect) ਪਰਮਾਤਮਾ ਤੇ ਆ ਕੇ ਰੁਕ ਜਾਂਦੇ ਹਨ ਕਿਉਂਕਿ ਪਰਮਾਤਮਾ ਨੂੰ ਕਿਸੇ ਵੀ ਚੀਜ਼ ਤੋਂ ਉਤਪੰਨ ਹੋਇਆ ਨਹੀਂ ਮੰਨਿਆ ਗਿਆ ਸਗੋਂ ਇਹੀ ਕਿਹਾ ਗਿਆ ਹੈ ਕਿ ਉਹ ਆਪਣੀ ਹੋਂਦ ਦਾ ਕਾਰਣ ਆਪ ਹੀ ਹੈ ਜਿਸਨੂੰ ਸੈਭੰ ਕਹਿੰਦੇ ਹਨ। ਬਾਕੀ ਸਾਰੀਆਂ ਚੀਜ਼ਾਂ ਉਸ ਪਹਿਲੇ ਕਾਰਣ ਤੋਂ ਪੈਦਾ ਹੋਈਆਂ ਹਨ। ਕੁਝ ਦੂਜੇ ਦਾਰਸ਼ਨਿਕਾਂ ਅਤੇ ਵਿਚਾਰਵਾਨਾਂ ਨੇ ਇਸ ਸਿਧਾਂਤ ਵਿਚ ਕੁਝ ਦੋਸ਼ ਵੀ ਲੱਭੇ ਹਨ।

**ਆਲੋਚਨਾ**

**(ੳ) ਪਰਮਾਤਮਾ ਕਾਰਣਤਾ ਦੇ ਸਿਧਾਂਤ ਨਾਲ ਸਬੰਧਤ ਨਹੀਂ ਹੈ :**

ਇਹ ਯੁਕਤੀ (ਦਲੀਲ) ਸਪਸ਼ਟ ਰੂਪ ਵਿਚ ਕਾਰਣਤਾ ਦੇ ਸਿਧਾਂਤ ਤੇ ਨਿਰਭਰ ਹੈ। ਇਸ ਲਈ ਜੇਕਰ ਪਰਮਾਤਮਾ ਕਾਰਣਤਾ ਦੇ ਸਿਧਾਂਤ ਦੀ ਲੜੀ ਦਾ ਇਕ ਭਾਗ ਹੈ ਤਾਂ ਉਹ ਵੀ ਇਸੇ ਸਿਧਾਂਤ ਨਾਲ ਬੱਝਾ ਹੋਇਆ ਹੈ। ਜੇ ਹਰ ਇਕ ਚੀਜ਼ ਦਾ ਕੋਈ ਨਾ ਕੋਈ ਕਾਰਣ ਹੈ ਤਾਂ ਪਰਮਾਤਮਾ ਦੀ ਹੋਂਦ ਦਾ ਵੀ ਕੋਈ ਨਾ ਕੋਈ ਕਾਰਣ ਜ਼ਰੂਰ ਹੋਣਾ ਚਾਹੀਦਾ ਹੈ ਅਤੇ ਜੇਕਰ ਇਸ ਤਰ੍ਹਾਂ ਸੰਭਵ ਹੈ ਤਾਂ ਪਰਮਾਤਮਾ ਪੂਰਣ ਨਹੀਂ ਹੈ। ਜੇਕਰ ਪਰਮਾਤਮਾ ਕਾਰਣਤਾ ਦੇ ਸਿਧਾਂਤ ਤੋਂ ਬਾਹਰ ਹੈ ਤਾਂ ਪਰਮਾਤਮਾ ਅਤੇ ਸ੍ਰਿਸ਼ਟੀ ਵਿਚ ਸਬੰਧ ਸਥਾਪਤ ਹੋਣਾ ਮੁਸ਼ਕਲ ਹੈ ਕਿਉਂਕਿ ਸਬੰਧ ਕਾਰਣਤਾ ਦੇ ਸਿਧਾਂਤ ਉਪਰ ਨਿਰਭਰ ਕਰਦਾ ਹੈ। ਦੋਵਾਂ ਹੀ ਪ੍ਰਸਥਿਤੀਆਂ ਵਿਚ ਪਰਮਾਤਮਾ ਨੂੰ ਕਾਰਣਤਾ ਦੇ ਸਿਧਾਂਤ ਵਿਚ ਸਥਾਪਤ ਕਰਨਾ ਮੁਸ਼ਕਲ ਹੈ। ਇਸ ਤੋਂ ਇਲਾਵਾ ਕਾਰਣਤਾ ਦਾ ਸਿਧਾਂਤ ਇਹ ਸਿਧ ਕਰਦਾ ਹੈ ਕਿ ਕੋਈ ਵੀ ਵਸਤੂ ਬਿਨਾਂ ਕਾਰਣ ਨਹੀਂ ਹੁੰਦੀ ਅਤੇ ਕਾਰਣਤਾ ਦੀ ਲੜੀ ਵਿਚ ਅਸੀਂ ਕਦੇ ਵੀ ਪਹਿਲੇ ਕਾਰਣ ਤੇ ਨਹੀਂ ਪਹੁੰਚ ਸਕਦੇ। ਇਸ ਤਰ੍ਹਾਂ ਕਰਕੇ ਅਸੀਂ ਇਕ ਦੋਸ਼ ਛੁਪਾਉਣ ਲਈ ਦੂਜਾ ਦੋਸ਼ ਵੀ ਨਾਲ ਹੀ ਸਿਰਜ ਰਹੇ ਹੁੰਦੇ ਹਾਂ।

**(ਅ) ਕਾਰਣ ਅਤੇ ਕਾਰਜ (Cause and Effect) ਦੋਵੇਂ ਸੀਮਿਤ ਹਨ :**

ਅਨੁਭਵਵਾਦੀ ਹਿਊਮ (Hume) ਇਹ ਗੱਲ ਕਹਿੰਦਾ ਹੈ ਕਿ ਕਾਰਣਤਾ ਦੇ ਸਿਧਾਂਤ : ਇਹ ਦੋਵੇਂ ਕਾਰਣ ਅਤੇ ਕਾਰਜ ਸੀਮਿਤ ਹਨ। ਕੀ ਇਸ ਸਥਿਤੀ ਵਿਚ ਅਸੀਂ ਪਰਮਾਤਮਾ ਦੀ ਹੋਂਦ ਨੂੰ ਸੀਮਿਤ ਤਾਂ ਨਹੀਂ ਕਰ ਰਹੇ ?

**(ੲ) ਅਨੇਕਤਾ ਦਾ ਸਿਧਾਂਤ**

ਇਸ ਸਿਧਾਂਤ ਵਿਚ ਇਹ ਦਲੀਲ ਪੇਸ਼ ਕੀਤੀ ਜਾ ਰਹੀ ਹੈ ਕਿ ਹਰ ਇਕ ਘਟਨਾ ਦਾ ਕੋਈ ਨਾ ਕੋਈ ਕਾਰਣ ਜ਼ਰੂਰ ਹੁੰਦਾ ਹੈ ਜੋ ਕਿ ਭੌਤਿਕ ਵਸਤੂਆਂ ਵਿਚਕਾਰ ਅਕਸਰ ਦੇਖਣ ਨੂੰ ਮਿਲਦੇ ਹਨ। ਪ੍ਰੰਤੂ ਬਹੁਤ ਸਾਰੀਆਂ ਘਟਨਾਵਾਂ ਦੇ ਇਕ ਤੋਂ ਵੀ ਜ਼ਿਆਦਾ ਕਾਰਣ ਹੁੰਦੇ ਹਨ। ਇਸ ਤਰ੍ਹਾਂ ਇਹ ਗੱਲ ਸ੍ਰਿਸ਼ਟੀ ਦੇ ਸਿਧਾਂਤ ਤੇ ਵੀ ਲਾਗੂ ਹੁੰਦੀ ਹੈ ਕਿ ਸ੍ਰਿਸ਼ਟੀ ਦੀ ਹਰ ਇਕ ਘਟਨਾ ਦੇ ਇਕ ਤੋਂ ਜ਼ਿਆਦਾ ਕਾਰਣ ਹੋ ਸਕਦੇ ਹਨ। ਦੂਜੇ ਪਾਸੇ ਅਸੀਂ ਇਹ ਕਹਿਣ ਦੀ ਕੋਸ਼ਿਸ਼ ਵੀ ਕਰ ਰਹੇ ਹਾਂ ਕਿ ਪਰਮਾਤਮਾ ਇਕੱਲਾ ਹੀ ਸ੍ਰਿਸ਼ਟੀ ਦੀ ਰਚਨਾ ਦਾ ਕਾਰਣ ਹੈ। ਇਹ ਦੋਵੇਂ ਗੱਲਾਂ ਆਪਾ ਵਿਰੋਧੀ ਹਨ। ਇਸ ਤਰ੍ਹਾਂ ਪਰਮਾਤਮਾ ਸ੍ਰਿਸ਼ਟੀ ਦੀਆਂ ਘਟਨਾਵਾਂ ਵਿਚ ਅਨੇਕਤਾ ਦੇ ਸਿਧਾਂਤ ਨਾਲ ਹੀ ਸਬੰਧਤ ਹੈ ਅਤੇ ਉਹ ਇਕ ਈਸ਼ਵਰ ਤੋਂ ਬਹੁ ਈਸ਼ਵਰਵਾਦ ਵਲ ਮੁੜ ਪੈਂਦਾ ਹੈ।

**(ਸ) ਪਰਮਾਤਮਾ ਦੀ ਹੋਂਦ**

ਅਸੀਂ ਆਪਣੀ ਦਲੀਲ ਵਿਚ ਪੈਦਾ ਹੋਏ ਦੋਸ਼ ਨੂੰ ਦੂਰ ਕਰਨ ਲਈ ਈਸ਼ਵਰ ਨੂੰ ਪਹਿਲਾ ਕਾਰਣ ਹੀ ਨਹੀਂ ਮੰਨਿਆ, ਨਾਲ ਸੈਭੰ (Sui Generus) ਵੀ ਮੰਨ ਲਿਆ। ਇਸ ਵਿਚ ਦੋਸ਼ ਤਾਂ ਇਹ ਹੈ ਕਿ ਇਹ ਪੂਰਣ ਮਾਨਤਾ ਹੈ ਜੋ ਤਰਕ ਦੀ ਕਮਜ਼ੋਰੀ ਹੁੰਦੀ ਹੈ ਅਤੇ ਫਿਲਾਸਫੀ ਅਜਿਹੀ ਪੂਰਵ ਮਾਨਤਾ ਨੂੰ ਖਤਮ ਕਰਨਾ ਚਾਹੁੰਦੀ ਹੈ। ਇਸ ਦਾ ਦੋਸ਼ ਇਹ ਹੈ ਕਿ ਇਸ ਪੂਰਣ ਮਾਨਤਾ ਦੀ ਕੋਈ ਵਿਸ਼ੇਸ਼

ਜ਼ਰੂਰਤ ਨਹੀਂ ਹੈ ਕਿਉਂਕਿ ਜੇਕਰ ਪਰਮਾਤਮਾ ਨੂੰ ਸੈਭੰ ਮੰਨਿਆ ਜਾ ਸਕਦਾ ਹੈ ਤਾਂ ਬ੍ਰਹਿਮੰਡ ਜਾਂ ਸੰਸਾਰ ਨੂੰ ਆਪਣੇ ਆਪ ਤੋਂ ਪੈਦਾ ਹੋਇਆ ਕਿਉਂ ਨਹੀਂ ਮੰਨ ਲਿਆ ਗਿਆ।

2. **ਪ੍ਰਯੋਜਨਵਾਦੀ ਵਿਗਿਆਨ ਦਲੀਲ (Telelogical Argument)**

ਇਹ ਯੁਕਤੀ, ਜਿਹੜੀ ਕਿ ਫਿਲਾਸਫਰਾਂ ਦਾ ਧਿਆਨ ਆਪਣੇ ਵਲ ਕੇਂਦਰਿਤ ਕਰਦੀ ਹੈ ਇਹ ਨਿਯਮਬੱਧ ਵਿਵਸਥਾ ਦੇ ਅਨੁਸਾਰ ਹੈ ਜਿਸਤੋਂ ਉਹ ਪਰਮਾਤਮਾ ਦੀ ਹੋਂਦ ਨੂੰ ਸਿੱਧ ਕਰਨ ਲਈ ਆਪਣੀ ਦਲੀਲ ਪੇਸ਼ ਕਰਦੇ ਹਨ। ਉਹ ਕਹਿੰਦੇ ਹਨ ਕਿ ਬਹੁਤ ਸਾਰੇ ਜਾਨਵਰ ਬਾਹਰੀ ਵਾਤਾਵਰਣ ਅਨੁਸਾਰ ਆਪਣੇ ਸਰੀਰ ਨੂੰ ਢਾਲਣ ਵਿਚ ਸਮਰਥ ਹੁੰਦੇ ਹਨ, ਜਿਵੇਂ ਕਿ ਸ਼ਿਕਾਰੀ ਲਈ ਤੋਤੇ ਨੂੰ ਦਰਖਤ ਉਤੇ ਬੈਠੇ ਹੋਏ ਲਭਣਾ ਮੁਸ਼ਕਲ ਹੈ। ਠੰਡੇ ਮੁਲਕਾਂ ਵਿਚ ਜਾਨਵਰਾਂ ਦੀ ਵੀ ਚਮੜੀ ਚਿੱਟੀ ਹੁੰਦੀ ਹੈ ਜਿਸ ਨਾਲ ਉਹ ਆਪਣੇ ਦੋ ਮਕਸਦ ਹੱਲ ਕਰ ਸਕਦੇ ਹਨ। ਇਕ ਤਾਂ ਉਹ ਬਰਫ ਆਦਿ ਵਿਚ ਆਪਣੇ ਆਪ ਨੂੰ ਲੁਕੋ ਸਕਦੇ ਹਨ ਦੂਜਾ ਠੰਡੇ ਮੌਸਮ ਤੋਂ ਵੀ ਬਚ ਸਕਦੇ ਹਨ। ਇਸ ਤਰ੍ਹਾਂ ਪਾਣੀ ਵਿਚ ਰਹਿਣ ਵਾਲੇ ਜੀਵ ਜੰਤੂ ਵੀ ਪਾਣੀ ਵਿਚ ਸਾਹ ਲੈਣ ਦੀ ਸਮਰਥਾ ਰੱਖਦੇ ਹਨ ਅਤੇ ਕਮਜ਼ੋਰ ਜੀਵ ਜੰਤੂ ਸੰਕਟ ਸਮੇਂ ਤੇਜ਼ ਦੌੜਨ ਦੇ ਸਮਰੱਥ ਹੁੰਦੇ ਹਨ। ਜਦੋਂ ਕੋਈ ਇਨ੍ਹਾਂ ਜੀਵ ਜੰਤੂਆਂ ਦੀ ਬਣਤਰ ਵਲ ਧਿਆਨ ਦਿੰਦਾ ਹੈ ਤਾਂ ਹੈਰਾਨ ਰਹਿ ਜਾਂਦਾ ਹੈ ਕਿ ਹਰ ਪ੍ਰਕਾਰ ਦੇ ਜੀਵਾਂ ਨੂੰ ਪੈਦਾ ਕਰਨ ਵਾਲੇ ਨੇ ਉਨ੍ਹਾਂ ਅੰਦਰ ਅਥਾਹ ਸਮਰੱਥਾ ਵੀ ਭਰ ਦਿੱਤੀ ਹੈ ਕਿ ਉਹ ਹਰ ਪ੍ਰਕਾਰ ਵਿਚ ਆਪਣੇ ਆਪ ਨੂੰ ਢਾਲ ਸਕਣ।

ਇਸ ਸਥਿਤੀ ਵਿਚ ਧਾਰਮਿਕ ਵਿਅਕਤੀ ਆਪਣੀ ਰਾਏ ਪ੍ਰਗਟ ਕਰਦੇ ਹੋਏ ਕਹਿੰਦੇ ਹਨ ਕਿ ਹਰ ਤਰ੍ਹਾਂ ਦੇ ਜੀਵ ਜੰਤੂਆਂ ਅਤੇ ਮਨੁੱਖਾਂ ਦੀ ਬਣਤਰ ਪਿਛੇ ਜ਼ਰੂਰ ਹੀ ਕੋਈ ਬਹੁਤ ਜ਼ਿਆਦਾ ਚੇਤੰਨ ਸ਼ਕਤੀ ਕਾਰਜਸ਼ੀਲ ਹੈ, ਜੋ ਉਨ੍ਹਾਂ ਨੂੰ ਮੁਸ਼ਕਲ ਪ੍ਰਸਥਿਤੀਆਂ ਵਿਚ ਕੰਮ ਕਰਨ ਯੋਗ ਬਣਾਉਂਦੀ ਹੈ ਅਤੇ ਉਹ ਇਸ ਨੂੰ ਪਰਮਾਤਮਾ ਦਾ ਨਾਂ ਦਿੰਦੇ ਹਨ। ਲਾਈਬਨੀਜ਼ (Leibnitz) ਵੀ ਇਸੇ ਤਰ੍ਹਾਂ ਦੇ ਸਿਧਾਂਤ ਵਿਚ ਵਿਸ਼ਵਾਸ ਰੱਖਦਾ ਹੈ। ਉਹ ਕਹਿੰਦਾ ਹੈ ਕਿ ਹਰ ਇਕ ਵਸਤੂ ਵਿਚ ਇਕ ਮੋਨੈਡ (Monad) ਪਾਇਆ ਜਾਂਦਾ ਹੈ ਜਿਸਦੇ ਆਧਾਰ ਤੇ ਹੀ ਵਸਤੂ ਵਿਚ ਕੰਮ ਕਰਨ ਦੀ ਸਮਰੱਥਾ ਪੈਦਾ ਹੁੰਦੀ ਹੈ। ਇਹ ਮੋਨੈਡ ਇਕ ਕੇਂਦਰੀ ਧੁਰੇ (Central Force) ਵਜੋਂ ਕੰਮ ਕਰਦਾ ਹੈ ਅਤੇ ਇਹ ਮੋਨੈਡ ਪਰਮਾਤਮਾ ਦੁਆਰਾ ਪੈਦਾ ਕੀਤਾ ਜਾਂਦਾ ਹੈ ਅਤੇ ਉਹ ਇਸ ਨੂੰ ਨਸ਼ਟ ਵੀ ਕਰ ਸਕਦਾ ਹੈ (God has created the monads and He alone can destroy them)। ਉਹ ਕਹਿੰਦਾ ਹੈ ਕਿ ਇਹ ਮੋਨੈਡ ਹੀ ਸਾਰੀ ਸ੍ਰਿਸ਼ਟੀ ਵਿਚ ਇਕਸੁਰਤਾ ਪੈਦਾ ਕਰਦਾ ਹੈ ਅਤੇ ਉਹ ਪਰਮਾਤਮਾ ਨੂੰ ਸਰਵੋਤਮ ਮੋਨੈਡ ਦਾ ਨਾਂ ਦਿੰਦਾ ਹੈ।

ਇਸ ਸਿਧਾਂਤ ਨੂੰ ਅੱਗੇ ਹੋਰ ਵਧੀਆ ਤਰੀਕੇ ਨਾਲ ਦਸਦੇ ਹੋਏ ਪਾਲੇ (Paley) ਕਹਿੰਦੇ ਹਨ ਕਿ ਇਸ ਸੰਸਾਰ ਦੀ ਰਚਨਾ ਇਕ ਯੋਜਨਾਬੱਧ ਤਰੀਕੇ ਨਾਲ ਕੀਤੀ ਗਈ ਹੈ ਜਿਸਦੀ ਤੁਲਨਾ ਉਹ ਘੜੀ ਨਾਲ ਕਰਦਾ ਹੈ ਕਿ ਘੜੀ ਵਿਚ ਸੂਈਆਂ, ਗਰਾਰੀਆਂ, ਚਾਬੀ ਆਦਿ ਹੁੰਦੇ ਹਨ ਅਤੇ ਇਹ ਵਧੀਆ ਤਰੀਕੇ ਨਾਲ ਚਲਦੀ ਹੈ ਕਿਉਂਕਿ ਇਸ ਨੂੰ ਚਲਾਉਣ ਲਈ ਯੋਜਨਾਬੱਧ ਤਰੀਕੇ ਨਾਲ ਕੰਮ ਕੀਤਾ ਜਾਂਦਾ ਹੈ। ਠੀਕ ਇਸੇ ਤਰ੍ਹਾਂ ਹੀ ਇਸ ਸ੍ਰਿਸ਼ਟੀ ਦਾ ਕੰਮ ਕਾਜ ਚਲ ਰਿਹਾ ਹੈ ਇਸ ਲਈ ਇਹ ਵੀ ਇਕ ਯੋਜਨਾ ਵਿਚ ਤਿਆਰ ਕੀਤੀ ਗਈ ਹੋਵੇਗੀ ਕਿਉਂਕਿ ਸ੍ਰਿਸ਼ਟੀ ਤਾਂ ਚਲ ਰਹੀ ਹੈ ਅਤੇ ਘੜੀ ਵਾਂਗ ਇਸ ਨੂੰ ਚਲਾਉਣ ਵਾਲਾ ਵੀ ਇਸ ਨੂੰ ਬਾਹਰ ਤੋਂ ਹੀ ਕੰਟਰੋਲ ਕਰ ਰਿਹਾ ਹੈ। ਇਹ ਨਿਸ਼ਚਿਤ ਰੂਪ ਵਿਚ ਪਰਮਾਤਮਾ ਹੀ ਹੋਵੇਗਾ ਕਿਉਂਕਿ ਇੰਨੀ ਵੱਡੀ ਸ੍ਰਿਸ਼ਟੀ ਨੂੰ ਚਲਾਉਣ ਲਈ ਇਕ ਵੱਡੀ ਯੋਜਨਾ ਅਤੇ ਵਿਸ਼ਾਲ ਅਤੇ ਸੰਪੂਰਨ ਚੇਤਨਤਾ ਦੀ ਲੋੜ ਪੈਂਦੀ ਹੈ।

ਪਾਲੇ ਇਸ ਸਿਧਾਂਤ ਨੂੰ ਮਜ਼ਬੂਤ ਕਰਦਾ ਹੋਇਆ ਅੱਗੇ ਕਹਿੰਦਾ ਹੈ ਕਿ ਇਹ ਅਨੁਮਾਨ ਸਾਡੀ ਦਲੀਲ ਨੂੰ ਕਮਜ਼ੋਰ ਨਹੀਂ ਕਰ ਸਕਦਾ ਕਿ ਅਸੀਂ ਪਹਿਲਾਂ ਘੜੀ ਨਹੀਂ ਦੇਖੀ। ਇਸੇ ਤਰ੍ਹਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਅਸੀਂ ਪਹਿਲਾਂ ਕੋਈ ਹੋਰ ਸੰਸਾਰ ਵੀ ਨਹੀਂ ਦੇਖਿਆ ਅਤੇ ਇਸ ਤਰ੍ਹਾਂ ਸਿਧੇ ਤੌਰ ਤੇ ਦੇਖਦੇ ਹੋਏ ਅਸੀਂ ਇਕ ਦਮ ਇਹ ਗੱਲ ਨਹੀਂ ਕਹਿ ਸਕਦੇ ਕਿ ਘੜੀ ਬਣਾਉਣ ਵਾਲੇ ਦਾ ਪਤਾ ਲਾਉਣਾ ਔਖਾ ਹੈ ਅਤੇ ਵਿਸ਼ੇਸ਼ ਤੌਰ ਤੇ ਉਦੋਂ ਜਦੋਂ ਘੜੀ ਦੀ ਮਸ਼ੀਨਰੀ ਠੀਕ ਰੂਪ ਵਿਚ ਕੰਮ ਨਾ ਕਰੇ ਤਾਂ ਸਾਡਾ ਧਿਆਨ ਇਸੇ ਗੱਲ ਉਤੇ ਹੀ ਕੇਂਦਰਿਤ ਰਹੇਗਾ ਕਿ ਇਸ ਘੜੀ ਨੂੰ ਯੋਜਨਾਬੱਧ ਤਰੀਕੇ ਨਾਲ ਚਲਾਉਣ ਵਾਲਾ ਜ਼ਰੂਰ ਕਿਤੇ ਹੋਵੇਗਾ।

ਪਾਲੇ (Paley) ਇਹ ਦਲੀਲ ਦਿੰਦਾ ਹੈ ਕਿ ਕੁਦਰਤੀ ਰਚਨਾ ਕਾਰਜ ਵਿਧੀ ਦਾ ਸਮੂਹ ਹੈ ਅਤੇ ਇਹ ਬਿਲਕੁਲ ਇਕ ਘੜੀ ਦੀ ਤਰ੍ਹਾਂ ਪ੍ਰਤੀਤ ਹੁੰਦੀ ਹੈ। ਸੂਰਜ ਮੰਡਲ ਵਿਚ ਗ੍ਰਹਿਚਾਲ ਅਤੇ ਧਰਤੀ ਉਤੇ ਲਗਾਤਾਰ ਮੌਸਮਾਂ ਦੀ ਅਦਲਾ ਬਦਲੀ ਇਸ ਗੱਲ ਦਾ ਸਬੂਤ ਹਨ ਕਿ ਇਹ ਸਭ ਕੁਝ ਕਿਸੇ ਯੋਜਨਾਬੱਧ ਤਰੀਕੇ ਨਾਲ ਤਿਆਰ ਕੀਤਾ ਗਿਆ ਹੈ ਜਿਸ ਕਰਕੇ ਨਾ ਤਾਂ ਗ੍ਰਹਿਚਾਲ ਹੀ ਆਪਣੀ ਥਾਂ ਤੋਂ ਇਧਰ ਉਧਰ ਹੁੰਦੀ ਹੈ ਅਤੇ ਨਾ ਹੀ ਮੌਸਮ ਆਪਣੀ ਵਾਰੀ ਭੁਲਦੇ ਹਨ। ਮਨੁੱਖੀ ਦਿਮਾਗ ਵਿਚ, ਉਦਾਹਰਣ ਦੇ ਤੌਰ ਤੇ, ਲੱਖਾਂ ਕਰੋੜਾਂ ਸੈੱਲ ਇਕ ਸਮੂਹ ਵਿਚ ਕੰਮ ਕਰ ਰਹੇ ਹਨ ਅਤੇ ਅੱਖਾਂ ਇਕ ਕੈਮਰੇ ਦੀ ਤਰ੍ਹਾਂ ਕੰਮ ਕਰ ਰਹੀਆਂ ਹਨ, ਜਿਸ ਵਿਚ ਲੈਂਜ਼ ਵੀ ਆਟੋਮੈਟਿਕ ਤਰੀਕੇ ਨਾਲ ਹੀ ਫਿਟ ਹੋਏ ਹਨ ਅਤੇ ਇਹ ਕੰਮ ਵੀ ਵਧੀਆ ਤਰੀਕੇ ਨਾਲ ਕਰ ਰਹੀਆਂ ਹਨ। ਇਨ੍ਹਾਂ ਸਾਰੀਆਂ ਕੁਦਰਤੀ ਚੀਜ਼ਾਂ ਪਿਛੇ ਇਕ ਯੋਜਨਾ ਕੰਮ ਕਰ ਰਹੀ ਹੈ ਜਿਸ ਕਰਕੇ ਕੋਈ ਵੀ ਚੀਜ਼ ਆਪਣੀ ਜਗ੍ਹਾ ਤੋਂ ਇਧਰ ਉਧਰ ਨਹੀਂ ਹੁੰਦੀ। ਕੁਝ ਆਲੋਚਕ ਆਪਣੀਆਂ ਦਲੀਲਾਂ ਨਾਲ ਇਸ ਸਿਧਾਂਤ

ਦਾ ਵਿਰੋਧ ਕਰਦੇ ਹਨ।

**ਆਲੋਚਨਾ**

**(ੳ) ਨਾਕਾਰਾਤਮਕ ਘਟਨਾਵਾਂ (negative instances)**

ਕੁਦਰਤ ਵਿਚ ਇਕ ਵਿਸ਼ੇਸ਼ ਕਿਸਮ ਦੀ ਇਕਸੁਰਤਾ ਪਾਈ ਜਾਂਦੀ ਹੈ ਅਤੇ ਉਹ ਪਰਮਾਤਮਾ ਦੁਆਰਾ ਪੈਦਾ ਕੀਤੀ ਗਈ ਹੈ। ਪਰ ਇਸ ਤਰ੍ਹਾਂ ਦੀ ਪਹੁੰਚ ਵਿਧੀ ਤੱਕ ਪਹੁੰਚਣ ਸਮੇਂ ਇਕ ਗੱਲ ਅੱਖੋਂ ਪਰੋਖੇ ਕੀਤੀ ਗਈ ਹੈ ਕਿ ਕੁਦਰਤ ਵਿਚ ਜੋ ਘਟਨਾਵਾਂ ਸਮੇਂ ਸਿਰ ਨਹੀਂ ਵਾਪਰਦੀਆਂ ਉਹ ਕੁਦਰਤ ਦਾ ਹਿੱਸਾ ਨਹੀ਼ ਹੁੰਦੀਆਂ। ਜਿਵੇਂ ਕਿ ਲੋਕ ਕੇਵਲ ਮੀਂਹ ਤੇ ਹੀ ਨਿਰਭਰ ਨਹੀਂ ਕਰ ਸਕਦੇ ਅਤੇ ਜੇਕਰ ਕਦੇ ਮੀਂਹ ਜ਼ਿਆਦਾ ਪੈ ਵੀ ਜਾਵੇ ਤਾਂ ਹੜ੍ਹ ਆ ਜਾਂਦੇ ਹਨ ਅਤੇ ਜੇਕਰ ਘੱਟ ਪਵੇ ਤਾਂ ਸੋਕਾ ਵੀ ਪੈ ਸਕਦਾ ਹੈ। ਇਥੋਂ ਤਕ ਕਿ ਮੀਂਹ ਦੇ ਪੈਣ ਜਾਂ ਨਾ ਪੈਣ ਬਾਰੇ ਵੀ ਅਨੁਮਾਨ ਲਾਉਣਾ ਔਖਾ ਹੈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ ਜੋ ਇਕਸੁਰਤਾ ਦੇ ਪੱਖ ਨੂੰ ਫੇਲ੍ਹ ਕਰ ਦਿੰਦੀਆਂ ਹਨ।

**(ਅ) ਕੁਦਰਤੀ ਕਾਰਣ, ਕਾਰਜ ਦੀ ਵਿਆਖਿਆ ਕਰ ਸਕਦੇ ਹਨ**

ਵਿਗਿਆਨ ਨੇ ਕੁਦਰਤ ਦੀਆਂ ਘਟਨਾਵਾਂ ਲਈ ਕੁਝ ਇਸ ਤਰ੍ਹਾਂ ਦੇ ਸਿਧਾਂਤ ਪੇਸ਼ ਕੀਤੇ ਹਨ, ਜਿਸ ਨਾਲ ਪਰਮਾਤਮਾ ਦੀ ਇਸ ਸ੍ਰਿਸ਼ਟੀ ਵਿੱਚ ਸ਼ਮੂਲੀਅਤ ਬਾਰੇ ਵਿਸ਼ਵਾਸ ਟੁੱਟ ਰਹੇ ਹਨ। ਜਿਵੇਂ ਕਿ ਸਾਡੇ ਕੋਲ ਦੋ ਪੱਖ ਪੇਸ਼ ਕੀਤੇ ਜਾਣ ਤਾਂ ਅਸੀਂ ਉਨ੍ਹਾਂ ਵਿਚੋਂ ਉਸ ਪੱਖ ਵੱਲ ਵਧੇਰੇ ਧਿਆਨ ਦੇਵਾਂਗੇ ਜਿਸ ਤੱਕ ਪਹੁੰਚਣ ਲਈ ਸਾਨੂੰ ਬਹੁਤੀ ਮਿਹਨਤ ਨਾ ਕਰਨੀ ਪਵੇ ਜਾਂ ਆਸਾਨੀ ਨਾਲ ਪ੍ਰਾਪਤ ਹੋ ਸਕੇ। ਇਹ ਸਿਧਾਂਤ ਕੁਦਰਤ ਦੀਆਂ ਘਟਨਾਵਾਂ ਦੀ ਵਿਆਖਿਆ ਕਰਨ ਸਮੇਂ ਵੀ ਲਾਗੂ ਹੁੰਦਾ ਹੈ ਅਤੇ ਦੂਜਾ ਹੈ ਵਿਗਿਆਨਕ। ਇਨ੍ਹਾਂ ਵਿਚੋਂ ਦੂਜਾ ਸਿਧਾਂਤ ਪ੍ਰਯੋਗਿਕ ਹੈ ਅਤੇ ਤਰਕ ਤੇ ਵੀ ਪੂਰਾ ਉਤਰਦਾ ਹੈ। ਇਸ ਸਿਧਾਂਤ ਤੱਕ ਆਮ ਲੋਕਾਂ ਦੀ ਪਹੁੰਚ ਵੀ ਹੈ। ਇਸ ਤਰ੍ਹਾਂ ਹਰ ਉਹ ਸਿਧਾਂਤ ਉਖੜ ਜਾਂਦਾ ਹੈ ਜੋ ਦਲੀਲਮਈ ਯੁਗ ਦੀ ਦੁਨੀਆਂ ਤੇ ਪੂਰਾ ਨਹੀਂ ਉਤਰਦਾ ਭਾਵੇਂ ਉਹ ਪਰਮਾਤਮਾ ਦੀ ਬੁਧੀਮਾਨਤਾ ਨਾਲ ਵੀ ਸਬੰਧਤ ਕਿਉਂ ਨਾ ਹੋਵੇ।

**(ੲ) ਪਾਪ ਅਤੇ ਪੁੰਨ ਦਾ ਸਿਧਾਂਤ**

ਜੇਕਰ ਸ੍ਰਿਸ਼ਟੀ ਈਸ਼ਵਰ ਦੀ ਹੀ ਰਚਨਾ ਹੈ ਅਤੇ ਉਸ ਦੁਆਰਾ ਹੀ ਸੰਸਾਰ ਵਿੱਚ ਇਕਸੁਰਤਾ ਪਾਈ ਜਾਂਦੀ ਹੈ ਤਾਂ ਜਿਹੜੇ ਪਾਪ, ਦੁਖ ਅਤੇ ਬੁਰਾਈ ਸੰਸਾਰ ਵਿਚ ਦੇਖੇ ਜਾ ਰਹੇ ਹਨ, ਉਨ੍ਹਾਂ ਦੀ ਵਿਆਖਿਆ ਕਿਵੇਂ ਕੀਤੀ ਜਾਵੇ ਅਤੇ ਕਿਸ ਆਧਾਰ ਤੇ ਕਿਸ ਸੰਦਰਭ ਵਿਚ ਉਹ ਪੂਰਣਤਾ ਦੇ ਸਿਧਾਂਤ ਨਾਲ ਮੇਲ ਖਾਂਦੇ ਹਨ। ਇਸ ਤਰ੍ਹਾਂ ਜੇਕਰ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਕੇਵਲ ਇਕ ਪਰਮਾਤਮਾ ਹੀ ਹੈ ਤਾਂ ਪਾਪ ਅਤੇ ਦੁਖ ਵੀ ਉਸੇ ਦੇ ਭਾਗ ਹਨ ਅਤੇ ਜੇਕਰ ਇਹ ਸੰਭਵ ਨਹੀਂ ਤਾਂ ਇਹ ਕਿਸੇ ਹੋਰ ਸ਼ਕਤੀ ਦੁਆਰਾ ਪੈਦਾ ਕੀਤੇ ਗਏ ਹਨ। ਜੇ ਪਰਮਾਤਮਾ ਇੰਨਾ ਹੀ ਸ਼ਕਤੀਸ਼ਾਲੀ ਹੈ ਤਾਂ ਸ਼ੈਤਾਨ ਪਰਮਾਤਮਾ ਦੀ ਬਣਾਈ ਹੋਈ ਸ੍ਰਿਸ਼ਟੀ ਨੂੰ ਕਿਉਂ ਵਿਗਾੜ ਰਿਹਾ ਹੈ। ਜੇਕਰ ਦੋ ਸ਼ਕਤੀਆਂ ਦਾ ਸਿਧਾਂਤ ਮੌਜੂਦ ਹੋ ਜਾਂਦਾ ਹੈ ਤਾਂ ਇਕ ਪਰਮਾਤਮਾ ਦੇ ਸਿਧਾਂਤ ਤੇ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ ਅਤੇ ਦੂਜਾ ਉਹ ਅਪੂਰਣ ਹੈ।

**(ਸ) ਸੰਸਾਰ ਦੀ ਯੋਜਨਾ ਵਿਚ ਈਸ਼ਵਰ ਦੀ ਲੋੜ ਨਹੀਂ**

ਸੰਸਾਰ ਦੀ ਵਿਵਸਥਾ ਅਤੇ ਯੋਜਨਾ ਦੀ ਵਿਆਖਿਆ ਲਈ ਅਲੌਕਿਕ ਬੁੱਧੀਮਾਨ ਕਲਾਕਾਰ (ਈਸ਼ਵਰ) ਦੀ ਕੋਈ ਜ਼ਰੂਰਤ ਨਹੀਂ ਕਿਉਂਕਿ ਸੰਸਾਰ ਦੀ ਵਿਆਖਿਆ ਉਸਦੇ ਆਪਣੇ ਨਿਯਮਾਂ ਦੇ ਆਧਾਰ ਤੇ ਹੀ ਹੋ ਸਕਦੀ ਹੈ, ਜਿਵੇਂ ਕੁਦਰਤੀਵਾਚੀ ਕਰਦੇ ਹਨ। ਵਿਕਾਸ ਦੀ ਪ੍ਰਕ੍ਰਿਆ ਦੀ ਦਿਸ਼ਾ ਨੂੰ ਵੇਖ ਕੇ ਈਸ਼ਵਰ ਦੀ ਪੂਰਣ ਮਾਨਤਾ ਨਿਰਾਰਥਕ ਪ੍ਰਤੀਤ ਹੁੰਦੀ ਹੈ ਕਿਉਂਕਿ ਵਿਕਾਸਵਾਦੀ ਇਸ ਵਿਕਾਸ ਦੀ ਵਿਆਖਿਆ ਕੁਦਰਤੀ ਨਿਯਮਾਂ ਜਾਂ ਪਰਿਵੇਸ਼ ਦੇ ਅਨੁਕੂਲਤਮ ਪ੍ਰਾਪਤ ਕਰਨ ਦੀ ਇੱਛਾ ਦੁਆਰਾ ਕਰਦੇ ਹਨ। ਜਿਵੇਂ ਚਾਰਲਸ ਡਾਰਵਿਨ (Charles Darwin) ਦਾ ਕੁਦਰਤੀ ਚੋਣ (natural selection) ਦਾ ਸਿਧਾਂਤ ਇਸ ਗੱਲ ਨੂੰ ਮੰਨਦਾ ਹੈ ਕਿ ਵਿਕਾਸ ਦੀ ਪ੍ਰਕ੍ਰਿਆ ਲੋੜਾਂ ਤੇ ਨਿਰਭਰ ਕਰਦੀ ਹੈ ਅਤੇ ਜਿਹੜਾ ਜਾਨਵਰ ਆਪਣੇ ਸੰਘਰਸ਼ ਦੇ ਦੌਰਾਨ ਸਰੀਰ ਦਾ ਜਿਹੜਾ ਹਿੱਸਾ ਜ਼ਿਆਦਾ ਇਸਤੇਮਾਲ ਕਰਦਾ ਹੈ, ਉਹ ਵਧੇਰੇ ਵਿਕਸਿਤ ਅਤੇ ਬਲਵਾਨ ਹੁੰਦਾ ਹੈ। ਇਹ ਵਿਆਖਿਆ ਜੀਵ-ਵਿਗਿਆਨ (biology) ਦੇ ਖੇਤਰ ਵਿਚ ਵਧੇਰੇ ਪ੍ਰਚਲਿਤ ਅਤੇ ਸਫਲ ਹੈ। ਜਦ ਕੁਦਰਤੀਵਾਦੀ ਅਤੇ ਵਿਕਾਸਵਾਦੀ ਸੰਸਾਰ ਦੀ ਯੋਜਨਾ ਦੀ ਵਿਆਖਿਆ ਈਸ਼ਵਰ ਦੇ ਬਿਨਾਂ ਕਰ ਸਕਦੇ ਹਨ ਤਾਂ ਅਗੋਚਰ ਅਤੇ ਛੁਪੇ ਹੋਏ ਈਸ਼ਵਰ ਦੀ ਸੱਤਾ ਦੀ ਕਲਪਨਾ ਕਰਨਾ ਵਿਅਰਥ ਹੈ।

**3. ਨੈਤਿਕ ਦਲੀਲ (moral argument)**

ਕਾਂਟ (Kant) ਪਰਮਾਤਮਾ ਦੀ ਹੋਂਦ ਸਿੱਧ ਕਰਨ ਲਈ ਨੈਤਿਕ ਯੁਕਤੀ ਜਾਂ ਦਲੀਲ ਦਾ ਸਹਾਰਾ ਲੈਂਦਾ ਹੈ। ਉਹ ਆਪਣੀ ਪਹਿਲੀ ਪੁਸਤਕ Critique of Pure Reason ਵਿਚ ਈਸ਼ਵਰ ਦੀ ਸੱਤਾ ਦਾ ਖੰਡਨ ਕਰਦਾ ਹੈ ਪ੍ਰੰਤੂ ਦੂਜੀ ਪੁਸਤਕ Critique of Practical Reason ਵਿਚ ਨੈਤਿਕ ਆਧਾਰ ਤੇ ਈਸ਼ਵਰ ਦੀ ਹੋਂਦ ਨੂੰ ਸਵੀਕਾਰ ਕਰਦਾ ਹੈ। ਉਹ ਕਹਿੰਦਾ ਹੈ ਕਿ ਸਾਡਾ ਤਰਕ ਨੈਤਿਕ ਨਿਯਮਾਂ ਨੂੰ ਮੰਨਦਾ ਹੈ ਜੋ ਕਿ ਜ਼ਰੂਰੀ ਵੀ ਹੈ। ਨੈਤਿਕ ਨਿਯਮ ਇਹ ਕਹਿੰਦੇ ਹਨ ਕਿ ਵਿਅਕਤੀ ਨੂੰ ਕੰਮ ਦੇ ਅਨੁਸਾਰ ਵੱਧ ਤੋਂ ਵੱਧ ਖੁਸ਼ੀ ਮਿਲਣੀ ਚਾਹੀਦੀ ਹੈ। ਇਹ ਨਿਸ਼ਚਿਤ ਰੂਪ ਵਿਚ ਇਕ ਅਮਲੀ ਸਿਧਾਂਤ ਵੀ ਹੈ। ਨੈਤਿਕਤਾ ਅਤੇ ਖੁਸ਼ੀ ਸਿਧਾਂਤਕ ਰੂਪ ਵਿਚ ਇਕ ਦੂਜੇ ਨਾਲ

ਸੰਬੰਧਤ ਹਨ। ਹੁਣ ਜੇਕਰ ਪਰਮਾਤਮਾ ਕੁਦਰਤੀ ਘਟਨਾਵਾਂ ਦਾ ਕਰਤਾ ਹੈ ਤਾਂ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਕੁਦਰਤੀ ਘਟਨਾਵਾਂ ਨੈਤਿਕ ਘਟਨਾਵਾਂ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ ਜਾਂ ਇੰਝ ਵੀ ਕਿਹਾ ਜਾ ਸਕਦਾ ਹੈ ਕਿ ਕੁਦਰਤੀ ਘਟਨਾਵਾਂ ਵੀ ਖੁਸ਼ੀ ਪ੍ਰਦਾਨ ਕਰਦੀਆਂ ਹਨ। ਹੁਣ ਜੇਕਰ ਸੰਸਾਰ ਵਿਚਲੀਆਂ ਘਟਨਾਵਾਂ ਸਾਡੇ ਅਮਲੀ ਜੀਵਨ ਤੇ ਅਸਰ ਪਾਉਂਦੀਆਂ ਹਨ ਤਾਂ ਇਹ ਸਾਡੀਆਂ ਨੈਤਿਕ ਭਾਵਨਾਵਾਂ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਪਰ ਨੈਤਿਕ ਭਾਵਨਾਵਾਂ ਵੀ ਤਾਂ ਹੀ ਕਾਇਮ ਰਹਿ ਸਕਦੀਆਂ ਹਨ ਜੇਕਰ ਵਿਅਕਤੀ ਨੂੰ ਕੰਮ ਦੇ ਅਨੁਸਾਰ ਸੁਖ ਵੀ ਮਿਲੇ ਅਤੇ ਇਹ ਤਾਂ ਹੀ ਸੰਭਵ ਹੈ ਜੇਕਰ ਸੰਸਾਰ ਵਿਚਲੀਆਂ ਕੁਦਰਤੀ ਘਟਨਾਵਾਂ ਦਾ ਨਿਯੰਤਰਣ ਕੇਵਲ ਇਕ ਸ਼ਕਤੀ ਕੋਲ ਹੋਵੇ। ਇਹ ਸ਼ਕਤੀ ਨਿਸ਼ਚਿਤ ਰੂਪ ਵਿਚ ਪਰਮਾਤਮਾ ਦੀ ਹੀ ਹੋ ਸਕਦੀ ਹੈ ਜੋ ਹਰ ਇਕ ਵਿਅਕਤੀ ਨੂੰ ਉਸਦੇ ਨੈਤਿਕ ਜੀਵਨ ਦੇ ਅਨੁਸਾਰ ਸੁਖ ਪ੍ਰਦਾਨ ਕਰ ਸਕਦੀ ਹੈ।

ਮਾਟ੍ਰਿਨਯੂ (Matrineau) ਨੇ ਈਸ਼ਵਰ ਦੀ ਸੱਤਾ ਨੂੰ ਸਿੱਧ ਕਰਨ ਦੇ ਲਈ ਇਹ ਦਲੀਲ ਪੇਸ਼ ਕੀਤੀ ਹੈ ਕਿ ਮਨੁੱਖ ਆਪਣੇ ਦਿਲ ਵਿਚ ਇਕ ਕਰਤੱਵ-ਭਾਵਨਾ ਅਨੁਭਵ ਕਰਦਾ ਹੈ ਜੋ ਅੰਤਰਿਕ ਆਦੇਸ਼ ਹੈ। ਹੁਣ ਜੇਕਰ ਕਰਤੱਵ ਆਦੇਸ਼ ਹੈ ਤਾਂ ਆਦੇਸ਼ ਦੇਣ ਵਾਲੀ ਸੱਤਾ ਜ਼ਰੂਰੀ ਹੋਣੀ ਚਾਹੀਦੀ ਹੈ ਕਿਉਂਕਿ ਨੈਤਿਕ ਕਰਤੱਵ ਵਿਚ ਘੱਟ ਤੋਂ ਘੱਟ ਦੋ ਸੱਤਾਵਾਂ ਦਾ ਹੋਣਾ ਜ਼ਰੂਰੀ ਹੈ-ਇਕ ਕਰਤਾ ਅਤੇ ਦੂਜਾ ਆਦੇਸ਼ਕ (ਈਸ਼ਵਰ)। ਈਸ਼ਵਰ ਨਾ ਸਿਰਫ ਆਦੇਸ਼ ਹੈ, ਪਰੰਤੂ ਨੈਤਿਕ ਖੇਤਰ ਦਾ ਜੱਜ ਵੀ ਹੈ, ਜਿਸਨੂੰ ਸਾਰੇ ਨੈਤਿਕ ਫੈਸਲਿਆਂ ਦਾ ਆਧਾਰ ਮੰਨਣਾ ਚਾਹੀਦਾ ਹੈ। ਉਹੀ ਜਗਤ ਵਿਚ ਨਿਆਂ ਦੀ ਸਥਾਪਨਾ ਕਰਦਾ ਹੈ।

ਮਨੁੱਖ ਦੇ ਨੈਤਿਕ ਜੀਵਨ ਸਾਹਮਣੇ ਕੁਝ ਆਦਰਸ਼ ਹਨ। ਉਹ ਜੀਵਨ ਦੇ ਮੁੱਲ ਹਨ। ਪ੍ਰੰਤੂ ਜੇਕਰ ਇਹ ਮੁੱਲ ਸਿਰਫ ਆਤਮਨਿਸ਼ਠ ਅਤੇ ਕਾਲਪਨਿਕ ਹਨ ਅਤੇ ਉਨ੍ਹਾਂ ਦਾ ਵਾਸਤਵਿਕ ਜਗਤ ਜਾਂ ਜੀਵਨ ਵਿਚ ਕੋਈ ਸਥਾਨ ਜਾਂ ਮਹੱਤਵ ਨਾ ਹੋਵੇ ਤਾਂ ਸੰਪੂਰਣ ਨੈਤਿਕ ਜੀਵਨ ਨਿਰਾਰਥਕ ਬਣ ਜਾਂਦਾ ਹੈ। ਹੁਣ ਇਹ ਨੈਤਿਕ ਮੁੱਲ ਕਿਵੇਂ ਵਸਤੂਪਰਕ ਅਤੇ ਵਾਸਤਵਿਕ ਬਣ ਜਾਂਦੇ ਹਨ ? ਇਥੇ ਧਰਮ ਹੀ ਮਦਦ ਕਰ ਸਕਦਾ ਹੈ ਕਿ ਇਹ ਨੈਤਿਕ ਮੁੱਲ ਅਤੇ ਆਦਰਸ਼ ਈਸ਼ਵਰ ਦੀ ਸੱਤਾ ਵਿਚ ਸੁਰੱਖਿਅਤ ਹੈ। ਈਸ਼ਵਰ ਦੀ ਸੱਤਾ ਹੀ 'ਸਤਿਅਮ ਸ਼ਿਵਮ ਸੁੰਦਰਮ' ਹੈ, ਉਹੀ ਨੈਤਿਕ ਜੀਵਨ ਦਾ ਮੂਲ ਆਦਰਸ਼ ਹੈ। ਈਸ਼ਵਰ ਦੀ ਸੱਤਾ ਦੇ ਬਿਨਾਂ ਨੈਤਿਕ ਜੀਵਨ ਫਿੱਕਾ ਬਣ ਜਾਵੇਗਾ।

**ਆਲੋਚਨਾ**

### (ੳ) ਜ਼ਰੂਰੀ ਨਹੀਂ ਕਿ ਚੰਗੇ ਕੰਮ ਦਾ ਨਤੀਜਾ ਵੀ ਚੰਗਾ ਹੋਵੇ

ਕਾਂਟ (Kant) ਕਹਿੰਦਾ ਹੈ ਕਿ ਨੈਤਿਕ ਵਿਅਕਤੀਤਵ ਵਾਲਾ ਮਨੁੱਖ ਖੁਸ਼ ਜ਼ਰੂਰ ਹੋਵੇਗਾ ਕਿਉਂਕਿ ਉਸਦੇ ਚੰਗੇ ਕੰਮ ਦਾ ਉਸ ਨੂੰ ਚੰਗਾ ਫਲ ਮਿਲੇਗਾ। ਇਸ ਦੇ ਵਿਰੋਧੀ ਇਹ ਗੱਲ ਕਹਿੰਦੇ ਹਨ ਕਿ ਨੈਤਿਕ ਵਿਅਕਤੀਤਵ ਵਾਲਾ ਮਨੁੱਖ ਚੰਗੇ ਕੰਮ ਕੇਵਲ ਫਲ ਪ੍ਰਾਪਤ ਕਰਨ ਲਈ ਨਹੀਂ ਕਰਦਾ। ਦੂਜੀ ਗੱਲ ਇਹ ਹੈ ਕਿ ਕੁਦਰਤ ਦੀਆਂ ਘਟਨਾਵਾਂ ਇਹ ਸਿੱਧ ਕਰਦੀਆਂ ਹਨ ਕਿ ਕੰਮ ਦੇ ਸੁਭਾਅ ਅਤੇ ਨਤੀਜੇ ਦੇ ਸੁਭਾਅ ਵਿਚ ਕੋਈ ਨਿਸ਼ਚਿਤ ਸਬੰਧ ਨਹੀਂ ਹੁੰਦਾ ਕਿਉਂਕਿ ਨੈਤਿਕ ਕੰਮ ਵਿਅਕਤੀ ਦੇ ਅੰਦਰੂਨੀ ਸੁਭਾਅ ਤੇ ਨਿਰਭਰ ਕਰਦੇ ਹਨ ਅਤੇ ਕੁਦਰਤੀ ਘਟਨਾਵਾਂ ਬਾਹਰੀ ਰੂਪ ਵਿਚ ਵਾਪਰਦੀਆਂ ਹਨ। ਸਪਸ਼ਟ ਹੈ ਕਿ ਕਾਂਟ (Kant) ਦੀ ਦਲੀਲ, ਕਲਪਨਾ ਤੇ ਆਧਾਰਿਤ ਹੈ ਕਿ ਚੰਗਾ ਵਿਅਕਤੀ ਜਾਂ ਨੈਤਿਕ ਵਿਅਕਤੀਤਵ ਵਾਲਾ ਵਿਅਕਤੀ ਜ਼ਰੂਰੀ ਤੌਰ ਤੇ ਖੁਸ਼ ਹੋਣਾ ਚਾਹੀਦਾ ਹੈ।

### (ਅ) ਸ੍ਰਿਸ਼ਟੀ ਵਿਚਲੀ ਨੈਤਿਕ ਵਿਵਸਥਾ ਇਕ ਕਲਪਨਾ ਹੈ

ਨੈਤਿਕ ਯੁਕਤੀ ਵਿਚ ਪਰਮਾਤਮਾ ਦੀ ਹੋਂਦ ਨੈਤਿਕ ਵਿਵਸਥਾ ਦੀ ਕਲਪਨਾ ਦੇ ਆਧਾਰ ਤੇ ਸਿਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪਹਿਲਾਂ ਤਾਂ ਇਹ ਸਿੱਧ ਕਰਨਾ ਮੁਸ਼ਕਿਲ ਹੈ ਕਿ ਸੰਸਾਰ ਵਿਚ ਇਕ ਨੈਤਿਕ ਵਿਵਸਥਾ ਪਾਈ ਜਾਂਦੀ ਹੈ। ਇਹ ਵਿਅਕਤੀਗਤ ਪੱਧਰ ਤਕ ਤਾਂ ਠੀਕ ਹੈ ਪਰ ਸਾਰੇ ਲੋਕਾਂ ਦੁਆਰਾ ਇਸ ਵਿਚ ਬੱਝਣਾ ਮੁਸ਼ਕਿਲ ਹੈ। ਇਸੇ ਆਧਾਰ ਤੇ ਹੀ ਪਰਮਾਤਮਾ ਦੀ ਕਲਪਨਾ ਕਰਨੀ ਵੀ ਤਰਕ ਸੰਗਤ ਨਹੀਂ ਹੈ। ਕਾਂਟ ਕਹਿੰਦਾ ਹੈ ਕਿ ਵਿਅਕਤੀ ਨੂੰ ਨੈਤਿਕ ਨਿਯਮਾਂ ਅਨੁਸਾਰ ਸੁੱਖ ਮਿਲਣਾ ਚਾਹੀਦਾ ਹੈ ਅਤੇ ਇਸੇ ਦਲੀਲ ਨੂੰ ਸਿੱਧ ਕਰਨ ਲਈ ਉਹ ਇਹ ਵੀ ਕਹਿੰਦਾ ਹੈ ਕਿ ਸੰਸਾਰ ਦਾ ਪ੍ਰਬੰਧ ਇਕ ਸਰਵ ਸ਼ਕਤੀਮਾਨ ਸੱਤਾ ਕੋਲ ਹੋਣਾ ਚਾਹੀਦਾ ਹੈ ਜੋ ਨਿਆਂ ਪੂਰਣ ਹੋਵੇ। ਇਸ ਲਈ 'ਚਾਹੀਦਾ ਹੈ' ਇਸ ਗੱਲ ਨੂੰ ਸਿੱਧ ਨਹੀਂ ਕਰਦਾ ਕਿ ਪਰਮਾਤਮਾ ਦੀ ਕੋਈ ਹੋਂਦ ਹੈ।

(ੲ) ਮਾਟ੍ਰਿਨਯੂ ਨੇ ਨੈਤਿਕ ਕਰਤੱਵ ਨੂੰ ਆਦੇਸ਼ ਦੇ ਰੂਪ ਵਿਚ ਲਿਆ ਅਤੇ ਇਸ ਤੇ ਈਸ਼ਵਰ ਦੀ ਸੱਤਾ ਨੂੰ ਪ੍ਰਮਾਣਿਤ ਕਰ ਦਿੱਤਾ। ਪਰੰਤੂ ਪਹਿਲੀ ਗੱਲ ਤਾਂ ਇਹ ਹੈ ਕਿ ਨੈਤਿਕ ਕਰਤੱਵ ਦਾ ਰੂਪ ਆਦੇਸ਼ ਦੇ ਇਲਾਵਾ ਦੂਜਾ ਵੀ ਹੋ ਸਕਦਾ ਹੈ ਅਤੇ ਜੇਕਰ ਮੰਨ ਲਿਆ ਜਾਵੇ ਕਿ ਨੈਤਿਕ ਕਰਤੱਵ ਭਾਵਨਾ ਇਕ ਆਦੇਸ਼ ਹੈ ਤਾਂ ਇਹ ਸ਼ੁੱਧ ਰੂਪ ਵਿਚ ਅੰਤਰਿਕ ਜਾਂ ਮਨੁੱਖ ਦੇ ਆਪਣੇ ਅੰਤਹਕਰਣ ਤੋਂ ਪੈਦਾ ਹੋਣਾ ਚਾਹੀਦਾ ਹੈ ਕਿਉਂਕਿ ਜੇਕਰ ਆਦੇਸ਼ ਬਾਹਰ ਤੋਂ ਮਨੁੱਖ ਤੇ ਲਾਗੂ ਕੀਤਾ ਜਾਵੇ ਤਾਂ ਉਹ ਸੱਚੀ ਨੈਤਿਕਤਾ ਨਹੀਂ ਸਿਰਜ ਸਕਦਾ, ਜਿਵੇਂ ਰਾਜਨੀਤਕ ਸਮਾਜਿਕ ਨਿਯਮ। ਇਹ ਗਲਤ ਵੀ ਤਾਂ ਹੋ ਸਕਦੇ ਹਨ। ਈਸ਼ਵਰ ਦੇ ਆਦੇਸ਼ ਨੂੰ ਨੈਤਿਕ ਆਦੇਸ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਇਸ ਨਾਲ ਮਨੁੱਖ ਅੰਧ ਵਿਸ਼ਵਾਸੀ, ਗੁਲਾਮ ਅਤੇ ਪਰਤੰਤਰ ਹੋ ਜਾਵੇਗਾ ਜਦ ਕਿ ਸੱਚੀ ਨੈਤਿਕਤਾ ਦੇ ਮਨੁੱਖ ਨੂੰ ਸੁਤੰਤਰ ਮੰਨਣਾ ਜ਼ਰੂਰੀ ਹੈ। ਈਸ਼ਵਰ ਦੀ ਸੱਤਾ

ਨੈਤਿਕ ਜੀਵਨ ਲਈ ਘਾਤਕ ਸਿੱਧ ਹੁੰਦੀ ਹੈ। ਇਹ ਮਾਨਵਾਦੀਆਂ ਦਾ ਅੰਤਿਮ ਸਿੱਟਾ ਹੈ। ਨੈਤਿਕਤਾ ਨੂੰ ਈਸ਼ਵਰ ਦੀ ਸੱਤਾ ਦੀ ਕੋਈ ਜ਼ਰੂਰਤ ਨਹੀਂ।

### 4. ਸੱਤਾ ਵਿਗਿਆਨ ਦਲੀਲ (Ontological Argument)

ਸੰਤ ਐਨਸਲਮ (St. Anselm 1033-1109) ਪਹਿਲਾ ਮੱਧਕਾਲੀ ਫਿਲਾਸਫਰ ਸੀ, ਜਿਸਨੇ ਪਰਮਾਤਮਾ ਹੀ ਹੋਂਦ ਨੂੰ ਸਿੱਧ ਕਰਨ ਲਈ ਸਭ ਤੋਂ ਪਹਿਲਾਂ ਸੱਤਾ ਵਿਗਿਆਨ ਦਲੀਲ ਪੇਸ਼ ਕੀਤੀ। ਉਸਦੀ ਇਸ ਦਲੀਲ ਨੂੰ ਅੱਗੇ ਜਾ ਕੇ ਡੇਕਾਰਟ (Descartes) ਨੇ ਪ੍ਰਫੁਲਤ ਕੀਤਾ। ਉਸ ਨੇ ਆਪਣੇ ਮਾਨੋਲੋਜ਼ੀਅਮ (Monologium 1070) ਵਿਚ ਬ੍ਰਹਿਮੰਡ ਵਿਗਿਆਨ ਦਲੀਲ (Cosmological Argument) ਦਾ ਪ੍ਰਯੋਗ ਕੀਤਾ ਜੋ ਕਿ ਸੰਤ ਅਗਸਟਾਈਨ (St. Augustine) ਦੁਆਰਾ ਦਿੱਤੀ ਗਈ ਸੀ। ਉਸ ਨੇ ਪਰਮਾਤਮਾ ਦੀ ਹੋਂਦ ਬਾਰੇ ਆਪਣੇ ਪ੍ਰਾਸੋਲੋਜ਼ੀਅਮ (Prosologium) ਵਿਚ ਇਕ ਹੋਰ ਸਬੂਤ ਪੇਸ਼ ਕੀਤਾ ਜਿਸ ਕਰਕੇ ਉਸ ਦਾ ਨਾਂ ਵਿਚਾਰਾਂ ਦੀ ਦੁਨੀਆਂ ਵਿਚ ਜਾਣਿਆ ਜਾਣ ਲੱਗਾ। ਇਸ ਸਿਧਾਂਤ ਵਿਚ ਉਸਨੇ ਇਹ ਸਿੱਟਾ ਕੱਢਿਆ ਕਿ ਪਰਮਾਤਮਾ ਦਾ ਕੇਵਲ ਵਿਚਾਰ ਹੀ ਉਸਦੀ ਸੱਤਾ ਨੂੰ ਸਿੱਧ ਕਰਦਾ ਹੈ। ਉਹ ਕਹਿੰਦਾ ਹੈ ਕਿ ਸਾਡੇ ਮਨ ਵਿਚ ਪਰਮਾਤਮਾ ਦਾ ਇਕ ਵਿਚਾਰ ਹੈ, ਉਸਦੇ ਅਨੁਸਾਰ ਪਰਮਾਤਮਾ ਦਾ ਵਿਚਾਰ ਹੀ ਉਸਦੀ ਪੂਰਨ ਸੱਤਾ ਨੂੰ ਸਥਾਪਿਤ ਕਰ ਦਿੰਦਾ ਹੈ। ਨਾਲ ਹੀ ਉਹ ਇਹ ਵੀ ਕਹਿੰਦਾ ਹੈ ਕਿ ਪੂਰਣ ਸੱਤਾ ਉਹ ਹੈ ਜਿਸਤੋਂ ਮਹਾਨ ਕੁਝ ਵੀ ਨਹੀਂ ਹੋ ਸਕਦਾ ਅਤੇ ਜੇਕਰ ਉਸ ਤੋਂ ਵੀ ਕੋਈ ਵੱਡਾ ਹੈ ਵੀ ਤਾਂ ਉਹ ਪੂਰਨ ਸੱਤਾ ਨਹੀਂ ਹੈ। ਹੁਣ ਜੇਕਰ ਅਸੀਂ ਇਹ ਕਹੀਏ ਕਿ ਪਰਮਾਤਮਾ ਨਹੀਂ ਹੈ ਤਾਂ ਇਹ ਵਿਚਾਰ ਵੀ ਸਾਡੇ ਮਨ ਵਿਚ ਨਹੀਂ ਸੀ ਆਉਣਾ ਅਤੇ ਜੇਕਰ ਦੂਜੇ ਵਿਚਾਰਾਂ ਵਾਂਗ ਉਹ ਵੀ ਇਕ ਵਿਚਾਰ ਮਾਤਰ ਹੀ ਹੁੰਦਾ ਤਾਂ ਪੂਰਣ ਸੱਤਾ ਕਦੇ ਨਹੀਂ ਸੀ ਹੋ ਸਕਦਾ। ਪ੍ਰੰਤੂ ਮਨੁੱਖ ਦੇ ਮਨ ਵਿਚ ਪੂਰਣ ਸੱਤਾ ਦਾ ਵਿਚਾਰ ਇਕ ਤੱਥ ਹੈ ਜਿਸ ਨੂੰ ਝੂਠਾ ਨਹੀਂ ਕਿਹਾ ਜਾ ਸਕਦਾ।

ਸੰਤ ਐਨਸਲਮ (St. Anselm) ਦੇ ਸਿਧਾਂਤ ਦੀ ਹੀ ਵਿਆਖਿਆ ਕਰਦੇ ਹੋਏ ਡੇਕਾਰਟ (Descartes) ਕਹਿੰਦਾ ਹੈ ਕਿ ਜੇਕਰ ਮਨੁੱਖ ਦੇ ਮਨ ਵਿਚ ਪੂਰਣ ਸੱਤਾ ਦਾ ਵਿਚਾਰ ਹੈ ਤਾਂ ਇਸ ਦਾ ਕਾਰਣ ਵੀ ਜ਼ਰੂਰ ਹੋਵੇਗਾ। ਹੁਣ ਇਹ ਕਾਰਣ ਵਿਅਕਤੀ ਆਪ ਤਾਂ ਨਹੀਂ ਹੋ ਸਕਦਾ ਕਿਉਂਕਿ ਉਹ ਆਪ ਅਪੂਰਣ ਹੈ ਅਤੇ ਅਪੂਰਣ ਤੋਂ ਪੂਰਣ ਵਿਚਾਰ ਦੀ ਸੰਭਾਵਨਾ ਨਹੀਂ। ਉਹ ਕਹਿੰਦਾ ਹੈ ਕਿ ਮੇਰੀ ਹੋਂਦ ਦਾ ਕਾਰਣ ਮੇਰੇ ਮਾਤਾ ਪਿਤਾ ਹਨ ਪਰ ਮੇਰੇ ਮਨ ਵਿਚਲੇ ਵਿਚਾਰਾਂ ਦਾ ਕਾਰਣ ਉਹ ਨਹੀਂ ਹੋ ਸਕਦੇ ਕਿਉਂਕਿ ਉਹ ਆਪ ਵੀ ਅਪੂਰਣ ਹਨ। ਇਸ ਸੰਬੰਧ ਵਿਚ ਉਹ ਟਿੱਪਣੀ ਕਰਦਾ ਹੋਇਆ ਕਹਿੰਦਾ ਹੈ ਕਿ ਵਿਅਕਤੀ ਦੇ ਮਨ ਵਿਚ innate ideas ਪਾਏ ਜਾਂਦੇ ਹਨ ਜੋ ਕਿ ਜਨਮ ਤੋਂ ਹੀ ਵਿਅਕਤੀ ਦੇ ਮਨ ਵਿਚ ਹੁੰਦੇ ਹਨ ਅਤੇ ਪਰਮਾਤਮਾ ਦੁਆਰਾ ਰੱਖੇ ਜਾਂਦੇ ਹਨ। ਇਸ ਤਰ੍ਹਾਂ ਉਹ ਕਹਿੰਦਾ ਹੈ ਕਿ ਕੋਈ ਵੀ ਭੌਤਿਕ ਵਸਤੂ ਪੂਰਣ ਨਹੀਂ ਹੋ ਸਕਦੀ ਅਤੇ ਇਹ ਨਿਸ਼ਚਿਤ ਤੌਰ ਤੇ ਪਰਮਾਤਮਾ ਹੀ ਹੈ ਜਿਸਨੇ ਮੇਰੇ ਮਨ ਵਿਚ ਪੂਰਣਤਾ ਦਾ ਵਿਚਾਰ ਦ੍ਰਿੜ ਕੀਤਾ ਹੈ।

ਹੀਗਲ (Hegel) ਨੇ ਈਸ਼ਵਰ (ਪੂਰਣਤਾ, ਪੂਰਣ ਬੁੱਧੀ, ਪੂਰਣ ਅਧਿਆਤਮਿਕਤਾ) ਦੀ ਸੱਤਾ ਨੂੰ ਪ੍ਰਮਾਣਿਤ ਕਰਦੇ ਹੋਏ ਕਿਹਾ ਹੈ ਕਿ ਵਿਚਾਰ, ਸੱਤਾ (Being) ਨੂੰ ਸਿਰਫ ਅਪੂਰਣ ਰੂਪ ਵਿਚ ਪ੍ਰਗਟ ਕਰ ਸਕਦਾ ਹੈ। ਪ੍ਰੰਤੂ ਵਿਚਾਰ ਦੇ ਵਿਰੋਧਾਤਮਕ ਵਿਕਾਸ ਦੁਆਰਾ ਆਪਣੇ ਆਪ ਨੂੰ ਪੂਰਣ ਕਰਦਾ ਜਾਂਦਾ ਹੈ ਅਤੇ ਉਹ ਵੱਧ ਤੋਂ ਵੱਧ ਸੱਤਾ ਨੂੰ ਪ੍ਰਗਟ ਕਰਦਾ ਜਾਂਦਾ ਹੈ ਤਾਂ ਉਹ ਸੱਤਾ ਦੇ ਬਰਾਬਰ ਹੋ ਜਾਂਦਾ ਹੈ। ਤਦ ਸੱਤਾ ਅਤੇ ਵਿਚਾਰ ਇਕ ਹੋ ਜਾਂਦੇ ਹਨ। ਇਹੀ ਈਸ਼ਵਰ ਹੈ ਜਿਸ ਵਿਚ ਈਸ਼ਵਰ ਦਾ ਵਿਚਾਰ ਅਤੇ ਈਸ਼ਵਰ ਦੀ ਸੱਤਾ ਇਕ ਹੋ ਗਈ ਹੈ। ਇਹ ਈਸ਼ਵਰ ਪਰਮ ਸੱਤਾ ਅਤੇ ਪੂਰਣ ਸੱਚ ਵੀ ਹੈ।

**ਆਲੋਚਨਾ**

**(ੳ) ਪਰਮਾਤਮਾ ਦਾ ਵਿਚਾਰ ਉਸਦੀ ਹੋਂਦ ਨੂੰ ਸਿੱਧ ਨਹੀਂ ਕਰਦਾ**

ਐਨਸਲਮ ਦੀ ਇਸ ਦਲੀਲ ਦਾ ਵਿਰੋਧ ਗਨੀਲੋ ਸਾਧੂ (Monk Ganilo) ਨੇ ਆਪਣੀ ਪੁਸਤਕ 'Against the Reasoning In Anselm's Prologium' ਵਿਚ ਕੀਤਾ ਹੈ। ਉਹ ਕਹਿੰਦਾ ਹੈ ਕਿ ਵਿਅਕਤੀ ਦੇ ਮਨ ਵਿਚ ਪਰਮਾਤਮਾ ਦਾ ਵਿਚਾਰ ਬਿਲਕੁਲ ਕਿਸੇ ਦੂਜੀ ਵਸਤੂ ਵਾਂਗ ਜੋ ਕਿ ਸਾਡੇ ਮਨ ਵਿਚ ਪਾਈ ਜਾਂਦੀ ਹੈ। ਜਿਵੇਂ ਕਿ ਪਰਮਾਤਮਾ ਦਾ ਵਿਚਾਰ ਸਾਡੇ ਮਨ ਵਿਚ ਹੋਣਾ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਕਿ ਕਿਸੇ ਸੰਪੂਰਣ ਟਾਪੂ ਦਾ ਵਿਚਾਰ। ਕਾਂਟ ਉਪਰੋਕਤ ਦੇ ਸੰਬੰਧ ਵਿੱਚ ਵਿਚਾਰ ਪੇਸ਼ ਕਰਦੇ ਹੋਏ ਕਹਿੰਦਾ ਹੈ ਕਿ ਵਿਚਾਰਕ ਕਲਪਨਾ ਤੋਂ ਅਸਲੀਅਤ ਦੀ ਹੋਂਦ ਬਿਲਕੁਲ ਭਿੰਨ ਹੈ। ਇਕ ਵਿਚਾਰ ਦੀ ਕਲਪਨਾ ਕੇਵਲ ਇਕ ਵਿਚਾਰ ਨੂੰ ਹੀ ਜਨਮ ਦੇ ਸਕਦੀ ਹੈ, ਕਿਸੇ ਸੱਚ ਨੂੰ ਨਹੀਂ। ਇਹ ਬਿਲਕੁਲ ਉਸੇ ਤਰ੍ਹਾਂ ਦਾ ਵਿਚਾਰ ਜਿਵੇਂ ਕਿ ਜੇਕਰ ਅਸੀਂ ਇਹ ਕਲਪਨਾ ਕਰੀਏ ਕਿ ਸਾਡੀ ਜੇਬ ਵਿਚ ਡਾਲਰ ਹਨ ਤਾਂ ਇਸ ਤਰ੍ਹਾਂ ਦੇ ਵਿਚਾਰ ਨਾਲ ਅਸੀਂ ਕੇਵਲ ਆਪਣੇ ਆਪ ਨੂੰ ਧੋਖਾ ਦੇ ਰਹੇ ਹੋਵਾਂਗੇ।

**(ਅ) ਵਿਚਾਰ ਅਤੇ ਸੱਤਾ ਵਿਚ ਅੰਤਰ ਹੈ**

ਹਿਊਮ (Hume) ਨੇ ਇਹ ਸਿੱਧ ਕੀਤਾ ਹੈ ਕਿ ਵਿਚਾਰ ਤੋਂ ਸੱਤਾ ਨੂੰ ਸਿੱਧ ਕਰਨਾ ਤਰਕ ਸੰਗਤ ਹੈ। ਇਹ ਆਤਮਨਿਸ਼ਠ

(subjective) ਵੀ ਹੋ ਸਕਦੀ ਹੈ ਪਰ ਇਸਦਾ ਅਸਤਿਤਵ ਉਤੇ ਕੋਈ ਪ੍ਰਭਾਵ ਨਹੀਂ ਪੈਂਦਾ। ਸਿੱਧੀ ਗੱਲ ਤਾਂ, ਉਸਦੇ ਅਨੁਸਾਰ, ਇਹ ਹੈ ਕਿ ਸਾਡਾ ਵਿਚਾਰ ਕਹਿੰਦਾ ਹੈ ਕਿ ਪੂਰਨਤਾ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਹ ਹੋਵੇਗੀ। ਵਿਚਾਰ ਅਤੇ ਸੱਤਾ ਵਿਚ ਅੰਤਰ ਹੈ। ਜਦ ਹੀਗਲ ਇਹ ਕਹਿੰਦਾ ਹੈ ਕਿ ਪਰਮਾਤਮਾ ਵਿਚ ਨਿਸ਼ਚਾ ਅਤੇ ਸੱਤਾ ਇਕ ਹੋ ਜਾਂਦੇ ਹਨ ਤਾਂ ਇਸ ਦਾ ਅਰਥ ਹੈ ਕਿ ਇਹ ਅਨੁਭਵ ਪਕੜ ਤੋਂ ਬਾਹਰਾ ਹੋਣ ਕਰਕੇ ਪ੍ਰਮਾਣਿਕ ਨਹੀਂ ਬਣ ਸਕਦੇ।

(ੲ) ਡੇਕਾਰਟ ਆਪਣੇ ਦਰਸ਼ਨ ਵਿਚ ਰੱਬ ਦੀ ਹੋਂਦ ਨੂੰ ਸਿੱਧ ਕਰਨ ਲਈ ਜਿਹੜੀ ਦਲੀਲ ਪੇਸ਼ ਕਰਦਾ ਹੈ ਉਹ ਬਿਲਕੁਲ ਗਲਤ ਹੈ। ਉਹ ਕਹਿੰਦਾ ਹੈ ਕਿ ਜੇਕਰ ਮੇਰੇ ਮਨ ਵਿਚ ਰੱਬ ਦਾ ਵਿਚਾਰ ਹੈ ਤਾਂ ਇਸ ਵਿਚਾਰ ਦਾ ਕਾਰਣ ਪਰਮਾਤਮਾ ਹੈ ਕਿਉਂਕਿ ਉਹ ਹੀ ਪੂਰਣ ਹੈ। ਇਹ ਗੱਲ ਜਿਹੜੀ ਇਥੇ ਗਲਤ ਹੈ, ਉਹ ਇਹ ਹੈ ਕਿ ਡੇਕਾਰਟ ਕਾਰਣ ਨੂੰ ਉਤਪਾਦਕ ਤਾਕਤ ਸਮਝਦਾ ਹੈ, ਪ੍ਰੰਤੂ ਹਿਊਮ ਨੇ ਇਹ ਸਿੱਧ ਕੀਤਾ ਹੈ ਕਿ ਕਾਰਣ ਕੋਈ ਤਾਕਤ ਨਹੀਂ ਜਿਹੜੀ ਪ੍ਰਮਾਣੂ ਨੂੰ ਪੈਦਾ ਕਰਦੀ ਹੈ, ਪ੍ਰੰਤੂ ਕਾਰਣ ਤਾਂ ਪੂਰਵ ਵਰਤੀ ਘਟਨਾ ਹੈ (cause is not a power but only an antecedent of the effect)। ਹੁਣ ਜੇਕਰ ਮੇਰੇ ਮਨ ਵਿਚ ਰੱਬ ਦਾ ਆਦਰਸ਼ ਹੈ ਤਾਂ ਇਸ ਦਾ ਕਾਰਣ ਇਕ ਵਿਚਾਰ ਹੀ ਹੋਣਾ ਚਾਹੀਦਾ ਹੈ। ਵਿਚਾਰਾਂ ਦੇ ਇਲਾਵਾ ਬਾਹਰੀ ਹੋਂਦ ਤੇ ਸਾਡਾ ਅਧਿਕਾਰ ਨਹੀਂ। ਰੱਬ ਅਤੇ ਰੱਬ ਦੇ ਵਿਚਾਰ ਵਿਚ ਬਹੁਤ ਫਰਕ ਹੈ। ਪ੍ਰੰਤੂ ਡੇਕਾਰਟ ਦੀ ਦਲੀਲ ਕੇਵਲ ਰੱਬੀ ਆਦਰਸ਼ ਨੂੰ ਹੀ ਸਿੱਧ ਕਰ ਸਕੇਗੀ, ਰੱਬ ਦੀ ਹੋਂਦ ਨੂੰ ਨਹੀਂ ਕਿਉਂਕਿ ਹੋਂਦ ਦਲੀਲ ਦੇ ਦੁਆਰਾ ਨਹੀਂ ਬਲਕਿ ਅਨੁਭਵ (ਪ੍ਰਤੱਖੀਕਰਣ) ਦੇ ਦੁਆਰਾ ਹੀ ਪ੍ਰਮਾਣਿਤ ਹੋ ਸਕਦੀ ਹੈ। ਇਸ ਤਰ੍ਹਾਂ ਡੇਕਾਰਟ ਕਾਰਣਤਾ ਦੇ ਆਧਾਰ ਤੇ ਰੱਬ ਦੀ ਹੋਂਦ ਨੂੰ ਸਿੱਧ ਕਰਨ ਵਿਚ ਅਸਮਰਥ ਹੁੰਦਾ ਹੈ।

### 5. ਪ੍ਰਮਾਣਗਤ ਦਲੀਲ **(Argument based on Testimony)**

ਹਰ ਕੋਈ ਇਹ ਜਾਣਦਾ ਹੈ ਕਿ ਵਿਚਾਰ ਅਤੇ ਕਾਲਪਨਿਕ ਤਸਵੀਰਾਂ ਮਨ ਦੀ ਹੋਂਦ ਤੋਂ ਬਿਨਾਂ ਸੰਭਵ ਨਹੀਂ ਹੋ ਸਕਦੀਆਂ। ਇਹ ਗੱਲ ਸਾਡੀਆਂ ਗਿਆਨ ਇੰਦਰੀਆਂ ਨਾਲ ਸਬੰਧਤ ਹੈ। ਇਸ ਲਈ ਇਹ ਕਿਹਾ ਜਾਂਦਾ ਹੈ ਕਿ ਹੋਂਦ ਦਾ ਅਰਥ ਵੇਖਣਾ ਹੁੰਦਾ ਹੈ। ਇਸ ਸਿਧਾਂਤ ਨੂੰ ਜਾਰਜ ਬਰਕਲੇ (George Berkeley 1685-1753) ਨੇ ਅਪਣਾਇਆ ਅਤੇ ਉਸ ਨੇ ਇਸ ਨੂੰ Esse in Percipi ਦਾ ਨਾਂ ਦਿੱਤਾ ਹੈ। ਉਹ ਕਹਿੰਦਾ ਹੈ ਕਿ ਜਦੋਂ ਮੈਂ ਇਕ ਮੇਜ਼ ਦੀ ਕਲਪਨਾ ਕਰਦਾ ਹਾਂ ਤਾਂ ਇਸ ਦੀ ਹੋਂਦ ਬਾਰੇ ਲਿਖਦਾ ਹਾਂ। ਉਸ ਦੇ ਕਹਿਣ ਦਾ ਅਰਥ ਹੈ ਕਿ ਜੋ ਚੀਜ਼ ਵਾਸਤਵਿਕਤਾ ਵਿਚ ਹੁੰਦੀ ਹੈ, ਉਹੀ ਸਾਡੇ ਮਨ ਦੁਆਰਾ ਵੇਖੀ ਜਾ ਸਕਦੀ ਹੈ। ਇਹੀ ਦਲੀਲ ਧਰਮ ਦੇ ਖੇਤਰ ਵਿਚ ਵੀ ਪੇਸ਼ ਕੀਤੀ ਜਾ ਰਹੀ ਹੈ ਕਿ ਤਰਕ ਤੋਂ ਇਲਾਵਾ ਈਸ਼ਵਰ ਦੀ ਸੱਤਾ ਨੂੰ ਰਿਸ਼ੀ-ਮੁਨੀਆਂ, ਪੀਰ-ਪੈਗੰਬਰਾਂ ਨੇ ਆਪਣੇ ਅਨੁਭਵ ਦੁਆਰਾ ਪ੍ਰਾਪਤ ਕੀਤਾ ਹੈ। ਦੁਨੀਆਂ ਦੇ ਸਾਰੇ ਪੀਰ-ਪੈਗੰਬਰ ਇਹੀ ਗੱਲ ਕਹਿੰਦੇ ਹਨ ਕਿ ਉਨ੍ਹਾਂ ਨੇ ਪਰਮਾਤਮਾ ਨੂੰ ਖੁਦ ਵੇਖਿਆ ਹੈ ਅਤੇ ਉਨ੍ਹਾਂ ਦੀ ਇਹ ਗੱਲ ਸਾਡੇ ਲਈ ਪਰਪੱਕ ਹੋ ਜਾਦੀ ਹੈ। ਉਨ੍ਹਾਂ ਦੇ ਇਸ ਅਨੁਭਵ ਨੂੰ ਸ਼ਬਦ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਅਸੀਂ ਵੀ ਉਨ੍ਹਾਂ ਦੀ ਹਰ ਗੱਲ ਇਸ ਕਰਕੇ ਹੀ ਮੰਨਦੇ ਹਾਂ ਕਿਉਂਕਿ ਇਹ ਸਾਡਾ ਵਿਸ਼ਵਾਸ ਹੁੰਦਾ ਹੈ ਕਿ ਪਰਮਾਤਮਾ ਤਕ ਪਹੁੰਚੇ ਹੋਏ ਵਿਅਕਤੀ ਦੀ ਗੱਲ ਗਲਤ ਨਹੀਂ ਹੋ ਸਕਦੀ ਅਤੇ ਨਾ ਹੀ ਗੁੰਮਰਾਹਕੁੰਨ ਹੁੰਦੀ ਹੈ। ਉਹਨਾਂ ਦੀ ਹਰ ਗੱਲ ਨੂੰ ਇਸ ਕਰਕੇ ਵੀ ਮੰਨਿਆ ਜਾਦਾ ਹੈ ਕਿਉਂਕਿ ਅਸੀਂ ਵੇਖਦੇ ਹਾਂ ਕਿ ਦੁਨੀਆਂ ਦੇ ਸਾਰੇ ਪੀਰ-ਪੈਗੰਬਰ ਵਖ ਵਖ ਸਮੇਂ ਤੇ ਵਖ ਵਖ ਦੇਸ਼ਾਂ ਅਤੇ ਭੂਗੋਲਿਕ ਪ੍ਰਸਥਿਤੀਆਂ ਵਿਚ ਪੈਦਾ ਹੋਏ ਪਰ ਉਨ੍ਹਾਂ ਦੁਆਰਾ ਕਹੀਆਂ ਹੋਈਆਂ ਗੱਲਾਂ ਲਗਭਗ ਇਕੋ ਜਿਹੀਆਂ ਹੀ ਲਗਦੀਆਂ ਹਨ। ਅਸੀਂ ਆਪਣੇ ਤਰਕ ਦੁਆਰਾ ਉਨ੍ਹਾਂ ਦੀ ਕਹੀ ਹੋਈ ਹਰ ਗੱਲ ਨੂੰ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਇਸੇ ਲਈ ਅਸੀਂ ਉਨ੍ਹਾਂ ਦੀ ਇਹ ਗੱਲ ਵੀ ਮੰਨਦੇ ਹਾਂ ਕਿ 'ਪਰਮਸਤਿ ਦੀ ਹੋਂਦ ਹੈ ਅਤੇ ਅਸੀਂ ਉਸਨੂੰ ਆਪਣੀ ਆਤਮਾ ਦੁਆਰਾ ਅਨੁਭਵ ਕੀਤਾ ਹੈ।' ਇਹੀ ਗੱਲ ਸਾਨੂੰ ਪਰਮਾਤਮਾ ਦੀ ਹੋਂਦ ਨੂੰ ਮੰਨਣ ਲਈ ਪ੍ਰੇਰਿਤ ਕਰਦੀ ਹੈ।

**ਆਲੋਚਨਾ**

**(ੳ) ਇਹ ਵਿਸ਼ਵਾਸ ਤੇ ਆਧਾਰਿਤ ਹੈ**

ਇਹ ਦਲੀਲ ਨਿਰੋਲ ਵਿਸ਼ਵਾਸ਼ ਉਤੇ ਆਧਾਰਿਤ ਹੈ। ਜਿਵੇਂ ਕਿਸੇ ਪੀਰ-ਪੈਗੰਬਰ ਅਤੇ ਰਿਸ਼ੀ ਮੁਨੀ ਨੇ ਲੋਕਾਂ ਨੂੰ ਦੱਸਿਆ ਲੋਕਾਂ ਨੇ ਬਿਨਾਂ ਤਰਕ ਜਾਂ ਦਲੀਲ ਉਨ੍ਹਾਂ ਦੀ ਗੱਲ ਨੂੰ ਸਵੀਕਾਰ ਲਿਆ। ਪਰ ਇਹ ਗੱਲ ਫਿਲਾਸਫਰਾਂ ਅਤੇ ਵਿਗਿਆਨੀਆਂ ਦੇ ਖੇਤਰ ਤੋਂ ਬਾਹਰ ਦੀ ਹੈ। ਫਿਲਾਸਫਰ ਹਰ ਇਕ ਗੱਲ ਨੂੰ ਕੀ, ਕਿਉਂ ਅਤੇ ਕਿਵੇਂ ਤੇ ਆਧਾਰਿਤ ਕਰਦਾ ਹੈ ਅਤੇ ਤਰਕ ਦੁਆਰਾ ਪ੍ਰਾਪਤ ਸੱਚ ਨੂੰ ਲੋਕਾਂ ਤੱਕ ਪਹੁੰਚਾਉਂਦਾ ਹੈ। ਇਸੇ ਤਰ੍ਹਾਂ ਵਿਗਿਆਨਕਾਂ ਦਾ ਆਪਣਾ ਹੀ ਖੇਤਰ ਹੈ, ਉਹ ਹਰ ਇਕ ਗੱਲ ਨੂੰ ਪ੍ਰਯੋਗ (experiment) ਦੁਆਰਾ ਸਿੱਧ ਕਰਦੇ ਹਨ ਅਤੇ ਇਕ ਵਿਸ਼ੇਸ਼ ਨਤੀਜੇ ਤੇ ਪੁਜਦੇ ਹਨ, ਜਿਨ੍ਹਾਂ ਨੂੰ ਕਿਸੇ ਵੀ ਥਾਂ ਤੇ ਅਤੇ ਕਿਸੇ ਵੀ ਭੂਗੋਲਿਕ ਪ੍ਰਸਥਿਤੀ ਵਿਚ ਸਿੱਧ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਵਿਸ਼ਵਾਸ ਤੇ ਆਧਾਰਿਤ ਲੋਕਾਂ ਦਾ ਵੱਖਰਾ ਅਤੇ ਸੀਮਿਤ ਖੇਤਰ ਹੀ ਰਹਿ ਜਾਂਦਾ ਹੈ।

**(ਅ) ਵਿਸ਼ਵਾਸ ਭਿੰਨ-ਭਿੰਨ ਹੁੰਦਾ ਹੈ**

ਇਹ ਦਲੀਲ ਇਸ ਗੱਲ ਨੂੰ ਸਿੱਧ ਕਰਨ ਦਾ ਯਤਨ ਕਰਦੀ ਹੈ ਕਿ ਜੋ ਕੁਝ ਪੀਰਾਂ ਪੈਗੰਬਰਾਂ ਅਤੇ ਰਿਸ਼ੀ ਮੁਨੀਆਂ ਨੇ ਆਮ ਲੋਕਾਂ ਨੂੰ ਪਰਮਾਤਮਾ

ਦੇ ਸਬੰਧ ਵਿਚ ਦੱਸਿਆ, ਆਮ ਲੋਕਾਂ ਨੇ ਉਸੇ ਨੂੰ ਸੱਚ ਸਵੀਕਾਰ ਕਰ ਲਿਆ। ਪਰ ਆਮ ਲੋਕਾਂ ਵਿਚ ਇਕ ਈਸ਼ਵਰ ਤੋਂ ਇਲਾਵਾ ਦੇਵੀ ਦੇਵਤਿਆਂ ਦੀ ਪੂਜਾ ਦਾ ਸਿਧਾਂਤ ਵੀ ਪ੍ਰਚਲਿਤ ਹੈ ਅਤੇ ਬਹੁਤ ਸਾਰੇ ਲੋਕ ਉਨ੍ਹਾਂ ਨੂੰ ਹੀ ਆਪਣਾ ਇਸ਼ਟ ਮੰਨਦੇ ਹਨ। ਲੋਕ ਆਪਣੇ ਇਸ਼ਟ ਨੂੰ ਆਪਣੇ ਸਾਹਮਣੇ ਸੰਪੂਰਣ ਰੂਪ ਵਿਚ ਦੇਖ ਸਕਦੇ ਹਨ ਅਤੇ ਉਸੇ ਵਲ ਆਪਣੀ ਖਿੱਚ ਅਤੇ ਸ਼ਰਧਾ ਵੀ ਰੱਖਦੇ ਹਨ। ਇਸ ਤਰ੍ਹਾਂ ਇਕ ਈਸ਼ਵਰ ਦਾ ਸਿਧਾਂਤ ਵੀ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਹੈ। ਇਸ ਤਰ੍ਹਾਂ ਇਕ ਈਸ਼ਵਰ ਦੀ ਥਾਂ ਬਹੁ-ਈਸ਼ਵਰ ਦਾ ਸਿਧਾਂਤ ਵਧੇਰੇ ਪ੍ਰਚਲਿਤ ਹੋ ਗਿਆ ਹੈ।

**ਸਿੱਟਾ :-** ਪਰਮਾਤਮਾ ਦੀ ਹੋਂਦ ਨੂੰ ਸਿੱਧ ਕਰਨ ਲਈ ਅਸੀਂ ਵੱਖ-ਵੱਖ ਦਲੀਲਾਂ ਦਾ ਅਧਿਐਨ ਕੀਤਾ, ਪਰ ਕੋਈ ਵੀ ਦਲੀਲ ਸਰਵ ਪ੍ਰਵਾਨਿਤ ਨਹੀਂ ਅਤੇ ਨਾ ਹੀ ਸੰਪੂਰਣ ਹੈ। ਇਸ ਤੋਂ ਇਹੀ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਪਰਮਾਤਮਾ ਦੀ ਹੋਂਦ ਨੂੰ ਕਦੇ ਵੀ ਤਰਕ ਜਾਂ ਦਲੀਲ ਦੇ ਸਹਾਰੇ ਪੂਰੀ ਤਰ੍ਹਾਂ ਸਿੱਧ ਨਹੀਂ ਕੀਤਾ ਜਾ ਸਕਦਾ। ਇਸ ਲਈ ਤਾਂ ਕੇਵਲ ਅਨੁਭਵ ਦੀ ਲੋੜ ਹੈ। ਵਿਅਕਤੀਗਤ ਅਨੁਭਵ ਹੀ ਪਰਮਾਤਮਾ ਦੀ ਹੋਂਦ ਬਾਰੇ ਕੁਝ ਸੱਚਾਈਆਂ ਪੇਸ਼ ਕਰ ਸਕਦਾ ਹੈ। ਭਾਵੇਂ ਕਿ ਇਸ ਵਿਚ ਸਮਾਂ ਵੀ ਬਹੁਤ ਲਗ ਜਾਂਦਾ ਹੈ ਪਰ ਜੋ ਕੁਝ ਵੀ ਅਨੁਭਵ ਤੋਂ ਬਾਅਦ ਸਾਡੇ ਤਕ ਪਹੁੰਚਦਾ ਹੈ, ਉਹੀ ਪਰਮਾਤਮਾ ਦੀ ਹੋਂਦ ਨੂੰ ਸਿੱਧ ਕਰਨ ਲਈ ਕਾਫੀ ਹੈ। ਇਸ ਵਿਚ ਤਰਕ ਦੀ ਲੋੜ ਤਾਂ ਕੇਵਲ ਪਰਮਾਤਮਾ ਸੰਬੰਧੀ ਅਨੁਭਵ ਕੀਤੇ ਸ਼ਬਦ ਰੂਪ ਨੂੰ ਆਮ ਲੋਕਾਂ ਤਕ ਪਹੁੰਚਾਉਣ ਲਈ ਕੀਤੀ ਜਾ ਸਕਦੀ ਹੈ। ਇਹ ਕੰਮ ਮੁਸ਼ਕਲ ਤਾਂ ਜ਼ਰੂਰ ਹੈ ਪਰ ਅਸੰਭਵ ਨਹੀਂ। ਇਸ ਤਰ੍ਹਾਂ ਪ੍ਰਾਪਤ ਕੀਤੇ ਨਤੀਜੇ ਵਧੇਰੇ ਲਾਭਦਾਇਕ ਸਾਬਤ ਹੋ ਸਕਦੇ ਹਨ ਕਿਉਂਕਿ ਆਮ ਲੋਕਾਂ ਵਿਚ ਸਰੀਰਕ ਅਤੇ ਮਾਨਸਿਕ ਸੰਤੁਸ਼ਟੀ ਪੈਦਾ ਕਰਦੇ ਹਨ।

## ਸਹਾਇਕ ਪੁਸਤਕ ਸੂਚੀ


1. ਜੌਹਨ ਹਿੱਕ, ਫਿਲਾਸਫੀ ਆਫ਼ ਰਿਲੀਜਨ
2. ਫਰੈਂਕ ਥਿਲੀ, ਏ ਹਿਸਟਰੀ ਆਫ਼ ਫਿਲਾਸਫੀ
3. ਬਰਟਰੈਂਡ ਰਸਲ, ਏ ਹਿਸਟਰੀ ਆਫ਼ ਵੈਸਟਰਨ ਫਿਲਾਸਫੀ

ਪਾਠ ਨੰ: 1.2 ਲੇਖਕ ਡਾ. ਸ਼ਮਸ਼ੇਰ ਸਿੰਘ

# ਮਨੁੱਖੀ ਹੋਂਦ, ਆਵਾਗਵਨ ਤੇ ਅਮਰਤਾ
# (Human Existence, Destiny, Transmigration and Immortality)

## ਪਾਠ ਦਾ ਉਦੇਸ਼

ਇਸ ਪਾਠ ਰਾਹੀਂ ਪਾਠਕਾਂ ਲਈ ਧਰਮ ਦਰਸ਼ਨ ਦੇ ਪਰਿਪੇਖ ਵਿਚ ਮਨੁੱਖ ਦੇ ਜੀਵਨ ਦਾ ਬਹੁਪੱਖੀ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਇਸ ਦਾ ਖੇਤਰ ਪੱਛਮੀ ਧਰਮ ਦਰਸ਼ਨ ਹੀ ਰਖਿਆ ਗਿਆ ਹੈ।

## ਪਾਠ ਦੀ ਰੂਪ ਰੇਖਾ

ਭੂਮਿਕਾ, ਵਿਸ਼ਾ ਪ੍ਰਵੇਸ਼, ਭੌਤਿਕਵਾਦੀ ਸਿਧਾਂਤ, ਵਿਕਾਸਵਾਦੀ ਧਾਰਨਾ, ਧਾਰਮਿਕ ਦ੍ਰਿਸ਼ਟੀਕੋਣ, ਧਰਮ ਤੇ ਮਾਨਵ ਸਰੂਪ, ਆਦਰਸ਼-ਮਾਨਵ ਅਮਰਤਾ, ਆਵਾਗਵਨ ਤੇ ਸ਼ਕਤੀ-ਉਪਸੰਹਾਰ।

## ਭੂਮਿਕਾ

ਬਹੁਤ ਸਾਰੇ ਧਰਮਾਂ ਵਿੱਚ ਮਨੁੱਖ ਨੂੰ ਈਸ਼ਵਰ ਦੀ ਸੰਤਾਨ ਮੰਨਿਆ ਜਾਂਦਾ ਹੈ। ਕਈ ਧਰਮ ਮਨੁੱਖ ਨੂੰ ਈਸ਼ਵਰ ਦਾ ਅੰਸ਼ ਮੰਨਦੇ ਹਨ। ਯਹੂਦੀ ਤੇ ਈਸਾਈ ਧਰਮਾਂ ਅੰਦਰ ਮਨੁੱਖ ਨੂੰ ਈਸ਼ਵਰ ਦਾ ਪ੍ਰਿਥਵੀ ਉਤੇ ਉਤਰਾਅਧਿਕਾਰੀ ਮੰਨਿਆ ਗਿਆ ਹੈ। ਸੰਸਾਰ ਅੰਦਰ ਦੈਵੀ ਵਿਧਾਨ ਨੂੰ ਸਫ਼ਲ ਬਨਾਉਣ ਲਈ ਈਸ਼ਵਰ ਨੇ ਮਨੁੱਖ ਦੀ ਸਿਰਜਨਾ ਕੀਤੀ ਹੈ। ਬੁਧ ਤੇ ਜੈਨ ਧਰਮ ਵਿਚ ਮਨੁੱਖ ਨੂੰ ਪਰਮਾਤਮਾ ਦੀ ਸਿਰਜਨਾ ਨਹੀਂ ਮੰਨਿਆ ਜਾਂਦਾ। ਨਾਸਤਿਕ ਮਤਾਂ ਅਨੁਸਾਰ ਵੀ ਮਨੁੱਖ ਈਸ਼ਵਰ ਦੀ ਰਚਨਾ ਨਹੀਂ ਹੈ ਅਤੇ ਨਾ ਹੀ ਉਹ ਅਮਰ ਹੈ।

ਮਨੁੱਖ ਦੇ ਸਰੂਪ ਬਾਰੇ ਵਿਭਿੰਨ ਦ੍ਰਿਸ਼ਟੀਕੋਣਾਂ ਅਨੁਸਾਰ ਕਾਫੀ ਅੰਤਰ ਦਿਖਾਈ ਦਿੰਦਾ ਹੈ। ਇਨ੍ਹਾਂ ਦ੍ਰਿਸ਼ਟੀਕੋਣਾਂ ਅੰਦਰ ਪਰਿਵਰਤਨ ਵੀ ਹੁੰਦਾ ਰਿਹਾ ਹੈ। ਮਨੁੱਖ ਸੰਬੰਧੀ ਪ੍ਰਾਚੀਨ ਦ੍ਰਿਸ਼ਟੀਕੋਣ ਮੂਲ ਰੂਪ ਵਿਚ ਧਾਰਮਿਕ ਹੈ। ਆਧੁਨਿਕ ਯੁਗ ਦੇ ਸਾਰੇ ਖੇਤਰਾਂ ਅੰਦਰ ਧਰਮ ਨਿਰਪੇਖ ਦ੍ਰਿਸ਼ਟੀ ਵਧ ਰਹੀ ਹੈ। ਮਨੁੱਖ ਦੇ ਸਰੂਪ ਬਾਰੇ ਹੁਣ ਸੁਤੰਤਰ ਚਿੰਤਨ ਹੋਣ ਲੱਗਾ ਹੈ।

ਮਨੁੱਖ ਦੀ ਜਟਿਲਤਾ ਸੰਬੰਧੀ ਪਰੰਪਰਾਗਤ ਅਤੇ ਨਵੀਨ ਦ੍ਰਿਸ਼ਟੀਕੋਣਾਂ ਵਿੱਚ ਪੂਰਨ ਰੂਪ ਵਿੱਚ ਵਖਰੇਵਾਂ ਨਹੀਂ ਹੋ ਸਕਦਾ। ਇਨ੍ਹਾਂ ਦਾ ਪਰਸਪਰ ਜਟਿਲ ਸੰਬੰਧ ਹੈ। ਪ੍ਰੰਪਰਾਗਤ ਦ੍ਰਿਸ਼ਟੀਕੋਣ ਅਨੁਸਾਰ ਸ੍ਰਿਸ਼ਟੀ ਨੂੰ ਮਾਨਵ ਕੇਂਦਰਤ ਸਮਝਿਆ ਗਿਆ ਹੈ ਪ੍ਰੰਤੂ ਅਧੁਨਿਕ ਦ੍ਰਿਸ਼ਟੀਕੋਣ ਦੁਆਰਾ ਮਨੁੱਖ ਨੂੰ ਸ੍ਰਿਸ਼ਟੀ ਦਾ ਕੇਵਲ ਅੰਸ਼ ਮੰਨਿਆ ਗਿਆ ਹੈ। ਪਹਿਲੇ ਦ੍ਰਿਸ਼ਟੀਕੋਣ ਅਨੁਸਾਰ ਮਨੁੱਖ ਨੂੰ ਮਹੱਤਵਪੂਰਨ ਮੰਨਿਆ ਹੈ। ਮਨੁੱਖ ਲਈ ਹੀ ਸ੍ਰਿਸ਼ਟੀ ਦਾ ਅਸਤਿਤਵ ਹੈ। ਸੂਰਜ ਚੰਦ ਮਨੁੱਖ ਨੂੰ ਪ੍ਰਕਾਸ਼ ਦੇਣ ਲਈ, ਬਨਸਪਤੀ ਭੋਜਨ ਲਈ ਅਤੇ ਭੌਤਿਕ ਸ਼ਕਤੀ ਦਾ ਨਿਰਮਾਣ ਉਸਦੀ ਕਾਰਜ-ਕੁਸ਼ਲਤਾ ਤੇ ਬੁਧੀ ਲਈ ਹੋਇਆ ਹੈ। ਪ੍ਰਿਥਵੀ ਦਾ ਕਲਿਆਣਕਾਰੀ ਰੂਪ ਵੀ ਮਨੁੱਖ ਦੇ ਸ਼ੁਭ ਅਤੇ ਅਸ਼ੁਭ ਕਰਮਾਂ ਦੁਆਰਾ ਨਿਰਧਾਰਤ ਹੁੰਦਾ ਹੈ।

ਭੌਤਿਕ ਦ੍ਰਿਸ਼ਟੀਕੋਣ ਅਨੁਸਾਰ ਮਨੁੱਖ ਨੂੰ ਦੈਵੀ ਨਹੀਂ ਮੰਨਿਆ ਜਾਂਦਾ। ਉਹ ਇੱਕ ਤੁੱਛ ਅਤੇ ਸਾਧਾਰਣ ਪ੍ਰਾਣੀ ਹੈ। ਅਮਰਤਾ ਦੀ ਦ੍ਰਿਸ਼ਟੀ ਤੋਂ ਮਨੁੱਖ ਦਾ ਇਤਿਹਾਸ ਛਿਣਭੰਗਰ ਅਤੇ ਸੀਮਤ ਹੈ। ਸਭ ਪ੍ਰਾਣੀਆਂ ਵਿਚ ਦੁਰਬਲ ਮਾਨਵ ਹੁਣ ਸ਼ਕਤੀਸ਼ਾਲੀ ਬਣਦਾ ਜਾ ਰਿਹਾ ਹੈ। ਜੇਕਰ ਪਹਿਲੇ ਵਿਸ਼ਵ, ਮਨੁੱਖ ਦੇ ਅਨੁਕੂਲ ਨਹੀਂ ਬਣਿਆ ਸੀ ਤਾਂ ਮਨੁੱਖ ਇਸਨੂੰ ਆਪਣੇ ਅਨੁਕੂਲ ਬਣਾ ਰਿਹਾ ਹੈ। ਹੁਣ ਮਨੁੱਖ ਸ੍ਰਿਸ਼ਟੀ ਅੰਦਰ ਸਰਬ ਉਚ ਸਥਾਨ ਬਣਾ ਰਿਹਾ ਹੈ। ਗ੍ਰਹਿਆਂ ਅਤੇ ਨਖਛੱਤਰਾਂ ਨੂੰ ਆਪਣੇ ਵੱਸ ਵਿਚ ਕਰ ਰਿਹਾ ਹੈ। ਪ੍ਰੰਪਰਾਗਤ ਧਾਰਮਿਕ ਦ੍ਰਿਸ਼ਟੀਕੋਣ ਵਿਸ਼ਵ ਵਿਚ ਮਨੁੱਖ ਦੀ ਸਰਬ ਉਚਤਾ ਨੂੰ ਸਵੀਕਾਰ ਕਰਦਾ ਹੈ। ਪੁਰਾਤਨ ਸਮੇਂ ਅੰਦਰ ਮਨੁੱਖ ਨੂੰ ਕੁਦਰਤ ਦੀਆਂ ਸਾਰੀਆਂ ਸ਼ਕਤੀਆਂ ਦਾ ਗਿਆਨ ਨਹੀਂ ਸੀ। ਕੁਦਰਤ ਭਾਵੇਂ ਮਨੁੱਖ ਵਾਸਤੇ ਬਣੀ ਹੈ ਪ੍ਰੰਤੂ ਮਨੁੱਖ ਨੂੰ ਇਸਦਾ ਗਿਆਨ ਨਾ ਹੋਣ ਕਰਕੇ ਮਨੁੱਖ ਆਪਣੇ ਆਪ ਨੂੰ ਨਿਰਮੂਲ ਹੀ ਸਮਝਦਾ ਸੀ। ਆਪਣੇ ਅਸਤਿਤਵ ਦਾ ਵੀ ਕੋਈ ਬਹੁਤਾ ਗਿਆਨ ਨਹੀਂ ਸੀ। ਅੱਜ ਮਨੁੱਖ ਇਸ ਵਿਸ਼ਵ ਅੰਦਰ ਕੁਦਰਤ ਨੂੰ ਆਪਣੇ ਲਈ ਉਪਯੋਗੀ ਸਮਝਦਾ ਹੈ।

## ਭੌਤਿਕਵਾਦੀ ਸਿਧਾਂਤ

ਭੌਤਿਕਵਾਦੀ ਦ੍ਰਿਸ਼ਟੀਕੋਣ ਤੋਂ ਮਨੁੱਖ ਦਾ ਮੂਲ ਸਰੂਪ ਜੜ੍ਹ-ਵਸਤੂ ਮੰਨਿਆ ਗਿਆ ਹੈ। ਜੜ੍ਹ ਤੱਤਵ ਹੀ ਸਤ ਹੈ। ਜੜ੍ਹ ਪਦਾਰਥ ਤੋਂ ਜੀਵਨ ਤੇ ਚੇਤਨਾ ਬਣੀ ਹੈ। ਮਨੁੱਖ ਨਿਤ ਆਤਮਾ ਦਾ ਪ੍ਰਤੀਕ ਨਹੀਂ ਹੈ। ਜੜ੍ਹ ਤੱਤਾਂ ਦਾ ਸੰਗਠਨ ਹੀ ਮਨੁੱਖ ਹੈ। ਜਿਸ ਤਰ੍ਹਾਂ ਕੱਥਾ, ਚੂਨਾ, ਸਪਾਰੀ, ਮਿਲਕੇ ਪਾਨ ਬਣਦਾ ਹੈ ਉਸੀ ਤਰ੍ਹਾਂ ਜੜ੍ਹ ਤੱਤਾਂ ਦਾ ਪ੍ਰਮਾਣ ਹੀ ਮਨੁੱਖੀ ਬਣਤਰ ਹੈ। ਜੜ੍ਹ ਪਦਾਰਥ ਦੇ ਵਿਨਾਸ਼ ਨਾਲ ਹੀ ਮਨੁੱਖ ਦਾ ਵਿਨਾਸ਼ ਮੰਨਿਆ

ਹੈ।

ਯੰਤਰਵਾਦੀ ਦ੍ਰਿਸ਼ਟੀਕੋਣ ਦੁਆਰਾ ਮਨੁੱਖ ਨੂੰ ਇਕ ਸਵੈਚਾਲਤ ਯੰਤਰ ਮੰਨਿਆ ਗਿਆ ਹੈ ਜਿਸਦੀ ਸੰਬੰਧਿਤ ਕਿਰਿਆ ਹੀ ਜੀਵਨ ਤੇ ਚੇਤਨਾ ਦੀ ਪ੍ਰਤੀਕ ਹੈ। ਯੰਤਰ ਦੇ ਉਪਕਰਣਾਂ ਦਾ ਠੀਕ ਪ੍ਰਕਾਰ ਕੰਮ ਕਰਨਾ ਹੀ ਜੀਵਨ ਹੈ। ਯੰਤਰ ਦੇ ਵਿਗੜ ਜਾਣ ਨਾਲ ਜੀਵਨ ਦੀ ਸਮਾਪਤੀ ਹੋ ਜਾਂਦੀ ਹੈ। ਅਵੱਸ਼ਕ ਸੁਧਾਰ ਹੋਣ ਤੇ ਮਨੁੱਖ ਮੁੜ ਚਲਣ ਫਿਰਨ ਲੱਗ ਪੈਂਦਾ ਹੈ। ਇਹ ਸੁਧਾਰ ਉਦੋਂ ਤੱਕ ਸੰਭਵ ਹੈ ਜਦੋ ਤੱਕ ਜੰਤਰ ਵਿਚ ਸੁਧਾਰ ਹੋ ਸਕਦਾ ਹੈ। ਭਾਵ ਸਰੀਰ ਦੇ ਅੰਗ ਠੀਕ ਤਰ੍ਹਾਂ ਕੰਮ ਕਰਦੇ ਹਨ।

ਮਨੁੱਖ ਕੀ ਹੈ ? ਵਿਗਿਆਨ ਉੱਤਰ ਦਿੰਦੀ ਹੈ ਕਿ ਮਨੁੱਖ ਇਕ ਸਵੈਚਾਲਤ ਚੇਤਨ ਜੰਤਰ ਹੈ। ਬਾਕੀ ਪ੍ਰਾਣੀਆਂ ਨਾਲੋਂ ਉਹ ਕੇਵਲ ਵਿਅਕਤਿਤਵ ਦੀ ਦ੍ਰਿਸ਼ਟੀ ਤੋਂ ਭਿੰਨ ਹੈ। ਪ੍ਰਯੋਗਸ਼ਾਲਾ ਵਿਚ ਵਿਗਿਆਨਕ ਵਿਸ਼ਲੇਸ਼ਣ ਦੇ ਆਧਾਰ ਤੇ ਮਨੁੱਖ ਦਾ ਮੁਲਾਂਕਣ ਬਦਲੀਆਂ ਕੀਮਤਾਂ ਦੀ ਦ੍ਰਿਸ਼ਟੀ ਤੋਂ ਕੀਤਾ ਜਾ ਸਕਦਾ ਹੈ। ਪ੍ਰਯੋਗਸ਼ਾਲਾ ਦੁਆਰਾ ਮਨੁੱਖ ਅੰਦਰ ਕਿਸੇ ਆਤਮਾ ਅਥਵਾ ਚੇਤਨ ਦ੍ਰਵ ਦਾ ਪਤਾ ਨਹੀਂ ਚਲਦਾ। ਵਿਗਿਆਨਕਾਂ ਅਨੁਸਾਰ ਇਹ ਕਹਿਣਾ ਅਸੰਭਵ ਹੈ ਕਿ ਮਨੁੱਖ ਪ੍ਰਭੂ ਦਾ ਅੰਸ਼ ਹੈ। ਉਹਨਾਂ ਅਨੁਸਾਰ ਮਨੁੱਖ ਕੁਝ ਭੌਤਿਕ ਅਤੇ ਰਸਾਇਣਕ ਦ੍ਰਵਾਂ ਦੇ ਮਿਸ਼ਰਣ ਤੋਂ ਬਣਿਆ ਹੈ।

ਕੀ ਜੀਵਨ ਅਥਵਾ ਚੇਤਨ ਭੌਤਿਕ ਪਦਾਰਥਾਂ ਦਾ ਹੀ ਸੰਗਠਨ ਹੈ। ਜੀਵਨ ਅਤੇ ਚੇਤਨਾ ਦੇ ਵਿਕਾਸ ਵਿਚ ਕੋਈ ਉਦੇਸ਼ ਛੁਪਿਆ ਹੋਇਆ ਹੈ। ਹੈਂਡਸਨ ਦੁਆਰਾ ਪ੍ਰਸਤੁਤ ਵਿਆਖਿਆ ਵਿਚ ਜੰਤਰਵਾਦ ਦੇ ਪ੍ਰਯੋਜਨਵਾਦੀ ਦਾ ਸੁਮੇਲ ਹੈ। ਸੀਮਤ ਖੇਤਰ ਵਿਚ ਇਹ ਕਿਰਿਆ ਜੰਤਰਿਕ ਹੁੰਦੀ ਹੈ ਅਤੇ ਵਿਆਪਕ ਰੂਪ ਵਿਚ ਪ੍ਰਯੋਜਨ ਮੂਲਕ।

ਜੀਵਨ ਜੜ੍ਹ ਦ੍ਰਵਾਂ ਦੇ ਮਿਸ਼ਰਨ ਦਾ ਪਰਿਣਾਮ ਨਹੀਂ ਹੋ ਸਕਦਾ। ਪ੍ਰਾਣੀਆਂ ਦੇ ਮਹੱਤਵਪੂਰਨ ਅੰਗਾਂ ਦੇ ਜੀਵ ਕੋਸ਼ ਵਿਸ਼ਿਸ਼ਟ ਸੰਗਠਨ ਦੇ ਪ੍ਰਤੀਕ ਹਨ ਜਿਨ੍ਹਾਂ ਦਾ ਵਿਗਿਆਨੀ ਅਧਿਐਨ ਕਰਦੇ ਹਨ। ਜੀਵ ਕੋਸ਼ ਜੜ੍ਹ ਅਥਵਾ ਜੰਤਰ ਦੇ ਪ੍ਰਤੀਕ ਹਨ। ਜੀਵ ਕੇਵਲ ਜਟਿਲ ਸ਼ਕਤੀ ਦੇ ਪੁੰਜ ਨਹੀਂ ਹੁੰਦੇ। ਇਨ੍ਹਾਂ ਦਾ ਸੰਗਠਨ ਤੇ ਵਿਕਾਸ ਇਕ ਅਦਭੁਤ ਰਹੱਸ ਹੈ। ਇਹ ਜੀਵਨ ਰਹਿਤ ਵਸਤੂਆਂ ਤੋਂ ਸ਼ਕਤੀ ਪ੍ਰਾਪਤ ਕਰਦੇ ਹਨ।

ਮਾਨਸਿਕ ਕਿਰਿਆ ਜੜ੍ਹ ਅਥਵਾ ਸਰੀਰਕ ਕਿਰਿਆ ਦੇ ਸਮਾਨ ਨਹੀਂ ਹੁੰਦੀ। ਦੋਨਾਂ ਕਿਰਿਆਵਾਂ ਨੂੰ ਸਮਾਨ ਮੰਨਣ ਤੇ ਸ਼ਬਦਾਂ ਦੇ ਅਰਥ ਦੀ ਪੁਨਰ ਵਿਆਖਿਆ ਨਹੀਂ ਕੀਤੀ ਜਾ ਸਕਦੀ। ਵਿਚਾਰ ਦੀ ਪ੍ਰਕਿਰਿਆ ਨੂੰ ਨਾੜੀਆਂ ਦੀ ਗਤੀਵਿਧੀ ਮੰਨਣਾ ਕਿਥੋਂ ਤੱਕ ਸਹੀ ਕਿਹਾ ਜਾ ਸਕਦਾ ਹੈ ? ਭਾਸ਼ਾਵਾਂ ਦੇ ਐਸੇ ਕਈ ਅਰਥ ਹਨ ਜਿਨ੍ਹਾਂ ਦੀ ਇਕੋ ਜਿਹੀ ਧੁਨੀ ਤੇ ਇਕ ਹੀ ਸਰੀਰਕ ਕਿਰਿਆ ਹੁੰਦੀ ਹੈ ਪ੍ਰੰਤੂ ਅਰਥ ਭਿੰਨ ਹੁੰਦਾ ਹੈ। ਜਦੋਂ ਮਾਨਸਿਕ ਕਿਰਿਆਵਾਂ ਨੂੰ ਸਰੀਰਕ ਮੰਨਿਆ ਜਾਂਦਾ ਹੈ ਤਾਂ ਅਨੇਕ ਵਿਚਾਰ ਅਤੇ ਘਟਨਾਵਾਂ ਬਾਰੇ ਸੋਚਣਾ ਹੀ ਸੰਭਵ ਨਹੀਂ। ਸੰਗੀਤ, ਸਾਹਸ, ਲੇਕਿਨ, ਚੂੰਕਿ, ਸੁਖ, ਦੁਖ, ਜੈਸੇ ਅਨੰਦ ਸ਼ਬਦ ਭੌਤਿਕ ਜਗਤ ਦੇ ਤੱਤਵ ਨਹੀਂ ਹੁੰਦੇ ਇਨ੍ਹਾਂ ਨੂੰ ਭੌਤਿਕ ਤੱਤਾਂ ਦੀਆਂ ਗਤੀਵਿਧੀਆਂ ਦਾ ਪ੍ਰਤੀਕ ਨਹੀਂ ਮੰਨਿਆ ਜਾ ਸਕਦਾ। ਅਸਲ ਵਿਚ ਚੇਤਨਾ ਦਾ ਸਰੀਰ ਵਿਚ ਸੁਤੰਤਰ ਹੋਂਦ ਨਾ ਮੰਨਣ ਦਾ ਕੋਈ ਪੁਖਤਾ ਆਧਾਰ ਨਹੀਂ ਹੈ।

ਦੀਰਘ ਕਾਲੀਨ ਮਾਨਸਿਕ ਸੋਧ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਚੇਤਨਾ ਸਰੀਰ ਤੋਂ ਸੁਤੰਤਰ ਹੈ। ਜਦੋਂ ਮੌਤ ਤੋਂ ਬਾਅਦ ਜੀਵਨ ਨੂੰ ਵਿਅਕਤੀਗਤ ਅਮਰਤਾ ਨਹੀਂ ਕਿਹਾ ਜਾ ਸਕਦਾ ਤਦ ਸਰੀਰ ਤੋਂ ਸੁਤੰਤਰ ਅਸਤਿਤਵ ਦਾ ਸੰਕੇਤ ਜ਼ਰੂਰੀ ਹੈ। ਇਹ ਮਾਨਵੀ ਨੈਤਿਕਤਾ ਨਾਲ ਮੇਲ ਨਹੀਂ ਖਾਂਦਾ : ਨੈਤਿਕ ਅਤੇ ਅਧਿਆਤਮਕ ਵਿਕਾਸ ਦੇ ਖੇਤਰ ਵਿਚ ਇਕ ਐਸੀ ਸ਼ਖਸੀਅਤ ਛਿਪੀ ਹੋਈ ਹੈ ਜੋ ਜੰਤਰਿਕ ਅਤੇ ਜੜ੍ਹਤਾ ਦੀ ਪ੍ਰਤੀਕ ਨਹੀਂ ਜਿਸ ਦਾ ਆਦਰਸ਼ ਪ੍ਰੇਮ ਸਤਿਯਮ, ਸ਼ਿਵਮ ਅਤੇ ਸੁੰਦਰਮ ਦੀ ਪ੍ਰਾਪਤੀ ਹੈ। ਇਸ ਲਈ ਪਰੰਪਰਾਗਤ ਦ੍ਰਿਸ਼ਟੀਕੋਣ ਤੋਂ ਪ੍ਰਾਕ੍ਰਿਤਕ ਤੱਥਾਂ ਦੇ ਮੁਕਾਬਲੇ ਈਸ਼ਵਰ ਤੇ ਮਨੁੱਖ ਦਾ ਵਿਚਾਰ ਮਹੱਤਵਪੂਰਨ ਹੈ।

**ਵਿਕਾਸਵਾਦੀ ਧਾਰਨਾ**

ਡਾਰਵਨ ਦੁਆਰਾ ਪ੍ਰਤਿਪਾਦਨ ਕੀਤੀ ਵਿਕਾਸਵਾਦੀ ਧਾਰਨਾ ਜੀਵਨ ਦੇ ਸਾਰੇ ਖੇਤਰਾਂ ਵਿਚ ਲਾਗੂ ਕੀਤੀ ਜਾਂਦੀ ਹੈ। ਵਰਤਮਾਨ ਭੂਤਕਾਲ ਦੀ ਉਪਜ ਹੈ ਅਤੇ ਭਵਿਖ ਦਾ ਨਿਰਮਾਤਾ ਹੈ। ਮਨੁੱਖ ਦਾ ਵਰਤਮਾਨ ਸਰੂਪ ਬੀਤੀ ਹੋਈ ਪ੍ਰਕਿਰਤਕ ਅਤੇ ਜੀਵ ਪ੍ਰਕਿਰਿਆਵਾਂ ਦਾ ਫਲ ਹੈ। ਵਿਕਾਸ ਇਕ ਕੁਦਰਤੀ ਪ੍ਰਕਿਰਿਆ ਹੈ ਜਿਸ ਵਿਚ ਪੁਰਾਤਨ ਦੇ ਸਥਾਨ ਉਤੇ ਨਵੀਨ ਵਿਸ਼ੇਸ਼ਤਾਵਾਂ ਦੀ ਉਤਪਤੀ ਤੇ ਵਿਕਾਸ ਹੁੰਦਾ ਹੈ। ਸਾਰੀਆਂ ਪ੍ਰਾਕਿਰਤਿਕ ਵਸਤੂਆਂ ਵਿਚ ਪਰਿਵਰਤਣ ਅਤੇ ਸਚਾਈ ਦਾ ਨਿਯਮ ਕਿਰਿਆਸ਼ੀਲ ਹੈ।

ਵਿਕਾਸ ਸਿਧਾਂਤ ਨੂੰ ਸਮਝਣ ਲਈ ਮੁੱਖ ਚਾਰ ਵਿਚਾਰ ਜ਼ਰੂਰੀ ਹਨ :-

1. ਪਰਿਵਰਤਣ ਕਿਸੇ ਖਾਸ ਸਮੇਂ ਵਿਚ ਹੀ ਹੁੰਦਾ ਹੈ।
2. ਇਹ ਪਰਿਵਰਤਨ ਕ੍ਰਮਬੱਧ ਹੁੰਦਾ ਹੈ।
3. ਇਸਦੇ ਮੂਲ ਆਵੱਸ਼ਕ ਕਾਰਨ ਸਥਿਤ ਰਹਿੰਦੇ ਹਨ।
4. ਸਭ ਘਟਨਾਵਾਂ ਸਿਰਜਨਾਤਮਕ, ਨਿਯਮਬੱਧ ਢੰਗ ਨਾਲ ਵਾਪਰਦੀਆਂ ਹਨ। ਵਿਕਾਸ ਦੀ ਪ੍ਰਕਿਰਿਆ ਵਿਚ ਬਾਹਰੀ ਕਾਰਨ ਦੀ ਬਜਾਏ ਅੰਦਰੂਨੀ ਕਾਰਨ ਹੁੰਦੇ ਹਨ। ਵਿਕਾਸ ਨੂੰ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :-

1. ਅਕਾਰਬਨਿਕ ਵਿਕਾਸ
2. ਕਾਰਬਨਿਕ ਵਿਕਾਸ
3. ਮਾਨਸਿਕ ਵਿਕਾਸ
4. ਸਮਾਜਿਕ ਵਿਕਾਸ

ਵਿਕਾਸਵਾਦੀ ਮਾਨਤਾ ਵਿਚ ਕਈ ਤਰਕ ਵੀ ਸਪੱਸ਼ਟ ਹੁੰਦੇ ਹਨ ਜਿਸ ਤਰ੍ਹਾਂ ਮਨੁੱਖ ਅਤੇ ਪਸ਼ੂਆਂ ਵਿਚਕਾਰ ਬੜੀ ਨੇੜੇ ਦੀ ਸਾਂਝ ਦੇਖਣ ਵਿਚ ਆਉਂਦੀ ਹੈ। ਮਨੁੱਖ ਦੇ ਕੁਝ ਅੰਗ ਐਸੇ ਸਨ ਜੋ ਉਸ ਦੇ ਪੂਰਵਜਾਂ ਵਿਚ ਸਨ, ਪੂਛ ਆਦਿ। ਭਰੂਣ ਵਿਗਿਆਨ ਦੁਆਰਾ ਸਿੱਧ ਹੁੰਦਾ ਹੈ ਕਿ ਮਨੁੱਖ ਅਤੇ ਪਸ਼ੂਆਂ ਵਿਚ ਸਰੀਰਕ ਸਮਾਨਤਾ ਹੈ। ਮਨੁੱਖ ਬਣਨ ਤੋਂ ਪਹਿਲਾਂ ਮਨੁੱਖ ਉਹ ਸਭ ਰੂਪਾਂ ਨੂੰ ਧਾਰਨ ਕਰਦਾ ਹੈ ਜੋ ਉਸ ਦੇ ਪੂਰਵਜਾਂ ਵਿਚ ਸਨ। ਉਹ ਜਲ, ਥਲ ਉਤੇ ਰਹਿਣ ਵਾਲੇ ਪ੍ਰਾਣੀਆਂ ਵਾਂਗ ਵਿਵਹਾਰ ਕਰਦਾ ਹੈ। ਜੀਵ ਸ਼ਾਸਤਰ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਵਿਭਿੰਨ ਪ੍ਰਸਥਿਤੀਆਂ ਵਿਚੋਂ ਜੀਵ ਦਾ ਵਿਕਾਸ ਤੇ ਵਿਨਾਸ਼ ਹੁੰਦਾ ਹੈ। ਜੀਵ ਵਿਗਿਆਨ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਮਨੁੱਖ ਜਾਤੀ ਦਾ ਅਸਤਿਤਵ ਕਿਸ ਤਰ੍ਹਾਂ ਤੇ ਕਿਸ ਸਮੇਂ ਪ੍ਰਾਰੰਭ ਹੋਇਆ। ਨਿਕਾਸ ਤੋਂ ਵਿਕਾਸ ਅਤੇ ਵਰਤਮਾਨ ਰੂਪ ਤੱਕ ਕਈ ਰੂਪਾਂ ਵਿਚੋਂ ਲੰਘ ਕੇ ਆਇਆ। ਬਨਸਪਤੀ, ਪਸ਼ੂ ਅਤੇ ਪੰਛੀਆਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਜਾਤੀਆਂ ਦਾ ਵਿਕਾਸ ਭੂਗੋਲਿਕ ਹਾਲਤਾਂ ਅੰਦਰ ਹੋਇਆ। ਖੂਨ ਦੀ ਜਾਂਚ ਦੁਆਰਾ ਵੀ ਵਿਕਾਸਗਤੀ ਦੇ ਪ੍ਰਮੁੱਖ ਪ੍ਰਮਾਣ ਪ੍ਰਾਪਤ ਹੁੰਦੇ ਹਨ ਕਿ ਇਕ ਜਾਤੀ ਦਾ ਖੂਨ ਦੂਸਰੀ ਜਾਤੀ ਦੇ ਜੀਵ ਵਿਚ ਮਿਲਾਉਣ ਨਾਲ ਕਿਸ ਤਰ੍ਹਾਂ ਵਿਕਾਸ ਹੁੰਦਾ ਹੈ। ਜਿਸ ਤਰ੍ਹਾਂ ਮਨੁੱਖ ਦੇ ਖੂਨ ਨਾਲ ਖਰਗੋਸ਼ ਦਾ ਖੂਨ ਜਾਂ ਘੋੜੇ ਦਾ ਖੂਨ ਮਿਲਾਉਣ ਨਾਲ ਤੀਬਰ ਪ੍ਰਤਿਕਿਰਿਆ (reaction) ਹੁੰਦੀ ਹੈ।

ਵਰਤਮਾਨ ਮਨੁੱਖ ਦਾ ਵਿਕਾਸ ਕਈ ਸਾਲਾਂ ਦੀ ਵਿਕਾਸਗਤੀ ਦਾ ਨਤੀਜਾ ਹੈ। ਸ੍ਰਿਸ਼ਟੀ ਦੇ ਆਰੰਭ ਵਿਚ ਉਸਨੂੰ ਆਪਣਾ ਵਰਤਮਾਨ ਰੂਪ ਨਹੀਂ ਮਿਲਿਆ। ਇਸ ਕਿਰਿਆ ਵਿਚ ਕਈ ਤੱਤ ਕਿਰਿਆਸ਼ੀਲ ਰਹਿੰਦੇ ਹਨ। ਜੀਵਨ ਇਕ ਐਸਾ ਤੰਤਰ ਹੈ ਜਿਸ ਵਿਚ ਸਭ ਪ੍ਰਾਣੀ ਇਕ ਦੂਸਰੇ ਨਾਲ ਸੰਬੰਧਤ ਰਹਿੰਦੇ ਹਨ। ਪ੍ਰਕਿਰਤੀ ਦੀ ਉਤਪਾਦਕਤਾ ਪ੍ਰਾਣੀਆਂ ਦੇ ਅਸਤਿਤਵ ਲਈ ਸੰਘਰਸ਼ ਹੈ। ਪ੍ਰਕਿਰਤੀ ਪ੍ਰਾਣੀਆਂ ਅੰਦਰ ਨਿਰੰਤਰ ਉਤਪਤੀ ਅਤੇ ਵਾਧਾ ਕਰਦੀ ਹੈ। ਪ੍ਰਾਣੀਆਂ ਵਿਚ ਇਸੇ ਲਈ ਭਿੰਨਤਾ ਅਤੇ ਪਰਿਵਰਤਨ ਦੇਖਿਆ ਜਾਂਦਾ ਹੈ।

ਪ੍ਰਕਿਰਤੀ ਵਿਚ ਵਿਆਪਕ ਪਰਿਸਥਿਤੀਆਂ ਇਕ ਐਸੇ ਨਿਯਮ ਨਾਲ ਕਾਰਜ ਕਰਦੀਆਂ ਹਨ ਜਿਸ ਵਿਚ ਸਮਰੱਥ ਤੇ ਯੋਗ ਜੀਵ ਹੀ ਜੀਵਤ ਰਹਿ ਸਕਦੇ ਹਨ। ਪ੍ਰਾਣੀ ਨੂੰ ਜਿਉਂਦਾ ਰਹਿਣ ਲਈ ਨਿਯਮ ਦੇ ਅਨੁਕੂਲ ਹੋਣਾ ਪੈਂਦਾ ਹੈ। ਜੋ ਜੀਵ ਇਸ ਵਾਤਾਵਰਣ ਵਿਚ ਸਮਰਥ ਸਿੱਧ ਹੁੰਦੇ ਹਨ ਉਹ ਆਪਣਾ ਸਹੀ ਸਥਾਨ ਤੇ ਅਧਿਕਾਰ ਪ੍ਰਾਪਤ ਕਰ ਲੈਂਦੇ ਹਨ। ਉਨ੍ਹਾਂ ਦੀ ਸੰਤਾਨ ਵੀ ਵਿਸ਼ੇਸ਼ ਮਹੱਤਵਪੂਰਨ ਵਿਸ਼ੇਸ਼ਤਾਵਾਂ ਦੀ ਉਤਰਾਧਿਕਾਰੀ ਹੁੰਦੀ ਹੈ। ਇਸ ਵਿਚ ਵਿਕਾਸ ਯੋਗ ਅਤੇ ਸਮਰੱਥ ਪ੍ਰਾਣੀਆਂ ਦਾ ਹੀ ਵਿਕਾਸ ਹੁੰਦਾ ਹੈ। ਇਸ ਜੀਵਨ ਸੰਘਰਸ਼ ਵਿਚ ਅਸਲ ਤੇ ਅਯੋਗ ਪ੍ਰਾਣੀਆਂ ਦਾ ਵਿਨਾਸ਼ ਹੋ ਜਾਂਦਾ ਹੈ।

ਵਿਕਾਸਵਾਦੀ ਧਾਰਨਾ ਪ੍ਰੰਪਰਾਗਤ ਧਾਰਮਿਕ ਦ੍ਰਿਸ਼ਟੀਕੋਣ ਦੀ ਵਿਰੋਧੀ ਪ੍ਰਤੀਤ ਹੁੰਦੀ ਹੈ। ਵਿਕਾਸਵਾਦੀ ਧਾਰਨਾ ਅਨੁਸਾਰ ਮਨੁੱਖ ਮੁਢ ਤੋਂ ਹੀ ਪੂਰਨ ਵਿਕਸਿਤ ਰੂਪ ਵਿਚ ਪੈਦਾ ਨਹੀਂ ਹੁੰਦਾ। ਵਿਕਾਸ ਦੁਆਰਾ ਉਹ ਹੌਲੀ ਹੌਲੀ ਪ੍ਰਗਤੀ ਕਰਦਾ ਰਿਹਾ ਹੈ। ਜਦ ਕਿ ਧਰਮ ਵਿਚ ਮਨੁੱਖ ਨੂੰ ਪ੍ਰਭੂ ਦੀ ਰਚਨਾ ਮੰਨਿਆ ਜਾਦਾ ਹੈ। ਇਹ ਸਰੂਪ ਉਸ ਨੂੰ ਸ਼ੁਰੂ ਤੋਂ ਹੀ ਪ੍ਰਾਪਤ ਹੈ। ਪਰਿਵਰਤਨ ਅਤੇ ਵਿਕਾਸ ਮਨੁੱਖ ਦੇ ਨੈਤਿਕ ਪੱਖ ਨਾਲ ਸੰਬੰਧਿਤ ਹਨ। ਕੁਝ ਧਾਰਮਿਕ ਵਿਚਾਰਵਾਨ ਵਿਕਾਸਵਾਦ ਨੂੰ ਧਰਮ ਵਿਰੋਧੀ ਮੰਨਦੇ ਹੋਏ ਇਸਦਾ ਖੰਡਨ ਕਰਦੇ ਹਨ। ਕੁਝ ਧਾਰਮਿਕ ਵਿਚਾਰਕਾਂ ਨੇ ਇਹ ਸਿੱਧ ਕਰਨ ਦੀ ਚੇਸ਼ਟਾ ਕੀਤੀ ਹੈ ਕਿ ਵਿਕਾਸਵਾਦ ਅਪ੍ਰਮਾਣਿਕ ਹੈ। ਵਿਗਿਆਨ ਦੀ ਉੱਨਤੀ ਨਾਲ ਵਿਕਾਸਵਾਦੀ ਧਾਰਨਾ ਦਾ ਪ੍ਰਸਾਰ ਹੁੰਦਾ ਗਿਆ। ਇਸ ਦੇ ਫਲਸਰੂਪ ਬਹੁਤ ਧਰਮਸ਼ਾਸਤ੍ਰੀ ਵਿਕਾਸਵਾਦ ਦਾ ਸਿੱਧਾ ਵਿਰੋਧ ਨਹੀਂ ਕਰਦੇ ਕਿ ਪ੍ਰਕਿਰਤੀ ਕਿਸੇ ਨਿਸ਼ਚਿਤ ਤੇ ਸਰਬਵਿਆਪਕ ਪ੍ਰਯੋਜਨ ਦੁਆਰਾ ਕਰਮ ਕਰਦੀ ਹੈ। ਵਿਕਾਸ ਦੀ ਧਾਰਨਾ ਵਿਚ ਕੋਈ ਅੰਤਮ ਲਕਸ਼ ਛੁਪਿਆ ਹੋਇਆ ਹੈ ਜਿਸ ਦੀ ਸਮੁੱਚੀ ਧਾਰਮਿਕ ਵਿਆਖਿਆ ਕਿਸੀ ਚੇਤਨਾ ਸ਼ਕਤੀ ਦੇ ਮੰਨਣ ਨਾਲ ਹੀ ਸੰਭਵ ਹੈ।

## ਧਾਰਮਿਕ ਦ੍ਰਿਸ਼ਟੀਕੋਣ

ਵਿਗਿਆਨਕ ਦ੍ਰਿਸ਼ਟੀਕੋਣ ਦੁਆਰਾ ਮਨੁੱਖ ਦੇ ਬਾਹਰੀ ਪੱਖਾਂ ਦਾ ਅਧਿਐਨ ਹੋ ਸਕਦਾ ਹੈ ਮਨੁੱਖ ਦਾ ਨਹੀਂ। ਵਿਗਿਆਨਕ ਅਧਿਐਨ ਆਦਰਸ਼ਕ ਅਧਿਆਤਮਿਕਤਾ ਦਾ ਮਖੌਲ ਉਡਾਉਂਦਾ ਹੈ ਅਤੇ ਮਨੁੱਖ ਨੂੰ ਸਵੈ-ਚਾਲਿਤ ਯੰਤਰ ਅਤੇ ਭੌਤਿਕ ਤੇ ਰਸਾਇਣਕ ਤੱਤਾਂ ਦਾ ਮਿਸ਼ਰਣ ਪ੍ਰਵਾਨ ਕਰਦਾ ਹੈ। ਵਿਗਿਆਨਕ ਦ੍ਰਿਸ਼ਟੀਕੋਣ ਵਿਚ ਮਨੁੱਖੀ ਜੀਵਨ ਦੇ ਕਈ ਪੱਖਾਂ ਦੀ ਉਲੰਘਣਾ ਕੀਤੀ ਜਾਂਦੀ ਹੈ। ਵਿਗਿਆਨ ਦੀ ਸਫਲਤਾ ਤੋਂ ਪ੍ਰਭਾਵਤ ਹੋ ਕੇ ਮਨੁੱਖ ਗਿਆਨ ਵਿਗਿਆਨ ਦੁਆਰਾ ਆਪਣੇ ਜੀਵਨ ਨੂੰ ਅਨੁਚਿਤ ਅਤੇ ਅਸੁਰਖਿਅਤ ਮੰਨਣ ਲੱਗ ਪਿਆ ਹੈ। ਕਾਂਤ ਜਿਹੇ ਵਿਚਾਰਕ ਅਨੁਸਾਰ ਯਥਾਰਥਕ ਵਿਗਿਆਨਕ ਤੱਥ ਹੀ ਗਿਆਨ ਦੇ ਖੇਤਰ ਹਨ।

ਵਿਗਿਆਨਕ ਗਿਆਨ ਉੱਤੇ ਆਧਾਰਤ ਵਿਸ਼ਵ ਵਾਸਤਵਿਕਤਾ ਸੰਬੰਧੀ ਸਿਧਾਂਤ ਅਧੂਰਾ ਹੈ। ਇਸ ਵਿਚ ਨਿਰੰਤਰ ਪਰਿਵਰਤਨ ਹੋ ਰਿਹਾ ਹੈ। ਨਵੀਂ ਸੋਧ ਦੁਆਰਾ ਸਾਡਾ ਗਿਆਨ ਅਸਥਾਈ ਸਿੱਧ ਹੋ ਰਿਹਾ ਹੈ। ਵਿਗਿਆਨਕ ਦ੍ਰਿਸ਼ਟੀਕੋਣ ਉਹੀ ਸੰਭਵ ਹੋ ਸਕਦਾ ਹੈ ਜਿਥੇ ਵਿਗਿਆਨਕ ਵਿਧੀ

ਦੁਆਰਾ ਅਧਿਐਨ ਸੰਭਵ ਹੈ। ਵਿਗਿਆਨਕ ਵਿਧੀ ਉਥੇ ਲਾਗੂ ਹੋ ਸਕਦੀ ਹੈ ਜਿਥੇ ਪ੍ਰਤੱਖ ਅਤੇ ਅਪ੍ਰਤੱਖ ਨਿਰੀਖਣ ਸੰਭਵ ਹੈ। ਅਜਿਹੇ ਕਈ ਤੱਤ ਉਪਲਬਧ ਹਨ ਜੋ ਵਿਗਿਆਨਕ ਖੋਜ ਦੇ ਵਿਸ਼ੇ ਨਹੀਂ ਬਣ ਸਕਦੇ। ਮਨੁੱਖ ਦੇ ਸਰੂਪ ਦਾ ਯਥਾਰਥਕ ਗਿਆਨ ਪ੍ਰਾਪਤ ਕਰਨ ਲਈ ਇਨ੍ਹਾਂ ਤੱਥਾਂ ਦਾ ਮੁਲਾਂਕਣ ਅਤੇ ਅਧਿਐਨ ਜ਼ਰੂਰੀ ਹੈ। ਵਿਗਿਆਨਕ ਦ੍ਰਿਸ਼ਨੀਕੋਣ ਨਾਲ ਸੰਬੰਧਿਤ ਦ੍ਰਿਸ਼ਟੀਕੋਣ ਸਹੀ ਹੋ ਸਕਦਾ ਹੈ ਪ੍ਰੰਤੂ ਇਸ ਨੂੰ ਪੂਰਨ ਨਹੀਂ ਕਿਹਾ ਜਾ ਸਕਦਾ।

ਮਨੁੱਖੀ ਸੁਭਾਅ ਦੇ ਅਧਿਐਨ ਨਾਲ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਮਨੁੱਖੀ ਸੁਭਾਉ ਦੇ ਕਈ ਪੱਖਾਂ ਦਾ ਪ੍ਰਕਿਰਤੀ ਮੂਲਕ ਵਿਸ਼ਲੇਸ਼ਣ ਸੰਭਵ ਨਹੀਂ ਹੈ। ਕਿਉਂਕਿ ਉਹ ਪ੍ਰਕਿਰਤਕ ਤੱਤ ਤੋਂ ਬਿਨਾਂ ਕੁਝ ਹੋਰ ਵੀ ਹੈ। ਵਿਗਿਆਨ ਵਿਚ ਦੋਸ਼ ਇਹ ਹੈ ਕਿ ਉਸ ਵਿਚ 'ਕੁਝ ਹੋਰ' ਵੀ ਹੋਣ ਦਾ ਖੰਡਨ ਕਰਦਾ ਜਾਂਦਾ ਹੈ। ਵਿਗਿਆਨ ਕੇਵਲ ਬਾਹਰੀ ਰਚਨਾ ਦਾ ਗਿਆਨ ਪ੍ਰਦਾਨ ਕਰਦਾ ਹੈ ਉਸ ਵਿਚ ਛਿਪੇ ਹੋਏ ਤੱਤਾਂ ਦਾ ਗਿਆਨ ਨਹੀਂ ਦਿੰਦਾ। ਵਿਗਿਆਨ ਉੱਤੇ ਆਧਾਰਤ ਕੋਈ ਵੀ ਦਾਰਸ਼ਨਿਕ ਸਿਧਾਂਤ ਪੂਰਨ ਨਹੀਂ ਹੋ ਸਕਦਾ। ਵਿਗਿਆਨ ਖੁਦ ਆਪਣੇ ਅਸਤਿਤਵ ਦੀ ਪ੍ਰਮਾਣਿਕਤਾ ਸਿਧ ਨਹੀਂ ਕਰ ਸਕਦਾ ਕਿਉਂਕਿ ਵਿਗਿਆਨ ਦਾ ਮੂਲ ਰੂਪ ਵਿਗਿਆਨਕ ਤੱਥ ਨਹੀਂ ਹਨ। ਜਿਸ ਸਿਧਾਂਤ ਵਿਚ ਮੂਲ ਦੀ ਵਾਸਤਵਿਕਤਾ ਦਾ ਖੰਡਨ ਹੁੰਦਾ ਹੈ ਉਹ ਆਪ ਆਪਣੇ ਮੂਲ ਦਾ ਖੰਡਨ ਕਰਦਾ ਹੈ। ਅਜਿਹੇ ਸਿਧਾਂਤ ਕਿਸੇ ਸੀਮਾ ਤੱਕ ਉਪਯੋਗੀ ਹੁੰਦੇ ਹੋਏ ਵੀ ਆਤਮਘਾਤੀ ਸਿਧ ਹੁੰਦੇ ਹਨ।

**ਧਰਮ ਦਾ ਮਾਨਵ ਰੂਪ**

ਆਤਮਾ ਦਾ ਗਿਆਨ ਹੋਣ ਤੇ ਸਾਨੂੰ ਮਨੁੱਖ ਦੇ ਯਥਾਰਥ ਦਾ ਗਿਆਨ ਪ੍ਰਾਪਤ ਹੁੰਦਾ ਹੈ। ਵਿਅਕਤੀ ਨੂੰ ਉਦੋਂ ਆਪਣੇ ਸਰੂਪ ਦਾ ਅੰਤਰ ਬੋਧ ਹੁੰਦਾ ਹੈ ਜਦੋਂ ਉਹ ਆਦਰਸ਼ ਦੀ ਦ੍ਰਿਸ਼ਟੀ ਤੋਂ ਵਰਤਮਾਨ ਨੂੰ ਦੇਖਦਾ ਹੈ। ਇਸ ਤਰ੍ਹਾਂ ਹੀ ਆਤਮ ਬੋਧ ਪ੍ਰਾਪਤ ਹੁੰਦਾ ਹੈ। ਈਸ਼ਵਰ ਦੇ ਬੋਧ ਨਾਲ ਹੀ ਮਨੁੱਖ ਨੂੰ ਆਪਣੇ ਵਿਚ ਵਿਰੋਧ ਦਾ ਰੂਪ ਪ੍ਰਤੀਤ ਹੁੰਦਾ ਹੈ। ਰਹੱਸਵਾਦੀ, ਅਧਿਆਤਮਕ ਅਤੇ ਹੋਰ ਧਾਰਮਿਕ ਅਨੁਭੂਤੀਆਂ ਦੁਆਰਾ ਹੀ ਮਨੁੱਖ ਦਾ ਸਰੂਪ ਨਿਖਰਦਾ ਹੈ। ਈਸ਼ਵਰ ਦੇ ਸਾਹਮਣੇ ਜੀਵ ਦਾ ਨਗਨ ਹੋਣਾ ਅਵੱਸ਼ਕ ਹੈ। ਪੈਗੰਬਰਾਂ ਅਤੇ ਅਵਤਾਰਾਂ ਨੇ ਮਨੁੱਖ ਦਾ ਇਸ ਸੱਚ ਵੱਲ ਧਿਆਨ ਦਿਵਾਇਆ ਹੈ।

ਜੇਕਰ ਮਨੁੱਖ ਦਾ ਸਰੂਪ ਰੂਪਾਂ ਦੁਆਰਾ ਪ੍ਰਗਟ ਹੁੰਦਾ ਹੈ ਪ੍ਰੰਤੂ ਉਸ ਦਾ ਯਥਾਰਥ ਸਰੂਪ ਈਸ਼ਵਰ ਦੇ ਸੰਦਰਭ ਵਿਚ ਹੀ ਹੁੰਦਾ ਹੈ, ਈਸ਼ਵਰ ਦੀ ਚੇਤਨਾ ਦੇ ਸੰਦਰਭ ਵਿਚ ਜੋ ਸਾਨੂੰ ਆਤਮ ਗਿਆਨ ਹੁੰਦਾ ਹੈ ਉਹੀ ਸਾਡੇ ਸਰੂਪ ਦਾ ਪ੍ਰਤੀਕ ਹੈ। ਸਭ ਧਰਮਾਂ ਅਨੁਸਾਰ ਮਨੁੱਖ ਦੇ ਸਰੂਪ ਦਾ ਗਿਆਨ ਦੈਵੀ ਪ੍ਰਕਾਸ਼ ਦੇ ਮਾਧਿਅਮ ਰਾਹੀਂ ਹੁੰਦਾ ਹੈ। ਸੁਰਤੀ (ਬੁਧੀ) ਦੁਆਰਾ ਹੀ ਵਾਸਤਵਿਕ ਗਿਆਨ ਪ੍ਰਾਪਤ ਹੁੰਦਾ ਹੈ। ਮਨੁੱਖ ਆਪਣੇ ਮੂਲ ਸਰੂਪ ਵਿਚ ਈਸ਼ਵਰ ਦਾ ਪ੍ਰਕਾਸ਼ ਹੈ। ਉਸ ਦੇ ਸਰੂਪ ਦੇ ਵਿਵੇਚਨ ਕਰਨ ਨਾਲ ਇਹ ਪਤਾ ਲਗਦਾ ਹੈ ਕਿ ਅਸਲ ਵਿਚ ਉਹ ਵਿਭਿੰਨ ਕੋਟੀਆਂ ਤੋਂ ਢਕਿਆ ਹੋਇਆ ਆਤਮਾ ਹੈ। ਸਚਿ-ਦਾ-ਨੰਦ ਹੀ ਉਸ ਦਾ ਅਸਲੀ ਸਰੂਪ ਹੈ। ਜੀਵ, ਆਤਮਾ ਹੀ ਪਰਮਾਤਮਾ ਹੈ ਅਥਵਾ ਬ੍ਰਹਮ ਹੈ।

ਜੀਵ ਦਾ ਕੋਈ ਨਿਰਮਾਤਾ ਨਹੀਂ ਹੈ। ਅਨਾਦਿ ਕਾਲ ਤੋਂ ਬੰਧਨ ਵਿਚ ਗ੍ਰਸਤ ਹੈ ਪ੍ਰੰਤੂ ਉਦਮ ਨਾਲ ਇਹ ਆਪਣੀ ਸ਼ੁੱਧ ਚੇਤਨਾ ਤੇ ਪੂਰਨ ਸਰੂਪ ਪ੍ਰਾਪਤ ਕਰ ਸਕਦਾ ਹੈ। ਈਸਾਈ ਧਰਮ ਵਿਚ ਇਹ ਮੰਨਿਆ ਜਾਦਾ ਹੈ ਕਿ ਈਸ਼ਵਰ ਨੇ ਮਨੁੱਖ ਨੂੰ ਧਰਤੀ ਦਾ ਸਮਰਾਟ ਬਣਾਉਣ ਲਈ ਉਤਪੰਨ ਕੀਤਾ। ਮਨੁੱਖ ਈਸ਼ਵਰ ਦੇ ਸਰੂਪ ਤੋਂ ਉਤਪੰਨ ਨਹੀਂ ਹੋਇਆ। ਈਸ਼ਵਰ ਨੇ ਉਸ ਦਾ ਨਿਰਮਾਣ ਕੀਤਾ ਹੈ। ਮਨੁੱਖ ਵਿਚ ਸਰੀਰ ਤੇ ਆਤਮਾ ਦੋਨੋਂ ਹੀ ਹਨ। ਸਰੀਰ ਤੋਂ ਪਹਿਲਾਂ ਆਤਮਾ ਦੀ ਹੋਂਦ ਸਪੱਸ਼ਟ ਰੂਪ ਵਿਚ ਸਵੀਕਾਰ ਨਹੀਂ ਕੀਤੀ ਜਾਂਦੀ। ਮਨੁੱਖ ਈਸ਼ਵਰ ਦਾ ਖਿਲੌਣਾ ਹੈ। ਇਸ ਦਾ ਨਿਰਮਾਣ ਉਸ ਨੇ ਆਪਣੇ ਅਨੁਸਾਰ ਕੀਤਾ। ਸ਼ੁਰੂ ਵਿਚ ਨਿਗੂਣਾ ਹੋਣ ਤੇ ਵੀ ਅੰਤ ਵਿਚ ਈਸ਼ਵਰੀ ਤੱਤ ਪ੍ਰਾਪਤ ਕਰ ਸਕਦਾ ਹੈ। **ਆਲੋਚਨਾ :-** ਧਾਰਮਿਕ ਦ੍ਰਿਸ਼ਟੀਕੋਣ ਵਿਗਿਆਨਕ ਵਿਕਾਸ ਦੇ ਅਨੁਕੂਲ ਸਿੱਧ ਨਹੀਂ ਹੁੰਦਾ। ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ ਨਾਲ ਕਈ ਵਿਦਵਾਨਾਂ ਨੂੰ ਸਜਾਵਾਂ ਮਿਲੀਆਂ। ਪਰੰਪਰਾਗਤ ਧਾਰਮਿਕ ਦ੍ਰਿਸ਼ਟੀਕੋਣ ਯਥਾਰਥਕ ਤੱਥਾਂ ਦੇ ਵੀ ਪ੍ਰਤੀਕੂਲ ਪ੍ਰਤੀਤ ਹੁੰਦਾ ਹੈ। ਕੁਦਰਤ ਸੰਬੰਧੀ ਕਈ ਧਾਰਮਿਕ ਮਾਨਤਾਵਾਂ ਵਿਗਿਆਨਕ ਦ੍ਰਿਸ਼ਟੀਕੋਣ ਦੁਆਰਾ ਸਾਰਥਕ ਨਹੀਂ ਬਣਦੀਆਂ, ਕਈ ਵਾਰੀ ਮਿਥਿਆ ਸਿੱਧ ਹੁੰਦੀਆਂ ਹਨ। ਧਰਮ ਸ਼ੁਰੂ ਵਿਚ ਜਾਦੂ ਨਾਲੋਂ ਕੋਈ ਬਹੁਤ ਭਿੰਨ ਨਹੀਂ ਸੀ। ਪਰੰਪਰਾਗਤ ਧਾਰਮਿਕ ਦ੍ਰਿਸ਼ਟੀਕੋਣ ਤੱਤਕਾਲੀਨ ਸੱਚਾਈ ਮਾਨਤਾਵਾਂ ਅਤੇ ਧਾਰਮਿਕ ਸੂਝ ਨਾਲ ਵਿਕਸਿਤ ਹੁੰਦਾ ਹੈ।

ਪਰੰਪਰਾਗਤ ਦ੍ਰਿਸ਼ਟੀਕੋਣ ਮਨੁੱਖ ਦੀ ਅਧਿਆਤਮਕ ਅਤੇ ਨੈਤਿਕ ਸੂਝ ਵਿਚ ਸੰਮਿਲਤ ਹੈ। ਇਹ ਦ੍ਰਿਸ਼ਟੀਕੋਣ ਕੁਦਰਤ ਦੇ ਅਧਿਐਨ ਨਾਲ ਵਿਕਸਿਤ ਨਹੀਂ ਹੁੰਦਾ ਸਗੋਂ ਪੈਗੰਬਰਾਂ ਅਤੇ ਸ੍ਰੇਸ਼ਟ ਪੁਰਸ਼ਾਂ ਦੀ ਸੂਝ ਨਾਲ ਉਤਪੰਨ ਹੁੰਦਾ ਹੈ। ਇਹ ਸੂਝ ਵਿਗਿਆਨਕ ਨਹੀਂ ਹੈ ਸਗੋਂ ਵਿਗਿਆਨ ਤੋਂ ਪਰੇ

ਹੋਣ ਦੇ ਕਾਰਣ ਉਸ ਦੀ ਵਿਰੋਧੀ ਵੀ ਨਹੀਂ ਕਹੀ ਜਾ ਸਕਦੀ। ਧਰਮ ਤੇ ਵਿਗਿਆਨ ਵੱਖ ਵੱਖ ਦ੍ਰਿਸ਼ਟੀਕੋਣਾਂ ਨਾਲ ਸਬੰਧਤ ਹਨ। ਇਨ੍ਹਾਂ ਵਿਚ ਵਿਰੋਧ ਪਰਸਪਰ ਗਲਤ ਧਾਰਨਾ ਨਾਲ ਉਤਪੰਨ ਹੁੰਦਾ ਹੈ।

ਵਾਈਟਹੈੱਡ ਅਨੁਸਾਰ ਇਕ ਪਾਸੇ ਤਾਂ ਆਕਰਸ਼ਣਤਾ ਦਾ ਨਿਯਮ ਹੈ ਅਤੇ ਦੂਜੇ ਪਾਸੇ ਪਵਿਤਰਤਾ ਦੇ ਸੌਂਦਰਯ ਦਾ ਗਿਆਨ ਜਿਸ ਵਿਚ ਇਕ ਪੱਖ ਗਿਆਨ ਦਿੰਦਾ ਹੈ ਦੂਸਰਾ ਉਸ ਦੀ ਉਲੰਘਣਾ ਕਰਦਾ ਹੈ। ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸੰਤਾਂ ਦੇ ਜੀਵਨ ਸਰੀਰ ਵਿਗਿਆਨ ਦੇ ਕੁਝ ਨਿਯਮਾਂ ਦੀਆਂ ਪ੍ਰਕਿਰਿਆ ਅਥਵਾ ਨਸਾਂ (ਸਰੀਰ ਵਿਗਿਆਨ) ਤੋਂ ਉਲਟ ਪ੍ਰਤੀਤ ਹੁੰਦੇ ਹਨ ਜਦ ਕਿ ਧਾਰਮਿਕ ਦ੍ਰਿਸ਼ਟੀ ਤੋਂ ਇਹ ਵਿਸ਼ਵ ਅਤੇ ਵਾਸਤਵਿਕਤਾ ਲਈ ਅਤਿਅੰਤ ਮਹੱਤਵਪੂਰਣ ਜੀਵਨ ਸਿੱਧ ਹੁੰਦਾ ਹੈ।

ਰੂੜ੍ਹੀਵਾਦੀ ਵਿਗਿਆਨ ਅਤੇ ਅੰਧਵਿਸ਼ਵਾਸੀ ਧਰਮ ਦੋਨੋਂ ਹੀ ਗਲਤ ਹਨ। ਵਿਗਿਆਨ ਦਾ ਇਹ ਦਾਅਵਾ ਹੈ ਕਿ ਕੇਵਲ ਉਸ ਦੇ ਦ੍ਰਿਸ਼ਟੀਕੋਣ ਦੁਆਰਾ ਸੱਚ ਪ੍ਰਗਟ ਹੁੰਦਾ ਹੈ, ਉੱਨਾਂ ਹੀ ਗਲਤ ਹੈ ਜਿੰਨਾ ਧਰਮ ਦਾ ਇਹ ਦਾਅਵਾ ਗਲਤ ਹੈ ਕਿ ਵਿਗਿਆਨ ਸਭ ਕੁਝ ਨਹੀਂ ਦੱਸ ਸਕਦਾ, ਇਸ ਲਈ ਉਹ ਕੁਝ ਵੀ ਨਹੀਂ ਦੱਸ ਸਕਦਾ।

**ਮਾਨਵ ਆਦਰਸ਼ :-** ਮਾਨਵ ਦਾ ਅੰਤਮ ਲਕਸ਼ ਕੀ ਹੈ ? ਕਿ ਉਹ ਜੜ੍ਹ ਵਸਤੂਆਂ ਦੀ ਤਰ੍ਹਾਂ ਅੰਤ ਵਿਚ ਵਿਨਾਸ਼ ਹੋ ਜਾਵੇਗਾ ? ਕੀ ਉਹ ਕਿਸੇ ਭਵਿਖ ਦੇ ਜੀਵਨ ਦੀ ਆਸ ਕਰ ਸਕਦਾ ਹੈ ? ਇਸ ਦਾ ਹੀ ਉੱਤਰ ਦੇਣਾ ਤਾਂ ਕਠਿਨ ਹੈ। ਭੂਤ ਤੇ ਵਰਤਮਾਨ ਦੇ ਤੱਤ ਭਵਿੱਖ ਲਈ ਕੋਈ ਠੋਸ ਨਤੀਜੇ ਪ੍ਰਦਾਨ ਨਹੀਂ ਕਰਦੇ। ਮਨੁੱਖ ਦੇ ਭਵਿੱਖ ਦੇ ਸਭ ਸਿਧਾਂਤ ਸ਼ਰਧਾ ਅਤੇ ਅਸ਼ਰਧਾ ਉਤੇ ਹੀ ਆਧਾਰਤ ਹਨ।

ਮਨੁੱਖ ਦੇ ਭਵਿੱਖ ਦਾ ਪ੍ਰਸ਼ਨ ਮਾਨਵ ਜਾਤੀ ਦੀ ਏਕਤਾ ਉਤੇ ਨਿਰਭਰ ਹੈ, ਇਹ ਵਿਚਾਰ ਆਦਮ ਯੂਨਾਨੀ ਅਤੇ ਯਹੂਦੀ ਸਮਾਜਾਂ ਵਿਚ ਵਿਕਸਿਤ ਨਹੀਂ ਹੋ ਸਕਿਆ। ਜਦ ਕਿ ਹਿੰਦੂ ਬੋਧ ਅਤੇ ਭਾਰਤੀ ਪ੍ਰੰਪਰਾਵਾਂ ਵਿਚ ਮਾਨਵ ਏਕਤਾ ਦੀ ਧਾਰਨਾ ਜ਼ਿਆਦਾ ਵਿਕਸਿਤ ਰੂਪ ਵਿਚ ਦੇਖੀ ਜਾਂਦੀ ਹੈ। ਪ੍ਰੰਤੂ ਇਸ ਵਿਚ ਇਤਿਹਾਸਕ ਦ੍ਰਿਸ਼ਟੀਕੋਣ ਦਾ ਅਭਾਵ ਹੈ। ਈਸਾਈ ਧਰਮ ਵਿਚ ਮਾਨਵਤਾ ਦੇ ਭਵਿੱਖ ਦਾ ਪ੍ਰਸ਼ਨ ਇਕ ਨਿਸ਼ਚਿਤ ਸੰਦਰਭ ਵਿਚ ਉਠਾਇਆ ਗਿਆ ਹੈ। ਦੈਵੀ ਰਾਜ ਦੀ ਪ੍ਰਾਪਤੀ ਮਾਨਵਤਾ ਦਾ ਲਕਸ਼ ਹੈ। ਦੈਵੀ ਰਾਜ ਇਕ ਪਾਸੇ ਭਵਿਖ ਨਾਲ ਸੰਬੰਧਿਤ ਹੈ ਦੂਸਰੇ ਪਾਸੇ ਮੰਗਲਮਈ ਵਾਤਾਵਰਣ ਦੀ ਉਪਲਬਧੀ ਦਾ ਸੰਕੇਤ ਹੈ। ਇਹ ਸਮਾਜ ਤੇ ਮਨੁੱਖ ਦੇ ਹਿਰਦੇ ਵਿਚ ਇਕ ਉਥਾਨਕਾਰੀ ਸ਼ਕਤੀ ਦੇ ਰੂਪ ਵਿਚ ਕਾਰਜ ਕਰਦੀ ਹੈ। ਹਿੰਦੂ ਧਰਮ ਅਨੁਸਾਰ ਸ੍ਰਿਸ਼ਟੀ ਦਾ ਮੂਲ ਸ਼ੁਭ ਅਤੇ ਮਨੁੱਖ ਦਾ ਭਵਿਖ ਅਤਿਅੰਤ ਉਜਲ ਤੇ ਆਸ਼ਾਜਨਕ ਹੈ। ਕਠਿਨਾਈਆਂ ਦੇ ਬਾਵਜੂਦ ਮਨੁੱਖ ਅੰਤ ਨੂੰ ਈਸ਼ਵਰੀ ਤੱਤ ਪ੍ਰਾਪਤ ਕਰ ਸਕੇਗਾ। ਅਨੇਕਾਂ ਜੂਨਾਂ ਤੋਂ ਉਪਰੰਤ ਮਨੁੱਖ ਅੰਤ ਨੂੰ ਮੁਕਤੀ ਪ੍ਰਾਪਤ ਕਰ ਸਕੇਗਾ। ਇਹ ਮਾਨਤਾ ਭਾਰਤ ਦੇ ਸਭ ਧਰਮਾਂ ਨੇ ਹੀ ਸਵੀਕਾਰ ਕੀਤੀ ਹੈ। ਈਸ਼ਵਰ ਹਮੇਸ਼ਾਂ ਮਨੁੱਖ ਦੀ ਅਗਵਾਈ ਕਰਦਾ ਹੈ। ਮਨੁੱਖ ਦੇ ਵਿਕਾਸ ਵਿਚ ਦੈਵੀ ਕਿਰਪਾ ਮੁੱਖ ਸਥਾਨ ਰਖਦੀ ਹੈ।

ਮਨੁੱਖ ਦੇ ਭਵਿਖ ਸੰਬੰਧੀ ਧਾਰਮਿਕ ਮਾਨਤਾ ਦੇ ਮੁੱਢ ਵਿਚ ਈਸ਼ਵਰ ਤੇ ਮਨੁਖ ਦੀ ਅੰਤਰਿਕ ਏਕਤਾ ਅਤੇ ਮਨੁੱਖ ਦਾ ਅਧਿਆਤਮਕਤਾ ਵਿਚ ਵਿਸ਼ਵਾਸ ਜ਼ਰੂਰੀ ਹੈ। ਇਸ ਵਿਚ ਇਤਰਾਜ਼ ਨਹੀਂ ਕੀਤਾ ਜਾ ਸਕਦਾ ਕਿ ਇਹ ਦ੍ਰਿਸ਼ਟੀਕੋਣ ਤਾਰਕਿਕ ਨਿਸ਼ਕਰਸ਼ ਨਹੀਂ ਹੈ। ਧਾਰਮਿਕ ਮਾਨਤਾ ਵਿਸ਼ੇਸ਼ ਕਰਕੇ ਧਾਰਮਿਕ ਅਨੁਭੂਤੀ ਦੁਆਰਾ ਉਤਪੰਨ ਹੁੰਦੀ ਹੈ ਤਰਕ ਦੁਆਰਾ ਨਹੀਂ। ਮਨੁੱਖ ਦੇ ਭਵਿਖ ਸੰਬੰਧੀ ਵਿਗਿਆਨ ਅੰਤਮ ਪ੍ਰਕਾਸ਼ ਨਹੀਂ ਪਾ ਸਕਦਾ। ਪ੍ਰਕਿਰਤੀਵਾਦ ਅਨੁਸਾਰ ਮਨੁੱਖ ਦੀ ਉਤਪਤੀ ਵਿਕਾਸ ਦੀ ਲੰਬੀ ਲੜੀ ਤੋਂ ਹੋਈ ਹੈ। ਇਹ ਵਿਕਾਸ ਕਿਰਿਆ ਕਿਥੋਂ ਤੱਕ ਚਲਦੀ ਰਹੇਗੀ, ਕਿਥੇ ਰੁਕੇਗੀ ਕੁਝ ਨਹੀਂ ਕਿਹਾ ਜਾ ਸਕਦਾ। ਸਭ ਵਿਗਿਆਨੀ ਇਹ ਮੰਨਦੇ ਹਨ ਕਿ ਅੰਤ ਇਹ ਪ੍ਰਕਿਰਿਆ ਸਮਾਪਤ ਹੋ ਕੇ ਵਿਸ਼ਵ ਰੱਬ ਦਾ ਸਾਮਰਾਜ ਸਥਾਪਤ ਹੋ ਜਾਏਗਾ।

ਹਕਸਲੇ ਅਨੁਸਾਰ ਵਿਕਾਸਵਾਦੀ ਦ੍ਰਿਸ਼ਟੀਕੋਣ ਸਾਨੂੰ ਚਿਰੰਜੀਵ ਆਸ਼ਾ ਪ੍ਰਦਾਨ ਨਹੀਂ ਕਰ ਸਕਦਾ। ਕਰੋੜਾਂ ਸਾਲਾਂ ਤੋਂ ਧਰਤੀ ਉਤੇ ਪ੍ਰਗਤੀਸ਼ੀਲ ਵਿਕਾਸ ਹੋ ਰਿਹਾ ਹੈ। ਕਿਸੇ ਸਮੇਂ ਵੀ ਵਿਸ਼ਵ ਵਿਨਾਸ਼ ਦੀ ਤਰਫ ਵੱਧ ਸਕਦਾ ਹੈ। ਰਸਲ ਨੇ (Free Men's Workshop) ਵਿਚ ਇਹ ਵਿਚਾਰ ਵਿਅਕਤ ਕੀਤਾ ਹੈ ਕਿ ਸ੍ਰਿਸ਼ਟੀ ਦੇ ਅੰਤ ਵਿਚ ਸੰਪੂਰਨ ਮਾਨਵ ਪ੍ਰਾਪਤੀਆਂ ਨਸ਼ਟ ਹੋ ਜਾਣਗੀਆਂ।

ਵਿਗਿਆਨ ਦੁਆਰਾ ਭਵਿਖ ਦਾ ਚਿਤਰਨ ਨਿਰਾਸ਼ਾਵਾਦੀ ਪ੍ਰਤੀਤ ਹੁੰਦਾ ਹੈ। ਵਿਗਿਆਨ ਭਵਿੱਖ ਦੇ ਬਾਰੇ ਕੋਈ ਅੰਤਿਮ ਨਿਰਣਾ ਨਹੀਂ ਦੇ ਸਕਦਾ। ਅਤੀਤ ਸੰਬੰਧੀ ਵਿਗਿਆਨਕ ਵਿਆਖਿਆ ਅਪੂਰਨ ਤੇ ਦੋਸ਼ਪੂਰਨ ਹੋ ਸਕਦੀ ਹੈ। ਵਿਗਿਆਨਕਾਂ ਦੀਆਂ ਕਈ ਘੋਸ਼ਨਾਵਾਂ ਅਸਫਲ ਸਿੱਧ ਹੁੰਦੀਆਂ ਹਨ। ਪ੍ਰਕਿਰਤੀਵਾਦ ਕਈ ਮਹੱਤਵਪੂਰਨ ਤੱਤਾਂ ਦੀ ਉਲੰਘਣਾ ਕਰਦਾ ਹੈ। ਪ੍ਰਕਿਰਤੀ ਦੀ ਜੰਤਰਿਕ ਧਾਰਨਾ ਅੰਤਮ ਤੇ ਸਹੀ ਨਹੀਂ ਹੋ ਸਕਦੀ। ਜਦ ਅਧਿਆਤਮਕ ਜੀਵਨ ਪ੍ਰਕਿਰਤੀ ਦੁਆਰਾ ਉਤਪੰਨ ਨਹੀਂ ਤਾਂ ਉਸਦਾ ਭਵਿਖ ਵੀ ਭੌਤਿਕ ਪ੍ਰਸਥਿਤੀਆਂ ਉਤੇ ਨਿਰਭਰ ਨਹੀਂ। ਮਾਨਵ ਭਵਿਖ ਦੇ ਬਾਰੇ ਨਿਰਾਸ਼ਾਵਾਦੀ ਸਿੱਟਾ ਕਢਣਾ ਵੀ ਨਿਰਾਧਾਰ ਹੈ।

ਭਵਿਖ ਸੰਬੰਧੀ ਕੁਝ ਦਾਰਸ਼ਨਿਕ ਚਿੰਤਨ, ਵਿਕਾਸ ਦੇ ਆਦਰਸ਼ਵਾਦੀ ਸਿਧਾਂਤ ਦੁਆਰਾ ਪ੍ਰਭਾਵਤ ਹੋਇਆ ਹੈ। ਬਰਗਸਾਂ ਵਿਸ਼ਵ ਨੂੰ ਨਿਰੰਤਰ ਸ੍ਰਿਸ਼ਟੀ ਦੀ ਪ੍ਰਕਿਰਿਆ ਮੰਨਦਾ ਹੈ। ਭਵਿੱਖ ਦੇ ਦਰਵਾਜ਼ੇ ਕਦੀ ਵੀ ਬੰਦ ਨਹੀਂ ਹੁੰਦੇ। ਉਹ ਨਿਰੰਤਰ ਕਿਰਿਆਸ਼ੀਲ ਰਹਿੰਦਾ ਹੈ। ਭਵਿੱਖ ਦਾ ਕੋਈ ਨਿਸ਼ਚਿਤ ਸਰੂਪ ਨਹੀਂ ਇਸ ਲਈ ਅੰਤਮ ਲਕਸ਼ ਦੀ ਗੱਲ ਕਰਨਾ ਵਿਅਰਥ ਹੈ। ਮਾਨਵ ਸੰਕਲਪ ਦੁਆਰਾ ਪ੍ਰਕਿਰਤੀ ਦੇ ਪਰਿਵਰਤਨ ਸੀਮਤ ਹਨ। ਭਵਿਖ ਦੀਆਂ ਸਭ ਸੰਭਾਵਨਾਵਾਂ ਮਾਨਵ ਸਰੂਪ ਦੇ ਵਾਤਾਵਰਣ ਉਤੇ ਨਿਰਭਰ ਹਨ। ਮਾਨਵ ਵਿਕਾਸ ਪ੍ਰਯੋਜਨ ਮੂਲਕ ਗਤੀ ਦਾ ਪ੍ਰਤੀਕ ਹੈ। ਜੋ ਆਦਰਸ਼ ਮਾਨਵ ਪ੍ਰਕਿਰਤੀ ਦੇ ਅਨੁਕੂਲ ਹੈ ਉਹ ਕਦੀ ਵੀ ਅਚਾਨਕ ਨਹੀਂ ਹੋ ਸਕਦਾ। ਪ੍ਰਗਤੀ ਜੇਕਰ ਕਿਸੇ ਵਿਸ਼ੇਸ਼ ਦਿਸ਼ਾ ਵੱਲ ਨਹੀਂ ਤਾਂ ਉਸ ਪ੍ਰਗਤੀ ਦਾ ਕੋਈ ਮਹੱਤਵ ਨਹੀਂ ਹੈ।

**ਮਨੁੱਖੀ ਅਮਰਤਾ**

ਮਨੁੱਖ ਜੀਵਨ ਪ੍ਰਾਪਤ ਕਰਕੇ ਕਈ ਪ੍ਰਕਾਰ ਦੇ ਕਰਮ ਕਰਦਾ ਹੈ। ਕਈ ਲੋਕ ਲਗਾਤਾਰ ਯਤਨ ਕਰਕੇ ਗਿਆਨ ਪ੍ਰਾਪਤ ਕਰਦੇ ਹਨ। ਪ੍ਰੰਤੂ ਸਭ ਦਾ ਸਮਾਂ ਪਾ ਕੇ ਅੰਤ ਹੋ ਜਾਂਦਾ ਹੈ। ਨਾਸ਼ਵਾਨਤਾ ਦਾ ਖਿਆਲ ਅਤਿਅੰਤ ਦੁਖ ਵਾਲਾ ਹੈ। ਇਹੀ ਨਿਸ਼ਚਿਤ ਹੈ, ਕਿਸੇ ਦਿਨ ਇਹ ਪ੍ਰਿਥਵੀ ਅਤੇ ਸਭ ਕੁਝ ਜੋ ਦਿਸ ਰਿਹਾ ਹੈ ਸਮਾਪਤ ਹੋ ਜਾਏਗਾ ਕਿਉਂਕਿ ਜਿਹੜਾ ਉਪਜਿਆ ਹੈ ਉਸਨੇ ਅਵੱਸ਼ ਖਤਮ ਹੋਣਾ ਹੈ। ਮਨੁੱਖ ਦਾ ਨਾਮ ਰੂਪ ਸਭ ਖਤਮ ਹੋ ਜਾਏਗਾ। ਫਿਰ ਮਨੁੱਖ ਦੇ ਨੈਤਿਕ ਗੁਣਾਂ ਦਾ ਕੀ ਮੁੱਲ ਹੈ ? ਕੀ ਇਸ ਅਨੁਸਾਰ ਸ੍ਰਿਸ਼ਟੀ ਦਾ ਦੈਵੀ ਪ੍ਰਯੋਜਨ ਨਿਰਾਧਾਰ ਸਾਬਤ ਨਹੀਂ ਹੁੰਦਾ ?

ਰਸਲ ਦਾ ਕਹਿਣਾ ਹੈ ਕਿ ਮਨੁੱਖ ਦਾ ਜੀਵਨ ਸੀਮਤ ਤੇ ਅਸਮਰਥ ਪ੍ਰਤੀਤ ਹੁੰਦਾ ਹੈ। ਮਨੁੱਖ ਤੇ ਉਸ ਦੀ ਸੰਪੂਰਨ ਜਾਤੀ ਹੌਲੀ ਹੌਲੀ ਨਾਸ਼ਵਾਨਤਾ ਦੇ ਪ੍ਰਭਾਵ ਥੱਲੇ ਆ ਰਹੀ ਹੈ। ਸਾਰਾ ਜੜ ਤੇ ਤੱਤ ਸ਼ੁਭ-ਅਸ਼ੁਭ ਆਪਣੇ ਵਿਨਾਸ਼ਕਾਰੀ ਅੰਤ ਵੱਲ ਵੱਧ ਰਿਹਾ ਹੈ। ਇਹ ਸਭ ਅੰਤ ਨੂੰ ਮਨੁੱਖ ਤੇ ਉਸ ਦੇ ਸੰਬੰਧੀਆਂ ਨੂੰ ਇਕ ਵਿਸ਼ਾਲ ਅੰਧਕਾਰ ਵਿਚ ਵਿਲੀਨ ਕਰ ਦੇਵੇਗਾ। ਮਨੁੱਖ ਨੂੰ ਆਪਣੇ ਕੁਝ ਦੇਵਤਿਆਂ ਨੂੰ ਮਹਾਨ ਬਣਾਉਣ ਵਾਲੀ ਉਚੀ ਕਲਪਣਾ ਹੀ ਬਾਕੀ ਰਹਿ ਜਾਵੇਗੀ। ਵਿਦਵਾਨਾਂ ਦਾ ਕਥਨ ਹੈ ਕਿ ਮੌਤ ਤੋਂ ਉਪਰੰਤ ਕੋਈ ਸੰਕਲਪ ਸੰਭਵ ਹੈ। ਕੁਝ ਵਿਦਵਾਨਾਂ ਦਾ ਉੱਤਰ ਹੈ ਕਿ ਇਸ ਦਾ ਇਕ ਮਾਤਰ ਵਿਕਲਪ ਮਨੁੱਖ ਦੀ ਅਮਰਤਾ ਹੈ। ਅਮਰਤਾ ਨਾਲ ਹੀ ਮਨੁੱਖ ਦੀ ਨੈਤਿਕਤਾ, ਅਧਿਆਤਮਕਤਾ ਅਤੇ ਕੀਮਤੀ ਜੀਵਨ ਦੀ ਸੱਚਾਈ ਅਤੇ ਅਮਰ ਅਵਸਥਾ ਸੰਭਵ ਹੈ।

ਅਮਰਤਾ ਵਿਚ ਵਿਸ਼ਵਾਸ ਸਰਬ ਪ੍ਰਿਆ ਹੈ। ਅੱਜ ਦੇ ਯੁੱਗ ਅੰਦਰ ਪ੍ਰਮਾਤਮਾ ਦੀ ਹੋਂਦ ਦੇ ਮੁਕਾਬਲੇ ਵਿਚ ਮਨੁੱਖੀ ਅਮਰਤਾ ਵਿਚ ਵਿਸ਼ਵਾਸ ਅਧਿਕ ਮੰਨਿਆ ਜਾਂਦਾ ਹੈ।

ਦਾਰਸ਼ਨਿਕਾਂ ਅਤੇ ਧਰਮ ਸ਼ਾਸਤ੍ਰੀਆਂ ਨੇ ਅਮਰਤਾ ਵਿਚ ਵਿਸ਼ਵਾਸ ਦੋ ਤਰ੍ਹਾਂ ਸਿੱਧ ਕੀਤਾ ਹੈ :

1. ਮਾਨਵ ਆਤਮਾ ਅਮਰ ਤੇ ਅਵਿਨਾਸ਼ੀ ਹੈ।
2. ਈਸ਼ਵਰ ਮਨੁੱਖ ਨੂੰ ਪੁਨਰ ਜੀਵਨ ਪ੍ਰਦਾਨ ਕਰ ਸਕਦਾ ਹੈ। ਇਹ ਦੋਨੋਂ ਵਿਸ਼ਵਾਸ ਅਲੱਗ-ਅਲੱਗ ਮਾਨਤਾਵਾਂ ਉਤੇ ਆਧਾਰਤ ਹਨ।

ਆਤਮਾ ਦੀ ਅਮਰਤਾ ਦਾ ਖਿਆਲ ਯੂਨਾਨੀ ਪ੍ਰੰਪਰਾ ਵਿਚ ਵੀ ਮਿਲਦਾ ਹੈ ਅਤੇ ਮੌਤ ਉਪਰੰਤ ਮਨੁੱਖੀ ਜੀਵਨ ਦਾ ਦੁਬਾਰਾ ਜਨਮ ਹੋਣਾ ਯਹੂਦੀ ਪ੍ਰੰਪਰਾ ਦੀ ਦੇਣ ਹੈ।

ਪਲੈਟੋ ਦੇ 'ਫੀਡੋ' ਵਿਚ ਜੀਵਨ ਤੇ ਮੌਤ ਤੋਂ ਉਪਰੰਤ ਪਰਾਲੌਕਿਕ ਦ੍ਰਿਸ਼ਟੀਕੋਣ ਦਾ ਉਤਮ ਉਦਾਹਰਣ ਮਿਲਦਾ ਹੈ। ਇਹ ਸੰਨਿਆਸਵਾਦੀ ਵਿਚਾਰਧਾਰਾ ਨਾਲ ਸੰਬੰਧਿਤ ਹੈ। ਜਾਹਨ ਹਿਕ ਅਨੁਸਾਰ ਇਹ ਭਾਰਤੀ ਧਰਮਾਂ ਤੇ ਈਸਾਈ ਧਰਮ ਦਾ ਸੰਨਿਆਸਵਾਦੀ ਅਤੇ ਅਦ੍ਵੈਤਵਾਦੀ ਪ੍ਰੰਪਰਾ ਵਿਚ ਮਹੱਤਵਪੂਰਨ ਦ੍ਰਿਸ਼ਟੀਕੋਣ ਹੈ।

ਜੀਵਨ ਪ੍ਰਯੋਜਨ ਅਤੇ ਅਚਾਨਕ ਮੌਤ ਦਾ ਹੋਣਾ ਦੋਨਾਂ ਸਿਧਾਂਤਾਂ ਵਿਚ ਇਕ ਵਿਰੋਧ ਦਰਸਾਉਂਦਾ ਹੈ। ਮਾਤਾ ਪਿਤਾ ਕਈ ਇੱਛਾਵਾਂ ਰੱਖ ਕੇ ਪੁੱਤਰ ਨੂੰ ਪਾਲਦੇ ਹਨ ਪ੍ਰੰਤੂ ਅਚਾਨਕ ਮੌਤ ਸਭ ਉਤੇ ਪਾਣੀ ਫੇਰ ਦਿੰਦੀ ਹੈ। ਆਸ਼ਾ ਤੇ ਵਿਸ਼ਵਾਸ ਦੀ ਵਿਆਪਕਤਾ ਤੋਂ ਭਾਵ ਕਿਸੇ ਵਿਸ਼ਵਾਸ ਦਾ ਸਤ ਜਾਂ ਅਮਰ ਹੋਣ ਦਾ ਸਬੂਤ ਨਹੀਂ ਹੁੰਦਾ। ਜੀਵਨ ਇਕ ਐਸਾ ਨਿਰਾਰਥਕ ਤੱਥ ਹੈ ਜਿਸ ਵਿਚ ਮਨੁੱਖ ਦੀਆਂ ਆਸ਼ਾਵਾਂ ਤੇ ਕੀਮਤਾਂ ਦਾ ਕੋਈ ਸਥਾਨ ਨਹੀਂ ਹੈ। ਇਸ ਦੇ ਬਾਵਜੂਦ ਵੀ ਅਮਰਤਾ ਵਿਚ ਵਿਸ਼ਵਾਸ ਵਿਅਕਤੀ ਅੰਦਰ ਉਤਸ਼ਾਹ, ਪ੍ਰੇਰਨਾ ਹੀ ਨਹੀਂ ਪੈਦਾ ਕਰਦਾ ਸਗੋਂ ਜੀਵਨ ਪ੍ਰਤਿ ਕਿਰਿਆਸ਼ੀਲਤਾ, ਉੱਦਮ ਅਤੇ ਸੰਨਿਆਸ ਦੀ ਥਾਂ ਪ੍ਰੇਰਨਾ ਮਿਲਦੀ ਹੈ। ਕਈ ਮਾਨਵਤਾਵਾਦੀ ਵਿਚਾਰਕ ਅਮਰਤਾ ਦੀ ਇੱਛਾ ਨੂੰ ਸਵਾਰਥ ਪੂਰਨ ਦਸਦੇ ਹਨ, ਅਸਲ ਵਿਚ ਸਭ ਇੱਛਾਵਾਂ ਹੀ ਸਵਾਰਥ ਪੂਰਨ ਹੁੰਦੀਆਂ ਹਨ।

ਅਮਰਤਾ ਦੇ ਕਈ ਅਰਥ ਲਏ ਗਏ ਹਨ। ਮੌਤ ਤੋਂ ਬਾਦ ਜੀਵਨ ਕਈ ਤਰ੍ਹਾਂ ਨਾਲ ਸੰਭਵ ਹੋ ਸਕਦਾ ਹੈ। ਮਨੁੱਖ ਆਪਣੇ ਰਿਸ਼ਤੇਦਾਰਾਂ ਦੀ ਸਿਮਰਤੀ ਦੁਆਰਾ, ਆਪਣੀਆਂ ਸਾਹਿਤਕ ਰਚਨਾਵਾਂ ਦੁਆਰਾ ਜਾਂ ਬ੍ਰਹਮੰਡ ਦੇ ਵਾਤਾਵਰਨ ਦੇ ਰੂਪ ਵਿਚ ਪ੍ਰੰਤੂ ਇਨ੍ਹਾਂ ਅਵਸਥਾਵਾਂ ਵਿਚ ਆਤਮ ਚੇਤਨਾ ਅਤੇ ਅਹੰਕਾਰ ਕਾਇਮ ਨਹੀਂ ਰਹਿੰਦਾ।

ਦੂਸਰਾ ਅਰਥ ਅਮਰਤਾ ਤੋਂ ਇਹ ਹੈ ਕਿ ਮਨੁੱਖ ਦੇ ਮਰਨ ਉਪਰੰਤ ਉਸ ਦੀ ਆਤਮਾ (ਚੇਤਨਾ) ਪਰਮ ਤੱਤ ਵਿਚ ਵਿਲੀਨ ਹੋ ਕੇ ਅਮਰ ਰਹਿੰਦੀ

ਹੈ ਜਿਸ ਤਰ੍ਹਾਂ ਦੁੱਧ ਪਾਣੀ ਵਿਚ, ਨਦੀ ਸਮੁੰਦਰ ਵਿਚ ਵਿਲੀਨ ਹੋ ਕੇ ਜੀਵਤ ਰਹਿੰਦੀ ਹੈ। ਜੀਵ ਵੀ ਇਸੇ ਤਰ੍ਹਾਂ ਬ੍ਰਹਿਮੰਡ ਵਿਚ ਵਿਲੀਨ ਹੋ ਕੇ ਜੀਵਤ ਰਹਿੰਦਾ ਹੈ। ਪ੍ਰੰਤੂ ਇਸ ਨੂੰ ਵਿਅਕਤ ਜੀਵਨ ਨਹੀਂ ਮੰਨਿਆ ਜਾ ਸਕਦਾ।

ਅਮਰਤਾ ਦਾ ਤੀਸਰਾ ਅਰਥ ਅਧਿਆਤਮਕ ਦ੍ਰਵ ਦੇ ਸਿਧਾਂਤ ਤੋਂ ਪ੍ਰਗਟ ਹੁੰਦਾ ਹੈ। ਮਨੁੱਖ ਦੀ ਆਤਮਾ ਅਮਰ ਰਹਿੰਦੀ ਹੈ। ਸਰੀਰ ਨਾਸ਼ ਹੋ ਜਾਂਦਾ ਹੈ ਆਤਮਾ ਨਹੀਂ। ਪਲੈਟੋ ਅਤੇ ਈਸ਼ਵਰਵਾਦੀ ਧਰਮਾਂ ਅੰਦਰ ਇਸੇ ਸਿਧਾਂਤ ਨੂੰ ਸਵੀਕਾਰ ਕੀਤਾ ਜਾਂਦਾ ਹੈ।

ਯਹੂਦੀ ਈਸਾਈ ਵਿਚਾਰਧਾਰਾ ਅੰਦਰ ਇੱਕ ਚੌਥਾ ਅਰਥ ਪ੍ਰਚਲਤ ਹੈ। ਅਮਰਤਾ ਉਹ ਸਦੀਵੀ ਜੀਵਨ ਹੈ ਜੋ ਮਨੁੱਖ ਨੂੰ ਉਸ ਦੇ ਸ਼ੁਭ ਕਰਮ ਦੇ ਫਲ ਵਜੋਂ ਪ੍ਰਾਪਤ ਹੁੰਦਾ ਹੈ। ਇਸ ਧਾਰਨਾ ਅਨੁਸਾਰ ਅਮਰਤਾ ਦੀ ਸੰਭਾਵਨਾ ਵਿਅਕਤੀ ਦੇ ਆਚਰਨ ਉਤੇ ਨਿਰਭਰ ਕਰਦੀ ਹੈ।

ਅਮਰਤਾ ਵਿਚ ਵਿਸ਼ਵਾਸ ਕਈ ਰੂਪਾਂ ਵਿਚ ਪ੍ਰਚਲਤ ਹੈ। ਇਕੋ ਹੀ ਧਰਮ ਦੇ ਅੰਤਰਗਤ ਕਈ ਧਾਰਨਾਵਾਂ ਪ੍ਰਚੱਲਿਤ ਹੁੰਦੀਆਂ ਹਨ। ਅਮਰਤਾ ਦੇ ਪੱਖ ਅਤੇ ਵਿਰੋਧ ਵਿਚ ਵਿਚਾਰ ਕਰਦੇ ਸਮੇਂ ਇਹ ਗੱਲ ਖਿਆਲ ਵਿਚ ਰਖਣੀ ਚਾਹੀਦੀ ਹੈ ਕਿ ਅਸੀਂ ਅਮਰਤਾ ਦੀ ਕਿਸ ਧਾਰਨਾ ਜਾਂ ਸਿਧਾਂਤ ਬਾਰੇ ਵਿਚਾਰ ਕਰ ਰਹੇ ਹਾਂ।

ਅਮਰਤਾ ਦੀ ਸਮੁੱਚੀ ਵਿਆਖਿਆ ਲਈ ਮੌਤ ਤੋਂ ਬਾਅਦ ਮਾਨਵ ਵਿਅਕਤਿਤਵ ਦੀ ਭਾਵਨਾ ਪ੍ਰਦਰਸ਼ਨ ਕਰਨੀ ਅਵੱਸ਼ਕ ਹੈ। ਜੇਕਰ ਮੌਤ ਤੋਂ ਬਾਅਦ ਆਤਮਾ ਸਮੁੰਦਰ ਵਿਚ ਬੂੰਦ ਦੀ ਨਿਆਈ ਜੀਵਤ ਰਹਿੰਦੀ ਹੈ ਤਾਂ ਉਸ ਨੂੰ ਅਮਰ ਨਹੀਂ ਕਿਹਾ ਜਾ ਸਕਦਾ। ਵਿਅਕਤੀਗਤ ਅਮਰਤਾ ਤੋਂ ਬਿਨਾ ਅਗਾਮੀ ਜੀਵਨ ਅਥਵਾ ਅਮਰਤਾ ਦਾ ਕੋਈ ਮਹੱਤਵ ਨਹੀਂ ਰਹਿੰਦਾ। ਅਮਰਤਾ ਦਾ ਅਸਲ ਅਰਥ ਆਤਮ-ਚੇਤਨਾ ਅਥਵਾ ਏਕਰੂਪਤਾ ਹੈ। ਅਗਾਮੀ ਤੇ ਵਰਤਮਾਨ ਜੀਵਨ ਅੰਦਰ ਸਚਾਈ ਨਾ ਹੋਣ ਤੇ ਅਮਰਤਾ ਸੰਭਵ ਨਹੀਂ। ਆਤਮਾ ਦੀ ਅਮਰਤਾ ਲਈ ਵਿਅਕਤੀਗਤ ਵਿਸ਼ੇਸਤਾ ਦਾ ਹੋਣਾ ਜ਼ਰੂਰੀ ਹੈ।

ਅਮਰਤਾ ਦਾ ਅਰਥ ਵਿਅਕਤੀ ਅਮਰਤਾ ਮੰਨਿਆ ਜਾਂਦਾ ਹੈ। ਪ੍ਰਾਚੀਨ ਯੂਨਾਨ ਵਿਚ ਆਤਮਾ ਨੂੰ ਵਾਸਤਵਿਕ ਜੀਵਨ ਦੀ ਪ੍ਰਛਾਈ ਮੰਨਿਆ ਗਿਆ ਹੈ। ਅਕਲੀਜ ਨੇ ਅਡਿਸੂਜ ਨੂੰ ਪ੍ਰਾਰਥਨਾ ਕੀਤੀ ਕਿ ਉਹ ਪ੍ਰਛਾਵਿਆਂ ਦੇ ਖੇਤਰ ਵਿਚ ਰਾਜਾ ਬਣਨ ਦੀ ਥਾਂ ਇਥੇ ਗਰੀਬ ਸੇਵਕ ਬਣਨਾ ਸਵੀਕਾਰ ਕਰੇਗਾ। ਸੁਕਰਾਤ ਦੇ ਸਮੇ ਇਹ ਮਤ ਪੱਛਮ ਵਿਚ ਪ੍ਰਚੱਲਤ ਰਿਹਾ ਹੈ। ਇਸ ਕਥਨ ਅਨੁਸਾਰ ਮਨੁੱਖ ਦੀ ਮੌਤ ਤੋਂ ਬਾਅਦ ਉਸ ਦੀ ਆਤਮਾ ਇਕ ਧੁੰਦਲੀ ਤਸਵੀਰ ਦੇ ਰੂਪ ਵਿਚ ਰਹਿੰਦੀ ਹੈ। ਸ਼ਾਖਸਾਤ ਹੋਣ ਤੇ ਉਸ ਨੂੰ ਪਹਿਚਾਨਿਆ ਵੀ ਜਾ ਸਕਦਾ ਹੈ। ਪ੍ਰੰਤੂ ਜੇਕਰ ਮਰਨ ਉਪਰੰਤ ਆਤਮਾ ਆਪਣੇ ਪੂਰਵ ਸਥਾਨ ਵਿਚ ਚਾਰੇ ਤਰਫ ਇਸ ਤਰ੍ਹਾਂ ਘੁੰਮਦੀ ਰਹਿੰਦੀ ਹੈ ਜਿਵੇਂ ਅਗਨੀ ਬੁਝਣ ਤੇ ਧੂੰਆਂ ਉਸ ਦੇ ਆਲੇ ਦੁਆਲੇ ਘੁੰਮਦਾ ਹੈ ਤਾਂ ਇਸ ਨੂੰ ਅਸਲ ਰੂਪ ਵਿਚ ਅਮਰਤਾ ਨਹੀਂ ਕਿਹਾ ਜਾ ਸਕਦਾ, ਇਹ ਧਾਰਨਾ ਵਿਅਕਤੀ ਨੂੰ ਉਤਸ਼ਾਹ ਨਹੀਂ ਪ੍ਰਦਾਨ ਕਰ ਸਕਦੀ। ਅਮਰਤਾ ਤੋਂ ਭਾਵ ਨਿਤ ਤੇ ਪੂਰਨ ਜੀਵਨ ਦੀ ਸੰਭਾਵਨਾ ਹੈ। ਜੇਕਰ ਮਨੁੱਖੀ ਆਤਮਾ ਮੌਤ ਉਪਰੰਤ ਬੁਝੀ ਹੋਈ ਅਗਨੀ ਦੇ ਧੂੰਏਂ ਦੇ ਸਮਾਨ ਹੀ ਜੀਉਂਦੀ ਰਹਿੰਦੀ ਹੈ ਤਾਂ ਸਾਨੂੰ ਇਹ ਜੀਵਨ ਆਕਰਸ਼ਕ ਨਹੀਂ ਲੱਗ ਸਕਦਾ ਤੇ ਨਾ ਪ੍ਰਭਾਵਤ ਕਰ ਸਕਦਾ ਹੈ।

ਅਗਾਮੀ ਜੀਵਨ ਦੀ ਸੰਭਾਵਨਾ ਤੇ ਅਮਰਤਾ ਦੀ ਧਾਰਨਾ ਵਿਚ ਕਈ ਸਮਾਨਤਾਵਾਂ ਹੋਣ ਤੇ ਵੀ ਦੋਨੋਂ ਭਿੰਨ ਹਨ। ਭਵਿੱਖ ਦੇ ਜੀਵਨ ਦੀ ਕਲਪਨਾ ਜ਼ਰੂਰੀ ਨਹੀਂ। ਅਮਰਤਾ ਦੀ ਕਲਪਣਾ ਹੋਵੇ। ਅਮਰਤਾ ਦਾ ਵਿਚਾਰ ਕਾਲਤੀਤ ਅਤੇ ਕਾਲਗਤ ਜੀਵਨ ਦੀ ਕਲਪਣਾ ਨੂੰ ਜਨਮ ਦਿੰਦਾ ਹੈ। ਕਾਲਤੀਤ ਕਲਪਣਾ ਵਿਚ ਵਿਅਕਤੀ ਨਿਰਪੇਖ ਅਤੇ ਅਨੰਤ ਵਿਚ ਵਲੀਨ ਹੋ ਕੇ ਅਮਰਤਾ ਪ੍ਰਾਪਤ ਕਰਦਾ ਹੈ। ਪ੍ਰੰਤੂ ਕਾਲਗਤ ਕਲਪਣਾ ਵਿਚ ਅਮਰਤਾ ਵਾਸਤਵਿਕ ਜੀਵਨ ਦਾ ਸੰਕੇਤ ਹੈ। ਪਸ਼ੂ, ਬਨਸਪਤੀ ਅਤੇ ਮਾਨਵ ਆਦਿ ਕਈ ਪ੍ਰਕਾਰ ਦਾ ਜੀਵਨ ਸੰਭਵ ਹੈ। ਧਰਮ ਅਨੁਸਾਰ ਈਸ਼ਵਰ ਤੇ ਅਧਿਆਤਮਕਤਾ ਦੁਆਰਾ ਮਨੁੱਖ ਨੂੰ ਉੱਚਾ ਜੀਵਨ ਉਪਲਬਧ ਹੁੰਦਾ ਹੈ। ਅਧਿਆਤਮਕ ਤੇ ਧਾਰਮਿਕ ਜੀਵਨ ਵਿਚ ਹੀ ਮਨੁੱਖ ਦੀ ਅਧਿਆਤਮਕ ਪਰਵਿਰਤੀ ਪ੍ਰਗਟ ਹੁੰਦੀ ਹੈ। ਧਰਮ ਵਿਚ ਮਨੁੱਖ ਆਪਣੀਆਂ ਸਾਰੀਆਂ ਪ੍ਰਵਿਰਤੀਆਂ ਨੂੰ ਪੁਨੀਤ ਸੰਸਕਾਰਾਂ ਦੇ ਰੂਪ ਵਿਚ ਵਰਤੋਂ ਕਰਕੇ ਆਪਣੇ ਸੰਪੂਰਨ ਵਿਅਕਤਿਤਵ ਨੂੰ ਪ੍ਰਾਪਤ ਕਰਦਾ ਹੈ। ਅਮਰਤਾ ਸਾਰੀਆਂ ਉੱਚ ਪੱਧਤੀਆਂ ਦੀ ਪੂਰਨ ਅਭਿਵਿਅਕਤੀ ਦੀ ਅਵਸਥਾ ਹੈ।

ਅਸਲ ਵਿਚ ਅਮਰਤਾ ਅਤੇ ਅੰਤਮ ਵਿਨਾਸ਼ ਦੇ ਦ੍ਵੈਤ ਤੋਂ ਬਚਣ ਲਈ ਕੁਝ ਵਿਚਾਰਕਾਂ ਨੇ ਸੰਸਕ੍ਰਿਤ ਅਮਰਤਾ ਦੀ ਧਾਰਨਾ ਦਾ ਉਲੇਖ ਕੀਤਾ ਹੈ। ਸਰੀਰ ਦੇ ਤਿਆਗਣ ਨਾਲ ਵਿਅਕਤੀਗਤ ਚੇਤਨਾ ਦਾ ਨਾਸ਼ ਹੋਣ ਉਪਰੰਤ ਮਨੁੱਖ ਦੇ ਵਿਚਾਰਾਂ ਦਾ ਸੰਸਾਰ ਵਿਚ ਲੰਬੇ ਸਮੇਂ ਤੱਕ ਪ੍ਰਭਾਵ ਰਹਿੰਦਾ ਹੈ। ਕੁਝ ਵਿਚਾਰਵਾਨ ਸਰੀਰਕ ਅਮਰਤਾ ਦੀ ਧਾਰਨਾ ਨੂੰ ਸਵੀਕਾਰ ਕਰਦੇ ਹਨ। ਵਿਅਕਤੀ ਆਪਣੇ ਸੰਤਾਨ ਦੇ ਮਾਧਿਅਮ ਰਾਹੀਂ ਜੀਉਂਦੇ ਰਹਿੰਦੇ ਹਨ। ਬਰਗਸਾਂ ਦੇ ਕਥਨ ਅਨੁਸਾਰ ਜੀਵਨ ਇਕ ਐਸਾ ਪਰਿਵਾਹ (ਧਾਰਾ) ਹੈ ਜੋ ਇਕ ਜੀਵਾਣੂ ਤੋਂ ਦੂਸਰੇ ਕਿਟਾਣੂਆਂ ਵਿਚ ਪ੍ਰਵਾਹਤ ਹੁੰਦਾ ਰਹਿੰਦਾ ਹੈ। ਇਸ ਤਰ੍ਹਾਂ ਕਿਟਾਣੂਆਂ ਦੇ ਮਾਧਿਅਮ ਰਾਹੀਂ ਅਮਰ ਜੀਵਨ ਦੀ ਸੰਭਾਵਨਾ ਸਿਧ ਹੁੰਦੀ ਹੈ।

ਸਰੀਰਕ ਅਮਰਤਾ ਦੇ ਬਰਾਬਰ ਦੀ ਸਮਾਜਿਕ ਅਮਰਤਾ ਦੀ ਵੀ ਕਲਪਨਾ ਕੀਤੀ ਜਾ ਸਕਦੀ ਹੈ। ਸੰਤ ਮਹਾਂਪੁਰਸ਼ਾਂ, ਦਾਰਸ਼ਨਿਕ ਸਮਾਜ ਸੁਧਾਰਕ ਅਤੇ ਹੋਰ ਅਨੇਕ ਮਹਾਨ ਵਿਅਕਤੀ ਆਪਣੀਆਂ ਸੇਵਾਵਾਂ ਦੁਆਰਾ ਅਧਿਆਤਮਕ ਅਤੇ ਸਮਾਜਿਕ ਅਮਰਤਾ ਪ੍ਰਾਪਤ ਕਰਦੇ ਹਨ। ਮਾਨਵ ਤਾਂ ਅਵਿਨਾਸ਼ੀ ਹੈ ਪ੍ਰੰਤੂ ਮਾਨਵ ਦੇ ਸ਼ੁਭ ਗੁਣਾਂ ਦਾ ਕਦੀ ਨਾਸ਼ ਨਹੀ ਹੁੰਦਾ। ਇਸ ਪ੍ਰਕਾਰ ਅਮਰਤਾ ਨੂੰ ਅਸਲ ਅਮਰਤਾ ਨਹੀਂ ਮੰਨਿਆ ਜਾ ਸਕਦਾ।

ਮਾਂਟੇਗਯੂ ਦੇ ਕਥਨ ਅਨੁਸਾਰ ਵਿਅਕਤੀਗਤ ਅਮਰਤਾ ਸਾਡਾ ਸਰਬੋਤਮ ਆਦਰਸ਼ ਹੈ ਕਿਉਂਕਿ ਸਮੂਹਕ ਜਾਤੀ ਦੁਆਰਾ ਲੰਬੇ ਸਮੇਂ ਦੀ ਅਮਰਤਾ

ਵਿਚ ਵਿਅਕਤੀ ਨੂੰ ਵਿਸ਼ੇਸ਼ ਰੁਚੀ ਨਹੀਂ ਹੋ ਸਕਦੀ। ਅਮਰਤਾ ਤੋਂ ਭਾਵ ਵਿਅਕਤੀ ਲਈ ਨਿੱਜੀ ਅਮਰਤਾ ਤੋਂ ਹੈ।

ਵਿਅਕਤੀ ਦੀ ਮੂਲ ਖਾਸੀਅਤ ਅਧਿਆਤਮਕ ਹੈ। ਸਰੀਰ ਪਰਿਵਰਤਨਸ਼ੀਲ ਤੇ ਵਿਨਾਸ਼ ਹੋਣ ਵਾਲੀ ਵਸਤੂ ਹੈ। ਆਤਮਾ ਅਮਰ ਤੇ ਨਿੱਤ ਹੈ। ਭਾਰਤੀ ਸੰਸਕ੍ਰਿਤੀ ਵਿਚ ਇਹ ਧਾਰਨਾ ਵਿਆਪਕ ਹੈ। ਜੀਵ ਦੇ ਮਰਨ ਉਪਰੰਤ ਉਸ ਦੀ ਆਤਮਾ ਦੂਸਰਾ ਸਰੀਰ ਧਾਰਨ ਕਰ ਲੈਂਦੀ ਹੈ ਜਿਸ ਤਰ੍ਹਾਂ ਮਨੁੱਖ ਆਪਣੇ ਬਸਤਰ ਤਿਆਗ ਕੇ ਨਵੇਂ ਪਹਿਨ ਲੈਂਦਾ ਹੈ। ਅਮਰਤਾ ਇਸੇ ਤਰ੍ਹਾਂ ਅਨੇਕ ਰੂਪ ਧਾਰਨ ਕਰਦੀ ਰਹਿੰਦੀ ਹੈ। ਸਰੀਰ ਕਰਮ ਕਰਕੇ ਉਸ ਦਾ ਫਲ ਭੋਗਣ ਦਾ ਸਾਧਨ ਹੈ। ਸਰੀਰ ਦੁਆਰਾ ਹੀ ਅਮਰਤਾ ਬੰਧਨ ਵਿਚ ਬੱਝਦੀ ਹੈ ਅਤੇ ਸਰੀਰ ਦੁਆਰਾ ਹੀ ਮੁਕਤੀ ਪ੍ਰਾਪਤ ਕਰਦੀ ਹੈ। ਕਰਮ ਅਨੁਸਾਰ ਜੀਵਾਂ ਨੂੰ ਅਨੇਕ ਪ੍ਰਕਾਰ ਦੀਆਂ ਜੂਨੀਆਂ ਪ੍ਰਾਪਤ ਹੁੰਦੀਆਂ ਹਨ। ਪਲੈਟੋ ਦਾ ਆਤਮਾ ਤੋਂ ਭਾਵ ਬੌਧਿਕ ਤੇ ਨੈਤਿਕ ਦ੍ਰਿਸ਼ਟੀ ਤੋਂ ਚੇਤਨ ਦ੍ਰਵ ਹੈ। ਅਮਰਤਾ ਬਾਰੇ ਉਸ ਦਾ ਕਹਿਣਾ ਹੈ ਕਿ ਆਤਮਾ ਆਪਣੀਆਂ ਅਮਰ ਕੀਮਤਾਂ ਨਾਲ ਸੰਬੰਧਤ ਹੋ ਕੇ ਅਮਰਤਾ ਪ੍ਰਾਪਤ ਕਰ ਸਕਦੀ ਹੈ। ਆਤਮਾ ਸਰੀਰ ਤੋਂ ਸੁਤੰਤਰ ਹੈ। ਯਹੂਦੀ ਈਸਾਈ ਧਾਰਨਾ ਅਨੁਸਾਰ ਮਨ ਤੇ ਸਰੀਰ ਦਾ ਅਤੁੱਟ ਸੰਬੰਧ ਮੰਨਿਆ ਜਾਂਦਾ ਹੈ। ਯੂਨਾਨੀ ਵਿਚਾਰਕਾਂ ਵਾਂਗ ਭਾਰਤੀ ਧਰਮ ਅੰਦਰ ਵੀ ਆਤਮਾ ਨੂੰ ਚੇਤਨ ਦ੍ਰਵ ਮੰਨਿਆ ਜਾਂਦਾ ਹੈ।

**ਆਵਾਗਵਣ ਪੁਨਰ-ਜਨਮ**

ਭਾਰਤੀ ਧਰਮਾਂ ਅੰਦਰ ਆਵਾਗਵਨ ਦਾ ਵਿਚਾਰ ਪੁਨਰ ਜਨਮ ਦੇ ਰੂਪ ਵਿਚ ਵਿਕਸਿਤ ਹੋਇਆ ਹੈ ਜਦ ਕਿ ਈਸਾਈ ਧਰਮ ਅੰਦਰ ਅਗਾਮੀ ਜੀਵਨ ਪੁਨਰ ਜਨਮ ਤੋਂ ਭਿੰਨ ਹੈ। ਪੁਨਰ ਜਨਮ ਦੇ ਵਿਚਾਰ ਅਨੁਸਾਰ ਜੀਵ ਦੀ ਮੌਤ ਤੋਂ ਬਾਅਦ ਦੁਬਾਰਾ ਜਨਮ ਹੁੰਦਾ ਹੈ। ਇਹ ਜਨਮ-ਮਰਨ ਦਾ ਚੱਕਰ ਅਨੰਤ ਹੈ। ਮੁਕਤੀ ਪ੍ਰਾਪਤ ਕਰਨ ਉਪਰੰਤ ਹੀ ਇਸ ਚੱਕਰ ਤੋਂ ਛੁਟਕਾਰਾ ਮਿਲ ਸਕਦਾ ਹੈ। ਕਰਮਾਂ ਅਨੁਸਾਰ ਜੀਵ ਨਿਰੰਤਰ ਸਰੀਰ ਧਾਰਨ ਕਰਦਾ ਰਹਿੰਦਾ ਹੈ। ਵੈਦਿਕ ਯੁਗ ਤੋਂ ਅੱਜ ਤੱਕ ਇਸ ਵਿਚਾਰ ਦਾ ਭਾਰਤੀ ਜਨ-ਮਨਾਂ ਉਤੇ ਬੜਾ ਡੂੰਘਾ ਪ੍ਰਭਾਵ ਪਿਆ ਹੈ। ਯਹੂਦੀ-ਈਸਾਈ ਵਿਚਾਰਧਾਰਾ ਅਨੁਸਾਰ ਅਗਾਮੀ ਜੀਵਨ ਨੂੰ ਪੁਨਰ ਜਨਮ ਨਹੀਂ ਮੰਨਿਆ ਗਿਆ। ਅੰਤਮ ਨਿਰਣੈ ਦੇ ਦਿਨ (Day of Judgement) ਹੀ ਜੀਵ ਨੂੰ ਪੁਨਰ ਜਨਮ ਪ੍ਰਾਪਤ ਹੁੰਦਾ ਹੈ ਪ੍ਰੰਤੂ ਇਹ ਜੀਵਨ ਸਭ ਨੂੰ ਪ੍ਰਾਪਤ ਨਹੀਂ ਹੋਵੇਗਾ। ਇਹ ਜੀਵਨ ਮਨੁੱਖ ਨੂੰ ਪ੍ਰਥਮ ਅਤੇ ਅੰਤਮ ਵਾਰ ਉਪਲਬਧ ਹੋਵੇਗਾ।

ਪੁਨਰ ਜਨਮ ਦਾ ਸਿਧਾਂਤ ਕਰਮਾਂ ਦੇ ਨਿਯਮ ਦੇ ਵਿਸ਼ਵਾਸ ਉਤੇ ਆਧਾਰਤ ਹੈ। ਕਾਂਟ ਨੇ ਨੈਤਿਕਤਾ ਨੂੰ ਜਿਸ ਤਰ੍ਹਾਂ ਅਮਰਤਾ ਲਈ ਅਵੱਸ਼ਕ ਮੰਨਿਆ ਹੈ ਉਸੀ ਤਰ੍ਹਾਂ ਭਾਰਤੀ ਧਰਮਾਂ ਅਨੁਸਾਰ ਧਰਮ ਦੀ ਸਚਾਈ ਅਤੇ ਪ੍ਰਭਾਵਸ਼ੀਲਤਾ ਲਈ ਪੁਨਰ ਜਨਮ ਆਵੱਸ਼ਕ ਹੈ। ਵਰਤਮਾਨ ਜੀਵਨ ਦੀ ਅਨੇਕਤਾ, ਅਸਮਾਨਤਾ ਅਤੇ ਚਲਾਇਮਾਨਤਾ-ਜੀਵ ਦੇ ਕਰਮਾਂ ਉਤੇ ਹੀ ਅਧਾਰਿਤ ਹੈ। ਪੁਨਰ ਜਨਮ ਦੇ ਕਰਮਾਂ ਦੇ ਫਲ ਇਸ ਜਨਮ ਵਿਚ ਪ੍ਰਾਪਤ ਹੁੰਦੇ ਹਨ। ਇਸ ਜਨਮ ਦੇ ਕਰਮਾਂ ਦਾ ਫਲ ਭੋਗਣ ਲਈ ਅਗਲਾ ਜਨਮ ਜ਼ਰੂਰੀ ਹੈ। ਜੇਕਰ ਜੀਵ ਦਾ ਪੁਨਰ ਜਨਮ ਨਾ ਹੋਵੇ ਤਾਂ ਕਰਮਾਂ ਦਾ ਨਿਯਮ ਭੰਗ ਹੋ ਜਾਏਗਾ।

ਪੁਨਰ ਜਨਮ ਦੇ ਪੱਖ ਵਿਚ ਕਈ ਯਥਾਰਥਕ ਉਦਾਹਰਣਾਂ ਮਿਲਦੀਆਂ ਹਨ। ਭਾਰਤ ਵਿਚ ਅਨੇਕ ਕਹਾਣੀਆਂ ਦੁਆਰਾ ਪਤਾ ਲਗਦਾ ਹੈ ਕਿ ਵਿਅਕਤੀ ਮੌਤ ਉਪਰੰਤ ਜਨਮ ਲੈਂਦਾ ਹੈ। ਕਈ ਵਾਰੀ ਵਿਅਕਤੀ ਤਤਕਾਲ ਹੀ ਜੀਵਤ ਹੋ ਉਠਦਾ ਹੈ ਅਤੇ ਮੌਤ ਦੀ ਅਵਸਥਾ ਦੇ ਅਨੁਭਵਾਂ ਦਾ ਵਰਣਨ ਕਰਦਾ ਹੈ। ਸਵਰਗ ਨਰਕ ਅਤੇ ਪੁਨਰ ਜਨਮ ਦਾ ਵਿਸਥਾਰਪੂਰਵਕ ਵਰਣਨ ਕੀਤਾ ਹੈ।

ਪੁਨਰ ਜਨਮ ਦੇ ਪੱਖ ਵਿਚ ਤੀਸਰਾ ਪ੍ਰਮਾਣ ਯੌਗਿਕ ਅਭਿਆਸ ਦੁਆਰਾ ਪ੍ਰਾਪਤ ਹੁੰਦਾ ਹੈ। ਜੋਗੀ ਆਪਣੀ ਦਿੱਬ-ਦ੍ਰਿਸ਼ਟੀ ਦੁਆਰਾ ਪ੍ਰਾਣੀਆਂ ਦੇ ਆਵਾਗਵਨ ਦਾ ਪ੍ਰਤੱਖ ਅਨੁਭਵ ਕਰਦਾ ਹੈ। ਕਈ ਜੋਗੀ ਮਿਰਤਕ ਆਦਮੀ ਦੇ ਬਾਰੇ ਦਸਦੇ ਵੀ ਦੇਖੇ ਹਨ ਕਿ ਉਸ ਵਿਅਕਤੀ ਨੇ ਉਸ ਥਾਂ ਜਨਮ ਲਿਆ ਹੈ। ਯੌਗਿਕ ਉਕਤੀਆਂ ਕਈ ਵਾਰੀ ਮਿਥ ਸਾਬਤ ਹੋ ਸਕਦੀਆਂ ਹਨ ਪ੍ਰੰਤੂ ਇਹ ਸਰਬ ਵਿਆਪਕ ਸਤਿ ਦਾ ਸੰਕੇਤ ਕਰਦੀਆਂ ਹਨ।

ਪੁਨਰ ਜਨਮ ਦਾ ਅੰਤਮ ਆਧਾਰ ਵਿਗਿਆਨਕ ਅਤੇ ਤਾਰਕਿਕ ਅਨੁਭੂਤੀ ਦੁਆਰਾ ਪ੍ਰਾਪਤ ਹੁੰਦਾ ਹੈ। ਭੌਤਿਕ ਵਿਗਿਆਨ ਦਾ ਇਹ ਇਕ ਮਹੱਤਵਪੂਰਨ ਨਿਯਮ ਹੈ ਕਿ ਸੰਸਾਰ ਵਿਚ ਕਿਸੀ ਵੀ ਵਸਤੂ ਦਾ ਅੰਤਮ ਵਿਨਾਸ਼ ਨਹੀਂ ਹੁੰਦਾ, ਵਸਤੂ ਦਾ ਕੇਵਲ ਰੂਪ ਹੀ ਪਰਿਵਰਤਣ ਹੁੰਦਾ ਹੈ। ਪੂਰਨ ਨਾਸ਼ ਨਹੀਂ ਹੁੰਦਾ। ਮਨੁੱਖ ਦਾ ਰੂਪ ਪਰਿਵਰਤਣ ਹੁੰਦਾ ਹੈ, ਸਭ ਕੁਝ ਨਾਸ਼ ਨਹੀਂ ਹੁੰਦਾ।

ਇਸੇ ਤਰ੍ਹਾਂ ਗੀਤਾ ਵਿਚ ਕ੍ਰਿਸ਼ਨ ਨੇ ਸੰਕੇਤ ਕੀਤਾ ਹੈ, "ਜੋ ਜਨਮ ਲੈਂਦਾ ਹੈ ਉਸ ਦੀ ਮੌਤ ਅਵੱਸ਼ ਹੈ, ਜੋ ਮਰਦਾ ਹੈ ਉਸਦਾ ਜਨਮ ਅਵੱਸ਼ ਹੋਵੇਗਾ। ਪੂਰਨ ਤੌਰ ਤੇ ਕਿਸੇ ਵਸਤੂ ਦਾ ਨਾਸ਼ ਨਹੀਂ ਹੁੰਦਾ ਜਿਸ ਤਰ੍ਹਾਂ ਮਾਨਵ ਆਤਮਾ ਬਚਪਨ, ਜਵਾਨੀ, ਪ੍ਰੌੜ ਤੇ ਬੁਢੇਪੇ ਵਿਚ ਸਥਿਤ ਰਹਿੰਦੀ ਹੈ। ਇਸੇ ਤਰ੍ਹਾਂ ਮੌਤ ਵਿਭਿੰਨ ਸਰੀਰਾਂ ਅੰਦਰ ਨਿਵਾਸ ਕਰਦੀ ਹੈ (ਗੀਤਾ 2.13) ਪੁਰਾਣੇ ਬਸਤਰਾਂ ਨੂੰ ਫਟਣ ਤੇ ਉਤਾਰ ਕੇ ਜਿਸ ਤਰ੍ਹਾਂ ਮਨੁੱਖ ਨਵੇਂ ਬਸਤਰ ਪਹਿਨ ਲੈਂਦਾ ਹੈ ਇਸੇ ਤਰ੍ਹਾਂ ਆਤਮਾ ਵੀ ਇਕ ਸਰੀਰ ਛੱਡ ਕੇ ਦੂਸਰਾ ਸਰੀਰ ਧਾਰਨ ਕਰ ਲੈਂਦੀ ਹੈ" (ਗੀਤਾ 2.22)

ਮੁਕਤੀ ਦੀ ਪ੍ਰਾਪਤੀ ਤੋਂ ਪਹਿਲਾਂ ਜੀਵ ਨੂੰ ਕਈ ਸਰੀਰ ਧਾਰਨ ਕਰਨੇ ਪੈਂਦੇ ਹਨ। ਇਹ ਸਰੀਰ ਮੁਖ ਰੂਪ ਵਿਚ ਚਾਰ ਪ੍ਰਕਾਰ ਦੇ ਹੁੰਦੇ ਹਨ :-

1. ਉਤਭੁਜ - ਦੇ ਰੂਪ ਵਿਚ ਜੀਵ, ਬ੍ਰਿਛ, ਟਹਿਣੀਆਂ ਆਦਿ ਬਣਦਾ ਹੈ।
2. ਸੇਤਜ - ਉਹ ਕੀਟਾਣੂਆਂ ਦਾ ਸਰੀਰ ਧਾਰਨ ਕਰਦਾ ਹੈ।
3. ਅੰਡਜ - ਉਹ ਪੰਛੀਆਂ ਦਾ ਸਰੀਰ ਧਾਰਨ ਕਰਦਾ ਹੈ।
4. ਜੇਰਜ - ਵਿਭਿੰਨ ਪਸ਼ੂਆਂ ਤੇ ਮਨੁੱਖਾਂ ਦਾ ਸਰੀਰ ਧਾਰਨ ਕਰਦਾ ਹੈ।

ਇਹ ਸਿਧਾਂਤ ਯਹੂਦੀ-ਈਸਾਈ ਮਾਨਤਾ ਦੇ ਵਿਰੋਧੀ ਹੈ ਜਿਸ ਅਨੁਸਾਰ ਜੀਵ ਨੂੰ ਸ਼ੁਭ ਜਾਂ ਅਸ਼ੁਭ ਜੀਵਨ ਪ੍ਰਾਪਤ ਹੋ ਸਕਦਾ ਹੈ, ਅਮਰਤਾ ਜਾਂ ਮੌਤ ਨਹੀਂ।

ਪੁਨਰ ਜਨਮ ਦਾ ਸਿਧਾਂਤ ਭਾਰਤੀ ਸੰਸਕ੍ਰਿਤੀ ਅਤੇ ਸਮਾਜ ਦੀ ਸੁਰੱਖਿਅਤਾ ਅਤੇ ਪੂਰਨਤਾ ਦਾ ਮੂਲ ਆਧਾਰ ਹੈ। ਇਸ ਅਨੁਸਾਰ ਵਿਅਕਤੀ ਦੀ ਬੌਧਿਕ, ਨੈਤਿਕ ਅਤੇ ਧਾਰਮਿਕ ਚੇਤਨਾ ਨੂੰ ਮਹਾਨ ਸ਼ਕਤੀ ਮਿਲਦੀ ਹੈ। ਕੁਝ ਵਿਚਾਰਕ ਅਤੇ ਵਿਗਿਆਨਕ ਨਿਤ ਚੇਤੰਨ ਤੱਤ ਜਾਂ ਆਤਮਾ ਦੀ ਮਾਨਤਾ ਨੂੰ ਜਰੂਰੀ ਨਹੀਂ ਸਮਝਦੇ। ਉਨ੍ਹਾਂ ਅਨੁਸਾਰ ਵਿਗਿਆਨ ਦੀ ਪ੍ਰਗਤੀ ਵਿਚ ਇਹ ਮਾਨਤਾ ਕੋਈ ਖਾਸ ਉਪਯੋਗੀ ਵੀ ਸਿਧ ਨਹੀਂ ਹੁੰਦੀ। ਇਸ ਤੋਂ ਇਲਾਵਾ ਇਸ ਮਾਨਤਾ ਵਿਚ ਕਈ ਦੋਸ਼ ਵੀ ਹਨ। ਇਸ ਦੇ ਅਭਾਵ ਕਰਕੇ ਗਿਆਨ ਤੇ ਵਿਗਿਆਨ ਦੀ ਪ੍ਰਗਤੀ ਸੰਭਵ ਹੈ। ਦੂਸਰੀ, ਇਹ ਮਾਨਤਾ ਭਰਮ ਮੂਲਕ ਪ੍ਰਤੀਤ ਹੁੰਦੀ ਹੈ। ਮਨੁੱਖ ਨੂੰ ਆਪਣੇ ਪੁਨਰ ਜਨਮ ਦਾ ਗਿਆਨ ਨਹੀਂ ਰਹਿੰਦਾ ਜਦ ਕਿ ਇਸਦਾ ਵਰਤਮਾਨ ਜੀਵਨ ਪੂਰਵ ਜਨਮ ਦਾ ਹੀ ਵਿਸਥਾਰ ਹੈ ਤਾਂ ਇਸ ਨੂੰ ਪੂਰਵ ਜੀਵਨ ਦਾ ਗਿਆਨ ਨਹੀਂ।

ਤੀਸਰਾ, ਪੁਨਰ ਜਨਮ ਪ੍ਰੰਪਰਾ ਦੀ ਮਾਨਤਾ ਵਿਗਿਆਨਕ ਨਿਯਮ ਦੇ ਪ੍ਰਤਿਕੂਲ ਹੈ। ਮਨੁੱਖ ਦਾ ਜੀਵਨ ਨਿਰਾਧਾਰ ਨਹੀਂ ਹੁੰਦਾ। ਇਹ ਦੀਰਘ ਪਿਤਾ-ਪੁਰਖੀ ਪ੍ਰੰਪਰਾ ਤੋਂ ਨਿਸਚਿਤ ਹੁੰਦਾ ਹੈ।

ਚੌਥਾ, ਇਹ ਪਲਾਇਨਵਾਦ, ਕਿਰਿਆਹੀਣਤਾ ਕਾਲਪਨਿਕ ਪਰਾਲੌਕਿਕਤਾ ਨੂੰ ਜਨਮ ਦਿੰਦਾ ਹੈ। ਇਸ ਦੇ ਫਲਸਰੂਪ ਮਨੁੱਖ ਵਰਤਮਾਨ ਜੀਵਨ ਤੋਂ ਉਦਾਸ ਹੋਣ ਲਗਦਾ ਹੈ।

## ਸਹਾਇਕ ਪੁਸਤਕਾਂ


1. ਸਮਕਾਲੀਨ ਧਰਮ ਦਰਸ਼ਨ (ਹਿੰਦੀ), ਡਾ. ਯਾਕੂਬ ਮਸੀਹ-ਬਿਹਾਰ ਹਿੰਦੀ ਅਕਾਦਮੀ, ਪਟਨਾ-3 (ਬਿਹਾਰ)
2. ਧਰਮ ਦਰਸ਼ਨ (ਹਿੰਦੀ)-ਲਕਸ਼ਮੀਨਿਧੀ ਸ਼ਰਮਾ-ਗੰਗਾਸਰਨ ਐਂਡ ਸਨਜ਼ ਕੰ., 31/13, ਜਤਨਬਰ, ਬਨਾਰਸ (ਯ.ਪੀ.)
3. ਧਰਮ ਦਰਸ਼ਨ (ਹਿੰਦੀ)-ਡਾ. ਰਾਮ ਨਰਾਇਣ ਵਿਆਸ। ਮੱਧ ਪ੍ਰਦੇਸ਼ ਹਿੰਦੀ ਅਕਾਦਮੀ, ਭੂਪਾਲ (ਮੱਧ ਪ੍ਰਦੇਸ਼)
4. ਧਰਮ ਦਾ ਦਾਰਸ਼ਨਿਕ ਪੱਖ-ਵਜ਼ੀਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਨੇਕੀ ਅਤੇ ਬਦੀ ਦੀ ਸਮੱਸਿਆ
# (ਚੰਗਿਆਈ ਅਤੇ ਬੁਰਾਈ ਦੀ ਸਮੱਸਿਆ)

## Good

ਇਹ ਪਦ ਉਸ ਵਿਅਕਤੀ ਲਈ ਵਰਤਿਆ ਜਾਂਦਾ ਹੈ ਜੋ ਕਿ ਨੇਕ, ਇਮਾਨਦਾਰ ਅਤੇ ਦੂਜਿਆਂ ਦਾ ਭਲਾ ਚਾਹੁਣ ਵਾਲਾ ਹੋਵੇ ਇਸ ਲਈ ਇਸ ਨੂੰ ਨੀਤੀ ਸ਼ਾਸਤਰ (Ethics) ਦਾ ਇਕ ਹਿੱਸਾ ਵੀ ਮੰਨਿਆ ਜਾਂਦਾ ਹੈ। ਅੰਗ੍ਰੇਜ਼ੀ ਭਾਸ਼ਾ ਦਾ ਸ਼ਬਦ good ਜਰਮਨ ਭਾਸ਼ਾ ਦੇ ਇਕ ਸ਼ਬਦ Gut ਤੋਂ ਨਿਕਲਿਆ ਹੈ, ਜਿਸ ਦਾ ਅਰਥ ਕਿਸੇ ਮਨੋਰਥ ਲਈ ਉਪਯੋਗੀ ਹੋਣਾ ਹੈ। ਇਸ ਤਰ੍ਹਾਂ ਇਹ ਸ਼ਬਦ ਵਿਅਕਤੀ ਦੇ ਵਿਵਹਾਰ ਨਾਲ ਵੀ ਸਬੰਧਤ ਹੈ। ਵਿਵਹਾਰ ਉਹ ਹੀ ਭਲਾ ਹੈ ਜੋ ਜੀਵਨ ਨੂੰ ਵਧਾਉਂਦਾ ਹੈ ਅਰਥਾਤ ਖੁਸ਼ੀ ਦਿੰਦਾ ਹੈ ਅਤੇ ਉਹ ਵਿਵਹਾਰ ਖਰਾਬ ਹੈ ਜੋ ਜੀਵਨ ਨੂੰ ਘਟਾਉਂਦਾ ਹੈ। ਹਰਬਰਟ ਸਪੈਂਸਰ (Herbert Spencer) ਦੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਜੀਵਨ ਦਾ ਉੱਚਤਮ ਉਦੇਸ਼ ਵਧ ਤੋਂ ਵਧ ਮਾਤਰਾ ਦਾ ਜੀਵਨ ਹੈ ਅਰਥਾਤ ਲੰਬੇ ਤੋਂ ਲੰਬਾ ਜੀਵਨ ਹੈ। ਵੱਧ ਤੋਂ ਵੱਧ ਮਾਤਰਾ ਦੀ ਵਿਆਖਿਆ ਕਰਦੇ ਹੋਏ ਸਪੈਂਸਰ ਲਿਖਦਾ ਹੈ ਕਿ ਜੀਵਨ ਲੰਬਾਈ ਅਤੇ ਚੌੜਾਈ ਵਿੱਚ ਵੱਧ ਤੋਂ ਵੱਧ ਹੋਣਾ ਚਾਹੀਦਾ ਹੈ। ਲੰਬਾਈ ਸਾਲਾਂ ਵਿਚ ਅਤੇ ਚੌੜਾਈ ਜੀਵਨ ਦੀ ਘਣਤਾ (Volume) ਜਾਂ ਵਿਸਥਾਰ ਅਰਥਾਤ ਸ਼ਕਤੀ ਦੁਆਰਾ ਮਾਪੀ ਜਾਂਦੀ ਹੈ। ਮਿਲ (Mill) ਇਸ ਕਥਨ ਦੀ ਤੁਲਨਾ ਸੁੱਖ ਨਾਲ ਕਰਦਾ ਹੈ। ਉਹ ਕਹਿੰਦਾ ਹੈ ਕਿ ਸੁੱਖ ਹੀ ਭਲਾ ਹੈ। ਇਹ ਕਥਨ ਮਿਲ ਨੂੰ ਨੈਤਿਕ ਸੁਖਵਾਦ ਵੱਲ ਲੈ ਜਾਦਾ ਹੈ ਜਿਸ ਦੇ ਅਨੁਸਾਰ ਮਨੁੱਖ ਨੂੰ ਸੁੱਖ ਪ੍ਰਾਪਤ ਕਰਨਾ ਚਾਹੀਦਾ ਹੈ। (If good is that which we desire and we always desire pleasure, therefore, pleasure is good)। ਮਿੱਲ ਅੱਗੇ ਜਾ ਕੇ ਇਹ ਕਹਿੰਦਾ ਹੈ ਕਿ ਜੇਕਰ ਇਕ ਵਿਅਕਤੀ ਦਾ ਸੁੱਖ ਉਸ ਦੇ ਭਲੇ ਲਈ ਹੈ, ਦੂਸਰੇ ਦਾ ਦੂਸਰੇ ਲਈ, ਤੀਸਰੇ ਦਾ ਤੀਸਰੇ ਲਈ। ਇਸ ਤਰ੍ਹਾਂ ਅੱਗੇ ਤੋਂ ਅੱਗੇ ਦਾ ਆਧਾਰ ਤੇ ਸਾਧਾਰਣੀ ਕਰਨ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸਭ ਦਾ ਸੁੱਖ ਸਭ ਦੇ ਲਈ ਪ੍ਰਾਪਤ ਹੋਣਾ ਚਾਹੀਦਾ ਹੈ। (Each Person's happiness is good to that person and the general happiness, therefore, a good to the aggregate of all persons) ਸਭ ਲੋਕਾਂ ਦਾ ਸੁਖ ਜੀਵਨ ਦਾ ਪਰਮ ਲਕਸ਼ ਹੈ। ਬਰੈਡਲੇ (Bradley) ਸ਼ੁਭ (good) ਦੀ ਪਰਿਭਾਸ਼ਾ ਕਰਦਾ ਹੋਇਆ ਕਹਿੰਦਾ ਹੈ ਕਿ ਇਹ ਭਾਵੇਂ ਕੁਝ ਵੀ ਹੋਵੇ ਇਹ ਉਹ ਹੀ ਹੈ ਜੋ ਇੱਛਾਵਾਂ ਨੂੰ ਪੂਰਾ ਕਰਦਾ ਹੈ (Good is that which satisfies desires)। ਉਹ ਅੱਗੇ ਕਹਿੰਦਾ ਹੈ ਕਿ ਭਲਾਈ ਦਾ ਵਿਚਾਰ ਸੰਸਾਰ ਦਾ ਸੁਖ ਅਤੇ ਜ਼ਰੂਰੀ ਅੰਗ ਹੈ ਜੋ ਅੰਤਿਮ ਰੂਪ ਨਾਲ ਅਸਲੀਅਤ ਦੇ ਨਾਲ ਰਹਿੰਦਾ ਹੈ ਅਤੇ ਉਸ ਦਾ ਅੰਤ ਤੱਕ ਨਾਸ਼ ਨਹੀਂ ਹੁੰਦਾ। ਪਰ ਬਟਲਰ (Butler) ਇਹੀ ਕਹਿੰਦਾ ਹੈ ਕਿ ਸ਼ੁਭ ਵਿਵਹਾਰ ਮਨੁੱਖੀ ਸੁਭਾਅ ਦੇ ਅਨੁਸਾਰ ਹੁੰਦਾ ਹੈ। ਵਿਅਕਤੀ ਤਦ ਪਾਪ ਕਰਦਾ ਹੈ ਜਦੋਂ ਉਹ ਮਨੁੱਖੀ ਅਧਿਕਾਰਾਂ ਅਤੇ ਨਿਯਮਾਂ ਦੀ ਉਲੰਘਣਾ ਕਰਦਾ ਹੈ, ਇਸ ਤਰ੍ਹਾਂ ਹਰ ਬੁਰਾ ਕੰਮ ਇਕ ਵਿਕਾਰ ਹੈ। ਜੇਕਰ ਮਨੁੱਖੀ ਸੁਭਾਅ ਆਪਣੇ ਸਹਿਜ ਸੁਭਾਅ ਦੇ ਅਨੁਕੂਲ ਕੰਮ ਕਰਦੀ ਹੈ ਤਾਂ ਕੰਮ ਜ਼ਰੂਰ ਸ਼ੁਭ ਹੋਵੇਗਾ। ਦੂਜੇ ਸ਼ਬਦਾਂ ਵਿਚ ਉਹ ਕਹਿੰਦਾ ਹੈ ਕਿ ਸ਼ੁਭ ਕੰਮ ਸ਼ੁਭ ਸੰਕਲਪ (Good Will) ਤੋਂ ਜਨਮ ਲੈਂਦੇ ਹਨ। ਉਹ ਕਹਿੰਦਾ ਹੈ ਕਿ ਸ਼ੁਭ ਸੰਕਲਪ ਹਮੇਸ਼ਾਂ ਸ਼ੁਭ ਕੰਮ ਵਿਚ ਪ੍ਰਗਟ ਹੁੰਦਾ ਹੈ। ਜੇਕਰ ਸੰਕਲਪ ਸ਼ੁਭ ਕੰਮ ਵਿਚ ਪ੍ਰਗਟ ਨਹੀਂ ਹੁੰਦਾ ਤਾਂ ਉਹ ਸ਼ੁਭ ਹੀ ਨਹੀਂ। ਪਰ ਇਹ ਕਿਵੇਂ ਪਤਾ ਲੱਗੇ ਕਿ ਕੀਤਾ ਜਾ ਰਿਹਾ ਕੰਮ ਸ਼ੁਭ ਹੈ ਜਾਂ ਅਸ਼ੁਭ। ਇਸ ਨੂੰ ਪਰਖਣ ਲਈ ਉਹ ਦੋ ਵਿਧੀਆਂ ਬਾਰੇ ਚਾਨਣਾ ਪਾਉਂਦਾ ਹੈ। (1) ਕਾਰਜ ਦਾ ਨੈਤਿਕ ਗੁਣ ਉਸ ਦੇ ਫਲ ਤੇ ਨਿਰਭਰ ਹੈ। ਜੇਕਰ ਫਲ ਸ਼ੁਭ ਹੈ ਤਾਂ ਕਾਰਜ ਠੀਕ ਹੈ। ਜੇਕਰ ਫਲ ਬੁਰੇ ਹਨ ਤਾਂ ਕਾਰਜ ਅਸ਼ੁਭ ਹੈ। (2) ਕਾਰਜ ਦਾ ਨੈਤਿਕ ਗੁਣ ਕਰਤਾ ਦੇ ਪ੍ਰੇਰਕ (motive) ਦੇ ਅਨੁਸਾਰ ਹੁੰਦਾ ਹੈ। ਜੇਕਰ ਵਿਅਕਤੀ ਸ਼ੁਭ ਪ੍ਰੇਰਕ ਤੋਂ ਕੰਮ ਕਰਦਾ ਹੈ ਤਾਂ ਉਹ ਸ਼ੁਭ ਹੈ ਨਹੀਂ ਤਾਂ ਅਸ਼ੁਭ, ਭਾਵੇਂ ਉਸ ਦੇ ਫਲ ਕਿਹੋ ਜਿਹੇ ਵੀ ਕਿਉਂ ਨਾ ਹੋਣ। ਫਲਾਂ ਦੇ ਭਲੇ ਬੁਰੇ ਹੋਣ ਦੇ ਕੰਮ ਦਾ ਨੈਤਿਕ ਗੁਣ ਤੇ ਕੋਈ ਪ੍ਰਭਾਵ ਨਹੀਂ ਪੈਂਦਾ। ਕਾਂਟ ਵੀ ਇਸ ਦੂਜੀ ਤਰ੍ਹਾਂ ਦੀ ਵਿਧੀ ਨੂੰ ਹੀ ਠੀਕ ਸਮਝਦਾ ਹੈ ਕਿ ਕੰਮ ਦਾ ਨੈਤਿਕ ਗੁਣ ਕਰਤਾ ਦੇ ਪ੍ਰੇਰਕ ਤੇ ਨਿਰਭਰ ਹੈ। ਪਰ ਸ਼ੁਭ ਜਾਂ ਭਲੇ (good) ਬਾਰੇ ਵਿਸਤਾਰ ਵਿੱਚ ਜੀ.ਈ. ਮੂਰ (Geroge Edward Moore) ਦੇ ਵਿਚਾਰ ਮਿਲਦੇ ਹਨ ਜਿਨ੍ਹਾਂ ਨੂੰ ਉਸਨੇ ਆਪਣੀ ਪ੍ਰਸਿੱਧ ਪੁਸਤਕ (Principia Ethica) ਵਿਚ ਕਲਮਬੱਧ ਕੀਤਾ ਹੈ। ਉਹ ਕਹਿੰਦਾ ਹੈ ਕਿ ਜੇ ਕੋਈ ਪੁੱਛੇ ਕਿ 'ਭਲਾ' (Good) ਕੀ ਹੈ ? ਤਾਂ ਮੇਰਾ ਜੁਆਬ ਹੋਵੇਗਾ ਕਿ 'ਭਲਾ' 'ਭਲਾ ਹੈ' (Good is Good) ਜਾਂ ਮੈਨੂੰ ਪੁਛਿਆ ਜਾਵੇ ਕਿ 'ਭਲਾ' ਨੂੰ ਕਿਵੇਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਤਾਂ ਮੇਰਾ ਜੁਆਬ ਹੋਵੇਗਾ ਕਿ ਇਸਨੂੰ ਪਰਿਭਾਸ਼ਤ ਹੀ ਨਹੀਂ ਕੀਤਾ ਜਾ ਸਕਦਾ (It cannot be defined)। ਉਹ ਕਹਿੰਦਾ ਹੈ ਕਿ ਜਿੰਨੇ ਵੀ ਵਾਕ ਭਲਾ ਨਾਲ ਸਬੰਧਤ ਹੁੰਦੇ ਹਨ ਉਹ ਵਿਸ਼ਲੇਸ਼ਣਾਤਮਕ ਨਹੀਂ ਹੁੰਦੇ ਸਗੋਂ ਸੰਸਲੇਸ਼ਣਾਤਮਕ ਹੁੰਦੇ ਹਨ। ਮੂਰ ਦਾ ਵਿਚਾਰ ਹੈ ਕਿ 'ਭਲਾ' ਇਕ ਸਾਧਾਰਨ ਵਿਚਾਰ ਹੈ ਜਿਸਨੂੰ ਅੱਗੇ ਹੋਰ ਹਿੱਸਿਆਂ ਵਿੱਚ ਨਹੀਂ ਵੰਡਿਆ ਜਾ ਸਕਦਾ ਹੈ। ਇਹ

ਇਕ ਸਾਧਾਰਨ ਸੰਕਲਪ ਹੈ ਜਿਵੇਂ ਕਿ 'ਪੀਲਾ' ਕੀ ਹੈ ਜਿਸ ਨੇ ਪਹਿਲਾਂ ਕਦੇ ਵੀ ਇਸ ਦਾ ਅਨੁਭਵ ਨਾ ਕੀਤਾ ਹੋਵੇ ਉਹ ਇਸਨੂੰ ਸਮਝ ਨਹੀਂ ਸਕੇਗਾ। ਇਸ ਤਰ੍ਹਾਂ ਇਹ ਵੀ ਨਹੀਂ ਸਮਝਾਇਆ ਜਾ ਸਕਦਾ ਕਿ 'ਭਲਾ' ਕੀ ਹੈ। ਮੂਰ ਨੇ ਇਸੇ ਗੱਲ ਨੂੰ ਹੋਰ ਚੰਗੇ ਤਰੀਕੇ ਨਾਲ ਸਮਝਾਉਣ ਲਈ ਵਿਚਾਰ ਪ੍ਰਗਟਾਇਆ ਹੈ ਕਿ 'ਭਲਾ' ਤੋਂ ਇਲਾਵਾ ਇਕ ਹੋਰ ਸੰਕਲਪ ਵੀ ਹੈ ਜਿਸ ਨੂੰ ਵਿਸ਼ੇਸ਼ 'ਭਲਾ' (The Good) ਕਹਿੰਦੇ ਹਨ ਅਤੇ ਇਹ ਵਿਸ਼ੇਸ਼ 'ਭਲਾ' ਪਰਿਭਾਸ਼ਾ ਯੋਗ ਹੈ। 'ਭਲਾ' ਇਕ ਅਜਿਹੇ ਗੁਣ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਕਿਸੇ ਇਕ ਵਸਤੂ ਨਾਲ ਸਬੰਧਤ ਹੈ, ਸਾਧਾਰਨ ਹੈ ਅਤੇ ਅਵਿਲੇਸ਼ਣਾਤਮਕ ਅਤੇ ਪਰਿਭਾਸ਼ਾ ਅਯੋਗ ਹੈ। ਭਾਵੇਂ 'ਭਲਾ' ਪਰਿਭਾਸ਼ਾ ਅਯੋਗ ਰਹਿੰਦਾ ਹੈ ਪਰ ਜਦੋਂ ਇਹ ਕਿਸੇ ਗੁਣ ਜਾਂ ਵਿਸ਼ੇਸ਼ਣ ਨਾਲ ਸਬੰਧਤ ਹੋ ਜਾਂਦਾ ਹੈ ਤਾਂ ਇਸ ਨੂੰ ਪਰਿਭਾਸ਼ਾਯੋਗ ਬਣਾਇਆ ਜਾ ਸਕਦਾ ਹੈ।

ਹਰ ਇਕ ਵਸਤੂ ਦੇ ਦੋ ਗੁਣ ਹੁੰਦੇ ਹਨ। ਇਕ ਹੁੰਦਾ ਹੈ ਸਾਕਾਰਾਤਮਕ ਗੁਣ (Positive Value) ਅਤੇ ਦੂਜਾ ਹੁੰਦਾ ਹੈ ਨਾਕਾਰਾਤਮਕ ਗੁਣ (Negative Value)। ਇਥੇ ਸ਼ੁਭ ਜਾਂ ਭਲਾ ਦੀ ਪਰਿਭਾਸ਼ਾ ਕੀਤੀ ਜਾ ਸਕਦੀ ਹੈ। ਜੋ ਚੀਜ਼ ਗੁਣਵਾਨ ਹੈ ਉਹ ਸ਼ੁਭ ਹੈ ਅਤੇ ਜੋ ਗੁਣਹੀਨ ਹੈ ਉਹ ਬੁਰੀ ਹੁੰਦੀ ਹੈ। ਪਰ ਹੁਣ ਵਿਚਾਰ ਦਾ ਵਿਸ਼ਾ ਇਹ ਹੈ ਕਿ ਪਰਮਸ਼ੁਭ ਕੀ ਹੈ ? ਉਪਰ ਦਿੱਤੇ ਦ੍ਰਿਸ਼ਟੀਕੋਣ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਪਰਮਸ਼ੁਭ ਉਹ ਹੈ ਜੋ ਆਮ ਵਿਅਕਤੀ ਦੀ ਪਹੁੰਚ ਵਿਚ ਹੈ ਅਤੇ ਉਹ ਉਸ ਨੂੰ ਪ੍ਰਾਪਤ ਕਰ ਸਕਦਾ ਹੈ। ਇਸ ਤਰ੍ਹਾਂ ਸ਼ੁਭ ਸ਼ਬਦ ਨੂੰ ਦੋ ਅਰਥਾਂ ਵਿਚ ਸਮਝਿਆ ਜਾ ਸਕਦਾ ਹੈ। ਇਕ ਅਰਥ ਹੈ ਕਿ ਇਸ ਦਾ ਕੋਈ ਨੈਤਿਕ ਮੁੱਲ ਜਾਂ ਮਹੱਤਵ ਹੈ। ਨੀਤੀ ਸ਼ਾਸਤਰ ਦੇ ਅਧਿਐਨ ਵਿਚ ਸਾਡਾ ਸਬੰਧ ਮੁੱਖ ਰੂਪ ਵਿਚ ਸ਼ੁਭ ਦੇ ਦੂਜੇ ਅਰਥ ਨਾਲ ਹੈ ਅਤੇ ਇਸ ਅਰਥ ਦੀ ਪਰਿਭਾਸ਼ਾ ਦੇਣੀ ਵੀ ਅਸੰਭਵ ਨਹੀਂ ਜਾਪਦੀ।

ਮਕੈਂਜੀ ਕਹਿੰਦਾ ਹੈ ਕਿ ਸ਼ੁਭ ਦੀ ਪਰਿਭਾਸ਼ਾ 'ਪਰਉਪਕਾਰੀ ਕੰਮ' ਵਿਚ ਕੀਤੀ ਜਾ ਸਕਦੀ ਹੈ ਭਾਵ 'ਪਰਉਪਕਾਰ ਸ਼ੁਭ' ਦਾ ਇਕ ਰੂਪ ਜਿਸ ਦੀ ਇਕ ਖਾਸ ਵਿਸ਼ੇਸ਼ਤਾ ਇਹ ਹੈ ਕਿ ਉਹ ਸ਼ੁਭ ਦੇ ਹੋਰ ਰੂਪਾਂ ਨੂੰ ਜਨਮ ਦੇਣ ਜਾਂ ਉਨ੍ਹਾਂ ਨੂੰ ਵਧਾਉਣ ਲਈ ਪ੍ਰੇਰਿਤ ਕਰਦਾ ਹੈ। ਇਕ ਸ਼ੁਭ ਵਿਅਕਤੀ ਜਾਂ ਚੰਗਾ ਮਨੁੱਖ ਉਹ ਹੈ ਜੋ ਆਪਣੀ ਸਾਧਨ ਸ਼ਕਤੀ ਨਾਲ ਅਸਲ ਮੁੱਲਾਂ ਨੂੰ ਵਧਾਉਣ ਲਈ ਸਿਰਤੋੜ ਯਤਨ ਕਰਦਾ ਹੈ ਉਹ ਮੁੱਲ ਭਾਵੇਂ ਅੰਤਰੀਵੀ ਹੋਣ ਜਾਂ ਬਾਹਰੀ। ਡੀਨ ਰੈਸ਼ਡਲ (Dean Reshdall) ਨੇ ਆਪਣੇ ਦ੍ਰਿਸ਼ਟੀਕੋਣ ਨੂੰ ਇਸੇ ਅਰਥ ਵਿੱਚ ਉਪਯੋਗਤਾਵਾਦੀ ਕਿਹਾ ਸੀ। ਉਸ ਦੇ ਅਨੁਸਾਰ ਉਪਯੋਗਤਾਵਾਦੀ ਦਾ ਅਰਥ ਹੈ ਕਿ ਐਸਾ ਵਿਅਕਤੀ ਜੋ ਜੀਵਨ ਦੇ ਕੇਵਲ ਇਕ ਮੁੱਖ ਸੁੱਖ ਨੂੰ ਹੀ ਵਧਾਉਣ ਵਿਚ ਨਹੀਂ ਲੱਗਾ ਰਹਿੰਦਾ ਬਲਕਿ ਅਜਿਹਾ ਵਿਅਕਤੀ ਜੋ ਜੀਵਨ ਦੇ ਸਾਰੇ ਮੁੱਲਾਂ ਨੂੰ ਵਧਾਉਣ ਵਿਚ ਆਪਣਾ ਯੋਗਦਾਨ ਪਾਵੇ। ਇਥੇ ਇਹ ਗੱਲ ਵੇਖਣਯੋਗ ਹੈ ਕਿ ਸਾਰੇ ਮੁੱਲਾਂ ਦੇ ਵਧਣ ਵਿਚ ਨੈਤਿਕ ਸ਼ੁਭ ਦਾ ਵਧਣਾ ਵੀ ਸ਼ਾਮਲ ਹੈ। ਇਸ ਤਰ੍ਹਾਂ ਨੈਤਿਕ ਸ਼ੁਭ ਆਪਣੇ ਆਪ ਵਿੱਚ ਇਕ ਉਦੇਸ਼ ਵੀ ਮੰਨਿਆ ਜਾਂਦਾ ਹੈ ਅਤੇ ਸਾਧਨ ਵੀ। ਅਰਸਤੂ ਆਪਣੀ ਪੁਸਤਕ ਨਿਕੋਮਾਚੀਨ ਐਥਿਕਸ (Nicomachean Ethics) ਦੇ ਸ਼ੁਰੂ ਵਿਚ ਕਹਿੰਦਾ ਹੈ ਕਿ ਸ਼ੁਭ ਦੀ ਪਰਿਭਾਸ਼ਾ ਭਲੀ ਭਾਂਤੀ ਕੀਤੀ ਜਾ ਚੁੱਕੀ ਹੈ : ਸ਼ੁਭ ਉਹ ਹੈ ਜੋ ਸਾਰੀਆਂ ਚੀਜ਼ਾਂ ਦਾ ਉਦੇਸ਼ ਹੈ। ਇਸ ਗੱਲ ਤੇ ਸ਼ੱਕ ਪ੍ਰਗਟ ਕੀਤਾ ਜਾ ਸਕਦਾ ਹੈ ਕਿ ਸਾਰੀਆਂ ਚੀਜ਼ਾਂ ਦਾ ਕੋਈ ਇਕ ਉਦੇਸ਼ ਹੈ ਵੀ ਜਾਂ ਨਹੀਂ ਪਰ ਇੰਨਾ ਤਾਂ ਕਿਹਾ ਜਾ ਸਕਦਾ ਹੈ ਕਿ ਸ਼ੁਭ ਉਹ ਹੈ ਜੋ ਸਾਰੇ ਤਰਕਸ਼ੀਲ ਪ੍ਰਾਣੀਆਂ ਦਾ ਉਦੇਸ਼ ਹੈ।

ਜਿਸ ਤਰ੍ਹਾਂ ਦਾ ਸੰਸਾਰ ਅਸੀਂ ਰੋਜ਼ ਵੇਖਦੇ ਹਾਂ ਉਸ ਵਿੱਚ ਜਿੰਨੀ ਸੁੰਦਰਤਾ ਸਾਨੂੰ ਦਿਖਾਈ ਦਿੰਦੀ ਹੈ ਲਗਭਗ ਉਨੀ ਹੀ ਕਰੂਪਤਾ ਵੀ ਹੈ। ਨੈਤਿਕ ਯਤਨ ਦਾ ਅਰਥ ਵੀ ਸਾਧਾਰਨ ਰੂਪ ਵਿਚ ਇਹੀ ਹੈ ਕਿ ਕਰੂਪਤਾ ਨੂੰ ਦੂਰ ਕੀਤਾ ਜਾਵੇ ਅਤੇ ਸੁੰਦਰਤਾ ਦੇ ਵਾਧੇ ਲਈ ਯਤਨ ਕੀਤੇ ਜਾਣ। ਸਾਡੇ ਸਾਧਾਰਨ ਅਨੁਭਵ ਦੇ ਅਨੁਸਾਰ ਮਨੁੱਖੀ ਜੀਵਨ ਜਿਹੋ ਜਿਹਾ ਹੈ ਉਸ ਵਿੱਚ ਪੂਰਨ ਸੁੰਦਰਤਾ ਦੀ ਹੋਂਦ ਨਹੀਂ ਅਤੇ ਜਿਸ ਨੂੰ ਅਸੀਂ ਮਨੁੱਖ ਦਾ ਨੈਤਿਕ ਜੀਵਨ ਕਹਿੰਦੇ ਹਾਂ ਉਹ ਵਾਸਤਵ ਵਿੱਚ ਸੁੰਦਰਤਾ ਦੀ ਚੋਣ ਜਾਂ ਸੁੰਦਰਤਾ ਦਾ ਯਤਨ ਹੈ। ਪੂਰਨ ਸ਼ੁਭ ਇਥੇ ਇਹੀ ਹੈ ਜੋ ਪੂਰਨ ਸੁੰਦਰ ਹੈ। ਉਸ ਦੀ ਚੋਣ ਅਤੇ ਉਸ ਦੀ ਪ੍ਰਾਪਤੀ ਦਾ ਯਤਨ ਨੈਤਿਕ ਸ਼ੁਭ ਹੈ ਅਤੇ ਇਹ ਚੋਣ ਅਤੇ ਯਤਨ ਉਸ ਦੀ ਪ੍ਰਾਪਤੀ ਲਈ ਜ਼ਰੂਰੀ ਤੱਤ ਹਨ। ਇਥੇ ਮੈਕੈਂਜੀ ਇਹ ਕਹਿੰਦਾ ਹੈ ਕਿ ਚੋਣ ਪੂਰਨ ਸ਼ੁਭ ਦਾ ਇਕ ਜ਼ਰੂਰੀ ਪੱਖ ਹੈ ਅਤੇ ਯਤਨ ਉਸ ਦਾ ਇਕ ਜ਼ਰੂਰੀ ਅੰਗ। ਉਹ ਅੱਗੇ ਕਹਿੰਦਾ ਹੈ ਕਿ ਫਿਰ ਵੀ ਇਹ ਸਪਸ਼ਟ ਹੈ ਕਿ ਕੇਵਲ ਚੋਣ ਅਤੇ ਯਤਨ ਨੂੰ ਹੀ ਪੂਰਨ ਸ਼ੁਭ ਨਹੀਂ ਮੰਨਿਆ ਜਾ ਸਕਦਾ। ਇਸ ਲਈ ਨੈਤਿਕ ਸ਼ੁਭ ਅਤੇ ਪੂਰਨ ਸ਼ੁਭ ਦਾ ਸਪੱਸ਼ਟ ਅੰਤਰ ਰੱਖਣਾ ਹੀ ਪਵੇਗਾ ਚਾਹੇ ਇਹ ਬਿਲਕੁਲ ਹੀ ਸਹੀ ਕਿਉ ਨਾ ਹੋਣ ਅਤੇ ਇਕ ਦੂਜੇ ਵਿੱਚ ਆਪਣੀ ਹੋਂਦ ਪ੍ਰਗਟ ਕਰਦੇ ਹੋਣ। ਕਿਉਂਕਿ ਨੈਤਿਕ ਸ਼ੁਭ ਪੂਰਨ ਸ਼ੁਭ ਦਾ ਇਕ ਹਿੱਸਾ ਹੈ ਅਤੇ ਨੈਤਿਕ ਸ਼ੁਭ ਵਿੱਚ ਵਿਅਕਤੀ ਦੀ ਇੱਛਾ ਸ਼ਕਤੀ ਕੰਮ ਕਰਦੀ ਹੈ ਜਿਸ ਵਿਚ ਕਈ ਵਾਰ ਵਿਅਕਤੀ ਆਪਣੀ ਲਾਲਸਾ ਦੀ ਪ੍ਰਾਪਤੀ ਨੂੰ ਵੀ ਨੈਤਿਕ ਸ਼ੁਭ ਦਾ ਨਾਂ ਦੇ ਦੇਂਦਾ ਹੈ। ਨੈਤਿਕ ਸ਼ੁਭ ਇਸ ਗੱਲ ਉਤੇ ਜ਼ੋਰ ਦਿੰਦਾ ਹੈ ਕਿ ਵਿਅਕਤੀ ਨੂੰ ਹਮੇਸ਼ਾਂ ਹੀ ਚੰਗੇ ਕੰਮ ਕਰਦੇ ਰਹਿਣਾ ਚਾਹੀਦਾ ਹੈ ਪਰ ਅਨੁਭਵ ਇਹ ਕਹਿੰਦਾ ਹੈ ਕਿ ਜੇਕਰ ਹਰ ਇਕ ਤ੍ਰਿਸ਼ਨਾ ਅਤੇ ਲਾਲਸਾ ਦੀ ਪੂਰਤੀ ਹੋ ਜਾਵੇ ਤਾਂ ਉਹ ਚੰਗੀ ਨਹੀਂ ਹੁੰਦੀ। ਸਾਰੇ ਉਦੇਸ਼ ਸਾਨੂੰ ਉਸ ਵੇਲੇ ਚੰਗੇ ਲੱਗਦੇ ਹਨ ਜਦੋਂ ਜ਼ਬਰਦਸਤ ਯਤਨਾਂ ਦੇ ਅਸਰ ਹੇਠ ਹੁੰਦੇ ਹਨ ਜਿਹੜੇ ਕਿ ਅਸਲ ਤਜਰਬੇ ਵਿੱਚ ਜਾਂ ਠੰਢੇ ਦਿਮਾਗ ਨਾਲ ਸੋਚਣ ਤੋਂ ਅਨੁਭਵ ਹੁੰਦਾ ਹੈ ਕਿ ਉਹ ਅਸਲ ਵਿਚ ਬੁਰੇ ਹੁੰਦੇ ਹਨ। ਇਸ ਤਰ੍ਹਾਂ ਨੈਤਿਕ ਸਿਧਾਂਤ ਦਾ ਕੰਮ ਇਕ ਅਜਿਹਾ ਸਿਧਾਂਤ ਘੜਨਾ ਹੈ, ਜਿਸ ਵਿਚ ਭਲਾ ਹੀ ਉਦੇਸ਼ਾਂ ਜਾਂ ਇੱਛਾ ਦਾ ਲਕਸ਼ ਹੋਵੇ ਅਤੇ ਉਸ ਨੇ ਸੱਚ ਦਾ ਵੀ ਸਿਧਾਂਤ ਬਣਾਉਣਾ ਹੁੰਦਾ ਹੈ, ਜਿਹੜਾ ਕਿ ਸਾਫ ਤੌਰ ਤੇ ਠੀਕ ਦਿਸਣ ਵਾਲਾ

ਤੇ ਭਲਾ ਹੋਵੇ। ਪਰ ਇਸ ਸਿਧਾਂਤ ਤੱਕ ਪਹੁੰਚਣ ਤੋਂ ਪਹਿਲਾਂ ਸਾਡੇ ਲਈ ਇਹ ਜ਼ਰੂਰੀ ਹੈ ਕਿ ਉਸ ਸਿਧਾਂਤ ਬਾਰੇ ਵੀ ਜਾਨਣ ਦੀ ਕੋਸ਼ਿਸ਼ ਕਰੀਏ ਜਿਹੜਾ ਕਿ ਭਲੇ ਦਾ ਵਿਰੋਧੀ ਮੰਨਿਆ ਜਾਂਦਾ ਹੈ ਤਾਂ ਕਿ ਇਸ ਦੀ ਤਸਵੀਰ ਹੋਰ ਨਿਖਰ ਕੇ ਸਾਹਮਣੇ ਆ ਸਕੇ। ਇਸ ਭਲੇ ਜਾਂ ਨੇਕੀ ਦਾ ਵਿਰੋਧੀ ਸਿਧਾਂਤ ਬੁਰਾ ਜਾਂ ਬਦੀ ਮੰਨਿਆ ਜਾਂਦਾ ਹੈ।

## Evil

(ਬੁਰਾਈ) ਅੰਗ੍ਰੇਜ਼ੀ ਦੇ ਇਸ ਸ਼ਬਦ evil ਨੂੰ ਬਦੀ, ਬੁਰਾਈ ਆਦਿ ਦੇ ਸੰਦਰਭ ਵਿੱਚ ਵਿਚਾਰਿਆ ਜਾ ਸਕਦਾ ਹੈ। ਮੋਟੇ ਤੌਰ ਤੇ ਨੇਕੀ, ਸ਼ੁਭ, ਭਲੇ ਆਦਿ ਦੀ ਅਣਹੋਂਦ ਵਿੱਚ ਇਸ ਦਾ ਅਹਿਸਾਸ ਹੁੰਦਾ ਹੈ। ਇਹ ਸ਼ਬਦ ਸ਼ੁਰੂ ਤੋਂ ਹੀ ਧਰਮ ਅਤੇ ਫਿਲਾਸਫੀ ਵਿੱਚ ਵਰਤਿਆ ਜਾਂਦਾ ਹੈ ਅਤੇ ਫਿਲਾਸਫੀ ਆਫ ਰਿਲੀਜ਼ਨ ਵਿੱਚ ਇਸ ਬਾਰੇ ਬਹੁਤ ਸਾਰੇ ਦਾਰਸ਼ਨਿਕਾਂ ਨੇ ਆਪਣੇ ਵਿਚਾਰ ਵੀ ਪ੍ਰਗਟਾਏ ਹਨ। ਧਰਮ ਵਿੱਚ ਵਿਸ਼ਵਾਸ ਰੱਖਣ ਵਾਲੇ ਲੋਕਾਂ ਦੀ ਚਿੰਤਾ ਦਾ ਵਿਸ਼ਾ ਹੈ ਜੋ ਵੀ ਚੰਗਿਆਈ, ਅੱਛਾਈ, ਸ਼ੁਭ ਅਤੇ ਨੇਕੀ ਇਸ ਭੌਤਿਕੀ ਦੁਨੀਆਂ ਵਿੱਚ ਦਿਖਾਈ ਦੇ ਰਹੀ ਹੈ ਇਹ ਸਭ ਪਰਮਾਤਮਾ ਦੀ ਦੇਣ ਹੈ ਕਿਉਂਕਿ ਉਸੇ ਨੂੰ ਹੀ ਪਰਮਸ਼ੁਭ (Highest Good) ਮੰਨਿਆ ਗਿਆ ਹੈ। ਪਰ ਦਾਰਸ਼ਨਿਕਾਂ ਦਾ ਵਿਚਾਰ ਹੈ ਕਿ ਜੇਕਰ ਸਾਰੀ ਸ੍ਰਿਸ਼ਟੀ ਦੀ ਰਚਨਾ ਸਰਵ ਸ਼ਕਤੀਮਾਨ ਪਰਮਾਤਮਾ ਦੁਆਰਾ ਕੀਤੀ ਗਈ ਹੈ ਤਾਂ ਸੰਸਾਰ ਵਿੱਚ ਉਤਪੰਨ ਬੁਰਾਈ ਦੀ ਉਪਜ ਵੀ ਉਹ ਪਰਮਾਤਮਾ ਹੀ ਹੈ। ਪਰਮਾਤਮਾ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਆਪ ਵੀ ਇਸ ਵਿੱਚ ਵਿਦਮਾਨ ਹੈ। ਇਸ ਕਰਕੇ ਪਰਮਾਤਮਾ ਆਪਣੀ ਸ੍ਰਿਸ਼ਟੀ ਨੂੰ ਪਿਆਰ ਵੀ ਕਰਦਾ ਹੈ। ਹੁਣ ਪ੍ਰਸ਼ਨ ਇਹ ਹੈ ਕਿ ਜੇਕਰ ਪਰਮਾਤਮਾ ਸਰਬ-ਸਮਰੱਥ ਹੈ ਅਤੇ ਆਪਣੀ ਰਚਨਾ ਨੂੰ ਪਿਆਰਦਾ ਹੈ ਤਾਂ ਉਹ ਸੰਸਾਰ ਵਿਚੋਂ ਬਦੀ, ਬੁਰਾਈ, ਦੁਖ-ਸੰਤਾਪ, ਵਿਕਾਸ ਤੇ ਪਾਪ ਦੂਰ ਕਿਉਂ ਨਹੀਂ ਕਰ ਦਿੰਦਾ ? ਉਸ ਦੀ ਬੇਅੰਤ ਸਮਰੱਥਾ ਕਿਸੇ ਚੰਗੇਰੇ, ਸੁਹਣੇ, ਬੁਰਾਈ ਮੁਕਤ ਸੰਸਾਰ ਦੀ ਰਚਨਾ ਵੀ ਤਾਂ ਕਰ ਸਕਦੀ ਸੀ। ਇਸ ਪ੍ਰਸ਼ਨ ਦਾ ਉਤਰ ਲਾਇਬਨੀਜ਼ (Leibnitz) ਬਹੁਤ ਵਧੀਆ ਤਰੀਕੇ ਨਾਲ ਦਿੰਦਾ ਹੈ। ਉਸ ਨੇ ਪਰਮਾਤਮਾ ਨੂੰ ਸਰਬ-ਸ਼ਕਤੀਮਾਨ ਹਸਤੀ ਦੇ ਰੂਪ ਵਿੱਚ ਮੰਨਿਆ ਹੈ ਜੋ ਕਿ ਆਪਣੇ ਆਪ ਵਿਚ ਹੀ ਪੂਰਨ ਹੈ ਅਤੇ ਉਸਦੀ ਰਚਨਾ ਨੂੰ ਅਧੂਰੀ ਅਤੇ ਅਪੂਰਨ ਮੰਨਦਾ ਹੈ। ਉਹ ਕਹਿੰਦਾ ਹੈ ਕਿ ਮਨੁੱਖ ਸੰਸਾਰਿਕ ਹੋਂਦ ਦਾ ਭਾਗ ਹੋਣ ਕਰਕੇ ਪੂਰਨ ਨਹੀਂ, ਪੂਰਨ ਸ਼ੁਭ ਹੀ ਪੂਰਨਤਾ ਪੈਦਾ ਕਰਨ ਦੀ ਸਮਰੱਥਾ ਰੱਖਦਾ ਹੈ। ਅਪੂਰਨ ਵਿਚੋਂ ਪੂਰਨਤਾ ਦੇ ਕੰਮ ਦੀ ਆਸ ਨਹੀਂ ਰੱਖੀ ਜਾ ਸਕਦੀ। ਮਨੁੱਖ ਸੰਸਾਰਕ ਹੋਂਦ ਦਾ ਭਾਗ ਹੋਣ ਕਰਕੇ ਪੂਰਨ ਨਹੀਂ, ਜਿਸ ਕਰਕੇ ਉਹ ਮੰਦੇ ਕਰਮ ਕਰਨ ਵੱਲ ਰੁਚਿਤ ਹੋ ਜਾਂਦਾ ਹੈ। ਲਾਇਬਨੀਜ਼ ਬੁਰਾਈ ਦਾ ਇਕ ਹੋਰ ਕਾਰਣ ਵੀ ਮੰਨਦਾ ਹੈ ਜਿਸ ਨੂੰ ਉਹ ਮਨੁੱਖੀ ਸੁਤੰਤਰਤਾ ਕਹਿੰਦਾ ਹੈ। ਉਹ ਕਹਿੰਦਾ ਹੈ ਕਿ ਜੇ ਮਨੁੱਖ ਸੁਤੰਤਰ ਨਾ ਹੁੰਦਾ ਤਾਂ ਨੈਤਿਕ ਬੁਰਾਈ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਲਾਇਬਨੀਜ਼ ਅੱਗੇ ਕਹਿੰਦਾ ਹੈ ਕਿ ਵਰਤਮਾਨ ਜਗਤ ਕੁੱਲ ਸੰਭਵ ਜਗਤਾਂ ਵਿਚੋਂ ਸਰਬੋਤਮ ਹੈ, ਈਸ਼ਵਰ ਇਸ ਤੋਂ ਘਟੀਆ ਜਗਤ ਪੈਦਾ ਨਹੀਂ ਸੀ ਕਰ ਸਕਦਾ ਤੇ ਇਸ ਤੋਂ ਵਧੀਆ ਜਗਤ ਦੀ ਜੇ ਸੰਭਾਵਨਾ ਹੁੰਦੀ ਤਾਂ ਉਸ ਨੇ ਉਹੀ ਪੈਦਾ ਕਰ ਦੇਣਾ ਸੀ। ਸੋ ਬੇਸ਼ਕ ਸਾਡੀ ਦੁਨੀਆਂ ਨੇਕੀ ਤੇ ਬਦੀ ਦਾ ਮਿਸ਼ਰਣ ਹੈ, ਲਾਇਬਨੀਜ਼ ਦੇ ਸਿਧਾਂਤ ਅਨੁਸਾਰ ਇਹ ਅਤਿ ਉਤਮ ਦੁਨੀਆਂ ਹੈ ਜਿਸ ਵਿਚ ਮਨੁੱਖ ਨੂੰ ਸੁਤੰਤਰ ਇੱਛਾ ਦੇ ਆਧਾਰ ਤੇ ਕਾਰਜ ਕਰਨ ਦੀ ਖੁਲ੍ਹ ਹੈ, ਉਹ ਨੇਕੀ ਵੀ ਕਰ ਸਕਦਾ ਹੈ ਤੇ ਬਦੀ ਵੀ। ਲਾਇਬਨੀਜ਼ ਤਿੰਨ ਕਿਸਮ ਦੀਆਂ ਬੁਰਾਈਆਂ ਬਾਰੇ ਜਾਣਕਾਰੀ ਦਿੰਦਾ ਹੈ।

### 1. ਤੱਤ ਮੀਮਾਂਸਿਕ ਬੁਰਾਈ (Metaphysical Evil)

ਲਾਇਬਨੀਜ਼ ਦੇ ਅਨੁਸਾਰ ਇਸ ਤਰ੍ਹਾਂ ਦੀ ਬੁਰਾਈ ਬੁਨਿਆਦੀ ਰੂਪ ਵਿੱਚ ਪਾਈ ਜਾਂਦੀ ਹੈ ਅਤੇ ਇਸ ਦੀ ਹੋਂਦ ਸ੍ਰਿਸ਼ਟੀ ਦੀ ਸੁੰਦਰਤਾ ਨੂੰ ਵਧਾਉਂਦੀ ਹੈ। ਇਹ ਨਿੰਦਾ ਦਾ ਕਾਰਣ ਨਹੀਂ ਬਣਦੀ।ਬਦੀ ਕਾਰਨ ਹੀ ਨੇਕੀ ਦਾ ਅਹਿਸਾਸ ਹੁੰਦਾ ਹੈ।

### 2. ਭੌਤਿਕ ਬੁਰਾਈ (Physical Evil)

ਇਹ ਦੂਜੀ ਤਰ੍ਹਾਂ ਦੀ ਬੁਰਾਈ ਵਿਚ ਦੁੱਖਾਂ ਅਤੇ ਤਕਲੀਫਾਂ ਸਮੇਤ ਉਹ ਸਾਰੀਆਂ ਬੁਰਾਈਆਂ ਸ਼ਾਮਲ ਹਨ ਜਿਨ੍ਹਾਂ ਤੋਂ ਇਕ ਆਮ ਸਾਧਾਰਣ ਵਿਅਕਤੀ ਪੀੜਤ ਹੁੰਦਾ ਹੈ। ਇਹ ਭੌਤਿਕ ਬੁਰਾਈ ਬਹੁਤ ਦੇਰ ਤੱਕ ਰਹਿਣ ਵਾਲੀ ਨਹੀਂ ਹੁੰਦੀ ਜਿਵੇਂ ਕਿ ਆਮ ਲੋਕ ਵਿਸ਼ਵਾਸ ਕਰਦੇ ਹਨ। ਦੂਜੇ ਰੂਪ ਵਿਚ ਇਹ ਤਾਂ ਵਿਅਕਤੀ ਨੂੰ ਅੱਛਾਈ ਲੱਭਣ ਵਿੱਚ ਸਹਾਇਤਾ ਕਰਦੀ ਹੈ ਕਿਉਂਕਿ ਜੇ ਇਸ ਤਰ੍ਹਾਂ ਦੀ ਬੁਰਾਈ ਵਿਅਕਤੀ ਨੂੰ ਦੁੱਖ ਅਤੇ ਤਕਲੀਫ ਨਹੀਂ ਪਹੁੰਚਾਏਗੀ ਤਾਂ ਵਿਅਕਤੀ ਦੁਆਰਾ ਅੱਛਾਈ ਜਾਂ ਨੇਕੀ ਦੀ ਪਰਿਭਾਸ਼ਾ ਲੱਭ ਸਕਣੀ ਵੀ ਅਸੰਭਵ ਹੈ।

### 3. ਨੈਤਿਕ ਬੁਰਾਈ (Moral Evil)

ਲਾਇਬਨੀਜ਼ ਕਹਿੰਦਾ ਹੈ ਕਿ ਨੈਤਿਕ ਬੁਰਾਈ ਦੀ ਹੋਂਦ ਇਸ ਕਰਕੇ ਹੈ ਕਿਉਂਕਿ ਵਿਅਕਤੀ ਅਪੂਰਣ ਅਤੇ ਸੀਮਤ ਹੈ ਅਤੇ ਬੁਰਾਈ ਅਪੂਰਨਤਾ ਦਾ ਸੰਕੇਤ ਹੈ। ਇਥੇ ਲਾਇਬਨੀਜ਼ ਦੇ ਵਿਚਾਰ ਸਪਾਈਨੋਜ਼ਾ (Spinoza) ਨਾਲ ਮੇਲ ਖਾਂਦੇ ਪ੍ਰਤੀਤ ਹੁੰਦੇ ਹਨ। ਵਿਅਕਤੀ ਆਪਣੀ ਅਪੂਰਣਤਾ ਅਤੇ ਸੀਮਿਤ ਹੋਣ ਕਰਕੇ ਅਨੈਤਿਕ ਕੰਮਾਂ ਵੱਲ ਵਧੇਰੇ ਰੁਚਿਤ ਹੁੰਦਾ ਹੈ। ਲਾਇਬਨੀਜ਼ ਇਸ ਦਾ ਇਕ ਹੋਰ ਕਾਰਣ ਵਿਅਕਤੀ ਦੀ ਉਦੇਸ਼ ਵਿੱਚ ਕਮਜ਼ੋਰੀ ਅਤੇ ਗਿਆਨ ਦੀ ਘਾਟ ਨੂੰ ਸਵੀਕਾਰਦਾ ਹੈ। ਪਰ ਇਸ ਦਾ ਇਹ ਅਰਥ ਨਹੀਂ ਹੈ ਕਿ ਵਿਅਕਤੀ ਜਾਣ ਬੁਝ ਕੇ ਗਲਤ ਕੰਮ ਕਰੀ ਜਾਵੇ ਅਤੇ ਇਸ ਨੂੰ ਆਪਣੀ ਅਪੂਰਣਤਾ ਅਤੇ ਸੀਮਿਤ ਹੋਣ ਉਤੇ ਸੁੱਟੀ ਜਾਵੇ। ਇਸ ਤੋਂ ਬਚਣ ਦਾ ਇਕ ਰਾਹ ਲਾਇਬਨੀਜ਼ ਸਾਨੂੰ

ਇਹ ਦਸਦਾ ਹੈ ਕਿ ਨੈਤਿਕਤਾ ਦੇ ਖੇਤਰ ਵਿੱਚ ਵਿਅਕਤੀ ਇਸ ਗੱਲ ਲਈ ਸੁਤੰਤਰ ਹੈ ਕਿ ਉਸ ਨੇ ਕਿਹੜਾ ਕੰਮ ਕਰਨਾ ਹੈ, ਚੰਗਾ ਜਾਂ ਬੁਰਾ। ਇਸ ਤਰ੍ਹਾਂ ਨੈਤਿਕ ਬੁਰਾਈ ਸਿਧੇ ਤੌਰ ਤੇ ਨੈਤਿਕ ਨਿਯਮਾਂ ਦੀ ਉਲੰਘਣਾ ਹੈ। ਇਹ ਭੌਤਿਕ ਬੁਰਾਈ ਤੋਂ ਨਿਸ਼ਚਿਤ ਰੂਪ ਵਿਚ ਭਿੰਨ ਹੈ ਜੋ ਕਿ ਹੜ੍ਹ, ਭੂਚਾਲ ਆਦਿ ਦੁਆਰਾ ਆਉਂਦੀ ਹੈ। ਇਹ ਕੁਦਰਤੀ ਆਫਤਾਂ ਮਨੁੱਖੀ ਉਲੰਘਣਾਵਾਂ ਨਾਲ ਸਬੰਧਤ ਹਨ ਅਤੇ ਕੁਦਰਤੀ ਕਾਰਣਾਂ ਤੇ ਆਧਾਰਿਤ ਹਨ। ਇਹ ਵਿਅਕਤੀ ਲਈ ਬਹੁਤ ਗੰਭੀਰ ਸਮੱਸਿਆਵਾਂ ਲੈ ਕੇ ਆਉਂਦੀਆਂ ਹਨ ਜਿਨ੍ਹਾਂ ਲਈ ਕਿ ਮਨੁੱਖ ਖੁਦ ਜ਼ਿੰਮੇਵਾਰ ਨਹੀਂ ਹੁੰਦਾ। ਇਨ੍ਹਾਂ ਬਾਰੇ ਕੁਝ ਹੱਦ ਤੱਕ ਪਤਾ ਲਾਇਆ ਜਾ ਸਕਦਾ ਹੈ ਜਾਂ ਕੁਝ ਕੁ ਨਿਯੰਤਰਿਤ ਵੀ ਕੀਤੀਆਂ ਜਾ ਸਕਦੀਆਂ ਹਨ ਪਰ ਖਤਮ ਨਹੀਂ ਕੀਤੀਆਂ ਜਾ ਸਕਦੀਆਂ। ਦੂਜੇ ਪਾਸੇ ਮਨੁੱਖ ਸਿੱਧੇ ਤੌਰ ਤੇ ਨੈਤਿਕ ਬੁਰਾਈ ਲਈ ਜ਼ਿੰਮੇਵਾਰ ਹੁੰਦਾ ਹੈ ਅਤੇ ਉਹ ਇਨ੍ਹਾਂ ਨੂੰ ਰੋਕ ਵੀ ਸਕਦਾ ਹੈ। ਚੋਰੀ, ਕਤਲ ਆਦਿ ਜਿਹੇ ਜੁਰਮਾਂ ਨੂੰ ਨੈਤਿਕ ਬੁਰਾਈਆਂ ਦਾ ਨਾਂ ਦਿੱਤਾ ਗਿਆ ਹੈ ਅਤੇ ਇਨ੍ਹਾਂ ਜੁਰਮਾਂ ਨੂੰ ਹਰ ਸਮਾਜ ਵਿਚ ਸੰਵਿਧਾਨਕ ਤੌਰ ਤੇ ਸਜ਼ਾ ਦੁਆਰਾ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਨੈਤਿਕ ਬੁਰਾਈ ਅਤੇ ਜੁਰਮਾਂ ਦੀ ਤਿੰਨ ਵੱਖ ਵੱਖ ਰੂਪਾਂ ਵਿੱਚ ਤੁਲਨਾ ਕੀਤੀ ਜਾ ਸਕਦੀ ਹੈ।

### 1. ਨੈਤਿਕ ਬੁਰਾਈ ਅਤੇ ਗਲਤੀ (Moral Evil and Error)

ਨੈਤਿਕ ਬੁਰਾਈ ਬੌਧਿਕ ਗਲਤੀ ਤੋਂ ਭਿੰਨ ਹੈ। ਇਹ ਉਨ੍ਹਾਂ ਕਾਰਣਾਂ ਬਾਰੇ ਸੋਚਣ ਵਿਚ ਗਲਤੀ ਕਰਦੀ ਹੈ ਜੋ ਕਿ ਵਿਅਕਤੀ ਦੀਆਂ ਬੌਧਿਕ ਊਣਤਾਈਆਂ ਜਾਂ ਤਾਰਕਿਕ ਗਲਤੀਆਂ ਹੁੰਦੀਆਂ ਹਨ। ਇਹੋ ਜਿਹੀਆਂ ਗਲਤੀਆਂ ਨੈਤਿਕ ਨਿਰਣਿਆਂ ਵਿੱਚ ਵੀ ਹੋ ਜਾਂਦੀਆਂ ਹਨ ਜੋ ਕਿ ਗਲਤ ਕ੍ਰਿਆਵਾਂ ਨੂੰ ਜਨਮ ਦਿੰਦੀਆਂ ਹਨ। ਪਰ ਜੇ ਤਾਰਕਿਕ ਗਲਤੀਆਂ ਬੌਧਿਕ ਗਲਤੀਆਂ ਚੇਤੰਨ ਯਤਨਾਂ ਦੁਆਰਾ ਵਾਪਰਦੀਆਂ ਹਨ ਤਾਂ ਉਨ੍ਹਾਂ ਨੂੰ ਅਨੈਤਿਕ ਮੰਨਿਆ ਜਾਵੇਗਾ। ਪਰ ਇਥੇ ਨੈਤਿਕ ਬੁਰਾਈ ਕਿਸੇ ਤਰ੍ਹਾਂ ਦੀ ਗਲਤੀ ਨਹੀਂ ਹੈ ਬਲਕਿ ਲਾਪਰਵਾਹੀ ਦਾ ਨਤੀਜਾ ਹੈ ਜੋ ਕਿ ਜਾਣ ਬੁਝ ਕੇ ਨਹੀਂ ਕੀਤੀ ਗਈ ਕਿਉਂਕਿ ਨੈਤਿਕ ਬੁਰਾਈ ਉਲੰਘਣਾ ਨਾਲ ਸਬੰਧਤ ਹੈ।

### 2. ਨੈਤਿਕ ਬੁਰਾਈ ਅਤੇ ਪਾਪ (Moral Evil and Sin)

ਪਾਪ ਅਤੇ ਨੈਤਿਕ ਬੁਰਾਈ ਵੀ ਸਮਾਨ ਨਹੀਂ ਹਨ। ਪਾਪ ਇਕ ਗਲਤ ਕੰਮ ਹੈ ਜਦ ਕਿ ਨੈਤਿਕ ਬੁਰਾਈ ਇਕ ਉਲੰਘਣਾ। ਪਾਪ ਨਤੀਜੇ ਵਜੋਂ ਹੁੰਦਾ ਹੈ ਪਰ ਨੈਤਿਕ ਬੁਰਾਈ ਬੁੱਧੀ ਨਾਲ ਜਾਂ ਜਾਣ ਬੁਝ ਕੇ। ਇਸ ਤਰ੍ਹਾਂ ਨੈਤਿਕ ਬੁਰਾਈ ਔਗੁਣ ਤੋਂ ਭਿੰਨ ਹੈ। ਨੈਤਿਕ ਬੁਰਾਈ ਦੇ ਪਿਛੇ ਪ੍ਰੇਰਣਾਦਾਇਕ ਕਾਰਣਾਂ ਨੂੰ ਦੁਰਗੁਣ ਕਹਿੰਦੇ ਹਨ। ਇਹ ਚਰਿਤਰ ਵਿੱਚ ਦੋਸ਼ ਵਜੋਂ ਹੈ। ਪਾਪ ਇਸੇ ਦਾ ਨਤੀਜਾ ਹੁੰਦੇ ਹਨ। ਇਸੇ ਤਰ੍ਹਾਂ ਨੈਤਿਕ ਬੁਰਾਈ ਪਾਪ ਅਤੇ ਦੁਰਗੁਣ ਤੋਂ ਭਿੰਨ ਹੁੰਦੀ ਹੈ ਭਾਵੇਂ ਕਿ ਇਹ ਉਨ੍ਹਾਂ ਤੋਂ ਜੁਦਾ ਨਹੀਂ ਹੁੰਦੀ। ਅਸਲ ਵਿਚ ਨੈਤਿਕ ਬੁਰਾਈ, ਪਾਪ ਅਤੇ ਦੁਰਗੁਣ ਵਿਚ ਭਿੰਨਤਾ ਸਿਧਾਂਤਕ ਰੂਪ ਵਿਚ ਹੈ ਅਮਲੀ ਰੂਪ ਵਿਚ ਨਹੀਂ।

### 3. ਨੈਤਿਕ ਬੁਰਾਈ ਅਤੇ ਅਪਰਾਧ (Moral Evil and Crime)

ਨੈਤਿਕ ਬੁਰਾਈ ਅਪਰਾਧ ਤੋਂ ਵੀ ਭਿੰਨ ਹੈ। ਅਪਰਾਧ ਉਹ ਜੁਰਮ ਹਨ ਜੋ ਕਿ ਸਟੇਟ ਦੁਆਰਾ ਰੋਕੇ ਜਾਂਦੇ ਹਨ ਅਤੇ ਜਿਸ ਕੋਲ ਇਨ੍ਹਾਂ ਜੁਰਮਾਂ ਨੂੰ ਰੋਕਣ ਲਈ ਸੰਵਿਧਾਨਿਕ ਸ਼ਕਤੀ ਹੈ। ਇਸ ਤਰ੍ਹਾਂ ਸਟੇਟ ਦੇ ਹੁਕਮਾਂ ਦੀ ਉਲੰਘਣਾ ਬਹੁਤੀਆਂ ਸਟੇਟਾਂ ਵਿਚ ਇਕ ਜੁਰਮ ਹੈ। ਪਰ ਇਹ ਕੋਈ ਜ਼ਰੂਰੀ ਨਹੀਂ ਕਿ ਸਟੇਟ ਦੀ ਉਲੰਘਣਾ ਹਮੇਸ਼ਾਂ ਹੀ ਨੈਤਿਕ ਬੁਰਾਈ ਹੈ। ਇਹ ਕਿਸੇ ਕਿਸੇ ਸਮੇਂ ਨੈਤਿਕ ਸ਼ੁਭ ਵੀ ਹੋ ਸਕਦੇ ਹਨ।

ਬਦੀ ਨੂੰ ਧਰਮ-ਦਰਸ਼ਨ ਅਨੁਸਾਰ ਸੀਮਿਤ ਸੰਸਾਰ ਵਿੱਚ ਮਨੁੱਖ ਦੀ ਅਜ਼ਾਦ ਸੋਚ ਦਾ ਕਾਰਨ ਮੰਨਿਆ ਗਿਆ ਹੈ। ਇਸ ਦਾ ਆਪਣੇ ਆਪ ਵਿੱਚ ਕੋਈ ਅਸਤਿੱਤਵ ਨਹੀਂ ਹੈ, ਇਹ ਕੇਵਲ ਨੇਕੀ ਜਾਂ ਚੰਗਿਆਈ ਦੀ ਗੈਰ-ਮੌਜੂਦਗੀ ਦਾ ਸਿੱਟਾ ਹੈ। ਬੌਧਿਕ ਖੇਤਰ ਵਿੱਚ ਇਸਨੂੰ ਗਲਤੀ ਜਾਂ ਕਿਸੇ ਘਾਟ ਦਾ ਕਾਰਨ ਮੰਨਿਆ ਗਿਆ ਹੈ। ਭਾਰਤ ਵਿੱਚ ਅਦਵੈਤ-ਵੇਦਾਂਤ ਵਾਲਿਆਂ ਨੇ ਬਦੀ ਨੂੰ ਮਾਯਾ, ਅਵਿਦਿਆ ਅਤੇ ਅਗਿਆਨ ਦਾ ਰੂਪ ਕਿਹਾ ਹੈ। ਪਲੈਟੋ ਇਸ ਨੂੰ ਸ਼ੁਭ ਦੀ ਅਣਹੋਂਦ ਮੰਨਦਾ ਹੈ। ਅਰਸਤੂ ਇਸ ਨੂੰ ਨੈਤਿਕ ਨਿਰਣੇ ਦੀ ਘਾਟ ਦਸਦਾ ਹੈ। ਸੰਤ ਆਗਸਤੀਨ (St. Augustin) ਬੁਰਾਈ ਵਿੱਚ ਸ਼ਾਂਤੀ ਦੀ ਅਣਹੋਂਦ ਵੇਖਦਾ ਹੈ। ਥਾਮਸ (St. Thomas) ਬੁਰਾਈ ਨੂੰ ਸੁੰਦਰਤਾ ਦਾ ਨਾਕਾਰਾਤਮਕ ਪੱਖ ਮੰਨਦਾ ਹੈ। ਇਹ ਸਾਰੀਆਂ ਹੀ ਪਰਿਭਾਸ਼ਾਵਾਂ ਇਸ ਗੱਲ ਵੱਲ ਸੰਕੇਤ ਕਰਦੀਆਂ ਹਨ ਕਿ ਬਦੀ ਜਾਂ ਬੁਰਾਈ ਹਰ ਉਸ ਚੀਜ਼ ਵਿੱਚ ਵੇਖੀ ਜਾ ਸਕਦੀ ਹੈ ਜਿਥੇ ਤੱਕ ਇਕ ਵਿਅਕਤੀ ਤਰਕ ਦੇ ਦੁਆਰਾ ਪਹੁੰਚ ਸਕਦਾ ਹੈ। ਜਦੋਂ ਵਿਅਕਤੀ ਨੂੰ ਸ਼ੁਭ ਜਾਂ ਨੇਕੀ ਬਾਰੇ ਪਤਾ ਲਗਦਾ ਹੈ ਅਤੇ ਉਹ ਇਸ ਬਾਰੇ ਗਿਆਨ ਪ੍ਰਾਪਤ ਕਰਦਾ ਹੈ ਤਾਂ ਉਸ ਨੂੰ ਹਰ ਚੀਜ਼ ਜਿਸ ਵਿੱਚ ਨੇਕੀ ਦੀ ਅਣਹੋਂਦ ਦਾ ਪਤਾ ਲਗਦਾ ਹੈ। ਆਪਣੇ ਆਪ ਬੁਰਾਈ ਦਾ ਸੰਕੇਤ ਦੇ ਦਿੰਦੀ ਹੈ ਹੁਣ ਭਾਵੇਂ ਦੁਨੀਆਂ ਦਾ ਕੋਈ ਵੀ ਵਿਅਕਤੀ ਇਸ ਗੱਲ ਤੋਂ ਇਨਕਾਰ ਕਰੀ ਜਾਵੇ ਕਿ ਬੁਰਾਈ ਦੀ ਕੋਈ ਹੋਂਦ ਨਹੀਂ ਹੈ ਪਰ ਜਦੋਂ ਉਸ ਵਿੱਚ ਸੋਚਣ ਸ਼ਕਤੀ ਦਾ ਜ਼ਰਾ ਜਿੰਨਾ ਵੀ ਅੰਸ਼ ਪ੍ਰਫੁਲਤ ਹੋ ਗਿਆ ਤਾਂ ਉਹ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕੇਗਾ। ਇਸ ਬੁਰਾਈ ਨੂੰ ਅਸੀਂ ਤਾਂ ਕੇਵਲ ਉਦੋਂ ਹੀ ਵੇਖ ਸਕਦੇ ਹਾਂ ਜਦੋਂ ਸਾਡੇ ਅੰਦਰ ਅਨੁਭਵ ਕਰਨ ਦੀ ਸਮਰੱਥਾ ਪੈਦਾ ਹੋ ਜਾਂਦੀ ਹੈ ਅਤੇ ਇਹ ਸਮਰੱਥਾ ਵਿਅਕਤੀ ਦੇ ਜਨਮ ਵੇਲੇ ਹੀ ਨਹੀਂ ਪੈਦਾ ਹੋ ਸਕਦੀ ਜਿਵੇਂ ਡੇਕਾਰਾਟ (Descartes) ਕਹਿੰਦਾ ਹੈ ਵਿਅਕਤੀ ਦੇ ਜਨਮ ਤੋਂ ਹੀ ਉਸ ਵਿਚ ਜਮਾਂਦਰੂ ਵਿਚਾਰ (Innate Ideas) ਪਾਏ ਜਾਂਦੇ ਹਨ। ਇਸ ਲਈ ਜੇ ਇਹ ਗੱਲ ਠੀਕ ਹੈ ਤਾਂ ਬੁਰਾਈ ਵੀ ਜਨਮ ਤੋਂ ਹੀ ਉਸ ਦੇ ਮਨ ਵਿੱਚ ਹੋਣੀ ਚਾਹੀਦੀ ਸੀ ਪਰ ਇਸ ਗੱਲ ਦੀ ਜਨਮ ਸਮੇਂ ਅਣਹੋਂਦ ਬਿਲਕੁਲ ਸਪੱਸ਼ਟ ਹੈ ਅਤੇ ਵਿਅਕਤੀ

ਦੇ ਮਨ ਵਿੱਚ ਜੋ ਵੀ ਬੁਰੀਆਂ ਆਦਤਾਂ ਪਾਈਆਂ ਜਾਂਦੀਆਂ ਹਨ ਅਤੇ ਜੋ ਉਸ ਦੀ ਸਖਸ਼ੀਅਤ ਨੂੰ ਵੀ ਸਮੇਂ ਸਮੇਂ ਪ੍ਰਭਾਵਿਤ ਕਰਦੀਆਂ ਹਨ ਜਿਨ੍ਹਾਂ ਸਦਕਾ ਵਿਅਕਤੀ ਨੂੰ ਕਈ ਵਾਰੀ ਬਦਨਾਮੀ ਵੀ ਝਲਣੀ ਪੈਂਦੀ ਹੈ, ਉਹ ਸਾਰੀਆਂ ਆਦਤਾਂ ਵਿਅਕਤੀ ਆਪਣੇ ਆਲੇ-ਦੁਆਲੇ ਤ੍ਰੋ ਸਿੱਖਦਾ ਹੈ ਜੋ ਉਸ ਦੇ ਨਵੇਂ ਅਨੁਭਵਾਂ ਦਾ ਨਤੀਜਾ ਹੁੰਦੀਆਂ ਹਨ। ਇਸ ਤਰ੍ਹਾਂ ਇਹ ਮੰਨਣਾ ਵੀ ਠੀਕ ਹੀ ਹੋਵੇਗਾ ਕਿ ਬੁਰਾਈ ਭੌਤਿਕ, ਜੈਵਿਕ ਅਤੇ ਬੌਧਿਕ ਪੱਧਰ ਤੇ ਹੀ ਪੈਦਾ ਹੁੰਦੀ ਹੈ। ਇਸ ਪੱਧਰ ਉਤੇ ਬੁਰਾਈ ਨੂੰ ਚੰਗਿਆਈ ਦੀ ਅਣਹੋਂਦ ਦਾ ਨਾਂ ਦਿੱਤਾ ਜਾਂਦਾ ਹੈ। ਜਦੋਂ ਵਿਅਕਤੀ ਅੱਛਾਈ ਦਾ ਰਸਤਾ ਫੜ ਸਕਦਾ ਹੈ ਤਾਂ ਨਾਲ ਹੀ ਉਹ ਨੈਤਿਕ ਸ਼ੁਭ ਵੱਲ ਵੀ ਮੁੜ ਸਕਦਾ ਹੈ। ਇਸ ਤਰ੍ਹਾਂ ਜੇ ਬੁਰਾਈ ਬਿਲਕੁਲ ਹੀ ਨਾ ਹੋਵੇ ਤਾਂ ਅਸੀਂ ਅੱਛਾਈ ਦੀ ਪਛਾਣ ਵੀ ਨਹੀਂ ਕਰ ਸਕਾਂਗੇ ਅਤੇ ਵਿਅਕਤੀ ਇਸ ਕਰਕੇ ਅੱਛਾਈ ਦੀ ਪਛਾਣ ਕਰ ਸਕਦਾ ਹੈ ਜੇਕਰ ਨਾਲ ਬੁਰਾਈ ਦੀ ਹੋਂਦ ਵੀ ਮੌਜੂਦ ਹੈ। ਇਕ ਵਾਰ ਜਦੋਂ ਵਿਅਕਤੀ ਬੁਰਾਈ ਦਾ ਸੁਆਦ ਚਖ ਲੈਂਦਾ ਹੈ ਤਾਂ ਉਸ ਨੂੰ ਅੱਛਾਈ ਦੀ ਕੀਮਤ ਦਾ ਵੀ ਪਤਾ ਲਗ ਜਾਂਦਾ ਹੈ। ਇਹ ਬੁਰਾਈ ਹੀ ਹੈ ਜੋ ਵਿਅਕਤੀ ਨੂੰ ਅਸ਼ੁਭ ਤੋਂ ਸ਼ੁਭ ਵਲ ਮੋੜਨ ਵਿੱਚ ਸਹਾਇਤਾ ਕਰਦੀ ਹੈ। ਬੁਰਾਈ ਹਮੇਸ਼ਾਂ ਹੀ ਵਿਅਕਤੀ ਨੂੰ ਮਾਨਸਿਕ, ਸਰੀਰਕ ਅਤੇ ਬੌਧਿਕ ਤਕਲੀਫਾਂ ਪ੍ਰਦਾਨ ਕਰਦੀ ਰਹਿੰਦੀ ਹੈ ਅਤੇ ਵਿਅਕਤੀ ਹਮੇਸ਼ਾਂ ਹੀ ਇਸ ਦਵੰਦ ਵਿਚ ਫਸਿਆ ਨਜ਼ਰ ਆਉਂਦਾ ਹੈ ਕਿ ਉਹ ਕਿਵੇਂ ਪਛਾਣ ਕਰੇ ਕਿ ਕੋਈ ਚੀਜ਼ ਸ਼ੁਭ ਹੈ ਜਾਂ ਅਸ਼ੁਭ। ਇਸ ਨੂੰ ਉਹ ਕਿਸੇ ਕਸੌਟੀ ਤੇ ਪਰਖਣਾ ਚਾਹੁੰਦਾ ਹੈ ਤਾਂ ਕਿ ਬੁਰਾਈ ਤੋਂ ਬਚਿਆ ਜਾ ਸਕੇ। ਇਸ ਲਈ ਆਮ ਵਿਸ਼ਵਾਸੀ ਵਿਅਕਤੀ ਪੀਰਾਂ, ਪੈਗੰਬਰਾਂ ਅਤੇ ਧਰਮ ਅਤੇ ਧਰਮ-ਗ੍ਰੰਥਾਂ ਦਾ ਸਹਾਰਾ ਲੈਣ ਦੀ ਕੋਸ਼ਿਸ਼ ਵਿਚ ਲੱਗਾ ਰਹਿੰਦਾ ਹੈ ਅਤੇ ਇਕ ਦਾਰਸ਼ਨਿਕ ਇਨ੍ਹਾਂ ਤੋਂ ਇਲਾਵਾ ਆਪਣੀ ਬੁੱਧੀ ਅਤੇ ਆਪਣੇ ਅਨੁਭਵ ਦਾ ਵੀ ਇਸਤੇਮਾਲ ਕਰਦਾ ਹੈ ਤਾਂ ਕਿ ਹਮੇਸ਼ਾ ਹੀ ਸ਼ੁਭ ਵੱਲ ਮੂੰਹ ਰੱਖਿਆ ਜਾ ਸਕੇ ਅਤੇ ਬਦੀ ਤੋਂ ਆਪਣਾ ਬਚਾਅ ਕੀਤਾ ਜਾ ਸਕੇ।

### ਨੇਕੀ ਅਤੇ ਬਦੀ (Good and Evil) ਦੇ ਪ੍ਰਭਾਵ

ਹੁਣ ਤੱਕ ਤਾਂ ਅਸੀਂ ਸਿਰਫ ਇਹ ਵੇਖ ਰਹੇ ਸੀ ਕਿ ਨੇਕੀ ਕੀ ਹੈ ਅਤੇ ਬਦੀ ਕੀ ਹੈ ਅਤੇ ਇਨ੍ਹਾਂ ਦੀਆ ਕੀ ਪਰਿਭਾਸ਼ਾਵਾ ਹਨ। ਹੁਣ ਅਸੀਂ ਵੇਖਾਂਗੇ ਕਿ ਨੇਕੀ ਅਤੇ ਬਦੀ ਜਾਂ ਅੱਛਾਈ ਅਤੇ ਬੁਰਾਈ ਜਾਂ ਸ਼ੁਭ ਅਤੇ ਅਸ਼ੁਭ ਵਿਅਕਤੀ ਦੇ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ ਅਤੇ ਸਮਾਜ ਵਿੱਚ ਇਨ੍ਹਾਂ ਦਾ ਕੀ ਮਹੱਤਵ ਹੈ ? ਇਹ ਇਕ ਦੂਜੇ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ ? ਆਦਿ। ਜਿਵੇਂ ਕਿ ਅਸੀਂ ਪਿਛੇ ਵੀ ਦੇਖ ਚੁਕੇ ਹਾਂ ਕਿ ਬੁਰਾਈ ਦਾ ਸਬੰਧ ਅੱਛਾਈ ਨਾਲ ਹੁੰਦਾ ਹੈ ਅਤੇ ਜਦੋਂ ਅਸੀਂ ਨੇਕੀ ਦੇ ਪੱਖ ਵੱਲ ਝਾਤ ਮਾਰਦੇ ਹਾਂ ਤਾਂ ਸਾਡਾ ਧਿਆਨ ਆਪਣੇ ਆਪ ਹੀ ਬਦੀ ਵੱਲ ਚਲਾ ਜਾਂਦਾ ਹੈ। ਸਭਿਆਚਾਰ ਅਤੇ ਸਮਾਜ ਦੀ ਇਸ ਪ੍ਰਣਾਲੀ ਵਿੱਚ ਨੇਕੀ ਅਤੇ ਬਦੀ ਮਨੁੱਖੀ ਸੋਚ ਅਤੇ ਵਿਵਹਾਰ ਦੇ ਪ੍ਰਗਟਾਵੇ ਨਾਲ ਸਬੰਧ ਰਖਦੇ ਹਨ। ਧਾਰਮਿਕ ਚੇਤਨਾ ਦੁਆਰਾ ਨੇਕੀ ਅਤੇ ਬਦੀ ਦੇ ਨੇੜੇ ਦੇ ਸਬੰਧ ਨੂੰ ਅਨੁਭਵ ਵੀ ਕੀਤਾ ਜਾ ਸਕਦਾ ਹੈ। ਇਸ ਨੇਕੀ ਅਤੇ ਬਦੀ ਦੇ ਸੰਘਰਸ਼ ਵਿੱਚ ਮਨੁੱਖ ਹਮੇਸ਼ਾਂ ਤੋਂ ਹੀ ਧਰਮ ਗ੍ਰੰਥਾਂ ਅਤੇ ਧਾਰਮਿਕ ਵਿਅਕਤੀਆਂ ਦਾ ਓਟ-ਆਸਰਾ ਲੈਂਦਾ ਆਇਆ ਹੈ। ਪੁਰਾਤਨ ਜਾਂ ਪ੍ਰਾਚੀਨ ਮਨੁੱਖੀ ਨੇਕੀ ਅਤੇ ਬਦੀ ਨੂੰ ਦੈਵੀ ਤਾਕਤਾਂ ਦੇ ਰੂਪ ਵਿੱਚ ਵੇਖਦਾ ਆਇਆ ਹੈ ਅਤੇ ਬੁਰੀਆਂ ਤਾਕਤਾਂ ਤੋਂ ਬਚਣ ਲਈ ਉਹ ਕਈ ਤਰ੍ਹਾਂ ਦੇ ਉਪਾਅ ਵੀ ਕਰਦਾ ਸੀ ਅਤੇ ਇਨ੍ਹਾਂ ਤੋਂ ਬਚਣ ਲਈ ਉਹ ਦੇਵਤਿਆਂ ਦੀ ਪੂਜਾ, ਮੰਤਰਾਂ ਦਾ ਉਚਾਰਣ, ਸੰਸਕਾਰੀ ਰਸਮੀ ਬਲੀਆਂ ਅਤੇ ਅਜਿਹੇ ਹੀ ਹੋਰ ਬਹੁਤ ਸਾਰੇ ਸਾਧਨਾਂ ਦਾ ਇਸਤੇਮਾਲ ਕਰਦਾ ਸੀ। ਪ੍ਰਾਚੀਨ ਸਮਾਜ ਵਿੱਚ ਪ੍ਰੋਹਤ, ਵੈਦ ਤੇ ਦਾਰਸ਼ਨਿਕ ਦਾ ਸਥਾਨ ਜਾਦੂਗਰ ਤੇ ਜਾਦੂਈ ਹਕੀਮ ਆਦਿ ਨੇ ਸਾਂਭਿਆ ਹੋਇਆ ਸੀ। ਪ੍ਰਾਚੀਨ ਈਰਾਨੀਆਂ ਨੇ ਚੰਗਿਆਈ ਅਤੇ ਬੁਰਿਆਈ ਦੀ ਟੱਕਰ ਦੇ ਪ੍ਰਾਚੀਨ ਮਿੱਥ ਨੂੰ ਅਹੁਰਮਜ਼ਦਾ ਅਤੇ ਐਂਗਰਮੈਨਯੂ ਦੇ ਸੰਕੇਤ ਰਾਹੀਂ ਪ੍ਰਗਟਾਇਆ ਹੈ, ਇਕ ਇਕ ਵਿਚਾਰ ਦਾਰਸ਼ਨਿਕ ਮਿੱਥ ਹੈ। ਇਸੇ ਤਰ੍ਹਾਂ ਸਵਰਗ ਅਤੇ ਨਰਕ ਵੀ ਮਿਥ ਖਿਆਲ ਕੀਤੇ ਜਾਦੇ ਹਨ। ਪ੍ਰਾਚੀਨ ਸਮੇਂ ਵਿੱਚ ਇਹ ਸਮਝਿਆ ਜਾਦਾ ਸੀ ਕਿ ਜੋ ਵੀ ਦੁੱਖ, ਤਕਲੀਫ, ਘਾਟਾ, ਨਿਰਾਸ਼ਾ ਆਦਿ ਪਾਈ ਜਾਂਦੀ ਹੈ ਅਤੇ ਜੋ ਵਿਅਕਤੀ ਨੂੰ ਨੇਕ ਕੰਮ ਕਰਨ ਤੋਂ ਰੋਕਦੀ ਹੈ, ਇਹ ਸਭ ਕੁਝ ਬੁਰੀਆ ਤਾਕਤਾਂ ਦੇ ਪ੍ਰਭਾਵ ਕਾਰਨ ਹੀ ਹੈ। ਪਰ ਜਿਉਂ ਹੀ ਵਿਅਕਤੀ ਵਿੱਚ ਸੋਚਣ ਸ਼ਕਤੀ ਦਾ ਅੰਸ਼ ਪ੍ਰਬਲ ਹੋਇਆ ਤਾਂ ਉਹ ਬਹੁਦੇਵਵਾਦ ਤੋਂ ਇਕ ਦੇਵਵਾਦ ਵੱਲ ਮੁੜ ਪਿਆ ਅਤੇ ਨੇਕੀ ਅਤੇ ਬਦੀ ਦੀ ਸਮੱਸਿਆ ਹੁਣ ਧਾਰਮਿਕ ਦਾਰਸ਼ਨਿਕਾਂ ਦਾ ਕੇਂਦਰ ਬਿੰਦੂ ਬਣ ਗਈ। ਇਨ੍ਹਾਂ ਨੇ ਸ੍ਰਿਸ਼ਟੀ ਵਿੱਚ ਜੋ ਵੀ ਭੌਤਿਕ ਅਤੇ ਅਧਿਆਤਮਕ ਸਮਰੂਪਤਾ ਵੇਖੀ ਉਸ ਨੂੰ ਇਨ੍ਹਾਂ ਨੇ ਸ਼ੁਭ ਤੱਤਾਂ ਦੇ ਕਾਰਣ ਹੀ ਮੰਨਿਆ ਹੈ। ਹੁਣ ਪ੍ਰਸ਼ਨ ਇਹ ਉਠਦਾ ਹੈ ਕਿ ਜੇ ਇਹ ਸਮਰੂਪਤਾ ਸ਼ੁਭ ਤੱਤਾਂ ਦਾ ਸੁਮੇਲ ਹੈ ਤਾਂ ਫਿਰ ਇਸ ਨੂੰ ਭਿੰਨ ਭਿੰਨ ਕਰਨ ਵਾਲਾ ਕੌਣ ਹੈ ਅਤੇ ਕਿਸ ਨੇ ਵਿਅਕਤੀ ਦੀ ਜਿੰਦਗੀ ਵਿਚ ਬੁਰਾਈ ਦਾ ਅੰਸ਼ ਪੈਦਾ ਕੀਤਾ। ਇਕ ਆਮ ਸਾਧਾਰਨ ਧਾਰਮਿਕ ਵਿਅਕਤੀ ਜੋ ਇਸ ਗੱਲ ਵਿੱਚ ਵਿਸ਼ਵਾਸ ਕਰਦਾ ਹੈ ਕਿ ਪਰਮਾਤਮਾ ਸਰਵ ਸ਼ਕਤੀਮਾਨ ਅਤੇ ਸਰਵ ਵਿਆਪਕ ਹੈ ਉਸ ਦਾ ਇਹ ਵਿਸ਼ਵਾਸ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਸੰਸਾਰ ਵਿਚ ਜੋ ਵੀ ਬਦੀ ਜਾਂ ਬੁਰਾਈ ਹੈ ਉਸ ਨੂੰ ਪਰਮਾਤਮਾ ਦੀ ਕਿਰਪਾ ਦੁਆਰਾ ਨਿਯੰਤਰਿਤ ਕੀਤਾ ਜਾ ਸਕਦਾ ਹੈ ਕਿਉਂਕਿ ਪਰਮਾਤਮਾ ਹਮੇਸ਼ਾਂ ਆਪਣੀ ਸ੍ਰਿਸ਼ਟੀ ਦੀ ਰੱਖਿਆ ਕਰਦਾ ਹੈ ਅਤੇ ਉਸ ਦੀ ਅਧਿਆਤਮਿਕ ਤਾਕਤ ਹੀ ਸਰਵੋਤਮ ਹੈ। ਪਰ ਇਹ ਵਿਸ਼ਵਾਸ ਸਮੱਸਿਆ ਦਾ ਮੂਲ ਹੱਲ ਨਹੀਂ ਹੈ। ਮੱਧ ਯੁੱਗ ਵਿੱਚ ਇਸ ਨੈਤਿਕ ਬੁਰਾਈ ਨੂੰ ਵਿਅਕਤੀ ਦੀ ਆਜ਼ਾਦੀ ਨਾਲ ਜੋੜਿਆ ਗਿਆ ਅਤੇ ਪਰਮਾਤਮਾ ਨੂੰ ਇਸ ਪਾਸੇ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਰੱਬ ਸੰਸਾਰ ਵਿਚਲੀ ਬੁਰਾਈ ਦਾ ਮੁੱਢ ਨਹੀਂ ਹੈ। ਇਹ ਕਿਹਾ ਜਾਂਦਾ ਰਿਹਾ ਹੈ ਕਿ ਵਿਅਕਤੀ ਸ਼ੁਰੂ ਵਿੱਚ ਸ਼ੁਭ ਸੰਸਕਾਰਾਂ ਸਹਿਤ ਪੈਦਾ ਹੁੰਦਾ ਹੈ ਪਰ ਉਸ ਵਿੱਚ ਮੌਜੂਦ ਇਹ ਬੁਰਾਈ

ਉਸ ਦੀ ਅਜ਼ਾਦ ਸੋਚ ਦਾ ਨਤੀਜਾ ਹੈ। ਮਨੋਵਿਗਿਆਨਕ ਤੌਰ ਤੇ ਇਸ ਸਮੱਸਿਆ ਦਾ ਹੋਰ ਸਧਾਰਣੀਕਰਨ ਕਰਦੇ ਹੋਏ ਕਿਹਾ ਗਿਆ ਹੈ ਕਿ ਬੁਰਾਈ ਜਮਾਂਦਰੂ ਝੁਕਾਅ ਕਰਕੇ ਪੈਦਾ ਹੁੰਦੀ ਹੈ। ਪਰ ਇਹ ਮਨੁੱਖੀ ਸੋਚ ਅਤੇ ਨਿਰਣੇ ਕਰਕੇ ਹੀ ਹੈ ਕਿ ਉਹ ਨੇਕੀ ਅਤੇ ਬਦੀ ਵਿਚ ਭਿੰਨਤਾ ਕਰਦਾ ਹੋਇਆ ਇਸ ਦੇ ਵਧਣ ਫੁਲਣ ਬਾਰੇ ਪਤਾ ਲਾ ਸਕਦਾ ਹੈ, ਭਾਵੇਂ ਕਿ ਮਨੋਵਿਗਿਆਨਕ ਕਾਰਣਾਂ ਕਰਕੇ ਉਸ ਦਾ ਝੁਕਾਅ ਪਾਪਾਂ ਜਾਂ ਬੁਰਾਈ ਵੱਲ ਹੀ ਕਿਉਂ ਨਾ ਹੋਵੇ। ਇਸ ਤਰ੍ਹਾਂ ਬੁਰਾਈ ਉਤੇ ਕਾਬੂ ਪਾਉਣ ਦਾ ਇਕੋ ਹੀ ਤਰੀਕਾ ਸਫਲ ਹੋ ਸਕਦਾ ਹੈ, ਕਿ ਸਭਿਆਚਾਰਕ, ਚੇਤਨੰਤਾ, ਸਮਾਜਿਕ ਭਾਈਚਾਰੇ ਨੂੰ ਪ੍ਰਫੁਲਤ ਅਤੇ ਮਜ਼ਬੂਤ ਕੀਤਾ ਜਾਵੇ ਅਤੇ ਵਿਅਕਤੀ ਅੰਦਰ ਸਮਾਜਿਕ ਜ਼ਿੰਮੇਵਾਰੀ ਅਤੇ ਨੈਤਿਕ ਮਾਪ ਦੰਡਾਂ ਬਾਰੇ ਸਮਝ ਨੂੰ ਉਜਾਗਰ ਕੀਤਾ ਜਾਵੇ। ਭਾਰਤੀ ਇਕ ਤੱਤਵਾਦੀ (Monist) ਵਿਅਕਤੀ ਨੂੰ ਬਦੀ ਲਈ ਜ਼ਿੰਮੇਵਾਰ ਠਹਿਰਾਉਂਦੇ ਹਨ। ਉਹ ਨੇਕੀ ਅਤੇ ਬਦੀ ਨੂੰ ਗਿਆਨ ਅਤੇ ਅਗਿਆਨ ਦਾ ਕਾਰਣ ਮੰਨਦੇ ਹਨ। ਉਹ ਕਹਿੰਦੇ ਹਨ ਕਿ ਜਿਥੇ ਅਗਿਆਨਤਾ ਹੈ ਉਥੇ ਬਦੀ ਅਤੇ ਦੁੱਖ ਹਨ ਅਤੇ ਜਦੋਂ ਬੱਚੇ ਨੂੰ ਗਿਆਨ ਪ੍ਰਾਪਤ ਹੋ ਜਾਂਦਾ ਹੇ ਤਾਂ ਦੁੱਖ ਅਤੇ ਬਦੀ ਅਲੋਪ ਹੋ ਜਾਂਦੇ ਹਨ। ਹਿੰਦੂ ਧਰਮ ਦੀ ਵੇਦ ਸੰਸਕ੍ਰਿਤੀ ਵਿੱਚ ਵਿਸ਼ਵਾਸ ਨਾ ਰੱਖਣ ਵਾਲੇ ਬੁੱਧ ਦਾ ਵਿਚਾਰ ਹੈ ਕਿ ਜਦੋਂ ਨਿਰਵਾਣ (Nirvan) ਦੀ ਪ੍ਰਾਪਤੀ ਹੁੰਦੀ ਹੈ ਤਾਂ ਜੀਵ ਦੁੱਖਾਂ, ਤਕਲੀਫਾਂ ਅਤੇ ਬੁਰਾਈਆਂ ਤੋਂ ਮੁਕਤ ਹੋ ਜਾਂਦਾ ਹੈ।

ਕੁਦਰਤੀ ਬੁਰਾਈ ਅਤੇ ਨੈਤਿਕ ਬੁਰਾਈ ਵਿੱਚ ਵੀ ਭਿੰਨਤਾ ਕੀਤੀ ਗਈ ਹੈ। ਧਰਮ-ਸ਼ਾਸਤਰੀ ਵਿਸ਼ਵਾਸ ਕਰਦੇ ਹਨ ਕਿ ਨੈਤਿਕ ਬੁਰਾਈ ਪਹਿਲਾਂ ਆਈ ਹੈ ਅਤੇ ਕੁਦਰਤੀ ਬੁਰਾਈ ਮਨੁੱਖ ਦੀ ਅਵਿੱਗਿਆ ਦੇ ਜੁਰਮਾਨੇ ਵਜੋਂ ਹੈ। ਕੱਟੜਪੰਥੀ ਈਸਾਈ ਇਹ ਵਿਸ਼ਵਾਸ ਕਰਦੇ ਹਨ ਕਿ ਮੌਤ ਅਤੇ ਸਾਰੇ ਦੁਖ ਵਿਅਕਤੀ ਦੀ ਪਹਿਲੀ ਅਵੱਗਿਆ ਦਾ ਨਤੀਜਾ ਹਨ। ਵਿਅਕਤੀ ਨੈਤਿਕ ਬੁਰਾਈ ਲਈ ਜ਼ਿੰਮੇਵਾਰ ਹੈ ਕਿਉਂਕਿ ਨੈਤਿਕ ਬੁਰਾਈ ਵਿਅਕਤੀ ਦੀਆਂ ਚੇਤੰਨ ਕ੍ਰਿਆਵਾਂ ਦਾ ਨਤੀਜਾ ਹੁੰਦੀ ਹੈ। ਨੈਤਿਕ ਬੁਰਾਈ ਕੇਵਲ ਉਦੋਂ ਹੀ ਪੈਦਾ ਹੁੰਦੀ ਹੈ ਜਦੋਂ ਇਕ ਚੇਤੰਨ ਆਤਮਾ ਆਪਣੇ ਆਪ ਨੂੰ ਕੁਦਰਤੀ ਇਛਾਵਾਂ ਤੋਂ ਭਿੰਨ ਕਰਨ ਦਾ ਯਤਨ ਕਰਦੀ ਹੈ। ਆਸ਼ਾਵਾਦੀ ਇਸ ਗੱਲ ਵਿਚ ਵਿਸ਼ਵਾਸ ਕਰਦੇ ਹਨ ਕਿ ਸੰਸਾਰ ਤਾਂ ਸ਼ੁਭ ਅਤੇ ਨੇਕ ਹੈ ਅਤੇ ਬੁਰਾਈ ਇਸ ਵਿੱਚ ਸ਼ੁਭ ਦੀ ਸਹਾਇਕ ਹੈ। ਨਿਰਾਸ਼ਾਵਾਦੀ ਕਹਿੰਦੇ ਹਨ ਇਹ ਸੰਸਾਰ ਵਧੀਆ ਰਚਨਾ ਨਹੀਂ ਹੈ।

ਬੁਰਾਈ ਨੇਕੀ ਨੂੰ ਅਰਥ ਪ੍ਰਦਾਨ ਕਰਨ ਲਈ ਪੈਦਾ ਹੁੰਦੀ ਹੈ ਕਿਉਂਕਿ ਦੋਵੇਂ ਇਕ ਦੂਜੇ ਦੇ ਪੂਰਕ ਹਨ। ਨੇਕੀ ਅਤੇ ਬਦੀ ਵਿਅਕਤੀ ਦੀ ਜ਼ਿੰਦਗੀ ਅਤੇ ਅਨੁਭਵ ਦੇ ਦੋ ਪੱਖ ਹਨ। ਨੇਕੀ ਅਤੇ ਬਦੀ ਵਿਚ ਭਿੰਨਤਾ ਦਾ ਸਮਾਜਿਕ ਮਹੱਤਵ ਹੈ ਅਤੇ ਇਹ ਵਿਅਕਤੀ ਦੇ ਵਿਚਾਰ ਦਾ ਜ਼ਰੂਰੀ ਅੰਗ ਵੀ ਹਨ। ਪਰ ਇਸ ਦੇ ਬਾਵਜੂਦ ਵੀ ਬਦੀ ਨੂੰ ਨਕਾਰਿਆ ਗਿਆ ਹੈ ਅਤੇ ਇਸ ਤੋਂ ਬਚਣ ਅਤੇ ਦੂਰ ਰਹਿਣ ਲਈ ਵਾਰ ਵਾਰ ਕਿਹਾ ਗਿਆ ਹੈ ਕਿਉਂਕਿ ਇਹ ਵਿਅਕਤੀ ਵਿੱਚ ਨਿਖੇਧਾਤਕ ਵਿਵਹਾਰ ਨੂੰ ਜਨਮ ਦਿੰਦੀ ਹੈ ਅਤੇ ਸ਼ੁਭ ਰਸਤੇ ਤੋਂ ਭਟਕਾ ਦਿੰਦੀ ਹੈ। ਸ਼ੈਕਸਪੀਅਰ ਇਸ ਬਦੀ ਨੂੰ ਮੂਰਖਤਾ ਦਸਦਾ ਹੋਇਆ ਕਹਿੰਦਾ ਹੈ ਕਿ ਮੂਰਖਤਾ ਤੋਂ ਵਧ ਕੇ ਕੋਈ ਹਨੇਰਾ ਨਹੀਂ, ਸਾਰੀ ਬੁਰਾਈ ਮੂਰਖਤਾ ਵਿੱਚ ਹੈ, ਇਸ ਵਾਸਤੇ ਬੁਰਾਈ ਮਨ ਦੀ ਡੂੰਘੀ ਹਨੇਰੀ ਅਵਸਥਾ ਹੈ। ਬੁਰਾਈ ਨੂੰ ਦੂਰ ਕਰਨ ਨਾਲ ਮਨ ਵਿਚ ਆਤਮਿਕ ਰੌਸ਼ਨੀ ਆਉਂਦੀ ਹੈ। ਬੁਰਾਈ ਭਲਾਈ ਦਾ ਉਲਟ ਹੈ ਅਤੇ ਰੌਸ਼ਨੀ ਨਾ ਹੋਣ ਦਾ ਨਾਮ ਹਨੇਰਾ ਹੈ, ਕੇਵਲ ਰੌਸ਼ਨੀ ਦੀ ਹੋਂਦ ਤੇ ਅਣਹੋਂਦ ਦਾ ਸਵਾਲ ਹੈ। ਰੌਸ਼ਨੀ ਦੀ ਹਸਤੀ ਹੈ, ਹਨ੍ਹੇਰੇਪਨ ਦੀ ਕੋਈ ਹਸਤੀ ਨਹੀਂ, ਫਿਰ ਅਣਹੋਂਦ ਵਿਚ ਕੀ ਧਰਿਆ ਹੈ ਜਿਸ ਤੋਂ ਮਨੁੱਖ ਬਦਲਾ ਲਵੇ ਜਾਂ ਜਿਸ ਤੇ ਗੁੱਸਾ ਕਰੇ। ਜਦ ਸੰਸਾਰ ਤੇ ਰਾਤ ਦਾ ਹਨ੍ਹੇਰ ਛਾ ਜਾਂਦਾ ਹੈ ਤਾਂ ਅਜਿਹਾ ਕਿਹੜਾ ਮੂਰਖ ਹੈ ਜਿਹੜਾ ਉਸ ਹਨ੍ਹੇਰੇ ਨੂੰ ਗਾਲ੍ਹਾਂ ਕੱਢੇ। ਇਸ ਤਰ੍ਹਾਂ ਸਮਝਦਾਰ ਆਦਮੀ ਦੂਸਰੇ ਦੇ ਦਿਲ ਦੇ ਹਨ੍ਹੇਰੇ ਨੂੰ ਜਿਹੜਾ ਬੁਰਾਈ ਤੇ ਪਾਪ ਦੀ ਸ਼ਕਲ ਵਿਚ ਪ੍ਰਗਟ ਹੁੰਦਾ ਹੈ, ਬੁਰਾਈ ਨਹੀਂ ਆਖਦਾ ਸਗੋਂ ਹਲੀਮੀ ਨਾਲ ਉਸ ਨੂੰ ਦਸ ਦਿੰਦਾ ਹੈ ਕਿ ਰੌਸ਼ਨੀ ਕਿਥੇ ਹੈ। ਉਹ ਮੂਰਖਤਾ ਜਿਸ ਦਾ ਨਾਮ ਬੁਰਾਈ ਦਸਿਆ ਜਾਂਦਾ ਹੈ ਜਾਂ ਜਿਸ ਤੋਂ ਬੁਰਾਈ ਉਪਜਦੀ ਹੈ, ਦੋਹਾਂ ਕਿਸਮਾਂ ਦੀ ਹੈ। ਇਕ ਬੁਰਾਈ ਉਹ ਹੈ, ਜੋ ਭਲੇ ਬੁਰੇ ਦੀ ਪਛਾਣ ਤੋਂ ਬਿਨਾਂ ਕੀਤੀ ਜਾਂਦੀ ਹੈ ਜਿਸ ਵਿੱਚ ਕਰਨ ਵਾਲੇ ਦਾ ਆਪਣਾ ਕੋਈ ਅਖਤਿਆਰ ਨਹੀਂ ਹੁੰਦਾ। ਇਹ ਬੁਰਾਈ ਅਣਜਾਣੇ ਹੀ ਹੋ ਜਾਂਦੀ ਹੈ। ਦੂਜੀ ਉਹ ਹੈ ਜਿਸ ਨੂੰ ਕਰਨ ਵਾਲਾ ਜਾਣਦਾ ਹੈ ਕਿ ਇਹ ਬੁਰਾਈ ਹੈ ਤੇ ਇਸ ਦਾ ਕਰਨਾ ਯੋਗ ਨਹੀਂ, ਉਹ ਇਸ ਨੂੰ ਜਾਣ ਬੁਝ ਕੇ ਕਰਦਾ ਹੈ। ਪਰ ਬੁਰਾਈ ਭਾਵੇਂ ਜਾਣ ਬੁਝ ਕੇ ਕੀਤੀ ਜਾਵੇ ਜਾਂ ਅਣਜਾਣ ਪੁਣੇ ਵਿਚ, ਦੋਹਾਂ ਹਾਲਤਾਂ ਵਿੱਚ ਇਸ ਦਾ ਕਾਰਨ ਮੂਰਖਤਾ ਹੈ, ਭਾਵ ਉਹ ਬੁਰਾਈ ਦੀ ਅਸਲ ਹਕੀਕਤ ਤੋਂ ਅਣਜਾਣ ਹੈ ਅਤੇ ਉਸ ਬੁਰਾਈ ਤੋਂ ਪੈਦਾ ਹੋਣ ਵਾਲੇ ਦੁਖਦਾਇਕ ਨਤੀਜਿਆਂ ਤੋਂ ਵੀ ਅਣਜਾਣ ਹੈ।

ਹਰ ਉਹ ਵਿਅਕਤੀ ਜੋ ਕਿ ਬੁਰੇ ਕੰਮ ਕਰਦਾ ਹੈ ਅਤੇ ਬਦੀ ਦੇ ਰਸਤੇ ਤੇ ਚਲਦਾ ਹੈ ਤਾਂ ਇਸ ਦਾ ਇਹ ਅਰਥ ਨਹੀਂ ਲੈਣਾ ਚਾਹੀਦਾ ਹੈ ਕਿ ਇਸ ਵਿਅਕਤੀ ਦੇ ਅੰਦਰੋਂ ਨੇਕੀ ਦਾ ਅੰਸ਼ ਮੂਲੋਂ ਖਤਮ ਹੋ ਗਿਆ ਹੈ ਅਤੇ ਉਹ 'ਸੰਪੂਰਨ ਬੁਰਾ' ਵਿਅਕਤੀ ਹੈ। ਇਸੇ ਤਰ੍ਹਾਂ ਜੇ ਇਕ ਵਿਅਕਤੀ ਚੰਗੇ ਕੰਮ ਕਰਦਾ ਹੈ ਅਤੇ ਨੇਕੀ ਦੇ ਰਸਤੇ ਤੇ ਚਲਦਾ ਹੈ ਤਾਂ ਇਸ ਦਾ ਵੀ ਅਰਥ ਇਹ ਨਹੀਂ ਲੈਣਾ ਚਾਹੀਦਾ ਹੈ ਕਿ ਉਹ 'ਸੰਪੂਰਨ ਚੰਗਾ' ਹੈ। ਹਰ ਇਕ ਵਿਅਕਤੀ ਵਿੱਚ ਚੰਗੇ ਅਤੇ ਬੁਰੇ ਅੰਸ਼ ਹਮੇਸ਼ਾਂ ਹੀ ਮੌਜੂਦ ਹੁੰਦੇ ਹਨ। ਜਿਹੜਾ ਅੰਸ਼ ਵਿਅਕਤੀ ਦੀਆਂ ਸੰਵੇਦਨਾਵਾਂ ਅਤੇ ਪ੍ਰਤੱਖੀਕਰਨ ਦੇ ਬਾਹਰਲੀਆਂ ਚੀਜ਼ਾਂ ਦੇ ਟਕਰਾਓ ਦੁਆਰਾ ਜ਼ਿਆਦਾ ਪ੍ਰਫੁੱਲਤ ਹੋ ਜਾਂਦਾ ਹੈ ਉਹੋ ਜਿਹਾ ਵਿਅਕਤੀਤਵ ਆਪਣੀ ਸੋਚ ਦੇ ਮੁਤਾਬਿਕ ਕੰਮ ਕਰਦਾ ਹੈ ਅਤੇ ਜੇ ਉਹ ਸੁਆਰਥ ਅਧੀਨ ਹੋ ਕੇ ਆਪਣੇ ਸੁੱਖ ਅਰਾਮ ਲਈ ਸੋਚਦਾ ਹੈ ਅਤੇ ਉਸੇ ਅਨੁਸਾਰ ਕ੍ਰਿਆਵਾਂ ਕਰਦਾ ਹੈ ਪਰ ਦੂਜਿਆਂ ਦੇ ਸੁਖ ਦਾ ਰਤਾ ਖਿਆਲ ਨਹੀਂ ਕਰਦਾ ਤਾਂ ਉਹ ਵਿਅਕਤੀ ਬੁਰਾਈ ਦਾ ਅੰਸ਼ ਪੈਦਾ ਕਰ ਰਿਹਾ ਹੁੰਦਾ ਹੈ। ਇਹ ਸਵਾਰਥੀ ਅਨੁਭਵ

ਉਸ ਦੀ ਸੋਚਣ ਸ਼ਕਤੀ ਤੋਂ ਪਰੇ ਹੁੰਦੇ ਹਨ ਕਿਉਂਕਿ ਉਹ ਅਨੰਦਮਈ ਹੁੰਦੇ ਹਨ ਜਾਂ ਖੁਸ਼ੀ ਪੈਦਾ ਕਰਦੇ ਹਨ ਅਤੇ ਨਾ ਹੀ ਉਹ ਉਸ ਲਈ ਬੁਰੇ ਹੁੰਦੇ ਹਨ ਕਿਉਂਕਿ ਉਹ ਦੁਖਦਾਈ ਹੋਣਗੇ ਜਾਂ ਦੁੱਖ ਪੈਦਾ ਕਰਨਗੇ।

ਨੇਕੀ ਅਤੇ ਬਦੀ ਨੂੰ ਦੇਖਣ ਦਾ ਹਰ ਵਿਅਕਤੀ ਦਾ ਆਪਣਾ ਨਜ਼ਰੀਆ ਹੁੰਦਾ ਹੈ। ਜੋ ਇਕ ਵਿਅਕਤੀ ਲਈ ਚੰਗਾ ਹੈ ਉਹ ਦੂਜੇ ਲਈ ਵੀ ਚੰਗਾ ਹੋਵੇ, ਇਹ ਜ਼ਰੂਰੀ ਨਹੀਂ, ਹਰ ਇਕ ਮਨੁੱਖ ਆਪਣੀ ਅਜ਼ਾਦ ਸੋਚ ਅਤੇ ਸੁਆਰਥ ਅਧੀਨ ਇਹੋ ਲੋਚਦਾ ਹੈ ਕਿ ਮੈਂ ਜੋ ਕੰਮ ਕਰ ਰਿਹਾ ਹਾਂ ਉਹ ਹੀ ਠੀਕ ਅਤੇ ਚੰਗਾ ਹੈ ਅਤੇ ਦੂਜੇ ਵਿਅਕਤੀ ਦੁਆਰਾ ਕੀਤਾ ਗਿਆ ਉਹੀ ਕੰਮ ਬੁਰਾ ਹੈ। ਜਿਵੇਂ ਇਕ ਇਸਤਰੀ ਪਾਪ ਕਰਦੀ ਫੜੀ ਗਈ। ਲੋਕ ਉਸ ਨੂੰ ਸੰਗਸਾਰ ਕਰਨ ਲਈ ਤਿਆਰ ਸਨ। ਮਸੀਹ ਨੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਜਿਹਾ ਮਨੁੱਖ ਇਸ ਤੇ ਪਹਿਲਾ ਪੱਥਰ ਮਾਰੇ ਜਿਸ ਨੇ ਆਪ ਕਦੇ ਪਾਪ ਨਾ ਕੀਤਾ ਹੋਵੇ। ਇਸ ਤੋਂ ਤਾਂ ਇਹ ਹੀ ਪਤਾ ਲਗਦਾ ਹੈ ਕਿ ਕਿਸੇ ਕੰਮ ਨੂੰ ਸ਼ੁਭ ਸਮਝਣ ਦਾ ਅਰਥ ਇਹ ਹੈ ਕਿ ਉਸ ਉਤੇ ਕੇਵਲ ਆਪਣੇ ਵਿਅਕਤੀਗਤ ਦ੍ਰਿਸ਼ਟੀਕੋਣ ਤੋ ਹੀ ਵਿਚਾਰ ਨਹੀਂ ਕਰਨਾ ਚਾਹੀਦਾ, ਬਲਕਿ ਅਜਿਹੇ ਦ੍ਰਿਸ਼ਟੀਕੋਣ ਤੋਂ ਵਿਚਾਰ ਕਰਨਾ ਚਾਹੀਦਾ ਹੈ ਜੋ ਸਰਵ ਪ੍ਰਵਾਨਿਤ ਹੋਣ ਵਲ ਯਤਨ ਹੋਵੇ। ਕਿਸੇ ਵੀ ਚੀਜ਼ ਬਾਰੇ ਸਾਡਾ ਦ੍ਰਿਸ਼ਟੀਕੋਣ ਉਨੇ ਚਿਰ ਤੱਕ ਪ੍ਰਵਾਨ ਨਹੀਂ ਹੋਣਾ ਚਾਹੀਦਾ ਜਿੰਨਾ ਚਿਰ ਤੱਕ ਇਸ ਦਾ ਝੁਕਾਓ ਆਮ ਦ੍ਰਿਸ਼ਟੀਕੋਣ ਵੱਲ ਨਾ ਹੋਵੇ। ਇੰਝ ਕਰਦੇ ਹੋਏ, ਵਿਅਕਤੀ ਦੇ ਮਨ ਵਿੱਚ ਬੁਰਾਈ ਜਾਂ ਬਦੀ ਦੇ ਅੰਸ਼ ਦੇ ਪ੍ਰਫੁਲਿਤ ਹੋਣ ਦੀ ਸੰਭਾਵਨਾ ਘੱਟ ਹੀ ਰਹਿੰਦੀ ਹੈ।

ਉਪਰੋਕਤ ਅਧਿਐਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਸ ਵਿਸ਼ੇ ਨਾਲ ਸਬੰਧਤ ਸਾਰੇ ਦਾਰਸ਼ਨਿਕਾਂ ਦੇ ਵਿਚਾਰ ਨਾ ਤਾਂ ਪੂਰਨ ਰੂਪ ਵਿਚ ਮੰਨਣਯੋਗ ਹਨ ਅਤੇ ਨਾ ਹੀ ਨਕਾਰਣਯੋਗ। ਇਸ ਵਿਸ਼ੇ ਦੀ ਵਿਆਖਿਆ ਬਹੁਤ ਢੰਗਾਂ ਤੋਂ ਕੀਤੀ ਜਾ ਸਕਦੀ ਹੈ। ਇਕ ਅਰਥ ਵਿੱਚ ਤਾਂ ਇਹ ਮੰਨਣਾ ਪਵੇਗਾ ਕਿ ਜਦੋਂ ਤੱਕ ਨੇਕੀ, ਚੰਗਿਆਈ, ਸ਼ੁਭ ਦੇ ਸਰੂਪ ਅਤੇ ਉਸ ਦੀ ਪ੍ਰਾਪਤੀ ਦੀਆ ਸ਼ਰਤਾਂ ਦੇ ਸਬੰਧ ਵਿੱਚ ਸਾਡੀ ਅੰਤਰ ਦ੍ਰਿਸ਼ਟੀ ਅਪੂਰਣ ਰਹਿੰਦੀ ਹੈ ਉਦੋਂ ਤਕ ਨੈਤਿਕ ਨਿਰਣੇ ਕੇਵਲ ਪੱਖਪਾਤੀ ਹੋਣ ਦੀ ਸੰਭਾਵਨਾ ਬਣੀ ਰਹੇਗੀ। ਜੋ ਕੰਮ ਕਿਸੇ ਸਮੇਂ ਜਾਂ ਸਮਾਜ ਦੀ ਕਿਸੇ ਇਕ ਸਥਿਤੀ ਵਿਚ ਉਚਿਤ ਜਾਂ ਸ਼ੁਭ ਮੰਨੇ ਜਾਂਦੇ ਹਨ ਉਹ ਕਿਸੇ ਦੂਸਰੇ ਸਮੇਂ ਅਤੇ ਦੂਸਰੀ ਸਥਿਤੀ ਵਿਚ ਅਨੁਚਿਤ ਜਾਂ ਅਸ਼ੁਭ ਮੰਨੇ ਜਾ ਸਕਦੇ ਹਨ ਅਤੇ ਇੰਝ ਲਗਦਾ ਹੈ ਕਿ ਮਨੁੱਖ ਦੇ ਗਿਆਨ ਵਿੱਚ ਅਤੇ ਉਸ ਦੀਆਂ ਪ੍ਰਸਥਿਤੀਆਂ ਵਿੱਚ ਜਦੋਂ ਤੱਕ ਪ੍ਰਗਤੀ ਹੁੰਦੀ ਰਹੇਗੀ ਜਾਂ ਇੰਝ ਕਹਿ ਲਵੋ ਕਿ ਜਦੋਂ ਤੱਕ ਵਿਅਕਤੀ ਦੀ ਮਾਨਸਿਕ ਸੋਚ ਬਦਲਦੀ ਰਹੇਗੀ ਉਦੋਂ ਤਕ ਇਹੋ ਜਿਹੀ ਸਥਿਤੀ ਬਣੀ ਰਹੇਗੀ। ਪਰ ਇਹ ਤੱਥ ਸਾਨੂੰ ਇਸ ਗੱਲ ਨੂੰ ਮੰਨਣ ਲਈ ਰੋਕ ਨਹੀ ਸਕਦਾ ਕਿ ਮਨੁੱਖ ਲਈ ਆਪਣੇ ਗਿਆਨ ਦੇ ਅਨੁਸਾਰ ਸਰਵੋਤਮ ਕੰਮ ਕਰਨਾ ਹੀ ਉਚਿਤ ਤੇ ਸ਼ੁਭ ਹੈ। ਇਸ ਗੱਲ ਦਾ ਅਰਥ ਇਹ ਹੈ ਕਿ ਵਿਅਕਤੀ ਨੂੰ ਹਮੇਸ਼ਾਂ ਉਸ ਗੱਲ ਲਈ ਤਿਆਰ ਰਹਿਣਾ ਚਾਹੀਦਾ ਹੈ ਜਿਸ ਨੂੰ ਨਿਤਸ਼ੇ (Nietzsche) ਮੁਲਾਂ ਦਾ ਮੁਲਾਂਤਰਨ (Transformation of values) ਕਹਿੰਦਾ ਹੈ।

ਪਾਠ ਨੰਬਰ : 2..1 ਲੇਖਕ : ਡਾ. ਰਜਿੰਦਰ ਕੌਰ ਰੋਹੀ

## ਆਤਮਿਕ - ਸੰਪੂਰਨਤਾ ਹਾਸਿਲ ਕਰਨ ਲਈ ਆਤਮਾ ਦੀ ਸਥਿਤੀ

**ਪ੍ਰੀਭਾਸ਼ਾ :**

ਹਰ ਵਿਚਾਰਵਾਨ ਨੇ ਜੀਵਨ ਦੇ ਉਦੇਸ਼ ਨੂੰ ਆਪਣੇ ਤਰੀਕੇ ਨਾਲ ਨਿਰਧਾਰਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੁਝ ਦਾ ਵਿਚਾਰ ਹੈ ਕਿ ਮਨੁੱਖੀ ਮਾਨਸਿਕਤਾ ਦਾ ਅਤਿ ਉੱਤਮ ਅਵੱਸਥਾ ਤੱਕ ਪਹੁੰਚਣਾ ਹੀ ਉਸਦੀ ਸੰਪੂਰਨਤਾ ਦੀ ਨਿਸ਼ਾਨੀ ਹੁੰਦੀ ਹੈ। ਕੁਝ ਦਾ ਵਿਚਾਰ ਹੈ ਕਿ ਸਮਾਜਕ ਵਿਵਸਥਾ ਵਿਚ ਵਿਚਰਦਿਆਂ ਹੋਇਆਂ ਮਨੁੱਖ ਦੁਆਰਾ ਸਭ ਤੋਂ ਵਧੀਆਂ ਵਿਵਹਾਰ ਅਪਣਾ ਸਕਣਾ ਹੀ ਉਸ ਦੇ ਸਭ ਤੋਂ ਵੱਧ ਵਿਕਸਿਤ ਹੋਣ ਦੀ ਨਿਸ਼ਾਨੀ ਹੁੰਦੀ ਹੈ। ਅਧਿਆਤਮਿਕ ਸੂਝ ਰੱਖਣ ਵਾਲੇ ਮੰਨਦੇ ਹਨ ਕਿ ਮਨੁੱਖੀ ਆਤਮਾ ਦੇ ਆਪਣੇ ਅਸਲੀ ਰੂਪ ਵਿਚ ਆਉਣ ਨੂੰ ਹੀ ਆਤਮ - ਸਿੱਧੀ ਦਾ ਨਾਮ ਦਿੱਤਾ ਗਿਆ ਹੈ। ਆਤਮ-ਸਿੱਧੀ ਜਾਂ ਆਤਮਕ ਸੰਪੂਰਨਤਾ ਦਾ ਲਫਜ਼ੀ ਅਰਥ ਹੈ ਜੀਵ ਦੀ ਹੋਂਦ ਦਾ ਉਸਦੀ ਆਪਣੀ ਮੁੱਢਲੀ ਅਵੱਸਥਾ ਵਿਚ ਪਹੁੰਚਣਾ ਜਿੱਥੇ ਉਹ ਆਪਣੇ ਅਸਲੀ ਆਧਾਰ ਰੂਪ ਵਿਚ ਪਹੁੰਚ ਸਕੇ। ਇਹ ਹੋਂਦ ਦੀ ਸਭ ਤੋਂ ਵਿਕਸਿਤ ਅਵਸਥਾ ਹੁੰਦੀ ਹੈ। ਇਸ ਅਵੱਸਥਾ ਵਿਚ ਮਨੁੱਖ ਸ਼ਰੀਰ ਦੇ ਬੰਧਨਾਂ ਤੋਂ ਮੁਕਤ ਹੋ ਕੇ ਆਪਣੇ ਅਸਲੀ ਸਰੂਪ; ਵਿੱਚ ਜਾ ਕੇ ਸਦੀਵੀ ਆਨੰਦ ਦੀ ਅਵੱਸਥਾ ਪ੍ਰਾਪਤ ਕਰ ਲੈਂਦਾ ਹੈ। ਵੱਖ-ਵੱਖ ਵਿਚਾਰਵਾਨਾਂ ਨੇ ਆਪਣੀ - ਆਪਣੀ ਸੋਚ ਦੇ ਖੇਤਰ ਦੇ ਆਧਾਰ ਤੇ ਸਵੈ ਦੀ ਸੰਪੂਰਨਤਾ ਦੇ ਕਈ ਤਰਾਂ ਦੇ ਉਦੇਸ਼ ਥਾਪੇ ਹਨ। ਸੰਸਾਰ ਦੇ ਬਹੁਤ ਸਾਰੇ ਧਰਮ ਗ੍ਰੰਥਾਂ ਵਿਚ ਆਤਮਾ ਦੀ ਅੰਤਿਮ ਉੱਨਤ ਅਵੱਸਥਾ ਨੂੰ ਜਾਂ ਆਤਮਕ - ਸੰਪੂਰਨਤਾ ਨੂੰ ਕਈ ਤਰਾਂ ਨਾਲ ਸੰਬੋਧਨ ਕੀਤਾ ਗਿਆ ਹੈ। ਕੁਝ ਵਿਚਾਰਵਾਨਾਂ ਦਾ ਮੱਤ ਹੈ ਕਿ ਮਨੁੱਖੀ ਆਤਮਾ ਦਾ ਕਿਸੇ ਵੀ ਬੰਧਨ ਤੋਂ ਛੁਟਕਾਰੇ ਨੂੰ ਹੀ ਆਤਮਕ - ਸੰਪੂਰਨਤਾ ਦਾ ਨਾਮ ਦਿੱਤਾ ਜਾ ਸਕਦਾ ਹੈ। ਕਈ ਮੰਨਦੇ ਹਨ ਕਿ ਮਨੁੱਖੀ ਮਨ ਦਾ ਆਪਣੀਆਂ ਇਛਾਵਾਂ ਤੋਂ ਛੁਟਕਾਰਾ ਹੀ ਮੁਕਤੀ ਹੈ, ਅਤੇ ਇਹ ਸਾਡੀ ਆਤਮਾ ਦੀ ਅਸਲੀ ਮੰਜ਼ਿਲ ਹੈ। ਕਈ ਵਿਚਾਰਵਾਨ ਇਹ ਵੀ ਮੰਨਦੇ ਹਨ ਕਿ ਮਨੁੱਖ ਦਾ ਕੁਝ ਵੀ ਪੂਰੀ ਸਮਰੱਥਾ ਨਾਲ ਕਰ ਸਕਣ ਨੂੰ ਹੀ ਆਤਮ - ਸਿੱਧੀ ਕਿਹਾ ਜਾ ਸਕਦਾ ਹੈ। ਪਰ ਧਾਰਮਿਕ ਵਿਚਾਰਵਾਨਾਂ ਨੇ ਆਤਮਾ ਦੀ ਸੰਪੂਰਨਤਾ, ਆਤਮ - ਸਿੱਧੀ ਜਾਂ ਮਨੁੱਖੀ ਹੋਂਦ ਦੀ ਮੁਕਤ ਜਾਂ ਸੰਪੂਰਨ ਅਵੱਸਥਾ ਉਸ ਸਥਿਤੀ ਨੂੰ ਮੰਨਿਆ ਹੈ ਜਿਥੇ ਮਨੁੱਖੀ ਆਤਮਾ ਸਦਾ ਵਾਸਤੇ ਗਿਆਨ, ਸੁੱਖ, ਆਨੰਦ, ਟਿਕਾਅ ਦੀ ਅਵੱਸਥਾ ਦੀ ਧਾਰਨੀ ਹੋ ਜਾਂਦੀ ਹੈ। ਜਿੱਥੇ ਉਹ ਦੁਬਾਰਾ ਜਨਮ - ਮਰਨ ਦੇ ਚੱਕਰ ਵਿਚ ਨਹੀਂ ਪੈਂਦੀ।

**ਭਾਰਤੀ ਅਤੇ ਸਾਮੀ ਧਰਮਾਂ ਵਿਚ ਮੁਕਤੀ :**

ਵੱਖ-ਵੱਖ ਧਾਰਮਿਕ ਵਿਚਾਰਧਾਰਾਵਾਂ ਅਨੁਸਾਰ ਆਤਮਾ ਦੀ ਇਹ ਅਵੱਸਥਾ ਵੀ ਵੱਖ-ਵੱਖ ਤਰ੍ਹਾਂ ਨਾਲ ਬਿਆਨ ਕੀਤੀ ਗਈ ਹੈ। ਭਾਰਤੀ ਧਰਮਾਂ ਅਨੁਸਾਰ ਮਨੁੱਖੀ ਆਤਮਾ ਨੂੰ ਚੌਰਾਸੀ ਲੱਖ ਜੂਨਾਂ ਵਿਚ ਭਟਕਣਾਂ ਪੈਂਦਾ ਹੈ। ਵਾਰ-ਵਾਰ ਜਨਮ ਮਰਨ ਦੇ ਚੱਕਰ ਵਿਚ ਭਟਕਦੀ ਹੋਈ ਆਤਮਾ ਅਨੇਕਾਂ ਕਿਸਮ ਦੇ ਦੁੱਖ ਸਹਿੰਦੀ ਹੈ। ਜਨਮ ਅਤੇ ਮੌਤ ਆਪਣੇ ਆਪ ਵਿਚ ਬੇਹੱਦ ਦੁਖਦਾਈ ਸਥਿਤੀਆਂ ਹੁੰਦੀਆਂ ਹਨ। ਆਤਮਾ ਦੁਆਰਾ ਜਨਮ - ਮਰਨ ਦੇ ਚੱਕਰ ਤੋਂ ਛੁਟਕਾਰਾ ਹੀ ਉਸਦੀ ਆਖਰੀ ਮੰਜ਼ਿਲ ਹੈ। ਸਾਮੀ ਧਰਮਾਂ ਅਨੁਸਾਰ ਮਨੁੱਖੀ ਆਤਮਾ ਦਾ ਸਵਰਗ ਵਿਚ ਪਰਵੇਸ਼ ਹੀ ਉਸਦੀ ਅੰਤਿਮ ਮੰਜ਼ਿਲ ਹੈ। ਕਿਉਂਕਿ ਜੀਵਨ ਵਿਚ ਇਨਸਾਨ ਜੋ ਕਰਮ ਕਰਦਾ ਹੈ ਉਹਨਾਂ ਦਾ ਫਲ ਹਰ ਇੱਕ ਨੂੰ ਭੁਗਤਨਾ ਹੀ ਪੈਂਦਾ ਹੈ। ਉਸ ਵਾਸਤੇ ਜੇ ਚੰਗੇ ਕਰਮ ਹੋਣ ਤਾਂ ਸਵਰਗ ਮਿਲਦਾ ਹੈ ਅਤੇ ਜੇ ਬੁਰੇ ਕਰਮ ਹੋਣ ਤਾਂ ਨਰਕ ਮਿਲਦਾ ਹੈ। ਇਹ ਮਨੁੱਖੀ ਆਤਮਾ ਦੀ ਸਦੀਵੀ ਅਵੱਸਥਾ ਹੁੰਦੀ ਹੈ। ਇਸ ਸਦੀਵੀ ਦੁੱਖਦਾਈ ਅਵੱਸਥਾ ਤੋਂ ਛੁਟਕਾਰਾ ਪ੍ਰਾਪਤ ਕਰਕੇ ਮਨੁੱਖੀ ਆਤਮਾ ਨਿਰਵਾਣ ਜਾਂ ਮੁਕਤੀ ਚਾਹੁੰਦੀ ਹੈ ਅਤੇ ਇਹੀ ਮੁਕਤ ਅਵੱਸਥਾ ਹੀ ਉਸ ਦੀ ਹੋਂਦ ਦੀ ਅੰਤਿਮ ਮੰਜ਼ਿਲ ਹੈ।

**ਸਿੱਖ ਧਰਮ ਅਨੁਸਾਰ ਮੁਕਤੀ :**

ਪਰ ਸਿੱਖ ਧਰਮ ਅਨੁਸਾਰ ਕਿਉਂਕਿ ਆਤਮਾ ਪਰਮਾਤਮਾ ਦੀ ਅੰਸ਼ ਹੈ। ਇਹ ਜਿੰਨਾ ਵੀ ਸੰਸਾਰ ਸਾਨੂੰ ਨਜ਼ਰ ਆਉਂਦਾ ਹੈ ਇਸ ਨੂੰ ਰਚਨ ਵਾਲਾ ਪ੍ਰਭੂ ਇਸ ਸੰਸਾਰ ਦੇ ਤੱਤ ਸਰੂਪ ਜਾਂ ਉਸ ਦੀ ਅੰਤਰ ਆਤਮਾ ਦੇ ਰੂਪ ਵਿਚ ਇਸ ਵਿਚ ਵਿਦਮਾਨ ਹੈ। ਜੀਵਾਂ ਦਾ ਅਸਲੀ ਤੇ ਅੰਦਰੂਨੀ ਸਰੂਪ ਉਹਨਾਂ ਦੇ ਬਾਹਰੀ ਕੁਦਰਤੀ ਤੱਤਾਂ ਦੇ ਬਣੇ ਹੋਏ ਸਰੀਰ ਹੀ ਨਹੀਂ ਹੁੰਦੇ ਉਹਨਾਂ ਵਿਚ ਜੋਤ ਸਰੂਪ ਵਿਚ ਵਿਦਮਾਨ ਉਹਨਾਂ ਦੀ ਆਤਮਾ ਵੀ ਹੁੰਦੀ ਹੈ ਜੋ ਪ੍ਰਭੂ ਦਾ ਸਰੂਪ ਹੈ। ਆਪਣੇ ਅਸਲੀ ਸਰੂਪ ਤੋਂ ਵਿਛੜੇ ਹੋਣ ਕਰਕੇ ਆਤਮਾ ਸਦੀਵੀ ਵਿਛੋੜੇ ਦੇ ਦੁੱਖ ਨੂੰ ਮਹਿਸੂਸ ਕਰਕੇ ਦੁਖੀ ਹੁੰਦੀ ਹੈ। ਪਰ ਮਨ ਦੀ ਅਗਿਆਨਤਾ ਕਰਕੇ ਆਤਮਾ ਨੂੰ ਆਪਣੇ ਦੁੱਖ ਦੇ ਅਸਲੀ ਕਾਰਣ ਦਾ ਗਿਆਨ ਨਹੀਂ ਹੁੰਦਾ। ਇਹ ਵਿਛੋੜਾ ਉਸ ਦੇ ਮਨ ਅੰਤਰ ਵਿਚ ਹਮੇਸ਼ਾਂ ਬੇਚੈਨੀ ਪੈਦਾ ਕਰੀ ਰੱਖਦਾ

ਹੈ। ਇਹ ਉਸਦਾ ਅਧਿਆਤਮਕ ਦੁਖ ਹੁੰਦਾ ਹੈ ਪਰ ਭੌਤਿਕ ਤੱਤਾਂ ਦੇ ਬਣੇ ਹੋਏ ਹੋਣ ਕਰਕੇ ਮਨੁੱਖ ਕਈ ਤਰਾਂ ਦੇ ਸਰੀਰਕ ਦੁੱਖ ਵੀ ਭੋਗਦਾ ਹੈ। ਦੁੱਖ ਭੋਗਦਾ ਹੋਇਆ ਮਨੁੱਖ ਦੁੱਖਾਂ ਦੇ ਬੰਧਨ ਤੋਂ ਛੁਟਕਾਰਾ ਪ੍ਰਾਪਤ ਕਰਨਾ ਚਾਹੁੰਦਾ ਹੈ। ਇਸ ਤਰਾਂ ਅਧਿਆਤਮਕ, ਮਾਨਸਿਕ ਅਤੇ ਸਰੀਰਕ ਦੁਖਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਦੀ ਇੱਛਾ ਹੀ ਉਸ ਦੀ ਸਮੁੱਚੀ ਹੋਂਦ ਦਾ ਉਦੇਸ਼ ਹੋ ਜਾਂਦਾ ਹੈ। ਮਨੁੱਖ ਦੁਆਰਾ ਆਪਣੇ ਜੀਵਨ ਸਮੇਂ ਵਿਚ ਹੀ ਦੁੱਖਾਂ ਦੇ ਇਨ੍ਹਾਂ ਬੰਧਨਾਂ ਵਿਚੋਂ ਨਿਕਲਨਾ ਹੀ ਉਸ ਲਈ ਮੁਕਤੀ ਹੈ, ਆਤਮਕ ਸਿੱਧੀ ਹੈ, ਆਤਮਿਕ - ਸੰਪੂਰਨਤਾ ਅਤੇ ਆਤਮਿਕ ਗਿਆਨ ਹੈ। ਇਸ ਬੰਧਨ ਤੋਂ ਮੁਕਤੀ ਨੂੰ ਕਈ ਤਰਾਂ ਦੇ ਨਾਮ ਦਿੱਤੇ ਗਏ ਹਨ। ਇਸੇ ਸੰਦਰਭ ਵਿੱਚ ਸਿੱਖ ਧਰਮ ਅਨੁਸਾਰ ਇੱਕ ਤਾਂ ਆਤਮਾ ਨੇ ਜਨਮ - ਮਰਨ ਦੇ ਚੱਕਰ ਤੋਂ ਮੁਕਤ ਹੋਣਾ, ਦੂਜੇ ਆਪਣੇ ਪਰਮ ਸ੍ਰੋਤ ਵਿਚ ਮਿਲ ਕੇ ਉਸੇ ਦਾ ਰੂਪ ਹੋ ਜਾਣਾ ਹੁੰਦਾ ਹੈ। ਜਿੰਨੀ ਵੀ ਰਚਨਾ ਪਰਮਾਤਮਾ ਨੇ ਕੀਤੀ ਉਸ ਵਿਚੋਂ ਮਨੁੱਖ ਨੂੰ ਪਰਧਾਨਤਾ ਹਾਸਿਲ ਹੈ ਕਿਉਂਕਿ ਮਨੁੱਖ ਹੀ ਇੱਕ ਮਾਤਰ ਇਹੋ ਜਿਹਾ ਪ੍ਰਾਣੀ ਹੈ ਜੋ ਬਾਕੀ ਸਾਰੇ ਜੀਵਾਂ ਤੋਂ ਵੱਧ ਮਾਨਸਿਕ ਅਤੇ ਅਧਿਆਤਮਿਕ ਚੇਤਨਤਾ ਦਾ ਧਾਰਨੀ ਹੈ। ਇਸੇ ਕਰਕੇ ਇਹ ਕੇਵਲ ਮਨੁੱਖ ਹੀ ਹੈ ਜੋ ਆਪਣੇ ਆਪ ਦੀ ਅਸਲੀ ਹਾਲਤ ਵਿਚ ਆਉਣ ਲਈ ਵਿਕਸਿਤ ਹੋ ਸਕਦਾ ਹੈ। ਸਿੱਖ ਧਰਮ ਅਨੁਸਾਰ ਆਤਮਾ ਦੀ ਸੰਪੂਰਨ ਅਵੱਸਥਾ ਅਸਲ ਵਿਚ ਇੰਨੀ ਵਿਕਸਿਤ ਅਵੱਸਥਾ ਹੈ ਕਿ ਉਸ ਵਿਚ ਆਤਮਾ ਆਪ ਪਰਮਾਤਮ ਵੀ ਰੂਪ ਹੋ ਜਾਂਦੀ ਹੈ। ਉਹ ਆਪਣੇ ਤੱਤ ਰੂਪ ਵਿਚ ਪਰਮਾਤਮਾ ਵਿਚ ਅਭੇਦ ਹੀ ਹੋ ਜਾਂਦੀ ਹੈ। ਅਭੇਦਤਾ ਦੀ ਇਹ ਅਵੱਸਥਾ ਉਸ ਨੂੰ ਪਰਮਾਤਮਾ ਬਣਾ ਸਕਦੀ ਹੈ।

ਪਰ ਇਹ ਵੀ ਮੰਨਿਆ ਗਿਆ ਹੈ ਕਿ ਭਾਵੇ ਆਤਮਾ ਪਰਮਾਤਮਾ ਦਾ ਹੀ ਅੰਸ਼ ਹੈ ਪਰ ਫਿਰ ਵੀ ਜੀਵ ਆਪਣੇ ਕਰਮਾਂ ਦੇ ਆਧਾਰ ਤੇ ਕਈ ਖਾਸ ਜਨਮ ਧਾਰਨ ਕਰਦੇ ਹਨ। ਕਰਮਾਂ ਦੇ ਚੰਗੇ ਜਾਂ ਬੁਰੇ ਹੋਣ ਕਰਕੇ ਆਤਮਾ ਦੀ ਸਥਿਤੀ ਨਿਰਧਾਰਤ ਹੁੰਦੀ ਹੈ। ਭਾਰਤੀ ਧਾਰਮਿਕ ਵਿਚਾਰਧਾਰਾ ਅਨੁਸਾਰ ਕੁੱਲ ਚੌਰਾਸੀ ਲੱਖ ਜੂਨਾਂ ਮੰਨੀਆਂ ਗਈਆਂ ਹਨ। ਆਪਣੇ ਕਰਮਾਂ ਦੇ ਆਧਾਰ ਤੇ ਜੀਵ ਇਨ੍ਹਾਂ ਚੌਰਾਸੀ ਲੱਖ ਜੂਨਾਂ ਵਿਚ ਭਟਕਦੇ ਰਹਿੰਦੇ ਹਨ। ਉਹਨਾਂ ਵਿਚੋਂ ਕੇਵਲ ਮਨੁੱਖ ਦੀ ਜੂਨ ਹੀ ਐਸੀ ਹੈ ਜਦੋਂ ਜੀਵ ਜਨਮ - ਮਰਨ ਦੇ ਭਟਕਣ ਵਾਲੇ ਦੁਖਦਾਈ ਰਾਹ ਤੋਂ ਮੁਕਤ ਹੋ ਸਕਦਾ ਹੈ। ਗੁਰਮਤਿ ਅਨੁਸਾਰ ਇਹ ਮੰਨਿਆ ਜਾਂਦਾ ਹੈ ਕਿ ਇੱਕ ਪਾਸੇ ਆਤਮਾ ਜਨਮ - ਮਰਨ ਦੇ ਚੱਕਰ ਤੋਂ ਛੁਟਕਾਰਾ ਪ੍ਰਾਪਤ ਕਰਦੀ ਹੈ ਦੂਜੇ ਪਾਸੇ ਆਪਣੀ ਅਸਲੀ ਹੋਂਦ ਦੇ ਸਰੂਪ ਵਿਚ ਵਾਪਸ ਸਮਾ ਜਾਂਦੀ ਹੈ। ਇਹ ਅਵੱਸਥਾ ਹੁੰਦੀ ਹੈ ਆਤਮਾ ਦਾ ਪਰਮਾਤਮਾ ਵਿਚ ਅਭੇਦ ਹੋਣਾ ਜਿਥੋਂ ਉਹ ਹੋਂਦ ਵਿਚ ਆਈ ਹੁੰਦੀ ਹੈ ਅਤੇ ਜਿਥੇ ਉਸ ਨੇ ਆਪਣੀ ਅਸਲੀ ਹੋਂਦ ਹਾਸਿਲ ਕਰ ਕੇ ਵਾਪਸ ਅਭੇਦ ਹੋਣਾ ਹੁੰਦਾ ਹੈ। ਇਹ ਵੀ ਮੰਨਿਆ ਗਿਆ ਹੈ ਕਿ ਜੀਵ ਜਨਮ - ਮਰਨ ਦੇ ਚੱਕਰ ਦੌਰਾਨ ਚੰਗੇ ਜਾਂ ਬੁਰੇ ਕਰਮ ਕਰਦਾ ਹੋਇਆ ਵਿਚਰਦਾ ਰਹਿਦਾ ਹੈ ਅਤੇ ਉਹ ਕਰਮ ਉਸ ਦੀ ਆਤਮਾ ਤੇ ਸਦੀਵੀ ਨਿਸ਼ਾਨ ਪੈਦਾ ਕਰ ਦਿੰਦੇ ਹਨ। ਉਹਨਾਂ ਨਿਸ਼ਾਨਾਂ ਸਦਕਾ ਜੀਵ ਦੀ ਆਤਮਾ ਪੁਨਰ - ਜਨਮ ਅਖਤਿਆਰ ਕਰਦੀ ਹੋਈ ਵੱਖ - ਵੱਖ ਜਨਮਾਂ ਵਿਚ ਭਟਕਦੀ ਰਹਿੰਦੀ ਹੈ। ਉਸ ਦੇ ਬੁਰੇ ਕਰਮ ਅਸਲ ਵਿਚ ਉਸ ਦੀ ਆਤਮਾ ਤੇ ਮੈਲੇ ਪਰਦੇ ਪਾ ਦਿੰਦੇ ਹਨ। ਕਰਮਾ ਦੇ ਇਹ ਮੈਲੇ ਪਰਦੇ ਜੀਵ ਨੂੰ ਉਸ ਦੀ ਅਸਲੀ ਮੰਜ਼ਿਲ; ਭਾਵ ਪ੍ਰਭੂ ਮਿਲਨ ਤੋਂ ਰੋਕ ਕੇ ਰੱਖਦੇ ਹਨ। ਉਹਨਾਂ ਮੈਲੇ ਪਰਦਿਆਂ ਨੂੰ ਉਤਾਰ ਕੇ ਹੀ ਜੀਵ-ਆਤਮਾ ਆਪਣੇ ਅਸਲੀ ਸਰੂਪ ਨੂੰ ਧਾਰਨ ਕਰ ਸਕਦੀ ਹੈ। ਪਰ ਇਹ ਸਾਰੀ ਵਿਧੀ ਇੰਨੀ ਆਸਾਨ ਨਹੀਂ ਜਿੰਨੀ ਸੁਣਨ ਜਾਂ ਪੜ੍ਹਣ ਨੂੰ ਲਗਦੀ ਹੈ। ਇਸ ਲਈ ਜੀਵ-ਆਤਮਾ ਨੂੰ ਸਰੀਰਕ, ਮਾਨਸਿਕ, ਸਮਾਜਿਕ ਅਤੇ ਅਧਿਆਤਮਿਕਤਾ ਦੇ ਕਈ ਪੜਾਅ ਤੈਅ ਕਰਨੇ ਪੈਂਦੇ ਹਨ।

### ਮਨੁੱਖੀ ਹੋਂਦ ਦੀ ਮਹੱਤਤਾ :

ਸਭ ਤੋਂ ਪਹਿਲਾਂ ਇਹ ਮੰਨਿਆ ਗਿਆ ਹੈ ਕਿ ਆਤਮ - ਗਿਆਨ ਦੇ ਰਾਹ ਤੇ ਚੱਲਣ ਲਈ ਮਨੁੱਖੀ ਹੋਂਦ ਦਾ ਹੋਣਾ ਬਹੁਤ ਜ਼ਰੂਰੀ ਹੈ। ਸਿੱਖ ਧਰਮ ਦਰਸ਼ਨ ਅਨੁਸਾਰ ਮੰਨਿਆ ਗਿਆ ਹੈ ਕਿ ਕੇਵਲ ਮਨੁੱਖੀ ਜੀਵਨ ਹੀ ਐਸੀ ਅਵੱਸਥਾ ਹੈ ਜਦੋਂ ਆਤਮਾ ਮੁਕਤੀ ਪ੍ਰਾਪਤ ਕਰ ਸਕਦੀ ਹੈ। ਸੰਸਾਰ ਦੇ ਤਕਰੀਬਨ ਸਾਰੇ ਧਰਮਾਂ ਨੇ ਇਸ ਤੱਥ ਨੂੰ ਮਾਨਤਾ ਦਿੱਤੀ ਹੈ ਕਿ ਮਨੁੱਖੀ ਹੋਂਦ ਸਭ ਤਰਾਂ ਦੇ ਜੀਵਾਂ ਤੋਂ ਉੱਤਮ ਹੈ ਕਿਉਂਕਿ ਉਹ ਮਾਨਸਿਕ, ਅਤੇ ਸਮਾਜਿਕ ਤੌਰ ਤੇ ਸਭ ਤੋਂ ਵਿਕਸਿਤ ਪ੍ਰਾਣੀ ਹੋਣ ਦੇ ਨਾਲ ਨਾਲ ਅਧਿਆਤਮਿਕ ਤੌਰ ਤੇ ਵੀ ਜ਼ਿਆਦਾ ਚੇਤੰਨ ਪ੍ਰਾਣੀ ਹੈ। ਸਰਦੂਲ ਸਿੰਘ ਕਵੀਸ਼ਰ ਲਿਖਦੇ ਹਨ ਕਿ ''ਸਭ ਜੀਆਂ ਜੰਤਾਂ ਵਿਚੋਂ ਕੇਵਲ ਮਨੁੱਖ ਨੂੰ ਹੀ ਪਰਮਾਤਮਾ ਦੇ ਗਿਆਨ ਅਤੇ ਪ੍ਰਭੂ ਪ੍ਰੇਮ ਦਾ ਮਾਣ ਪ੍ਰਾਪਤ ਹੋ ਸਕਦਾ ਹੈ ਇਸ ਖਿਆਲ ਨੂੰ ਚੰਗੀ ਤਰਾਂ ਦਰਸਾਣ ਲਈ, ਗੁਰੂ ਸਾਹਿਬਾਂਨ ਨੇ ਮਨੁੱਖੀ ਜੂਨ ਦੀ ਵਿਸ਼ੇਸ਼ਤਾ ਨੂੰ ਬਾਰੰਬਾਰ ਦੁਹਰਾਇਆ ਹੈ। ਜੀਵਾਂ ਦੇ ਸਰੀਰਕ ਰੰਗ ਰੂਪ ਵਿਚ ਇਕ ਦੂਜੇ ਨਾਲੋਂ ਭਿੰਨ - ਭੇਦ ਹੈ, ਇਸ ਲਈ ਸਾਹਿਬਾਂ ਨੇ ਮਨੁੱਖਾਂ ਜਨਮ ਦੀ ਵਿਸ਼ੇਸ਼ਤਾ ਦੱਸਣ ਲਈ ਮਨੁੱਖ ਦੀ ਸਰੀਰਕ ਸੁੰਦਰਤਾ ਨੂੰ ਦਰਸਾਇਆ ਹੈ। ਉਹਨਾਂ ਮਨੁੱਖੀ ਸਰੀਰ ਨੂੰ ਹਰੀ - ਮੰਦਰ ਕਿਹਾ ਹੈ, ਇਸ ਸਰੀਰ ਦੁਆਰਾ ਹੀ ਪਰਮਾਤਮਾ ਨਾਲ ਮੇਲ ਹੋ ਸਕਦਾ ਹੈ।'' ਸਾਹਿਬਾਂ ਨੇ ਫੁਰਮਾਇਆ ਹੈ :-

ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ।।
ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ।। (ਪੰਨਾ ੯੫੨)

ਉਨ੍ਹਾਂ ਅੱਗੇ ਲਿਖਿਆ ਹੈ ਕਿ :-

ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ ਸਭ ਉਪਤਿ ਜਿਤੁ ਸੰਸਾਰਾ ।।
ਸਚੈ ਆਪਣਾ ਖੇਲੁ ਰਚਾਇਆ ਆਵਾਗਉਣੁ ਪਾਸਾਰਾ ।। (ਪੰਨਾ ੭੫੪)

ਆਤਮ - ਸਿੱਧੀ ਲਈ ਮਨੁੱਖੀ ਸਰੀਰ ਦੀ ਹੋਂਦ ਅਤਿ ਲਾਜ਼ਮੀ ਹੈ। ਗੁਰਮਤਿ ਅਨੁਸਾਰ ਇਹ ਵੀ ਮੰਨਿਆ ਗਿਆ ਹੈ ਕਿ ਦੇਵਤੇ ਵੀ ਮਨੁੱਖਾ ਸਰੀਰ ਲਈ ਤਰਸਦੇ ਹਨ ਕਿਉਂਕਿ ਕੇਵਲ ਮਨੁੱਖਾ ਸਰੀਰ ਰਾਹੀਂ ਹੀ ਮੁਕਤੀ ਦਾ ਦਰਵਾਜ਼ਾ ਖੁੱਲ ਸਕਦਾ ਹੈ। ਭਾਰਤੀ ਦਰਸ਼ਨ ਤੋਂ ਬਾਅਦ ਸਿੱਖ ਧਰਮ ਦਰਸ਼ਨ ਵਿਚ ਵੀ ਮੰਨਿਆ ਗਿਆ ਹੈ ਕਿ ਜੀਵ ਆਤਮਾ ਚੌਰਾਸੀ ਲੱਖ ਜੂਨਾਂ ਵਿਚੋਂ ਭਟਕਦੀ ਹੋਈ ਅਖੀਰ ਵਿਚ ਮਨੁੱਖਾਂ ਸਰੀਰ ਧਾਰਨ ਕਰਦੀ ਹੈ। ਇਹ ਮੁਕਤੀ ਪ੍ਰਾਪਤ ਕਰਨ ਦੀ ਵਾਰੀ ਹੁੰਦੀ ਹੈ। ਇਸ ਜਨਮ ਵਿਚ ਉਸ ਦਾ ਹੋਰ ਕੋਈ ਕੰਮ ਨਹੀਂ ਹੁੰਦਾ ਉਸ ਨੇ ਕੇਵਲ ਪ੍ਰਭੂ ਦੀ ਭਗਤੀ ਹੀ ਕਰਨੀ ਹੁੰਦੀ ਹੈ ਜਿਸ ਨਾਲ ਉਸ ਨੂੰ ਮੁਕਤੀ ਪ੍ਰਾਪਤ ਹੁੰਦੀ ਹੈ। ਇਸ ਜਨਮ ਨੂੰ ਵਿਅਰਥ ਗੁਆਉਣ ਤੋਂ ਬਾਅਦ ਮਨੁੱਖ ਨੂੰ ਚੌਰਾਸੀ ਲੱਖ ਜੂਨਾਂ ਦੇ ਚੱਕਰ ਵਿਚ ਮੁੜ ਘੁੰਮਣਾ ਪੈਂਦਾ ਹੈ। ਇਸ ਕਰਕੇ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਮਨੁੱਖਾ ਜਨਮ ਬੇਹੱਦ ਕੀਮਤੀ ਸਮਾਂ ਹੈ ਇਸ ਨੂੰ ਵਿਅਰਥ ਨਹੀਂ ਗੁਆਉਣਾ ਚਾਹੀਦਾ। ਮਨੁੱਖਾ ਜਨਮ ਦੀ ਮਹੱਤਤਾ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਜਗ੍ਹਾ ਪ੍ਰਮਾਣ ਮਿਲਦੇ ਹਨ। ਇਹੀ ਵਕਤ ਹੁੰਦਾ ਹੈ ਜਦੋਂ ਮਨੁੱਖ ਵਕਤ ਸੰਭਾਲ ਸਕਦਾ ਹੈ ਅਤੇ ਉਹ ਹੈ ਗੁਰੂ ਦਾ ਕਿਹਾ ਮੰਨ ਕੇ ਅੰਤਿਮ ਸੱਚ ਨੂੰ ਜਾਣਨਾ ਅਤੇ ਪ੍ਰਭੂ ਦੀ ਭਗਤੀ ਕਰਨਾ ਜੋ ਆਪ ਹੀ ਅੰਤਿਮ ਸੱਚ ਹੈ।

**ਸੱਚੇ ਗੁਰੂ ਦੀ ਪ੍ਰਾਪਤੀ :-**

ਇਸੇ ਕਰਕੇ ਆਤਮ - ਸਿਧੀ ਲਈ ਸੱਚੇ ਗੁਰੂ ਦੀ ਪ੍ਰਾਪਤੀ ਤੇ ਜ਼ੋਰ ਦਿੱਤਾ ਗਿਆ ਹੈ। ਇਹ ਤੱਥ ਬੇਹੱਦ ਜ਼ਰੂਰੀ ਹੈ ਕਿ ਸੱਚ ਜੋ ਪ੍ਰਭੂ ਆਪ ਹੈ ਉਸ ਦੀ ਪ੍ਰਾਪਤੀ ਲਈ ਸੱਚ ਦੇ ਜਾਣੂੰ ਭਾਵ ਸੱਚੇ ਗੁਰੂ ਦੀ ਲੋੜ ਹੁੰਦੀ ਹੈ ਜੋ ਸੱਚ ਤੱਕ ਪਹੁੰਚਾ ਸਕੇ। ਕਿਉਂਕਿ ਪ੍ਰਭੂ ਜਿਸ ਨੂੰ ਪ੍ਰਾਪਤ ਕਰਕੇ ਹੀ ਆਤਮਾ ਆਪਣੇ ਅਸਲੀ ਰੂਪ ਨੂੰ ਪ੍ਰਾਪਤ ਕਰ ਸਕਦੀ ਹੈ ਉਹ ਆਪ ਨਿਰਾਕਾਰ ਹੈ ਇਸ ਕਰਕੇ ਜੀਵ ਆਪ ਸਿੱਧੇ ਰੂਪ ਵਿਚ ਉਸ ਨੂੰ ਪ੍ਰਾਪਤ ਨਹੀਂ ਕਰ ਸਕਦੇ ਬਲਕਿ ਉਸੇ ਪ੍ਰਭੂ ਦੇ ਆਕਾਰ ਰੂਪ ਰਾਹੀਂ ਹੀ ਉਸ ਤੱਕ ਪਹੁੰਚ ਸਕਦੇ ਹਨ। ਪ੍ਰਭੂ ਆਪਣੇ ਆਪ ਨੂੰ ਆਕਾਰ ਰੂਪ ਵਿਚ ਆਪਣੇ ਪੈਗੰਬਰਾਂ ਰਾਹੀਂ, ਆਪਣੀ ਬਾਣੀ ਰਾਹੀਂ ਮਨੁੱਖੀ ਇਤਿਹਾਸ ਵਿਚ ਵਿਅਕਤ ਕਰਦਾ ਹੋਇਆ ਆਪਣੇ ਜੀਵਾਂ ਨੂੰ ਆਪਣੇ ਰਾਹ ਵੱਲ ਪ੍ਰੇਰਦਾ ਹੈ। ਸਿੱਖ ਧਰਮ ਅਨੁਸਾਰ ਕੋਈ ਵੀ ਵਿਅਕਤੀ ਚਾਹੇ ਉਹ ਕਿੰਨੀਆਂ ਵੀ ਸ਼ਕਤੀਆਂ ਦਾ ਮਾਲਿਕ ਕਿਉਂ ਨਾ ਹੋਵੇ ਉਹ ਆਪਣੇ ਆਪ ਆਤਮਿਕ - ਸੰਪੂਰਨਤਾ ਦੀ ਪ੍ਰਾਪਤੀ ਨਹੀਂ ਕਰ ਸਕਦਾ। ਜਿੰਨੀ ਦੇਰ ਤੱਕ ਉਹ ਹਉਮੈ ਦਾ ਤਿਆਗ ਕਰ ਕੇ ਸਮਰੱਥ ਗੁਰੂ ਨੂੰ ਆਪਣਾ ਮਨ ਸਮਰਪਿਤ ਨਹੀਂ ਕਰਦਾ ਉਨੀ ਦੇਰ ਤੱਕ ਉਸ ਨੂੰ ਸੱਚ ਦੀ ਪ੍ਰਾਪਤੀ ਨਹੀਂ ਹੋ ਸਕਦੀ, ਕਿਉਂਕਿ ਸੱਚਾ ਗੁਰੂ ਜੋ ਆਪ ਸੱਚ ਦਾ ਧਾਰਨੀ ਹੁੰਦਾ ਹੈ ਕੇਵਲ ਉਹ ਹੀ ਦੂਜਿਆਂ ਨੂੰ ਸੱਚ ਤੱਕ ਪਹੁੰਚਦਾ ਕਰ ਸਕਦਾ ਹੈ। ਸੱਚ ਦਾ ਗਿਆਨ ਉਸ ਨੂੰ ਹੁੰਦਾ ਹੈ ਜੋ ਸੱਚ ਦੇ ਰਾਹ ਤੇ ਚੱਲਦਾ ਹੋਇਆ ਆਪ ਉਸ ਸੱਚ ਦਾ ਰੂਪ ਹੋ ਗਿਆ ਹੋਵੇ ਅਤੇ ਇਹ ਹਸਤੀ ਹੀ ਸੱਚਾ ਗੁਰੂ ਹੈ। ਦਸ ਗੁਰੂ ਸਾਹਿਬਾਨਾਂ ਤੋਂ ਬਾਅਦ ਸਿੱਖ ਧਰਮ ਵਿਚ ਗੁਰਬਾਣੀ ਨੂੰ ਹੀ ਗੁਰੂ ਦਾ ਦਰਜਾ ਹਾਸਲ ਹੋਇਆ ਹੈ ਕਿਉਂਕਿ ਗੁਰਬਾਣੀ ਸ਼ਬਦ ਰੂਪ ਵਿਚ ਪ੍ਰਭੂ ਦੀ ਹੋਂਦ ਦਾ ਪ੍ਰਗਟਾਵਾ ਹੈ ਅਤੇ ਮਨੁੱਖ ਨੂੰ ਪ੍ਰਭੂ ਮਿਲਣ ਵੱਲ ਚੱਲਣ ਦੀ ਪ੍ਰੇਰਨਾ ਵੀ ਪ੍ਰਦਾਨ ਕਰਦੀ ਹੈ।

ਸਤਿਗੁਰੂ ਸਾਧਕ ਨੂੰ ਆਤਮਿਕ ਹੋਂਦ ਦੇ ਤੱਤ ਸਰੂਪ ਤੋਂ ਜਾਣੂੰ ਕਰਵਾਂਦਾ ਹੈ ਕਿ ਉਸ ਦੀ ਅਸਲੀ ਹੋਂਦ ਕੀ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਪ੍ਰਭੂ ਦੀ ਜੋਤ ਸਭ ਜੀਵਾਂ ਵਿਚ ਮੌਜੂਦ ਹੈ ਉਸੇ ਜੋਤ ਦੀ ਮੌਜੂਦਗੀ ਕਰਕੇ ਹੀ ਸਭ ਜੀਵਾਂ ਵਿਚ ਜੀਵਨ ਮੌਜੂਦ ਹੁੰਦਾ ਹੈ। ਇਸ ਦਾ ਭਾਵ ਬਣਦਾ ਹੈ ਕਿ ਪ੍ਰਭੂ ਆਪ ਸਭ ਜੀਵਾਂ ਵਿਚ ਮੌਜੂਦ ਹੈ ਅਤੇ ਉਸ ਦਾ ਜੀਵ ਵਿਚੋਂ ਆਪਣੇ ਅਸਲੀ ਸਰੂਪ ਵਿਚ ਪ੍ਰਗਟ ਹੋਣਾ ਹੀ ਜੀਵ ਦੀ ਆਪਣੀ ਸੰਪੂਰਨਤਾ ਹੈ ਇਹੀ ਜੀਵ ਲਈ ਆਤਮ ਗਿਆਨ ਦਾ ਰਾਹ ਹੁੰਦਾ ਹੈ। ਸਰਦੂਲ ਸਿੰਘ ਕਵੀਸ਼ਰ ਅੱਗੇ ਲਿਖਦੇ ਹਨ ਕਿ, ''ਮਨੁੱਖ ਪਰਮਾਤਮਾ ਨਾਲ ਅਭੇਦ ਸੀ। ਅਕਾਲ ਪੁਰਖ ਦੀ ਲੀਲਾ ਅਨੁਸਾਰ ਉਹ ਅਕਾਲ ਪੁਰਖ ਤੋਂ ਵਿਛੜ ਗਿਆ ਤੇ ਮਨੁੱਖ ਈਸ਼ਵਰੀ ਮਾਇਆ ਵੱਸ ਪੈ ਕੇ ਮਾਇਆ ਦਾ ਖਿਡੌਣਾ ਬਣ ਗਿਆ। ਅਗਲਾ ਕਦਮ ਇਹੋ ਹੀ ਹੈ ਕਿ ਮਾਇਆ ਦੇ ਭਰਮ ਵਿਚੋਂ ਨਿਕਲ ਕੇ ਮੁੜ ਈਸ਼ਵਰ ਨਾਲ ਅਭੇਦ ਹੋਵੇ। ਜ਼ਿੰਦਗੀ ਤੇ ਮਨ ਰਾਹੀਂ ਪ੍ਰਕ੍ਰਿਤੀ ਆਪਣੀ ਸਵੇ ਚੇਤਨਤਾ ਪ੍ਰਤੀਤ ਕਰਦੀ ਹੈ ਤੇ ਇਸ ਪ੍ਰਕਾਰ ਆਤਮਾ ਪਰਮਾਤਮਾ ਤੋਂ ਵਿਛੜ ਜਾਂਦੀ ਹੈ ਤੇ ਫੇਰ ਜਦ ਜੀਵ ਸਾਵਧਾਨ ਹੋ ਕੇ ਆਪਣੇ

ਆਪ ਨੂੰ ਅਕਾਲ ਪੁਰਖ ਦੇ ਭਾਣੇ ਵਿਚ ਅਰਪਣ ਕਰਨ ਦਾ ਉੱਦਮ ਕਰਦਾ ਹੈ ਤਾਂ ਉਸ ਅੰਤਿਮ ਮੰਜ਼ਿਲ ਤੇ ਅਪੱੜਦਾ ਹੈ ਜਿਥੇ ਉਹ ਅਕਾਲ ਪੁਰਖ ਨਾਲ ਅਭੇਦ ਹੋ ਜਾਂਦਾ ਹੈ।'' ਇਹ ਇੱਕ ਬੇਹੱਦ ਵਚਿੱਤਰ ਕਿਸਮ ਦਾ ਸਬੰਧ ਹੈ ਜੋ ਜੀਵ ਅਤੇ ਉਸ ਦੇ ਕਰਤਾ; ਪਰਮਾਤਮਾ ਦੇ ਵਿਚਕਾਰ ਹੁੰਦਾ ਹੈ। ਗੁਰੂ ਸਾਹਿਬ ਜੀ ਫੁਰਮਾਉਂਦੇ ਹਨ।

ਸਭ ਮਹਿ ਜੋਤਿ ਜੋਤਿ ਹੈ ਸੋਇ ਤਿਸ ਦੈ ਚਾਨਣਿ ਸਭ ਮਹਿ ਚਾਨਣਿ ਹੋਇ ।। (ਪੰਨਾ ੧੩)

ਉਹਨਾਂ ਅੱਗੇ ਚੱਲ ਕੇ ਇਹ ਵੀ ਦੱਸਿਆ ਕਿ ਹੇ ਮਨ ਤੂੰ ਆਪ ਹੀ ਉਸ ਪਰਮਾਤਮਾ ਦਾ ਸਰੂਪ ਹੈਂ ਤੂੰ ਆਪਣੀ ਅਸਲੀ ਹੋਂਦ ਦੀ ਪਹਿਚਾਣ ਕਰ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ।।<br>
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ।। (ਪੰਨਾ ੪੪੧)

ਗੁਰੂ ਆਪਣੇ ਸਿੱਖ ਨੂੰ ਜਾਣੂ ਕਰਵਾਂਦਾ ਹੈ ਕਿ ਜਿਸ ਅੰਤਿਮ ਤੱਤ ਦਾ ਹਿੱਸਾ ਆਤਮਾ ਹੈ ਉਹ ਕੀ ਹੈ ? ਉਸ ਦਾ ਰੂਪ ਕੀ ਹੈ ? ਉਸ ਦੀ ਅਸਲੀਅਤ ਕੀ ਹੈ ? ਅਤੇ ਉਸ ਦੇ ਗੁਣ ਕੀ ਹਨ ? ਜਿਸ ਤੱਤ ਸਰੂਪ ਵਿਚ ਉਸ ਨੇ ਸੰਮਿਲਿਤ ਹੋਣਾ ਹੈ ਜਾਂ ਜਿਸ ਤੱਤ ਸਰੂਪ ਵਿਚੋਂ ਉਸ ਦੀ ਹੋਂਦ ਹੋਈ ਹੈ ਉਸ ਦਾ ਸਰੂਪ ਕੀ ਹੈ ? ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ੁਰੂ ਵਿਚ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਸੱਚ ਦੇ ਅਸਲੀ ਸਰੂਪ ਅਤੇ ਉਸ ਦੇ ਗੁਣਾਂ ਦਾ ਬਿਆਨ ਕੀਤਾ ਹੈ। ਉਹਨਾਂ ਨੇ ਮੂਲ ਮੰਤਰ ਵਿਚ ਸੱਚ ਦੇ ਗਿਆਨ ਦਾ ਭੇਦ ਖੋਲਿਆ ਹੈ। ਉਹਨਾਂ ਲਿਖਿਆ ਹੈ ਪ੍ਰਭੂ ਇੱਕ ਹੈ ਜੋ ਆਪਣੀ ਰਚਨਾ ਵਿਚ ਸਮਾਨ ਰੂਪ ਹੋ ਕੇ ਵਿਚਰਦਾ ਹੈ। ਉਸਦਾ ਨਾਮ ਸੱਚ ਹੈ ਭਾਵ ਉਹ ਸਦਾ ਇੱਕ ਰੂਪ ਹੀ ਰਹਿੰਦਾ ਹੈ। ਉਹੀ ਇਕੱਲਾ ਇਸ ਸੰਸਾਰ ਦੀ ਰਚਨਾ ਕਰਨ ਵਾਲਾ ਹੈ। ਉਹ ਇੰਨਾਂ ਸਮਰੱਥ ਅਤੇ ਵੱਡਾ ਹੈ ਕਿ ਉਸ ਨੂੰ ਕਿਸੇ ਦਾ ਡਰ ਨਹੀਂ ਹੈ। ਉਹ ਸਾਰੇ ਸੰਸਾਰ ਦੀ ਰਚਨਾ ਨਾਲ ਇਸ ਤਰ੍ਹਾਂ ਇੱਕਮਿਕ ਹੈ ਕਿ ਉਸ ਦੀ ਕਿਸੇ ਨਾਲ ਵੀ ਵਿਰੋਧਤਾ ਨਹੀਂ ਹੈ। ਉਹ ਐਸੀ ਹਸਤੀ ਹੈ ਜੋ ਸਮੇਂ ਜਾਂ ਮੌਤ ਦੇ ਬੰਧਨ ਵਿਚ ਨਹੀਂ ਹੈ। ਉਹ ਜਨਮ ਨਹੀਂ ਲੈਂਦਾ ਅਤੇ ਉਹੀ ਐਸੀ ਹੋਂਦ ਹੈ ਜਿਸਨੇ ਆਪਣੇ ਆਪ ਨੂੰ ਆਪ ਬਣਾਇਆ। ਜਿਸ ਨੂੰ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਗੁਰੂ ਆਪਣੇ ਸਿੱਖ ਨੂੰ ਐਸੇ ਪਰਮਾਤਮਾ ਦਾ ਸਿਮਰਨ ਕਰਨ ਦੀ ਵਿਧੀ ਅਤੇ ਪ੍ਰੇਰਨਾ ਦੇ ਨਾਲ ਨਾਲ ਐਸੇ ਪਰਮਾਤਮਾ ਤੇ ਗੁਝੇ ਭੇਦਾਂ ਦਾ ਗਿਆਨ ਵੀ ਦਿੰਦਾ ਹੈ। ਕਿਉਂਕਿ ਸਿੱਖ ਵਿਚਾਰਧਾਰਾ ਅਨੁਸਾਰ ਆਤਮਾ ਦੀ ਪਛਾਣ ਤੋਂ ਪਹਿਲਾਂ ਉਸ ਸ੍ਰੋਤ ਦੀ ਪਛਾਣ ਵੀ ਜ਼ਿਆਦਾ ਜ਼ਰੂਰੀ ਹੋ ਜਾਂਦੀ ਹੈ ਜਿਸ ਸ੍ਰੋਤ ਵਿਚੋਂ ਆਤਮਾ ਦਾ ਆਰੰਭ ਹੋਇਆ ਅਤੇ ਜਿਸ ਸਰੋਤ ਵਿਚ ਮਿਲ ਕੇ ਹੀ ਆਤਮਾ ਦੀ ਸੰਪੂਰਨਤਾ ਹੋ ਸਕਦੀ ਹੈ; ਜੋ ਪਰਮਾਤਮਾ ਆਪ ਹੈ। ਸਿੱਖ ਧਰਮ ਦੀ ਵਿਲੱਖਣਤਾ ਇਸੇ ਵਿਚ ਹੈ ਕਿ ਇਸ ਅਨੁਸਾਰ ਚੱਲਦੇ ਹੋਏ ਸਾਧਕ ਨੇ ਕੇਵਲ ਜਨਮ - ਮਰਨ ਦੇ ਚੱਕਰ ਤੋਂ ਛੁਟਕਾਰਾ ਹੀ ਨਹੀਂ ਪ੍ਰਾਪਤ ਕਰਨਾ ਸਗੋਂ ਆਪਣੀ ਸਦੀਵੀ ਹੋਂਦ ਨੂੰ ਵੀ ਪ੍ਰਾਪਤ ਕਰਨਾ ਹੁੰਦਾ ਹੈ ਜਿਸ ਵਿਚੋਂ ਉਸ ਦਾ ਆਰੰਭ ਹੋਇਆ।

ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੇ ਸ਼ੁਰੂ ਵਿਚ ਹੀ ਦੱਸਿਆ ਹੈ ਕਿ ਪਰਮਾਤਮਾ ਸੱਚ ਹੈ ਉਸ ਸੱਚ ਨੂੰ ਸੱਚ ਦੇ ਰਾਹ ਤੇ ਚੱਲ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਸੱਚ ਦੀ ਅਤੇ ਸੱਚ ਦੇ ਰਾਹ ਦੀ ਪਛਾਣ ਕੇਵਲ ਸੱਚੇ ਗੁਰੂ ਨੂੰ ਹੀ ਹੋ ਸਕਦੀ ਹੈ ਜੋ ਉਸ ਸੱਚ ਵਿਚ ਸਮਾਇਆ ਹੋਇਆ ਸੱਚ ਸਰੂਪ ਹੁੰਦਾ ਹੈ। ਸੱਚ ਨੂੰ ਪ੍ਰਾਪਤ ਕਰਨ ਲਈ ਉਸ ਦੇ ਰਾਹ ਤੇ ਚੱਲਣ ਲਈ ਸਚਿਆਰ ਹੋਣ ਦੀ ਜ਼ਰੂਰਤ ਹੁੰਦੀ ਹੈ ਅਤੇ ਇਹ ਸਚਿਆਰ ਹੋਣ ਦਾ ਰਾਹ ਕੇਵਲ ਗੁਰੂ ਦੀ ਮੱਤ ਵਿਚ ਹੀ ਹੁੰਦਾ ਹੈ। ਸਚਿਆਰ ਹੋਣ ਲਈ ਸੱਚ ਦੇ ਰਾਹ ਤੇ ਚੱਲਦੇ ਰਹਿਣ ਲਈ ਅਤੇ ਆਪ ਸੱਚ ਸਰੂਪ ਹੋਣ ਲਈ ਸਿੱਖ ਨੂੰ ਲਗਾਤਾਰ ਸੱਚੇ ਗੁਰੂ ਦੀ ਅਗਵਾਈ ਦੀ ਜ਼ਰੂਰਤ ਹੁੰਦੀ ਹੈ। ਤਾਂ ਕਿ ਉਸ ਦਾ ਮਨ ਸਦਾ ਪ੍ਰਭੂ ਦੇ ਸੱਚੇ ਗਿਆਨ ਵੱਲ ਪ੍ਰੇਰਤ ਰਹੇ। ਕਿਉਂਕਿ ਮਨੁੱਖ ਲਗਾਤਾਰ ਸੋਚਦਾ ਰਹਿਣ ਵਾਲਾ ਪ੍ਰਾਣੀ ਹੈ। ਉਹ ਹਮੇਸ਼ਾਂ ਆਪਣੀ ਨਿਜੀ ਸੋਚ ਤੋਂ ਪ੍ਰਭਾਵਤ ਹੁੰਦਾ ਰਹਿੰਦਾ ਹੈ ਅਤੇ ਫਲਸਰੂਪ ਉਸ ਦੇ ਮਨ ਵਿਚ ਕਈ ਤਰਾਂ ਦੇ ਸ਼ੰਕੇ ਉਠਦੇ ਰਹਿੰਦੇ ਹਨ ਜਿੰਨਾਂ ਦੀ ਨਿਵਿਰਤੀ ਗੁਰੂ ਦੁਆਰਾ ਸੱਚ ਦਾ ਗਿਆਨ ਦੇ ਕੇ ਹੀ ਕੀਤੀ ਜਾ ਸਕਦੀ ਹੈ। ਇੱਕ ਸਿੱਖ ਦੀ ਮਨੋ ਸਥਿਤੀ ਸ਼ੰਕਿਆਂ ਤੋਂ ਮੁਕਤ ਰਹਿਣੀ ਜ਼ਰੂਰੀ ਹੁੰਦੀ ਹੈ ਨਹੀਂ ਤਾਂ ਉਹ ਨਿਰਵਿਘਨ ਆਪਣੇ ਅਸਲੀ ਅਧਿਆਤਮਿਕ ਰਾਹ ਤੇ ਨਹੀਂ ਚੱਲ ਸਕਦਾ। ਉਸ ਦੇ ਮਨ ਵਿਚ ਕਈ ਤਰਾਂ ਦੇ ਸ਼ੰਕੇ ਪੈਦਾ ਹੋਣ ਕਰਕੇ ਉਹ ਆਪਣੇ ਅਧਿਆਤਮਿਕ ਰਾਹ ਤੋਂ ਭਟਕ ਕੇ ਕੁਰਾਹੇ ਪਿਆ ਰਹਿੰਦਾ ਹੈ। ਇਸੇ ਕਰਕੇ ਉਸ ਨੂੰ ਲਗਾਤਾਰ ਸੱਚੇ ਗੁਰੂ ਦੀ ਸੱਚੀ ਅਗਵਾਈ ਦੀ ਜ਼ਰੂਰਤ ਹੁੰਦੀ ਹੈ।

**ਗੁਰਮੁਖ ਦਾ ਲਕਸ਼ :-**

ਆਤਮ - ਸਿੱਧੀ ਜਾਂ ਆਤਮਿਕ - ਸੰਪੂਰਨਤਾ ਪ੍ਰਾਪਤ ਕਰਨ ਲਈ ਆਤਮਾ ਨੂੰ ਲਗਾਤਾਰ ਕਈ ਅਧਿਆਤਮਿਕ ਪੜਾਵਾਂ ਵਿਚੋਂ

ਲੰਘਣਾ ਪੈਂਦਾ ਹੈ। ਆਤਮਿਕ - ਸੰਪੂਰਨਤਾ ਜਾਂ ਆਤਮਕ ਗਿਆਨ ਹਾਸਿਲ ਕਰਨ ਲਈ ਸਭ ਤੋਂ ਪਹਿਲਾਂ ਸਾਧਕ, ਜਿਸ ਨੂੰ ਕਿ ਗੁਰਮੁਖ ਮੰਨਿਆ ਜਾਂਦਾ ਹੈ, ਨੇ ਗੁਰੂ ਦੀ ਕ੍ਰਿਪਾ ਨਾਲ ਆਪਣਾ ਅਸਲੀ ਲਕਸ਼ ਸਾਧਣਾ ਹੁੰਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਗੁਰਮੁਖ ਦੀ ਅਸਲੀ ਅਤੇ ਆਖਰੀ ਮੰਜ਼ਿਲ ਹੈ ਆਤਮਾ ਅਤੇ ਪਰਮ ਸੱਚ ਵਿਚਾਲੇ ਫਾਸਲੇ ਨੂੰ ਮਿਟਾ ਕੇ ਉਸ ਸੱਚ ਵਿਚ ਸੱਚ ਰੂਪ ਹੋ ਕੇ ਅਭੇਦ ਹੋ ਜਾਣਾ। ਇਹੀ ਆਤਮ - ਸਿੱਧੀ ਹੈ ਅਤੇ ਇਹੀ ਆਤਮਾ ਦੀ ਅਸਲੀ ਹੋਂਦ ਦੀ ਆਖਰੀ ਮੰਜ਼ਿਲ ਹੈ। ਪਰ ਇਹ ਸਭ ਕੁਝ ਇਕ ਖਾਸ ਕਿਸਮ ਦਾ ਰਵੱਈਆ ਅਖਤਿਆਰ ਕਰਨ ਅਤੇ ਗੁਰੂ ਦੀ ਸ਼ਰਨ ਵਿਚ ਜਾ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਸਭ ਤੋਂ ਪਹਿਲਾਂ ਸਾਧਕ ਨੂੰ ਗੁਰੂ ਦੁਆਰਾ ਸੱਚ ਭਾਵ ਪਰਮਾਤਮਾ ਦੇ ਗੁਣਾਂ ਦਾ ਗਿਆਨ ਹੁੰਦਾ ਹੈ। ਫਿਰ ਉਹ ਗੁਰੂ ਦੁਆਰਾ ਦੱਸੇ ਹੋਏ ਰਸਤੇ ਅਨੁਸਾਰ ਇਕਾਗਰ ਚਿੱਤ ਹੋ ਕੇ ਪ੍ਰਭੂ ਦੇ ਧਿਆਨ ਵਿਚ ਵਿਲੀਨ ਹੁੰਦਾ ਹੈ।

ਆਤਮ ਉਦੇਸ਼ ਦੀ ਪ੍ਰਾਪਤੀ ਲਈ ਇੱਕ ਤੱਥ ਤਾਂ ਪ੍ਰਤੱਖ ਹੈ ਕਿ ਇਹ ਮੰਜ਼ਿਲ ਕਿਸੇ ਤਰਾਂ ਵੀ ਮਨੁੱਖ ਦੀ ਆਪਣੀ ਨਿਜੀ ਜਾਂ ਆਜ਼ਾਦ ਸਮਝ ਕਰਕੇ ਹਾਸਿਲ ਨਹੀਂ ਹੁੰਦੀ। ਇਸ ਨੂੰ ਪ੍ਰਾਪਤ ਕਰਨ ਲਈ ਇਕ ਸੱਚੇ ਗੁਰੂ ਦੀ ਜ਼ਰੂਰਤ ਹੁੰਦੀ ਹੈ ਜਿਸ ਵਿਚ ਅਧਿਆਤਮਿਕ ਆਗੂ ਹੋਣ ਦੇ ਸ਼ੁਭ ਗੁਣ ਮੌਜੂਦ ਹੋਣ ਭਾਵ ਜੋ ਸੱਚ ਦਾ ਰਾਹ ਜਾਣਦਾ ਹੋਵੇ ਸੱਚ ਤੱਕ ਪਹੁੰਚਾਣ ਦੀ ਸਮਰੱਥਾ ਰੱਖਦਾ ਹੋਵੇ। ਇੱਕ ਸਾਧਾਰਣ ਵਿਅਕਤੀ ਜਦੋਂ ਆਪਣੀ ਨਿਜੀ ਸਮਝ ਦੇ ਅਹੰਕਾਰ ਨੂੰ ਤਿਆਗ ਕੇ, ਆਪਣੇ ਮਨ ਦੀ ਆਜ਼ਾਦ ਸੋਚ ਨੂੰ ਤਿਆਗ ਕੇ ਗੁਰੂ ਦੀ ਸਿੱਖਿਆ ਪ੍ਰਤਿ ਆਪਣੇ ਆਪ ਨੂੰ ਸਮਰਪਿਤ ਕਰਦਾ ਹੈ ਤਾਂ ਗੁਰੂ ਹੀ ਉਸ ਨੂੰ ਅਧਿਆਤਮਿਕਤਾ ਦੇ ਗੁਝੇ ਭੇਦਾਂ ਰਾਹੀਂ ਉਸ ਦੀ ਅਸਲੀ ਮੰਜ਼ਿਲ ਤੈਅ ਕਰਨ ਵਿਚ ਸਹਾਈ ਹੁੰਦਾ ਹੈ। ਸੱਚ ਜਾਂ ਆਤਮਾ ਦੀ ਅੰਤਿਮ ਮੰਜ਼ਿਲ ਦਾ ਰਾਹ ਕਦੇ ਵੀ ਮਨੁੱਖ ਨੂੰ ਉਸਦੀ ਆਪਣੀ ਆਜ਼ਾਦ ਸੋਚ ਜਾਂ ਉਸ ਦੇ ਆਪਣੇ ਵਿਅਕਤੀਗਤ ਮਨ ਵਿਚੋਂ ਉਠੇ ਵਿਚਾਰਾਂ ਤੋਂ ਪ੍ਰਾਪਤ ਨਹੀਂ ਹੁੰਦਾ। ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਵਿਚ ਇਸ਼ਾਰਾ ਕਰਦੇ ਹਨ ਕਿ ਭਾਂਵੇ ਮਨੁੱਖ ਕੋਲ ਆਪਣੇ ਆਪ ਵਿਚ ਸ਼ੁੱਧੀ, ਸ਼ਾਂਤੀ, ਸੰਤੁਸ਼ਟੀ ਅਤੇ ਸੰਪੂਰਨਤਾ ਹਾਸਿਲ ਕਰਨ ਦੇ ਜਿੰਨੇ ਵੀ ਮਰਜ਼ੀ ਸਾਧਨ ਹੋਣ ਪਰ ਜਿੰਨੀ ਦੇਰ ਤੱਕ ਉਹ ਸੱਚੇ ਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ ਉਨੀ ਦੇਰ ਤੱਕ ਉਹ ਸੱਚੀ ਸ਼ੁੱਧਤਾ, ਸੱਚੀ ਸ਼ਾਂਤੀ, ਸੱਚੀ ਸੰਤੁਸ਼ਟੀ ਅਤੇ ਸੱਚੀ ਸੰਪੂਰਨਤਾ ਹਾਸਿਲ ਨਹੀਂ ਕਰ ਸਕਦਾ। ਗੁਰੂ ਦੇ ਹੁਕਮ ਵਿਚ ਆਏ ਬਿਨਾਂ ਇੱਕ ਸਾਧਾਰਣ ਵਿਅਕਤੀ ਸੱਚ ਦੇ ਰਾਹ ਤੇ ਨਹੀਂ ਚੱਲ ਸਕਦਾ ਅਤੇ ਸੱਚ ਦੇ ਰਾਹ ਤੇ ਚੱਲਣ ਤੋਂ ਬਿਨਾਂ ਆਤਮਾ ਜੋ ਸੱਚ ਸਰੂਪ ਹੈ ਉਸ ਤੋਂ ਕਰਮਾਂ ਦੇ ਜਾਂ ਝੂਠ ਦੇ ਗੰਦੇ ਪਰਦੇ ਨਹੀਂ ਉਤਰਦੇ। ਉਹ ਆਪਣੀ ਮੰਜ਼ਿਲ ਪ੍ਰਾਪਤ ਨਹੀਂ ਕਰ ਸਕਦੀ। ਇਹਨਾਂ ਪਰਦਿਆਂ ਨੂੰ ਗੁਰੂ ਜੀ ਨੇ ਝੂਠ ਦੀ ਦੀਵਾਰ ਵੀ ਕਿਹਾ ਹੈ ਕਿਉਂਕਿ ਮਨੁੱਖ ਅਤੇ ਪਰਮਾਤਮਾ ਵਿਚਾਲੇ ਇਹੀ ਦੀਵਾਰ ਹੈ ਜੋ ਆਤਮਾ ਅਤੇ ਪਰਮਾਤਮਾ ਨੂੰ ਮਿਲਣ ਵਿਚ ਰੁਕਾਵਟ ਹੁੰਦੀ ਹੈ। ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਨੂੰ ਪ੍ਰਾਪਤ ਕਰਨ ਲਈ ਉਸ ਨਾਲ ਪ੍ਰੇਮ ਸਬੰਧ ਸਥਾਪਤ ਕਰਨਾ ਹੁੰਦਾ ਹੈ ਅਤੇ ਇਹ ਪ੍ਰੇਮ ਉਸ ਦਾ ਸਿਮਰਨ ਕਰਨ ਨਾਲ ਸਥਾਪਤ ਹੁੰਦਾ ਹੈ ਅਤੇ ਸਿਮਰਨ ਕਰਨ ਦੀ ਵਿਧੀ ਗੁਰੂ ਦੀ ਬਖਸ਼ਿਸ਼ ਦੁਆਰਾ ਹੀ ਪ੍ਰਾਪਤ ਹੁੰਦੀ ਹੈ।

**ਗੁਰੂ ਗ੍ਰੰਥ ਸਾਹਿਬ ਦੀ ਮਹੱਤਤਾ :-**

ਸਿੱਖ ਜੀਵਨ-ਜਾਂਚ ਵਿਚ ਗੁਰੂ ਗ੍ਰੰਥ ਸਾਹਿਬ ਹੀ ਇਕ ਸਿੱਖ ਲਈ ਸੱਚੇ ਗੁਰੂ ਹਨ ਅਤੇ ਅਧਿਆਤਮਿਕ ਗਿਆਨ ਦਾ ਮੁੱਖ ਸ੍ਰੋਤ ਹਨ। ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਭੂ ਦੇ ਗਿਆਨ, ਉਸ ਦੇ ਗੁਣਾਂ ਦਾ ਵਿਖਿਆਨ ਅਤੇ ਸਿਮਰਨ ਦੀ ਵਿਧੀ - ਵਿਧਾਨ ਮੌਜੂਦ ਹਨ ਜਿਨ੍ਹਾਂ ਦੀ ਜ਼ਰੂਰਤ ਸਿੱਖ ਨੂੰ ਗੁਰੂ ਤੋਂ ਸਿੱਖਣ ਦੀ ਲੋੜ ਹੁੰਦੀ ਹੈ। ਇਸ ਕਰਕੇ ਇੱਕ ਸੱਚਾ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੱਲਾ ਫੜ ਕੇ ਹੀ ਆਤਮਿਕ - ਸੰਪੂਰਨਤਾ ਦੇ ਰਾਹ ਤੇ ਤੁਰ ਸਕਦਾ ਹੈ। ਇਸੇ ਕਰਕੇ ਇਹ ਮੰਨਿਆ ਜਾਂਦਾ ਹੈ ਕਿ ਗੁਰਬਾਣੀ ਦਾ ਅਧਿਐਨ ਅਤੇ ਉਸ ਦੀ ਗੰਭੀਰ ਵਿਚਾਰ ਇੱਕ ਸਾਧਾਰਣ ਵਿਅਕਤੀ ਨੂੰ ਸਿੱਖ ਅਤੇ ਇੱਕ ਸਾਧਾਰਣ ਸਿੱਖ ਨੂੰ ਗੁਰਮੁੱਖ ਬਣਾ ਦਿੰਦੀ ਹੈ। ਗੁਰਬਾਣੀ ਦੇ ਗੁੱਝੇ ਰਹੱਸਮਈ ਭੇਦਾਂ ਨੂੰ ਚਿੰਤਨ ਦੇ ਸਤਰ ਤੇ ਸਮਝ ਕੇ ਅਸੀਂ ਆਪਣੇ ਮਨ ਨੂੰ ਇੱਕ ਖਾਸ ਅਧਿਆਤਮਿਕ ਦਿਸ਼ਾ ਵੱਲ ਸੇਧ ਦਿੰਦੇ ਹਾਂ। ਕਿਉਂਕਿ ਗੁਰੂ ਦੀ ਕ੍ਰਿਪਾ ਨਾਲ ਹੀ ਪ੍ਰੇਰਿਤ ਹੋ ਕੇ ਅਸੀਂ ਆਪਣੀ ਅਸਲੀ ਮੰਜ਼ਿਲ ਵੱਲ ਆਪਣਾ ਨਿਸ਼ਾਨਾ ਸਾਧਦੇ ਹਾਂ। ਇਹ ਗੁਰੂ ਦੀ ਸਿਖਿਆ ਹੀ ਹੁੰਦੀ ਹੈ ਜੋ ਸਾਨੂੰ ਆਪਣੇ ਅਸਲੀ ਉਦੇਸ਼ ਵੱਲ ਪ੍ਰੇਰਣ ਅਤੇ ਪਹੁੰਚਣ ਦਾ ਮਾਰਗ ਦੱਸਦੀ ਹੈ। ਇਸੇ ਨੂੰ ਗੁਰਬਾਣੀ ਅਨੁਸਾਰ ਸੱਚ ਦਾ ਨਾਮ ਦਿੱਤਾ ਗਿਆ ਹੈ ਅਤੇ ਆਪਣੇ ਅਸਲੀ ਉਦੇਸ਼ ਦੇ ਸਿੱਟੇ ਵਜੋਂ ਅਸੀਂ ਸੱਚ ਸਰੂਪ ਹੋਣਾਂ ਹੁੰਦਾ ਹੈ। ਇੱਕ ਗੁਰਮੁੱਖ ਗੁਰੂ ਦੁਆਰਾ ਦੱਸੇ ਹੋਏ ਗਿਆਨ ਦੇ ਆਧਾਰ ਤੇ ਲਗਾਤਾਰ ਗੁਰੂ ਦੀ ਸ਼ਰਨ ਵਿਚ ਰਹਿ ਕੇ ਆਪਣਾ ਜੀਵਨ ਗੁਰੂ ਦੀ ਸੱਚੀ ਸਿਖਿਆ ਅਨੁਸਾਰ ਢਾਲ ਲੈਂਦਾ ਹੈ। ਸਰੀਰ ਅਤੇ ਮਨ ਨੂੰ ਨੈਤਿਕ ਪੱਧਰ ਤੇ ਸਾਧਨ ਲਈ ਉਹ ਗੁਰੂ ਦੁਆਰਾ ਦੱਸੀ ਵਿਧੀ ਅਨੁਸਾਰ ਆਪਣੀਆਂ ਗਿਆਨ ਅਤੇ ਕਰਮ ਇੰਦਰੀਆਂ ਨੂੰ ਅਧਿਆਤਮਕ ਸੇਧ ਦਿੰਦਾ ਹੈ। ਇਸ ਤੋਂ ਬਾਅਦ ਉਹ ਆਪਣੀਆਂ ਮਾਨਸਿਕ ਅਤੇ ਅਧਿਆਤਮਕ ਸ਼ਕਤੀਆਂ ਨੂੰ ਗੁਰੂ ਦੀ ਕ੍ਰਿਪਾ ਨਾਲ ਕੇਂਦਰਿਤ ਕਰਕੇ ਆਪਣੇ ਇਸ਼ਟ ਦੀ ਅਰਾਧਨਾ ਕਰਦਾ ਹੋਇਆ ਕਦਮ-ਦਰ-ਕਦਮ ਸਹਿਜੇ-ਸਹਿਜੇ ਅੱਗੇ ਵਧਦਾ ਰਹਿੰਦਾ ਹੈ।

**ਪ੍ਰਭੂ ਪ੍ਰੇਮ ਅਤੇ ਸਿਮਰਨ :**

ਗੁਰੂ ਗ੍ਰੰਥ ਸਾਹਿਬ ਦੇ ਸ਼ੁਰੂ ਵਿਚ ਹੀ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਤੱਕ ਪਹੁੰਚਣ ਦਾ ਰਾਹ ਸਹਿਜੇ ਹੀ ਸਮਝਾ ਦਿੱਤਾ। ਉਨ੍ਹਾਂ ਨੂੰ ਪੁੱਛਿਆ ਗਿਆ ਸੀ ਕਿ ਸੱਚੇ ਪਰਮਾਤਮਾ ਨੂੰ ਮਿਲਣ ਲਈ ਸਚਿਆਰ ਕਿਵੇਂ ਬਣਿਆ ਜਾਵੇ। ਇਸ ਦੇ ਜੁਆਬ ਵਿਚ ਉਨ੍ਹਾਂ ਦੱਸਿਆ ਕਿ ਪ੍ਰਭੂ ਦਾ ਹੁਕਮ ਮੰਨ ਕੇ ਹੀ ਜੀਵ ਉਸ ਸੱਚੇ ਦੇ ਸੱਚੇ ਰਾਹ ਤੇ ਚੱਲ ਸਕਦਾ ਹੈ ਅਤੇ ਉਹ ਹੁਕਮ ਹੈ ਅੰਮ੍ਰਿਤ ਵੇਲੇ ਪ੍ਰਭੂ ਦੇ ਸੱਚੇ ਨਾਮ ਦਾ ਸਿਮਰਨ ਕਰਨ ਨਾਲ, ਉਸ ਦੇ ਗੁਣਾਂ ਅਤੇ ਉਸ ਦੀਆਂ ਵਡਿਆਈਆਂ ਦੀ ਵਿਚਾਰ ਕਰਨ ਨਾਲ ਉਸ ਦੇ ਸੱਚੇ ਰਾਹ ਤੇ ਚੱਲਿਆ ਜਾ ਸਕਦਾ ਹੈ। ਇਹ ਰਾਹ ਇੰਨਾਂ ਸਿੱਧ ਪੱਧਰਾ ਹੈ ਕਿ ਕਿਸੇ ਕਿਸਮ ਦੇ ਸ਼ੰਕੇ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਇੱਕ ਗੁਰਮੁੱਖ ਲਈ ਆਤਮਿਕ ਸੰਪੂਰਨਤਾ ਦਾ ਰਾਹ ਨਾ ਤਾਂ ਕਿਸੇ ਤਰਾਂ ਦੇ ਬਾਹਰੀ ਕਰਮ ਕਾਂਡ ਤੋਂ ਸ਼ੁਰੂ ਹੁੰਦਾ ਹੈ ਅਤੇ ਨਾ ਹੀ ਕਿਸੇ ਬਾਹਰੀ ਸਾਧਨ ਵੱਲ ਪ੍ਰੇਰਿਤ ਹੁੰਦਾ ਹੈ। ਇੱਕ ਤਾਂ ਇਹ ਰਾਹ ਮਨੁੱਖ ਦੇ ਅੰਦਰ ਤੋਂ ਹੀ ਪ੍ਰਭੂ ਪ੍ਰੇਮ ਦੇ ਰੂਪ ਵਿਚ ਸ਼ੁਰੂ ਹੁੰਦਾ ਹੈ ਦੂਜਾ ਇਸਦੀ ਮੰਜ਼ਿਲ ਵੀ ਮਨੁੱਖ ਨੂੰ ਆਪਣੇ ਅੰਦਰ ਹੀ ਪ੍ਰਾਪਤ ਹੁੰਦੀ ਹੈ। ਇਹ ਪ੍ਰਾਪਤੀ ਆਤਮ ਗਿਆਨ ਦੇ ਰੂਪ ਵਿਚ ਪ੍ਰਾਪਤ ਹੁੰਦੀ ਹੈ। ਗੁਰਮਤਿ ਦਾ ਇਹ ਰਾਹ ਅੰਦਰ ਤੋਂ ਅੰਦਰ ਤੱਕ ਦਾ ਹੀ ਸਫਰ ਹੈ। ਸਿੱਖ ਵਿਚਾਰਧਾਰਾ ਦੀ ਵਿਲੱਖਣਤਾ ਉਘੜ ਕੇ ਇਸ ਵਿਧੀ ਨਾਲ ਸਾਹਮਣੇ ਆਉਂਦੀ ਹੈ ਕਿ ਕਿਸੇ ਵੀ ਤਰਾਂ ਦੀ ਬਾਹਰੀ ਪੂਜਾ ਦੀ ਵਿਧੀ ਜਾਂ ਪੂਜਾ ਦਾ ਲਕਸ਼ ਇਸ ਰਾਹ ਤੇ ਕੰਮ ਨਹੀਂ ਆਉਂਦਾ।

ਕਿਸੇ ਕਿਸਮ ਦੀ ਚਤੁਰਾਈ ਜਾਂ ਨਿਜੀ ਸਿਆਣਪ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ। ਕੇਵਲ ਅਤੇ ਕੇਵਲ ਪ੍ਰਭੂ ਪ੍ਰਤੀ ਪ੍ਰੇਮ ਹੀ ਇਕ ਮਾਤਰ ਜ਼ਰੀਆ ਹੈ ਪ੍ਰਭੂ ਤੱਕ ਪਹੁੰਚਾਣ ਦਾ। ਗੁਰੂ ਸਾਹਿਬ ਫੁਰਮਾਉਂਦੇ ਹਨ :-

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ।।
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ।। (ਪੰਨਾ ੨੫੩)

ਗੁਰੂ ਰਾਹੀਂ ਪ੍ਰਭੂ ਦੇ ਗੁਣਾਂ ਦਾ ਗਿਆਨ ਹਾਸਿਲ ਕਰਕੇ ਇੱਕ ਗੁਰਮੁਖ ਪ੍ਰਭੂ ਦੇ ਪ੍ਰੇਮ - ਭਾਵ ਵਿਚ ਵਿਚਰਦੇ ਹੋਏ, ਗੁਰੂ ਰਾਹੀਂ ਦੱਸੇ ਹੋਏ ਤਰੀਕੇ ਨਾਲ ਚੰਗੇ ਗੁਣ ਅਖਤਿਆਰ ਕਰਕੇ, ਗੁਰੂ ਦੀ ਦੱਸੀ ਜੁਗਤ ਨਾਲ ਅਧਿਆਤਮਿਕਤਾ ਦੇ ਰਾਹ ਤੇ ਤੁਰਨ ਯੋਗ ਹੁੰਦਾ ਹੈ। ਪਰ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਉਸ ਨੂੰ ਮੁਕਤੀ, ਅੰਤਿਮ ਗਿਆਨ ਜਾਂ ਆਤਮਿਕ ਸੰਪੂਰਨਤਾ ਹਾਸਿਲ ਹੁੰਦੀ ਹੈ। ਇਹ ਰਾਹ ਅਸਲ ਵਿਚ ਨਾ ਤਾਂ ਕੇਵਲ ਕਰਮ ਦਾ ਮਾਰਗ ਹੈ ਜਿਸ ਅਨੁਸਾਰ ਮਨੁੱਖ ਕੇਵਲ ਸ਼ੁਭ ਕੰਮ ਕਰਕੇ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ ਅਤੇ ਨਾ ਕੇਵਲ ਭਗਤੀ ਦਾ ਹੀ ਮਾਰਗ ਹੈ ਜਿਸ ਅਨੁਸਾਰ ਮਨੁੱਖ ਸਮਾਜਿਕ ਬੰਧਨਾਂ ਤੋਂ ਉਪਰਾਮ ਰਹਿ ਕੇ ਜਿਉਂਦਾ ਹੋਇਆ ਉਹ ਅੱਗੇ ਵਧਦਾ - ਵਧਦਾ ਅਧਿਆਤਮਿਕਤਾ ਦੇ ਉਹਨਾਂ ਪੜਾਵਾਂ ਤੇ ਪਹੁੰਚ ਜਾਂਦਾ ਹੈ ਜਿਥੇ ਪਹੁੰਚ ਕੇ ਉਸ ਨੂੰ ਪ੍ਰਭੂ ਮਿਲਣ ਦਾ ਸੁਭਾਗਾ ਅਵਸਰ ਪ੍ਰਾਪਤ ਹੁੰਦਾ ਹੈ। ਡਾ. ਵਜ਼ੀਰ ਸਿੰਘ ਨੇ ਲਿਖਿਆ ਹੈ ਕਿ, ''ਗੁਰਬਾਣੀ ਦੀ ਸਮੁੱਚੀ ਸੇਧ ਮਨੁੱਖ ਦਾ ਨੈਤਿਕ - ਆਤਮਿਕ ਵਿਕਾਸ ਅਤੇ ਕਲਿਆਨ ਹੈ। ਸਮੁੱਚੇ ਰੂਪ ਵਿਚ ਗੁਰਬਾਣੀ ਮਨੁੱਖ ਨੂੰ ਸੰਬੋਧਤ ਹੈ, ਉਸ ਨੂੰ ਦੈਵੀ ਗੁਣਾਂ ਦੀ ਚੇਤਨਾ ਦੁਆਰਾ ਉਚੇਰੇ ਮੰਡਲਾਂ ਦਾ ਅਨੁਭਵ ਲੈਣ ਦੇ ਯੋਗ ਬਨਾਉਣਾ ਇਸ ਦਾ ਮੰਤਵ ਹੈ। ਜੀਵ ਸਥੂਲ ਤੋਂ ਸੂਖਮ, ਵਧੇਰੇ ਸੂਖਮ ਤੋਂ ਅਤਿਅੰਤ ਸੂਖਮ ਦੀ ਦਿਸ਼ਾ ਵੱਲ ਪ੍ਰਗਤੀ ਕਰੇ, ਉਹ ਪਦਾਰਥਕ - ਸਮਾਜਿਕ ਜਗਤ ਵਿਚ ਵਿਚਰਦਾ, ਬੌਧਿਕ, ਸੁਹਜਾਤਮਕ ਤੇ ਨੈਤਿਕ ਕੀਮਤਾਂ ਨਾਲ ਸਾਂਝ ਪਾਵੇ ਅਤੇ ਅਧਿਆਤਮਿਕਤਾ ਦੀਆਂ ਸਿਖਰਾਂ ਛੋਹ ਸਕੇ — ਇਹ ਮਨੋਰਥ ਬਾਣੀ ਰਚਨਾ ਵਿਚ ਸਮੋਇਆ ਪ੍ਰਤੱਖ ਹੈ।''

ਸਿੱਖ ਜੀਵਨ ਢੰਗ ਵਿਚ ਇਸੇ ਕਰਕੇ ਗੁਰੂ ਦੀ ਸਿਖਿਆ ਨੂੰ ਸੁਣਨ, ਮੰਨਣ ਅਤੇ ਉਸ ਅਨੁਸਾਰ ਜੀਵਨ ਢਾਲਣ ਤੇ ਜ਼ੋਰ ਦਿੱਤਾ ਗਿਆ ਹੈ। ਗੁਰੂ ਦੀ ਸਿਖਿਆ ਨੂੰ ਆਪਣੇ ਅਮਲੀ ਜੀਵਨ ਵਿਚ ਢਾਲਣ ਨਾਲ ਹੀ ਇਕ ਸਾਧਾਰਣ ਵਿਅਕਤੀ ਗੁਰਮੁਖ ਅਤੇ ਗੁਰਮੁਖ ਤੋਂ ਅੱਗੇ ਚੱਲ ਕੇ ਪ੍ਰਭੂ ਰੂਪ ਹੋ ਸਕਦਾ ਹੈ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਗੁਰੂ ਦੀ ਸਿੱਖਿਆ ਨੂੰ ਸੁਣ ਕੇ ਆਮ ਇਨਸਾਨ ਵਿਚ ਵੀ ਸਿੱਧ ਪੁਰਖਾਂ ਵਾਲੇ ਗੁਣ ਆ ਜਾਂਦੇ ਹਨ। ਉਸ ਨੂੰ ਧਰਤੀ ਅਤੇ ਆਕਾਸ਼ ਵਿਚਲੇ ਰਹੱਸਮਈ ਭੇਦਾਂ ਦਾ ਗਿਆਨ ਹੋ ਜਾਂਦਾ ਹੈ। ਗੁਰ ਦਾ ਕਿਹਾ ਮੰਨਣ ਵਾਲੇ ਨੂੰ ਮੌਤ ਆਪਣੇ ਨਾਲ ਨਹੀਂ ਲਿਜਾ ਸਕਦੀ ਅਤੇ ਉਸ ਦੇ ਮਨ ਵਿਚ ਸਦਾ ਅਨੰਦ ਬਣਿਆ ਰਹਿੰਦਾ ਹੈ। ਉਸ ਨੂੰ ਵੱਖ-ਵੱਖ ਦੈਵੀ ਸ਼ਕਤੀਆਂ ਅਤੇ ਅਧਿਅਤਮਿਕ ਗਿਆਨ ਦੇਣ ਵਾਲੇ ਸ੍ਰੋਤਾਂ ਦਾ ਭਲੀ ਪ੍ਰਕਾਰ ਗਿਆਨ ਹੋ ਜਾਂਦਾ ਹੈ। ਗੁਰੂ ਦਾ ਕਿਹਾ ਮੰਨਣ ਵਾਲੇ ਨੂੰ ਅਠਾਹਠ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨ ਜਿੰਨੀ ਆਤਮਿਕ ਸ਼ੁੱਧੀ ਪ੍ਰਾਪਤ ਹੋ ਜਾਂਦੀ ਹੈ। ਇਸ ਤਰਾਂ ਉਸ ਦਾ ਧਿਆਨ ਸਹਿਜੇ ਹੀ ਪ੍ਰਭੂ ਦੇ ਸਿਮਰਨ ਵਿਚ ਜੁੜ ਜਾਂਦਾ ਹੈ। ਜੋ ਗੁਰੂ ਦੀ ਸਿੱਖਿਆ ਸੁਣ ਕੇ ਉਸ ਦਾ ਕਿਹਾ ਮੰਨ ਕੇ ਇਨਸਾਨ ਅੱਛੇ ਕਰਮ ਕਰਦਾ ਹੋਇਆ ਮੁਕਤੀ ਵੀ ਪ੍ਰਾਪਤ ਕਰ ਲੈਂਦਾ ਹੈ ਅਤੇ ਇਜ਼ਤ ਨਾਲ ਉਸ ਪਰਮਾਤਮਾ ਦੇ ਘਰ ਵਿਚ ਵੀ ਪਹੁੰਚ ਜਾਂਦਾ ਹੈ। ਗੁਰੂ ਦਾ ਕਿਹਾ ਮੰਨ ਕੇ ਉਸ ਅਨੁਸਾਰ ਆਪਣਾ ਜੀਵਨ ਜੀਣ ਵਾਲੇ ਪਰਮਾਤਮਾ ਦੇ ਖਾਸ ਲੋਕਾਂ ਵਿਚੋਂ ਗਿਣੇ ਜਾਂਦੇ ਹਨ ਜਿਨਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ ਪੰਚ ਕਹਿ ਕੇ ਸਤਿਕਾਰਿਆ

ਹੈ। ਗੁਰੂ ਸਾਹਿਬ ਨੇ ਕਿਹਾ ਕਿ ਜੋ ਗੁਰੂ ਦਾ ਕਿਹਾ ਮੰਨ ਕੇ ਉਸ ਅਨੁਸਾਰ ਆਪਣਾ ਜੀਵਨ ਢਾਲਦਾ ਹੈ ਉਸ ਦਾ ਜੀਵਨ ਇੰਨਾਂ ਸਵੱਛ ਅਤੇ ਨਿਰਮਲ ਹੋ ਜਾਂਦਾ ਹੈ ਕਿ ਉਸ ਬਾਰੇ ਤਾਂ ਕੁਝ ਕਿਹਾ ਹੀ ਨਹੀਂ ਜਾ ਸਕਦਾ।

ਗੁਰੂ ਦੀ ਸਿੱਖਿਆ ਦਾ ਇਕ ਅਹਿਮ ਪੱਖ ਹੈ ਗੁਰੂ ਦੁਆਰਾ ਦੱਸੀ ਗਈ ਪ੍ਰਭੂ ਦਾ ਨਾਮ ਸਿਮਰਨ ਕਰਨ ਦੀ ਵਿਧੀ। ਸਿੱਖ ਲਈ ਨਾਮ ਸਿਮਰਨ ਇੱਕ ਐਸਾ ਜ਼ਰੀਆ ਹੈ ਜਿਸ ਨੂੰ ਅਪਨਾਏ ਬਿਨਾਂ ਕੋਈ ਵੀ ਸਿੱਖ ਨਹੀਂ ਕਹਾ ਸਕਦਾ ਅਤੇ ਕੋਈ ਵੀ ਧਾਰਮਿਕਤਾ ਦੇ ਰਾਹ ਦਾ ਰਾਹੀ ਨਹੀਂ ਬਣ ਸਕਦਾ। ਕਿਉਂਕਿ ਇੱਕ ਸਾਧਾਰਣ ਵਿਅਕਤੀ ਇੱਕ ਸਿੱਖ ਤਾਂ ਹੀ ਹੁੰਦਾ ਹੈ ਜਿਸ ਨੇ ਗੁਰੂ ਦੀ ਸਿਖਿਆ ਨੂੰ ਇੱਕ ਖਾਸ ਮਕਸਦ ਲਈ ਅਪਨਾ ਕੇ ਆਪਣੇ ਰਾਹ ਤੇ ਚੱਲਣਾ ਹੁੰਦਾ ਹੈ। ਉਹ ਰਾਹ ਨਿਰਸੰਦੇਹ ਪ੍ਰਭੂ ਮਿਲਣ ਦਾ ਹੁੰਦਾ ਹੈ ਅਤੇ ਜੋ ਰਾਹ ਗੁਰੂ ਦੱਸਦਾ ਹੈ ਉਹ ਰਾਹ ਹੁੰਦਾ ਹੈ ਪ੍ਰਭੂ ਗੁਣਾ ਦੇ ਨਾਲ ਨਾਲ ਉਸ ਪ੍ਰਭੂ ਤੱਕ ਪਹੁੰਚਣ ਦੀ ਵਿਧੀ। ਇਹ ਵਿਧੀ ਕੇਵਲ ਨਾਮ ਸਿਮਰਨ ਤੋਂ ਸ਼ੁਰੂ ਹੁੰਦੀ ਹੈ। ਇਸੇ ਕਰਕੇ ਹੀ ਇੱਕ ਸਾਧਾਰਣ ਵਿਅਕਤੀ ਸਿੱਖ ਉਦੋਂ ਬਣਦਾ ਹੈ ਜਦੋਂ ਉਹ ਪ੍ਰਭੂ ਭਗਤੀ ਦੇ ਮਾਰਗ ਤੇ ਚੱਲਣ ਲਈ ਇੱਕ ਸੱਚੇ ਗੁਰੂ ਦਾ ਸ਼ਿਸ਼ ਭਾਵ ਸਿੱਖ ਬਣਦਾ ਹੈ ਜਿਸਨੇ ਹਰ ਕਦਮ ਤੋਂ ਗੁਰੂ ਤੋਂ ਪਰਮਾਤਮਾ ਨੂੰ ਮਿਲਣ ਦਾ ਤਰੀਕਾ ਸਮਝ ਕੇ ਉਸ ਅਨੁਸਾਰ ਚੱਲਣਾ ਹੁੰਦਾ ਹੈ। ਉਸ ਅਨੁਸਾਰ ਆਪਣਾ ਜੀਵਨ ਢਾਲਣਾ ਹੁੰਦਾ ਹੈ।

ਗੁਰੂ ਦੁਆਰਾ ਦੱਸੇ ਮਾਰਗ ਰਾਹੀਂ ਗੁਰਮੁਖ ਮਨ ਦੀ ਇਕਾਗਰਤਾ, ਸਹਿਜ ਅਤੇ ਅਡੋਲ ਅਵੱਸਥਾ ਬਣਾਏ ਰੱਖਣ ਲਈ ਮਨ ਨੂੰ ਵਿਚਲਿਤ ਕਰਨ ਵਾਲੇ ਵਿਕਾਰਾਂ ਤੋਂ ਵੀ ਆਪਣੇ ਆਪ ਨੂੰ ਬਚਾ ਕੇ ਰੱਖਦਾ ਹੈ ਕਿਉਂਕਿ ਵਿਚਲਿਤ ਮਨ ਕਦੇ ਵੀ ਨਾਮ ਵਿਚ ਨਹੀਂ ਲੱਗ ਸਕਦਾ। ਇਸ ਕਰਕੇ ਗੁਰਮਤ ਅਨੁਸਾਰ ਜੋ ਪੰਜ ਮੁੱਖ ਵਿਕਾਰ ਮੰਨੇ ਗਏ ਹਨ ਉਹਨਾਂ ਤੋਂ ਬਚ ਕੇ ਚੱਲਣ ਲਈ ਸਿੱਖਿਆ ਦਿੱਤੀ ਗਈ ਹੈ। ਇਹ ਖਾਸ ਵਿਕਾਰ ਹਨ; ਕਾਮ, ਕ੍ਰੋਧ, ਮੋਹ, ਲੋਭ, ਹੰਕਾਰ। ਇਹ ਐਸੇ ਵਿਕਾਰ ਹਨ ਜੋ ਮਨੁੱਖ ਮਨ ਨੂੰ ਹਮੇਸ਼ਾਂ ਘੇਰੀ ਰੱਖਦੇ ਹਨ ਅਤੇ ਉਸ ਨੂੰ ਉਸ ਦੇ ਅਸਲੀ ਰਾਹਤ ਤੇ ਚੱਲਣ ਨਹੀਂ ਦਿੰਦੇ। ਕਿਉਂਕਿ ਮਨੁੱਖ ਦੇ ਅੰਤਰ ਮਨ ਨੇ ਹੀ ਅਡੋਲ ਰਹਿ ਕੇ ਸਹਿਜਤਾ ਨਾਲ ਪ੍ਰਭੂ ਪ੍ਰੇਮ ਵਿਚ ਲੀਨ ਹੋਣਾ ਹੁੰਦਾ ਹੈ। ਪਰ ਵਿਕਾਰਾਂ ਦੇ ਰਹਿੰਦੇ ਹੋਏ ਮਨੁੱਖ ਕਦੇ ਵੀ ਸਹਿਜ ਅਵੱਸਥਾ ਦਾ ਧਾਰਨੀ ਨਹੀਂ ਰਹਿ ਸਕਦਾ। ਗੁਰੂ ਦੀ ਸਿੱਖਿਆ ਤੇ ਚੱਲ ਕੇ ਇਕ ਸਾਧਾਰਣ ਵਿਅਕਤੀ ਇਨਾਂ ਵਿਕਾਰਾਂ ਤੇ ਕਾਬੂ ਪਾ ਲੈਂਦਾ ਹੈ ਅਤੇ ਨਿਰਵਿਘਨ ਆਪਣੇ ਅਧਿਆਤਮਿਕ ਰਾਹ ਤੇ ਚੱਲਦਾ ਰਹਿੰਦਾ ਹੈ। ਨਾਮ ਸਿਮਰਨ ਦੀ ਵਿਧੀ ਕੇਵਲ ਅਤੇ ਕੇਵਲ ਸੱਚੇ ਗੁਰੂ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਸਾਧ ਸੰਗਤ ਵਿਚ ਕਿਉਂਕਿ ਗੁਰੂ ਦੀ ਸੱਚੀ ਸਿੱਖਿਆ ਦੀ ਹੀ ਵਿਚਾਰ ਹੁੰਦੀ ਹੈ ਇਸ ਕਰਕੇ ਸਾਧ ਸੰਗਤ ਵੀ ਸੱਚੇ ਨਾਮ ਦੀ ਪ੍ਰਾਪਤੀ ਦਾ ਵਸੀਲਾ ਹੋ ਸਕਦਾ ਹੈ। ਸੱਚੇ ਨਾਮ ਨੂੰ ਗੁਰੂ ਦੁਆਰਾ ਦੱਸੀ ਵਿਧੀ ਅਨੁਸਾਰ ਸਿਮਰਿਆ ਜਾਂਦਾ ਹੈ ਅਤੇ ਇਸ ਰਾਹ ਤੇ ਚੱਲਦਾ ਹੋਇਆ ਸਾਧਕ ਹੌਲੀ ਹੌਲੀ ਪ੍ਰਭੂ ਦੇ ਨਾਮ ਵਿਚ ਆਪਣੇ ਆਪ ਨੂੰ ਇੰਨਾਂ ਮਗਨ ਕਰ ਲੈਂਦਾ ਹੈ ਕਿ ਉਠਦਿਆਂ ਬਹਿੰਦਿਆਂ ਉਹ ਪ੍ਰਭੂ ਦੇ ਨਾਮ ਦਾ ਸਿਮਰਨ ਹੀ ਕਰਦਾ ਰਹਿੰਦਾ ਹੈ। ਇਸੇ ਰਾਹ ਤੇ ਚੱਲਦਾ ਹੋਇਆ ਸਾਧਕ ਅਖੀਰ ਵਿਚ ਨਾਮ ਵਿਚ ਹੀ ਵਿਲੀਨ ਹੋ ਜਾਂਦਾ ਹੈ ਅਤੇ ਪ੍ਰਭੂ ਦਾ ਨਾਮ ਜਪਦਾ - ਜਪਦਾ ਪ੍ਰਭੂ ਰੂਪ ਹੋ ਜਾਂਦਾ ਹੈ। ਸਿੱਖ ਧਰਮ ਅਨੁਸਾਰ ਨਾਮ ਸਿਮਰਨ ਕੋਈ ਖਾਸ ਕਿਸਮ ਦੀ ਤਕਨੀਕੀ ਵਿਧੀ ਨਹੀਂ ਹੈ ਬਲਕਿ ਸੱਚਾ ਗੁਰੂ ਜਾਂ ਪ੍ਰਭੂ ਦੇ ਮਾਰਗ ਤੇ ਚੱਲਣ ਵਾਲਾ ਉਸ ਪਰਮਾਤਮਾ ਦਾ ਸੰਤ ਇਕ ਸਿੱਖ ਨੂੰ ਪ੍ਰਭੂ ਦੇ ਪਿਆਰ ਵਿਚ ਲੀਨ ਹੋਣਾ ਸਿਖਾਉਂਦਾ ਹੈ। ਉਹ ਉਸ ਨੂੰ ਮਨ ਦੀਆਂ ਬਿਰਤੀਆਂ ਕਾਬੂ ਕਰਕੇ ਪ੍ਰਭੂ ਨੂੰ ਯਾਦ ਕਰਨ ਦੀ ਵਿਧੀ ਦੱਸਦਾ ਹੈ। ਪਰਮਾਤਮਾ ਦੇ ਮਹਾਨ ਗੁਣਾ ਦਾ ਵਿਖਿਆਨ ਕਰਨ ਦੇ ਨਾਲ ਨਾਲ ਉਹ ਮਨੁੱਖ ਨੂੰ ਪਰਮਾਤਮਾ ਨਾਲ ਸਿੱਧਾ ਸੰਪਰਕ ਸਥਾਪਤ ਕਰਨ ਦੀ ਵਿਧੀ ਦੱਸਦਾ ਹੈ। ਜਿਸ ਕਰਕੇ ਇਨਸਾਨ ਉਸ ਪ੍ਰਭੂ ਦੇ ਭੈ ਅਤੇ ਭਉ ਦੋਨਾਂ ਦੀ ਪਹਿਚਾਨ ਕਰਕੇ ਉਸ ਨਾਲ ਸੰਪਰਕ ਸਥਾਪਤ ਕਰਦਾ ਹੈ। ਇਸ ਤਰਾ ਦੀ ਵਿਧੀ ਕੇਵਲ ਉਹੀ ਸਿਖਾ ਸਕਦਾ ਹੈ ਜੋ ਆਪ ਉਸ ਰਾਹ ਦਾ ਜਾਣੂ ਹੋਵੇ।

ਆਤਮਾ ਦੇ ਸੰਪੂਰਨ ਰੂਪ ਨੂੰ ਪਰਾਪਤ ਹੋਣਾ ਪਰਮਾਤਮਾ ਹੋਣਾ ਹੈ। ਇੱਕ ਸੱਚੇ ਸਿੱਖ ਦੇ ਆਤਮ - ਗਿਆਨ ਦੀ ਸੱਚੀ ਅਵੱਸਥਾ ਹੈ ਪ੍ਰਭੂ ਦੀ ਸੱਚੀ ਹੋਂਦ ਵਿਚ ਲੀਨ ਹੋਣਾ। ਸਿੱਖ ਦੀ ਇਹ ਮੰਜ਼ਿਲ ਜਿਉਂਦੇ ਜੀਅ ਹੀ ਤੈਅ ਹੋ ਸਕਦੀ ਹੈ। ਇਸ ਨੂੰ ਜੀਵਨ ਮੁਕਤੀ ਕਿਹਾ ਜਾਂਦਾ ਹੈ। ਇਹ ਹੈ ਸੰਸਾਰ ਵਿਚ ਰਹਿੰਦਿਆਂ ਹੋਇਆ, ਸੰਸਾਰਕ ਕੰਮਾਂ - ਕਾਰਾਂ ਅਤੇ ਰਿਸ਼ਤਿਆਂ ਵਿਚ ਵਿਚਰਦੇ ਹੋਏ ਆਪਣੀ ਅਸਲੀ ਹੋਂਦ ਦੀ ਪਹਿਚਾਣ ਕਰਕੇ ਉਸ ਨੂੰ ਪ੍ਰਾਪਤ ਕਰਨਾ। ਐਸਾ ਤਾਂ ਹੀ ਹੋ ਸਕਦਾ ਹੈ ਜੇ ਸਿੱਖ ਗੁਰੂ ਦੀ ਸਿੱਖਿਆ ਧਾਰਨ ਕਰਕੇ, ਆਪਣੇ ਮਨ ਦੀਆਂ ਬਿਰਤੀਆਂ ਨੂੰ ਕਾਬੂ ਕਰਕੇ, ਮਨ ਨੂੰ ਪ੍ਰਭੂ ਦੀ ਯਾਦ ਵਿਚ ਇਕਸੁਰ ਕਰਕੇ, ਆਹਿਸਤਾ - ਆਹਿਸਤਾ ਅਧਿਆਤਮਿਕ ਰਾਹ ਤੇ ਚੱਲਦਾ ਹੋਇਆ ਜਿਉਂਦੇ ਜੀਅ ਪ੍ਰਭੂ ਦੀ ਹੋਂਦ ਨੂੰ ਮਹਿਸੂਸ ਕਰਦਾ ਹੈ। ਆਤਮਾ ਦੀ ਇਸ ਅਵੱਸਥਾ ਨੂੰ ਜੀਵਨ ਮੁਕਤੀ ਦਾ ਨਾਮ ਦਿੱਤਾ ਜਾਂਦਾ ਹੈ। ਦੂਜੀ ਕਿਸਮ ਦੀ ਮੁਕਤੀ ਹੈ ਵਿਦੇਹ ਮੁਕਤੀ। ਇਸ ਅਨੁਸਾਰ ਇਕ ਗੁਰਮੁਖ ਜਦੋਂ ਆਪਣੇ ਸਰੀਰ ਨੂੰ ਤਿਆਗ ਕੇ ਇਸ ਸੰਸਾਰ ਤੋਂ ਜਾਂਦਾ ਹੈ ਤਾਂ ਦੁਬਾਰਾ ਉਹ ਜਨਮ - ਮਰਨ ਦੇ ਚੱਕਰ ਵਿਚ ਨਹੀਂ ਪੈਂਦਾ। ਸਰੀਰ ਦੇ ਬੰਧਨ ਤੋਂ ਉਸ ਨੂੰ ਸਦਾ ਵਾਸਤੇ ਛੁਟਕਾਰਾ ਮਿਲ ਜਾਂਦਾ ਹੈ। ਉਸਦੀ ਆਤਮਾ ਸਦਾ ਵਾਸਤੇ ਪ੍ਰਭੂ ਵਿਚ ਲੀਨ

ਹੋ ਜਾਂਦੀ ਹੈ। ਇਹ ਇਸ ਤਰਾਂ ਦਾ ਮੇਲ ਹੁੰਦਾ ਹੈ ਜਿਵੇਂ ਸੂਰਜ ਵਿਚ ਉਸਦੀ ਕਿਰਨ, ਅਤੇ ਸਮੁੰਦਰ ਵਿਚ ਉਸਦੀ ਬੂੰਦ ਮਿਲ ਕੇ ਉਸੇ ਦਾ ਹੀ ਰੂਪ ਹੋ ਜਾਂਦੀ ਹੈ। ਇਹੀ ਆਤਮਾ ਦੀ ਸਿੱਧੀ ਹੈ ਅਤੇ ਉਸਦੀ ਅੰਤਿਮ ਮੰਜ਼ਿਲ ਹੈ। ਗੁਰੂ ਸਾਹਿਬ ਨੇ ਇਸ ਅਵੱਸਥਾ ਦਾ ਜ਼ਿਕਰ ਕਰਦਿਆਂ ਹੋਇਆਂ ਲਿਖਿਆ ਹੈ :-

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ।।
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ।। (ਪੰਨਾ ੮੪੬)

**ਪੰਜ ਖੰਡ** :

ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ ਅਧਿਆਤਮਿਕ ਗਿਆਨ ਪ੍ਰਾਪਤ ਕਰਨ ਦੇ ਲਈ ਪੰਜ ਪੜਾਅ ਨਿਰਧਾਰਤ ਕੀਤੇ ਹਨ ਜਿੰਨਾਂ ਨੂੰ ਪੰਜ ਖੰਡ ਵੀ ਕਿਹਾ ਗਿਆ ਹੈ। ਇਹ ਅਧਿਆਤਮਿਕ ਸਿੱਧੀ ਹਾਸਿਲ ਕਰਨ ਦੇ ਰਾਹ ਦੇ ਉਹ ਪੜਾ ਹਨ ਜਿਨਾਂ ਵਿਚੋਂ ਹੀ ਵਿਚਰਦਾ ਹੋਇਆ ਗੁਰਮੁਖ ਪਹਿਲਾਂ ਧਰਮ ਨੂੰ ਅਪਨਾਉਂਦਾ ਹੈ ਫਿਰ ਪ੍ਰਭੂ ਦੇ ਰਚੇ ਹੋਏ ਬ੍ਰਹਿਮੰਡ ਦਾ ਗਿਆਨ ਹਾਸਿਲ ਕਰਕੇ ਅਧਿਆਤਮ ਦੇ ਰਾਹ ਤੇ ਮਿਹਨਤ ਕਰਦਾ ਹੋਇਆ ਆਪਣੇ ਸਵੈ ਦੀ ਹੋਂਦ ਨੂੰ ਇੰਨਾ ਵਿਕਸਿਤ ਕਰ ਲੈਂਦਾ ਹੈ ਕਿ ਉਸ ਤੇ ਪ੍ਰਭੂ ਦੀ ਮਿਹਰ ਹੋ ਜਾਂਦੀ ਹੈ। ਮਿਹਰ ਦੇ ਵਿਚੋਂ ਗੁਜ਼ਰ ਕੇ ਉਹ ਅਖੀਰ ਵਿਚ ਸੱਚ - ਖੰਡ ਜੋ ਕਿ ਉਸ ਦੀ ਅਸਲੀ ਮੰਜ਼ਿਲ ਹੈ ਉਤੇ ਪਹੁੰਚ ਜਾਂਦਾ ਹੈ। ਇਹ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਪਰਪੱਕਤਾ ਹਾਸਿਲ ਕਰਨ ਦਾ ਰਾਹ ਹੈ ਜੋ ਕਦਮ - ਦਰ - ਕਦਮ ਇਕ ਗੁਰਮੁਖ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਕਰਦਾ ਹੈ।

ਧਰਮ ਖੰਡ ਦਾ ਜ਼ਿਕਰ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਜ਼ਿਕਰ ਕੀਤਾ ਹੈ ਕਿ ਵਾਹਿਗੁਰੂ ਨੇ ਕਈ ਤਰਾਂ ਦੇ ਦਿਨ, ਰੁਤਾਂ, ਤਰੀਕਾਂ ਅਤੇ ਹਫਤੇ ਦੇ ਵਾਰ ਬਣਾਏ। ਹਵਾ ਪਾਣੀ ਅੱਗ ਅਤੈ ਪਾਤਾਲ ਦੀ ਸਿਰਜਨਾ ਕੀਤੀ। ਇਸ ਸਭ ਵਿਚ ਧਰਤੀ ਦੀ ਸਥਾਪਨਾ ਕੀਤੀ। ਜਿਸ ਨੂੰ ਪ੍ਰਭੂ ਸਿਮਰਨ ਲਈ ਇਕ ਖਾਸ ਜਗ੍ਹਾ ਸਥਾਪਤ ਕੀਤਾ ਗਿਆ। ਇਸ ਧਰਤੀ ਵਿਚ ਕਈ ਤਰਾਂ ਅਤੇ ਰੰਗਾਂ ਦੇ ਜੀਵਾਂ ਦੀ ਬੜੀ ਵਧੀਆ ਸਕੀਮ ਨਾਲ ਰਚਨਾ ਕੀਤੀ ਗਈ। ਇਨਾਂ ਜੀਵਾਂ ਬਾਰੇ ਫੈਸਲਾ ਉਹਨਾਂ ਦੇ ਕਰਮਾਂ ਦੇ ਆਧਾਰ ਤੇ ਕੀਤਾ ਜਾਂਦਾ ਹੈ। ਇਹ ਧਰਮ ਖੰਡ ਦਾ ਵਿਧਾਨ ਹੈ। ਗਿਆਨ ਦੇ ਖੰਡ ਦਾ ਵਰਤਾਰਾ ਇਸ ਤਰਾਂ ਹੈ ਕਿ ਇਥੇ ਸੰਪੂਰਨ ਗਿਆਨ ਦੀ ਪਰਪੱਕਤਾ ਹੁੰਦੀ ਹੈ ਕਿ ਪ੍ਰਭੂ ਦੀ ਰਚੀ ਹੋਈ ਸ੍ਰਿਸ਼ਟੀ ਵਿਚ ਕਿੰਨੀ ਤਰਾਂ ਦੀ ਹਵਾ, ਪਾਣੀ, ਅੱਗ ਅਤੇ ਕਿੰਨੇ ਤਰਾਂ ਦੇ ਕ੍ਰਿਸ਼ਨ ਅਤੇ ਸ਼ਿਵ ਹਨ। ਕਿੰਨੇ ਤਰਾਂ ਦੇ ਬਰ੍ਹਮਾ ਦੀ ਰਚਨਾ ਕੀਤੀ ਗਈ ਹੈ ਅਤੇ ਕਿੰਨੇ ਤਰਾਂ ਦੇ ਉਹਨਾਂ ਦੇ ਰੂਪ ਰੰਗ ਅਤੇ ਵੇਸ ਹਨ। ਕਿੰਨੀਆਂ ਧਰਤੀਆਂ, ਕਿੰਨੇ ਪਰਬਤ, ਕਿੰਨੇ ਧਰੂ - ਭਗਤ ਅਤੇ ਕਿੰਨੇ ਤਰਾਂ ਦੇ ਉਹਨਾਂ ਦੇ ਉਪਦੇਸ਼ ਹਨ। ਕਿੰਨੇ ਇੰਦਰ ਦੇਵਤਾ, ਕਿੰਨੇ ਚੰਦ, ਕਿੰਨੇ ਸੂਰਜ ਅਤੇ ਕਿੰਨੇ ਬ੍ਰਹਿਮੰਡ ਹਨ। ਕਿੰਨੇ ਤਰਾਂ ਦੇ ਸਿੱਧ - ਪੁਰਸ਼, ਕਿੰਨੇ ਦੇਵੀਆਂ ਦੇ ਰੂਪ, ਕਿੰਨੇ ਮੁਨੀ ਅਤੇ ਕਿੰਨੇ ਰਤਨਾਂ ਦੇ ਸਮੁੰਦਰ ਹਨ। ਕਿੰਨੇ ਤਰਾਂ ਦੇ ਖਾਣ ਵਾਲੇ ਪਦਾਰਥ ਅਤੇ ਕਿੰਨੇ ਤਰਾਂ ਦੀਆਂ ਭਾਸ਼ਾਵਾਂ ਹਨ। ਕਿੰਨੇ ਤਰਾਂ ਦੇ ਉੱਚੀਆਂ ਬਿਰਤੀਆਂ ਵਾਲੇ ਮਹਾਂ - ਪੁਰਸ਼ ਅਤੇ ਪ੍ਰਭੂ ਦੇ ਸੇਵਕ ਹਨ। ਇਸ ਸਭ ਕੁਝ ਦਾ ਕੋਈ ਅੰਤ ਹੀ ਨਹੀਂ ਹੈ। ਗਿਆਨ ਖੰਡ ਵਿਚ ਪ੍ਰਭੂ ਦੀ ਰਚੀ ਹੋਈ ਸਾਰੀ ਦ੍ਰਿਸ਼ਟ ਅਤੇ ਅਦ੍ਰਿਸ਼ਟ ਰਚਨਾ ਦਾ ਗਿਆਨ ਪਰਪੱਕ ਕੀਤਾ ਜਾਂਦਾ ਹੈ। ਇਸ ਖੰਡ ਵਿਚ ਅਜੀਬ ਕਿਸਮ ਦਾ ਕੌਤਕ ਅਤੇ ਆਨੰਦ ਹੈ।

ਅਧਿਆਤਮਿਕਤਾ ਦੇ ਪੜਾ ਦਾ ਅਗਲਾ ਖੰਡ ਹੈ ਸਰਮ ਭਾਵ ਮਿਹਨਤ ਵਾਲਾ ਖੰਡ। ਇਸ ਖੰਡ ਦੀ ਬਨਾਵਟ ਬੇਹੱਦ ਸੁਹਣੀ ਹੈ। ਇਸ ਜਗ੍ਹਾ ਤੇ ਮਨੁੱਖੀ ਮਨ ਦੀਆਂ ਬਿਰਤੀਆਂ ਨੂੰ ਅਧਿਆਤਮਿਕ ਸੇਧ ਦੇ ਕੇ ਉਸ ਨੂੰ ਇਸ ਤਰਾਂ ਤਰਾਸ਼ਿਆ ਜਾਂਦਾ ਹੈ ਕਿ ਉਸ ਦੌ ਬਾਅਦ ਉਸ ਦੀ ਸੁੰਦਰਤਾ ਬਿਆਨ ਹੀ ਨਹੀਂ ਕੀਤੀ ਜਾ ਸਕਦੀ। ਉਸ ਖੰਡ ਵਿਚ ਮਨ ਦੀ ਉੱਚੀ ਅਵੱਸਥਾ ਘੜੀ ਜਾਂਦੀ ਹੈ ਜੋ ਮਨ ਨੂੰ ਸੱਚਾ ਗਿਆਨ ਪ੍ਰਦਾਨ ਕਰਦੀ ਹੈ। ਉਸ ਸਥਾਨ ਤੇ ਮਹਾਨ ਆਤਮਾਵਾਂ ਵਾਲਾ ਗਿਆਨ ਪ੍ਰਦਾਨ ਕੀਤਾ ਜਾਂਦਾ ਹੈ। ਅਧਿਆਤਮਿਕ ਉੱਨਤੀ ਦੇ ਰਾਹ ਤੇ ਅਗਲਾ ਪੜਾਅ ਕਰਮ ਖੰਡ ਵਜੋਂ ਜਾਣਿਆ ਜਾਂਦਾ ਹੈ। ਇਹ ਪ੍ਰਭੂ ਦੀ ਮਿਹਰ ਵਾਲਾ ਖੰਡ ਹੈ। ਇਸ ਖੰਡ ਦਾ ਰੂਪ ਉਸ ਪ੍ਰਭੂ ਦੀ ਸ਼ਕਤੀ ਵਾਲਾ ਹੈ। ਉਸ ਖੰਡ ਵਿਚ ਹੋਰ ਕੋਈ ਨਹੀਂ ਹੈ ਉਥੇ ਕੇਵਲ ਯੋਧੇ ਅਤੇ ਮਹਾਨ ਸ਼ਕਤੀਸ਼ਾਲੀ ਸੂਰਮੇਂ ਹਨ ਜਿੰਨਾਂ ਦੇ ਮਨ ਵਿਚ ਪ੍ਰਭੂ ਦਾ ਨਾਮ ਸਮਾਇਆ ਹੋਇਆ ਹੁੰਦਾ ਹੈ। ਉਹ ਉਥੇ ਪਰਮਾਤਮਾ ਦੀ ਸਿਫਤ ਸਾਲਾਹ ਵਿਚ ਸਦਾ ਆਪਣੇ ਮਨ ਨੂੰ ਪਰੋ ਕੇ ਰੱਖਦੇ ਹਨ। ਉਹਨਾਂ ਦੇ ਰੂਪ ਇੰਨੇ ਸੁੰਦਰ ਹੁੰਦੇ ਹਨ ਕਿ ਉਹਨਾਂ ਨੂੰ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਜਿੰਨਾਂ ਦੇ ਮਨ ਵਿਚ ਪ੍ਰਭੂ ਦਾ ਵਾਸਾ ਹੁੰਦਾ ਹੈ ਉਹਨਾਂ ਨੂੰ ਸਦੀਵੀ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਉਥੇ ਹੋਰ ਵੀ ਕਈ ਧਰਤੀਆਂ ਦੇ ਭਗਤ ਰਹਿੰਦੇ ਹਨ। ਕਿਉਂਕਿ ਸੱਚਾ ਵਾਹਿਗੁਰੂ ਸਦਾ ਉਹਨਾਂ ਦੇ ਮਨ ਵਿਚ ਵੱਸਦਾ ਇਸ ਲਈ ਉਹਨਾਂ ਦਾ ਮਨ ਸਦਾ ਆਨੰਦ ਵਿਚ ਰਹਿੰਦਾ ਹੈ।

ਸੱਚ ਦੇ ਮੰਡਲ ਵਿਚ ਆਕਾਰ ਰਹਿਤ ਪ੍ਰਭੂ ਆਪ ਵੱਸਦਾ ਹੈ। ਉਸ ਜਗ੍ਹਾ ਤੋਂ ਉਹ ਆਪ ਆਪਣੇ ਜੀਵਾਂ ਤੇ ਮਿਹਰ ਦੀ ਨਜ਼ਰ

ਕਰਕੇ ਖੁਸ਼ ਹੁੰਦਾ ਹੈ। ਉਸ ਮੰਡਲ ਵਿਚ ਅਨੇਕਾ ਧਰਤੀਆਂ ਅਤੇ ਅਨੇਕਾਂ ਬ੍ਰਹਿਮੰਡ ਹਨ। ਜੇ ਕੋਈ ਉਹਨਾਂ ਦਾ ਬਿਆਨ ਕਰਨ ਦੀ ਕੋਸ਼ਿਸ਼ ਵੀ ਕਰੇ ਤਾਂ ਵੀ ਉਹ ਉਸ ਸਭ ਦਾ ਬਿਆਨ ਨਹੀਂ ਕਰ ਸਕਦਾ। ਉਥੇ ਅਨੇਕਾਂ ਧਰਤੀਆਂ ਅਤੇ ਅਨੇਕਾਂ ਕਿਸਮ ਦੇ ਜੀਵਾਂ ਦੇ ਆਕਾਰ ਹਨ। ਜਿਵੇਂ ਜਿਵੇਂ ਪ੍ਰਭੂ ਦਾ ਹੁਕਮ ਹੁੰਦਾ ਹੈ ਉਸੇ ਤਰਾਂ ਉਹ ਕੰਮ - ਕਾਰ ਕਰਦੇ ਹਨ। ਇਹ ਸਭ ਕੁਝ ਦੇਖ ਵਿਚਾਰ ਕੇ ਪ੍ਰਭੂ ਆਪ ਖੁਸ਼ ਹੁੰਦਾ ਹੈ। ਪਰ ਇਸ ਸਭ ਕੁਝ ਨੂੰ ਬਿਆਨ ਕਰਨਾ ਬਹੁਤ ਮੁਸ਼ਕਿਲ ਕੰਮ ਹੈ।

ਇਨਾਂ ਸਭ ਖੰਡਾਂ ਦਾ ਜ਼ਿਕਰ ਕਰਦੇ ਹੋਏ ਅਖੀਰ ਵਿਚ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਇਨਾਂ ਖੰਡਾਂ ਨੂੰ ਜਾਂ ਇਨਾਂ ਪੜਾਵਾਂ ਨੂੰ ਪਾਰ ਕਰਨ ਲਈ ਮਨੁੱਖੀ ਮਨ ਨੂੰ ਇਕ ਖਾਸ ਕਿਸਮ ਦੇ ਢਾਂਚੇ ਵਿਚ ਢਲ ਕੇ ਆਤਮਾ ਦਾ ਇਹ ਖਾਸ ਸਫਰ ਤਹਿ ਕਰਨਾ ਪੈਂਦਾ ਹੈ। ਉਹਨਾਂ ਕਿਹਾ ਕਿ ਜਤੁ, ਧੀਰਜ, ਦੈਵੀ ਗਿਆਨ, ਪ੍ਰਭੂ ਪ੍ਰੇਮ ਨੂੰ ਧਾਰਨ ਕਰਕੇ ਆਪਣੇ ਆਪ ਨੂੰ ਐਸਾ ਬਰਤਨ ਬਨਾਉਣ ਨਾਲ ਜਿਸ ਵਿਚ ਪਿਆਰ ਸਹਿਤ ਪ੍ਰਭੂ ਦਾ ਨਾਮ ਸਿਮਰਿਆ ਜਾਵੇ, ਤਾਂ ਹੀ ਮਨੁੱਖ ਉਸ ਸੱਚੇ ਦੇ ਸੱਚੇ ਰਾਹ ਤੇ ਤੁਰਨ ਯੋਗ ਹੋ ਸਕਦਾ ਹੈ। ਪਰ ਮੁਕਤੀ ਉਸ ਪ੍ਰਭੂ ਦੀ ਮਿਹਰ ਦੀ ਨਜ਼ਰ ਕਰਕੇ ਹੀ ਪ੍ਰਾਪਤ ਹੁੰਦੀ ਹੈ।

ਗੁਰੂ ਸਾਹਿਬ ਜੀ ਅਖੀਰ ਵਿਚ ਕਹਿੰਦੇ ਹਨ ਕਿ ਉਹ ਪਰਮਾਤਮਾ ਮਿਹਰ ਦਾ ਦਾਤਾ ਆਪਣੇ ਜੀਵਾਂ ਤੇ ਮਿਹਰ ਕਰਕੇ ਸਦਾ ਖੁਸ਼ ਹੁੰਦਾ ਹੈ। ਇਸ ਦਾ ਭਾਵ ਹੈ ਉਹ ਆਪ ਹੀ ਉਹਨਾਂ ਨੂੰ ਮੁਕਤੀ ਦੇ ਕੇ ਖੁਸ਼ ਹੁੰਦਾ ਹੈ।

**ਆਤਮ ਗਿਆਨ :-**

ਇਸ ਤਰਾਂ ਸਿੱਖ ਧਰਮ ਅਨੁਸਾਰ ਮਨੁੱਖੀ ਆਤਮਾ ਦਾ ਨਿਰਵਾਣ, ਮੁਕਤੀ ਜਾਂ ਆਪਣੀ ਅਸਲੀ ਹੋਂਦ ਵਿਚ ਵਾਪਸ ਜਾਣ ਦਾ ਸਫਰ ਗੁਰੂ ਦੁਆਰਾ ਦੱਸੀ ਹੋਈ ਸਿੱਖਿਆ ਨਾਲ ਸ਼ੁਰੂ ਹੁੰਦਾ ਹੈ। ਗੁਰੂ ਆਪਣੀ ਸਿੱਖਿਆ ਵਿਚ ਸਿੱਖ ਨੂੰ ਪਰਮਾਤਮਾ ਦੇ ਅਸਲੀ ਗੁਣ ਸਮਝਾ ਕੇ ਸਾਧਕ ਦੇ ਵਿਸ਼ਵਾਸ ਨੂੰ ਪਰਪੱਕ ਬਣਾਉਂਦਾ ਹੈ ਤਾਂ ਕਿ ਉਹ ਤਰਕ ਸੰਗਿਕਤਾ ਸਹਿਤ ਆਪਣਾ ਨਿਸ਼ਾਨਾ ਸਾਧ ਸਕੇ। ਪਰਮਾਤਮਾ ਦੀ ਹੋਂਦ ਅਤੇ ਉਸ ਦੇ ਗੁਣਾਂ ਦੀ ਵਿਸ਼ਾਲਤਾ ਸਮਝਾਉਂਦੇ ਹੋਏ ਗੁਰੂ ਸਾਧਕ ਨੂੰ ਪਰਮਾਤਮਾ ਦੇ ਸਰਭ-ਉੱਚ ਸ਼ਕਤੀ ਅਤੇ ਅੰਤਿਮ ਸੱਚਾਈ ਵਜੋਂ ਸਿੱਧ ਕਰਦੇ ਹੋਏ ਸਿੱਖ ਨੂੰ ਇਹ ਕਹਿ ਕੇ ਸਮਝਾਉਂਦਾ ਹੈ ਕਿ ਹੋਰ ਸਾਰੀਆਂ ਦੈਵੀ ਸ਼ਕਤੀਆਂ ਭਾਵੇਂ ਉਹ ਵਿਸ਼ਨੂੰ, ਮਹੇਸ਼, ਜਾਂ ਦੇਵੀਆਂ ਹੋਣ ਉਹ ਪ੍ਰਭੂ ਦੁਆਰਾ ਬਣਾਏ ਹੋਏ ਉਸ ਦੇ ਜੀਵ ਹਨ। ਇਸ ਕਰਕੇ ਕੇਵਲ ਅਤੇ ਕੇਵਲ ਇਕ ਪ੍ਰਭੂ ਜੋ ਆਕਾਲ ਰੂਪ ਹੈ ਜੋ ਜਨਮ - ਮਰਨ ਦੇ ਚੱਕਰ ਵਿਚ ਨਹੀਂ ਉਹ ਹੀ ਇੱਕ ਮਾਤਰ ਪੂਜਣਯੋਗ ਸ਼ਕਤੀ ਅਤੇ ਅੰਤਿਮ ਹੋਂਦ ਹੈ। ਉਸੇ ਇੱਕ ਵਿਚੋਂ ਆਤਮਾ ਦਾ ਆਰੰਭ ਹੋਇਆ ਅਤੇ ਉਸੇ ਇੱਕ ਵਿਚ ਉਸ ਨੇ ਵਾਪਸ ਜਾਣਾ ਹੁੰਦਾ ਹੈ। ਅੰਤਿਮ ਸੰਪੂਰਨਤਾ ਦੀ ਹਾਲਤ ਵਿਚ ਆਤਮਾ ਨੂੰ ਗੁਰੂ ਦੇ ਦੱਸੇ ਹੋਏ ਰਾਹ ਅਨੁਸਾਰ ਚੱਲਦੇ ਹੋਏ ਪਹਿਲਾਂ ਆਪਣੇ ਆਪੇ ਦਾ ਗਿਆਨ ਹੁੰਦਾ ਹੈ ਅਤੇ ਫੇਰ ਪਰਮਾਤਮਾ ਦਾ। ਆਤਮਾ ਨੂੰ ਇਹ ਗਿਆਨ ਭਲੀ ਪ੍ਰਕਾਰ ਹੋ ਜਾਂਦਾ ਹੈ ਕਿ ਉਸਦੀ ਅਸਲੀ ਹੋਂਦ ਦਾ ਸਰੂਪ ਕੀ ਹੈ, ਉਸ ਦੀ ਆਪਣੀ ਵਿਅਕਤੀਗਤ ਹੋਂਦ ਕਿਵੇਂ ਪ੍ਰਭੂ ਤੋਂ ਅਲੱਗ ਹੈ, ਅਤੇ ਬਾਅਦ ਵਿਚ ਉਸੇ ਸੱਚ ਦੇ ਮਾਧਿਅਮ ਰਾਹੀਂ ਉਹ ਅਸਲੀ ਸੱਚ ਦੇ ਗਿਆਨ ਤੱਕ ਪਹੁੰਚਦਾ ਹੈ। ਗੁਰੂ ਸਾਹਿਬ ਨੇ ਆਪ ਹੀ ਕਿਹਾ ਹੈ ਕਿ ਕਿਉਂਕਿ ਆਤਮਾ ਪਰਮਾਤਮਾ ਦਾ ਹੀ ਰੂਪ ਹੈ ਇਸ ਫਲ ਕਰਕੇ ਆਤਮਾ ਦਾ ਜਾਣਿਆ ਜਾਣਾ ਹੀ ਪਰਮਾਤਮਾ ਦਾ ਜਾਣਿਆ ਜਾਣਾ ਹੈ। ਉਹ ਫੁਰਮਾਉਂਦੇ ਹਨ :-

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ ॥
ਏਕ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ ॥

ਐਮ.ਏ. (ਧਰਮ ਅਧਿਐਨ) ਭਾਗ ਦੂਜਾ ਪੇਪਰ ਦੱਸਵਾਂ

ਗੁਰਮਤਿ ਦਰਸ਼ਨ

ਪਾਠ ਨੰਬਰ : 2.2 ਲੇਖਕ : ਡਾ. ਰਜਿੰਦਰ ਕੌਰ ਰੋਹੀ

# ਸਿੱਖ ਨੈਤਿਕਤਾ ਦਾ ਸਮਾਜਕ ਸੰਦਰਭ

ਦਰਸ਼ਨ ਦੀ ਭਾਸ਼ਾ ਵਿਚ ਨੈਤਿਕਤਾ ਤੋਂ ਆਮ ਭਾਵ ਹੈ ਮਨੁੱਖੀ ਵਿਵਹਾਰ ਵਿਚ ਠੀਕ ਜਾਂ ਗਲਤ, ਚੰਗੇ ਜਾਂ ਬੁਰੇ ਵਿਵਹਾਰ ਦੇ ਵਿਚਾਰਾਂ ਦਾ ਸਿਧਾਂਤਕ ਰੂਪ। ਹਰ ਜਗ੍ਹਾ ਅਤੇ ਵਿਅਕਤੀ ਸਮੂੰਹ ਵਿਚ ਕੁਝ ਖਾਸ ਕਿਸਮ ਦੇ ਅਸੂਲ ਮੌਜੂਦ ਹੁੰਦੇ ਹਨ ਜਿਨ੍ਹਾਂ ਨੂੰ ਕੇਂਦਰ ਬਣਾ ਕੇ ਕਿਸੇ ਖਾਸ ਕਿਸਮ ਦੇ ਵਿਵਹਾਰ ਨੂੰ ਜਾਂਚਿਆ ਜਾਂਦਾ ਹੈ। ਇਹ ਵਿਵਹਾਰ ਆਮ ਤੌਰ ਤੇ ਵਿਅਕਤੀ ਵਿਸ਼ੇਸ਼ ਜਾਂ ਵਿਸ਼ੇਸ਼ ਸਮਾਜ ਦੇ ਆਦਰਸ਼ ਜਾਂ ਸਰਵ-ਉੱਚ ਕੀਮਤਾਂ ਤੇ ਆਧਾਰਤ ਹੁੰਦਾ ਹੈ, ਜਿਸ ਦੀ ਪ੍ਰਾਪਤੀ ਹਿਤ ਵਿਸ਼ੇਸ਼ ਵਿਅਕਤੀ ਜਾਂ ਸਮਾਜ ਤੋਂ ਕਿਸੇ ਖਾਸ ਕਿਸਮ ਦੇ ਵਿਵਹਾਰ ਦੀ ਆਸ ਕੀਤੀ ਜਾਂਦੀ ਹੈ। ਜਾਂ ਇੰਜ ਕਹਿ ਲਈਏ ਕਿ ਕਿਸੇ ਖਾਸ ਉਦੇਸ਼ ਦੀ ਪ੍ਰਾਪਤੀ ਕਿਸੇ ਖਾਸ ਕਿਸਮ ਦੇ ਵਿਵਹਾਰ ਨੂੰ ਅਪਣਾਏ ਬਿਨਾਂ ਅਤੇ ਖਾਸ ਕਿਸਮ ਦੇ ਵਿਹਾਰ ਨੂੰ ਤਿਆਗੇ ਬਿਨਾਂ ਨਹੀਂ ਹੋ ਸਕਦੀ। ਉਦਾਹਰਣ ਵਜੋਂ ਜਿਵੇਂ ਜੇ ਕਿਸੇ ਖਾਸ ਵਿਅਕਤੀ ਦੇ ਜੀਵਨ ਜਾਂ ਸਮਾਜ ਦਾ ਉੱਚਤਮ ਆਦਰਸ਼ ਆਰਥਕ ਉਦੇਸ਼ ਦੀ ਪੂਰਤੀ ਕਰਨਾ ਹੋਵੇ ਤਾਂ ਉਨ੍ਹਾਂ ਦਾ ਵਿਵਹਾਰ ਵੀ ਉਸੇ ਪ੍ਰਾਪਤੀ ਦੀ ਦਿਸ਼ਾ ਵਿਚ ਹੋਵੇਗਾ ਅਤੇ ਉਸ ਵਿਸ਼ੇਸ਼ ਸਮਾਜ ਵਿਚ ਉਸੇ ਆਧਾਰ ਤੇ ਵਿਅਕਤੀ ਦੇ ਵਿਵਹਾਰ ਨੂੰ ਠੀਕ ਜਾਂ ਗਲਤ ਮੰਨਿਆਂ ਜਾਵੇਗਾ। ਜੇ ਕਿਸੇ ਵਿਅਕਤੀ ਜਾਂ ਸਮਾਜ ਦਾ ਉਦੇਸ਼ ਧਾਰਮਿਕ ਸੰਪੂਰਨਤਾ

ਹਾਸਿਲ ਕਰਨਾ ਹੋਵੇ ਤਾਂ ਉਸ ਲਈ ਵਿਵਹਾਰ ਦੀ ਦਿਸ਼ਾ ਵੀ ਉਸੇ ਤਰਾਂ ਦੀ ਹੋਵੇਗੀ। ਇਹਨਾਂ ਨੈਤਿਕ ਨਿਯਮਾਂ ਨੂੰ ਆਮ ਤੌਰ ਤੇ ਵਿਅਕਤੀ ਜਾਂ ਸਮਾਜ ਦੇ ਆਗੂਆਂ ਰਾਹੀਂ ਨਿਰਧਾਰਤ ਕੀਤਾ ਜਾਂਦਾ ਹੈ। ਜਿਸ ਤਰਾਂ ਦੇ ਉਦੇਸ਼ ਦੇ ਧਾਰਨੀ ਖਾਸ ਵਿਅਕਤੀ ਸਮੂੰਹ ਜਾਂ ਸਮਾਜ ਦੇ ਆਗੂ ਹੁੰਦੇ ਹਨ ਉਸੇ ਤਰਾਂ ਦੇ ਨੈਤਿਕ ਨਿਯਮ ਉਹ ਆਪਣੇ ਲੋਕਾਂ ਲਈ ਨਿਰਧਾਰਤ ਕਰਦੇ ਹਨ।

ਸਿੱਖ ਧਰਮ ਅਨੁਸਾਰ ਮਨੁੱਖ ਦਾ ਅੰਤਿਮ ਆਦਰਸ਼ ਆਤਮ - ਸਿੱਧੀ ਹਾਸਿਲ ਕਰਨਾ ਹੁੰਦਾ ਹੈ ਇਸ ਕਰਕੇ ਉਸ ਦੇ ਵਿਵਹਾਰ ਦਾ ਮੁੱਖ ਜ਼ੋਰ ਵੀ ਉਸੇ ਤਰਾਂ ਦੇ ਅਸੂਲ ਅਪਨਾਉਣਾ ਹੈ ਜਿਸ ਨਾਲ ਸਹਿਜੇ ਹੀ ਮਨੁੱਖ ਆਪਣੀ ਮੰਜ਼ਿਲ ਪ੍ਰਾਪਤੀ ਦੇ ਰਾਹ ਤੇ ਤੁਰਿਆ ਜਾਵੇ। ਮਨੁੱਖ ਦੀ ਆਤਮਾ ਆਪਣੀ ਅੰਤਿਮ ਮੰਜ਼ਿਲ ਹਾਸਿਲ ਕਰ ਲਵੇ ਇਸ ਲਈ ਇਕ ਸਿੱਖ ਲਈ ਠੀਕ ਜਾਂ ਗਲਤ ਚੰਗੇ ਜਾਂ ਬੁਰੇ ਵਿਵਹਾਰ ਦਾ ਮਾਪਦੰਡ ਵੀ ਆਤਮਿਕ ਸ਼ੁੱਧੀ ਅਤੇ ਆਤਮਿਕ ਗੁਣਾਂ ਨੂੰ ਸਨਮੁੱਖ ਰੱਖ ਕੇ ਤਹਿ ਕੀਤਾ ਗਿਆ ਹੈ। ਆਤਮਾ ਦਾ ਅਸਲੀ ਉਦੇਸ਼ ਸੱਚ, ਸੰਤੋਖ ਅਤੇ ਬ੍ਰਹਮ ਗਿਆਨ ਆਦਿ ਗੁਣਾਂ ਨੂੰ ਪ੍ਰਾਪਤ ਕਰਕੇ ਆਪ ਬ੍ਰਹਮ ਰੂਪ ਹੋ ਜਾਣਾ ਹੈ। ਇਸ ਕਰਕੇ ਉਨ੍ਹਾਂ ਗੁਣਾਂ ਨੂੰ ਪ੍ਰਾਪਤ ਵੀ ਆਤਮਿਕ ਗੁਣ ਧਾਰਨ ਕਰ ਕੇ ਹੀ ਕੀਤਾ ਜਾ ਸਕਦਾ ਹੈ। ਇਸ ਕਰਕੇ ਸਿੱਖ ਲਈ ਠੀਕ ਜਾਂ ਗਲਤ ਵਿਵਹਾਰ ਦਾ ਮਾਪਦੰਡ ਉਨ੍ਹਾਂ ਗੁਣਾਂ ਨੂੰ ਧਾਰਨ ਕਰਨਾ ਹੁੰਦਾ ਹੈ ਜੋ ਉਸ ਦੀ ਆਤਮਾ ਨੂੰ ਸ਼ੁੱਧਤਾ ਪਰਦਾਨ ਕਰਕੇ ਉਸ ਨੂੰ ਆਪਣੀ ਅਸਲੀ ਮੰਜ਼ਿਲ ਤੇ ਚੱਲਣ ਯੋਗ ਬਣਾਉਂਦੇ ਹਨ।

ਆਤਮਾ ਦੀ ਸ਼ੁੱਧਤਾ ਵਾਸਤੇ ਜੋ ਗੁਣ ਨਿਰਧਾਰਤ ਕੀਤੇ ਗਏ ਹਨ ਉਹ ਗੁਰੂ ਨਾਨਕ ਤੋਂ ਲੈ ਕੇ ਬਾਕੀ ਸਾਰੇ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ ਤੇ ਆਧਾਰਤ ਹਨ। ਇਸ ਵਕਤ ਗੁਰੂ ਸਾਹਿਬਾਨ ਦਾ ਨੈਤਿਕ ਸਿਧਾਂਤ ਹੋਰ ਵਿਸ਼ਾਲ ਰੂਪ ਧਾਰਨ ਕਰ ਕੇ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਮੌਜੂਦ ਹੈ ਕਿਉਂਕਿ ਇਸ ਵਿਚ ਛੇ ਗੁਰੂ ਸਾਹਿਬਾਨਾਂ ਤੋਂ ਬਿਨਾਂ ਸੰਤਾਂ, ਭਗਤਾਂ ਅਤੇ ਸੂਫੀ ਮਹਾਂਪੁਰਸ਼ਾਂ ਦੀਆਂ ਸਿੱਖਿਆਵਾਂ ਸ਼ਾਮਿਲ ਹਨ। ਇਸ ਤਰਾਂ ਜਿਨ੍ਹਾਂ ਵੀ ਮਹਾਂਪੁਰਸ਼ਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ ਉਹ ਸਿੱਖ ਧਰਮ ਦੇ ਨੈਤਿਕ ਨਿਯਮ ਤੈਅ ਕਰਨ ਵਿਚ ਸਹਾਈ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਪ੍ਰਭੂ ਪ੍ਰੇਮ ਵਿਚ ਭਿਜੇ ਹੋਏ ਉਸ ਦੇ ਪ੍ਰੇਮੀਆਂ ਦੇ ਦਿਲਾਂ ਵਿਚੋਂ ਸਹਿਜ ਸੁਭ੍ਾ ਉਤਪੰਨ ਹੋਇਆ ਇਕ ਕਾਵਿਕ ਪਰਵਾਹ ਹੈ ਇਸ ਕਰਕੇ ਇਸ ਵਿਚ ਨੈਤਿਕ ਨਿਯਮਾਂ ਬਾਰੇ ਕੋਈ ਵਿਸ਼ੇਸ਼ ਨਿਰਧਾਰਤ ਫਾਰਮੂਲਾ ਕਿਸੇ ਇਕ ਥਾਂ ਤੇ ਖਾਸ ਵਿਉਂਤ ਅਨੁਸਾਰ ਉਪਲਬਧ ਨਹੀਂ। ਪਰ ਗੁਰੂ ਗ੍ਰੰਥ ਸਾਹਿਬ ਤੇ ਆਧਾਰਤ ਸਮੁੱਚਾ ਸਿੱਖ ਸਿਧਾਂਤ ਨੈਤਿਕਤਾ ਦੇ ਕਈ ਪੱਖਾਂ ਨੂੰ ਉਜਾਗਰ ਕਰਦਾ ਪਰਤੀਤ ਹੁੰਦਾ ਹੈ। ਇਸ ਕਰਕੇ ਸਿੱਖ ਧਰਮ ਦੇ ਮੁੱਢਲੇ ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਸਿੱਖ ਨੈਤਿਕ ਨਿਯਮਾਂ ਦਾ ਮੁੱਖ ਆਧਾਰ ਮੰਨਿਆ ਜਾਂਦਾ ਹੈ। ਭਾਵੇਂ ਹੋਰ ਬਹੁਤ ਸਾਰੇ ਸ੍ਰੋਤ ਜਿਵੇਂ; ਦਸਮ ਗ੍ਰੰਥ, ਵਾਰਾਂ ਭਾਈ ਗੁਰਦਾਸ, ਜਨਮਸਾਖੀਆਂ, ਰਹਿਤਨਾਮੇ, ਅਤੇ ਗੁਰੂ ਇਤਿਹਾਸ ਨਾਲ ਜੁੜੇ ਗ੍ਰੰਥ ਵੀ ਸਾਨੂੰ ਨੈਤਿਕ ਨਿਯਮਾਂ ਦੀ ਕਾਫੀ ਜਾਣਕਾਰੀ ਪਰਦਾਨ ਕਰਦੇ ਹਨ ਪਰ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿੱਖਾਂ ਦੇ ਸਦੀਵੀ ਗੁਰੂ ਦਾ ਦਰਜਾ ਪ੍ਰਾਪਤ ਹੈ ਇਸ ਕਰਕੇ ਦੂਜੇ ਬਾਕੀ ਸਾਰੇ ਸ੍ਰੋਤਾਂ ਵਿਚਲੀ ਨੈਤਿਕ ਅਗਵਾਈ ਦਾ ਵੀ ਮੂਲ ਸ੍ਰੋਤ ਗੁਰੂ ਗ੍ਰੰਥ ਸਾਹਿਬ ਹੀ ਹੈ। ਇਸ ਵਿਚ ਗੁਰੂ ਸਾਹਿਬਾਨ ਅਤੇ ਉਨ੍ਹਾਂ ਸੰਤਾਂ ਭਗਤਾਂ ਦੇ ਦੈਵੀ ਅਨੁਭਵ ਮੌਜੂਦ ਹਨ ਜਿਨ੍ਹਾਂ ਨੇ ਇਕ ਖਾਸ ਕਿਸਮ ਦਾ ਨੈਤਿਕ ਰਵੱਈਆ ਅਖਤਿਆਰ ਕਰਦੇ ਹੋਏ ਆਪਣੀ ਉਸ ਮੰਜ਼ਿਲ ਨੂੰ ਪ੍ਰਾਪਤ ਕੀਤਾ ਜੋ ਮੰਜ਼ਿਲ ਉਨ੍ਹਾਂ ਨੇ ਸਾਡੇ ਸਭ ਲਈ ਨਿਰਧਾਰਤ ਕੀਤੀ ਹੈ। ਇਸੇ ਕਰਕੇ ਇਸ ਸ੍ਰੋਤ ਨੂੰ ਮਨੁੱਖੀ ਜੀਵਨ ਦੀ ਸੰਪੂਰਨ ਅਧਿਆਤਮਿਕ-ਨੈਤਿਕ ਅਗਵਾਈ ਦਾ ਮੂਲ ਸੋਮਾ ਮੰਨਿਆ ਜਾਂਦਾ ਹੈ। ਭਾਵੇਂ ਸਿੱਖ ਨੈਤਿਕ ਨਿਯਮਾਂ ਨੂੰ ਨਿਰਧਾਰਤ ਕਰਨ ਲਈ ਕਾਫੀ ਘਾਲਣਾ ਕਰਨੀ ਪੈਂਦੀ ਹੈ ਪਰ ਗੁਰਬਾਣੀ ਅਤੇ ਸਬੰਧਤ ਸ੍ਰੋਤਾਂ ਵਿਚ ਬਹੁਤ ਜਗ੍ਹਾ ਐਸੇ ਹਵਾਲੇ ਜ਼ਰੂਰ ਮਿਲਦੇ ਹਨ ਜਿਨ੍ਹਾਂ ਨੂੰ ਸਿੱਖ ਨੈਤਿਕ ਨਿਯਮਾਂ ਦਾ ਆਧਾਰ ਮੰਨਿਆ ਜਾ ਸਕਦਾ ਹੈ। ਇਸੇ ਕਰਕੇ ਬਹੁਤ ਕੰਮ ਤਾਂ ਭਾਵੇ ਸਿੱਖ ਨੈਤਿਕਤਾ ਤੇ ਨਹੀਂ ਹੋਇਆ ਪਰ ਫਿਰ ਵੀ ਕਾਫੀ ਵਿਦਵਾਨਾਂ ਨੇ ਆਪਣੇ ਆਪਣੇ ਤਰੀਕੇ ਨਾਲ ਕੋਸ਼ਿਸ਼ ਕੀਤੀ ਹੈ ਕਿ ਸਿੱਖ ਨੈਤਿਕ ਨਿਯਮਾਂ ਨੂੰ ਲੱਭ ਕੇ ਕਿਸੇ ਤਰਾਂ ਉਨ੍ਹਾਂ ਨੂੰ ਨਿਯਮਬੱਧ ਰੂਪ ਵਿਚ ਪਾਠਕਾਂ ਦੀ ਸਹੂਲਤ ਵਾਸਤੇ ਕਿਸੇ ਇਕ ਥਾਂ ਪ੍ਰਸਤੁਤ ਕੀਤਾ ਜਾ ਸਕੇ। ਡਾ. ਅਵਤਾਰ ਸਿੰਘ, ਡਾ. ਵਜ਼ੀਰ ਸਿੰਘ, ਡਾ. ਜਗਬੀਰ ਸਿੰਘ, ਡਾ. ਜਸਵਿੰਦਰ ਕੌਰ ਢਿਲੋਂ, ਪ੍ਰੋ. ਗੁਰਬਚਨ ਸਿੰਘ ਤਾਲਿਬ ਆਦਿ ਦੇ ਨਾਮ ਇਸ ਵਿਸ਼ੇ ਲਈ ਖਾਸ ਵਰਨਣਯੋਗ ਹਨ।

ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦੀ ਪਰਧਾਨ ਸੁਰ ਅਧਿਆਤਮਿਕ ਹੈ। ਇਸ ਵਿਚ ਮਨੁੱਖੀ ਜੀਵਨ ਲਈ ਅਧਿਆਤਮਿਕ ਸੰਪੂਰਨਤਾ ਪ੍ਰਾਪਤ ਕਰਨ ਅਤੇ ਉਸ ਅਨੁਸਾਰ ਆਪਣੇ ਨਿਜੀ ਜੀਵਨ ਨੂੰ ਸੇਧ ਦੇਣ ਦੀ ਰੂਪ ਰੇਖਾ ਪਰਦਾਨ ਕੀਤੀ ਗਈ ਹੈ। ਗੁਰੂ ਗ੍ਰੰਥ ਅਨੁਸਾਰ ਆਮ ਤੌਰ ਤੇ ਇਹ ਧਾਰਨਾ ਮੰਨੀ ਜਾਂਦੀ ਹੈ ਕਿ ਮਨੁੱਖ ਆਤਮ - ਸਿੱਧੀ ਦੇ ਰਾਹ ਤੇ ਦੋ ਤਰਾਂ ਨਾਲ ਵਿਵਹਾਰ ਕਰਦਾ ਹੋਇਆ ਆਪਣੀ ਮੰਜ਼ਿਲ ਤੇ ਪਹੁੰਚ ਸਕਦਾ ਹੈ। ਨੀਵੇਂ ਮੰਡਲਾਂ ਤੋਂ ਉੱਚਾ ਚੁੱਕ ਕੇ ਅਧਿਆਤਮ ਦੇ ਉਨ੍ਹਾਂ ਮੰਡਲਾਂ ਤੱਕ ਪਹੁੰਚਦਾ ਕਰ ਦਿੰਦੀ ਹੈ ਜਿਥੇ ਸੱਚ ਅਤੇ ਕੇਵਲ ਸੱਚ ਦਾ ਵਾਸਾ ਹੁੰਦਾ ਹੈ। ਜਿਸ ਮੰਡਲ ਵਿਚ ਆਪ ਵਾਹਿਗੁਰੂ ਦਾ ਵਾਸਾ ਹੁੰਦਾ ਹੈ।

ਗੁਰੂ ਸਾਹਿਬ ਦਾ ਕਹਿਣਾ ਹੈ ਕਿ ਸਿਮਰਨ ਕਰਨ ਵਾਲਾ ਨਾਮ ਅਭਿਆਸੀ ਪਹਿਲਾਂ ਸਾਧ ਸੰਗਤ ਵਿਚ ਆਪਣੀ ਹਉਮੈ ਦਾ ਤਿਆਗ ਕਰਦਾ ਹੈ ਫਿਰ ਉਸ ਨੂੰ ਨਾਮ ਜਪਣ ਦਾ ਰਾਹ ਸਮਝ ਆਉਂਦਾ ਹੈ। ਗੁਰੂ ਦੀ ਸਿੱਖਿਆ ਪ੍ਰਤੀ ਪੂਰੀ ਤਰ੍ਹਾਂ ਸਮਰਪਤ ਗੁਰਮੁਖ ਹੀ ਆਪਣੇ ਨਿਜ ਦੇ ਹੰਕਾਰ ਦਾ ਤਿਆਗ ਕਰਕੇ ਕੇਵਲ ਗੁਰੂ ਦੀ ਸਿੱਖਿਆ ਦੇ ਸਹਾਰੇ ਕਦਮ - ਦਰ - ਕਦਮ ਚੰਗੇ ਗੁਣਾਂ ਨੂੰ ਅਖਤਿਆਰ ਕਰਕੇ ਹੌਲੀ - ਹੌਲੀ ਸਹਿਜ ਅਵੱਸਥਾ ਵਿਚ ਵਿਚਰਦੇ ਹੋਏ ਨਾਮ ਦਾ ਸਿਮਰਨ ਕਰਦੇ-ਕਰਦੇ ਪ੍ਰਭੂ ਦੀ ਨਜ਼ਦੀਕੀ ਅਤੇ ਅੰਤ ਵਿਚ ਪ੍ਰਭੂ ਦੀ ਹਸਤੀ ਵਿਚ ਲੀਨ ਹੋ ਸਕਦਾ ਹੈ। ਗੁਰੂ ਪ੍ਰਤੀ ਆਪਣੇ ਆਪ ਨੂੰ ਸਮਰਪਿਤ ਕਰਨ ਤੋਂ ਲੈ ਕੇ ਪ੍ਰਭੂ ਵਿਚ ਲੀਨ ਹੋਣ ਤੱਕ ਦੀ ਯਾਤਰਾ ਤੱਕ ਇਕ ਆਮ ਆਦਮੀ ਪਹਿਲਾਂ ਸਿੱਖ, ਫੇਰ ਗੁਰਮੁਖ, ਫੇਰ ਬ੍ਰਹਮ ਗਿਆਨੀ ਅਤੇ ਅੰਤ ਵਿਚ ਪ੍ਰਭੂ ਦੀ ਹਸਤੀ ਦਾ ਹਿੱਸਾ ਹੋ ਜਾਂਦਾ ਹੈ। ਸਿੱਖ ਹੋਣ ਦੀ ਅਵੱਸਥਾ ਵਿਚ ਉਹ ਗੁਰੂ ਦੀ ਸਿੱਖਿਆ ਨੂੰ ਗ੍ਰਹਿਣ ਕਰਦਾ ਹੈ; ਭਾਵ ਉਨ੍ਹਾਂ ਗੁਣਾਂ ਨੂੰ ਗ੍ਰਹਿਣ ਕਰਦਾ ਹੈ ਜਿਨ੍ਹਾਂ ਨੂੰ ਗ੍ਰਹਿਣ ਕਰਕੇ ਉਸ ਨੂੰ ਨਾਮ ਸਿਮਰਨ ਦਾ ਰਾਹ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਇਹ ਹੁੰਦਾ ਹੈ ਆਪਣੀ ਨਿਜ ਦੀ ਅਕਲ ਜਾਂ ਆਪਣੀ ਨਿਜ ਦੀ ਸੋਚਣ ਸ਼ਕਤੀ ਨੂੰ ਪ੍ਰਭੂ ਦੇ ਨਾਮ ਦੇ ਰਾਹ ਲਈ ਸਹਾਈ ਨਾ ਮੰਨ ਕੇ ਸਗੋਂ ਗੁਰੂ ਦੀ ਸਮਝ ਉੱਤੇ ਪੂਰਨ ਵਿਸ਼ਵਾਸ ਲਿਆਉਣਾ। ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਤਾਂ ਜਪੁਜੀ ਸਾਹਿਬ ਵਿਚ ਕਿਹਾ ਹੀ ਹੈ ਕਿ ਮਨੁੱਖ ਦੇ ਕੋਲ ਭਾਵੇਂ ਆਪਣੀਆਂ ਹਜ਼ਾਰਾਂ ਅਕਲਾਂ ਹੋਣ ਪਰ ਗੁਰੂ ਦੀ ਅਕਲ ਅਖਤਿਆਰ ਕੀਤੇ ਬਿਨਾਂ ਮਨੁੱਖ ਉਸ ਪਰਮਾਤਮਾ ਦੇ ਨਾਮ ਸਿਮਰਨ ਦੇ ਰਾਹ ਤੇ ਨਹੀਂ ਚੱਲ ਸਕਦਾ ਕਿਉਂਕਿ ਉਹ ਰਾਹ ਜੋ ਗੁਰੂ ਨੇ ਦੱਸਣਾ ਹੁੰਦਾ ਹੈ ਮਨੁੱਖ ਉਸ ਰਾਹ ਤੇ ਆਪਣੇ ਆਪ ਜਾਂ ਆਪਣੀ ਨਿਜੀ ਸਮਝ ਕਰਕੇ ਕਦੇ ਵੀ ਪਹੁੰਚ ਨਹੀਂ ਸਕਦਾ। ਇਹ ਰਾਹ ਸਰੀਰ ਅਤੇ ਆਤਮਾ ਦੇ ਗੁੱਝੇ ਭੇਦਾਂ ਵਿਚੋਂ ਉਜਾਗਰ ਹੁੰਦਾ ਹੈ ਅਤੇ ਬੇਹੱਦ ਸੂਖਮ ਵਿਧੀ ਨਾਲ ਪਾਰ ਕੀਤਾ ਜਾਂਦਾ ਹੈ ਜਿਸ ਦਾ ਗੁੱਝਾ ਭੇਦ ਕੇਵਲ ਅਤੇ ਕੇਵਲ ਗੁਰੂ ਪਾਸ ਹੀ ਹੁੰਦਾ ਹੈ। ਇਸ ਕਰਕੇ ਹਲੀਮੀ ਗ੍ਰਹਿਣ ਕਰੇ ਬਿਨਾਂ ਇਸ ਗੁੱਝੇ ਭੇਦ ਦੀ ਘੁੰਡੀ ਗੁਰੂ ਨਹੀਂ ਖੋਲਦਾ ਜਾਂ ਇੰਜ ਮੰਨ ਲਈਏ ਕਿ ਨਿਜ ਦਾ ਹੰਕਾਰ ਤਿਆਗੇ ਬਿਨਾਂ ਕੋਈ ਕਿਵੇਂ ਗੁਰੂ ਦੀ ਸਿੱਖਿਆ ਤੇ ਪੂਰੀ ਤਰਾਂ ਬਿਨਾਂ ਸ਼ੱਕ ਕੀਤੇ ਚੱਲ ਸਕਦਾ ਹੈ। ਇਸੇ ਕਰਕੇ ਇਹ ਮੰਨਿਆ ਗਿਆ ਹੈ ਕਿ ਆਪਣੇ ਸਵੈ ਦਾ ਤਿਆਗ, ਆਪਣੇ ਹੰਕਾਰ ਦਾ ਤਿਆਗ ਹੀ ਗੁਰਮਤਿ ਦੀ ਪਹਿਲੀ ਪਉੜੀ ਹੈ ਜਿਸ ਤੇ ਚੜ੍ਹ ਕੇ ਇਕ ਮਨੁੱਖ ਗੁਰੂ ਦੀ ਵੱਡਮੁੱਲੀ ਸਿਖਿਆ ਦੀ ਪ੍ਰਾਪਤੀ ਕਰਕੇ ਉਸ ਤੇ ਚੱਲ ਕੇ ਆਪਣਾ ਅਧਿਆਤਮਿਕ ਉਦੇਸ਼ ਪ੍ਰਾਪਤ ਕਰ ਸਕਣ ਦੇ ਯੋਗ ਹੋ ਸਕਦਾ ਹੈ। ਲਗਾਤਾਰ ਗੁਰੂ ਦੀ ਸਿੱਖਿਆ ਗ੍ਰਹਿਣ ਕਰਦੇ - ਕਰਦੇ, ਗੁਰੂ ਦੁਆਰਾ ਦੱਸੇ ਰਾਹ ਤੇ ਚੱਲਦੇ - ਚੱਲਦੇ ਇਕ ਸਾਧਾਰਣ ਸਿੱਖ ਸਾਧਕ ਦਾ ਰੂਪ ਅਖਤਿਆਰ ਕਰਕੇ ਉਨ੍ਹਾਂ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ ਜੋ ਉਸ ਨੂੰ ਸਮਾਜ ਵਿਚ ਇਕ ਉੱਤਮ ਦਰਜੇ ਦੇ ਵਿਅਕਤੀ ਦਾ ਦਰਜਾ ਵੀ ਪਰਦਾਨ ਕਰਦੇ ਹਨ। ਉੱਤਮਤਾ ਹਾਸਿਲ ਤਾਂ ਗੁਰਮੁਖ ਕਰ ਹੀ ਲੈਂਦਾ ਹੈ ਪਰ ਉਸ ਦੀ ਹੋਂਦ ਆਪਣੀ ਸੰਪੂਰਨਤਾ ਵਿਚ ਉਦੋਂ ਆਉਂਦੀ ਹੈ ਜਦੋਂ ਗੁਰਮੁਖ ਨਾਮ ਦਾ ਸਿਮਰਨ ਕਰਦਾ ਹੋਇਆ ਆਪ ਬ੍ਰਹਮ ਰੂਪ ਹੋ ਜਾਂਦਾ ਹੈ ਅਤੇ ਬ੍ਰਹਮ ਰੂਪ ਹੋਣ ਤੇ ਉਹ ਬ੍ਰਹਮ ਗਿਆਨੀ ਤਾਂ ਹੋ ਹੀ ਜਾਂਦਾ ਹੈ ਨਾਲ ਹੀ ਨਾਲ ਬ੍ਰਹਮ ਵਾਲੇ ਗੁਣ ਵੀ ਉਸ ਵਿਚ ਆ ਜਾਂਦੇ ਹਨ ਅਤੇ ਉਹ ਸ਼ੀਲ, ਸੰਤੋਖ, ਪ੍ਰੇਮ, ਵਿਸ਼ਾਲਤਾ, ਆਨੰਦ ਆਦਿ ਦੈਵੀ ਗੁਣ ਧਾਰਨ ਕਰ ਕੇ ਸਰਬਤ ਦੇ ਭਲੇ ਦਾ ਮੁਜੱਸਮਾ ਬਣ ਜਾਂਦਾ ਹੈ।

ਨਾਮ ਜਪਣ ਦੀ ਸਥਿਤੀ ਮਨੁੱਖ ਦੇ ਅੰਦਰੋਂ ਸ਼ੁਰੂ ਹੁੰਦੀ ਹੈ ਪਰ ਉਸ ਦੀ ਪ੍ਰਾਪਤੀ ਬਿਨਾਂ ਸ਼ੱਕ ਉਸ ਨੂੰ ਇਕ ਐਸਾ ਵਿਅਕਤੀ ਬਣਾ ਦਿੰਦੀ ਹੈ ਜੋ ਕੇਵਲ ਆਪਣੇ ਨਿਜ ਬਾਰੇ ਹੀ ਆਪਣਾ ਅੰਦਰੂਨੀ ਸਰੋਕਾਰ ਨਹੀਂ ਰੱਖਦਾ ਬਲਕਿ ਉਸ ਦਾ ਸਬੰਧ ਸਾਰੇ ਵਿਸ਼ਵ ਨਾਲ ਹੋ ਜਾਂਦਾ ਹੈ।

ਸਿੱਖ ਵਿਚਾਰਧਾਰਾ ਕਿਉਂਕਿ ਮੁੱਖ ਤੌਰ 'ਤੇ ਅਧਿਆਤਮਿਕ ਹੈ ਅਤੇ ਇਸ ਲਈ ਵਿਅਕਤੀ ਨੂੰ ਆਪਣਾ ਅਧਿਆਤਮਿਕ ਉਦੇਸ਼ ਹਾਸਿਲ ਕਰਨ ਲਈ ਪਦਾਰਥਵਾਦੀ ਸੰਸਾਰ ਦੇ ਬੰਧਨ ਤੋਂ ਉੱਪਰ ਉੱਠਣ ਦੀ ਪ੍ਰੇਰਨਾ ਦਿੰਦਾ ਹੈ ਪਰ ਕਿਸੇ ਵੀ ਤਰਾਂ ਇਹ ਪਦਾਰਥਕ ਸੰਸਾਰ ਤੋਂ ਰਿਸ਼ਤਾ ਤੋੜਨਾ ਨਹੀਂ। ਇਸ ਕਰਕੇ ਸਿੱਖ-ਸਿਧਾਂਤ ਸਮਾਜਿਕ ਜਾਂ ਸੰਸਾਰੀ ਫਰਜ਼ਾਂ ਤੋਂ ਉਪਰਾਮਤਾ ਦੀ ਸਿੱਖਿਆ ਨਹੀਂ ਦਿੰਦਾ। ਹਮੇਸ਼ਾਂ ਪ੍ਰਭੂ ਦੀ ਪ੍ਰੇਮਾ ਭਗਤੀ ਵਿਚ ਲੀਨ ਰਹਿ ਕੇ ਉਸ ਦੀ ਪ੍ਰਾਪਤੀ ਵੱਲ ਕ੍ਰਿਆਸ਼ੀਲ ਰਹਿਣਾ ਹੀ ਇਕ ਸਿੱਖ ਦੇ ਅੰਤਰੀਵੀ ਜੀਵਨ ਦਾ ਮੁੱਖ ਹਿੱਸਾ ਹੈ। ਪਰ ਇਸ ਦਾ ਇਹ ਮਤਲਬ ਨਹੀਂ ਕਿ ਉਹ ਆਪਣੇ ਸਮਾਜਿਕ ਫ਼ਰਜ਼ਾਂ ਤੋਂ ਮੂੰਹ ਮੋੜ ਕੇ ਇਹ ਸਭ ਕੁਝ ਕਰਦਾ ਹੈ।

ਇਕ ਸਿੱਖ ਲਈ ਇਸ ਵਿਵਹਾਰ ਦੇ ਪ੍ਰਗਟ ਰੂਪ ਵਿਚ ਪ੍ਰਵੇਸ਼ ਕਰਨ ਦੇ ਕਈ ਪੜਾਅ ਹਨ ਜਿਨ੍ਹਾਂ ਨੂੰ ਉਹ ਕਦਮ-ਦਰ-ਕਦਮ ਅਖਤਿਆਰ ਕਰਦਾ ਹੈ। ਪਹਿਲਾਂ ਉਸ ਦਾ ਹਿਰਦਾ ਪਰਿਵਰਤਨ ਹੁੰਦਾ ਹੈ ਜਿਸ ਨਾਲ ਉਸ ਵਿਚ ਸਹਿਨਸ਼ੀਲਤਾ, ਨਿਮਰਤਾ, ਖਿਮਾ ਕਰਨ ਅਤੇ ਪ੍ਰੇਮ ਕਰਨ ਦੀ ਮਨੋਬ੍ਰਿਤੀ ਪੈਦਾ ਹੁੰਦੀ ਹੈ। ਅਧਿਆਤਮਿਕ ਤੌਰ ਤੇ ਪ੍ਰੇਰਤ ਕਰਮ ਕਰਨਾ ਜਿਵੇਂ ਪ੍ਰਭੂ ਦੀ ਭਗਤੀ ਅਤੇ ਉਸ ਪ੍ਰਤੀ ਅਰਦਾਸ ਵਿਚ ਸਦਾ ਲੀਨ ਰਹਿਣ ਵਾਲੀ ਮਨੋਸਥਿਤੀ, ਅਤੇ ਬਾਅਦ ਵਿਚ ਇਸ ਸਭ ਦੇ ਪ੍ਰਭਾਵ ਨਾਲ ਮਨੁੱਖੀ ਸੁਭਾ

ਵਿਚ ਉਹ ਪੜਾਅ ਆਉਣਾ ਜਿਥੇ ਉਹ ਮਨੁੱਖੀ ਰਿਸ਼ਤਿਆਂ ਦੇ ਸੰਸਾਰ ਵਿਚ ਆਪਣੀ ਸਾਰਥਿਕ ਭੂਮਿਕਾ ਵੀ ਨਿਭਾਉਂਦਾ ਹੈ। ਇਹ ਭੂਮਿਕਾ ਨਿਭਾਉਂਦਾ ਗੁਰਮੁਖ ਇਹ ਸਿੱਧ ਕਰਦਾ ਹੈ ਕਿ ਪਰਮਾਤਮਾ ਆਪ ਮਨੁੱਖ ਨੂੰ ਕੁਝ ਖਾਸ ਮਕਸਦ ਲਈ ਚੁਣਦਾ ਹੈ। ਭਾਵੇਂ ਮਨੁੱਖੀ ਮਨ ਅਤੇ ਜੀਵਨ ਢੰਗ ਵਿਚ ਇਸ ਤਰਾਂ ਦਾ ਰਵੱਈਆਂ ਅਪਨਾਉਣਾ ਬਹੁਤ ਔਖਾ ਕੰਮ ਹੈ। ਕਿਉਂਕਿ ਮਨੁੱਖ ਲਈ ਜੀਵਨ ਦੇ ਅਧਿਆਤਮਿਕ ਅਤੇ ਵਿਵਹਾਰਿਕ ਜੋ ਕਿ ਆਮ ਤੌਰ ਤੇ ਵਿਰੋਧੀ ਪੱਖ ਮੰਨੇ ਜਾਂਦੇ ਹਨ ਉਨ੍ਹਾਂ ਨੂੰ ਸਮਤੋਲ ਰੂਪ ਵਿਚ ਆਪਣੇ ਜੀਵਨ ਵਿਚ ਨਾਲ ਨਾਲ ਲੈ ਕੇ ਚੱਲਣਾ ਕਾਫੀ ਔਖਾ ਕੰਮ ਹੈ। ਪਰ ਸਿੱਖ ਸਿਧਾਂਤ ਵਿਚ ਗੁਰੂ ਨਾਨਕ ਤੋਂ ਲੈ ਕੇ ਬਾਕੀ ਗੁਰੂ ਸਾਹਿਬਾਨ ਤੱਕ ਇਕ ਤੱਥ ਨੂੰ ਮੁੱਖ ਮੰਨਿਆ ਗਿਆ ਹੈ ਕਿ ਮਨੁੱਖ ਆਪਣੇ ਆਪ ਨੂੰ ਜੀਵਨ ਦੇ ਵਿਵਹਾਰਿਕ ਪੱਖ ਤੋਂ ਅਲੱਗ ਨਹੀਂ ਕਰ ਸਕਦਾ। ਇਹ ਉਸਦੇ ਜੀਵਨ ਦਾ ਅਨਿੱਖੜਵਾਂ ਅੰਗ ਹੈ। ਇਸ ਤਰਾਂ ਦੇ ਜੀਵਨ ਢੰਗ ਨੂੰ ਅਪਨਾਉਣ ਤੋਂ ਬਿਨ੍ਹਾਂ ਮਨੁੱਖ ਧਰਮ ਦੀ ਮੁੱਢਲੀ ਸਿੱਖਿਆ ਤਾਂ ਹਾਸਿਲ ਕਰ ਸਕਦਾ ਹੈ ਪਰ ਆਪਣੇ ਅਧਿਆਤਮਿਕ ਉਦੇਸ਼ ਦੀ ਪ੍ਰਾਪਤੀ ਨਹੀਂ ਕਰ ਸਕਦਾ। ਇਸ ਕਰਕੇ ਇਹ ਜ਼ਰੂਰੀ ਹੈ ਕਿ ਅਧਿਆਤਮਿਕ ਗਿਆਨ ਇਕ ਸਾਧਾਰਣ ਵਿਅਕਤੀ ਨੂੰ ਇਕ ਚੰਗਾ ਇਨਸਾਨ ਬਣਨ ਦੀ ਪ੍ਰੇਰਨਾ ਦੇਵੇ। ਸਿੱਖ ਸਿਧਾਂਤ ਵਿਚ ਇਕ ਤਾਂ ਉਹ ਵਿਅਕਤੀਗਤ ਤੌਰ ਤੇ ਆਪਣੀ ਮੰਜ਼ਿਲ ਪ੍ਰਾਪਤ ਕਰਨ ਲਈ ਗੁਰੂ ਦੁਆਰਾ ਦੱਸੇ ਹੋਏ ਨਿਯਮਾਂ ਨੂੰ ਨਿਜੀ ਤੌਰ ਤੇ ਅਪਣਾ ਕੇ ਉਸ ਅਨੁਸਾਰ ਆਪਣਾ ਜੀਵਨ ਜਿਉਂਦੇ ਹੋਏ ਆਪਣੇ ਆਪ ਵਿਅਕਤੀਗਤ ਤੌਰ ਤੇ ਆਪਣੇ ਉਦੇਸ਼ ਦੀ ਪ੍ਰਾਪਤੀ ਕਰ ਲੈਂਦਾ ਹੈ। ਉਨ੍ਹਾਂ ਅਸੂਲਾਂ ਨੂੰ ਮੰਨ ਕੇ ਉਨ੍ਹਾਂ ਅਨੁਸਾਰ ਚੱਲਣਾ ਉਸ ਲਈ ਨਿਜੀ ਨੈਤਿਕ ਨਿਯਮ ਹੁੰਦੇ ਹਨ। ਪਰ ਆਪਣੇ ਵਿਅਕਤੀਗਤ ਉਦੇਸ਼ ਦੀ ਪ੍ਰਾਪਤੀ ਦੇ ਨਾਲ ਨਾਲ ਹਰ ਵਿਅਕਤੀ ਲਈ ਕੁਝ ਸਮਾਜਕ ਨਿਯਮ ਮੰਨਣੇ ਨਿਰਧਾਰਤ ਹੁੰਦੇ ਹਨ। ਸਿੱਖ ਜੀਵਨ ਧਾਰਾ ਵਿਚ ਮਨੁੱਖ ਦੀ ਅਧਿਆਤਮਿਕ ਮੰਜ਼ਿਲ ਕਿਸੇ ਵੀ ਤਰਾਂ ਕੇਵਲ ਵਿਅਕਤੀਗਤ ਉਪਲਬਧੀ ਹੀ ਨਹੀਂ ਹੁੰਦੀ ਕਿਉਂਕਿ ਵਿਅਕਤੀ ਸਮਾਜ ਦਾ ਇਕ ਅਟੁੱਟ ਅੰਗ ਮੰਨਿਆਂ ਜਾਂਦਾ ਹੈ ਅਤੇ ਉਸ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਸਮਾਜਿਕ ਜਿਮੇਂਵਾਰੀਆਂ ਨਿਭਾਉਂਦਾ ਹੋਇਆ ਆਪਣੀ ਮੰਜ਼ਿਲ ਦੇ ਰਾਹ ਤੇ ਤੁਰਦਾ ਹੋਇਆ ਉਸ ਨੂੰ ਪ੍ਰਾਪਤ ਕਰਨ ਦੇ ਯੋਗ ਹੋਵੇ। ਇਥੇ ਸੁਆਲ ਉਠਦਾ ਹੈ ਕਿ ਮਨੁੱਖ ਆਪਣੀ ਆਤਮਿਕ - ਸਿੱਧੀ ਹਾਸਿਲ ਕਰਨ ਦੇ ਰਸਤੇ ਤੇ ਕੋਸ਼ਿਸ ਕਰਨ ਦੇ ਨਾਲ - ਨਾਲ ਕਿਸ ਤਰਾਂ ਆਪਣੇ ਆਪ ਨੂੰ ਕੁਝ ਨੈਤਿਕ ਨਿਯਮਾਂ ਵਿਚ ਨਿਯਮਬੱਧ ਕਰੇ ਕਿ ਉਸ ਨੂੰ ਇਕ ਆਦਰਸ਼ ਸਿੱਖ ਮੰਨਿਆ ਜਾ ਸਕੇ। ਇਕ ਚੰਗੇ ਸਿੱਖ ਲਈ ਇਹ ਆਮ ਧਾਰਨਾ ਹੈ ਕਿ ਉਹ ਹੇਠ ਲਿਖੇ ਇਨ੍ਹਾਂ ਅਸੂਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੇ ਆਪ ਨੂੰ ਇਕ ਚੰਗਾ ਸਿੱਖ ਅਤੇ ਇਕ ਚੰਗਾ ਸਮਾਜਿਕ ਪ੍ਰਾਣੀ ਸਿੱਧ ਕਰੇ। ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਨੂੰ ਇਕ ਸਿੱਖ ਲਈ ਉਸ ਦੇ ਜ਼ਰੂਰੀ ਨੈਤਿਕ ਕਰਤੱਵ ਮੰਨੇ ਗਏ ਹਨ ਜਿਨ੍ਹਾਂ ਨੂੰ ਆਪਣੇ ਜੀਵਨ ਵਿਚ ਢਾਲ ਕੇ ਉਹ ਆਪਣੇ ਨਿਜੀ ਉਦੇਸ਼ ਦੀ ਪ੍ਰਾਪਤੀ ਦੇ ਨਾਲ - ਨਾਲ ਸਮਾਜਿਕ ਜ਼ਿੰਮੇਵਾਰੀਆਂ ਵੀ ਨਿਭਾਉਂਦਾ ਹੈ।

**ਨਾਮ ਜਪਣਾ :**

ਸਿੱਖ ਧਰਮ ਅਨੁਸਾਰ ਮਨੁੱਖੀ ਜੀਵਨ ਦੀ ਸੰਪੂਰਨਤਾ ਦਾ ਭਾਵ ਇਹ ਲਿਆ ਜਾਂਦਾ ਹੈ ਕਿ ਮਨੁੱਖੀ ਹੋਂਦ ਜਿਸ ਤੱਤ ਤੋਂ ਪੈਦਾ ਹੋਈ ਉਸੇ ਤੱਤ ਵਿਚ ਉਸ ਦਾ ਵਾਪਸ ਸਮਾ ਜਾਣਾ। ਦੁਨੀਆਂ ਦੇ ਬਹੁਤ ਸਾਰੇ ਧਰਮਾਂ ਨੇ ਮਨੁੱਖੀ ਹੋਂਦ ਦੀ ਸੰਪੂਰਨਤਾ ਜਾਂ ਉਸ ਦੇ ਅੰਤਿਮ ਉਦੇਸ਼ ਨੂੰ ਆਪਣੇ - ਆਪਣੇ ਮਤਿ ਅਨੁਸਾਰ ਨਿਰਧਾਰਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਈਆਂ ਦਾ ਵਿਚਾਰ ਹੈ ਕਿ ਮਨੁੱਖੀ ਸੰਪੂਰਨਤਾ ਕੇਵਲ ਜਨਮ - ਮਰਨ ਦੇ ਚੱਕਰ ਤੋਂ ਮੁਕਤੀ ਪ੍ਰਾਪਤ ਕਰਨਾ ਹੈ। ਕੁਝ ਦਾ ਵਿਚਾਰ ਹੈ ਕਿ ਮਨ ਜਾਂ ਵਿਚਾਰਾਂ ਦੀ ਵਿਚਲਤਾ ਦਾ ਸ਼ਾਂਤ ਹੋਣਾ ਹੀ ਮਨੁੱਖੀ ਹੋਂਦ ਦੀ ਅੰਤਿਮ ਮੰਜ਼ਿਲ ਹੈ। ਕੁਝ ਕਹਿੰਦੇ ਹਨ ਕਿ ਮਰਨ ਤੋਂ ਬਾਅਦ ਸਵਰਗ ਦੀ ਪ੍ਰਾਪਤੀ ਹੀ ਮਨੁੱਖੀ ਹੋਂਦ ਦਾ ਉਦੇਸ਼ ਹੈ। ਪਰ ਸਿੱਖ ਧਰਮ ਵਿਚ ਮਨੁੱਖੀ ਹੋਂਦ ਦੀ ਸੰਪੂਰਨਤਾ ਨਾ ਤਾਂ ਕੇਵਲ ਜਨਮ - ਮਰਨ ਦੇ ਚੱਕਰ ਤੋਂ ਮੁਕਤੀ ਹੈ, ਨਾ ਮਨੁੱਖੀ ਮਨ ਦੀਆਂ ਭਟਕਦੀਆਂ ਬਿਰਤੀਆਂ ਨੂੰ ਸ਼ਾਂਤ ਕਰਨ ਵਿਚ ਹੈ, ਅਤੇ ਨਾ ਹੀ ਸਵਰਗ ਦੀ ਪ੍ਰਾਪਤੀ ਵਿਚ। ਸਿੱਖ ਧਰਮ ਵਿਚ ਮਨੁੱਖੀ ਹੋਂਦ ਦੀ ਸੰਪੂਰਨਤਾ ਉਸ ਦੇ ਤੱਤ ਸਰੂਪ ਵਿਚ ਵਾਪਸ ਸਮਾ ਜਾਣ ਤੇ ਹੁੰਦੀ ਹੈ। ਇਥੇ ਕਿਉਂਕਿ ਇਹ ਮੰਨਿਆਂ ਗਿਆ ਹੈ ਕਿ ਮਨੁੱਖੀ ਹੋਂਦ ਦੇ ਦੋ ਪੱਖ ਹਨ ; ਇਕ ਉਸ ਦਾ ਸਰੀਰਕ ਪੱਖ ਅਤੇ ਦੂਜਾ ਉਸ ਦਾ ਆਤਮਿਕ ਪੱਖ। ਸਰੀਰਕ ਪੱਖ ਪ੍ਰਭੂ ਵਿਚੋਂ ਹੀ ਪੈਦਾ ਹੋਏ ਪੰਜ ਭੌਤਿਕ ਤੱਤਾਂ ਤੋਂ ਬਣਿਆ ਅਤੇ ਆਤਮਿਕ ਪੱਖ ਪ੍ਰਭੂ ਦੀ ਆਪਣੀ ਤਾਤਵਿਕ ਹੋਂਦ ਦਾ ਹੀ ਅੰਸ਼ ਹੈ। ਇਸ ਤਰਾਂ ਕੁਲ ਮਿਲਾ ਕੇ ਮਨੁੱਖੀ ਹੋਂਦ ਪ੍ਰਭੂ ਦੀ ਆਪਣੀ ਹੋਂਦ ਵਿਚੋਂ ਹੀ ਪੈਦਾ ਹੋਈ ਹੈ। ਦੂਜੇ ਲਫਜ਼ਾਂ ਵਿਚ ਮਨੁੱਖੀ ਹੋਂਦ ਅਸਲ ਵਿਚ ਦੈਵੀ ਹੋਂਦ ਦਾ ਹੀ ਪ੍ਰਗਟਾਵਾ ਹੈ। ਪ੍ਰਭੂ ਨੇ ਆਪ ਹੀ ਆਪਣੇ ਆਪ ਨੂੰ ਰਚਨਾ ਦੇ ਵਿਸਥਾਰ ਵਿਚ ਵਿਆਪਕ ਕੀਤਾ ਹੋਇਆ ਹੈ। ਇਸੇ ਕਰਕੇ ਰਚਨਾ ਦੀ ਸੰਪੂਰਨਤਾ ਵੀ ਉਸੇ ਪ੍ਰਭੂ ਵਿਚ ਅਭੇਦਤਾ ਦੀ ਅਵੱਸਥਾ ਵਿਚ ਹੀ ਹੋ ਸਕਦੀ ਹੈ। ਮਨੁੱਖ ਦੀ ਸੰਪੂਰਨਤਾ ਪ੍ਰਭੂ ਦੀ ਅਸਲੀ ਹਸਤੀ ਵਿਚ ਵਾਪਸ ਅਭੇਦ ਹੋ ਕੇ ਹੁੰਦੀ ਹੈ। ਇਸ ਤਰਾਂ ਸਿੱਖ ਸਿਧਾਂਤ ਅਨੁਸਾਰ ਮਨੁੱਖ ਦਾ ਅੰਤਿਮ ਉਦੇਸ਼ ਪ੍ਰਭੂ ਵਿਚ ਅਭੇਦ ਹੋਣਾ ਹੈ, ਪ੍ਰਭੂ ਰੂਪ ਹੋਣਾ ਹੈ, ਅਕਾਲ ਰੂਪ ਹੋਣਾ ਹੈ। ਉਥੇ ਆਤਮਾ ਅਤੇ

ਪਰਮਾਤਮਾ ਇਕ ਰੂਪ ਹੋ ਜਾਂਦੇ ਹਨ। ਦੂਸਰਾਪਨ ਜਾਂ ਦੁਬਿਧਾ ਆਪਣੇ ਆਪ ਖਤਮ ਹੋ ਜਾਂਦੀ ਹੈ। ਗੁਰੂ ਜੀ ਨੇ ਫੁਰਮਾਇਆ ਹੈ :

ਆਤਮਾ ਪਰਾਤਮਾ ਏਕੋ ਕਰੈ ।।
ਅੰਤਰ ਕੀ ਦੁਬਿਧਾ ਅੰਤਰਿ ਮਰੈ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੬੧)

ਅਭੇਦਤਾ ਦੀ ਸਥਿਤੀ ਹਾਸਿਲ ਕਰਨ ਲਈ ਮਨੁੱਖ ਨੇ ਗੁਰੂ ਦੁਆਰਾ ਦੱਸੇ ਹੋਏ ਮਾਰਗ ਨੂੰ ਅਪਨਾ ਕੇ ਉਸ ਤੇ ਚੱਲਣਾ ਹੁੰਦਾ ਹੈ। ਗੁਰੂ ਦੁਆਰਾ ਦੱਸੇ ਮਾਰਗ ਤੇ ਚੱਲਦੇ ਚੱਲਦੇ ਮਨੁੱਖ ਅੰਤ ਵਿਚ ਉਹ ਮਾਨਸਿਕ ਅਧਿਆਤਮਿਕ ਸਥਿਤੀ ਹਾਸਿਲ ਕਰ ਹੀ ਲੈਂਦਾ ਹੈ ਜੋ ਉਸ ਦੇ ਜੀਵਨ ਦਾ ਅਸਲੀ ਮਕਸਦ ਹੁੰਦਾ ਹੈ। ਇਸ ਸਿਧਾਂਤ ਨੂੰ ਦਰਸ਼ਨ ਦੀ ਭਾਸ਼ਾ ਵਿਚ ਕੀਮਤ ਸਿਧਾਂਤ ਵੀ ਕਿਹਾ ਜਾਂਦਾ ਹੈ ਕਿ ਕਿਉਂਕਿ ਮਨੁੱਖ ਨੇ ਚੰਗੇ ਗੁਣ ਅਖਤਿਆਰ ਕਰ ਕੇ ਜਿਸ ਉੱਚਤਮ ਉਦੇਸ਼ ਦੀ ਪ੍ਰਾਪਤੀ ਕਰਨੀ ਹੁੰਦੀ ਹੈ ਉਸ ਨਾਲ ਮਨੁੱਖੀ ਮਨ ਵਿਚ ਉਹ ਸਾਰੇ ਗੁਣ ਆਪਣੇ ਆਪ ਆ ਜਾਂਦੇ ਹਨ ਜੋ ਉਸ ਨੂੰ ਵਿਚਾਰ ਅਤੇ ਵਿਵਹਾਰ ਦੀ ਸੰਪੂਰਨਤਾ ਪਰਦਾਨ ਕਰਦੇ ਹਨ। ਮਨੁੱਖੀ ਹੋਂਦ ਦੀ ਉਸ ਅੰਤਿਮ ਸਥਿਤੀ ਹਾਸਿਲ ਕਰਨ ਨਾਲ ਉਸ ਵਿਚ ਆਤਮ - ਪ੍ਰਗਾਸ, ਆਤਮ - ਸਿੱਧੀ, ਬ੍ਰਹਮ - ਗਿਆਨ, ਸੰਤ ਆਦਿ ਜਿਹੇ ਐਸੇ ਗੁਣ ਪ੍ਰਗਟ ਹੋ ਜਾਂਦੇ ਹਨ ਕਿ ਉਹ ਆਪ ਪਰਮਾਤਮ ਰੂਪ ਹੋ ਜਾਂਦਾ ਹੈ। ਆਤਮਾ ਦੀ ਇਹ ਸਥਿਤੀ ਗੁਰੂ ਦੀ ਕ੍ਰਿਪਾ ਤੋਂ ਬਿਨਾਂ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਬਹੁਤ ਸਾਰੀਆਂ ਧਾਰਮਿਕ ਪ੍ਰੰਪਰਾਵਾਂ ਵਿਚ ਮਨੁੱਖੀ ਹੋਂਦ ਦੀ ਅੰਤਿਮ ਮੰਜ਼ਿਲ ਦੀ ਪ੍ਰਾਪਤੀ ਜਾਂ ਸਿੱਧੀ ਦਾ ਸਫਰ ਬਾਹਰੀ ਸ੍ਰੋਤਾਂ ਤੋਂ ਸ਼ੁਰੂ ਹੁੰਦਾ ਹੈ। ਜਿਵੇਂ ਬਾਹਰੀ ਕਰਮ ਕਾਂਡ ਕਰਨੇ, ਗਿਆਨ ਦੀ ਪ੍ਰਾਪਤੀ ਕਰਨੀ, ਸ਼ਾਸਤਰਾਂ ਦਾ ਪੜਨ - ਪੜਾਉਣ ਜਾਂ ਬਾਹਰੀ ਸਰੀਰਕ ਪ੍ਰਗਟਾਵੇ ਰਾਹੀਂ ਭਗਤੀ ਆਦਿ। ਪਰ ਸਿੱਖ ਧਰਮ ਵਿਚ ਮਨੁੱਖੀ ਹੋਂਦ ਦੀ ਪ੍ਰਾਪਤੀ ਜਾਂ ਸਿੱਧੀ ਭਾਵ ਮਨੁੱਖੀ ਹੋਂਦ ਨੂੰ ਉਸ ਦੀ ਅਸਲੀ ਤੇ ਮੁੱਢਲੀ ਹਾਲਤ ਵਿਚ ਪਹੁੰਚਦਾ ਕਰਨ ਦੀ ਪ੍ਰਕ੍ਰਿਆ ਮਨੁੱਖ ਦੇ ਅੰਦਰੋਂ ਹੀ ਸ਼ੁਰੂ ਹੁੰਦੀ ਹੈ। ਇਹ ਗੁਰੂ ਤੋਂ ਪ੍ਰਭੂ ਦੀ ਅਸਲੀ ਹਕੀਕਤ ਦਾ ਗਿਆਨ ਪ੍ਰਾਪਤ ਕਰਨ ਤੋਂ ਲੈ ਕੇ ਉਸ ਪ੍ਰਭੂ ਪ੍ਰਤੀ ਪ੍ਰੇਮ ਭਾਵਨਾ ਰੱਖ ਕੇ ਉਸ ਨੂੰ ਸਦਾ ਯਾਦ ਰੱਖ ਕੇ ਹੁੰਦੀ ਹੈ। ਗੁਰੂ ਦੁਆਰਾ ਦੱਸੇ ਤਰੀਕੇ ਨਾਲ ਸਿਮਰਨ ਦੀ ਖਾਸ ਵਿਧੀ ਮਨੁੱਖ ਨੂੰ ਮਾਨਸਿਕਤਾ ਦੇ ਧਾਰਮਿਕ ਜੀਵਨ ਨਾ ਤਾਂ ਕੇਵਲ ਕੁਝ ਇਕ ਦਾਰਸ਼ਨਿਕ ਅਸੂਲਾਂ ਨੂੰ ਮੰਨਣ ਵਿਚ ਹੈ ਅਤੇ ਨਾ ਹੀ ਕੇਵਲ ਪਰਮ ਸ਼ਕਤੀ ਨਾਲ ਭਾਵੁਕ ਸਾਂਝ ਪੈਦਾ ਕਰਨਾ ਹੀ ਹੈ। ਬਲਕਿ ਇਹ ਇਕ ਐਸਾ ਜੀਵਨ ਢੰਗ ਹੈ ਜਿਸ ਦਾ ਸਬੰਧ ਸਦ-ਵਿਵਹਾਰ ਨਾਲ ਹੈ। ਗੁਰੂ ਸਾਹਿਬ ਨੇ ਕਿਹਾ ਹੈ :

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੨)

ਭਾਵ; ਸਭ ਕੁਝ ਸਚ ਤੋਂ ਨੀਚੇ ਹੈ ਪਰ ਸਚ ਤੇ ਆਧਾਰਤ ਜੀਵਨ ਢੰਗ ਉਸ ਤੋਂ ਵੀ ਉੱਚਾ ਹੈ। ਇਸ ਤਰਾਂ ਦੀ ਸੋਚ ਨੂੰ ਸਿੱਖ ਵਿਚਾਰਧਾਰਾ ਵਿਚ ਵਾਰ ਵਾਰ ਪ੍ਰਗਟ ਕੀਤਾ ਗਿਆ ਹੈ। ਆਮ ਤੌਰ ਤੇ ਸਿੱਖ ਸਿਧਾਂਤ ਦੋ ਮੁੱਖ ਵਿਚਾਰਾਂ ਦਾ ਧਾਰਨੀ ਹੈ। ਉਹ ਹਨ (ੳ) ਮੁੱਢਲੀ ਸੱਚਾਈ ਵਿਚ ਵਿਸ਼ਵਾਸ ਜੋ ਕੇਵਲ ਵਿਚਾਰ ਹੀ ਨਹੀਂ ਬਲਕਿ ਇਕ ਐਸੀ ਸੱਚਾਈ ਜਿਸ ਤੱਕ ਪਹੁੰਚਿਆ ਜਾ ਸਕਦਾ ਹੈ (ਅ) ਸ਼ਬਦ ਦੀ ਸ਼ਕਤੀ ਜਿਸ ਰਾਹੀਂ ਇਕ ਵਿਅਕਤੀ ਅਧਿਆਤਮਿਕ ਉੱਨਤੀ ਅਖਤਿਆਰ ਕਰਦਾ ਹੋਇਆ ਬ੍ਰਹਮ ਰੂਪ ਹੋਣ ਦੀ ਸਮਰੱਥਾ ਰੱਖਦਾ ਹੈ। ਗੁਰੂ ਨਾਨਕ ਦੇਵ ਜੀ ਦਾ ਕਹਿਣਾ ਹੈ ਕਿ ਸੱਚ ਮਨੁੱਖੀ ਵਿਵਹਾਰ ਦਾ ਮੁੱਖ ਧੁਰਾ ਹੈ ਇਸ ਕਰਕੇ ਜੋ ਸੱਚ ਨੂੰ ਜਾਂ ਸੱਚ ਦੇ ਰਾਹ ਨੂੰ ਪ੍ਰਾਪਤ ਕਰ ਲੈਂਦਾ ਹੈ ਤਾਂ ਬਾਕੀ ਸਦਗੁਣ ਆਪਣੇ ਆਪ ਉਸ ਵਿਚ ਆ ਜਾਂਦੇ ਹਨ। ਇਸੇ ਕਰਕੇ ਗੁਰੂ ਸਾਹਿਬ ਕਹਿੰਦੇ ਹਨ ਕਿ ਸਭ ਤਰਾਂ ਦਾ ਗਿਆਨ ਧਿਆਨ ਵਿਅਰਥ ਹੁੰਦਾ ਹੈ ਜੇ ਉਹ ਮਨੁੱਖੀ ਮਨ ਨੂੰ ਵਿਸ਼ਾਲਤਾ ਅਤੇ ਸ਼ੁੱਧਤਾ ਪ੍ਰਦਾਨ ਨਹੀਂ ਕਰਦਾ। ਇਸੇ ਕਰਕੇ ਗੁਰੂ ਸਾਹਿਬ ਨੇ ਕਰਮ - ਕਾਂਡੀ ਧਾਰਮਿਕ ਵਿਧੀ ਨੂੰ ਮਾਨਤਾ ਨਹੀਂ ਦਿੱਤੀ ਕਿਉਂਕਿ ਉਹ ਕਿਸੇ ਵੀ ਤਰਾਂ ਮਨੁੱਖ ਨੂੰ ਵਿਵਹਾਰਿਕ ਪਰਪੱਕਤਾ ਪਰਦਾਨ ਨਹੀਂ ਕਰਦੀ। ਗੁਰੂ ਨਾਨਕ ਦੇ ਸਿਧਾਂਤ ਵਿਚ ਅਧਿਆਤਮਿਕ ਅਤੇ ਵਿਵਹਾਰਿਕ ਜੀਵਨ ਦਾ ਸਾਂਝਾ ਸਿਧਾਂਤ ਦਿੱਤਾ ਗਿਆ ਹੈ। ਇਸ ਕਰਕੇ ਜਿਸ ਨੇ ਵੀ ਗੁਰੂ ਨਾਨਕ ਦੇ ਸਿਧਾਂਤ ਨੂੰ ਅਪਨਾਇਆ ਉਸ ਨੇ ਇਸ ਸਿਧਾਂਤ ਦੇ ਤੱਤ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਨਾਉਣ ਦੀ ਕੋਸ਼ਿਸ਼ ਕੀਤੀ। ਗੁਰੂ ਸਾਹਿਬ ਨੇ ਦੋ ਤਰਾਂ ਦੀ ਵਿਚਾਰਧਾਰਾ ਦੀ ਵਿਰੋਧਤਾ ਵੀ ਕੀਤੀ ਹੈ ਅਤੇ ਉਹ ਹੈ ਅਧਿਆਤਮਿਕ ਉਦੇਸ਼ ਦੀ ਪੂਰਤੀ ਕਰਮ - ਕਾਂਡੀ ਤਰੀਕੇ ਨਾਲ ਕਰਨ ਦੀ ਕੋਸ਼ਿਸ਼ ਅਤੇ ਦੂਜਾ ਆਪਣੇ ਵਿਵਹਾਰ ਨੂੰ ਆਪਣੇ ਵਿਅਕਤੀਗਤ ਦ੍ਰਿਸ਼ਟੀਕੋਣ ਤੇ ਆਧਾਰਤ ਕਰਕੇ ਆਪਣੇ ਨਿਜ ਤੱਕ, ਆਪਣੇ ਕਬੀਲੇ, ਜਾਤੀ, ਨਸਲ ਜਾਂ ਫਿਰਕੇ ਤੱਕ ਹੀ ਕੇਂਦ੍ਰਿਤ ਰੱਖਣਾ।

ਭਾਈ ਗੁਰਦਾਸ ਨੇ ਗੁਰੂ ਨਾਨਕ ਨਾਲ ਸਬੰਧਤ ਉਸ ਘਟਨਾ ਦਾ ਜ਼ਿਕਰ ਕਰਕੇ ਇਸ ਸਿਧਾਂਤ ਦੀ ਸਾਰਥਕਤਾ ਨੂੰ ਸਿੱਧ ਕਰਨ ਦੀ ਕੋਸ਼ਿਸ ਕੀਤੀ ਹੈ ਜਿਥੇ ਗੁਰੂ ਨਾਨਕ ਨੇ ਸਿੱਧਾਂ ਨਾਲ ਵਾਰਤਾਲਾਪ ਦੌਰਾਨ ਉਨ੍ਹਾਂ ਨੂੰ ਕਿਹਾ ਸੀ ਕਿ ਆਪਣੇ ਆਪ ਨੂੰ ਸੰਸਾਰ

ਦੇ ਫਰਜ਼ਾਂ ਤੋਂ ਉਪਰਾਮ ਕਰਕੇ ਉਨ੍ਹਾਂ ਨੇ ਚੰਗਾ ਨਹੀਂ ਕੀਤਾ। ਉਨ੍ਹਾਂ ਦੀ ਅਧਿਆਤਮਿਕ ਪਹੁੰਚ ਅਤੇ ਰੂਹਾਨੀ ਸ਼ਕਤੀਆਂ ਦਾ ਸਮਾਜ ਨੂੰ ਕੀ ਲਾਭ ਜੇ ਉਹ ਸਮਾਜ ਤੋਂ ਪਰ੍ਹੇ ਪਹਾੜਾਂ ਵਿਚ ਆਪਣੇ ਆਪ ਨੂੰ ਛੁਪਾ ਕੇ ਆਪਣਾ ਜੀਵਨ ਜਿਉਣ। ਉਨ੍ਹਾਂ ਨੇ ਸਿੱਧਾਂ ਨੂੰ ਕਿਹਾ ਕਿ ਜੇ ਉਨ੍ਹਾਂ ਦੀ ਅਧਿਆਤਮਿਕ ਪ੍ਰਾਪਤੀ ਆਮ ਆਦਮੀ ਲਈ ਜਾਂ ਸਮੁੱਚੇ ਸਮਾਜ ਲਈ ਲਾਹੇਵੰਦ ਸਾਬਿਤ ਨਹੀਂ ਹੁੰਦੀ ਤਾਂ ਉਨ੍ਹਾਂ ਦੀ ਪ੍ਰਾਪਤੀ ਵਿਅਰਥ ਹੈ। ਗੁਰੂ ਜੀ ਨੇ ਇਸ ਸਿਧਾਂਤ ਤੇ ਜ਼ੋਰ ਦੇਣ ਦੀ ਕੋਸ਼ਿਸ਼ ਕੀਤੀ ਕਿ ਵਿਅਕਤੀ ਵਿਸ਼ੇਸ਼ ਜਾਂ ਕਿਸੇ ਖਾਸ ਧਾਰਮਿਕ ਸਮੂੰਹ ਦੀ ਅਧਿਆਤਮਿਕ ਪ੍ਰਾਪਤੀ ਦੀ ਪੂਰਤੀ ਸਮਾਜਿਕ ਫਰਜ਼ਾਂ ਦੀ ਪੂਰਤੀ ਨਾਲ ਸੰਪੂਰਨ ਹੋਣੀ ਚਾਹੀਦੀ ਹੈ ਨਹੀਂ ਤਾਂ ਕਿਸੇ ਦੀ ਵੀ ਅਧਿਆਤਮਿਕ ਪ੍ਰਾਪਤੀ ਵਿਅਰਥ ਹੈ। ਗੁਰੂ ਸਾਹਿਬ ਜੀ ਇਸ ਵਿਚਾਰ ਦੇ ਧਾਰਨੀ ਹਨ ਕਿ ਅਧਿਆਤਮਿਕ ਪ੍ਰਾਪਤੀ ਦੀ ਰੌਸ਼ਨੀ ਵਿਚ ਸਾਧਕ ਨੇ ਸੰਸਾਰ ਵਿਚੋਂ ਬੁਰਾਈ ਅਤੇ ਦੁੱਖ ਦੀ ਸਮਾਪਤੀ ਕਰਨ ਦੀ ਕੋਸ਼ਿਸ਼ ਕਰਨੀ ਹੁੰਦੀ ਹੈ। ਗੁਰੂ ਸਾਹਿਬ ਨੇ ਸਿੱਧਾਂ ਦੇ ਜੀਵਨ ਢੰਗ ਵਿਚ ਇਹੀ ਕਮੀ ਮਹਿਸੂਸ ਕੀਤੀ ਜਿਸ ਕਰਕੇ ਉਨ੍ਹਾਂ ਨੂੰ ਲੱਗਿਆ ਕਿ ਸਿੱਧਾਂ ਨੇ ਭਾਵੇਂ ਅਧਿਆਤਮਿਕ ਸੰਪੂਰਨਤਾ ਤਾਂ ਹਾਸਿਲ ਕਰ ਲਈ ਪਰ ਉਸ ਸੰਪੂਰਨਤਾ ਦੀ ਰੌਸ਼ਨੀ ਵਿਚ ਆਪਣਾ ਸੰਸਾਰਕ ਜਾਂ ਸਮਾਜਿਕ ਫਰਜ਼ ਪੂਰਾ ਨਹੀਂ ਕੀਤਾ। ਹਾਲਾਂਕਿ ਉਨ੍ਹਾਂ ਬਾਰੇ ਬਹੁਤ ਕੁਝ ਐਸਾ ਸੀ ਜਿਸ ਦੀ ਗੁਰੂ ਸਾਹਿਬ ਨੇ ਭਰਪੂਰ ਸ਼ਲਾਘਾ ਵੀ ਕੀਤੀ।

ਪੁਰਾਤਨ ਭਾਰਤੀ ਪਰੰਪਰਾ ਵਿਚ ਸੰਸਾਰ ਤੋਂ ਉਪਰਾਮਤਾ (ਭਾਂਜਵਾਦੀ) ਨੂੰ ਉੱਤਮ ਧਾਰਮਿਕ ਜੀਵਨ ਮੰਨਿਆ ਜਾਂਦਾ ਸੀ। ਪਰ ਗੁਰੂ ਸਾਹਿਬ ਨੇ ਜੀਵਨ ਦਾ ਜੋ ਰੂਪ ਪੇਸ਼ ਕੀਤਾ ਉਹ ਅਧਿਆਤਮਿਕ ਉਦੇਸ਼ ਦੇ ਨਾਲ ਨਾਲ ਸਮਾਜਿਕ ਜਿੰਮੇਵਾਰੀਆਂ ਨੂੰ ਨਿਭਾਉਣ ਲਈ ਵੀ ਵਚਨਬੱਧ ਹੋਣਾ ਸੀ। ਪੁਰਾਤਨ ਭਾਰਤੀ ਧਾਰਮਿਕ ਪਰੰਪਰਾ ਨੂੰ ਸਾਹਮਣੇ ਰੱਖਦੇ ਹੋਏ ਇੱਕ ਖਾਸ ਕਿਸਮ ਦੀ ਸਮਾਜਿਕ ਸਥਿਤੀ ਅੱਖਾਂ ਸਾਹਮਣੇ ਆ ਜਾਂਦੀ ਹੈ। ਮਨੁੱਖ ਦੇ ਜੀਵਨ ਨੂੰ ਆਮ ਤੌਰ ਤੇ ਸੌ ਸਾਲ ਦੇ ਸਮੇਂ ਵਿਚ ਵੰਡ ਦਿੱਤਾ ਗਿਆ ਜਿਥੇ ਉਨ੍ਹਾਂ ਸੌ ਸਾਲਾਂ ਨੂੰ ਚਾਰ ਆਸ਼ਰਮਾਂ ਵਿਚ ਵੰਡ ਕੇ ਉਨ੍ਹਾਂ ਵਿਚ ਮਨੁੱਖ ਦੇ ਫਰਜ਼ ਨਿਰਧਾਰਤ ਕਰ ਦਿੱਤੇ ਗਏ। ਪਹਿਲਾ ਬ੍ਰਹਮਚਾਰੀ ਆਸ਼ਰਮ ਸੀ ਜਿਥੇ ਮਨੁੱਖ ਬ੍ਰਹਮਚਾਰੀ ਧਰਮ ਦਾ ਪਾਲਣ ਕਰਦਾ ਹੋਇਆ ਆਪਣੇ ਜੀਵਨ ਦੇ ਪੱਚੀ ਸਾਲ ਬਿਤਾਉਂਦਾ ਸੀ। ਅਗਲੇ ਪੱਚੀ ਸਾਲ ਮਨੁੱਖ ਗ੍ਰਹਿਸਤ ਆਸ਼ਰਮ ਵਿਚ ਪਰਵੇਸ਼ ਕਰਦਾ ਅਤੇ ਆਪਣੇ ਗ੍ਰਹਿਸਤ ਧਰਮ ਦੀ ਪਾਲਣਾ ਕਰਦਾ ਹੋਇਆ ਪਰਿਵਾਰਿਕ ਅਤੇ ਸਮਾਜਿਕ ਜੀਵਨ ਦੇ ਫਰਜ਼ ਨਿਭਾਉਂਦਾ ਸੀ। ਉਸ ਤੋਂ ਅਗਲੇ ਪੱਚੀ ਸਾਲਾਂ ਦਾ ਸਮਾਂ ਵਾਨਪ੍ਰਸਤ ਆਸ਼ਰਮ ਦਾ ਸਮਾਂ ਨਰਧਾਰਤ ਹੁੰਦਾ ਸੀ। ਉਸ ਵਾਨਪ੍ਰਸਤ ਸਮੇਂ ਵਿਚ ਮਨੁੱਖ ਸੰਨਿਆਸ ਗ੍ਰਹਿਣ ਕਰਨ ਦੀ ਤਿਆਰੀ ਹਿਤ ਬਨਵਾਸੀ ਜੀਵਨ ਵਿਚ ਵਿਚਰਦੇ ਹੋਏ ਆਪਣੇ ਆਪ ਨੂੰ ਸੰਨਿਆਸੀ ਹੋਣ ਲਈ ਤਿਆਰ ਕਰਦਾ ਸੀ। ਜੀਵਨ ਦਾ ਆਖਰੀ ਪੜਾ ਸੰਨਿਆਸ ਦਾ ਸੀ ਜਿਥੇ ਮਨੁੱਖ ਪੂਰੀ ਤਰਾਂ ਆਪਣੇ ਆਪ ਨੂੰ ਅਧਿਆਤਮਿਕ ਜੀਵਨ ਪ੍ਰਤੀ ਸਮਰਪਿਤ ਕਰ ਦਿੰਦਾ ਸੀ। ਪਰ ਕਮਾਲ ਦੀ ਗੱਲ ਇਹ ਕਿ ਸਾਰੇ ਸਮਾਜ ਦਾ ਵਿਤੀ ਅਤੇ ਹੋਰ ਫਰਜ਼ਾਂ ਦਾ ਬੋਝ ਕੇਵਲ ਸਮਾਜ ਦੇ ਇਕੋ ਵਰਗ ਤੇ ਪਿਆ ਅਤੇ ਉਹ ਸੀ ਗ੍ਰਹਿਸਤੀ। ਇਸ ਦਾ ਦੂਜਾ ਅਸਰ ਇਹ ਵੀ ਲਿਆ ਜਾ ਸਕਦਾ ਹੈ ਕਿ ਸਮੁੱਚੇ ਸਮਾਜ ਦਾ ਕੇਵਲ ਚੌਥਾ ਹਿੱਸਾ ਹੀ ਸਮਾਜਿਕ ਤੌਰ ਤੇ ਕ੍ਰਿਆਸ਼ੀਲ ਸੀ ਅਤੇ ਬਾਕੀ ਸਮਾਜ ਦੇ ਤਿੰਨ ਹਿੱਸੇ ਉਸ ਇਕ ਵਰਗ ਤੇ ਹੀ ਨਿਰਭਰ ਕਰਦੇ ਸਨ। ਹਾਲਾਂਕਿ ਗ੍ਰਹਿਸਤੀ ਨੂੰ ਸਮਾਜ ਦਾ ਨਿਮਨ ਵਰਗ ਹੀ ਗਿਣਿਆ ਗਿਆ ਪਰ ਨਿਰਭਰ ਉਹ ਬਾਕੀ ਸਾਰੇ ਉਸੇ ਤੇ ਹੀ ਕਰਦੇ ਸਨ।

ਇਥੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਕ ਤਾਂ ਉਸ ਵੇਲੇ ਦੇ ਭਾਰਤ ਦੀ ਆਰਥਕ ਅਵੱਸਥਾ ਕੈਸੀ ਹੋਵੇਗੀ ਅਤੇ ਦੂਜਾ ਸਮਾਜ ਦੇ ਉਸ ਇਕ ਵਰਗ ਦੀ ਦਸ਼ਾ ਕੈਸੀ ਹੋਵੇਗੀ ਜੋ ਬਾਕੀ ਸਾਰੇ ਸਮਾਜ ਦੇ ਬੋਝ ਹੇਠ ਦੱਬਿਆ ਪਿਆ ਸੀ। ਜੇ ਉਹ ਸਿਲਸਿਲਾ ਉਸੇ ਤਰਾਂ ਹੀ ਚੱਲਦਾ ਰਹਿੰਦਾ ਤਾਂ ਅਸੀਂ ਅੱਜ ਦੀ ਤਾਰੀਖ ਵਿਚ ਭਲੀ ਭਾਂਤ ਅੰਦਾਜ਼ਾ ਲਾ ਸਕਦੇ ਹਾਂ ਕਿ ਅੱਜ ਦੇ ਹਿੰਦੁਸਤਾਨ ਦੀ ਆਰਥਿਕ ਦਸ਼ਾ ਕੈਸੀ ਹੁੰਦੀ ਅਤੇ ਦੂਜਾ ਸਮਾਜ ਦੇ ਇਕ ਖਾਸ ਵਰਗ (ਗ੍ਰਿਹਸਤੀ) ਦੀ ਦਸ਼ਾ ਕੀ ਹੁੰਦੀ। ਭਾਰਤੀ ਸਮਾਜ ਸੰਸਾਰ ਦੇ ਬਾਕੀ ਦੇਸ਼ਾਂ ਦੇ ਮੁਕਾਬਲੇ ਕਿੱਥੇ ਹੁੰਦਾ। ਇਸੇ ਤੱਥ ਨੂੰ ਮੱਦੇਨਜ਼ਰ ਰੱਖਦੇ ਹੋਏ ਗੁਰੂ ਸਾਹਿਬ ਨੇ ਸਮਾਜ ਦੇ ਸਾਰੇ ਵਰਗਾਂ ਨੂੰ ਅਤੇ ਸਾਰਾ ਜੀਵਨ ਇਕੋ ਜਿਹੇ ਨੈਤਿਕ ਨਿਯਮਾਂ ਦੀ ਪਾਲਣਾ ਕਰਨ ਲਈ ਕਿਹਾ। ਉਨ੍ਹਾਂ ਅਨੁਸਾਰ ਇਕ ਚੰਗਾ ਵਿਅਕਤੀ ਜਾਂ ਵਿਅਕਤੀ ਦੇ ਧਾਰਮਿਕ ਹੋਣ ਦੀ ਨਿਸ਼ਾਨੀ ਹੈ ਕਿ ਉਹ ਨਾਮ ਜਪੇ, ਕਿਰਤ ਕਰੇ, ਅਤੇ ਵੰਡ ਛਕੇ। ਇਨ੍ਹਾਂ ਨੈਤਿਕ ਨਿਯਮਾਂ ਤੇ ਚੱਲਦੇ ਹੋਏ ਸਿੱਖ ਦੇ ਜੀਵਨ ਵਿਚ ਸਤ ਸੰਤੋਖ ਅਤੇ ਵੀਚਾਰ ਦਾ ਪ੍ਰਕਾਸ਼ ਆਪਣੇ ਆਪ ਹੀ ਹੋ ਜਾਂਦਾ ਹੈ। ਇਸੇ ਨਾਲ ਹੀ ਉਸ ਦੇ ਨਿਜੀ ਨੈਤਿਕ ਕਰਤੱਵ ਅਤੇ ਸਮਾਜਿਕ ਕਰਤੱਵ ਪੂਰੇ ਹੋ ਜਾਣਗੇ। ਇਕੱਲੇ ਨਿਜ ਨੂੰ ਕੇਂਦਰ ਬਣਾ ਕੇ ਕੀਤੇ ਨੈਤਿਕ ਨਿਯਮਾਂ ਦੀ ਸਾਰਥਕਤਾ ਨੂੰ ਸਿੱਖ ਵਿਚਾਰਧਾਰਾ ਵਿਚ ਇੰਨਾ ਉੱਚਾ ਨਹੀਂ ਮੰਨਿਆ ਗਿਆ ਜਿੰਨਾਂ ਆਪੇ ਤੋਂ ਉੱਪਰ ਉੱਠ ਕੇ ਕੀਤੇ ਨੈਤਿਕ ਨਿਯਮਾਂ ਨੂੰ। ਇਸੇ ਕਰਕੇ ਸਿਮਰਨ ਅਤੇ ਸੇਵਾ ਦੋਵੇਂ ਨਾਲ ਨਾਲ ਚੱਲਦੇ ਹਨ। ਸੇਵਾ ਤੋਂ ਬਿਨ੍ਹਾਂ ਸਿਮਰਨ ਨਿਰਾਰਥਕ ਗਿਣਿਆ ਗਿਆ ਹੈ ਅਤੇ ਸੇਵਾ ਸਿਮਰਨ ਤੋਂ ਬਿਨ੍ਹਾਂ ਦਿਸ਼ਾਹੀਨ। ਗੁਰੂ ਸਾਹਿਬ ਮੰਨਦੇ ਹਨ ਕਿ ਸਵੈ ਤਿਆਗ ਦੀ

ਭਾਵਨਾ ਨਾਲ ਕੀਤੀ ਸੇਵਾ ਹੀ ਧਾਰਮਿਕ ਜੀਵਨ ਸ਼ੈਲੀ ਦਾ ਜ਼ਰੂਰੀ ਹਿੱਸਾ ਹੈ। ਗੁਰੂ ਸਾਹਿਬ ਦਾ ਕਹਿਣਾ ਹੈ ਕਿ ਮਨੁੱਖੀ ਮਨ ਦੀ ਸ਼ੁੱਧਤਾ ਦੂਜਿਆਂ ਦੀ ਸੇਵਾ ਕਰਕੇ ਹੁੰਦੀ ਹੈ ਇਸ ਦੀ ਸ਼ੁੱਧਤਾ ਤੀਰਥਾਂ ਤੇ ਇਸ਼ਨਾਨ ਕਰਕੇ ਜਾਂ ਕਰਮ - ਕਾਂਡ ਕਰਕੇ ਨਹੀਂ ਬਲਕਿ ਜ਼ਰੂਰਤਮੰਦਾਂ ਦੀ ਸੇਵਾ ਕਰਕੇ ਹੁੰਦੀ ਹੈ। ਸੇਵਾ ਦੀ ਪਰੰਪਰਾਗਤ ਭਾਰਤੀ ਧਾਰਮਿਕ ਮਰਿਆਦਾ ਤੋਂ ਉਲਟ ਗੁਰੂ ਸਾਹਿਬ ਨੇ ਗਰੀਬਾਂ ਮਜ਼ਲੂਮਾਂ ਅਤੇ ਨੀਵੇਂ ਤਬਕੇ ਦੇ ਉਨ੍ਹਾਂ ਜ਼ਰੂਰਤਮੰਦਾਂ ਦੀ ਸੇਵਾ ਦੀ ਪ੍ਰੇਰਨਾ ਦਿੱਤੀ ਜਿੰਨ੍ਹਾਂ ਬਾਰੇ ਇਹ ਸੋਚਿਆ ਜਾਂਦਾ ਸੀ ਕਿ ਉਹ ਕੇਵਲ ਦੂਜਿਆਂ ਦੀ ਸੇਵਾ ਕਰਨ ਲਈ ਹੀ ਬਣੇ ਹਨ ਪਰ ਉਨ੍ਹਾਂ ਨੂੰ ਸੇਵਾ ਕਰਵਾਉਣ ਦਾ ਹੱਕ ਨਹੀਂ। ਪਰ ਸਿੱਖ ਜੀਵਨ ਸ਼ੈਲੀ ਵਿਚ ਨੀਚ ਗਿਣੇ ਜਾਣ ਵਾਲਿਆਂ ਦੀ ਸੇਵਾ ਨੂੰ ਬਲਕਿ ਉੱਚਾ ਦਰਜਾ ਦਿੱਤਾ ਗਿਆ ਹੈ। ਗੁਰੂ ਸਾਹਿਬ ਦਾ ਕਹਿਣਾ ਹੈ ਜੋ ਪਰਮਾਤਮਾ ਨਾਲ ਪਿਆਰ ਕਰਦਾ ਹੈ ਉਹ ਉਸ ਦੇ ਜੀਵਾਂ ਨਾਲ ਪਿਆਰ ਕਰਦਾ ਹੈ। ਕਿਉਂਕਿ ਉਨ੍ਹਾਂ ਜੀਵਾਂ ਦੇ ਅੰਦਰ ਪਰਮਾਤਮਾ ਆਪ ਵੱਸਦਾ ਹੈ।

ਅਧਿਆਤਮਿਕ ਜੀਵਨ ਦੀ ਪਰਪੱਕਤਾ ਲਈ ਸਾਧਕ ਦੇ ਮਨ ਵਿਚ ਪ੍ਰਭੂ ਪ੍ਰਤੀ ਭਾਉ ਦਾ ਵਿਕਸਿਤ ਹੋਣਾ ਵੀ ਜ਼ਰੂਰੀ ਹੁੰਦਾ ਹੈ। ਗੁਰੂ ਸਾਹਿਬ ਦਾ ਵਿਚਾਰ ਹੈ ਕਿ ਗੁਰੂ ਨਾਲ ਲਗਾਤਾਰ ਸਬੰਧ ਬਨਾਉਣ ਨਾਲ ਗੁਰਬਾਣੀ ਦਾ ਭਾਵ ਸਮਝਣ ਨਾਲ ਅਤੇ ਗੁਰੂ ਦੀ ਸਿੱਖਿਆ ਨੂੰ ਆਪਣੇ ਜੀਵਨ ਵਿਚ ਢਾਲਣ ਨਾਲ ਹੌਲੀ - ਹੌਲੀ ਸਿੱਖ ਦੇ ਮਨ ਵਿਚ ਪ੍ਰਭੂ ਪ੍ਰਤੀ ਪ੍ਰੇਮ ਦੀ ਭਾਵਨਾ ਉਤਪੰਨ ਹੁੰਦੀ ਹੈ ਅਤੇ ਉਸ ਦੇ ਗੁਣਾਂ ਦਾ ਗਿਆਨ ਹਾਸਿਲ ਹੋਣ ਨਾਲ ਉਸ ਪ੍ਰਭੂ ਦਾ ਭੈ ਜਾਂ ਭਉ ਵੀ ਉਸ ਦੇ ਮਨ ਵਿਚ ਉਤਪੰਨ ਹੁੰਦਾ ਹੈ। ਇਨ੍ਹਾਂ ਗੁਣਾਂ ਦਾ ਪ੍ਰਭਾਵ ਮਨੁੱਖ ਦੇ ਸਮਾਜਕ ਜੀਵਨ ਉੱਪਰ ਵੀ ਪੈਂਦਾ ਹੈ। ਜਿਵੇਂ ਜਿਵੇਂ ਉਹ ਆਪਣੇ ਅਧਿਆਤਮਿਕ ਮਾਰਗ ਤੇ ਅੱਗੇ ਵਧਦਾ ਰਹਿੰਦਾ ਹੈ ਉਵੇਂ ਉਵੇਂ ਉਸ ਵਿਚ ਪ੍ਰਭੂ ਪ੍ਰਤੀ ਪ੍ਰੇਮ ਤਾਂ ਵਧਦਾ ਹੀ ਹੈ ਪਰ ਨਾਲ ਦੀ ਨਾਲ ਉਸ ਵਿਚ ਪਰਮਾਤਮਾ ਦੀ ਹੋਂਦ ਦੀ ਵਿਸ਼ਾਲਤਾ ਦਾ ਗਿਆਨ ਵਧਣ ਕਰਕੇ ਉਹ ਪਰਮਾਤਮਾ ਦੇ ਵਿਆਪਕ ਰੂਪ ਪ੍ਰਤੀ ਵੀ ਪ੍ਰੇਮ ਮਹਿਸੂਸ ਕਰਨ ਲੱਗਦਾ ਹੈ। ਕਿਉਂਕਿ ਗੁਰੂ ਦੀ ਸਿੱਖਿਆ ਨਾਲ ਸਿੱਖ ਇਸ ਤੱਥ ਦਾ ਗਿਆਤਾ ਤਾਂ ਬੇਸ਼ਕ ਹੋ ਜਾਂਦਾ ਹੈ ਕਿ ਪ੍ਰਭੂ ਦੀ ਹਸਤੀ ਦੇ ਦੋ ਰੂਪ ਹਨ : ਇਕ ਸਰਗੁਣ ਅਤੇ ਦੂਜਾ ਨਿਰਗੁਣ। ਭਾਵੇਂ ਇਹ ਸਹੀ ਹੈ ਕਿ ਸਿੱਖ ਨੂੰ ਗੁਰੂ ਦੁਆਰਾ ਇਹੀ ਸਿਖਾਇਆ ਜਾਂਦਾ ਹੈ ਕਿ ਭਗਤੀ ਪ੍ਰਭੂ ਦੇ ਨਿਰਗੁਣ ਸਰੂਪ ਦੀ ਹੀ ਕੀਤੀ ਜਾਂਦੀ ਹੈ। ਉਸ ਪ੍ਰਭੂ ਦੀ ਭਗਤੀ ਜੋ ਕਦੇ ਜਨਮ ਨਹੀਂ ਲੈਂਦਾ। ਜੋ ਸਮੇਂ ਦੇ ਬੰਧਨ ਵਿਚ ਨਹੀਂ ਪੈਂਦਾ। ਜਿਸ ਦਾ ਕੋਈ ਸਰੂਪ ਨਹੀਂ। ਪਰ ਇਹ ਵੀ ਸਿਖਾਇਆ ਜਾਂਦਾ ਹੈ ਕਿ ਉਸ ਨਿਰਗੁਣ ਦਾ ਹੀ ਵਿਸਤ੍ਰਿਤ ਰੂਪ ਸਰਗੁਣ ਰੂਪ ਵਿਚ ਸ੍ਰਿਸ਼ਟੀ ਵਜੋਂ ਵਿਆਪਕ ਹੈ। ਗੁਰੂ ਜੀ ਕਹਿੰਦੇ ਹਨ ਇਹ ਜੋ ਸੰਸਾਰ ਸਾਨੂੰ ਨਜ਼ਰ ਆ ਰਿਹਾ ਹੈ ਉਹ ਉਸ ਪ੍ਰਭੂ ਦਾ ਹੀ ਵਿਸਤ੍ਰਿਤ ਅਤੇ ਸਰਗੁਣ ਰੂਪ ਹੈ। ਇਸ ਕਰਕੇ ਪ੍ਰਭੂ ਪ੍ਰੇਮ ਦਾ ਇਕ ਜ਼ਰੀਆ ਸਾਰੀ ਦ੍ਰਿਸ਼ਟਮਾਨ ਸ੍ਰਿਸ਼ਟੀ ਲਈ ਪ੍ਰੇਮ ਹੈ। ਨਾਮ ਸਿਮਰਨ ਦੇ ਰਾਹ ਤੇ ਚੱਲਦੇ ਸਾਧਕ ਵਿਚ ਇਹ ਗੁਣ ਸਹਿਜੇ ਹੀ ਉਤਪੰਨ ਹੋ ਜਾਂਦਾ ਹੈ। ਉਹ ਪ੍ਰਭੂ ਨੂੰ ਸਭ ਵਿਚ ਵਿਆਪਕ ਸਮਝ ਕੇ ਸਭ ਨੂੰ ਇਸ ਤਰਾਂ ਪ੍ਰੇਮ ਕਰਦਾ ਹੈ ਜਿਵੇਂ ਇਹ ਪ੍ਰੇਮ ਉਹ ਪ੍ਰਭੂ ਨੂੰ ਹੀ ਕਰ ਰਿਹਾ ਹੋਵੇ।

ਇਸ ਤੋਂ ਇਲਾਵਾ ਜਿਵੇਂ ਜਿਵੇਂ ਸਾਧਕ ਪ੍ਰਭੂ ਦੀ ਭਗਤੀ ਵਿਚ ਲੀਨ ਹੋਇਆ ਉਸ ਦੇ ਨਜ਼ਦੀਕ ਹੋਈ ਜਾਂਦਾ ਹੈ ਉਵੇਂ ਉਵੇਂ ਉਸ ਦੇ ਸਰਬਸ਼ਕਤੀਮਾਨ ਹੋਣ ਬਾਰੇ ਉਸ ਦੇ ਸ਼ੰਕਿਆਂ ਦੀ ਨਿਵਿਰਤੀ ਹੋਣ ਲੱਗਦੀ ਹੈ। ਉਸ ਨੂੰ ਪ੍ਰਭੂ ਦੀਆਂ ਅਸਲੀ ਸ਼ਕਤੀਆਂ ਦਾ ਗਿਆਨ ਹੋ ਜਾਂਦਾ ਹੈ ਅਤੇ ਇਸ ਤਰਾਂ ਉਸ ਅੰਦਰ ਪ੍ਰਭੂ ਜੋ ਸਰਬਸ਼ਕਤੀਮਾਨ ਹੈ ਉਸ ਦਾ ਭਉ ਉਸ ਦੇ ਅੰਦਰ ਪੈਦਾ ਹੁੰਦਾ ਹੈ। ਇਸ ਭਉ ਨੂੰ ਮੰਨਣ ਵਾਲਾ ਉਸ ਪ੍ਰਭੂ ਦੇ ਭਉ ਨੂੰ ਆਪਣੇ ਸਮਾਜਕ ਜੀਵਨ ਵਿਚ ਵੀ ਅਪਣਾ ਕੇ ਉਨ੍ਹਾਂ ਅਉਗੁਣਾਂ ਤੋਂ ਬਚਿਆ ਰਹਿੰਦਾ ਹੈ ਜੋ ਪ੍ਰਭੂ ਦੇ ਭੈ ਤੋਂ ਬਾਹਰ ਰਹਿ ਕੇ ਇਕ ਸਾਧਾਰਨ ਵਿਅਕਤੀ ਕਰਕੇ ਸਮਾਜ ਦੀ ਸ਼ਾਂਤੀ ਵਿਵਸਥਾ ਨੂੰ ਤਹਿਸ ਨਹਿਸ ਕਰ ਸਕਦਾ ਹੈ। ਕਿਉਂਕਿ ਪ੍ਰਭੂ ਦੇ ਭੈ ਵਿਚ ਰਹਿਣ ਵਾਲਾ ਵਿਅਕਤੀ ਕਦੇ ਵੀ ਉਹ ਗੁਨਾਹ ਨਹੀਂ ਕਰਦਾ ਜਿਨ੍ਹਾਂ ਨੂੰ ਕਰ ਕੇ ਉਸ ਨੂੰ ਲੱਗੇ ਕਿ ਇਕ ਤਾਂ ਉਹ ਪ੍ਰਭੂ ਦੀ ਨੇੜਤਾ ਤੋਂ ਵਾਂਞਾ ਰਹਿ ਜਾਵੇਗਾ ਦੂਜੇ ਉਨ੍ਹਾਂ ਕਰਮਾਂ ਦਾ ਫਲ ਉਸ ਨੂੰ ਭੁਗਤਣਾ ਪਵੇਗਾ। ਜੋ ਬੇਹੱਦ ਦੁੱਖਦਾਈ ਅਤੇ ਅਸਹਿ ਹੋ ਸਕਦਾ ਹੈ।

ਮਨੁੱਖੀ ਸਮਾਜ ਵਿਚ ਸ਼ਾਂਤੀ ਅਤੇ ਵਿਵਸਥਾ ਬਣਾਏ ਰੱਖਣ ਲਈ ਇਹ ਦੋ ਗੁਣ ਬੇਹੱਦ ਜ਼ਰੂਰੀ ਹਨ ਕਿ ਉਸ ਪ੍ਰਭੂ ਦੀ ਵਿਆਪਕਤਾ ਨੂੰ ਮੰਨਦੇ ਹੋਏ ਸਭ ਪ੍ਰਤੀ ਪ੍ਰੇਮ ਦੀ ਭਾਵਨਾ ਬਣੀ ਰਹੇ ਅਤੇ ਉਸ ਦੇ ਭੈ ਕਰਕੇ ਮਨੁੱਖ ਬੁਰੇ ਕਰਮਾਂ ਤੋਂ ਬਚਿਆ ਰਹੇ। ਪ੍ਰਭੂ ਦੇ ਭੈ ਨੂੰ ਮੰਨਣ ਦਾ ਦੂਜਾ ਪਹਿਲੂ ਇਹ ਵੀ ਹੈ ਕਿ ਕਿਉਂਕਿ ਹਰ ਜਗ੍ਹਾ ਉਸੇ ਪਰਮਾਤਮਾ ਦਾ ਹੀ ਹੁਕਮ ਵਰਤਦਾ ਹੈ। ਇਸ ਸੰਸਾਰ ਵਿਚ ਕੁਝ ਵੀ ਐਸਾ ਨਹੀਂ ਵਾਪਰਦਾ ਜੋ ਪਰਮਾਤਮਾ ਦੇ ਹੁਕਮ ਤੋਂ ਬਾਹਰ ਹੋਵੇ। ਇਸ ਕਰਕੇ ਮਨੁੱਖ ਦਾ ਸ਼ਾਂਤ ਚਿਤ ਰਹਿਣਾ ਜਾ ਆਪਣੀ ਕਿਸੇ ਵੀ ਮੁਸੀਬਤ ਲਈ ਕਿਸੇ ਹੋਰ ਨੂੰ ਜਿੰਮੇਵਾਰ ਨਾ ਠਹਿਰਾ ਕੇ ਵਿਰੋਧ ਦੀ ਭਾਵਨਾ ਆਪਣੇ ਅੰਦਰ ਪੈਦਾ ਨਾ ਹੋਣ ਦੇਣਾ, ਇਹ ਦੋ ਐਸੇ ਗੁਣ ਹਨ ਜੋ ਮਨੁੱਖੀ ਮਨ ਵਿਚ ਤਾਂ ਸ਼ਾਂਤੀ ਰੱਖਦੇ ਹੀ ਹਨ ਇਸ ਦੇ ਨਾਲ ਮਨੁੱਖੀ ਸਮਾਜ ਨੂੰ ਵੀ

ਬਹੁਤ ਸਾਰੀਆਂ ਮੁਸੀਬਤਾਂ ਤੋਂ ਬਚਾ ਕੇ ਰੱਖਦੇ ਹਨ। ਇਸ ਨਾਲ ਇਕ ਹੋਰ ਫਾਇਦਾ ਵੀ ਹੁੰਦਾ ਹੈ ਕਿ ਮਨੁੱਖ ਆਪਦੀ ਹਉਮੈ ਕਿਸੇ ਉੱਪਰ ਨਹੀਂ ਥੋਪ ਸਕਦਾ ਕਿਉਂਕਿ ਇਹ ਮੰਨਣ ਵਾਲਾ ਕਿ ਸਭ ਕੁਝ ਕਰਨ ਕਰਾਉਣ ਵਾਲਾ ਕੇਵਲ ਪਰਮਾਤਮਾ ਆਪ ਹੀ ਹੈ ਇਸ ਕਰਕੇ ਕੋਈ ਇਨਸਾਨ ਇਹ ਕਹਿ ਕੇ ਆਪਣੇ ਆਪ ਉੱਪਰ ਹੰਕਾਰ ਨਹੀਂ ਕਰ ਸਕਦਾ। ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਨੇ ਇਸ ਤੱਥ ਦਾ ਨਿਤਾਰਾ ਇਸ ਤਰਾਂ ਕੀਤਾ ਹੈ :

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ।।
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧)

ਇਸ ਤੱਥ ਦਾ ਨੈਤਿਕ ਪ੍ਰਭਾਵ ਇਹ ਪੈਂਦਾ ਹੈ ਕਿ ਮਨੁੱਖ ਵਿਚ ਹਉਮੈ ਦੀ ਭਾਵਨਾ ਦਾ ਖਾਤਮਾ ਹੋ ਕੇ ਉਸ ਵਿਚ ਇਕ ਹੋਰ ਸਦਗੁਣ ਪੈਦਾ ਹੋ ਜਾਂਦਾ ਹੈ ਅਤੇ ਉਹ ਹੁੰਦਾ ਹੈ ਨਿਮਰਤਾ। ਜਿਥੇ ਇਨਸਾਨ ਇਹ ਸੋਚ ਬੈਠਦਾ ਹੈ ਕਿ ਕਿਸੇ ਖਾਸ ਕੰਮ ਜਾਂ ਕਿਸੇ ਖਾਸ ਫੈਸਲੇ ਨੂੰ ਕਰਨ ਵਾਲਾ ਉਹ ਆਪ ਹੈ ਤਾਂ ਇਸ ਤੇ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਉਹ ਤਾਂ ਮੂਰਖਾਂ ਦਾ ਵੀ ਮੂਰਖ ਹੁੰਦਾ ਹੈ। ਕਿਉਂਕਿ ਇਹ ਸੱਚਾਈ ਤਾਂ ਇਕ ਸਾਧਾਰਣ ਸਮਝ ਵਾਲੇ ਨੂੰ ਵੀ ਪਤਾ ਹੋ ਜਾਂਦੀ ਹੈ ਕਿ ਜੇ ਪ੍ਰਭੂ ਦਾ ਹੁਕਮ ਹੀ ਸਭ ਜਗ੍ਹਾ ਵਿਆਪਕ ਹੁੰਦਾ ਹੈ ਅਤੇ ਉਸ ਤੋਂ ਬਿਨ੍ਹਾਂ ਕੁਝ ਵੀ ਵਾਪਰ ਨਹੀਂ ਸਕਦਾ। ਇਕ ਸਾਧਕ ਇਸ ਤੱਥ ਨੂੰ ਭਲੀ ਭਾਂਤ ਆਪਣੇ ਜੀਵਨ ਵਿਚ ਚੰਗੀ ਤਰਾਂ ਅਪਣਾ ਲੈਂਦਾ ਹੈ। ਜਿੰਨੀ ਨੇੜਤਾ ਵਿਅਕਤੀ ਪ੍ਰਭੂ ਨਾਲ ਪਾਉਂਦਾ ਹੈ ਉਨਾਂ ਹੀ ਉਹ ਉਸ ਦੇ ਹੁਕਮ ਨੂੰ ਚੰਗੀ ਤਰਾਂ ਪਹਿਚਾਣ ਜਾਂਦਾ ਹੈ। ਉਸ ਦੇ ਹੁਕਮ ਨੂੰ ਪਹਿਚਾਨਣ ਦੇ ਨਤੀਜੇ ਵਜੋਂ ਉਸ ਵਿਚ ਹਲੀਮੀ ਦਾ ਸਦਗੁਣ ਪੈਦਾ ਹੋ ਜਾਂਦਾ ਹੈ।

ਗੁਰੂ ਸਾਹਿਬ ਅਨੁਸਾਰ ਮਨੁੱਖ ਭਾਂਵੇ ਕਰਮ ਕਰਨ ਲਈ ਆਜ਼ਾਦ ਹੈ ਪਰ ਉਹ ਇੰਨਾਂ ਆਜ਼ਾਦ ਨਹੀਂ ਕਿ ਕੁਝ ਵੀ ਕਰੇ। ਸਿੱਖ ਸਿਧਾਂਤ ਅਨੁਸਾਰ ਹਰ ਵਿਅਕਤੀ ਨੂੰ ਜੋ ਵੀ ਉਹ ਕਰਦਾ ਹੈ ਉਸ ਦਾ ਫਲ ਜ਼ਰੂਰ ਭੁਗਤਣਾ ਪੈਂਦਾ ਹੈ। ਇਸੇ ਕਰਕੇ ਇਹ ਮੰਨਿਆ ਜਾਂਦਾ ਹੈ ਕਿ ਮਨੁੱਖ ਕਰਮ ਕਰਨ ਲਈ ਆਜ਼ਾਦ ਤਾਂ ਹੈ ਪਰ ਸਭ ਕੁਝ ਆਪਣੀ ਮਰਜ਼ੀ ਨਾਲ ਕਰਨ ਲਈ ਆਜ਼ਾਦ ਨਹੀਂ ਹੈ। ਜੇ ਉਹ ਸਭ ਕੁਝ ਕਰ ਤਾਂ ਸਕਦਾ ਹੈ ਪਰ ਉਹ ਉਸ ਕਰਮ ਦੇ ਅੱਛੇ ਜਾਂ ਬੁਰੇ ਨਤੀਜੇ ਦੇ ਬੰਧਨ ਵਿਚ ਜ਼ਰੂਰ ਜਕੜਿਆ ਹੋਇਆ ਹੈ। ਕਰਮਾਂ ਦੇ ਹਿਸਾਬ ਕਿਤਾਬ ਦਾ ਦਾਇਰਾ ਕੇਵਲ ਸਾਡੇ ਵਰਤਮਾਨ ਜੀਵਨ ਨਾਲ ਹੀ ਨਹੀਂ ਗਿਣਿਆ ਜਾਂਦਾ ਬਲਕਿ ਇਹ ਵੀ ਮੰਨ ਲਿਆ ਜਾਂਦਾ ਹੈ ਕਿ ਪਿਛਲੇ ਜਨਮਾਂ ਵਿਚ ਕੀਤੇ ਚੰਗੇ ਜਾਂ ਬੁਰੇ ਕੰਮ ਹਮੇਸ਼ਾ ਸਾਡਾ ਪਿੱਛਾ ਕਰਦੇ ਹਨ। ਉਹ ਉਨੀ ਦੇਰ ਸਾਡਾ ਪਿੱਛਾ ਨਹੀਂ ਛੱਡਦੇ ਜਿੰਨੀ ਦੇਰ ਤੱਕ ਅਸੀਂ ਉਨ੍ਹਾਂ ਦੇ ਫਲ ਨਹੀਂ ਭੁਗਤ ਲੈਂਦੇ। ਇਥੇ ਆ ਕੇ ਮਨੁੱਖ ਦੀ ਵਿਚਾਰਧਾਰਾ ਵਿਚ ਆਮ ਤੌਰ ਤੇ ਇਕ ਟਕਰਾਅ ਵਾਲੀ ਸਥਿਤੀ ਪੈਦਾ ਹੋ ਜਾਂਦੀ ਹੈ ਕਿ ਜੇ ਹਰ ਜਗ੍ਹਾ ਪਰਮਾਤਮਾ ਦਾ ਹੁਕਮ ਚੱਲਦਾ ਹੈ ਅਤੇ ਕੁਝ ਵੀ ਉਸ ਦੇ ਹੁਕਮ ਤੋਂ ਬਾਹਰ ਨਹੀਂ ਹੁੰਦਾ ਤਾਂ ਮਨੁੱਖ ਨੂੰ ਆਪਣੇ ਕੀਤੇ ਹੋਏ ਕਰਮਾਂ ਦੀ ਸਜਾਂ ਕਿਉਂ ਮਿਲਦੀ ਹੈ ? ਗੁਰਮਤਿ ਅਨੁਸਾਰ ਇਸ ਦਾ ਉੱਤਰ ਦਿੱਤਾ ਗਿਆ ਹੈ, ਕਿ ਕਿਉਂਕਿ ਪ੍ਰਭੂ ਦਾ ਹੁਕਮ ਉਸ ਦੇ ਕਾਨੂੰਨ ਦੇ ਰੂਪ ਵਿਚ ਇਸ ਰਚਨਾ ਵਿਚ ਵਿਆਪਕ ਹੈ। ਉਸ ਹੁਕਮ ਅਨੁਸਾਰ ਹੀ ਤਹਿ ਹੁੰਦਾ ਹੈ ਕਿ ਕੀ ਠੀਕ ਹੈ ਜਾਂ ਕੀ ਗਲਤ ਹੈ, ਅਤੇ ਉਸੇ ਦੇ ਆਧਾਰ ਤੇ ਠੀਕ ਕੰਮ ਕਰਨ ਵਾਲੇ ਨੂੰ ਫਲ ਅਤੇ ਗਲਤ ਕੰਮ ਕਰਨ ਵਾਲੇ ਨੂੰ ਸਜ਼ਾ ਭੁਗਤਣੀ ਪੈਂਦੀ ਹੈ। ਇਸੇ ਕਰਕੇ ਮਨੁੱਖ ਕਰਮ ਕਰਨ ਲਈ ਤਾਂ ਆਜ਼ਾਦ ਹੈ ਪਰ ਕੁਝ ਵੀ ਕਰਨ ਲਈ ਆਜ਼ਾਦ ਨਹੀਂ।

ਗੁਰਬਾਣੀ ਵਿਚ ਕੁਝ ਗੁਣ ਜਾਂ ਨੈਤਿਕ ਨਿਯਮ ਨਿਰਧਾਰਤ ਕੀਤੇ ਗਏ ਹਨ ਜਿੰਨ੍ਹਾਂ ਅਨੁਸਾਰ ਕਰਮ ਕਰਕੇ ਮਨੁੱਖ ਨੂੰ ਸਜ਼ਾ ਨਹੀਂ ਭੁਗਤਣੀ ਪੈਂਦੀ ਅਤੇ ਇਸੇ ਤਰਾਂ ਕੁਝ ਅਉਗੁਣ ਵੀ ਨਿਰਧਾਰਤ ਕੀਤੇ ਗਏ ਹਨ ਜਿੰਨ੍ਹਾਂ ਨੂੰ ਕਰਨ ਨਾਲ ਮਨੁੱਖ ਸਜ਼ਾ ਦਾ ਪਾਤਰ ਹੋ ਜਾਂਦਾ ਹੈ। ਗੁਰਮਤਿ ਅਨੁਸਾਰ ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਐਸੇ ਅਉਗੁਣ ਹਨ ਜੋ ਵਿਅਕਤੀ ਨੂੰ ਬੁਰਾਈ ਵੱਲ ਪ੍ਰੇਰਦੇ ਹਨ। ਇਨ੍ਹਾਂ ਤੋਂ ਪ੍ਰੇਰਤ ਹੋਇਆ ਮਨੁੱਖ ਆਪਣੇ ਆਪ ਲਈ ਤਾਂ ਕਿਵੇਂ ਨਾ ਕਿਵੇਂ ਭਾਵੇਂ ਸੁੱਖ ਪੈਦਾ ਕਰ ਲੈਂਦਾ ਹੈ ਪਰ ਉਹ ਸਮਾਜ ਲਈ ਬਹੁਤ ਵੱਡੀ ਮੁਸੀਬਤ ਬਣ ਜਾਂਦਾ ਹੈ। ਇਸੇ ਕਰਕੇ ਪ੍ਰਭੂ ਦੇ ਹੁਕਮ ਦੀ ਸਰਬਸ਼ਕਤੀਮਾਨਤਾ ਅਤੇ ਸਰਬਵਿਆਪਕਤਾ ਨੂੰ ਮੰਨਦੇ ਹੋਏ ਇਕ ਗੁਰਮੁਖ ਇਨ੍ਹਾਂ ਪੰਜ ਵਿਕਾਰਾਂ ਤੋਂ ਪ੍ਰੇਰਤ ਹੋ ਕੇ ਕੋਈ ਐਸਾ ਕਰਮ ਨਹੀਂ ਕਰਦਾ ਕਿ ਉਸ ਨੂੰ ਇਸ ਜਾਂ ਇਸ ਜੀਵਨ ਤੋਂ ਬਾਅਦ ਸਜ਼ਾ ਦਾ ਭਾਗੀ ਹੋਣਾ ਪਵੇ।

ਬੇਸ਼ਕ ਇਹ ਔਗੁਣ ਉਸ ਵਿਚ ਸਜ਼ਾ ਦਾ ਡਰ ਪੈਦਾ ਕਰਦੇ ਹਨ ਅਤੇ ਇਸ ਤਰਾਂ ਉਹ ਇਨ੍ਹਾਂ ਔਗੁਣਾਂ ਤੋਂ ਬਚੇ ਰਹਿਣ ਦੀ ਕੋਸ਼ਿਸ਼ ਕਰਦਾ ਹੈ ਪਰ ਨਾਲ ਦੀ ਨਾਲ ਇਹ ਵਿਚਾਰ ਵੀ ਸਿੱਖ ਸਿਧਾਂਤ ਦਾ ਹਿੱਸਾ ਹੈ ਕਿ ਨਾਮ ਸਿਮਰਨ ਦੇ ਰਾਹ ਤੇ ਚੱਲਣ ਵਾਲੇ ਦੇ ਰਾਹ ਵਿਚ ਇਹ ਔਗੁਣ ਰੁਕਾਵਟ ਪਾਉਂਦੇ ਹਨ। ਜਿੰਨੀ ਦੇਰ ਤੱਕ ਇਕ ਸਾਧਕ ਨੈਤਿਕ ਤੌਰ ਤੇ ਪੂਰੀ ਤਰਾਂ ਪਰਪੱਕ ਹੋ ਕੇ ਆਪਣੇ ਹਿਰਦੇ ਨੂੰ ਸ਼ੁੱਧ ਨਹੀਂ ਕਰ ਲੈਂਦਾ ਉਨੀ ਦੇਰ ਤੱਕ ਪ੍ਰਭੂ ਦਾ ਰਾਹ ਉਸ ਲਈ ਨਹੀਂ ਖੁੱਲਦਾ। ਗੁਰੂ ਸਾਹਿਬ ਆਪ

ਫੁਰਮਾਉਂਦੇ ਹਨ ਕਿ ਬਿਨ੍ਹਾਂ ਚੰਗੇ ਗੁਣਾਂ ਨੂੰ ਧਾਰਨ ਕੀਤਿਆਂ ਪ੍ਰਭੂ ਦੀ ਭਗਤੀ ਨਹੀਂ ਹੋ ਸਕਦੀ। ਭਾਵੇ ਗੁਣ ਉਸ ਲਈ ਸੁੱਖ ਜਾਂ ਦੁੱਖ ਨਿਰਧਾਰਤ ਕਰਦੇ ਹਨ ਪਰ ਭਗਤ ਜਦੋਂ ਨਾਮ ਸਿਮਰਨ ਰਾਹੀਂ ਪ੍ਰਭੂ ਦੀ ਮਿਹਰ ਦਾ ਪਾਤਰ ਹੋ ਜਾਂਦਾ ਹੈ ਤਾਂ ਉਸ ਲਈ ਕਰਮਾਂ ਦੇ ਬੰਧਨ ਕੱਟੇ ਜਾਂਦੇ ਹਨ ਅਤੇ ਉਹ ਉਸ ਸਦੀਵੀ ਸੁੱਖ ਨੂੰ ਪ੍ਰਾਪਤ ਕਰ ਲੈਂਦਾ ਹੈ ਜਿਸ ਲਈ ਉਹ ਸਾਰੀ ਜ਼ਿੰਦਗੀ ਇੱਛੁਕ ਅਤੇ ਵਿਆਕੁਲ ਰਹਿੰਦਾ ਹੈ। ਪਰ ਇਹ ਨਦਰ ਕਰਮ ਉਸ ਤੇ ਹੁੰਦਾ ਹੈ ਜੋ ਬੇਹੱਦ ਨਿਮਰਤਾ ਧਾਰਨ ਕਰਕੇ ਪ੍ਰਭੂ ਦਾ ਸਿਮਰਨ ਕਰਦਾ ਹੋਇਆ ਉਸ ਦੇ ਵਿਆਪਕ ਰੂਪ ਜੋ ਸ੍ਰਿਸ਼ਟੀ ਬਣ ਕੇ ਵਿਸਤ੍ਰਿਤ ਹੈ ਉਸ ਨੂੰ ਉਸੇ ਪ੍ਰਭੂ ਦਾ ਰੂਪ ਮੰਨ ਕੇ ਉਸ ਦੀ ਸੇਵਾ ਅਤੇ ਉਸ ਦੇ ਪ੍ਰੇਮ ਵਿਚ ਆਪਣੇ ਆਪ ਨੂੰ ਸਮਰਪਤ ਕਰ ਦਿੰਦਾ ਹੈ। ਕਿਉਂਕਿ ਸਿੱਖ ਸਿਧਾਂਤ ਅਨੁਸਾਰ ਇਹ ਮੰਨਿਆ ਗਿਆ ਹੈ ਕਿ ਪ੍ਰਭੂ ਆਪ ਇਸ ਸ੍ਰਿਸ਼ਟੀ ਵਿਚ ਵਿਆਪਕ ਹੈ, ਜੋ ਵੀ ਸਾਨੂੰ ਨਜ਼ਰ ਆਉਂਦਾ ਹੈ ਉਹ ਸਭ ਪ੍ਰਭੂ ਦਾ ਵਿਆਪਕ ਰੂਪ ਹੈ। ਅਗਰ ਅਸੀਂ ਕਿਸੇ ਨਾਲ ਵੀ ਅੱਛਾ ਜਾਂ ਬੁਰਾ ਵਿਵਹਾਰ ਕਰਦੇ ਹਾਂ ਤਾਂ ਉਹ ਵਿਵਹਾਰ ਦਰ ਅਸਲ ਅਸੀਂ ਪ੍ਰਭੂ ਨਾਲ ਹੀ ਕਰ ਰਹੇ ਹੁੰਦੇ ਹਾਂ। ਫਿਰ ਅਸੀਂ ਉਸ ਪ੍ਰਭੂ ਨਾਲ ਹੀ ਦੁਰਵਿਵਹਾਰ ਕਰ ਕੇ ਆਪ ਕਿਵੇਂ ਉਸ ਤੱਕ ਪਹੁੰਚ ਸਕਦੇ ਹਾਂ ? ਜਦਕਿ ਉਸ ਤੱਕ ਪਹੁੰਚਣ ਦਾ ਕੇਵਲ ਇੱਕੋ ਤਰੀਕਾ ਹੀ ਹੈ ਅਤੇ ਉਹ ਹੈ ਉਸ ਦੇ ਵਿਆਪਕ ਰੂਪ ਨਾਲ ਸਦਗੁਣਾਂ ਦੀ ਸਾਂਝ ਪਾ ਕੇ ਉਸ ਪ੍ਰਤੀ ਪ੍ਰੇਮ ਭਾਵ ਰੱਖ ਕੇ ਉਸ ਦੀ ਭਗਤੀ ਕਰਨਾ। ਜੇ ਮਨੁੱਖ ਇਹ ਸੋਚੇ ਕਿ ਉਹ ਪ੍ਰਭੂ ਦੀ ਭਗਤੀ ਤਾਂ ਕਰ ਰਿਹਾ ਹੈ ਪਰ ਜੇ ਉਹ ਉਸ ਦੀ ਸੰਪੂਰਨਤਾ ਨੂੰ ਪ੍ਰੇਮ ਨਾ ਕਰੇ ਤਾਂ ਪ੍ਰਭੂ ਚਰਨਾ ਵਿਚ ਉਸ ਦਾ ਪਿਆਰ ਕਿਵੇਂ ਸਵੀਕਾਰ ਹੋ ਸਕਦਾ ਹੈ ? ਜੇ ਮਨੁੱਖ ਕਹੇ ਕਿ ਉਹ ਪ੍ਰਭੂ ਦੇ ਦੈਵੀ ਜਾਂ ਆਤਮ ਰੂਪ ਨੂੰ ਪਿਆਰ ਕਰਦਾ ਹੈ ਪਰ ਜੇ ਉਹ ਉਸਦੇ ਵਿਅਕਤ ਰੂਪ ਨੂੰ ਪਿਆਰ ਨਹੀਂ ਕਰਦਾ ਤਾਂ ਉਸ ਦਾ ਪਿਆਰ ਕਿਵੇਂ ਮਨਜ਼ੂਰ ਹੋ ਸਕਦਾ ਹੈ। ਕਿਉਂਕਿ ਇਹ ਤਾਂ ਇਕੋ ਪਰਮਾਤਮਾ ਦੇ ਦੋ ਪਹਿਲੂ ਹਨ। ਇਸ ਕਰਕੇ ਨਾਮ ਸਿਮਰਨ ਦੀ ਪਹਿਲੀ ਪਉੜੀ ਹੈ ਪ੍ਰਭੂ ਦੇ ਬਣਾਏ ਹੋਏ ਸੰਸਾਰ ਵਿਚ ਸਦਗੁਣੀ ਤਰੀਕੇ ਨਾਲ ਵਿਚਰਨਾ। ਬਾਣੀ ਦਾ ਅਭਿਆਸ ਮਨੁੱਖ ਨੂੰ ਸਿਖਾਉਂਦਾ ਹੈ ਕਿ ਕਿਸ ਤਰਾਂ ਦੇ ਗੁਣ ਧਾਰਨ ਕਰਨ ਨਾਲ ਵਿਅਕਤੀ ਪ੍ਰਭੂ ਨੂੰ ਪਿਆਰਾ ਲੱਗ ਸਕਦਾ ਹੈ ਜਾਂ ਉਸ ਨੂੰ ਮੰਜ਼ੂਰ ਹੋ ਸਕਦਾ ਹੈ। ਗੁਰੂ ਸਹਿਬ ਨੇ ਮੁੰਦਾਵਨੀ ਵਿਚ ਫੁਰਮਾਇਆ ਹੈ ਕਿ ਮਨੁੱਖੀ ਜੀਵਨ ਲਈ ਤਿੰਨ ਅੰਮ੍ਰਿਤ ਰੂਪੀ ਗੁਣ ਅਕਾਲ ਪੁਰਖ ਵਲੋਂ ਦਿੱਤੇ ਗਏ ਹਨ ਅਤੇ ਉਹ ਹਨ ਸਤੁ, ਸੰਤੋਖੁ ਅਤੇ ਵੀਚਾਰ। ਜੋ ਸਾਧਕ ਗੁਰੂ ਦੁਆਰਾ ਰਸਤੇ ਨੂੰ ਅਖਤਿਆਰ ਕਰਕੇ ਸਦਗੁਣਾਂ ਨੂੰ ਪ੍ਰਾਪਤ ਕਰ ਲੈਂਦਾ ਹੈ ਉਸ ਵਿਚ ਸੱਚ ਦਾ ਵਾਸਾ ਆਪਣੇ ਆਪ ਹੋ ਜਾਂਦਾ ਹੈ। ਉਹ ਸੱਚ ਦਾ ਗਿਆਨ ਹੀ ਨਹੀਂ ਹੋ ਜਾਂਦਾ ਬਲਕਿ ਉਹ ਸੱਚ ਸਰੂਪ ਹੋ ਜਾਂਦਾ ਹੈ। ਉਸ ਦਾ ਮਨ ਸਦੀਵੀ ਭਟਕਣ ਤੋਂ ਉੱਪਰ ਉੱਠ ਕੇ ਸਦੀਵੀ ਸੰਤੁਸ਼ਟੀ ਦੀ ਅਵੱਸਥਾ ਪ੍ਰਾਪਤ ਕਰ ਲੈਂਦਾ ਹੈ ਜਿਥੇ ਉਹ ਆਨੰਦ ਰੂਪ ਹੋ ਜਾਂਦਾ ਹੈ ਅਤੇ ਉਸ ਦੀ ਮਾਨਸਿਕਤਾ ਸਦੀਵੀ ਤੌਰ ਤੇ ਨਿਰਸੰਸੀ ਸਥਿਤੀ ਦਾ ਧਾਰਨੀ ਹੋ ਜਾਂਦਾ ਹੈ ਜਿਥੇ ਉਸ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ।

ਜਿੰਨ੍ਹਾਂ ਤੇ ਪ੍ਰਭੂ ਦੀ ਕ੍ਰੋਪੀ ਹੁੰਦੀ ਹੈ ਜਾਂ ਜਿਨ੍ਹਾਂ ਨੂੰ ਪ੍ਰਭੂ ਆਪਣੇ ਰਾਹ ਤੇ ਨਹੀਂ ਪਾਉਣਾ ਚਾਹੁੰਦਾ ਉਨ੍ਹਾਂ ਵਿਚ ਉਹ ਬੁਰੇ ਕਰਮ ਕਰਨ ਦੀ ਬਿਰਤੀ ਪਾ ਦਿੰਦਾ ਹੈ ਅਤੇ ਉਹ ਬੁਰੇ ਕਰਮ ਉਸ ਨੂੰ ਪਰਮਾਤਮਾ ਦੇ ਰਾਹ ਤੋਂ ਹਮੇਸ਼ਾ ਦੂਰ ਰੱਖਦੇ ਹਨ। ਜਿਨ੍ਹਾਂ ਨੂੰ ਉਹ ਆਪਣੇ ਨਜ਼ਦੀਕ ਕਰਨਾ ਚਾਹੁੰਦਾ ਹੈ ਉਨ੍ਹਾਂ ਵਿਚ ਉਹ ਸਦਗੁਣ ਪੈਦਾ ਕਰ ਦਿੰਦਾ ਹੈ ਕਿਉਂਕਿ ਸਵੱਛ ਮਨ ਵਿਚ ਹੀ ਪ੍ਰਭੂ ਦਾ ਅੰਮ੍ਰਿਤ ਰੂਪੀ ਨਾਮ ਵੱਸ ਸਕਦਾ ਹੈ। ਪ੍ਰਭੂ ਦੀ ਸ਼ਕਤੀ ਦੋ ਤਰਾਂ ਨਾਲ ਵਿਆਪਕ ਹੁੰਦੀ ਹੈ; ਹਾਂ ਵਾਚਕ ਅਤੇ ਨਾਂਹ ਵਾਚਕ ਤਰੀਕੇ ਨਾਲ। ਹਾਂ ਵਾਚਕ ਇਸ ਤਰਾਂ ਕਿ ਜੋ ਵਿਧਾਨ ਇਸ ਸੰਸਾਰ ਵਿਚ ਵਿਆਪਕ ਹੈ ਉਹ ਉਸੇ ਪ੍ਰਭੂ ਦਾ ਬਣਾਇਆ ਹੋਇਆ ਹੈ, ਅਤੇ ਨਾਂਹ ਵਾਚਕ ਇਸ ਤਰਾਂ ਕਿ ਪ੍ਰਭੂ ਨੇ ਕੁਝ ਜੀਵਾਂ ਨੂੰ ਸਜ਼ਾ ਦੇਣ ਲਈ ਮਾਇਆ ਦਾ ਵਿਸਥਾਰ ਕੀਤਾ ਹੋਇਆ ਹੈ ਤਾਂ ਕਿ ਉਹ ਉਸ ਵਿਚ ਫਸ ਕੇ ਆਪਣੇ ਗੁਨਾਹਾਂ ਦੀ ਸਜ਼ਾ ਆਪ ਭੁਗਤਨ। ਪਰ ਇਹ ਤੱਥ ਜ਼ਰੂਰ ਵਿਦਮਾਨ ਰਹਿੰਦਾ ਹੈ ਕਿ ਹਰ ਜੀਵ ਨੂੰ ਉਸ ਦੇ ਕਰਮਾਂ ਦੇ ਆਧਾਰ ਤੇ ਹੀ ਸੁੱਖ ਜਾਂ ਦੁੱਖ ਪ੍ਰਾਪਤ ਹੋਵੇ। ਬੁਰੇ ਕਰਮਾਂ ਵਾਲਿਆਂ ਨੂੰ ਪ੍ਰਭੂ ਦੀ ਨੇੜਤਾ ਹਾਸਿਲ ਨਹੀਂ ਹੁੰਦੀ ਉਹ ਆਪ ਹੀ ਉਨ੍ਹਾਂ ਅੰਦਰ ਹੰਕਾਰ ਅਤੇ ਅਗਿਆਨਤਾ ਦਾ ਪਸਾਰਾ ਕਰ ਦਿੰਦਾ ਹੈ ਤਾਂ ਕਿ ਉਹ ਉਸੇ ਭਰਮ ਵਿਚ ਫਸੇ ਆਪਣੇ ਕਰਮਾਂ ਦਾ ਫਲ ਭੁਗਤਦੇ ਰਹਿਣ।

ਦੁੱਖਾਂ ਜਾਂ ਸੁੱਖਾਂ ਦੀ ਇੱਛਾ ਤੋਂ ਛੁਟਕਾਰਾ ਕੇਵਲ ਪ੍ਰਭੂ ਦੀ ਹਸਤੀ ਵਿਚ ਅਭੇਦ ਹੋਣ ਤੋਂ ਬਾਅਦ ਹੀ ਪ੍ਰਾਪਤ ਹੁੰਦਾ ਹੈ। ਇਹ ਮਨੁੱਖ ਦੇ ਸੰਪੂਰਨ ਹੋਣ ਦੀ ਅਧਿਆਤਮਿਕ ਅਵੱਸਥਾ ਹੈ। ਇਸ ਅਵੱਸਥਾ ਦਾ ਧਾਰਨੀ ਪ੍ਰਭੂ ਰੂਪ ਹੋ ਜਾਂਦਾ ਹੈ ਅਤੇ ਪ੍ਰਭੂ ਦੇ ਸਾਰੇ ਗੁਣਾਂ ਦਾ ਵੀ ਧਾਰਨੀ ਹੋ ਜਾਂਦਾ ਹੈ। ਸਤੁ, ਸੰਤੋਖ ਵੀਚਾਰ ਉਸ ਦੇ ਹਿਰਦੇ ਵਿਚ ਆਪ ਮੁਹਾਰੇ ਹੀ ਉਸ ਦੇ ਸੁਭਾ ਦਾ ਹਿੱਸਾ ਹੋ ਜਾਂਦੇ ਹਨ। ਇਸ ਤਰਾਂ ਦਾ ਵਿਅਕਤੀ ਪ੍ਰਭੂ ਵਾਂਗ ਹੀ ਸਮਾਜ ਦੇ ਦੂਜੇ ਜੀਵਾਂ ਦੇ ਭਲੇ ਲਈ ਕ੍ਰਿਆਸ਼ੀਲ ਰਹਿੰਦਾ ਹੋਇਆ ਸਰਬਤ ਦੇ ਭਲੇ ਦਾ ਮੁਜੱਸਮਾ ਬਣ ਜਾਂਦਾ ਹੈ। ਵਿਅਕਤੀ ਦੀ ਇਹ ਅਵੱਸਥਾ ਜੋ ਪ੍ਰਭੂ ਰੂਪ ਹੋਣ ਦੀ ਅਵੱਸਥਾ ਹੇ ਉਸ ਨੂੰ ਕਿਸੇ ਵੀ ਤਰਾਂ ਦੇ ਸੁੱਖ ਦੁੱਖ ਤੋਂ ਉਪਰ ਉਠਾ ਦਿੰਦੀ ਹੈ। ਇਸ ਅਵੱਸਥਾ ਵਿਚ ਉਹ ਨਿਰਭਉ ਅਤੇ ਨਿਰਵੈਰ ਹੋ ਕੇ ਸਮਾਜ ਵਿਚ

ਸਮਾਜ ਦੇ ਸੁੱਖ ਦੁੱਖ ਦਾ ਸਹਾਈ ਬਣ ਕੇ ਵਿਚਰਦਾ ਹੈ।

**ਕਿਰਤ ਕਰਨੀ :**

ਸਿੱਖ ਸਿਧਾਂਤ ਵਿਚ ਸਿਮਰਨ ਕਰਦੇ ਹੋਏ ਜਾਂ ਸਿਮਰਨ ਕਰਦੇ - ਕਰਦੇ ਅਧਿਆਤਮਿਕਤਾ ਦੀ ਅੰਤਿਮ ਮੰਜ਼ਿਲ ਪ੍ਰਾਪਤ ਕਰਨ ਤੇ ਵਿਅਕਤੀ ਕਿਸੇ ਵੀ ਤਰਾਂ ਸਮਾਜਿਕ ਪ੍ਰਾਣੀ ਹੋਣ ਤੋਂ ਆਪਣੇ ਆਪ ਨੂੰ ਮੁਨਕਰ ਨਹੀਂ ਕਰ ਸਕਦਾ। ਪਹਿਲੀ ਗੱਲ ਤਾਂ ਇਹ ਹੈ ਕਿ ਸਿੱਖ ਕਿਸੇ ਵੀ ਤਰਾਂ ਕਿਸੇ ਦਾ ਮੁਹਤਾਜ ਨਹੀਂ ਹੁੰਦਾ, ਕਿਸੇ ਤੇ ਬੋਝ ਨਹੀਂ ਹੁੰਦਾ। ਦੂਜੇ ਗੁਰੂ ਸਾਹਿਬ ਦਾ ਹੁਕਮ ਹੈ ਕਿ ਸੰਸਾਰ ਵਿਚ ਰਹਿੰਦਿਆਂ, ਸੰਸਾਰ ਦੇ ਕੰਮ ਕਾਰ ਕਰਦਿਆ ਹੋਇਆਂ ਅਤੇ ਪ੍ਰਭੂ ਦੀ ਭਗਤੀ ਵੀ ਕਰਦਿਆਂ ਹੋਇਆਂ ਵਿਅਕਤੀ ਆਪਣੇ ਆਪ ਨੂੰ ਇਸ ਸੰਸਾਰ ਦਾ ਇਕ ਜ਼ਿੰਮੇਵਾਰ ਪ੍ਰਾਣੀ ਵਜੋਂ ਸਿੱਧ ਕਰਦਾ ਰਹੇ। ਇਸ ਕਰਕੇ ਸਿੱਖ ਲਈ ਗੁਰੂ ਸਾਹਿਬ ਦੀ ਹਦਾਇਤ ਹੈ ਕਿ ਸਿਰਫ ਇਹੀ ਨਹੀਂ ਕਿ ਉਹ ਆਪਣਾ ਬੋਝ ਕਿਸੇ ਤੇ ਨਾ ਪਾਵੇ ਬਲਕਿ ਸਮਾਜ ਦੇ ਬਾਕੀ ਸਾਰੇ ਪ੍ਰਾਣੀਆਂ ਵਾਂਗ ਆਪ ਮਿਹਨਤ ਮੁਸ਼ੱਕਤ ਕਰਦਾ ਹੋਇਆ ਆਪਣੀ ਜੀਵਿਕਾ ਆਪ ਕਮਾਵੇ। ਗੁਰੂ ਸਾਹਿਬ ਨੇ ਪਰੰਪਰਾਗਤ ਭਾਰਤੀ ਵਿਚਾਰਧਾਰਾ ਦਾ ਵਿਵਹਾਰਿਕ ਤਰੀਕੇ ਨਾਲ ਵਿਰੋਧ ਕਰਦੇ ਹੋਏ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਸਭ ਨੂੰ ਆਪਣੀ ਜੀਵਿਕਾ ਖੁਦ ਕਮਾਉਣੀ ਚਾਹੀਦੀ ਹੈ ਕਿਉਂਕਿ ਜੋ ਮਨੁੱਖ ਆਪਣੀ ਜੀਵਿਕਾ ਆਪ ਨਹੀਂ ਕਮਾ ਸਕਦੇ ਉਹ ਸਮਾਜ ਉੱਪਰ ਇਕ ਬੋਝ ਹੁੰਦੇ ਹਨ ਅਤੇ ਦੂਜਿਆਂ ਤੇ ਬੋਝ ਹੋਣ ਵਾਲੇ ਆਪਣਾ ਜੀਵਨ ਕਿਸ ਤਰਾਂ ਕਾਮਯਾਬ ਬਣਾ ਸਕਦੇ ਹਨ। ਇਸ ਵਿਚਾਰ ਦੇ ਦੋ ਸਮਾਜਿਕ ਪਹਿਲੂ ਸਾਹਮਣੇ ਆਉਂਦੇ ਹਨ। ਇਕ ਤਾਂ ਇਹ ਕਿ ਉਸ ਸਮਾਜ ਵਿਚ ਜਦੋਂ ਗੁਰੂ ਨਾਨਕ ਦੇਵ ਜੀ ਨੇ ਇਹ ਮੁੱਦਾ ਉਠਾਇਆ ਉਦੋਂ ਭਾਰਤੀ ਸਮਾਜ ਦਾ ਕੇਵਲ ਚੌਥਾ ਹਿੱਸਾ ਹੀ ਸਾਰੇ ਸਮਾਜ ਲਈ ਉਪਜੀਵਿਕਾ ਕਮਾਉਂਦਾ ਸੀ। ਇਸ ਤਰਾਂ ਜੇ ਕਿਸੇ ਵਿਸ਼ੇਸ਼ ਸਮਾਜ ਦਾ ਕੇਵਲ ਚੌਥਾ ਹਿੱਸਾ ਹੀ ਬਾਕੀ ਸਾਰੇ ਸਮਾਜ ਦਾ ਬੋਝ ਆਪਣੇ ਸਿਰ ਤੇ ਢੋਂਦਾ ਹੋਵੇ ਤਾਂ ਇਹ ਆਪਣੇ ਆਪ ਵਿਚ ਜ਼ਾਲਮ ਵਿਵਹਾਰ ਹੈ। ਜ਼ੁਲਮ ਕਰਨ ਨਾਲ ਪੈਦਾ ਹੋਈ ਇਕ ਖਾਸ ਕਿਸਮ ਦੀ ਮਾਨਸਿਕਤਾ ਨਾਲ ਮਨੁੱਖ ਲਈ ਆਪਣੀ ਅਧਿਆਤਮਿਕ ਮੰਜ਼ਿਲ ਨੂੰ ਪ੍ਰਾਪਤ ਕਰਨਾ ਤਾਂ ਇਕ ਪਾਸੇ ਰਿਹਾ ਉਹ ਉਸ ਰਾਹ ਤੇ ਚੱਲ ਵੀ ਨਹੀਂ ਸਕਦਾ। ਇਸ ਦਾ ਦੂਜਾ ਪ੍ਰਭਾਵ ਇਸ ਤਰਾਂ ਹੁੰਦਾ ਹੈ ਕਿ ਜਿਸ ਸਮਾਜ ਵਿਸ਼ੇਸ਼ ਵਿਚ ਕੇਵਲ ਚੌਥਾ ਹਿੱਸਾ ਹੀ ਸਾਰੇ ਸਮਾਜ ਲਈ ਉਪਜੀਵਿਕਾ ਕਮਾਉਣ ਵਾਲਾ ਹੋਵੇ ਤਾਂ ਉਸ ਸਮਾਜ ਨੂੰ ਕੰਗਾਲੀ ਅਤੇ ਬਦਹਾਲੀ ਤੋਂ ਕੋਈ ਵੀ ਨਹੀਂ ਬਚਾ ਸਕਦਾ। ਜੇ ਗੁਰੂ ਸਾਹਿਬ ਇਸ ਤਰਾਂ ਦੇ ਸਮਾਜ ਦੀ ਸਿਰਜਣਾ ਕਰਨ ਦੀ ਸਿੱਖਿਆ ਨਾ ਦਿੰਦੇ ਜਿਸ ਵਿਚ ਸਾਰਾ ਸਮਾਜ ਆਪਣੀ ਉਪਜੀਵਿਕਾ ਆਪ ਕਮਾਏ ਅਤੇ ਕੋਈ ਕਿਸੇ ਤੇ ਬੋਝ ਨਾ ਬਣੇ ਤਾਂ ਇਹ ਅੰਦਾਜ਼ਾ ਭਲੀ ਪ੍ਰਕਾਰ ਲਾਇਆ ਜਾ ਸਕਦਾ ਹੈ ਕਿ ਉਸ ਹਾਲਤ ਵਿਚ ਅੱਜ ਦੇ ਭਾਰਤ ਦੀ ਆਰਥਿਕ ਅਤੇ ਸਮਾਜਕ ਦਸ਼ਾ ਕੀ ਹੁੰਦੀ ?

ਗੁਰੂ ਸਾਹਿਬ ਨੇ ਕੇਵਲ ਸਮਾਜ ਦੇ ਸਭ ਵਰਗਾ ਨੂੰ ਆਪ ਆਪਣੀ ਉਪਜੀਵਕਾ ਕਮਾਉਣ ਦੀ ਸਿਖਿਆ ਹੀ ਨਹੀਂ ਦਿੱਤੀ ਬਲਕਿ ਉਨ੍ਹਾਂ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਹਰ ਵਿਅਕਤੀ ਦਸਾਂ ਨੌਹਾਂ ਦੀ ਮਿਹਨਤ ਕਰਕੇ ਆਪਣੀ ਕਮਾਈ ਕਰੇ। ਇਸ ਤੋਂ ਭਾਵ ਲਿਆ ਜਾ ਸਕਦਾ ਹੈ ਕਿ ਹਰ ਕੋਈ ਮਿਹਨਤ ਨਾਲ, ਇਮਾਨਦਾਰੀ, ਅਤੇ ਹੱਕ ਦੀ ਕਮਾਈ ਕਰੇ। ਮਿਹਨਤ, ਇਮਾਨਦਾਰੀ ਅਤੇ ਸਹੀ ਜ਼ਰੀਏ ਰਾਹੀਂ ਆਪਦੀ ਉਪਜੀਵਕਾ ਕਮਾਉਣ ਲਈ ਮਨੁੱਖ ਜੋ ਸਾਧਨ ਜੁਟਾਉਂਦਾ ਹੈ ਉਨ੍ਹਾਂ ਨਾਲ ਸਮਾਜ ਦਾ ਕੋਈ ਵਿਅਕਤੀ ਵੀ ਜ਼ੁਲਮ ਜਾਂ ਧੱਕੇ ਦਾ ਸ਼ਿਕਾਰ ਨਹੀਂ ਹੁੰਦਾ। ਇਸ ਸਿਧਾਂਤ ਦੀ ਸਮਾਜ ਨੂੰ ਮੁੱਖ ਦੇਣ ਇਹ ਹੈ ਕਿ ਇਕ ਤਾਂ ਇਸ ਸਿਧਾਂਤ ਨੂੰ ਮੰਨਣ ਨਾਲ ਸਬੰਧਤ ਸਮਾਜ ਵਿਚ ਹੇਰਾਫੇਰੀ, ਧੋਖਾ, ਚੋਰੀ, ਬੇਇਮਾਨੀ, ਠੱਗੀ ਅਤੇ ਦੂਜੇ ਦਾ ਹੱਕ ਮਾਰਨ ਵਰਗੀਆਂ ਬੁਰਾਈਆਂ ਆਪਣੇ ਆਪ ਖਤਮ ਹੋ ਜਾਂਦੀਆਂ ਹਨ ਅਤੇ ਦੂਜਾ ਉਸ ਸਮਾਜ ਦਾ ਜੇ ਹਰ ਵਿਅਕਤੀ ਮਿਹਨਤ ਦੀ ਕਿਰਤ ਕਰਨ ਵਾਲਾ ਹੋਵੇ ਤਾਂ ਸ਼ਾਂਤ ਹੋਣ ਦੇ ਨਾਲ ਨਾਲ ਉਹ ਵਿਸ਼ੇਸ਼ ਸਮਾਜ ਸਮ੍ਰਿੱਧ ਅਤੇ ਉੱਤਮ ਨੈਤਿਕ ਸਮਾਜ ਵੀ ਹੋ ਸਕਦਾ ਹੈ। ਸੋਚਿਆ ਜਾਵੇ ਕਿ ਜੇ ਕਿਸੇ ਵਿਸ਼ੇਸ਼ ਸਮਾਜ ਵਿਚ ਚੌਥਾ ਹਿੱਸਾ ਕੰਮ ਕਰਨ ਨਾਲ ਵੀ ਉਸ ਸਮਾਜ ਦੇ ਪ੍ਰਾਣੀ ਭੁਖੇ ਨਹੀਂ ਮਰਦੇ ਤਾਂ ਸ਼ਤ - ਪ੍ਰਤੀਸ਼ਤ ਮਨੁੱਖਾਂ ਦੇ ਕੰਮ ਕਰਨ ਨਾਲ ਕੋਈ ਸਮਾਜ ਕਿੰਨਾ ਸਮ੍ਰਿੱਧ ਹੋ ਸਕਦਾ ਹੈ। ਸਿੱਖ ਕੌਮ ਵਿਚ ਆਰਥਿਕ ਖੁਸ਼ਹਾਲੀ ਅਤੇ ਸਮ੍ਰਿਧੀ ਦਾ ਮੁੱਖ ਕਾਰਨ ਗੁਰੂ ਦੀ ਇਸੇ ਸਿਖਿਆ ਦਾ ਹੀ ਅਸਰ ਹੈ। ਗੁਰੂ ਨਾਨਕ ਜਿਨ੍ਹਾਂ ਨੇ ਇਹ ਵਿਚਾਰ ਆਪਣੇ ਸਿੱਖਾਂ ਸਾਹਮਣੇ ਰੱਖਿਆ ਉਨ੍ਹਾਂ ਕੇਵਲ ਇਸ ਨੂੰ ਇਕ ਸਿਧਾਂਤ ਵਜੋਂ ਪਰਚਾਰਿਆ ਹੀ ਨਹੀਂ ਬਲਕਿ ਉਨ੍ਹਾਂ ਇਸ ਨੂੰ ਆਪਣੇ ਜੀਵਨ ਵਿਚ ਢਾਲ ਕੇ ਆਪ ਧਰਮ ਅਤੇ ਮਿਹਨਤ ਦੀ ਕਮਾਈ ਕਰਕੇ ਦੱਸਿਆ। ਆਪਣੇ ਜੀਵਨ ਦੇ ਆਖਰੀ ਸਾਲਾਂ ਵਿਚ ਜਦੋਂ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਵਿਚ ਰਹਿਣ ਲੱਗੇ ਸਨ ਤਾਂ ਉਨ੍ਹਾਂ ਆਪ ਆਪਣੇ ਹੱਥੀਂ ਖੇਤੀ ਦਾ ਕੰਮ ਸੰਭਾਲਿਆ। ਗੁਰੂ ਜੀ ਨੇ ਕਦੇ ਵੀ ਇਹ ਵਿਚਾਰ ਪ੍ਰਗਟ ਨਹੀਂ ਕੀਤਾ ਕਿ ਜੇ ਕੋਈ ਮਿਹਨਤ ਅਤੇ ਇਮਾਨਦਾਰੀ ਦੀ ਕਮਾਈ ਕਰਨ ਵਾਲਾ ਹੈ ਤਾਂ ਉਹ ਅਜਿਹਾ ਕਰਦੇ

ਹੋਏ ਛੋਟਾ ਜਾਂ ਵੱਡਾ ਹੋ ਜਾਂਦਾ ਹੈ। ਇਸੇ ਕਰਕੇ ਸਿੱਖ ਸਿਧਾਂਤ ਵਿਚ ਕੰਮ ਦੇ ਆਧਾਰ ਤੇ ਮਨੁੱਖਾਂ ਵਿਚ ਨਾ ਤਾਂ ਕੋਈ ਭੇਦ ਭਾਵ ਹੈ ਅਤੇ ਨਾ ਹੀ ਵੰਡ।

ਮੁੱਢਲੇ ਭਾਰਤੀ ਸਮਾਜ ਵਿਚ ਕੰਮ ਦੇ ਆਧਾਰ ਤੇ ਜੋ ਮੁੱਢ ਜਾਤੀ ਪ੍ਰਥਾ ਦਾ ਬੱਝਾ ਸੀ, ਕੰਮ ਦੇ ਆਧਾਰ ਤੇ ਉਸੇ ਤਰਾਂ ਦਾ ਮੁੱਢ ਸਿੱਖ ਜੀਵਨ ਢੰਗ ਵਿਚ ਨਹੀਂ ਬੱਝਾ। ਇਸ ਦਾ ਮੁੱਖ ਕਾਰਨ ਸ਼ਾਇਦ ਇਹੀ ਹੈ ਕਿ ਇਕ ਤਾਂ ਕੋਈ ਇਕ ਵਿਸ਼ੇਸ਼ ਕੰਮ ਪੱਕੇ ਤੌਰ ਤੇ ਕਿਸੇ ਵਿਅਕਤੀ ਵਿਸ਼ੇਸ਼ ਦੇ ਹਿੱਸੇ ਨਹੀਂ ਆਇਆ। ਕਿਉਂਕਿ ਕੋਈ ਵੀ, ਕਿਸੇ ਵੀ ਕੰਮ ਨੂੰ ਆਪਣੀ ਧਰਮ ਦੀ ਕਿਰਤ ਕਰਨ ਦਾ ਆਧਾਰ ਬਣਾ ਸਕਦਾ ਹੈ। ਦੂਜੇ ਕਿਸੇ ਵੀ ਕੰਮ ਨੂੰ ਤੁੱਛ ਜਾਂ ਛੋਟਾ ਕੰਮ ਸਮਝ ਕੇ ਛੁਟਿਆਇਆ ਨਹੀਂ ਗਿਆ। ਗੁਰੂ ਸਾਹਿਬ ਲਈ ਕੇਵਲ ਉਹੀ ਕੰਮ ਛੋਟਾ ਅਤੇ ਘਟੀਆ ਹੈ ਜਿਸ ਨਾਲ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂੰਹ ਦੇ ਹੱਕ ਮਾਰੇ ਜਾਂਦੇ ਹੋਣ। ਇਕ ਸਿੱਖ ਨੇ ਕਦਾਚਿਤ ਵੀ ਉਹ ਕਾਰੋਬਾਰ ਜਾਂ ਵਾਪਾਰ ਆਦਿ ਨਹੀਂ ਕਰਨਾ ਹੁੰਦਾ ਜਿਸ ਨਾਲ ਕਿਸੇ ਨੂੰ ਵੀ ਦੁੱਖ ਪਹੁੰਚਦਾ ਹੋਵੇ ਜਾਂ ਕਿਸੇ ਦਾ ਕਿਸੇ ਕਿਸਮ ਨਾਲ ਵੀ ਹੱਕ ਮਾਰਿਆ ਜਾਂਦਾ ਹੋਵੇ। ਸਹੀ ਤਰੀਕੇ ਅਤੇ ਮਿਹਨਤ ਨਾਲ ਕਮਾਇਆ ਹੋਇਆ ਧੰਨ ਹੀ ਮਨੁੱਖ ਨੂੰ ਸੁੱਖ ਦੇ ਸਕਦਾ ਹੈ। ਗਲਤ ਤਰੀਕੇ ਨਾਲ ਜਾਂ ਕਿਸੇ ਦਾ ਹੱਕ ਮਾਰ ਕੇ ਕਮਾਇਆ ਧਨ ਮਨੁੱਖ ਲਈ ਅਤਿਅੰਤ ਦੁੱਖ ਦਾ ਕਾਰਣ ਬਣ ਸਕਦਾ ਹੈ।

**ਵੰਡ ਛਕਣਾ :**

ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਕੇਵਲ ਇਹੀ ਸਿੱਖਿਆ ਹੀ ਨਹੀਂ ਦਿੱਤੀ ਕਿ ਉਹ ਹੱਕ ਅਤੇ ਮਿਹਨਤ ਦੀ ਕਮਾਈ ਹੀ ਕਰਨ ਜਿਸ ਨੂੰ ਗੁਰੂ ਸਾਹਿਬ ਨੇ ਦਸਾਂ ਨੌਹਾਂ ਦੀ ਕਮਾਈ ਕਹਿ ਕੇ ਵਡਿਆਈਆ ਹੈ ਬਲਕਿ ਇਹ ਸਿੱਖਿਆ ਵੀ ਦਿੱਤੀ ਕਿ ਜੋ ਕੁਝ ਵੀ ਉਹ ਆਪ ਘਾਲਣਾ ਘਾਲ ਕੇ ਕਮਾਈ ਕਰਨ ਉਸ ਨੂੰ ਉਹ ਇੱਕਲਿਆਂ ਹੀ ਨਾ ਛਕਣ ਬਲਕਿ ਦੂਜਿਆਂ ਨਾਲ ਵੰਡ ਕੇ ਛਕਣ। ਇਸ ਦਾ ਭਾਵ ਹੈ : ਉਸ ਕਮਾਈ ਵਿਚੋਂ ਧਰਮ ਅਰਥ ਕੁਝ ਹਿੱਸਾ ਕੱਢਿਆ ਜਾਵੇ ਜਿਸ ਨਾਲ ਜ਼ਰੂਰਤਮੰਦ ਅਤੇ ਮਜਬੂਰ ਜੋ ਮਿਹਨਤ ਨਹੀਂ ਕਰ ਸਕਦੇ ਉਨ੍ਹਾਂ ਨੂੰ ਭੋਜਨ ਛਕਾਇਆ ਜਾਵੇ, ਜਾਂ ਹੋਰ ਤਰੀਕਿਆਂ ਨਾਲ ਉਨ੍ਹਾਂ ਦੀ ਮੱਦਦ ਕੀਤੀ ਜਾਵੇ। ਤਾਂ ਕਿ ਇਹ ਨਾ ਹੋਵੇ ਕਿ ਜੋ ਬਿਮਾਰ, ਬਿਰਧ, ਮਜ਼ਬੂਰ ਹੋਣ ਉਹਨਾਂ ਪ੍ਰਤੀ ਮਨੁੱਖ ਆਪਣਾ ਸਮਾਜਕ ਫਰਜ਼ ਭੁਲਾ ਹੀ ਦੇਣ ਅਤੇ ਸਮਾਜ ਵਿਚ ਭੁੱਖ ਅਤੇ ਦੁੱਖ ਬਣਿਆ ਰਹੇ। ਗੁਰੂ ਜੀ ਕਹਿੰਦੇ ਹਨ ਕਿ ਜਿਹੜਾ ਮਿਹਨਤ ਦੀ ਕਮਾਈ ਵਿਚੋਂ ਕੁਝ ਦੂਜੇ ਨੂੰ ਵੀ ਦਿੰਦਾ ਹੈ, ਸਿੱਖੀ ਦੇ ਸਿਧਾਂਤਿਕ ਅਤੇ ਅਸਲੀ ਰਾਹ ਦੀ ਪਹਿਚਾਣ ਉਸੇ ਨੂੰ ਹੁੰਦੀ ਹੈ। ਉਨ੍ਹਾਂ ਕਿਹਾ ਹੈ ਕਿ :

ਘਾਲਿ ਖਾਇ ਕਿਛੁ ਹਥਹੁ ਦੇਇ ।।
ਨਾਨਕ ਰਾਹੁ ਪਛਾਣਹਿ ਸੇਇ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੪੫)

ਇਸ ਦਾ ਭਾਵ ਬਿਲਕੁਲ ਇਹ ਨਹੀਂ ਕਿ ਜੋ ਵੀ ਇਹ ਚਾਹੇ ਕਿ ਉਸ ਨੂੰ ਕੰਮ ਨਾ ਕਰਨਾ ਪਵੇ ਤਾਂ ਉਹ ਵਿਹਲਾ ਬੈਠ ਕੇ ਖਾਵੇ, ਜਾਂ ਭੀਖ ਮੰਗ ਕੇ ਖਾਵੇ। ਗੁਰੂ ਸਾਹਿਬ ਨੇ ਕਿਹਾ ਕਿ ਭੀਖ ਮੰਗਣਾ ਬਹੁਤ ਹੀ ਨੀਚ ਕੰਮ ਹੈ ਅਤੇ ਉਨ੍ਹਾਂ ਆਪਣੇ ਸਿੱਖਾਂ ਨੂੰ ਇਸ ਕੰਮ ਤੋਂ ਬਹੁਤ ਜ਼ੋਰ ਦੇ ਕੇ ਵਰਜਿਆ। ਉਨ੍ਹਾਂ ਕਿਹਾ ਕਿ ਭੀਖ ਮੰਗਣਾ ਮਰਨ ਦੇ ਬਰਾਬਰ ਹੈ ਕਦੇ ਵੀ ਭੀਖ ਮੰਗਣ ਨਹੀਂ ਜਾਣਾ। ਪਰੰਪਰਾਗਤ ਭਾਰਤੀ ਜੀਵਨ ਸ਼ੈਲੀ ਵਿਚ ਆਮ ਤੌਰ ਤੇ ਭੀਖ ਮੰਗ ਦੀ ਰਵਾਇਤ ਸੀ। ਇਹ ਰਵਾਇਤ ਕੇਵਲ ਭੁੱਖੇ ਜਾਂ ਮਜਬੂਰ ਆਦਮੀ ਦੇ ਭੀਖ ਮੰਗਣ ਦੀ ਨਹੀਂ ਸੀ ਬਲਕਿ ਬਹੁਤ ਧਾਰਮਿਕ ਪਹੁੰਚ ਵਾਲੇ ਮਹਾਂਪੁਰਸ਼, ਸੰਤ, ਯੋਗੀ, ਸੰਨਿਆਸੀ, ਬੋਧੀ, ਜੈਨੀ, ਆਦਿ ਕਈ ਤਰਾਂ ਦੇ ਧਾਰਮਿਕ ਸੰਗਠਨ ਐਸੇ ਸਨ ਜੋ ਕੇਵਲ ਭਿਖਿਆ ਮੰਗ ਕੇ ਹੀ ਆਪਣਾ ਗੁਜ਼ਾਰਾ ਕਰਦੇ ਸਨ। ਇਹ ਸਭ ਉਹ ਲੋਕ ਸਨ ਜੋ ਉਂਜ ਤਾਂ ਗ੍ਰਹਿਸਤੀਆਂ ਨੂੰ ਤੁੱਛ ਸਮਝਦੇ ਪਰ ਆਪਣਾ ਭੋਜਨ ਉਨ੍ਹਾਂ ਤੋਂ ਮੰਗ ਕੇ ਖਾਂਦੇ ਸਨ, ਆਪਣੀ ਉਪਜੀਵਿਕਾ ਲਈ ਉਨ੍ਹਾਂ ਤੇ ਬੋਝ ਬਣਦੇ ਸਨ। ਗੁਰੂ ਸਾਹਿਬ ਨੇ ਇਸ ਦੇ ਉਲਟ ਉਸ ਮਨੁੱਖ ਨੂੰ ਸਭ ਤੋਂ ਉੱਤਮ ਮੰਨਿਆਂ ਜੋ ਆਪ ਧਰਮ ਦੀ ਕਮਾਈ ਕਰ ਕੇ ਦੂਜਿਆਂ ਦੀ ਵੀ ਮੱਦਦ ਕਰੇ। ਗੁਰੂ ਸਾਹਿਬ ਨੇ ਕਿਹਾ ਕਿ ਇੱਕ ਸਿੱਖ ਦੇ ਧਾਰਮਿਕ ਫਰਜ਼ ਦੇ ਨਾਲ ਨਾਲ ਸਮਾਜਿਕ ਫਰਜ਼ ਵੀ ਹੈ ਕਿ ਉਹ ਆਪਣੀ ਮਿਹਨਤ ਦੀ ਕਮਾਈ ਵਿਚੋਂ ਦਸਵਾਂ ਹਿੱਸਾ ਗੁਰੂ ਦੇ ਨਾਮ ਤੇ ਦੇਵੇ। ਚਾਹੇ ਉਹ ਧਨ ਗੁਰੂ ਘਰ ਵਿਚ ਦਿੱਤਾ ਜਾਵੇ ਜਾਂ ਗੁਰੂ ਦੇ ਨਾਮ ਤੇ ਕਿਸੇ ਗਰੀਬ ਦੀ ਮੱਦਦ ਲਈ ਦਿੱਤਾ ਜਾਵੇ। ਸਿੱਖ ਪਰੰਪਰਾ ਵਿਚ ਗੁਰੂ ਨਾਨਕ ਦੇ ਸਮੇਂ ਤੋਂ ਹੀ ਇਹ ਰਵਾਇਤ ਸ਼ੁਰੂ ਹੋ ਗਈ ਸੀ ਕਿ ਬਹੁਤ ਲੋਕ ਆਪਣੀ ਕਮਾਈ ਦਾ ਦਸਵਾਂ ਹਿੱਸਾ ਗੁਰੂ ਜੀ ਨੂੰ ਭੇਟ ਕਰਿਆ ਕਰਦੇ ਸਨ। ਉਸ ਧਨ ਨੂੰ ਗੁਰੂ ਜੀ ਆਪਣੇ ਨਿਜੀ ਹਿਤਾਂ ਲਈ ਨਹੀਂ ਵਰਤਦੇ ਸਨ ਬਲਕਿ ਉਸ ਨਾਲ ਗੁਰੂ ਘਰ ਵਿਚ ਆਈ ਸੰਗਤ ਨੂੰ ਭੋਜਨ ਛਕਾਇਆ ਜਾਂਦਾ ਸੀ। ਅੱਜ ਵੀ ਜਿਥੇ ਜਿਥੇ ਗੁਰਦੁਆਰਾ ਹੈ ਉਥੇ ਹੀ ਲੰਗਰ ਹੈ, ਜਿਸ ਵਿਚ ਬਿਨ੍ਹਾਂ ਭੇਦਭਾਵ ਦੇ ਸਭ ਨੂੰ ਬਰਾਬਰ ਇਕੋ ਤਰਾਂ ਦਾ ਅਤੇ ਇਕੋ ਸਥਾਨ ਤੇ ਬੈਠ ਕੇ ਲੰਗਰ ਛਕਾਇਆ ਜਾਂਦਾ ਹੈ। ਲੰਗਰ ਹੁਣ

ਸਿੱਖ ਜੀਵਣ ਸ਼ੈਲੀ ਦਾ ਇੱਕ ਅਟੁੱਟ ਅੰਗ ਹੈ। ਜਿਥੇ ਵੀ ਸਿੱਖ ਹੈ ਚਾਹੇ ਉਹ ਹੁਣ ਵਿਦੇਸ਼ਾਂ ਵਿਚ ਵੀ ਫੈਲ ਗਏ ਹਨ ਪਰ ਇਹ ਲੰਗਰ ਦੀ ਪਰੰਪਰਾ ਉਨ੍ਹਾਂ ਦੇ ਨਾਲ ਹੈ। ਸਿੱਖਾਂ ਦੀ ਲੰਗਰ ਦੀ ਵਿਧੀ ਅਤੇ ਭਾਵਨਾ ਨੂੰ ਸੰਸਾਰ ਭਰ ਵਿਚ ਸਲਾਹਿਆ ਜਾਂਦਾ ਹੈ। ਹੁਣ ਇਹ ਕੇਵਲ ਇਕ ਧਾਰਮਿਕ ਪਰੰਪਰਾ ਹੀ ਨਹੀਂ ਰਹੀ ਬਲਕਿ ਸਿੱਖ ਸਮਾਜਿਕ ਸਿਧਾਂਤ ਦਾ ਇਕ ਕਿਸਮ ਦਾ ਵਿਸ਼ਵ ਸਿਧਾਂਤ ਉੱਭਰ ਕੇ ਸੰਸਾਰ ਦੇ ਸਾਹਮਣੇ ਆਇਆ ਹੈ। ਭਾਈਚਾਰੇ ਅਤੇ ਬਰਾਬਰੀ ਦੀ ਭਾਵਨਾ ਦਾ ਇਹ ਵਿਵਹਾਰਿਕ ਰੂਪ ਸਮਾਜ ਦੀਆਂ ਕਈ ਬੁਰਾਈਆਂ ਨੂੰ ਆਪਣੇ ਆਪ ਨਕਾਰਦਾ ਪ੍ਰਤੀਤ ਹੁੰਦਾ ਹੈ। ਪੁਰਾਤਨ ਭਾਰਤੀ ਸੱਭਿਅਤਾ ਵਿਚ ਜਿਥੇ ਸਮਾਜ ਇੰਨੀ ਬੁਰੀ ਤਰਾਂ ਜਾਤੀ ਪ੍ਰਥਾ ਵਿਚ ਵੰਡਿਆ ਹੋਇਆ ਸੀ ਕਿ ਵੱਖ ਵੱਖ ਜਾਤੀਆ ਦਾ ਇਕ ਥਾਂ ਬੈਠ ਕੇ ਇੱਕਠੇ ਭੋਜਣ ਬਣਾ ਕੇ ਇਕੋ ਜਗ੍ਹਾ ਇਕੱਠੇ ਬੈਠ ਕੇ ਖਾਣਾ ਤਾਂ ਇਕ ਪਾਸੇ ਰਿਹਾ ਉਹ ਇਕ ਦੂਜੇ ਦੇ ਭੋਜਨ ਬਨਾਉਣ ਵਾਲੇ ਸਥਾਨ ਦੇ ਨਜ਼ਦੀਕ ਵੀ ਨਹੀਂ ਜਾ ਸਕਦੇ ਸਨ। ਖਾਸ ਕਰਕੇ ਨੀਵੀਂ ਜਾਤੀ ਦੇ ਲੋਕਾਂ ਲਈ ਤਾਂ ਇਸ ਤਰਾਂ ਦਾ ਬੰਧਨ ਬਹੁਤ ਭਿਆਨਕ ਰੂਪ ਅਖਤਿਆਰ ਕਰ ਚੁੱਕਾ ਸੀ। ਮਨੁੱਖੀ ਭਾਈਚਾਰੇ ਵਿਚ ਭੇਦਭਾਵ ਦੇ ਖਾਤਮੇਂ ਦੇ ਨਾਲ – ਨਾਲ ਬਰਾਬਰੀ, ਸਹਿਨਸ਼ੀਲਤਾ, ਆਪਸੀ ਪ੍ਰੇਮ ਅਤੇ ਮਨੁੱਖ ਦੇ ਤੱਤ ਰੂਪ ਦੀ ਪਹਿਚਾਣ ਕਰਨ ਦੀ ਇਸ ਪਰੰਪਰਾ ਨੇ ਸਮੁੱਚੇ ਭਾਰਤੀ ਸਮਾਜ ਨੂੰ ਸਥਾਈ ਸ਼ਾਂਤੀ ਅਤੇ ਸਹਿਜ ਦੀ ਦਿਸ਼ਾ ਵੱਲ ਮੋੜਿਆ।

ਲੰਗਰ ਦੀ ਪ੍ਰਥਾ ਜੋ ਗੁਰੂ ਸਾਹਿਬ ਨੇ ਇਕ ਸਿੱਖ ਦੀ ਜੀਵਨ ਜਾਂਚ ਵਜੋਂ ਚਲਾਈ ਸੀ ਉਹ ਬਾਅਦ ਵਿਚ ਇਕ ਭਰਪੂਰ ਸੰਸਥਾ ਦਾ ਰੂਪ ਧਾਰਨ ਕਰ ਗਈ। ਗੁਰੂ ਅਮਰਦਾਸ ਸਾਹਿਬ ਦੇ ਸਮੇਂ ਤੋਂ ਹੀ ਇਕ ਰਵਾਇਤ ਸ਼ੁਰੂ ਹੋ ਗਈ ਕਿ ਜੋ ਗੁਰੂ ਨੂੰ ਮਿਲਣ ਆਵੇ ਉਹ ਪਹਿਲਾਂ ਲੰਗਰ ਛਕ ਕੇ ਆਵੇ। ਇਹ ਵਿਚਾਰ ਗੁਰੂ ਸਾਹਿਬ ਨੇ ਇਸ ਕਰਕੇ ਨਹੀਂ ਦਿੱਤਾ ਸੀ ਕਿ ਉਨ੍ਹਾਂ ਨੂੰ ਮਿਲਣ ਵਾਲਿਆਂ ਨੂੰ ਉਸ ਵੇਲੇ ਲੰਗਰ ਦੀ ਜ਼ਰੂਰਤ ਹੁੰਦੀ ਸੀ ਬਲਕਿ ਇਹ ਇਸ ਲਈ ਜ਼ਰੂਰੀ ਬਣਾ ਦਿੱਤਾ ਗਿਆ ਕਿ ਉਨ੍ਹਾਂ ਨੂੰ ਮਿਲਣ ਆਉਣ ਵਾਲਾ ਆਪਣੇ ਅਮੀਰ ਹੋਣ ਦਾ ਜਾਂ ਉਚੀ ਜਾਤੀ ਦਾ ਹੋਣ ਦਾ ਹੰਕਾਰ ਤਿਆਗ ਕੇ ਉਨ੍ਹਾਂ ਪਾਸ ਆਵੇ ਅਤੇ ਬਰਾਬਰੀ ਦੀ ਭਾਵਨਾ ਮਨ ਵਿਚ ਵਸਾ ਕੇ ਆਵੇ। ਇਕ ਪੰਗਤ ਵਿਚ ਬੈਠ ਕੇ ਭੋਜਨ ਛਕਣਾ ਜਿਥੇ ਇਹ ਨਾ ਪਤਾ ਹੋਵੇ ਕਿ ਨਾਲ ਬੈਠੇ ਵਿਅਕਤੀ ਦੀ ਜਾਤ ਜਾਂ ਸਮਾਜਿਕ ਰੁਤਬਾ ਕੀ ਹੈ ਤਾਂ ਮਨ ਦਾ ਭੇਦਭਾਵ ਆਪਣੇ ਆਪ ਮਿਟ ਜਾਂਦਾ ਹੈ।

**ਮਨੁੱਖੀ ਸਮੱਸਿਆਵਾਂ ਪ੍ਰਤੀ ਸਰਵਜਨਿਕ ਸਰੋਕਾਰ :**

ਮਨੁੱਖੀ ਦੁੱਖਾਂ ਪ੍ਰਤੀ ਇਕ ਸਿੱਖ ਨੇ ਉਪਰਾਮ ਨਹੀਂ ਹੋਣਾ ਹੁੰਦਾ। ਇਸੇ ਕਰਕੇ ਉਹ ਸਮਾਜ ਦੇ ਇਕ ਅਹਿਮ ਹਿੱਸੇ ਵਜੋਂ ਵਿਚਰਦਾ ਵੀ ਹੈ ਅਤੇ ਦੂਜਿਆਂ ਦੇ ਦੁੱਖ ਦੂਰ ਕਰਨ ਲਈ ਆਪਣੀ ਬਣਦੀ ਭੂਮਿਕਾ ਵੀ ਨਿਭਾਉਂਦਾ ਹੈ। ਇਕ ਸਿੱਖ ਦੀ ਸਮਾਜਕ ਜ਼ਿੰਮੇਵਾਰੀ ਕੇਵਲ ਦਸਵੰਧ ਦੇ ਕੇ ਹੀ ਪੂਰੀ ਨਹੀਂ ਹੋ ਜਾਂਦੀ ਬਲਕਿ ਉਸ ਨੇ ਤਨ ਅਤੇ ਮਨ ਨਾਲ ਵੀ ਆਪਣਾ ਸਮਾਜ ਪ੍ਰਤੀ ਫਰਜ਼ ਪੂਰਾ ਕਰਨਾ ਹੁੰਦਾ ਹੈ। ਸਮਾਜ ਵਿਚ ਫੈਲੀਆਂ ਬੁਰਾਈਆਂ ਵਿਰੁੱਧ ਆਵਾਜ਼ ਉਠਾਉਣੀ, ਕਿਸੇ ਤੇ ਜ਼ੁਲਮ ਨਹੀਂ ਹੋਣ ਦੇਣਾ, ਕਿਸੇ ਤੇ ਹੋ ਰਹੇ ਜ਼ੁਲਮ ਦਾ ਟਾਕਰਾ ਕਰਨਾ ਅਤੇ ਬੁਰਾਈ ਨੂੰ ਖਤਮ ਕਰਨ ਲਈ ਹਮੇਸ਼ਾਂ ਤਿਆਰ ਬਰ ਤਿਆਰ ਰਹਿਣਾ। ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸੇ ਦੀ ਸਾਜਨਾ ਕਰਨਾ ਅਤੇ ਉਸ ਨੂੰ ਸਿਧਾਂਤਕ ਅਤੇ ਸੰਗਠਿਤ ਰੂਪ ਦੇਣਾ ਇਹ ਇਸੇ ਸਿਧਾਂਤ ਦਾ ਵਿਵਹਾਰਿਕ ਰੂਪ ਸੀ।

ਗੁਰੂ ਨਾਨਕ ਨੇ ਇਸ ਨੈਤਿਕ ਨਿਯਮ ਦੀ ਨੀਂਹ ਆਪਣੇ ਜੀਵਨ ਵਿਚ ਰੱਖੀ ਸੀ। ਜਦੋਂ ਬਾਬਰ ਨੇ ਹਿੰਦੋਸਤਾਨ ਤੇ ਹਮਲਾ ਕਰਕੇ ਬਹੁਤ ਜ਼ੁਲਮ ਕੀਤਾ ਤਾਂ ਉਸ ਵੇਲੇ ਦੀ ਕਹਿਰ ਦੀ ਦਸ਼ਾ ਦੇਖ ਕੇ ਗੁਰੂ ਜੀ ਚੁੱਪ ਨਹੀਂ ਬੈਠੇ। ਉਨ੍ਹਾਂ ਨੇ ਸਿਰਫ ਹਾਅ ਦਾ ਨਾਹਰਾ ਹੀ ਨਹੀਂ ਮਾਰਿਆ ਸਗੋਂ ਅਕਾਲ ਪੁਰਖ ਤੱਕ ਨੂੰ ਇਹ ਸਭ ਵਾਪਰ ਰਹੇ ਵਰਤਾਰੇ ਲਈ ਉਲਾਂਭਾ ਵੀ ਦਿੱਤਾ। ਉਨ੍ਹਾਂ ਦੀ ਇਕ ਮਸ਼ਹੂਰ ਬਾਣੀ ਜਿਸ ਦਾ ਨਾਮ ਹੀ ਬਾਬਰ ਬਾਣੀ ਹੈ ਉਹ ਇਸੇ ਵਿਚਾਰ ਨੂੰ ਪਰਗਟ ਕਰਦੀ ਹੈ ਕਿ ਅਕਾਲ ਪੁਰਖ ਕਿਉਂਕਿ ਇਸ ਸੰਸਾਰ ਦਾ ਮਾਲਿਕ ਹੈ ਤਾਂ ਉਸ ਨੇ ਇਹ ਜ਼ੁਲਮ ਵਾਪਰਨ ਕਿਉਂ ਦਿੱਤਾ। ਗੁਰੂ ਸਾਹਿਬ ਨੇ ਇਸ ਬਾਣੀ ਰਾਹੀਂ ਦੱਸਿਆ ਕਿ ਜੇ ਸ਼ਕਤੀਸ਼ਾਲੀ ਕਿਸੇ ਸ਼ਕਤੀਸ਼ਾਲੀ ਨੂੰ ਮਾਰੇ ਤਾਂ ਕੋਈ ਰੋਸ ਨਹੀਂ ਪਰ ਜੇ ਸ਼ਕਤੀਸ਼ਾਲੀ ਕਮਜ਼ੋਰ ਨੂੰ ਮਾਰੇ ਤਾਂ ਕਮਜ਼ੋਰ ਦਾ ਮਾਲਿਕ ਜੁਆਬਦੇਹ ਹੁੰਦਾ ਹੈ। ਇਸ ਰਾਹੀਂ ਗੁਰੂ ਜੀ ਕੁਲੀਨ ਵਰਗ ਜਾਂ ਰਾਜਾਸ਼ਾਹੀ ਲਈ ਵੀ ਸਮਾਜਿਕ ਨਿਯਮ ਨਿਰਧਾਰਤ ਕਰ ਰਹੇ ਹਨ। ਜ਼ੁਲਮ ਦੇ ਵਾਪਰਨ ਨਾਲ ਗੁਰੂ ਜੀ ਨੇ ਜਿੰਨਾਂ ਰੋਸ ਜ਼ਾਹਿਰ ਕੀਤਾ ਹੈ ਉਨਾਂ ਹੀ ਜ਼ੋਰ ਉਨ੍ਹਾਂ ਇਸ ਤੱਥ ਤੇ ਵੀ ਲਾਇਆ ਕਿ ਜ਼ੁਲਮ ਨੂੰ ਵਾਪਰਨ ਤੋਂ ਕਿਵੇਂ ਰੋਕਿਆ ਜਾਵੇ। ਇਥੋਂ ਤੱਕ ਕਿ ਬਾਅਦ ਵਿਚ ਸਿੱਖ ਇਤਿਹਾਸ ਵਿਚ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ ਜਿਨ੍ਹਾਂ ਅਨੁਸਾਰ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜ਼ੁਲਮ ਨੂੰ ਵਾਪਰਨ ਤੋਂ ਕਿਵੇਂ ਰੋਕਿਆ ਜਾ ਸਕਦਾ ਹੈ ਅਤੇ ਵਾਪਰ ਰਹੇ ਜ਼ੁਲਮ ਦਾ ਵਿਰੋਧ ਕਿਸ ਤਰਾਂ ਕੀਤਾ ਜਾ ਸਕਦਾ ਹੈ। ਕਿਸੇ ਵੀ ਸਮਾਜ ਵਿਚ ਜੇ ਇਸ ਤਰਾਂ ਦੀ ਭਾਵਨਾ ਪੈਦਾ ਹੋ ਸਕੇ ਤਾਂ ਉਸ ਸਮਾਜ ਵਿਚ ਸ਼ਾਂਤੀ, ਸੁੱਖ ਅਤੇ ਸ੍ਰਿਮਿੱਧੀ ਦੀ ਸਥਾਪਨਾ ਆਪਣੇ ਆਪ ਹੀ ਹੋ ਸਕਦੀ ਹੈ। ਸਿੱਖ

ਸਿਧਾਂਤ ਦਾ ਸਮਾਜਿਕ ਸੰਦਰਭ ਉਘੜ ਕੇ ਸਾਹਮਣੇ ਆਪਣੇ ਆਪ ਆ ਜਾਂਦਾ ਹੈ ਜਦੋਂ ਗੁਰੂ ਸਾਹਿਬ ਇਕੋ ਵਿਚਾਰ ਤੇ ਗੱਲ ਮੁਕਾ ਦਿੰਦੇ ਹਨ ਕਿ ਬੁਰਾਈ ਦਾ ਖਾਤਮਾ ਹਰ ਹਾਲਤ ਹੋਣਾ ਚਾਹੀਦਾ ਹੈ। ਬੁਰਾਈ ਖਤਮ ਹੋਣ ਨਾਲ ਸੱਚਾਈ ਆਪਣੇ ਆਪ ਹੀ ਸਥਾਪਤ ਹੋ ਜਾਵੇਗੀ।

ਦੁਨੀਆਂ ਦੇ ਧਰਮ ਇਸ ਸੱਚ ਦੇ ਗਵਾਹ ਹਨ ਕਿ ਜਦੋਂ ਵੀ ਜ਼ੁਲਮ ਸੰਸਾਰ ਵਿਚ ਆਪਣਾ ਸਿਰ ਉੱਚਾ ਚੁੱਕਣ ਦੀ ਕੋਸ਼ਿਸ਼ ਕਰਦਾ ਹੈ ਪਰਮਾਤਮਾ ਆਪਣੇ ਕਿਸੇ ਪੈਗੰਬਰ ਨੂੰ ਉਸ ਉੱਤੇ ਕਾਬੂ ਪਾਉਣ ਲਈ ਸੰਸਾਰ ਵਿਚ ਭੇਜਦਾ ਹੈ। ਇਸ ਤਰਾਂ ਦਾ ਇਤਿਹਾਸ ਕਈ ਵਾਰ ਦੁਹਰਾਇਆ ਗਿਆ ਹੈ। ਮਨੁੱਖੀ ਸਮਾਜ ਵਿਚ ਨਿਆਂ ਸਥਾਪਤ ਕਰਨ ਲਈ ਵਾਰ - ਵਾਰ ਐਸੇ ਮਹੌਲ ਦੀ ਸਿਰਜਨਾ ਹੁੰਦੀ ਰਹੀ ਹੈ ਜਿਸ ਨਾਲ ਸਮਾਜਿਕ ਨਿਆਂ ਸਥਾਪਤ ਹੁੰਦਾ ਰਹੇ ਅਤੇ ਮਨੁੱਖੀ ਭਾਈਚਾਰੇ ਵਿਚ ਹਰ ਤਰਾਂ ਦਾ ਅਮਨ - ਅਮਾਨ ਕਾਇਮ ਰਹੇ। ਇਹੀ ਕਾਰਨ ਹੈ ਕਿ ਇਸ ਤਰਾਂ ਦਾ ਮਹੌਲ ਸਾਜਣ ਦੀ ਜ਼ਿੰਮੇਵਾਰੀ ਦੀ ਸੇਧ ਹਮੇਸ਼ਾ ਧਰਮ ਤੋਂ ਲਈ ਜਾਂਦੀ ਰਹੀ ਹੈ। ਇਸੇ ਤਰਾਂ ਗੁਰੂ ਸਾਹਿਬ ਨੇ ਇਕ ਸਿੱਖ ਦੀ ਨੈਤਿਕ ਜ਼ਿੰਮੇਵਾਰੀ ਨੂੰ ਥਾਪਿਆ ਹੈ ਕਿ ਸਿੱਖ ਕੇਵਲ ਉਹੀ ਨਹੀਂ ਹੈ। ਜੋ ਗੁਰੂ ਦਾ ਕਿਹਾ ਮੰਨ ਕੇ ਨਾਮ ਸਿਮਰਕੇ ਆਪਣੇ ਜੀਵਨ ਵਿਚ ਸੱਚ ਦੀ ਪ੍ਰਾਪਤੀ ਕਰਦਾ ਹੈ ਬਲਕਿ ਉਹ ਹੈ ਜੋ ਉਸ ਸੱਚ ਦੀ ਸਥਾਪਨਾ ਹਿਤ ਆਪਣੀ ਜਾਨ ਵੀ ਵਾਰਨ ਲਈ ਤਿਆਰ ਰਹਿੰਦਾ ਹੈ। ਉਸ ਨੇ ਕੇਵਲ ਆਪਣਾ ਨਿਜੀ ਸਬੰਧ ਪ੍ਰਭੂ ਨਾਲ ਹੀ ਨਹੀਂ ਜੋੜਨਾ ਹੁੰਦਾ ਬਲਕਿ ਪ੍ਰਭੂ ਦੇ ਨਿਆਂ ਨੂੰ ਵੀ ਸਮਾਜ ਵਿਚ ਲਾਗੂ ਕਰਨ - ਕਰਾਉਣ ਦੀ ਕੋਸ਼ਿਸ਼ ਕਰਨੀ ਹੁੰਦੀ ਹੈ। ਸਿੱਖ ਜੀਵਨ ਢੰਗ ਵਿਚ ਵਿਵਹਾਰਕ ਤੌਰ ਤੇ ਇਸ ਨਿਯਮ ਦੀ ਪਾਲਣਾ ਵੀ ਹੁੰਦੀ ਹੈ। ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਇਹ ਵੀ ਪ੍ਰੇਰਨਾ ਦਿੱਤੀ ਕਿ ਉਹ ਨਿਜ ਦੇ ਅੰਦਰੂਨੀ ਗਿਆਨ ਅਤੇ ਦੈਵੀ ਅਭਿਆਸ ਦੇ ਨਾਲ ਨਾਲ ਆਪਣੇ ਆਪ ਨੂੰ ਸਮਾਜ ਦੀਆਂ ਜ਼ਿੰਮੇਵਾਰੀਆਂ ਨਾਲ ਵੀ ਜੋੜ ਕੇ ਰੱਖਣ ਤਾਂ ਕਿ ਕਿਸੇ ਨਾਲ ਵੀ ਅਨਿਆਂ ਨਾ ਹੋਵੇ। ਨਿਜੀ ਤੌਰ ਤੇ ਨਾਮ ਸਿਮਰਨ ਦੀ ਵਿਧੀ ਦੇ ਨਾਲ ਨਾਲ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਸੰਗਤ ਅਤੇ ਪੰਗਤ ਦਾ ਮਾਰਗ ਵੀ ਦੱਸਿਆ। ਜਿਸ ਨੂੰ ਅਪਨਾਉਂਦੇ ਹੋਏ ਨਿਰਸੰਦੇਹ ਉਹ ਆਪਣੇ ਅੰਤ੍ਰੀਵ ਅਧਿਆਤਮਿਕ ਆਸ਼ੇ ਨਾਲ ਤਾਂ ਜੁੜੇ ਹੀ ਰਹੇ ਪਰ ਨਾਲ ਦੀ ਨਾਲ ਸਮਾਜ ਤੋਂ ਵੀ ਮੂੰਹ ਨਹੀਂ ਮੋੜਿਆ। ਇਸ ਕਰਕੇ ਸਿਮਰਨ ਦੇ ਨਾਲ ਨਾਲ ਸਮਾਜਕ ਰਿਸ਼ਤੇ ਨਿਭਾਉਂਦੇ ਹੋਏ ਗੁਰੂ ਦੇ ਸਿੱਖ ਇੱਕਠੇ ਮਿਲ ਕੇ ਜਾਤ ਪਾਤ ਦੇ ਫੋਕੇ ਬੰਧਨਾਂ ਨੂੰ ਨਕਾਰਦੇ ਹੋਏ ਇਕੋ ਪੰਗਤ ਵਿਚ ਇਕੋ ਜਗ੍ਹਾ ਬਣਿਆ ਅਤੇ ਇਕੋ ਜਗ੍ਹਾ ਪਰੋਸਿਆ ਗਿਆ ਭੋਜਨ ਛਕਦੇ ਰਹੇ।

ਇੰਨਾ ਹੀ ਨਹੀਂ ਸਿੱਖ ਦਾ ਸਿਮਰਨ ਕਰਨ ਦਾ ਤਰੀਕਾ ਵੀ ਕੇਵਲ ਵਿਅਕਤੀਗਤ ਨਹੀਂ ਰਿਹਾ ਉਹਨੇ ਵਿਅਕਤੀਗਤ ਦੈਵੀ ਸਾਂਝ ਦੇ ਨਾਲ ਨਾਲ ਸੰਗਤ ਵਿਚ ਸਿਮਰਨ ਦੀ ਸਾਂਝ ਨੂੰ ਅਪਣਾ ਕੇ ਆਪਣੇ ਆਪ ਨੂੰ ਸਾਂਝੇ ਸਮਾਜਕ ਭਾਈਚਾਰੇ ਦਾ ਅਟੁੱਟ ਹਿਸਾ ਬਣਾਈ ਰੱਖਿਆ। ਸੰਗਤ ਦੇ ਵਿਸਤ੍ਰਿਤ ਰੂਪ ਵਜੋਂ ਬਾਅਦ ਦੇ ਸਿੱਖ ਜੀਵਨ ਢੰਗ ਵਿਚ ਪੰਥ ਦਾ ਵੀ ਇਕ ਖਾਸ ਸਥਾਨ ਹੈ। ਸਾਂਝੇ ਸਮਾਜਕ ਭਾਈਚਾਰੇ ਦੀਆਂ ਧਾਰਮਿਕ, ਵਿਵਹਾਰਕ, ਜਥੇਬੰਦਕ, ਸਭਿਆਚਾਰਕ, ਆਦਿ ਸਮੱਸਿਆਵਾਂ ਦਾ ਵਿਚਾਰ ਕਰਨ ਲਈ ਅਤੇ ਸਮਾਧਾਨ ਕਰਨ ਲਈ ਇਕ ਐਸਾ ਬੰਦੋਬਸਤ ਕੀਤਾ ਗਿਆ ਤਾਂ ਕਿ ਸਿੱਖ ਸਮਾਜ ਨੂੰ ਆਈਆਂ ਦਰਪੇਸ਼ ਮੁਸ਼ਕਿਲਾਂ ਦਾ ਹੱਲ ਕੱਢਿਆ ਜਾ ਸਕੇ। ਲੋੜ ਪੈਣ ਤੇ ਗਰੀਬ ਅਤੇ ਮਜ਼ਬੂਰ ਦੀ ਰੱਖਿਆ ਕਰਨ ਲਈ ਜੇ ਜ਼ਰੂਰੀ ਲੱਗੇ ਤਾਂ ਸ਼ਕਤੀ ਦੀ ਵਰਤੋਂ ਵੀ ਵਾਜਬ ਮੰਨ ਲਈ ਜਾਂਦੀ ਹੈ। ਸਿੱਖ ਦਾ ਖਾਸ ਕਿਸਮ ਦਾ ਲਿਬਾਸ ਉਸ ਦੇ ਉਸ ਹਾਲਾਤ ਲਈ ਤਿਆਰ ਬਰ ਤਿਆਰ ਰਹਿਣ ਦਾ ਲਖਾਇਕ ਹੈ ਜਿਸ ਨੂੰ ਧਾਰਨ ਕਰ ਕੇ ਉਹ ਗਰੀਬ ਅਤੇ ਮਜਬੂਰ ਦੀ ਰੱਖਿਆ ਕਰਨ ਦੇ ਕਾਬਿਲ ਹੋ ਸਕੇ। ਉਸ ਦਾ ਹਥਿਆਬੰਦ ਹੋ ਕੇ ਰਹਿਣਾ ਉਸ ਦਾ ਖਾਲਸਾ ਹੋਣ ਦੀ ਨਿਸ਼ਾਨੀ ਹੈ ਜੋ ਆਪਣੇ ਆਪ ਨੂੰ ਅਕਾਲ ਪੁਰਖ ਦੀ ਫੌਜ ਦਾ ਸਿਪਾਹੀ ਮੰਨਦੇ ਹੋਏ ਹਰ ਵਕਤ ਸਮਾਜਿਕ ਬੁਰਾਈ ਦਾ ਸਾਹਮਣਾ ਕਰਨ ਲਈ ਤਿਆਰ ਰਹਿੰਦਾ ਹੈ।

ਪਾਠ ਨੰ : 2.3 ਲੇਖਕ : ਡਾ. ਹਰਪਾਲ ਸਿੰਘ ਪੰਨੂ

## ਰਹੱਸਵਾਦ : ਪਰਿਭਾਸ਼ਾ ਅਤੇ ਸਰੂਪ

ਰਹੱਸਵਾਦ ਦਾ ਮੂਲ ਸ਼ਬਦ 'ਰਹੱਸ' ਹੈ ਅਤੇ ਭਾਰਤੀ ਧਰਮ ਦਰਸ਼ਨ ਦੀਆਂ ਪੁਰਾਤਨ ਪਰੰਪਰਾਵਾਂ ਵਿਚ ਰਹੱਸ ਕੋਈ ਨਵਾਂ ਸ਼ਬਦ ਨਹੀਂ ਹੈ। ਰਿਗਵੇਦ ਅਤੇ ਗੀਤਾ ਵਿਚ ਵੀ ਇਸ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਮਿਲਦਾ ਹੈ ਤੇ ਅਰਥਾਂ ਵਿਚ ਵੀ ਕੋਈ ਖਾਸ ਅੰਤਰ ਨਹੀਂ ਆਇਆ। ਸ੍ਰੀਮਦ ਭਗਵਤ ਗੀਤਾ ਵਿਚ ਇਹ ਸ਼ਬਦ 'ਰਹਸਿ' ਕਰਕੇ ਲਿਖਿਆ ਹੈ।[1] 'ਰਹੱਸ' ਸ਼ਬਦ ਦਾ ਅਖ਼ਰੀ ਅਰਥ ਹੈ ਗੁਹਜ ਭਾਵ ਜਾਂ ਗੁੱਝਾ ਭੇਦ, ਕੋਈ ਨਿਰਵਚਨੀਯ ਭਾਵਨਾ ਜਾਂ ਲੁਕਵਾਂ ਸੰਕੇਤ। 'ਰਹੱਸ' ਸ਼ਬਦ ਨੂੰ 'ਗੁਪਤ' ਦੇ ਅਰਥਾਂ ਵਿਚ ਵੀ ਵਰਤਿਆ ਜਾਂਦਾ ਰਿਹਾ ਹੈ।

ਗੀਤਾ ਤੋਂ ਪਹਿਲੋਂ ਰਿਗਵੇਦ ਵਿਚ ਇਹ ਸ਼ਬਦ 'ਰਹਸੂ' ਕਰਕੇ ਮੌਜੂਦ ਹੈ।[2] ਇਥੇ ਇਸ ਦਾ ਅਰਥ ਕਿਸੇ ਅਜਿਹੀ ਮਾਤਾ ਦਾ ਕੀਤਾ ਗਿਆ ਹੈ ਜਿਸ ਨੇ ਬਿਨਾਂ ਵਿਆਹ ਤੋਂ ਹੀ ਆਪਣੇ ਬੱਚੇ ਨੂੰ ਲਕੋ ਕੇ ਜਨਮ ਦਿੱਤਾ ਹੋਵੇ। ਪਰ ਭਾਵਅਰਥ ਤਾਂ ਇਸ ਸ਼ਬਦ ਦਾ ਵੀ ਉਹੀ ਹੋਇਆ ਜੋ ਪ੍ਰਚੱਲਤ ਹੈ, ਜਿਵੇਂ ਕਿ ਕੋਈ ਗੁਪਤ ਘਟਨਾ, ਕੋਈ ਅਸਪਸ਼ਟ ਸੰਕੇਤ। ਅਗਿਆਤ ਬੱਚਾ ਇਕ ਰਹੱਸ ਚਿੰਨ੍ਹ ਹੈ।

ਭਗਵਤ ਗੀਤਾ ਵਿਚ ਇਸ ਸ਼ਬਦ ਦਾ ਪ੍ਰਯੋਗ ਬਹੁਤ ਸਾਰੀਆਂ ਘਟਨਾਵਾਂ ਦੇ ਅੰਤਰਗਤ ਆਇਆ ਹੈ। ਪਰ ਧਿਆਨਯੋਗ ਤੱਥ ਇਹ ਹੈ ਕਿ ਇਹ ਸ਼ਬਦ ਆਇਆ ਸਿਰਫ਼ ਧਾਰਮਿਕ ਸੰਕੇਤ ਲੈ ਕੇ ਹੀ ਹੈ। ਰਹੱਸ ਸ਼ਬਦ ਦਾ ਪ੍ਰਯੋਗ ਕਿਸੇ ਵੀ ਥਾਂ ਤੇ ਕਿਸੇ ਧਰਮਹੀਣ ਸੰਕਲਪ ਦੇ ਤੌਰ ਤੇ ਨਹੀਂ ਹੋਇਆ। ਗੀਤਾ ਵਿਚ ਭਗਵਾਨ ਕ੍ਰਿਸ਼ਨ ਅਰਜੁਨ ਨੂੰ ਆਖਦੇ ਹਨ :

''ਤੂੰ ਮੇਰਾ ਭਗਤ ਅਤੇ ਸਖਾ ਹੈ ਇਸ ਕਰਕੇ ਮੈਂ ਸਰਬ ਰਹੱਸਾਂ ਤੋਂ ਉੱਤਮ ਰਹੱਸ ਅਤੇ ਪੁਰਾਤਨ ਯੋਗ ਦੀ ਸੋਝੀ ਦਿਵਾਈ ਹੈ।''[3]

ਇਸੇ ਸਲੋਕ ਦੇ ਨਾਲ ਹੀ ਅੰਕਿਤ ਹੈ :

'ਇਹ ਯੋਗ ਸਭ ਤੋਂ ਪਹਿਲਾਂ ਸੂਰਜ ਨੂੰ ਦੱਸਿਆ ਗਿਆ, ਜਿਸ ਨੇ ਆਪਣੇ ਪੁੱਤਰ ਮੰਨੂੰ ਨੂੰ ਦੱਸਿਆ। ਫਿਰ ਮੰਨੂੰ ਨੇ ਆਪਣੇ ਬੇਟੇ ਇਖਵਾਕ ਨੂੰ ਦੱਸਿਆ ਤੇ ਇਉਂ ਅਜਿਹੀ ਪਰੰਪਰਾ ਤੋਂ ਪ੍ਰਾਪਤ ਹੋਈ ਉਸ ਵਿੱਦਿਆ ਨੂੰ ਰਾਜਰਿਸ਼ੀਗਣ ਜਾਣਨ ਵਾਸਤੇ ਆਏ ਸਨ। ਪਰ ਇਹ ਵਿੱਦਿਆ ਲੰਮੇ ਸਮੇਂ ਤੋਂ ਨਸ਼ਟ ਹੋ ਚੁਕੀ ਸੀ।''[4]

ਉਪਰੋਕਤ ਗੀਤਾ ਵਿਚਲੇ ਸ਼ਲੋਕ ਤੋਂ ਨਾ ਕੇਵਲ ਰਹੱਸਯੋਗ ਦੀ ਪ੍ਰਾਚੀਨਤਾ ਪ੍ਰਤੱਖ ਹੋ ਗਈ ਹੈ ਸਗੋਂ ਇਸ ਰਹੱਸਪੂਰਕ ਯੋਗ ਮਾਰਗ ਨੂੰ ਪ੍ਰਾਪਤ ਕਰਨ ਵਾਲੇ ਵਿਸ਼ੇਸ਼ ਮਹਾਂਪੁਰਖਾਂ ਦੀ ਇਕ ਚਰਚਾ ਦੇ ਭੀ ਆ ਜਾਣ ਕਾਰਨ ਸਾਨੂੰ ਇਸ ਸ਼ਬਦ ਦੀ ਮਹਾਨਤਾ ਅਤੇ ਗੂੜ੍ਹਵਾਦ ਦਾ ਅਹਿਸਾਸ ਹੋ ਜਾਂਦਾ ਹੈ। ਇਸ ਤੋਂ ਬਿਨ੍ਹਾਂ ਭਗਵਤ ਗੀਤਾ ਵਿਚ 'ਗੁਹਜ' ਸ਼ਬਦ ਕਈ ਵਾਰ ਵਰਤੋਂ ਵਿਚ ਆਇਆ ਹੈ। ਉਥੇ ਭੀ ਇਸ ਦਾ ਭਾਵ 'ਰਹੱਸ' ਹੀ ਲਿਆ ਗਿਆ ਹੈ। (ਦੇਖੋ, ਗੀਤਾ ਦੇ ਸ਼ਲੋਕ, 18-64, 18-68)। ਉਥੇ ਇਹ ਭੀ ਕਿਹਾ ਗਿਆ ਹੈ ਕਿ :

''ਇਸ ਗੁਹਜ ਨੂੰ ਕਿਸੇ ਅਜਿਹੇ ਵਿਅਕਤੀ ਅਗੇ ਪਰਗਟ ਨਹੀਂ ਕਰਨਾ ਚਾਹੀਦਾ ਜੋ ਭਗਤੀ ਨਾ ਕਰਦਾ ਹੋਵੇ। ਜੋ ਤਪ ਨਾ ਕਰਦਾ ਹੋਵੇ, ਜੋ ਸੁਣਨ ਦੀ ਇੱਛਾ ਨਾ ਰੱਖਦਾ ਹੋਵੇ ਅਤੇ ਜੋ ਨਿੰਦਕ ਹੋਵੇ।''[5]

ਇਸ ਸੰਖੇਪ ਜਿਹੀ ਵਿਚਾਰ ਨਾਲ ਰਹੱਸ ਸ਼ਬਦ ਦਾ ਰੂਪ ਸਾਹਮਣੇ ਆ ਗਿਆ ਹੈ। ਪਰ ਸਾਡੀ ਚਰਚਾ ਦਾ ਬੁਨਿਆਦੀ ਨੁਕਤਾ 'ਰਹੱਸ' ਸ਼ਬਦ ਨਹੀਂ ਸਗੋਂ 'ਰਹੱਸਵਾਦ' ਉੱਤੇ ਵਿਚਾਰ ਕਰਨਾ ਹੈ।

ਜਿਵੇਂ ਪਦਾਰਥ ਤੋਂ ਪਦਾਰਥਵਾਦ, ਵਿਚਾਰ ਤੋਂ ਵਿਚਾਰਵਾਦ ਅਤੇ ਪਲਾਇਨ ਤੋਂ ਪਲਾਇਨਵਾਦ ਆਦਿਕ ਸ਼ਬਦ ਅਤੇ ਸੰਕਲਪ ਹੋਂਦ ਵਿਚ ਆਏ ਹਨ, ਲਗਦਾ ਤਾਂ ਇਵੇਂ ਹੀ ਹੈ ਕਿ ਰਹੱਸ (ਜਾਂ ਰਹੱਸਯ) ਤੋਂ ਰਹੱਸਵਾਦ ਸੰਗਿਆ ਦੀ ਉਤਪਤੀ ਹੋ ਗਈ ਹੈ ਪਰ ਇਹ ਗਲ

---

1. योगी युन्जीत सततामात्मान रहसि स्थित्र : श्रीमद् भगवद्गीता 6,10
2. ਰਿਗ ਵੇਦ 2-29-1 (रहसुरिवाग) ਸ਼ਬਦ ਹੈ।
3. ਸ੍ਰੀਮਦ ਭਗਵਤਗੀਤਾ 4-3
4. ਉਹੀ, (ਅੰਕ 4, ਸ਼ਲੋਕ 1-2)
5. ਗੀਤਾ ਅੰਕ 18 ਸ਼ਲੋਕ 67

ਇਵੇਂ ਪ੍ਰਤੀਤ ਹੀ ਹੁੰਦੀ ਹੈ ਹਕੀਕਤ ਇਹ ਨਹੀਂ ਹੈ। ਪਦਾਰਥਵਾਦ, ਵਿਚਾਰਵਾਦ ਅਤੇ ਪਲਾਇਨਵਾਦ ਤਾਂ 'ਵਾਦਾਂ' ਦੇ ਸਿਰਲੇਖ ਹੇਠਾਂ ਖਾਸ ਵਿਚਾਰ ਸ਼੍ਰੇਣੀਆਂ ਅਧੀਨ ਵਿਚਾਰੇ ਜਾ ਸਕਦੇ ਹਨ ਪਰ ਰਹੱਸਵਾਦ ਵਾਸਤੇ ਅਜਿਹਾ ਕਰਨਾ ਨਾਂ ਤਾਂ ਸੰਭਵ ਹੀ ਹੈ ਤੇ ਨਾਂ ਉਚਿਤ ਹੈ। ਰਹੱਸਵਾਦ ਦਰਅਸਲ ਬਾਕੀ ਵਾਦਾਂ ਵਿਚ ਵਾਦ ਸ਼੍ਰੇਣੀ ਹੈ ਹੀ ਨਹੀਂ । ਇਹ ਨਾਉਂ ਤਾਂ ਇਸ ਨੂੰ ਬਹੁਤ ਅਜੋਕੇ ਸਮੇਂ ਵਿਚ ਦਿੱਤਾ ਗਿਆ ਹੈ। ਇਹ ਗੱਲ ਬੜੀ ਦਿਲਚਸਪ ਪ੍ਰਤੀਤ ਹੁੰਦੀ ਹੈ ਕਿ 'ਰਹੱਸ' ਸ਼ਬਦ ਦਾ ਪ੍ਰਯੋਗ ਇਹਨਾਂ ਹੀ ਅਰਥਾਂ ਵਿਚ ਭਾਵੇਂ ਰਿਗਵੇਦ ਅਤੇ ਗੀਤਾ ਜਿਹੇ ਪੁਰਾਤਨ ਗ੍ਰੰਥ ਵਿਚ ਮਿਲਦਾ ਹੈ ਪਰ ਰਹੱਸਵਾਦ ਸ਼ਬਦ ਵੀਹਵੀ ਸਦੀ ਵਿਚ ਹੀ ਪ੍ਰਯੋਗ ਕੀਤਾ ਗਿਆ। ਆਚਾਰਯ ਪਰਸੁਰਾਮ ਚਤੁਰਵੇਦੀ ਲਿਖਦੇ ਹਨ :

> "......ਹਿੰਦੀ ਵਿਚ ਇਸ ਸ਼ਬਦ (ਰਹੱਸਵਾਦ) ਦਾ ਸਰਵਪ੍ਰਥਮ ਪ੍ਰਯੋਗ ਕਾਵਿ ਰਚਨਾ ਸ਼ੈਲੀ ਦੇ ਪ੍ਰਸੰਗ ਵਿਚ ਕਿਸੇ ਸਮੇਂ ਸੰਨ 1927 ਈ. ਵਿਚ ਹੋਇਆ। ਉਸ ਵਰ੍ਹੇ ਦੀ 'ਸਰਸਵਤੀ' ਮਾਸਿਕ ਪਤ੍ਰਿਕਾ ਦੇ ਮਈ ਅੰਕ ਵਿਚ ਆਚਾਰੀਆ ਮਹਾਂਵੀਰ ਪ੍ਰਸ਼ਾਦ ਦਿਵੇਦੀ ਨੇ ਆਪਣੇ ਇਕ ਲੇਖ ਵਿਚ (ਸੁਕਵਿ ਕਿੰਕਰ ਦੇ ਨਾਮ ਹੇਠ) ਇਸ ਦੀ ਵਰਤੋਂ ਦਾ ਸਵਾਲ ਉਠਾਇਆ ਸੀ। ਇਸ ਦੇ ਨੇੜੇ ਤੇੜੇ ਹੀ ਸਵਰਗਵਾਸੀ ਅਵਧ ਉਪਾਧਿਆਇ ਅਤੇ ਆਚਾਰੀਆ ਰਾਮਚੰਦਰ ਸ਼ੁਕਲ ਨੇ ਭੀ ਇਸ ਦੀ ਵਰਤੋਂ ਕੀਤੀ ਸੀ।"[1]

ਡਾ. ਜੋਸ਼ੀ ਦਾ ਵਿਚਾਰ ਹੈ :

> "ਲਗਦਾ ਹੈ ਇਸ ਸ਼ਬਦ ਦਾ ਪ੍ਰਯੋਗ ਅੰਗਰੇਜ਼ੀ ਸ਼ਬਦ Mysticism ਦਾ ਭਾਵ ਵਿਅਕਤ ਕਰਨ ਲਈ ਕੀਤਾ ਗਿਆ ਹੋਵੇ। ਇਸ ਸੰਬੰਧ ਵਿਚ ਇੰਨਾਂ ਹੀ ਕਿਹਾ ਜਾ ਸਕਦਾ ਹੈ ਕਿ Mysticism ਦੇ ਇਸ ਅਰਥ ਵਿਚ ਇਹ ਸ਼ਬਦ (ਰਹੱਸਵਾਦ) ਜਿਨਾਂ ਵਧੇਰੇ ਹਿੰਦੀ ਵਿਚ ਵਰਤਿਆ ਜਾਂਦਾ ਹੈ ਉਨ੍ਹਾਂ ਹੋਰ ਕਿਤੇ ਨਹੀਂ। ਉਦਾਹਰਣ ਲਈ ਮਰਾਠੀ ਭਾਸ਼ਾ ਵਿਚ ਮਰਾਠੀ ਲੇਖਕ 'ਮਿਸਟਿਸਿਜ਼ਮ' ਦਾ ਅਰਥ ਪ੍ਰਗਟ ਕਰਨ ਲਈ ਅਕਸਰ 'ਗੂੜ੍ਹਵਾਦ' ਜਾਂ 'ਗੂੜ੍ਹਗੁੰਜਨ' ਵਰਗੇ ਸ਼ਬਦਾਂ ਦੀ ਵਰਤੋਂ ਕਰਦੇ ਹਨ।[2]
> ਇਵੇਂ ਹੀ ਬੰਗਾਲੀ ਲੇਖਕ 'ਮਰਮੀਆਵਾਦ' ਵਰਗੇ ਸ਼ਬਦਾਂ ਦੀ ਵਰਤੋਂ ਕਰਨਾ ਜ਼ਿਆਦਾ ਉਚਿਤ ਮੰਨਦੇ ਹਨ।"[3]

ਰਹੱਸਵਾਦ ਸ਼ਬਦ ਪੰਜਾਬੀ ਵਿੱਚ ਵੀਹਵੀਂ ਸਦੀ ਵਿਚ ਹੀ ਵਰਤਿਆ ਜਾਣ ਲੱਗਾ ਪ੍ਰਤੀਤ ਹੁੰਦਾ ਹੈ। ਪਰ ਇਸ ਦਾ ਭਾਵ ਇਹ ਨਹੀਂ ਸੀ ਕਿ ਰਹੱਸਵਾਦ ਕੋਈ ਅਜਿਹੀ ਨਵੀਂ ਪ੍ਰਵਿਰਤੀ ਹੈ ਜਿਸਦਾ ਇਸ ਸ਼ਬਦ ਦੇ ਜਨਮ ਤੋਂ ਪਹਿਲਾਂ ਅਭਾਵ ਸੀ। ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚ ਬੇਅੰਤ ਅਜਿਹੇ ਇਸ਼ਾਰੇ ਹਨ ਜਿਹੜੇ ਥਾਂ-ਥਾਂ ਉੱਤੇ ਅਨੰਤ-ਗੁਹਜ-ਤੱਤ ਵੱਲ ਝਾਤ ਪੁਆਂਦੇ ਹਨ। ਸਿੱਖ ਧਰਮ ਹੈ ਹੀ ਆਪਣੇ ਆਪ ਵਿਚ ਸੰਪੂਰਣ ਰਹੱਸ-ਰਸ-ਰਚਨਾ।

ਈਸਵੀ ਸੰਨ ਦੇ ਆਰੰਭ ਹੋਣ ਤੋਂ ਸਦੀਆਂ ਪਹਿਲਾਂ ਦੇ ਸਬੂਤ ਇਸ ਤੱਥ ਦਾ ਸੰਕੇਤ ਹਨ ਕਿ ਮਨੁੱਖ ਦੀ ਚੇਤੰਨਤਾ ਦਾ ਵਿਕਾਸ ਜਿਉਂ-ਜਿਉਂ ਪ੍ਰਫੁੱਲਤ ਹੁੰਦਾ ਗਿਆ ਤਿਉਂ-ਤਿਉਂ ਉਹ ਇਹ ਅਨੁਭਵ ਕਰਦਾ ਗਿਆ ਕਿ ਉਸਦੀ ਆਪਣੀ ਹੋਂਦ ਅਤਿ ਸੀਮਿਤ ਹੈ। ਅਜਿਹੀ ਅਵੱਸ਼ ਕੋਈ ਸ਼ਕਤੀ ਮੌਜੂਦ ਹੈ ਜਿਹੜੀ ਅਸੀਮ ਹੈ। ਉਸ ਦਾ ਭਾਵੇਂ ਥਾਹ ਨਹੀਂ ਪਾਇਆ ਜਾ ਸਕਦਾ ਨਾ ਪਰਤੱਖਿਆ ਜਾ ਸਕਦਾ ਹੈ ਪਰ ਉਸ ਦੀ ਅਣਹੋਂਦ ਨਹੀਂ ਹੈ। ਜਿੰਨੀ ਕੁ ਹੱਦ ਤਕ ਅਸੀਂ ਆਪਣੇ ਆਲੇ ਦੁਆਲੇ ਦੀ ਪਰਤੱਖਣਾ ਕਰਦੇ ਰਹੇ ਹਾਂ ਉਸੇ ਨੂੰ ਮੋਟੇ ਤੌਰ ਤੇ ਕੁਦਰਤ ਦਾ ਨਾਉਂ ਦਿੱਤਾ ਜਾਂਦਾ ਰਿਹਾ ਹੈ ਤੇ ਅਸਾਡੀ ਬੌਧਿਕਤਾ ਤੋਂ ਪਾਰ ਜੋ ਪਾਸਾਰਾ ਹੈ ਅਤੇ ਕੋਈ ਨਿਰਖਕ ਸ਼ਕਤੀ ਹੈ ਉਸਦੇ ਗੁਣਾਂ ਨੂੰ ਜਿਸ ਦੀ ਸ਼ਬਦਾਵਲੀ ਵਿਚ ਵਰਣਨ ਕੀਤਾ ਜਾਂਦਾ ਹੈ ਉਸੇ ਨੂੰ ਰਹੱਸਵਾਦ ਦਾ ਨਾਉਂ ਦਿੱਤਾ ਗਿਆ ਹੈ। ਇਉਂ ਰਹੱਸਵਾਦ, ਬੇਆਵਾਜ਼ ਸੰਗੀਤ, ਸ਼ਬਦ ਰਹਿਤ ਕਾਵਿ ਅਤੇ ਅਕਥ ਦੀ ਕਥਾ ਦਾ ਵਰਣਨ ਹੈ। ਜਿੰਨੀਆਂ ਵੱਡੀਆਂ ਵਿਰੋਧਭਾਸ (Paradoxical) ਪਰਵਿਰਤੀ ਦੀਆਂ ਇਹ ਗੱਲਾਂ ਮਹਿਸੂਸ ਹੁੰਦੀਆਂ ਹਨ, ਇਹ ਉਨੀਆਂ ਹੀ ਵੱਡੀਆਂ ਸਚਾਈਆਂ ਹਨ। ਜਿਵੇਂ ਕਦੀ ਮਨੁੱਖ ਨੂੰ ਤਾਰਿਆਂ ਦੇ ਧਰਤੀ ਹੋਣ ਉਤੇ ਸ਼ੱਕ ਸੀ ਉਵੇਂ ਅੱਜ ਵੀ ਕਦੀ ਮਨ ਅਜਿਹੀਆਂ (Abstract) ਗੱਲਾਂ ਮੰਨਣ ਤੋਂ ਇਨਕਾਰ ਕਰ ਦਿੰਦਾ ਹੈ। ਇਹ ਅਜਿਹਾ ਛਿਣ ਹੁੰਦਾ ਹੈ ਜਦੋਂ ਬੋਧਿਕਤਾ ਦੀ ਸੀਮਾ ਤੋਂ ਪਾਰ ਨਹੀਂ ਲੰਘਿਆ ਗਿਆ ਹੁੰਦਾ। ਗੱਲ ਅਜਿਹੀ ਹੁੰਦੀ ਹੈ ਜੋ ਸਮਝੀ ਜਾ ਸਕਦੀ ਹੈ ਪਰ ਜੋ ਨਹੀਂ ਸਮਝ ਸਕਦੇ ਉਹ ਵਿਰੋਧ ਕਰਨ ਲੱਗ ਪੈਂਦੇ ਹਨ ਤੇ ਜੋ ਸਮਝ ਜਾਂਦੇ ਹਨ ਉਹ ਦੂਜਿਆਂ ਨੂੰ ਸਮਝਾ ਨਹੀਂ ਸਕਦੇ। ਅਜਿਹੀ ਗੁੰਝਲਦਾਰ ਸਮੱਸਿਆ ਹੈ ਇਸ ਰਹੱਸਮਈ ਵਾਦ ਦੀ। ਇਹ ਇਕ ਸੀਮਾ ਹੈ ਪਰ ਇਹ ਸੀਮਾ ਰਹੱਸ ਜਗਤ ਦੀ ਨਹੀਂ ਇਨਸਾਨੀ ਮਨ ਦੀ ਹੈ। ਕੁਝ ਰਹੱਸਵਾਦੀ ਘਟਨਾਵਾਂ ਇਕੱਤਰ ਕਰਕੇ ਉਨ੍ਹਾਂ ਨੂੰ ਰਹੱਸਵਾਦ ਦਾ ਨਾਉਂ ਨਹੀਂ ਦਿੱਤਾ ਜਾ ਸਕਦਾ। ਜਿਵੇਂ ਸੁੰਦਰਤਾ ਦੀ

1. ਆਚਾਰੀਆ ਪਰਸੁਰਾਮ ਚਤੁਰਵੇਦੀ-ਰਹੱਸਵਾਦ, ਪੰਨਾ 3
2. ਡਾ. ਪ੍ਰਹਲਾਦ ਨਰਹਰ ਜੋਸ਼ੀ-ਮਰਾਠੀ ਸਾਹਿਤਯਾਂਤੀਲ ਮਧੁਰਭਗਤੀ (ਪੰਨਾ 150-51)
3. ਰਾਮਾ ਚੌਧਰੀ ਜੀ ਨੇ 'ਵੇਦਾਂਤ ਓ ਸੂਫ਼ੀ ਦਰਸ਼ਨ' ਸਫ਼ਾ 146, 164, 165 ਉੱਤੇ ਵੀ ਅਜਿਹੇ ਭਾਵ ਵਿਅਕਤ ਕੀਤੇ ਹਨ।

ਪਰਿਭਾਸ਼ਾ ਦੇਣ ਸਮੇਂ ਸੁੰਦਰ ਵਸਤਾਂ ਦਾ ਜ਼ਿਕਰ ਕਰਨਾ ਸੁੰਦਰਤਾ ਦੀ ਪਰਿਭਾਸ਼ਾ ਦੇ ਖੇਤਰ ਤੋਂ ਦੂਰ ਚਲੇ ਜਾਣ ਵਾਲੀ ਗੱਲ ਹੁੰਦੀ ਹੈ ਉਸੇ ਤਰ੍ਹਾਂ ਅਚੰਭੇਜਨਕ ਘਟਨਾਵਾਂ ਦੇ ਬਹੁਤੇ ਵਰਣਨ ਵਿਸਤਾਰ ਦੀ ਇਥੇ ਕੋਈ ਗੁੰਜਾਇਸ਼ ਨਹੀਂ। ਅਸੀਂ ਗੁੜ ਦੀ ਗੱਲ ਨਹੀਂ ਮਿਠਾਸ ਦੀ ਗੱਲ ਕਰਨੀ ਹੈ। ਜੇ ਮਿਠਾਸ ਦੀ ਗੱਲ ਕਰਨ ਲੱਗਿਆਂ ਇਸ਼ਾਰੇ ਵਜੋਂ ਗੁੜ ਦਾ ਸੰਕੇਤ ਮਾਤਰ ਨਾਮ ਆ ਜਾਵੇ ਤਾਂ ਇਹ ਅਪ੍ਰਸੰਗਿਕ ਵੀ ਨਹੀਂ ਹੋਵੇਗਾ। ਪਰ ਸਿਰਫ਼ ਸੰਕੇਤ ਮਾਤਰ ਹੀ ਵਰਣਨ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਰਹੱਸਵਾਦ ਪਰਾਸਰੀਰਕ ਪਰਾਭੌਤਿਕ ਸ਼ਾਸਤਰ (Metaphysics) ਅਧੀਨ ਆਉਂਦਾ ਹੈ ਜੋ ਕਦੇ-ਕਦੇ ਦੁਰਬੋਧ (Abstract) ਦੀ ਥਾਂ ਤੇ ਸਗੋਂ ਅਸੰਭਵ ਵੀ ਲਗਦਾ ਹੈ, ਜਦੋਂ ਇਸ ਦੀ ਅੰਤਰਆਤਮਾ ਤਕ ਨਾ ਪੁੱਜਿਆ ਜਾਵੇ।

ਅੰਗਰੇਜ਼ੀ ਭਾਸ਼ਾ ਵਿੱਚ ਵੀ (Mysticism) ਅਜੋਕੇ ਸਮੇਂ ਵਿੱਚ ਹੀ ਵਰਤਣਾਂ ਆਰੰਭ ਹੋਇਆ ਹੈ। ਰਹੱਸ ਜਗਤ ਦੇ ਇਸ਼ਾਰੇ ਅਸਾਨੂੰ ਪ੍ਰਾਚੀਨ ਯੂਨਾਨੀ ਸਾਹਿਤ ਵਿਚ ਅਤੇ ਦਰਸ਼ਨ ਵਿਚ ਚੋਖੀ ਗਿਣਤੀ ਵਿਚ ਮਿਲ ਜਾਂਦੇ ਹਨ। ਜਦੋਂ ਸੁਕਰਾਤ ਨੇ ਏਥਨਜ਼ ਦੇ ਲੋਕਾਂ ਨੂੰ ਦੱਸਿਆ ਸੀ ਕਿ ਉਸਨੇ ਕੁਝ ਅਜੀਬ ਕਿਸਮ ਦੀਆਂ ਪਰਛਾਈਆਂ ਅਤੇ ਸ਼ਕਲਾਂ ਵਿਚਰਦੀਆਂ ਤੱਕੀਆਂ ਹਨ ਤਾਂ ਸ਼ਾਇਦ ਕੁੱਝ ਹੱਦ ਤੱਕ ਉਹ ਉਸੇ ਦੁਨੀਆਂ ਦੀ ਗੱਲ ਕਰ ਰਿਹਾ ਸੀ ਜੋ ਇਸ ਦ੍ਰਿਸ਼ਟੀਮਾਨ ਜਗਤ ਦੀਆਂ ਸੰਕੀਰਣ ਹੱਦ ਬੰਦੀਆਂ ਤੋਂ ਉਪਰ ਮੌਜੂਦ ਹੈ।[1] ਇਸ ਤਰ੍ਹਾਂ ਪਲੈਟੋ (Plato) ਆਪਣੀ ਗਣਤੰਤਰ ਵਿਚ ਪੂਰੇ ਵਿਸਥਾਰ ਨਾਲ ਇਹ ਵਿਆਖਿਆ ਕਰਦਾ ਹੈ ਕਿ ਇਹ ਸੰਸਾਰ ਜੋ ਅਸੀਂ ਪ੍ਰਤੱਖ ਦੇਖ ਰਹੇ ਹਾਂ ਇਹ ਤਾਂ ਇਕ ਹੋਰ ਸੰਸਾਰ ਦੀ ਨਕਲ ਹੈ। ਇਉਂ ਉਸ ਪਾਰ ਦੇ ਅਣਦਿਸਦੇ ਸੰਸਾਰ ਵੱਲ ਇਸ਼ਾਰੇ ਦਾਰਸ਼ਨਿਕ ਰਹੱਸਵਾਦ ਦੀਆਂ ਬੁਨਿਆਦਾਂ ਖੜ੍ਹੀਆਂ ਕਰ ਰਹੇ ਸਨ।

ਪਲਾਟੀਨਸ (Plotinus) ਇਕ ਹੋਰ ਮਹਾਨ ਵਿਚਾਰਵਾਨ ਸੀ ਜਿਸਨੇ ਪੱਛਮ ਦੇ ਚਿੰਤਨ ਨੂੰ ਰਹੱਸਵਾਦੀ ਸ਼ਕਤੀ ਪ੍ਰਦਾਨ ਕੀਤੀ। ਪਲਾਟੀਨਸ ਦਾ ਜਨਮ 204 ਈ. ਮੰਨਿਆ ਜਾਂਦਾ ਹੈ। 269 ਈ. ਵਿਚ ਆਪ ਦਾ ਦੇਹਾਂਤ ਹੋਇਆ। ਇਹ ਮਿਸਰ ਦੇਸ਼ ਦਾ ਜੰਮਪਲ ਸੀ ਅਤੇ ਅਲੰਗਜ਼ਾਦਰੀਆ ਵਿਸ਼ਵ ਵਿਦਿਆਲੇ ਤੋਂ ਸਿੱਖਿਆ ਗ੍ਰਹਿਣ ਕੀਤੀ ਸੀ। ਭਾਵੇਂ ਇਸ ਗੱਲ ਬਾਰੇ ਅੱਜ ਤੱਕ ਮੱਤ ਭੇਦ ਹਨ ਕਿ ਉਹ ਕਿਸ ਧਰਮ ਨੂੰ ਮੰਨਣ ਵਾਲਾ ਸੀ ਪਰ ਇਸ ਵਿਚ ਸੰਦੇਹ ਨਹੀਂ ਸੀ ਕਿ ਉਹ ਅੱਛਾ ਧਾਰਮਿਕ ਚਿੰਤਕ ਸੀ। ਉਸਨੇ ਸਰਵਚੇਤਨਾਵਾਦ (Pantheism) ਦਾ ਸਿਧਾਂਤ ਦਿੱਤਾ। ਉਸਨੇ ਤਿੰਨ ਨਤੀਜੇ ਪੇਸ਼ ਕੀਤੇ ਹਨ :

1. ਅੰਤਿਮ ਸੱਚ ਅਧਿਆਤਮਕ ਹੈ।
2. ਉਸਦਾ ਗਿਆਨ ਹੋਣਾ ਅਸੰਭਵ ਨਹੀਂ।
3. ਉਹ ਇਕ ਹੈ ਅਤੇ ਪਵਿੱਤਰ ਹੈ।[2]

ਇਉਂ ਇੱਕ ਗੱਲ ਸਾਫ ਨਿੱਤਰ ਆਉਂਦੀ ਹੈ ਕਿ ਰਹੱਸਵਾਦ ਅਧਿਆਤਮਵਾਦ ਦਾ ਚਿੰਤਨ ਹੈ ਤੇ ਇਸ ਅਦਿਖ ਸਤ ਦਾ ਜਾਣਨਾ ਸੰਭਵ ਹੈ ਤੇ ਕੁਝ ਮਹਾਂਪੁਰਖਾਂ, ਮਹਾਤਮਾਵਾਂ ਨੇ ਇਹ ਪਵਿੱਤਰ ਗਿਆਨ ਪ੍ਰਾਪਤ ਕੀਤਾ ਹੋਇਆ ਹੈ। ਧਰਮ ਅਤੇ ਸਦਾਚਾਰ ਸ਼ਾਸਤਰਾਂ ਵਿਚ ਇਸ ਨੂੰ ਇਉਂ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ :

ਆਮ ਬੋਲਚਾਲ ਵਿਚ ਰਹੱਸਵਾਦ ਸ਼ਬਦ ਬੜਾ ਅਸਥਿਰ ਸੰਕੇਤ ਦਿੰਦਾ ਹੈ। ਅਜਕਲ੍ਹ ਇਹ ਦੋ ਭਿੰਨ-ਭਿੰਨ ਜਰਮਨ ਸ਼ਬਦਾਂ ਦੇ ਇਕ ਸਮਾਨਅਰਥਕ ਸ਼ਬਦ ਦੇ ਤੌਰ ਤੇ ਵਰਤਿਆ ਜਾਂਦਾ ਹੈ। ਪਹਿਲਾ ਹੈ ਸ਼ਬਦ (Mystizismus) ਜਿਸਦਾ ਭਾਵ ਹੈ ਕੁੱਝ ਪਰਾਭੌਤਿਕ ਕੋਈ ਰੂਹਾਨੀਅਤ ਸੰਬੰਧੀ ਤੇ ਦੂਜਾ ਸ਼ਬਦ ਹੈ (Mystic) ਜਿਸਦਾ ਭਾਵ ਹੈ ਆਦਮੀ ਦੁਆਰਾ ਅਚਾਨਕ ਕਿਸੇ ਪਵਿੱਤਰ ਹਸਤੀ ਦਾ ਅਨੁਭਵ ਕਰ ਲੈਣਾ। ਸੋ ਇਹਨਾਂ ਸ਼ਬਦਾਂ ਦੇ ਅਰਥ ਲੈ ਕੇ ਇਕ ਸ਼ਬਦ Mysticism ਹੋਂਦ ਵਿਚ ਆਇਆ।[1]

ਰਹੱਸਵਾਦ ਦਾ ਸੰਬੰਧ ਜਾਦੂ ਨਾਲ ਵੀ ਜੋੜਿਆ ਜਾਂਦਾ ਰਿਹਾ ਹੈ। ਜੀ.ਬੀ. ਵੇਟਰ ਲਿਖਦੇ ਹਨ ਕਿ ਕਦੀ ਯੂਰਪ ਵਿਚ ਸਿਰਫ ਰਹੱਸ ਅਤੇ ਜਾਦੂ ਦਾ ਹੀ ਮੇਲ ਨਹੀਂ ਸਗੋਂ ਜਾਦੂ ਅਤੇ ਵਿਗਿਆਨ ਵਿਚ ਵੀ ਕੋਈ ਅੰਤਰ ਨਹੀਂ ਸਮਝਿਆ ਜਾਂਦਾ ਸੀ ਅਤੇ ਮੱਧ ਕਾਲੀਨ ਲੇਖਕ ਰੋਜਰ ਬੇਕਨ ਤਕ ਨੇ ਜਾਦੂਮਈ ਵਿਗਿਆਨ (Magical Sciences) ਦੀ ਚਰਚਾ ਕੀਤੀ ਸੀ।[2] ਪਰ ਸਿਧੇ ਤੌਰ ਤੇ ਜਾਦੂ ਅਤੇ ਰਹੱਸਵਾਦ ਵਿਚ ਕੋਈ ਸੰਬੰਧ ਨਹੀਂ। ਹਾਂ ਜਾਦੂ ਪਿਛੇ ਕੋਈ ਨਾ ਕੋਈ ਗੁੱਝੀ ਸ਼ਕਤੀ ਜ਼ਰੂਰ ਹੁੰਦੀ ਹੈ ਪਰ ਇਸ ਸ਼ਕਤੀ ਦਾ ਰਹੱਸ-ਅਨੁਭਵ ਨਾਲ ਮੇਲ ਨਹੀਂ ਕੀਤਾ ਜਾ ਸਕਦਾ। ਐਵੇਲਿਨ ਅੰਡਰਹਿਲ ਅਨੁਸਾਰ, ਮਨੁੱਖੀ ਰੂਹਾਨੀਅਤ ਦੇ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਆਦਿ ਕਾਲੀਨ ਅਦਿੱਖ ਸ਼ਕਤੀ ਵੱਲ ਆਦਮੀ ਦੇ ਦੋ ਤਰ੍ਹਾਂ ਦੇ ਰਵੱਈਏ ਸਨ। ਇਹਨਾਂ ਵਿਚੋਂ ਇਕ ਨੂੰ ਮੈਂ ''ਜਾਦੂ ਦਾ ਰਾਹ'' ਕਹਿ ਦਿੰਦੀ ਹਾਂ ਤੇ ਦੂਜੇ ਨੂੰ ''ਰਹੱਸਵਾਦ ਦਾ ਰਾਹ''। ਇਹ ਕਹਿਣ ਪਿਛੋਂ ਇਹ ਸਿੱਟਾ ਵੀ ਕਢਿਆ ਜਾ ਸਕਦਾ ਹੈ ਕਿ ਕਈ ਵਾਰ ਦੋਹਾਂ ਦੀ ਪਰਿਭਾਸ਼ਾ ਦੇਣ ਵਕਤ ਕੁਝ ਘਚੋਲਾ ਵੀ ਪੈ ਜਾਂਦਾ ਹੈ। ਕਿਉਂਕਿ ਦੋਹਾਂ ਦੀ ਪਰਿਭਾਸ਼ਾ ਲਈ ਇਕ ਸ਼ਬਦਾਵਲੀ ਇਕੋ ਤਰੀਕਾ

1. ਪਲੈਟੋ-ਦੀ ਰਿਪਬਲਿਕ, ਪੰਨਾ 514-Ed. Davies and Vaughan.
2. Dr. W.R. Inge, Mysticism in Religion, p.109.

ਤੇ ਇਕ ਰਾਹ ਹੈ। ਇਸ ਕਰਕੇ ਬਹੁਤੀ ਵਾਰ ਜਾਦੂ ਰਹੱਸਵਾਦ ਧਰਮ ਉਪਰ ਛਾਇਆ ਰਹਿੰਦਾ ਹੈ ਕਿਉਂਕਿ ਧਰਮ ਵਿਚੋਂ ਹੀ ਇਹ ਪੈਦਾ ਹੋਇਆ ਹੈ ਤੇ ਕੋਈ ਰਹੱਸਵਾਦੀ ਅਜਿਹਾ ਨਹੀਂ ਜੋ ਧਰਮਾਤਮਾ ਨਾ ਹੋਵੇ......ਤੇ ਦੂਜੇ ਪਾਸੇ ਧਰਮ ਜਾਦੂ ਉੱਪਰ ਹਾਵੀ ਨਹੀਂ ਹੁੰਦਾ।[3] ਦੋਹਾਂ ਵਿਚ ਮੂਲ ਭਿੰਨਤਾ ਬਸ ਇਹੀ ਹੈ ਕਿ ਜਾਦੂ ''ਪ੍ਰਾਪਤੀ'' ਕਰਨ ਲਈ ਯੋਗ ਜਾਂ ਅਯੋਗ ਕੋਸ਼ਿਸ਼ ਹੈ ਤੇ ਰਹੱਸਵਾਦ ਇਸ ਤੋਂ ਉਲਟ ''ਬਖਸ਼ਿਸ਼ਾਂ'' ਪ੍ਰਾਪਤ ਕਰਨ ਦਾ ਸੋਮਾ ਹੈ।

ਡਾਕਟਰ ਇੰਜ (W.R. Inge) ਦੀ ਪਰਿਭਾਸ਼ਾ ਅਸਲੀਅਤ ਦੇ ਕਾਫ਼ੀ ਨੇੜੇ ਜਾਂਦੀ ਪਰਤੀਤ ਹੁੰਦੀ ਹੈ- ''ਰਹੱਸਵਾਦ ਰੱਬ ਨਾਲ ਏ ਕਤਾ ਦੀ ਸਪਸ਼ਟ ਭਾਵਨਾ ਹੈ। ਇਸ ਲਈ ਇਹ ਬੁਨਿਆਦੀ ਤੌਰ ਤੇ ਧਾਰਮਿਕ ਚੇਤਨਾ ਦਾ ਅਹਿਸਾਸ ਹੈ। ਪਰ ਜਿਸ ਖਾਸ ਗੱਲ ਕਾਰਨ ਇਹ ਧਰਮ ਦੇ ਅੰਤਰਗਤ ਕਿਸੇ ਖਾਸ ਪਰਵਿਰਤੀ ਦੀ ਥਾਂ ਲੈਂਦਾ ਹੈ ਉਥੇ ਅਚਾਨਕ ਰੱਬ ਵਿਚ ਲੀਨਤਾ ਦਾ ਅਹਿਸਾਸ ਵੀ ਹੁੰਦਾ ਹੈ।"[4]

ਇਥੇ 'ਖਾਸ' ਸ਼ਬਦ ਧਿਆਨ ਯੋਗ ਹੈ। ਅਸੀਂ ਬਾਹਰੀ ਸੰਸਾਰ ਨੂੰ ਨਿਤਾਪ੍ਰਤੀ ਦੇਖਦੇ ਹਾਂ ਅਤੇ ਪਰਖਦੇ ਹਾਂ। ਇਹ ਗਿਆਨ ਸਾਡਾ ਵਾਸਤਵਕ ਸੰਸਾਰੀ ਗਿਆਨ ਤਾਂ ਹੋ ਸਕਦਾ ਹੈ ਅੰਤਮ ਸੱਚ ਦਾ ਯਥਾਰਥਕ ਰੂਪ ਨਹੀਂ। ਇਸੇ ਕਰਕੇ ਮਹਾਨ ਦਾਰਸ਼ਨਿਕ ਬਰਟਰੰਡ ਰਸਲ ਜੀ ਨੇ ਆਪਣੀ ਪਰਿਭਾਸ਼ਾ ਇਉਂ ਦਿੱਤੀ ਹੈ-ਵਿਸ਼ਵ ਸੰਬੰਧੀ ਜਿਸ ਗੰਭੀਰਤਾ, ਤੀਬਰਤਾ ਅਤੇ ਡੂੰਘਾਈ ਨਾਲ ਸੋਚਿਆ ਜਾਂਦਾ ਹੈ ਰਹੱਸਵਾਦ ਉਸ ਤੋਂ ਜ਼ਰਾ ਅੱਗੇ ਦੀ ਗੱਲ ਹੈ।[5] ਅੱਗੇ ਚਲਕੇ ਫਿਰ ਆਪ ਲਿਖਦੇ ਹਨ ਕਿ ਵਸਤ ਦਾ ਗਿਆਨ ਪ੍ਰਾਪਤ ਕਰਨ ਲਈ ਦੋ ਤਰੀਕੇ ਹਨ :

1. ਵਸਤ ਨੂੰ ਦੁਆਲੇ ਘੁੰਮਕੇ ਦੇਖਿਆ ਜਾਏ।
2. ਵਸਤ ਦੇ ਅੰਦਰ ਦਾਖਲ ਹੋਇਆ ਜਾਵੇ।[6]

ਪਹਿਲਾ ਤਰੀਕਾ ਤਰਕ ਦਾ ਰਾਹ ਹੈ ਜਾਂ ਫਿਰ ਇਹ ਦਾਇਰਾ ਜਰਾ ਚੌੜਾ ਕਰ ਲਈਏ ਤਾਂ ਇਹ ਦਰਸ਼ਨ ਦਾ ਰਸਤਾ ਹੈ। ਪਰ ਦੂਸਰਾ, ਯਾਨੀ ਕਿ ਵਸਤੂ ਦੇ ਅੰਦਰ ਪਰਵੇਸ਼ ਕਰਨ ਵਾਲਾ ਰਾਹ ਰੂਹਾਨੀ ਅਨੁਭਵ ਬਿਨਾਂ ਅਸੰਭਵ ਹੈ। ਇਹ ਅਜਿਹਾ ਅਨੁਭਵ ਹੈ ਜੋ ਸਮੇਂ ਸਥਾਨ ਦੀਆਂ ਹੱਦਾਂ ਤੋਂ ਸੁਤੰਤਰ ਹੈ। ਸਾਡਾ ਭੂਤਕਾਲ ਨਾਲ ਰਵੱਈਆ ਹੋਰ ਕਿਸਮ ਦਾ ਹੋਵੇਗਾ ਅਤੇ ਭਵਿੱਖ ਵੱਲ ਹੋਰ ਕਿਸਮ ਦਾ ਕਾਰਨ ਇਹ ਹੈ ਕਿ ਭੂਤਕਾਲ ਨੂੰ ਸਾਡੇ ਖਿਆਲ ਤਬਦੀਲ ਨਹੀਂ ਕਰ ਸਕਦੇ ਜਦੋਂ ਕਿ ਭਵਿੱਖ ਨੂੰ ਬਦਲਿਆ ਜਾ ਸਕਦਾ ਹੈ। ਪਰ ਰੂਹਾਨੀ ਅਨੁਭਵ ਨੂੰ ਬਦਲਿਆ ਜਾ ਸਕਦਾ ਹੈ। ਰੂਹਾਨੀ ਅਨੁਭਵ ਕਿਸੇ 'ਅਗਿਆਤ' ਦਾ ਅਨੁਭਵ ਹੁੰਦਾ ਹੈ। ਸਾਡੇ ਖਿਆਲਾਂ ਤੋਂ ਸਾਡੀ ਸੋਚ ਪ੍ਰਣਾਲੀ ਤੋਂ ਸਦਾ ਭਿੰਨ ਹੁੰਦਾ ਹੈ। ਇਹੀ ਸਭ ਤੋਂ ਖੂਬਸੂਰਤ ਖਿਆਲ ਉਡਾਰੀ ਮੰਨੀ ਗਈ ਹੈ। ਇਸ ਦਾ ਕੋਈ ਭੂਤ ਭਵਿੱਖ ਨਹੀਂ। ਇਹ ਅਕਾਲ ਤੇ ਅਸੀਮ ਹੈ। ਇਸੇ ਕਰਕੇ ਇਸ ਨੂੰ ਅਨਾਦਿ ਕਿਹਾ ਜਾਂਦਾ ਹੈ। ਰਹੱਸਵਾਦੀ ਸਾਧਕ ਗਿਆਨ ਦੇ ਸਾਧਾਰਣ ਸਾਧਨਾਂ ਦਾ ਪ੍ਰਯੋਗ ਨਹੀਂ ਕਰਦਾ। ਉਹ ਉਹਨਾਂ ਨੂੰ ਅਪੂਰਨ ਮੰਨਦਾ ਹੈ। ਉਹ ਬੁੱਧੀ ਦਾ ਨਿਸ਼ੇਧ ਨਹੀਂ ਕਰਦਾ ਪਰ ਬੁੱਧੀ ਦੁਆਰਾ ਰਹੱਸਵਾਦ ਹੱਲ ਨਹੀਂ ਹੋ ਸਕਦਾ। ਰਹੱਸ ਨੂੰ ਕਿਸੇ ਸਾਧਨ ਦੀ ਮੁਥਾਜਗੀ ਨਹੀਂ ਇਹ ਤਾਂ ਪ੍ਰਤੱਖ ਅਨੁਭਵ ਉੱਤੇ ਵਿਸ਼ਵਾਸ਼ ਰੱਖਦਾ ਹੈ। ਸਾਨੂੰ ਅਨੁਭਵੀ ਲੋਕ ਮਾਨੋ ਕਹਿੰਦੇ ਹਨ ਕਿ ਤੁਸੀਂ ਤਾਂ ਉਹ ਗੱਲਾਂ ਕਰਦੇ ਹੋ ਜੋ ਸਿਰਫ ਪੁਸਤਕਾਂ ਵਿਚ ਹਨ। ਪਰ ਅਸੀਂ ਉਹ ਅੱਖੀਂ ਤੱਕੀਆਂ ਹਨ। ਰਹੱਸਵਾਦ ਦਾ ਪੂਰਨ ਮਨੋਵਿਗਿਆਨਕ ਵਿਸ਼ਲੇਸ਼ਣ ਸੰਤ ਤੇਰੇਸਾ (1515-1582 ਈ.) ਅਤੇ ਸਾਨ ਦੇ ਲਾ ਕਰੂਜ਼ (1542-1591 ਈ.) ਨੇ ਕੀਤਾ ਹੈ।

ਜਿਸ ਆਦਮੀ ਦਾ ਇਹ ਵਿਸ਼ਵਾਸ਼ ਹੈ ਕਿ ਆਦਮੀ ਪਦਾਰਥ ਤੋਂ ਪੈਦਾ ਹੋਇਆ ਇਕ ਹੋਰ ਰੂਪ ਦਾ ਪਦਾਰਥ ਹੀ ਹੈ, ਦੁਨੀਆਂ ਦਾ ਗਿਆਨ, ਗਿਆਨ ਇੰਦਰੀਆਂ ਰਾਹੀਂ ਹੀ ਹੋ ਸਕਦਾ ਹੈ, ਉਸ ਵਾਸਤੇ ਇਹ ਰੂਹਾਨੀ ਅਨੁਭਵ ਦਿਮਾਗ ਵਿਚ ਮੌਜੂਦ ਰਸਾਇਣਾਂ ਦੀ ਪ੍ਰਤੀਕ੍ਰਿਆ ਤੋਂ ਉਪਜੀ ਭਾਵਨਾ ਤੋਂ ਸਿਵਾ ਹੋਰ ਕੁਝ ਨਹੀਂ ਹੋ ਸਕਦਾਂ। ਤਦ ਉਹਨਾਂ ਲੋਕਾਂ ਵਾਸਤੇ, ਜੋ ਪ੍ਰਮਾਣੂਆਂ ਦੇ ਤੋੜ ਵਿਛੋੜ ਤੇ ਮੇਲ ਤੋਂ ਬਿਨਾਂ ਹੋਰ ਕੁਝ ਵੀ ਵਾਪਰਨਾ ਸੰਭਵ ਨਹੀਂ ਸਮਝਦੇ ਉਨ੍ਹਾਂ ਲਈ ਰਹੱਸ ਅਨੁਭਵ ਨਾਂ ਦੀ ਕੋਈ ਚੀਜ਼ ਸੰਭਵ ਨਹੀਂ। ਪਰ ਇਹ ਉਸ ਤਰ੍ਹਾਂ ਦੀ ਗੱਲ ਹੀ ਹੋਵੇਗੀ ਜਿਵੇਂ ਜਮਾਂਦਰੂ 'ਨੇਤਰਹੀਣ' ਵਿਅਕਤੀ ਰੰਗਾਂ ਦੀ ਹੋਂਦ ਤੋਂ ਮੁਨਕਰ ਹੋਵੇ। ਉਸ ਨੂੰ ਹਜਾਰਾਂ ਵਿਧੀਆਂ ਰਾਹੀ ਵੀ ਨਹੀਂ ਸਮਝਾਇਆ ਜਾ ਸਕਦਾ ਕਿ ਰੰਗ ਸਾਡੀ ਜ਼ਿੰਦਗੀ ਦਾ ਕਿੰਨਾ ਮਹੱਤਵਪੂਰਣ ਹਿੱਸਾ ਹਨ, ਇਨ੍ਹਾਂ ਬਿਨਾਂ ਜ਼ਿੰਦਗੀ ਕਿੰਨੀ ਨੀਰਸ ਹੈ। ਉਹ ਇਹ ਗੱਲ ਸਮਝੇਗਾ ਹੀ ਨਹੀਂ। ਜਦੋਂ ਤੱਕ ਅਸੀਂ ਗਿਆਨ ਇੰਦਰੀਆਂ ਉਤੇ ਵਿਸ਼ਵਾਸ ਕਰਕੇ ਅੰਤਰ ਸੱਚ ਨੂੰ ਪ੍ਰਾਪਤ ਕਰਨ ਦਾ ਯਤਨ ਕਰਦੇ ਰਹਾਂਗੇ ਉਦੋਂ ਤੱਕ ਹਕੀਕਤ ਵਿਚ ਅਸੀਂ ਆਪਣੇ ਚਿੰਤਨ ਨੂੰ ਕੈਦ

1. Encyclopaedia of Religion and Ethics, Vol. 9, p. 83.
2. Magic and Religion, p. 150.
3. Mysticism by Evelyn Underhill, p.70 Essay - The Characteristics of Mysticism.
4. Mysticism and Religion by Dr. W.R. Inge, p.25.
5. Mysticism and Logic by B. Russel.
6. Ibid, p.17 1970.

ਕਰਾਂਗੇ।

ਰਹੱਸਵਾਦ ਨੂੰ ਕਈ ਵੱਖਰੇ-ਵੱਖਰੇ ਦ੍ਰਿਸ਼ਟੀਕੋਣਾਂ ਤੋਂ ਸਮੇਂ-ਸਮੇਂ ਸਿਰ ਵਿਚਾਰਿਆ ਜਾਂਦਾ ਰਿਹਾ ਹੈ। ਕੁਝ ਲੋਕਾਂ ਨੇ ਜਾਦੂ ਨੂੰ ਰਹੱਸ ਮੰਨਿਆ ਹੋਇਆ ਹੈ। ਕੁਝ ਇਕ ਵਾਸਤੇ ਇਹ ਸਿਰਫ ਦਿਮਾਗ ਦੀ ਇਕ ਖਾਸ ਦਸ਼ਾ ਵੱਲ ਸੰਕੇਤ ਬਣਦਾ ਰਿਹਾ। ਕੁਝ ਵਿਅਕਤੀਆਂ ਵਾਸਤੇ ਹਿਪਨਾਟਿਜ਼ਮ ਹੀ ਰਹੱਸਵਾਦ ਸੀ। ਮਨੋਵਿਗਿਆਨੀਆਂ ਨੇ ਇਸਨੂੰ ਮਨੋਵਿਗਿਆਨ ਅਧੀਨ ਰੱਖ ਕੇ ਮਾਨਸਿਕ ਉਡਾਰੀ ਦਾ ਨਾਉਂ ਦਿੱਤਾ। ਸਰੀਰ ਵਿਗਿਆਨੀਆਂ ਦੇ ਖਿਆਲ ਵਿਚ ਰਹੱਸ-ਅਨੁਭਵ ਅਸਾਧਾਰਣਤਾ (Abnormality) ਦਾ ਕੇਸ ਹੈ ਜਿਸ ਦਾ ਇਲਾਜ ਕੀਤਾ ਜਾ ਸਕਦਾ ਹੈ ਤੇ ਹੋਣਾ ਚਾਹੀਦਾ ਹੈ।

ਰਹੱਸਵਾਦ ਦਾ ਤੱਤ ਇੰਦਰੀਆਂ ਦੇ ਤਰਕ ਤੋਂ ਪਰੇ ਹੈ। ਤਰਕ ਗਿਆਨ ਰਾਹੀਂ ਅੰਤਮ ਸਚਾਈ ਦੇ ਤੱਤ ਤੱਕ ਪੁੱਜਣ ਦੀ ਗੱਲ ਹਾਸੋਹੀਣੀ ਹੀ ਹੋ ਸਕਦੀ ਹੈ ਕਿਉਂਕਿ ਇਸ ਵਾਸਤੇ ਦਿੱਬ ਦ੍ਰਿਸ਼ਟੀ ਦਾ ਪ੍ਰਕਾਸ਼ ਹੋਣਾ ਜ਼ਰੂਰੀ ਹੈ। ਦਿੱਬ ਦ੍ਰਿਸ਼ਟੀ ਵਾਲਾ ਵਿਅਕਤੀ ਭਾਵੇਂ ਸੰਸਾਰ ਵਰਗੇ ਹੀ ਕਾਰ ਵਿਹਾਰ ਕਰੇ ਪਰ ਉਹ ਬਾਕੀਆਂ ਤੋਂ ਭਿੰਨ ਹੋ ਜਾਂਦਾ ਹੈ। ਜਿਸ ਨੂੰ ਰਹੱਸ-ਅਨੁਭਵ ਹੋ ਜਾਂਦਾ ਹੈ ਉਹਨੂੰ ਆਪਣਾ ਆਪਾ ਬਦਲ ਗਿਆ ਲਗਦਾ ਹੈ। ਉਸਨੂੰ ਮਹਿਸੂਸ ਹੁੰਦਾ ਹੈ ਕਿ ਉਹਨੂੰ ਪਵਿੱਤਰ ਅਤੇ ਸਚਾਈ ਦੀ ਛੁਹ ਨਸੀਬ ਹੋਈ ਹੈ। ਫਿਰ ਸਭ ਕੁਝ ਹੀ ਬਦਲ ਜਾਂਦਾ ਹੈ। ਸਮਝੋ ਉਹ ਲੋਕ ਸਾਡੇ ਤੋਂ ਵੱਖਰੇ ਹੋ ਜਾਂਦੇ ਹਨ ਕਿਉਂਕਿ ਨਾਂ ਉਨ੍ਹਾਂ ਨੂੰ ਸਾਡੇ ਵਰਗੀਆਂ ਲੋੜਾਂ ਤੰਗ ਕਰਦੀਆਂ ਹਨ ਨਾਂ ਉਨ੍ਹਾਂ ਨੂੰ ਸਾਡੇ ਜਿਹੇ ਸਰੀਰਕ ਦੁੱਖ ਭੋਗਣੇ ਪੈਂਦੇ ਹਨ। ਇਸ ਕਰਕੇ ਹੀ ਭਾਈ ਮਨੀ ਸਿੰਘ ਜੀ ਉਸ ਜੱਲਾਦ ਵੱਲ ਤਰਸ ਭਰੀ ਨਜ਼ਰ ਸੁੱਟਦੇ ਹਨ ਜਿਸ ਨੂੰ ਆਪ ਕੰਡਾ ਲੱਗਣ ਤੇ ਤਕਲੀਫ ਮਹਿਸੂਸ ਹੁੰਦੀ ਹੈ। ਉਦੋਂ ਭਾਈ ਸਾਹਿਬ ਜੀ ਅਸਾਡੇ ਪ੍ਰਤੱਖ ਸੰਸਾਰ ਦੇ ਵਸਨੀਕ ਨਹੀਂ ਹੁੰਦੇ।

ਬਰਟਰੰਡ ਰਸਲ (Bertrand Russell) ਦੁਨਿਆਵੀ ਸੂਝ-ਬੂਝ ਦਾ ਨਿਖੇੜਾ ਰਹੱਸਮਈ ਅਨੁਭਵ ਨਾਲੋਂ ਕਰਦੇ ਹੋਏ ਲਿਖਦੇ ਹਨ। ''ਜਿਵੇਂ ਸਾਰਿਆਂ ਨੂੰ ਪਤਾ ਹੈ ਕਿ ਹੇਰਾਕਲਾਈਟਸ ਬ੍ਰਹਿਮੰਡੀ ਤਰਲਤਾ ਦਾ ਵਿਸ਼ਵਾਸੀ ਸੀ। ਸਮਾਂ ਉਤਪਤੀ ਅਤੇ ਵਿਨਾਸ਼ ਕਰਦਾ ਹੈ। ਹੈਰਾਕਲਾਈਟਸ ਅਨੁਸਾਰ ਜੋ ਵਸਤਾਂ, ਤੱਕਣ, ਸੁਣਨ ਅਤੇ ਜਾਣਨਯੋਗ ਹਨ, ''ਮੈਂ ਉਨ੍ਹਾਂ ਨੂੰ ਸਭ ਤੋਂ ਵਧੇਰੇ ਮਹੱਤਤਾ ਦਿੰਦਾ ਹਾਂ।' ਇਹ ਉਸ ਅਨੁਭਵ ਦੀ ਗੱਲ ਹੈ ਜੋ ਸਿਰਫ ਗਿਆਨ ਇੰਦਰੀਆਂ ਦੀ ਪ੍ਰਤੱਖਣਾ ਉੱਤੇ ਆਧਾਰਿਤ ਹੈ। ਫਿਰ ਉਹ ਲਿਖਦਾ ਹੈ-'ਸੂਰਜ ਹਰ ਰੋਜ਼ ਨਵਾਂ ਹੈ।' ਤੇ ਇਹ ਗੱਲ ਭਾਵੇਂ ਵਿਰੋਧਾਭਾਸ ਵਾਲੀ ਲਗਦੀ ਹੈ ਪਰ ਇਸ ਵਿਚ ਵੀ ਵਿਗਿਆਨਕ ਝਾਉਲਾ ਪੈਂਦਾ ਹੈ। ਇਸ ਪਿਛੇ ਹੈਰਾਕਲਾਈਟਸ ਦਾ ਖਿਆਲ ਬਣਦਾ ਹੈ ਕਿ ਅੱਗ ਹੀ ਸਿਰਫ ਇਕ ਸਥਿਰ ਪਦਾਰਥ ਹੈ ਜਿਸ ਰਾਹੀਂ ਵਿਸ਼ਵ ਦੀਆਂ ਚੀਜ਼ਾਂ ਆਪਣੇ ਰੂਪ ਬਦਲਦੀਆਂ ਰਹਿੰਦੀਆਂ ਹਨ। ਬਲਣ ਵਕਤ ਵਸਤਾਂ ਇਕਦਮ ਬਦਲ ਜਾਂਦੀਆਂ ਹਨ ਜਦੋਂ ਕਿ ਉਨ੍ਹਾਂ ਦੀਆਂ ਲਾਟਾਂ ਤੇ ਤਪਸ਼ ਆਕਾਸ਼ ਵਿਚ ਚਲੀਆਂ ਜਾਂਦੀਆਂ ਹਨ ਅਤੇ ਅਲੋਪ ਹੋ ਜਾਂਦੀਆਂ ਹਨ। ''ਇਹ ਸਰਵਸਾਂਝਾ ਸੰਸਾਰ'' ਉਹ ਲਿਖਦਾ ਹੈ, ''ਨਾ ਦੇਵਤਿਆਂ ਨੇ ਬਣਾਇਆ ਨਾ ਆਦਮੀਆਂ ਨੇ। ਇਹ ਹਮੇਸ਼ਾਂ ਤੋਂ ਹੀ ਸੀ ਬਸ, ਹੁਣ ਵੀ ਹੈ ਤੇ ਹਮੇਸ਼ਾਂ ਰਹੇਗਾ। ਇਹ ਅਨੰਤ ਅੱਗ ਜੋ ਤੁਸੀਂ ਦੇਖਦੇ ਹੋ ਇਹ ਸਦਾ ਬਲਦੀ ਰਹੀ ਹੈ ਤੇ ਬਲਦੀ ਜਾ ਰਹੀ ਹੈ। ਅੱਗ ਬਲ ਰਹੀ ਹੈ ਤੇ ਅੱਗ ਬੁੱਝ ਰਹੀ ਹੈ। ਅੱਗ ਦਾ ਦੂਜਾ ਰੂਪ ਬਸ ਸਮੁੰਦਰ ਕਹਾਂਗੇ। ਤੇ ਸਮੁੰਦਰ ਕੀ ਹੈ? ਅੱਧਾ ਧਰਤੀ, ਅੱਧਾ ਤੂਫਾਨ।''

ਇਹ ਉਪਰੋਕਤ ਸਿਧਾਂਤ ਬੇਸ਼ਕ ਅੱਜ ਵਿਗਿਆਨ ਸਵੀਕਾਰ ਨਾ ਕਰੇ, ਪਰ ਸਿਧਾਂਤ ਜ਼ਰੂਰ ਇਹ ਵਿਗਿਆਨਕ ਪ੍ਰਵਿਰਤੀ ਦਾ ਹੈ। ਦੂਸਰੇ ਪਾਸੇ ਹੇਰਾਕਲਾਈਟਸ (Heraclitus) ਹੈ, ਉਹਨੂੰ ਵੀ ਵਿਗਿਆਨ ਨੇ ਉਤਸ਼ਾਹਿਤ ਕੀਤਾ ਹੋਇਆ ਹੈ ਤੇ ਕਹਿੰਦਾ ਹੈ :

> ''ਤੁਸੀਂ ਇਕ ਦਰਿਆ ਨੂੰ ਦੋ ਵਾਰ ਪਾਰ ਨਹੀਂ ਕਰ ਸਕਦੇ ਕਿਉਂਕਿ ਹਮੇਸ਼ਾਂ ਨਵਾਂ ਪਾਣੀ
> ਹੇਠੋਂ ਦੀ ਵਗਦਾ ਜਾ ਰਿਹਾ ਹੈ। ਇਉਂ ਅਸੀਂ ਉਸ ਦਰਿਆ ਨੂੰ ਦੁਬਾਰਾ ਟੱਪਦੇ ਵੀ ਹਾਂ
> ਤੇ ਇਹ ਟੱਪਿਆ ਵੀ ਨਹੀਂ ਜਾਂਦਾ। ਇਸੇ ਤਰ੍ਹਾਂ ਅਸੀਂ 'ਹਾਂ' ਵੀ ਅਤੇ 'ਨਹੀਂ' ਵੀ ਹਾਂ।''[1]

ਇਨ੍ਹਾਂ ਦੋ ਸਿਧਾਂਤਾਂ ਦੀ ਵਿਚਾਰ-ਚਰਚਾ ਸਹਿਜੇ ਹੀ ਕੀਤੀ ਜਾ ਸਕਦੀ ਹੈ। ਹੇਰਾਕਲਾਈਟਸ ਵਿਗਿਆਨਕ ਰੁਚੀਆਂ ਦਾ ਹੁੰਦਾ ਹੋਇਆ ਵੀ ਰਹੱਸਵਾਦੀ ਜਾਪਦਾ ਹੈ ਅਤੇ ਅਫਲਾਤੂਨ ਰਹੱਸਵਾਦੀ ਦਾਰਸ਼ਨਿਕ ਹੁੰਦਾ ਹੋਇਆ ਵੀ ਵਿਗਿਆਨਕ ਹੈ। ਇਉਂ ਰਹੱਸਵਾਦ ਵਿਗਿਆਨ ਦਾ ਕੋਈ ਵਿਰੋਧ ਨਹੀਂ ਸਗੋਂ ਇਹ ਤਾਂ ਉਸ ਤੋਂ ਪਾਰ ਦੀ ਗੱਲ ਹੈ। ਜਿਸ ਹੱਦ ਤੱਕ ਵਿਗਿਆਨ ਅਤੇ ਦਰਸ਼ਨ ਨੇ ਪੁਚਾਇਆ, ਉਸ ਥਾਂ ਤੋਂ ਅੱਗੇ ਹੀ ਤਾਂ ਧਾਰਮਿਕ ਰਹੱਸ ਨੇ ਆਰੰਭ ਹੋਣਾ ਹੈ। ਸੋ ਪਹਿਲਾਂ ਉਸ ਥਾਂ ਤੱਕ ਤਾਂ ਅਪੱੜਿਆ ਜਾਏ ਜਿਸ ਤੋਂ ਰਹੱਸ ਅਨੁਭਵ ਆਰੰਭ ਹੋਵੇਗਾ। ਇਸ ਕਰਕੇ ਕਿਸੇ ਵੀ ਮਹਾਨ ਰਹੱਸਵਾਦੀ ਸ਼ਖਸੀਅਤ ਨੇ ਦੁਨੀਆਂ ਦੇ ਵਿਗਿਆਨ ਨੂੰ ਠੁਕਰਾਇਆ ਨਹੀਂ। ਉਨ੍ਹਾਂ ਨੇ ਇਹ ਕਿਹਾ ਹੈ ਕਿ ਇਹ ਹੈ ਪਰ ''ਸਿਰਫ ਇਹੀ ਨਹੀਂ।'' ਸੂਰਜ ਗਰਮ ਹੈ। ਮੰਨ ਲਿਆ ਪਰ ਇਹ ਪ੍ਰਕਾਸ਼ਵਾਨ ਵੀ ਤਾਂ ਹੈ। ਸਿਰਫ ਗਰਮੀ ਹੀ ਨਹੀਂ ਗਰਮੀ ਤੋਂ ਬਿਨਾਂ ਹੋਰ ਵੀ ਅਨੇਕ ਪ੍ਰਕਾਰ ਦੀਆਂ ਸ਼ਕਤੀਆਂ ਇਸ ਵਿਚ ਮੌਜੂਦ ਹਨ।

ਅਸੀਂ ਰਹੱਸ ਅਨੁਭਵ ਨੂੰ ਪੈਗੰਬਰੀ ਅਨੁਭਵ ਵਾਂਗ ਕਿਵੇਂ ਤੱਕ ਸਕਦੇ ਹਾਂ, ਪਲੈਟੋ ਇਸ ਬਾਰੇ ਵੀ ਇਕ ਦਿਲਚਸਪ ਚਰਚਾ ਕਰਦਾ ਹੈ।

''ਰਿਪਬਲਿਕ'' ਵਿਚ ਉਹ ਲਿਖਦਾ ਹੈ ਕਿ ਫਰਜ਼ ਕਰੋ ਖੂਹ ਵਰਗੇ ਡੂੰਘੇ, ਅਤਿ ਡੂੰਘੇ ਟੋਏ ਵਿਚ ਕੁਝ ਆਦਮੀ ਕੈਦ ਕੀਤੇ ਹੋਏ ਸਨ। ਉਸ ਖੂਹ ਦੇ ਨਜ਼ਦੀਕ ਦੀ ਉੱਪਰ ਵੱਲੋਂ ਇਕ ਰਸਤਾ ਲੰਘਦਾ ਹੈ ਜਿਸ ਉਤੋਂ ਕਦੀ ਕਦੀ ਕੋਈ ਲੰਘਿਆ ਕਰਦਾ ਹੈ। ਸੂਰਜ ਦੀ ਧੁੱਪ ਉਨ੍ਹਾਂ ਕੈਦੀਆਂ ਤੱਕ ਪਹੁੰਚਦੀ ਹੈ। ਖੂਹ ਅੰਦਰਲੇ ਕੈਦੀਆਂ ਦੀਆਂ ਗਰਦਨਾ ਵਿਚਕਾਰ ਅਜਿਹੀ ਕਿਸਮ ਦੀਆਂ ਬੇੜੀਆਂ ਪਾਈਆਂ ਹੋਈਆਂ ਹਨ ਕਿ ਉਹ ਉੱਪਰ ਵੱਲ ਨਹੀਂ ਦੇਖ ਸਕਦੇ। ਉਨ੍ਹਾਂ ਦੁਆਰਾ ਲੱਖ ਯਤਨ ਕਰਨ ਦੇ ਬਾਵਜੂਦ ਵੀ ਉਪਰ ਖੂਹ ਦਾ ਮੂੰਹ ਉਨ੍ਹਾਂ ਨੂੰ ਨਹੀਂ ਦਿਸਦਾ। ਜਦੋਂ ਖੂਹ ਉਪਰ ਦੀ ਰਸਤੇ ਉਤੋਂ ਲੋਕ ਲੰਘਦੇ ਹਨ ਤਾਂ ਉਨ੍ਹਾਂ ਦੇ ਪਰਛਾਵੇਂ ਖੂਹ ਵਿਚਲੇ ਲੋਕਾਂ ਤੇ ਪੈਂਦੇ ਹਨ। ਉਹ ਲੋਕ ਜੋ ਬਚਪਣ ਤੋਂ ਕੈਦੀ ਹਨ ਨਹੀਂ ਜਾਣਦੇ ਕਿ ਉਨ੍ਹਾਂ ਤੋਂ ਬਿਨਾਂ ਵੀ ਦੁਨੀਆਂ ਤੇ ਕੋਈ ਹੋਰ ਹੈ। ਉਹ ਬਸ ਕਦੀ ਕਦੀ ਰਾਹਗੀਰ ਮੁਸਾਫਰਾਂ ਦੀਆਂ ਆਵਾਜ਼ਾਂ ਸੁਣਦੇ ਹਨ ਜਾਂ ਸਿਰਫ ਪਰਛਾਈਆਂ ਤਕਦੇ ਹਨ। ਉਨ੍ਹਾਂ ਦਾ ਖਿਆਲ ਬਣ ਜਾਂਦਾ ਹੈ ਕਿ ਇਹ ਪਰਛਾਵੇਂ ਹੀ ਦੁਨੀਆਂ ਦੀ ਹਕੀਕਤ ਹਨ।

ਹੁਣ ਇਕ ਆਦਮੀ ਉਨ੍ਹਾਂ ਵਿਚੋਂ ਰਿਹਾ ਹੋ ਕੇ ਉਪਰ ਚਲਾ ਜਾਂਦਾ ਹੈ ਤੇ ਖੂਹ ਤੋਂ ਬਾਹਰ ਉਹ ਇਕ ਅਦਭੁਤ ਸੰਸਾਰ ਦੇਖ ਕੇ ਹੈਰਾਨ ਰਹਿ ਜਾਂਦਾ ਹੈ। ਉਹਨੂੰ ਆਪਣੀਆਂ ਅੱਖਾਂ ਤੇ ਵਿਸ਼ਵਾਸ ਨਹੀਂ ਆਉਂਦਾ ਕਿ ਇੰਨੀ ਉਮਰ ਤਕ ਜਿਨ੍ਹਾਂ ਸ਼ਕਲਾਂ ਨੂੰ ਮੈਂ ਪਰਛਾਵਿਆਂ ਤੋਂ ਵੱਧ ਕਦੀ ਕੁਝ ਨਹੀਂ ਸਮਝਿਆ ਸੀ ਇਹ ਤਾਂ ਆਦਮੀ, ਜਾਨਵਰ ਅਤੇ ਵਸਤਾਂ ਹਨ। ਹੁਣ ਤੱਕ ਤਾਂ ਮੈਂ ਮੂਰਖ ਹੀ ਸਾਂ ਜੋ ਸਿਰਫ ਸਾਹਮਣੇ ਦਿਸਣ ਵਾਲੀ ਸ਼ੈ ਨੂੰ ਅਸਲ ਸਮਝ ਲਿਆ। ਜੇ ਉਹਨੂੰ ਹੁਣ ਇਸ਼ਾਰਾ ਕਰਕੇ ਪੁੱਛ ਲਿਆ ਜਾਵੇ ਕਿ ਦੱਸ ਉਹ ਜਾਨਵਰ ਕੀ ਹਨ, ਜਾਂ ਇਹ ਸਾਮਾਨ ਕੀ ਹੈ, ਤਾਂ ਉਹ ਆਦਮੀ ਬੜੀਆਂ ਵੱਡੀਆਂ ਗੁੰਝਲਾਂ ਵਿਚ ਫੱਸ ਜਾਵੇਗਾ।ਉਹਨੇ ਇਹ ਕੁਝ ਅੱਗੇ ਕਦੀ ਸੋਚਿਆ ਵੀ ਨਹੀਂ ਸੀ ਕਿ ਇਉਂ ਹੋਵੇਗਾ। ਸੋ ਉਸ ਆਦਮੀ ਵਾਸਤੇ ਲਾਜ਼ਮੀ ਹੋਵੇਗਾ ਕਿ ਉਹ ਪਹਿਲਾਂ ਆਪਣਾ ਪੁਰਾਣਾ ਸੋਚਣ ਦਾ ਢੰਗ ਛੱਡੇ। ਆਪਣੀ ਪਹਿਲੀ ਪ੍ਰਤੱਖਣ ਆਦਤ ਤਿਆਗ ਕੇ ਨਵੀਂ ਵਿਧੀ ਗ੍ਰਹਿਣ ਕਰੇ। ਪਹਿਲੋਂ ਪਿਛਲਾ ਸੋਚਣ ਢੰਗ ਛੱਡੇ। ਆਪਣੀ ਪਹਿਲੀ ਨਜ਼ਰ ਰਾਹੀਂ ਉਹ ਪਰਛਾਵਿਆਂ ਨੂੰ ਪਛਾਣਨ ਵਿਚ ਚੰਗਾ ਸਫ਼ਲ ਹੋਵੇਗਾ ਕਿਉਂਕਿ ਪਿਛਲੀ ਸਾਰੀ ਉਮਰ ਉਹਨੇ ਪਰਛਾਵਿਆਂ ਦੀ ਦੁਨੀਆਂ ਹੀ ਤੱਕੀ ਹੈ। ਫਿਰ ਉਹ ਆਦਮੀਆਂ ਅਤੇ ਰੁੱਖਾਂ ਦੇ ਉਲਟੇ ਪਰਛਾਵੇਂ ਤਲਾਬਾਂ ਵਿਚ ਤਕੇਗਾ। ਫਿਰ ਉਹੀ ਨਿਗਾਹ ਉੱਪਰ ਨੂੰ ਉਨ੍ਹਾਂ ਅਸਲ ਵਸਤਾਂ ਵੱਲ ਜਾਵੇਗੀ, ਜਿਨ੍ਹਾਂ ਵਸਤਾਂ ਦੇ ਉਹਨੇ ਪਰਛਾਵੇਂ ਤੱਕੇ ਸਨ। ਇਉਂ ਉਨ੍ਹਾਂ ਵਸਤਾਂ ਤੋਂ ਉੱਪਰ ਵੀ ਉਹਦੀ ਨਿਗਾਹ ਹੁਣ ਚੰਨ ਤਾਰਿਆਂ ਅਤੇ ਸੂਰਜ ਉਤੇ ਜਾ ਸਕਦੀ ਹੈ ਤੇ ਅਖੀਰ ਵਿਚ ਹੁਣ ਸੂਰਜ ਦਾ ਅਧਿਐਨ ਕਰੇਗਾ। ਉਹ ਸੂਰਜ ਦਾ ਅਧਿਐਨ ਨਹੀਂ ਜਿਹੜਾ ਪਾਣੀ ਵਿਚ ਦਿਸਦਾ ਹੈ ਸਗੋਂ ਉਹ ਜਿਹੜਾ ਆਕਾਸ਼ ਵਿਚ ਚਮਕਦਾ ਹੈ। ਅਗਲੀ ਗੱਲ ਉਹ ਇਹ ਸਿੱਟਾ ਕੱਢੇਗਾ ਕਿ ਸੂਰਜ ਰੁੱਤਾਂ ਦਾ ਬਾਦਸ਼ਾਹ ਹੈ ਤੇ ਉਸ ਦੇ ਹੁਕਮ ਵਿਚ ਸਭ ਮੌਸਮ ਹਨ। ਫਿਰ ਉਹ ਨੂੰ ਪਤਾ ਲਗੇਗਾ ਕਿ ਜਿਸ ਪਰਛਾਵਿਆਂ ਦੇ ਸੰਸਾਰ ਵਿਚ ਉਹ ਤੇ ਉਹ ਦੇ ਸਾਥੀ ਰਹਿੰਦੇ ਸਨ, ਉਨ੍ਹਾਂ ਦਾ ਜਨਮ ਦਾਤਾ ਵੀ ਸੂਰਜ ਹੀ ਹੈ।

ਭਲਾ ਹੁਣ ਅੰਦਾਜ਼ਾ ਕਰੋ ਜਿਸ ਤਰ੍ਹਾਂ ਇਨਾਂ ਉਪਰਲੀਆਂ ਵਸਤਾਂ ਨੂੰ ਉਹ ਹਨੇਰੇ ਦਾ ਕੈਦੀ ਆਪਣੇ ਪੁਰਾਣੇ ਸਾਥੀਆਂ ਕੋਲ ਪਰਤ ਕੇ ਪ੍ਰਗਟ ਕਰੇਗਾ। ਉਨ੍ਹਾਂ ਵਿਚੋਂ ਕੋਈ ਵੀ ਇਸ ਆਦਮੀ ਦੀ ਗੱਲ ਮੰਨਣ ਲਈ ਤਿਆਰ ਨਹੀਂ ਹੋਵੇਗਾ। ਸਗੋਂ ਮਜ਼ਾਕ ਹੀ ਉਡੇਗਾ। ਉਹ ਆਖਣਗੇ ਇਸ ਦੇ ਦਿਮਾਗ ਵਿਚ ਕੋਈ ਨੁਕਸ ਆ ਗਿਆ ਹੈ। ਉਹ ਜਹਾਨ, ਜਿਹੜਾ ਉਨ੍ਹਾਂ ਕੈਦੀਆਂ ਨੇ ਤੱਕਿਆ ਹੀ ਕਦੀ ਨਹੀਂ, ਉਹਦੇ ਬਾਰੇ ਉਨ੍ਹਾਂ ਨੂੰ ਇਹ ਸਾਰਾ ਕੁਝ ਝੂਠ ਪ੍ਰਤੀਤ ਹੋਵੇਗਾ।

ਬਸ ਇਹੀ ਦਸ਼ਾ ਸਾਡੀ ਹੈ। ਅਸੀਂ ਅਜੇ ਖੂਹ ਦੇ ਹਨ੍ਹੇਰੇ ਖਾਤੇ ਵਿਚ ਹੀ ਪਏ ਹੋਏ ਹਾਂ ਤੇ ਸਾਡੀਆਂ ਆਦਤਾਂ ਦੇ ਸੰਕਲਪ ਸਾਨੂੰ ਰੱਬ ਦੀ ਹੋਂਦ ਤੋਂ ਮੁਨਕਿਰ ਹੋਣ ਦੀਆਂ ਪ੍ਰੇਰਨਾਵਾਂ ਦਿੰਦੇ ਰਹਿੰਦੇ ਹਨ। ਪਰ ਕੋਈ ਮਹਾਨ ਆਤਮਾ ਇਨ੍ਹਾਂ ਕੈਦੀਆਂ ਦੇ ਝੁਰਮਟ ਵਿਚੋਂ ਉੱਠ ਖਲੋਂਦੀ ਹੈ ਜੋ ਇਨ੍ਹਾਂ ਕੈਦਾਂ, ਹੱਦਬੰਦੀਆਂ ਦੀਆਂ ਸੀਮਾਵਾਂ ਪਾਰ ਕਰ ਜਾਂਦੀ ਹੈ। ਅਜਿਹੇ ਮਹਾਂਪੁਰਖ ਉੱਪਰ ਵਾਲੇ ਜਗਤ ਦੀ ਸਾਨੂੰ ਗੱਲ ਦਸਦੇ ਹਨ ਪਰ ਅਸੀਂ ਮੰਨਦੇ ਨਹੀਂ। ਸਾਡੇ ਹਨ੍ਹੇਰੇ ਦੇ ਸੰਸਕਾਰ ਉਜਾਲੇ ਨੂੰ ਬਰਦਾਸ਼ਤ ਕਰਨੋਂ ਅਸਮਰਥ ਹੋ ਜਾਂਦੇ ਹਨ। ਇਹ ਦੋਹਰਾਪਨ ਜਾਂ ਵਿਰੋਧਭਾਸ ਰਹੱਸਵਾਦ ਵਿਚ ਹੱਲ ਹੋ ਜਾਂਦਾ ਹੈ। ਪਰ ਰਹੱਸਵਾਦ ਦਾ ਮਾਰਗ ਬਿਲਕੁਲ ਵੱਖਰਾ, ਸਪਸ਼ਟ ਅਤੇ ਸੱਚਾ ਮਾਰਗ ਹੈ। ਇਸ ਉਤੇ ਚੱਲਣ ਲਈ ਅਧਿਆਤਮਕ ਵਿਵਹਾਰ ਲਾਜ਼ਮੀ ਹੈ। ਇਹ ਵਿਵਹਾਰਕ ਮਨੁੱਖ ਵਲੋਂ ਕਢੀਆਂ ਕਾਢਾਂ ਨਾਲੋਂ ਵੀ ਸੰਭਵ ਸਮਝਿਆ ਗਿਆ ਹੈ ਪਰ ਜਿਸ ਰਹੱਸਵਾਦ ਦੀ ਇਥੇ ਗੱਲ ਕੀਤੀ ਜਾ ਰਹੀ ਹੈ, ਉਹ ਤਾਂ ਅੰਦਰੋਂ ਪ੍ਰਕਾਸ਼ਮਾਨ ਸਦ-ਵਿਵਹਾਰ ਹੈ। ਇਸੇ ਆਧਾਰ ਤੇ ਹੀ ਰਹੱਸਵਾਦੀ ਸੰਕਲਪ ਦਾ ਸੰਗਯਾ ਰੂਪ ਵਿਚ ਪ੍ਰਗਟਾਵਾ ਹੋਇਆ ਹੈ।

---

1. Bertrand Russell-Mysticism and Logic, p.10.

ਪਾਠ ਨੰ : 2.4 ਲੇਖਕ : ਡਾ. ਦਰਸ਼ਨ ਸਿੰਘ

# ਰਹੱਸਵਾਦ : ਸਰੂਪ ਅਤੇ ਵਿਧੀ ਵਿਧਾਨ

ਅੰਗਰੇਜ਼ੀ ਭਾਸ਼ਾ ਦਾ ਸ਼ਬਦ (mysticism) ਯੂਨਾਨੀ ਮੂਲ ਦੇ ਸ਼ਬਦ ਤੋਂ ਬਣਿਆ ਹੈ ਜਿਸ ਦਾ ਅਰਥ ਹੈ 'ਬੰਦ ਕਰਨਾ'। ਰਹੱਸਵਾਦੀ ਉਹ ਸੀ, ਜਿਸ ਨੂੰ ਦੈਵੀ ਵਸਤਾਂ ਦਾ ਗੁਪਤ ਗਿਆਨ ਪ੍ਰਾਪਤ ਕਰਨ ਦੀ ਸਿੱਖਿਆ ਪ੍ਰਾਪਤ ਸੀ ਪਰ ਉਸ ਉਪਰ ਇਸ ਪਵਿੱਤਰ ਗਿਆਨ ਨੂੰ ਗੁਪਤ ਰੱਖਣ ਦੀ ਸ਼ਰਤ ਲਾਈ ਜਾਂਦੀ ਸੀ। ਉਸ ਤੋਂ ਬਾਅਦ 'ਰਹੱਸਮਈ' ਸ਼ਬਦ ਕਿਸੇ ਵੀ ਗੁਪਤ ਪੂਜਾ-ਵਿਧੀ ਦੇ ਗਿਆਨ ਲਈ ਵਰਤਿਆ ਜਾਣ ਲੱਗ ਪਿਆ ਜੋ ਕਿ ਕੇਵਲ ਦੀਖਿਅਤ ਸਾਧਕਾਂ ਨੂੰ ਦਿੱਤਾ ਜਾਂਦਾ ਸੀ। ਦਾਰਸ਼ਨਿਕਾਂ ਨੇ ਪ੍ਰੋਹਤਾਂ ਤੋਂ ਇਹ ਸ਼ਬਦ ਲੈ ਕੇ ਇਸ ਨੂੰ ਆਪਣੇ ਕਾਲਪਨਿਕ ਸਿਧਾਂਤਾਂ ਲਈ ਵਰਤ ਲਿਆ। ਇਥੋਂ ਇਹ ਸ਼ਬਦ ਈਸਾਈ ਚਰਚ ਵਿਚ ਪ੍ਰਵੇਸ਼ ਕਰ ਗਿਆ ਜੋ ਕਿ ਆਪਣੇ ਆਪ ਨੂੰ ਅਜਿਹੇ ਸੱਚ ਦੇ ਦੀਖਿਅਤਾਂ ਦਾ ਸਮੂਹ ਮੰਨਦੇ ਸਨ ਜਿਸਦਾ ਵਿਆਪਕ ਗਿਆਨ ਮਨੁੱਖਤਾਂ ਨੂੰ ਨਹੀਂ ਸੀ। ਉਤਪਤੀ ਜਾਂ ਮੂਲ ਦੇ ਆਧਾਰ ਤੇ ਪਿਛੋਂ ਇਸ ਸ਼ਬਦ ਦੇ ਅਰਥ ਮਨ ਨੂੰ ਬਾਹਰੀ ਵਸਤਾਂ ਦੇ ਪ੍ਰਭਾਵ ਤੋਂ ਬੰਦ ਕਰਨਾ ਹੋ ਗਏ ਤਾਂ ਕਿ ਆਪਣੇ ਸ਼ੁਧ ਸਰੂਪ ਵਿਚ ਇਹ ਦੈਵੀ ਪ੍ਰਕਾਸ਼ ਨੂੰ ਪ੍ਰਾਪਤ ਕਰਨ ਦੇ ਯੋਗ ਹੋ ਜਾਵੇ।

ਰਹੱਸਵਾਦ ਪਦ ਭਾਰਤੀ ਭਾਸ਼ਵਾਂ ਦੇ ਕੋਸ਼ਾਂ ਵਿਚ ਨਹੀਂ ਮਿਲਦਾ। ਹਾਂ, ਰਹੱਸ ਜਾਂ 'ਰਹਸਯ' ਪਦ ਜ਼ਰੂਰ ਮਿਲ ਜਾਂਦੇ ਹਨ। ਜਾਪਦਾ ਹੈ ਰਹੱਸਵਾਦ ਪਦ ਅੰਗੇਰਜ਼ੀ ਭਾਸ਼ਾ ਦੇ (mysticism) ਦਾ ਅਨੁਵਾਦ ਕਰਨ ਲਈ ਘੜ ਲਿਆ ਗਿਆ ਹੈ। ਪਰੰਤੂ ਉਪਰੋਕਤ ਅਰਥਾਂ ਦੀ ਸੂਚੀ ਵਿਚੋਂ ਆਖਰੀ ਅਰਥ ਭਾਰਤੀ ਧਰਮਾਂ ਵਿਚ ਵਰਤੇ ਜਾਂਦੇ ਯੋਗ ਪਦ ਦੇ ਅਰਥਾਂ ਦੇ ਬਹੁਤ ਨੇੜੇ ਆ ਜਾਂਦਾ ਹੈ। ਪਾਤੰਜਲੀ ਦੇ ਯੋਗ ਸੂਤਰ ਦਾ ਪਹਿਲਾ ਸਲੋਕ ਚਿਤ ਬਿਰਤੀਆਂ ਦੇ ਨਿਖੇਧ ਨੂੰ ਯੋਗ ਮੰਨਦਾ ਹੈ ਜੋ ਕਿ ਰਹੱਸਵਾਦ ਦੇ ਉਪਰੋਕਤ ਅਰਥਾਂ ਨਾਲ ਐਨ ਮੇਲ ਖਾਂਦਾ ਹੈ। ਅੰਗਰੇਜ਼ੀ ਭਾਸ਼ਾ ਦੇ ਕੋਸ਼ਾਂ ਵਿਚ (mysticism) ਦੇ ਅਰਥ ਬਿਆਨ ਕਰਦਿਆਂ ਇਸ ਦੇ ਦੋ ਪੱਖਾਂ ਨੂੰ ਮੂਲ ਰੂਪ ਵਿਚ ਉਜਾਗਰ ਕੀਤਾ ਗਿਆ ਹੈ। ਪਹਿਲਾ ਤਾਂ ਰਹੱਸਵਾਦੀ ਦਾ ਵਿਸ਼ਵਾਸ ਅਨੁਭਵ ਅਤੇ ਦੂਜਾ ਅਜਿਹਾ ਵਿਸ਼ਵਾਸ ਕਿ 'ਰੱਬ', 'ਹੱਕ' ਤੇ 'ਸੱਚ' ਦਾ ਮਨ ਇੰਦਰੀ ਦੇ ਦਖ਼ਲ ਤੋਂ ਸੁਤੰਤਰ ਅਧਿਆਤਮਕ ਸਾਧਨਾ ਨਾਲ ਸਿੱਧਾ ਅੰਤਰ-ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ। ਅਸਲ ਵਿਚ ਰਹੱਸਵਾਦ ਕਿਸੇ ਧਰਮ ਵਿਸ਼ੇ ਦਾ ਵਿਸ਼ੇਸ਼ ਪੱਖ ਨਾ ਹੋ ਕੇ ਸਾਰੇ ਧਰਮਾਂ ਵਿਚ ਵਿਆਪਕ ਮਨੁੱਖੀ ਆਤਮਾ ਦੀ ਅਧਿਆਤਮਕ ਪ੍ਰਵ੍ਰਿਤੀ ਦਾ ਵਾਹਕ ਹੈ।

ਰਹੱਸਵਾਦ ਦੇ ਸਰੂਪ ਦਾ ਬਿਆਨ ਕਰਨ ਤੋਂ ਪਹਿਲਾਂ ਜਾਦੂ, ਤੰਤਰਕ੍ਰਿਆ, ਪੂਜਾ, ਅਰਦਾਸ, ਧਰਮ ਅਤੇ ਪਰਾਭੌਤਿਕ ਸ਼ਾਸਤ੍ਰ ਤੋਂ ਇਸ ਦੇ ਬਰੀਕ ਅੰਤਰ ਨੂੰ ਸਮਝ ਲੈਣਾ ਜ਼ਰੂਰੀ ਹੈ। ਆਪਣੇ ਰਹੱਸਮਈ ਰੂਪ ਕਾਰਨ ਰਹੱਸਵਾਦ ਜਾਦੂ ਅਤੇ ਤੰਤਰ ਸਾਧਨਾਂ ਨਾਲ ਮੇਲ ਖਾਂਦਾ ਹੈ ਪਰੰਤੂ ਜਾਦੂ ਅਤੇ ਤੰਤਰ ਦੀ ਤਰ੍ਹਾਂ ਰਹੱਸਵਾਦ ਦਾ ਮਨੋਰਥ ਪਰਾਭੌਤਿਕ ਸ਼ਕਤੀਆਂ ਦਾ ਵਸੀਕਰਣ ਜਾਂ ਰਿਧੀਆਂ ਸਿਧੀਆਂ ਪ੍ਰਾਪਤ ਕਰਨਾ ਨਹੀਂ ਹੁੰਦਾ। ਰਹੱਸਵਾਦ ਤਾਂ ਆਪਣੇ ਸਭ ਬੰਧਨਾਂ ਤੋਂ ਮੁਕਤ ਹੋ ਕੇ ਅਨੰਤ ਅਤੇ ਸਦੀਵੀ ਅਸਲੀਅਤ ਵਿਚ ਸਮਾ ਜਾਣ ਦਾ ਯਤਨ ਹੁੰਦਾ ਹੈ। ਪੂਜਾ ਅਤੇ ਪ੍ਰਾਰਥਨਾ ਰਹੱਸਵਾਦ ਦਾ ਸਾਧਨ ਤਾਂ ਹੋ ਸਕਦੇ ਹਨ ਅੰਤਮ ਮਨੋਰਥ ਜਾਂ ਕੇਂਦਰੀ ਤੱਤ ਨਹੀਂ। ਪਰਾਭੌਤਿਕ ਸ਼ਾਸਤ੍ਰ ਬੁੱਧੀ ਰਾਹੀਂ ਅਸਲੀਅਤ ਦਾ ਗਿਆਨ ਪ੍ਰਾਪਤ ਕਰਨ ਦਾ ਯਤਨ ਹੈ ਜਦੋਂ ਕਿ ਰਹੱਸਵਾਦ ਬੁੱਧੀ ਤੋਂ ਅਗਾਂਹ ਅੰਤਰ-ਸੂਝ ਅਤੇ ਅਨੁਭਵ ਰਾਹੀਂ ਸੱਚ ਵਿਚ ਅਭੇਦ ਹੋਣ ਦੀ ਕ੍ਰਿਆ ਹੈ। ਰਹੱਸਵਾਦ ਧਰਮ ਦਾ ਕੇਂਦਰੀ ਤੱਤ ਹੋਣ ਦੇ ਬਾਵਜੂਦ ਵੀ ਸੰਸਥਾ-ਕ੍ਰਿਤ ਧਰਮਾਂ ਨਾਲ ਇਸ ਦਾ ਸੰਬੰਧ ਬਹੁਤ ਸੁਖਾਵਾਂ ਨਹੀਂ ਰਿਹਾ। ਯਹੂਦੀ, ਈਸਾਈ ਅਤੇ ਇਸਲਾਮ ਵਿਸ਼ਵਾਸ-ਪ੍ਰਬੰਧਾਂ ਵਿਚ ਤਾਂ ਰਹੱਸਵਾਦ ਨੂੰ ਕਾਫੀ ਸ਼ੱਕ ਦੀ ਨਜ਼ਰ ਨਾਲ ਦੇਖਿਆ ਗਿਆ ਹੈ ਅਤੇ ਇਸ ਨੂੰ ਕੁਫਰ ਤੇ ਨਾਸਤਕਤਾ ਤੱਕ ਕਹਿ ਕੇ ਭੰਡਿਆ ਗਿਆ ਹੈ। ਆਪਣੇ ਦੈਵੀ ਮੇਲ ਅਤੇ ਅਦਭੁੱਤ ਸਤਿ ਦਾ ਨਿਰਸੰਕੋਚ ਦਾਅਵਾ ਕਰਨ ਵਾਲੇ ਬਹੁਤ ਸਾਰੇ ਰਹੱਸ ਸਾਧਕਾਂ ਨੂੰ ਆਪਣੀ ਜਾਨ ਦੀ ਕੁਰਬਾਨੀ ਤੱਕ ਵੀ ਦੇਣੀ ਪਈ ਹੈ। ਅਸਲ ਵਿਚ ਰਹੱਸਵਾਦ ਆਪਣੇ ਅੰਤਰੀਵੀ ਤੇ ਤਤਕਾਲੀ ਅਨੁਭਵ ਦੇ ਬਲ ਕਾਰਨ ਕਦੇ ਵੀ ਧਾਰਮਿਕ ਸੰਸਥਾਵਾਂ ਦੇ ਬਾਹਰੀ ਬੰਧਨ ਵਿਧਾਨਾਂ ਅਤੇ ਠੰਡੇ ਬੌਧਿਕ ਸਿਧਾਂਤਾਂ ਨੂੰ ਪਰਵਾਨ ਨਹੀਂ ਕਰ ਸਕਿਆ। ਇਸੇ ਕਾਰਨ ਧਰਮ ਦਾ ਕੇਂਦਰੀ ਤੱਤ ਹੁੰਦੇ ਹੋਏ ਵੀ ਕੁਝ ਧਰਮਾਂ ਵਿਚ ਸ਼ੱਕੀ ਨਜ਼ਰ ਨਾਲ ਵੇਖਿਆ ਜਾਂਦਾ ਰਿਹਾ ਹੈ। ਇਥੋਂ ਅਸੀਂ ਰਹੱਸਵਾਦ ਦੇ ਅਧਿਐਨ ਨਾਲ ਸੰਬੰਧਿਤ ਕੁਝ ਕੁ ਅਧਿਕਾਰੀ ਵਿਦਵਾਨਾਂ ਦੇ ਇਸ ਦੇ ਸਰੂਪ ਸੰਬੰਧੀ ਵਿਚਾਰਾਂ ਨੂੰ ਸਮਝ ਸਕਦੇ ਹਾਂ :

ਐਵਨਿਨ ਅੰਡਰਹਿਲ ਨੇ ਰਹੱਸਵਾਦ ਦੀ ਪਰਿਭਾਸ਼ਾ ਕਰਦਿਆਂ ਦੱਸਿਆ ਹੈ ਕਿ ਰਹੱਸਵਾਦ ਇਕ ਰਾਇ ਨਹੀਂ ਅਤੇ ਨਾ ਹੀ ਇਕ ਦਰਸ਼ਨ ਹੈ। ਇਸ ਦੀ ਗੁਪਤ ਗਿਆਨ ਸਿਧੀ ਦੇ ਯਤਨਾਂ ਨਾਲ ਵੀ ਕੋਈ ਸਾਂਝ ਨਹੀਂ। ਨਾ ਇਹ ਨਿਰਾਪੁਰਾ ਸਦੀਵਤਾ ਤੇ ਸਮਾਧੀ ਲਾਉਣ ਦਾ ਬਲ ਹੈ ਅਤੇ ਨਾ ਹੀ ਇਸ ਨੂੰ ਕਿਸੇ ਅਸਾਧਾਰਣ ਧਰਮ ਵੰਨਗੀ ਨਾਲ ਜੋੜਿਆ ਜਾ ਸਕਦਾ ਹੈ। ਇਹ ਅਸਲ ਵਿਚ ਇਕ ਸੰਗਠਿਤ

ਪ੍ਰਕ੍ਰਿਆ ਦਾ ਨਾਮ ਹੈ ਜਿਸ ਵਿਚ ਰੱਬੀ ਪਿਆਰ ਆਪਣੀ ਪੂਰਨ ਸਿੱਧੀ ਪ੍ਰਾਪਤ ਕਰਦਾ ਹੈ। ਇੱਕ ਤਰ੍ਹਾਂ ਨਾਲ ਇਹ ਮਨੁੱਖ ਦੇ ਅਮਰ ਵਿਰਸੇ ਦੀ ਤੁਰੰਤ ਅਤੇ ਇਥੇ ਹੀ ਪ੍ਰਾਪਤੀ ਹੈ। (Evelyn Underhill, Mysticism, p.81) ਅੰਡਰ ਹਿੱਲ ਨੇ ਰਹੱਸਵਾਦ ਦੇ ਕੁਝ ਹੋਰ ਵਿਸ਼ੇਸ਼ ਲੱਛਣਾਂ ਦੀ ਚਰਚਾ ਕਰਦਿਆਂ ਦੱਸਿਆ ਹੈ ਕਿ ਇਹ ਕ੍ਰਿਆਸ਼ੀਲ ਤੇ ਅਮਲੀ ਹੁੰਦਾ ਹੈ, ਨਿੱਸਲ ਅਤੇ ਸਿਧਾਂਤਕ ਨਹੀਂ। ਇਸ ਦਾ ਨਿਸ਼ਾਨਾ ਹਮੇਸ਼ਾਂ ਅਧਿਆਤਮਕ ਹੁੰਦਾ ਹੈ। ਇਹ ਪਹਿਲਾਂ ਪ੍ਰਾਪਤ ਵਿਚ ਵਾਧੇ, ਖੋਜ, ਤਰਤੀਬ, ਸੁਧਾਰ ਆਦਿ ਦਾ ਯਤਨ ਨਹੀਂ ਹੁੰਦਾ। ਰਹੱਸਵਾਦੀ ਲਈ ਉਸ ਦਾ ਨਿਸ਼ਾਨਾ ਜੀਵਤ ਨਿੱਜੀ ਪਿਆਰ ਦੀ ਵਸਤੂ ਹੁੰਦਾ ਹੈ, ਖੋਜ ਦੀ ਵਸਤੂ ਨਹੀਂ। ਇਹ ਦਿਲ ਦੀ ਅਗਵਾਈ ਵਿਚ ਉਹਦੇ ਸਮੁੱਚੇ ਆਪੇ ਨੂੰ ਆਪਣੇ ਵੱਲ (ਜੋ ਕਿ ਉਸਦਾ ਮੂਲ ਸਰੋਤ ਵੀ ਹੁੰਦਾ ਹੈ) ਧੂੰਹਦਾ ਹੈ। ਉਸ ਏਕੇ ਨਾਲ ਇਹ ਮੇਲ ਜੀਵਨ ਦੀ ਬਹੁਤ ਉੱਚੀ ਮੰਜ਼ਿਲ ਤੇ ਅਵਸਥਾ ਦਾ ਲਖਾਇਕ ਹੁੰਦਾ ਹੈ। ਇਹ ਨਾਂ ਨਿਰਾ ਬੁੱਧੀ ਗਿਆਨ ਦੇ ਯਤਨਾਂ ਦਾ ਸਿੱਟਾ ਹੁੰਦਾ ਹੈ ਅਤੇ ਨਾ ਹੀ ਅਤਿ ਤੀਬਰ ਭਾਵਨਾਤਮਿਕ ਇਛਾਵਾਂ ਦੀ ਪੂਰਤੀ। ਇਹ ਤਾਂ ਇਕ ਅਤਿ ਕਠੋਰ ਮਨੋਵਿਗਿਆਨਕ ਅਤੇ ਅਧਿਆਤਮਕ ਰਹੱਸ ਸਾਧਨਾਂ ਦੀ ਸਿੱਧੀ ਤੋਂ ਉਪਰੰਤ ਨਵੀਨ ਚੇਤੰਨਤਾ ਦੀ ਪ੍ਰਾਪਤੀ ਹੁੰਦਾ ਹੈ ਜਿਸ ਦੇ ਗੁਣਾਂ ਨੂੰ 'ਮੇਲ', 'ਵਜਦ', 'ਵਿਸਮਾਦ' ਆਦਿ ਸ਼ਬਦਾਂ ਦੁਆਰਾ ਬਿਆਨ ਕੀਤਾ ਜਾਂਦਾ ਹੈ। (ਉਕਤ ਪੰਨਾ 81) ਵਿਲੀਅਮ ਜੇਮਜ਼ ਨੇ ਅਜਿਹੀ ਰਹੱਸ ਚੇਤਨਾ ਦੀ ਅਵਸਥਾ ਦੇ ਕੁਝ ਕੁ ਗੁਣਾਂ ਨੂੰ ਖੋਲ੍ਹਣ ਦਾ ਯਤਨ ਕੀਤਾ ਹੈ। ਅਜਿਹੇ ਲੱਛਣਾਂ, ਗੁਣਾਂ ਵਿਚੋਂ ਸਭ ਤੋਂ ਪਹਿਲਾ ਲੱਛਣ ਤਾਂ ਇਸ ਦੇ ਰਹੱਸ ਚੇਤਨਤਾ ਦੀ ਅਵਸਥਾ ਬੋਧਿਕ ਗਿਆਨ ਦੀ ਅਵਸਥਾ ਨਾਲੋਂ ਮਹਿਸੂਸ ਕਰਨ ਦੀ ਅਵਸਥਾ ਦੇ ਵੱਧ ਨੇੜੇ ਹੁੰਦੀ ਹੈ, ਜਿਸ ਕਿਸੇ ਵਿਚ ਮੁੱਢਲੇ ਰੂਪ ਵਿਚ ਅਜਿਹੀ ਅਵਸਥਾ ਦਾ ਕਦੇ ਵਰਤਾਰਾ ਨਹੀਂ ਹੋਇਆ ਉਸ ਨੂੰ ਇਹ ਸਮਝਾਇਆ ਨਹੀਂ ਜਾ ਸਕਦਾ। ਸੰਗੀਤ ਦੇ ਵੱਖਰੇ-ਵੱਖਰੇ ਮੇਲਾਂ ਨੂੰ ਸਮਝਣ ਲਈ ਸੰਗੀਤ ਵਿੱਦਿਆ ਦੁਆਰਾ ਸਾਧੇ ਕੰਮ ਹੀ ਸਹਾਈ ਹੋ ਸਕਦੇ ਹਨ ਅਤੇ ਪ੍ਰੇਮੀ ਦੇ ਮਨ ਦੀ ਅਵਸਥਾ ਦਾ ਹਾਲ ਪਿਆਰ ਦੀ ਵਾਦੀ 'ਚੋਂ ਲੰਘਿਆ ਕੋਈ ਸਾਧਕ ਹੀ ਮਹਿਸੂਸ ਕਰ ਸਕਦਾ ਹੈ।

ਭਾਵੇਂ ਇਹ ਅਵਸਥਾ ਮਹਿਸੂਸ ਕਰਨ ਦੀ ਅਵਸਥਾ ਦੇ ਵੱਧ ਨੇੜੇ ਹੁੰਦੀ ਹੈ ਤਾਂ ਵੀ ਇਸ ਦਾ ਬੋਧਿਕ ਅਵਸਥਾ ਨਾਲ ਕੋਈ ਵਿਰੋਧ ਨਹੀਂ ਹੁੰਦਾ। ਅਸਲ ਵਿਚ ਇਹ ਅੰਤਰਦ੍ਰਿਸ਼ਟੀ ਨਾਲ ਪ੍ਰਾਪਤ ਅਵਸਥਾ ਹੁੰਦੀ ਹੈ ਜਿਹੜੀ ਕਿ ਕੇਵਲ ਬੋਧਿਕ ਪ੍ਰਕ੍ਰਿਆ ਨਾਲ ਨਹੀਂ ਜਾਣੀ ਜਾ ਸਕਦੀ। ਭਾਵੇਂ ਇਸ ਅੰਤਰ-ਦ੍ਰਿਸ਼ਟੀ ਆਸਰੇ ਪ੍ਰਾਪਤ ਅਵਸਥਾ ਨੂੰ ਬੁੱਧੀ ਨਾਲ ਪੂਰਨ ਰੂਪ ਵਿਚ ਬਿਆਨਿਆ ਨਹੀਂ ਜਾ ਸਕਦਾ, ਫਿਰ ਵੀ ਇਸ ਪ੍ਰਕਾਸ਼ ਦੁਆਰਾ ਪ੍ਰਾਪਤ ਗਿਆਨ ਦਾ ਬੋਧਿਕ ਅਵਸਥਾ ਲਈ ਮਹੱਤਵ ਘੱਟ ਨਹੀਂ ਹੁੰਦਾ। ਇਸ ਅਵਸਥਾ ਦੀ ਪ੍ਰਾਪਤੀ ਤੋਂ ਬਾਅਦ ਬੁੱਧੀ ਵੀ ਇਸ ਦੇ ਅਧਿਕਾਰੀ ਪ੍ਰਭਾਵ ਤੋਂ ਮਨੁਕਰ ਨਹੀਂ ਹੁੰਦੀ।

ਇਨ੍ਹਾਂ ਦੋ ਮੁੱਖ ਲੱਛਣਾਂ ਤੋਂ ਬਿਨਾਂ ਜੋ ਹੋਰ ਦੋ ਗੁਣ ਲੱਛਣ ਵਿਲੀਅਮ ਜੇਮੇਜ਼ ਨੇ ਸੁਝਾਏ ਹਨ ਉਨ੍ਹਾਂ ਅਨੁਸਾਰ ਇਹ ਅਵਸਥਾ ਸਥਾਈ ਨਹੀ ਹੁੰਦੀ, ਕੁਝ ਛਿਣਾਂ ਲਈ ਹੀ ਵਾਪਰਦੀ ਹੈ। ਮਨੁੱਖੀ ਸ਼ਖਸੀਅਤ ਦੇ ਬਾਹਰੀ ਗਿਆਨ ਇੰਦਰੇ ਤੇ ਯਤਨ ਨਿਸੱਲ ਹੋ ਜਾਂਦੇ ਹਨ। ਉਸਦੀ ਆਪਣੀ ਇੱਛਾ ਸ਼ਕਤੀ ਰੁੱਕ ਜਾਂਦੀ ਹੈ ਤੇ ਉਹ ਇਸ ਤਰ੍ਹਾਂ ਮਹਿਸੂਸ ਕਰਦਾ ਹੈ ਜਿਵੇਂ ਉਹ ਬਹੁਤ ਹੀ ਬਲਸ਼ਾਲੀ ਸ਼ਕਤੀ ਦੀ ਪਕੜ ਵਿਚ ਹੋਵੇ।

ਭਾਵੇਂ ਇਹ ਅਵਸਥਾ ਆਉਂਦੀ ਹੈ ਅਤੇ ਚਲੀ ਜਾਂਦੀ ਹੈ ਪਰ ਇਸ ਦੀ ਤੀਬਰ ਗਹਿਰਾਈ ਦੇ ਅਹਿਸਾਸ ਤੇ ਮਹੱਤਵ ਨੂੰ ਛੇਤੀ ਭੁਲਾਇਆ ਨਹੀਂ ਜਾ ਸਕਦਾ ਅਤੇ ਪਿਛੋਂ ਇਸ ਦੇ ਕੁਝ ਕੁ ਗੁਣਾਂ ਨੂੰ ਵੀ ਸਿਮਰਤੀ ਵਿਚੋਂ ਉਜਾਗਰ ਕੀਤਾ ਜਾ ਸਕਦਾ ਹੈ। (William James, The Varieties of Religious Experience, pp.299-300)

ਧਰਮ ਅਧਿਐਨ ਦੇ ਉੱਘੇ ਵਿਦਵਾਨ ਗਿਰਾਡਸ ਵਾਂਡਰਲਿਊ ਨੇ ਆਪਣੀ ਪੁਸਤਕ (Religion in Essence and Manifestation) ਵਿਚ ਰਹੱਸਵਾਦ ਦੇ ਉਪਰੋਕਤ ਗੁਣਾਂ ਨੂੰ ਸਾਰ ਰੂਪ ਵਿਚ ਗ੍ਰਹਿਣ ਕਰਨ ਤੇ ਬਿਆਨ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਅਨੁਸਾਰ ਰਹੱਸਵਾਦ ਵਿਚ ਮਨੁੱਖ ਸੱਤਾਧਾਰੀ ਤੇ ਸੱਤਾ ਸੰਪੰਨ ਹੋਣ ਦੀ ਇੱਛਾ ਤੋਂ ਪ੍ਰੇਰਿਤ ਹੋ ਕੇ ਇਕੋ ਸਮੇਂ ਹੀ ਆਪੇ ਅਤੇ ਬਾਹਰੀ ਸੰਸਾਰ ਦੇ ਸਭ ਬੰਧਨ ਤੋੜ ਦਿੰਦਾ ਹੈ। ਹੁਣ ਉਹ 'ਵਿਅਕਤੀ' ਤੇ ਵਸਤੂ ਦਾ ਕੋਈ ਭਿੰਨ ਭੇਦ ਨਹੀਂ ਪਛਾਣਦਾ। 'ਵਿਅਕਤੀ' ਤੇ ਵਸਤੂ ਇਥੇ ਆਪਣੀ ਪਛਾਣ ਖੋ ਦਿੰਦੇ ਹਨ। ਵਾਂਡਰਲਿਊ, ਜੈਸਪਰਸ (Jaspers) ਦੇ ਹਵਾਲੇ ਨਾਲ ਦੱਸਦਾ ਹੈ ਕਿ ਇਹ ਅਨਾਮ ਦੇ ਅੱਗੇ ਚੁੱਪ ਹੋਣ ਦੀ ਅਵਸਥਾ ਹੈ। ਇਥੇ ਅੰਤਰੀਵੀ ਤੇ ਬਾਹਰੀ ਦਾ ਕੋਈ ਭੇਦ ਨਹੀਂ ਰਹਿ ਜਾਂਦਾ। ਰਹੱਸਵਾਦ ਆਪਣੇ ਅਜਿਹੇ ਖੁਲਾਸੇ ਸੁਭਾ ਕਰਕੇ ਅੰਤਰ ਰਾਸ਼ਟਰੀ ਤੇ ਅੰਤਰਧਰਮੀ ਹੁੰਦਾ ਹੈ। ਇਹ ਕਿਸੇ ਵੀ ਇਕ ਧਰਮ ਵਿਸ਼ੇਸ਼ ਦੀ ਬੰਦਸ਼ ਵਿਚ ਨਹੀਂ ਬੱਝਦਾ। ਖਾਲੀ ਹੋ ਕੇ ਭਰੇ ਜਾਣਾ ਰਹੱਸਵਾਦੀ ਜੀਵਨ ਦੀ ਅਧਾਰਸ਼ਿਲਾ ਹੁੰਦੀ ਹੈ। ਰੱਬ ਦੀ ਪ੍ਰਾਪਤੀ ਆਪੇ ਦੀ ਮੌਤ ਦਾ ਨਾਮ ਹੈ। ਜੇ ਪਿਆਰ ਸੱਚਾ ਹੈ ਤਾਂ ਹੋਣੀ ਅਵਸ਼ ਹੀ ਮੌਤ ਹੈ-ਮੌਤ ਵਿਚ ਅਮਰਤਾ। ਰਹੱਸਵਾਦੀ ਸਾਧਨਾ ਮੂਲ ਰੂਪ ਵਿਚ ਅੰਤਰੀਵੀ ਹੁੰਦੀ ਹੈ। ਇਸ ਕਰਕੇ 'ਰੱਬ ਦੀ ਸਰਵ-ਵਿਆਪਕਤਾ ਰੱਬ ਤੇ ਰੂਹ ਦਾ ਖ਼ਿਆਲ' ਆਤਮਾ ਪ੍ਰਮਾਤਮਾ ਦੀ ਏਕਤਾ ਅਤੇ ਸੰਸਕਾਰ ਦੇ ਨਿਰਵਾਣ ਦੀ ਸਮਾਨਤਾ ਵਰਗੇ ਖ਼ਿਆਲ ਸਾਰੇ ਧਰਮਾਂ ਵਿਚ ਹੀ ਪ੍ਰਾਪਤ ਹਨ। ਅੰਤਰੀਵੀ ਸਾਧਨਾ ਵਿਚ 'ਚਿੰਨ੍ਹ', 'ਸੰਸਕਾਰ', 'ਵਿਚਾਰ' ਵੀ ਕੋਈ ਅੰਤਮ ਸਚਾਈ ਨਹੀਂ

ਹੁੰਦੇ। ਪ੍ਰਾਪਤੀ ਦੀ ਅਵਸਥਾ ਵਿਚ ਇਨ੍ਹਾਂ ਦੀ ਵੀ ਮੌਤ ਹੋ ਜਾਂਦੀ ਹੈ। ਜਲਾਲੁਦੀਨ ਰੂਮੀ ਨੇ ਲਿਖਿਆ ਹੈ ਕਿ ਦੁਖੀ ਤੇ ਟੁੱਟਿਆ ਦਿਲ ਹੀ ਅਸਲੀ ਕਾਅਬਾ ਹੈ। ਬਾਇਜ਼ੀਦ ਵਿਸਤਾਮੀ ਕਾਅਬੇ ਹੱਜ ਲਈ ਜਾਣਾ ਚਾਹੁੰਦਾ ਸੀ। ਇਸ ਨੂੰ ਫਕੀਰ ਮਿਲਿਆ ਜਿਸ ਨੇ ਕਿਹਾ ਕਿ ਮੱਕੇ ਜਾਣ ਦਾ ਖਰਚ 200 ਮੁਹਰਾਂ ਤੂੰ ਮੈਨੂੰ ਦੇ ਅਤੇ ਮੇਰੇ ਦੁਆਲੇ ਹੀ ਸੱਤ ਚੱਕਰ ਕੱਟ ਲੈ। ਬਾਇਜ਼ੀਦ ਨੇ ਉਵੇਂ ਹੀ ਕੀਤਾ ਕਿਉਂਕਿ ਮਨੁੱਖ ਹੀ ਅਸਲੀ 'ਰੱਬ ਦਾ ਘਰ' ਕਾਅਬਾ ਹੈ। ਰਹੱਸਵਾਦ ਕਿਉਂਕਿ ਬੁਨਿਆਦੀ ਰੂਪ ਵਿਚ ਖਾਮੋਸ਼ੀ ਹੁੰਦਾ ਹੈ ਇਸ ਲਈ ਇਹ ਸਭ ਜ਼ੁਬਾਨਾਂ ਵੀ ਬੋਲ ਲੈਂਦਾ ਹੈ। ਮੂਲ ਰੂਪ ਵਿਚ ਇਹ ਕਿਸੇ ਇਕ ਵਿਸ਼ੇਸ਼ ਧਰਮ ਦਾ ਲੱਛਣ ਨਹੀਂ, ਸਾਰੇ ਧਰਮਾਂ ਦੀ ਬੁਨਿਆਦੀ ਬਿਰਤੀ ਦਾ ਲਖਾਇਕ ਹੈ। (G. Van Der Leeuw Religion in Essence and Manifestation, pp.493-508).

ਸੁਰਿੰਦਰ ਨਾਥ ਦਾਸ ਗੁਪਤਾ ਨੇ ਵੀ ਲਿਖਿਆ ਹੈ ਕਿ ਰਹੱਸਵਾਦ ਕੋਈ ਬੌਧਿਕ ਸਿਧਾਂਤ ਨਹੀਂ, ਇਹ ਮੂਲ ਰੂਪ ਵਿਚ ਜੀਵਨ ਦਾ ਇੱਕ ਕ੍ਰਿਆਤਮਿਕ, ਨਿਰਮਾਣਕਾਰੀ, ਕਰਤਾਰੀ, ਉਥਾਨਕਾਰੀ ਅਤੇ ਉਚਿਆਣਕਾਰੀ ਸਿਧਾਂਤ ਹੈ। ਉਹ ਅੱਗੇ ਲਿਖਦੇ ਹਨ ਕਿ ਰਹੱਸਵਾਦ ਦਾ ਅਰਥ ਜੀਵਨ ਦੇ ਮਨੋਰਥਾਂ ਅਤੇ ਸਮੱਸਿਆਵਾਂ ਦੀ ਅਧਿਆਤਮਕ ਪਕੜ ਹੈ ਜਿਹੜੀ ਨਿਰੀ ਤਰਕ ਦੀ ਪਕੜ ਤੋਂ ਕਿਤੇ ਵੱਧ ਯਥਾਰਥ ਅਤੇ ਅੰਤਿਮ ਹੁੰਦੀ ਹੈ (S. N. Das Gupta, Hindu Mysticism, p.IX, Preface).

ਭਾਵੇਂ ਰਹੱਸਵਾਦ ਨੂੰ ਕਿਸੇ ਵੀ ਤਰ੍ਹਾਂ ਦੇ ਸਿਧਾਂਤ ਪ੍ਰਬੰਧ ਵਿਚ ਨਹੀਂ ਬੰਨ੍ਹਿਆ ਜਾ ਸਕਦਾ ਅਤੇ ਇਸ ਦੀਆਂ ਕੋਈ ਵੀ ਨਿਸ਼ਚਿਤ ਪਰਿਕਲਪਨਾਵਾਂ ਬਾਰੇ ਦਾਅਵੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ, ਫਿਰ ਵੀ ਰਹੱਸਵਾਦੀ ਦੇ ਅਜਿਹੇ ਅਨੁਭਵ ਦੇ ਉਲੇਖਾਂ ਤੋਂ ਮਾਰਗਰੇ ਟ ਸਮਿਥ ਨੇ ਰਹੱਸਵਾਦ ਦੀਆਂ ਕੁਝ ਬੁਨਿਆਦੀ ਧਾਰਨਾਵਾਂ ਦਾ ਵੇਰਵਾ ਦਿੱਤਾ ਹੈ ਜੋ ਕਿ ਈਸਾਈ ਵਿਸ਼ਵਾਸ਼-ਪ੍ਰਬੰਧ ਤੋਂ ਕਾਫੀ ਹੱਦ ਤੱਕ ਪ੍ਰਭਾਵਿਤ ਲੱਗਦਾ ਹੈ।ਇਹਨਾਂ ਦਾ ਸੰਖੇਪ ਉਲੇਖ ਕਰਨਾ ਇਥੇ ਲਾਹੇਵੰਦ ਹੋਵੇਗਾ।

ਮਾਰਗਰੇਟ ਸਮਿਥ ਅਨੁਸਾਰ ਰਹੱਸਵਾਦ ਦੀ ਪਹਿਲੀ ਧਾਰਨਾ ਇਹ ਪ੍ਰਵਾਨ ਕਰਨੀ ਚਾਹੀਦੀ ਹੈ ਕਿ ਆਤਮਾ ਅਧਿਆਤਮਕ ਇੰਦਰੀ ਰਾਹੀਂ ਦੇਖ ਕੇ ਨਿਕਲ ਸਕਦੀ ਹੈ। ਜਿਥੇ ਇੰਦਰੀ ਬਾਰੇ ਸੰਤ ਅਗਸਤੀਨ ਕਹਿੰਦਾ ਹੈ ਕਿ ਇਹ ਪਦਾਰਥਕ ਪਰਦਿਆਂ ਵਿੱਚੋਂ ਪਾਰ ਹੋ ਜਾਂਦੀ ਹੈ ਅਤੇ ਅਪਵਿਰਵਰਤਨੀਸ਼ੀਲ ਪ੍ਰਕਾਸ਼ ਦੇਖ ਸਕਦੀ ਹੈ। ਇਹ ਉਹ ਅੰਤਰੀਵੀ ਇੰਦਰੀ ਹੈ ਜਿਸ ਨੂੰ ਅੰਤਰਸੂਝ (intuition) ਕਿਹਾ ਜਾਂਦਾ ਹੈ ਅਤੇ ਅਪਰਿਵਰਤਨਸ਼ੀਲ ਪ੍ਰਕਾਸ਼ ਦੇਖ ਸਕਦੀ ਹੈ। ਇਹ ਉਹ ਅੰਤਰੀਵੀ ਇੰਦਰੀ ਹੈ ਜਿਸ ਰਾਹੀਂ ਉਹ ਪਰਮਾਤਮਾ ਨਾਲ ਜੀਵੰਤ ਸੰਗਤ ਤੋਂ ਮੇਲ ਹਾਸਲ ਕਰਦਾ ਹੈ। ਇਹ ਅਧਿਆਤਮਕ ਇੰਦਰੀ ਹੈ ਜੋ ਅੰਤਰਮੁਖੀ ਹੈ ਜਿਸ ਤਰ੍ਹਾਂ ਕਿ ਸਰੀਰਕ ਇੰਦਰੀਆਂ ਬਾਹਰਮੁਖੀ ਹੁੰਦੀਆਂ ਹਨ, ਕਿਉਂਕਿ ਇਸ ਵਿਚ ਗਿਆਨ ਦੇ ਬਾਹਰੀ ਸਰੋਤਾਂ ਤੋਂ ਸੁਤੰਤਰ ਸਚਾਈ ਨੂੰ ਸਿੱਧਾ ਜਾਣਨ ਅਤੇ ਹਾਸਲ ਕਰਨ ਦੀ ਸਮਰੱਥਾ ਹੈ। ਇਸ ਲਈ ਅਸੀਂ ਇਸ ਨੂੰ ਅੰਤਰਸੂਝ ਆਖਦੇ ਹਾਂ। ਅਧਿਆਤਮਕ ਸੋਝੀ ਪ੍ਰਾਪਤ ਕਰਨ ਦੀ ਸਾਰੀ ਸੰਭਾਵਨਾ ਆਤਮਾ ਦੀ ਅਜਿਹੀ ਇੰਦਰੀ ਤੇ ਨਿਰਭਰ ਹੁੰਦੀ ਹੈ। ਇਸ ਤਰ੍ਹਾਂ ਰਹੱਸਵਾਦ ਇਹ ਨਹੀਂ ਮੰਨਦਾ ਕਿ ਗਿਆਨ ਕੇਵਲ ਇੰਦਰੀਆਂ ਰਾਹੀਂ ਜਾਂ ਬੁੱਧੀ ਰਾਹੀਂ ਚੇਤੰਨਤਾ ਦੀ ਸੁਭਾਵਿਕ ਪ੍ਰਕ੍ਰਿਆ ਰਾਹੀਂ ਜਾਣਿਆ ਜਾ ਸਕਦਾ ਹੈ ਅਤੇ ਦਾਅਵਾ ਕਰਦਾ ਹੈ ਕਿ ਸਰਬ-ਉਚ ਗਿਆਨ ਅਧਿਆਤਮਕ, ਅੰਤਰਸੂਝ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਦੂਜੇ, ਰਹੱਸਵਾਦ ਇਹ ਮੰਨਦਾ ਹੈ ਕਿ ਮਨੁੱਖ ਨੂੰ ਅਵਸ਼ ਹੀ ਦੈਵੀ ਪ੍ਰਕ੍ਰਿਤੀ ਦਾ ਭਾਈਵਾਲ ਹੋਣਾ ਚਾਹੀਦਾ ਹੈ ਜੇਕਰ ਉਸ ਨੇ ਪਰਮਾਤਮਾ ਨੂੰ ਜਾਣਨਾ ਹੈ, ਜੇਕਰ ਆਪ ਸੱਚਾ ਹੈ ਤਾਂ ਹੀ ਉਹ ਸਚਾਈ ਨੂੰ ਜਾਣਨ ਦੀ ਇੱਛਾ ਕਰ ਸਕਦਾ ਹੈ ਅਤੇ ਇਸ ਕਰਕੇ ਉਹ ਇਹ ਮੰਨਦਾ ਹੈ ਕਿ ਹਰੇਕ ਜੀਵ ਸੁਭਾਅ ਕਰਕੇ ਹੀ ਕਰਤਾਰ ਨਾਲ ਮਿਲਦਾ ਹੈ। ਹਰੇਕ ਜੀਵ ਅੰਦਰ ਦੈਵੀ ਚਿਣਗ ਹੈ ਜੋ ਸਦੀਵੀ ਜੋਤੀ ਦੇ ਪੁਨਰ ਮਿਲਾਪ ਦੀ ਤਾਂਘ ਕਰਦੀ ਹੈ।

ਤੀਜੇ, ਰਹੱਸਵਾਦ ਮੰਨਦਾ ਹੈ ਕਿ ਆਪੇ ਦੀ ਸ਼ੁੱਧੀ ਬਿਨਾਂ ਕੋਈ ਰੱਬੀ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਯਹੂਦੀ ਕੀਰਤਨੀਆਂ ਗਾਉਂਦਾ ਹੈ "ਕੌਣ ਰੱਬ ਦੇ ਪਰਬਤ ਤੇ ਚੜ੍ਹੇਗਾ? ਕੌਣ ਪਵਿੱਤਰ ਥਾਂ ਤੇ ਖੜ੍ਹੇਗਾ? ਕੇਵਲ ਉਹੀ ਜਿਸ ਦੇ ਹੱਥ ਸਾਫ ਹਨ ਅਤੇ ਦਿਲ ਪਵਿੱਤਰ ਹੈ।" ਯੂਨਾਨੀ ਦਾਰਸ਼ਨਿਕ ਪਲੋਟੀਨਸ ਵੀ ਆਖਦਾ ਹੈ ਕਿ ਅੱਖ ਜੇਕਰ ਸੂਰਜ ਦੀ ਤਰ੍ਹਾਂ ਨਾ ਹੋਵੇ ਤਾਂ ਸੂਰਜ ਨੂੰ ਦੇਖ ਨਹੀਂ ਸਕਦੀ ਉਸੇ ਤਰ੍ਹਾਂ ਆਤਮਾ, ਪਰਮਾਤਮਾ ਨੂੰ ਉਦੋਂ ਤੱਕ ਦੇਖ ਨਹੀਂ ਸਕਦੀ, ਜਦੋਂ ਤੱਕ ਇਹ ਰੱਬ ਵਰਗੀ ਨਾ ਹੋਵੇ। ਪੂਰਬ ਅਤੇ ਪੱਛਮ ਦੇ ਰਹੱਸਵਾਦੀ ਇਹ ਮੰਨਦੇ ਹਨ ਕਿ ਰੱਬ ਦੇ ਦਰਸ਼ਨ ਕਰਨ ਲਈ ਆਪੇ ਤੋਂ ਸਵਾਰਥ ਅਤੇ ਵਿਸ਼ੇ ਭੋਗਾਂ ਦੀ ਲਾਲਸਾ ਦੂਰ ਕਰਨੀ-ਬੁਨਿਆਦੀ ਜ਼ਰੂਰਤ ਹੈ। ਜੋ ਪਰਮ ਉੱਚ ਨੂੰ ਪੁੱਜਣਗੇ ਉਨ੍ਹਾਂ ਲਈ ਆਪੇ ਦਾ ਤਿਆਗ, ਆਪੇ ਤੋਂ ਉਦਾਸੀਨਤਾ, ਆਪੇ ਦਾ ਵਿਨਾਸ਼ ਜ਼ਰੂਰੀ ਲੋੜਾਂ ਹਨ। ਇਸ ਤਰ੍ਹਾਂ ਸਭ ਸਰੀਰਕ ਅਤੇ ਪਦਾਰਥ ਇਛਾਵਾਂ ਵਾਸ਼ਨਾਵਾਂ ਦੇ ਪੂਰਨ ਤਿਆਗ ਉਪਰੰਤ ਹੀ ਪਰਮਾਤਮਾ ਦੇ ਮੇਲ ਲਈ ਦਰਵਾਜ਼ਾ ਖੁਲ੍ਹਦਾ ਹੈ।

ਚੌਥੇ, ਰਹੱਸਵਾਦੀ ਰੱਬੀ ਮੇਲ ਦੇ ਮਾਰਗ ਦੀ ਅਗਵਾਈ ਪ੍ਰੇਮ ਰਾਹੀਂ ਹੁੰਦੀ ਹੈ। ਰੱਬੀ ਰਾਹ ਦੇ ਮੇਲ ਦੀਆਂ ਬੁਨਿਆਦੀ ਰੁਕਾਵਟ ਨੂੰ ਕੇ

ਵਲ ਪਿਆਰ ਨਾਲ ਜਿੱਤਿਆ ਜਾ ਸਕਦਾ ਹੈ। ਕੇਵਲ ਤੇ ਕੇਵਲ ਪਿਆਰ ਨਾਲ ਹੀ ਪੁਨਰ ਮਿਲਨ ਸੰਭਵ ਹੋ ਸਕਦਾ ਹੈ। ਰਹੱਸਵਾਦੀ, ਪਰਮਾਤਮਾ ਨੂੰ ਆਪਣਾ ਪਿਆਰਾ ਮੰਨ ਕੇ ਪਿਆਰ ਦੀ ਸਾਧਨਾ ਕਰਦਾ ਹੈ ਅਤੇ ਪਿਆਰ ਦੀ ਸਾਧਨਾ ਦਾ ਅਰਥ ਪੂਰਨ ਸਮਰਪਣ ਕਰਕੇ ਕੇਵਲ ਪਿਆਰੇ ਦੇ ਮਿਲਾਪ ਦੀ ਇਕੋ ਇਕ ਆਸ ਹੈ। (Understanding Mysticism,pp.21-22) ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਆਤਮਾ ਦੀ ਅੰਤਰਸੂਝ ਦੀ ਇੰਦਰੀ ਦੀ ਮਾਨਤਾ ਮਨੁੱਖ ਦੀ ਦੈਵੀ ਪ੍ਰਕ੍ਰਿਤੀ ਵਿਚ ਵਿਸ਼ਵ ਆਪੇ ਦੀ ਸ਼ੁੱਧੀ ਲਈ ਅਮਲੀ ਸਾਧਨਾ ਅਤੇ ਪਿਆਰ ਦੀ ਟੇਕ ਰਹੱਸਵਾਦੀ ਜੀਵਨ ਦੀਆਂ ਬੁਨਿਆਦੀ ਸ਼ਰਤਾਂ ਹਨ।

ਰਹੱਸਵਾਦੀ ਦੇ ਸਰੂਪ ਦਾ ਬਿਆਨ ਕਰਦਿਆਂ ਹੁਣ ਤੱਕ ਇਹ ਗੱਲ ਭਲੀ-ਭਾਂਤ ਸਪਸ਼ਟ ਹੈ ਕਿ ਰਹੱਸਵਾਦ ਕਿਸੇ ਦਾਰਸ਼ਨਿਕ ਸਿਧਾਂਤ ਨਾਲੋਂ ਅੰਤਰੀਵੀ ਅਤੇ ਅਧਿਆਤਮਕ ਅਮਲ ਵੱਧ ਹੁੰਦਾ ਹੈ। ਮੱਧ ਯੁੱਗ ਦੇ ਰਹੱਸਵਾਦੀ ਜੀਵਨ ਸੰਬੰਧੀ ਮਹੱਤਵਪੂਰਨ ਰਚਨਾ (The Cloud of Unknowing) ਦਾ ਲਿਖਾਰੀ ਕਹਿੰਦਾ ਹੈ ਕਿ ਰੱਬ ਨੂੰ ਪਿਆਰ ਕਰਨਾ ਚਾਹੀਦਾ ਹੈ (ਉਸ ਬਾਰੇ) ਸੋਚਣਾ ਨਹੀਂ ਚਾਹੀਦਾ। ਸਪਸ਼ਟ ਹੈ ਕਿ ਰਹੱਸਵਾਦੀ ਸਾਧਨਾ ਰਹੱਸਵਾਦ ਦਾ ਕੇਂਦਰੀ ਤੱਤ ਹੁੰਦਾ ਹੈ। Van Der Leeuw ਲਿਖਦਾ ਹੈ ਕਿ ਰਹੱਸਵਾਦ ਦਾ ਇਕ ਹੋਰ ਬੁਨਿਆਦੀ ਲੱਛਣ ਇਸ ਦਾ ਪ੍ਰਾਪਤੀ ਮਾਰਗ ਹੁੰਦਾ ਹੈ ਜਿਹੜਾ ਕਈ ਪੜਾਵਾਂ ਅਤੇ ਅਵਸਥਾਵਾਂ ਰਾਹੀਂ ਹੁੰਦਾ ਹੋਇਆ ਆਪਣੀ ਮੰਜ਼ਿਲ ਤੇ ਪੁੱਜਦਾ ਹੈ। ਇਹ ਪੜਾਅ ਅਤੇ ਅਵਸਥਾਵਾਂ ਤਾਂ ਭਾਵੇਂ ਅੱਡ-ਅੱਡ ਧਰਮਾਂ ਵਿਚ ਅੱਡ-ਅੱਡ ਰੂਪਾਂ ਦੁਆਰਾ ਬਿਆਨ ਕੀਤੀਆਂ ਗਈਆਂ ਹਨ ਪਰ ਇਨ੍ਹਾਂ ਦੀ ਬੁਨਿਆਦੀ ਹੋਂਦ ਅਤੇ ਲੋੜ ਸਭ ਨੇ ਮਹਿਸੂਸ ਕੀਤੀ ਹੈ। ਇਸ ਸਾਧਨਾ ਵਿਚ 'ਤਪ' ਪਿਆਰ ਆਦਿ ਦੇ ਅੰਤਰੀਵੀ ਮਾਰਗ ਦੁਆਰਾ 'ਚੁੱਪ', 'ਨੀਂਦ', 'ਖਲਾਅ', 'ਸੁੰਨ' ਦੀ ਪਰਿਪੂਰਣ ਅਵਸਥਾ ਤੇ ਪੁੱਜ ਜਾਣ ਦਾ ਜ਼ਿਕਰ ਥੋੜ੍ਹੇ -ਥੋੜ੍ਹੇ ਅੰਤਰ ਨਾਲ ਸਭ ਧਰਮਾਂ ਵਿਚ ਮਿਲ ਜਾਂਦਾ ਹੈ। ਅਸਲ ਵਿਚ ਰਹੱਸਵਾਦੀ ਸਾਧਕ ਪਿਆਰ ਦੇ ਮਾਰਗ ਰਾਹੀਂ ਜਿਹੜਾ ਨਿਸ਼ਚੇ ਹੀ ਮੌਤ ਦੀ ਵਾਦੀ ਵਿਚੋਂ ਗੁਜ਼ਰਦਾ ਹੈ, ਸਦੀਵਤਾ, ਸੰਪੰਨਤਾ, ਵਜਦ, ਵਿਸਮਾਦ ਦੀ ਅਵਸਥਾ ਪ੍ਰਾਪਤ ਕਰਦਾ ਹੈ।

ਰੱਬੀ ਮੇਲ ਦੀ ਅਜਿਹੀ ਅੰਤਰੀਵੀ ਆਤਮਕ ਸਾਧਨਾ ਨੂੰ ਵੱਖਰੇ-ਵੱਖਰੇ ਧਰਮਾਂ ਵਿਚ ਜਾਂ ਵੱਖਰੇ-ਵੱਖਰੇ ਰਹੱਸ ਸਾਧਕਾਂ ਨੇ ਵੱਖਰੇ ਰੂਪ ਵਿਚ ਮਹਿਸੂਸ ਅਤੇ ਗ੍ਰਹਿਣ ਕੀਤਾ ਹੈ। ਇਸ ਸੰਬੰਧੀ ਕਿਸੇ ਆਮ ਸਿਧਾਂਤ ਦਾ ਨਿਰਮਾਣ ਕਰਨਾ ਔਖਾ ਹੈ ਫਿਰ ਵੀ ਅਜਿਹੀ ਸਾਧਨਾ ਸੰਬੰਧੀ ਇਤਨਾ ਕੁਝ ਨਿਸ਼ਚੇ ਨਾਲ ਆਖਿਆ ਜਾ ਸਕਦਾ ਹੈ ਕਿ ਇਸ ਸਾਧਨਾ ਵਿਚ ਮਨ ਨੂੰ ਬਾਹਰੀ ਸੰਸਾਰ ਵੱਲ ਮੋੜ ਕੇ ਤਾਤਵਿਕ ਸੰਸਾਰ ਨਾਲ ਮੇਲਣ ਦੇ ਯਤਨ ਹੁੰਦੇ ਹਨ। ਈਸਾਈ ਰਹੱਸਵਾਦ ਵਿਚ ਸ਼ੁਧੀਕਰਣ (Purgation), ਜਾਗ (Illumination) ਅਤੇ ਮੇ ਲ (Unification) ਤਿੰਨ ਪੜਾਅ ਮੰਨੇ ਗਏ ਹਨ। ਸੂਫੀ ਸਾਧਨਾਂ ਵਿਚ ਸ਼ਰੀਅਤ, ਤਰੀਕਤ, ਮਾਰਫਤ ਅਤੇ ਹਕੀਕਤ ਦੀਆਂ ਚਾਰ ਮੰਜ਼ਿਲਾਂ ਦਾ ਜ਼ਿਕਰ ਮਿਲਦਾ ਹੈ। ਹਿੰਦੂ ਸਾਧਨਾ ਵਿਚ ਜਾਗ੍ਰਤਾ 'ਸੁਪਨਾ', 'ਸੁਖੋਪਤਾ, ਤੁਰੀਆਂ' ਦੀਆਂ ਚਾਰ ਮੰਜਿਲਾਂ ਜਾਂ ਮੰਜ਼ਲਾਂ ਦਾ ਜ਼ਿਕਰ ਹੈ। ਸਿੱਖ ਸਾਧਨਾ ਦੇ ਪੰਜ ਖੰਡ ਇਨ੍ਹਾਂ ਅੰਤਰੀਵੀ ਅਵਸਥਾਵਾਂ ਦਾ ਵਰਨਣ ਹਨ।

ਰਹੱਸਵਾਦੀ ਸਾਧਨਾ ਦੇ ਵਿਚਾਰ ਨੂੰ ਹੋਰ ਸਪਸ਼ਟ ਰੂਪ ਵਿਚ ਸਮਝਣ ਲਈ ਅਸੀਂ ਸੰਖੇਪ ਵਿਚ ਸੂਫੀ ਸਾਧਨਾਂ ਦੀ ਉਦਾਹਰਣ ਦੇਖ ਸਕਦੇ ਹਾਂ : ਮੁੱਢ ਵਿਚ ਸਾਦਿਕ (ਸਾਧਕ) ਕਿਸੇ ਸ਼ੇਖ ਪੀਰ ਕੋਲ ਜਾ ਕੇ ਤੋਬਾ ਕਰਦਾ ਹੈ, ਦੁਨੀਆਂ ਦੇ ਤਿਆਗ ਅਤੇ ਰੱਬੀ ਪਿਆਰ ਲਈ ਸ਼ੇਖ ਆਪਣੇ ਮੁਰੀਦ ਨੂੰ ਕੁਝ ਸਰੀਰਕ ਸਾਧਨਾਵਾਂ ਅਤੇ ਕੁਝ ਜ਼ਿਕਰ ਲਈ ਰੱਬੀ ਨਾਮ ਦੱਸ ਦਿੰਦਾ ਹੈ। ਇਸ ਤਰ੍ਹਾਂ ਸ਼ੇਖ ਦੀ ਅਗਵਾਈ ਵਿਚ ਮੁਰੀਦ ਦੀ ਆਤਮਕ ਸਾਧਨਾ ਆਰੰਭ ਹੁੰਦੀ ਹੈ। ਮੁਰੀਦ ਨੂੰ ਸ਼ੇਖ ਦੇ ਹੱਥਾਂ ਵਿਚ ਮੁਰਦੇ ਦੀ ਤਰ੍ਹਾਂ ਆਪਣੇ ਆਪ ਨੂੰ ਸੌਂਪਣਾ ਪੈਂਦਾ ਹੈ, ਤਾਂ ਕਿ ਉਹ ਜਿਵੇਂ ਚਾਹੇ ਉਸ ਨੂੰ ਸਾਧ ਸਕੇ। 'ਗਰੀਬੀ', 'ਤਪ', 'ਤਿਆਗ', 'ਪਿਆਰ' ਆਦਿ ਇਸ ਅੰਤਰੀਵੀ ਸਾਧਨਾਂ ਦੇ ਜ਼ਰੂਰੀ ਅੰਗ ਹੁੰਦੇ ਹਨ। ਸਭ ਮੁਕਾਮ (Stages) ਤੇ ਹਾਲ (States) ਪਾਰ ਕਰਕੇ ਸਾਧਕ ਗਿਆਨ (ਮਾਰਫਿਤ) ਪ੍ਰਾਪਤ ਕਰਦਾ ਹੈ। ਇਹ ਅਵਸਥਾ ਉਸ ਦੇ ਨਫਸ ਨੂੰ ਮਾਰਨ ਤੇ ਸੋਧਣ ਨਾਲ ਪ੍ਰਾਪਤ ਹੁੰਦੀ ਹੈ। ਇਸ ਨੂੰ 'ਫਨਾ' ਜਾਂ ਆਪੇ ਨੂੰ ਖਤਮ ਕਰ ਲੈਣ ਦੀ ਅਵਸਥਾ ਕਿਹਾ ਜਾਂਦਾ ਹੈ। ਇਹ ਮਨੁੱਖ ਦੇ ਦੁਨਿਆਵੀ ਆਪੇ ਦੀ ਮੌਤ ਅਤੇ ਅਧਿਆਤਮਕ ਆਪੇ ਦੇ ਜਾਗ੍ਰਿਤ ਹੋਣ ਦੀ ਅਵਸਥਾ ਹੈ। ਇਸ ਤੋਂ ਬਾਅਦ ਰੱਬੀ ਮੇਲ ਤੇ ਰੱਬ ਵਿਚ ਸਦੀਵੀ ਜੀਵਨ (ਬਕਾ) ਦੀ ਪ੍ਰਾਪਤੀ ਹੁੰਦੀ ਹੈ। ਸਾਧਨਾ ਮਾਰਗ ਤੇ ਤਾਂ ਹਰ ਕੋਈ ਤੁਰਨ ਦੀ ਇੱਛਾ ਕਰ ਸਕਦਾ ਹੈ ਪਰ ਇਹ 'ਬਕਾ' ਦੀ ਅਵਸਥਾ ਕਿਸੇ ਭਾਗਾਂ ਵਾਲੇ ਨੂੰ ਹੀ ਪ੍ਰਾਪਤ ਹੁੰਦੀ ਹੈ। ਸੂਫੀ ਸਾਧਨਾ ਦਾ ਅੰਤਿਮ ਪੜਾਅ ਹੈ ਹਕੀਕਤ ਤੇ ਪੁੱਜ ਜਾਣਾ। ਹੱਕ 'ਸੱਚ' ਨੂੰ ਪ੍ਰਾਪਤ ਕਰ ਲੈਣਾ।

ਜਿਵੇਂ ਕਿ ਅਸੀਂ ਸੂਫੀ ਸਾਧਨਾਂ ਦੇ ਸੰਖੇਪ ਬਿਆਨ ਵਿਚ ਵੀ ਦੇਖ ਸਕਦੇ ਹਾਂ ਕਿ ਅੰਤਰੀਵੀ ਸਾਧਨਾਂ ਨੂੰ ਕਈ ਪੜਾਵਾਂ ਅਤੇ ਅਵਸਥਾਵਾਂ ਵਿਚ ਵੰਡਿਆ ਗਿਆ ਹੈ। ਇਹ ਪੜਾਅ ਅਤੇ ਅਵਸਥਾਵਾਂ ਰਹੱਸ ਸਾਧਨਾ ਦੇ ਦੋ ਸਿਰਿਆਂ ਨਾਲ ਸਬੰਧਿਤ ਹਨ। ਇਸ ਵਿਚ ਸਾਧਕ ਦਾ 'ਪਿਆਰ' ਅਤੇ ਰੱਬ ਦੀ 'ਮਿਹਰ' ਦੋਵੇਂ ਘੁਲੇ ਮਿਲੇ ਹੁੰਦੇ ਹਨ। ਇਹ ਨਹੀਂ ਕਿਹਾ ਜਾ ਸਕਦਾ ਕਿ ਸਾਧਕ ਦੇ ਨਿਰੇ ਪੁਰੇ ਨਿੱਜੀ ਯਤਨਾਂ ਨਾਲ ਇਸ ਮਾਰਗ ਦਾ ਅੰਤ ਪ੍ਰਾਪਤ ਕੀਤਾ ਜਾ ਸਕਦਾ ਹੈ। ਪ੍ਰਸਿੱਧ ਸੂਫੀ ਰਾਬੀਆ ਸੰਬੰਧੀ ਤਾਂ ਇਥੋਂ ਤੱਕ ਕਿਹਾ ਗਿਆ ਹੈ :ਕਿਸੇ ਨੇ ਰਾਬੀਆ ਨੂੰ ਕਿਹਾ, ''ਮੈਂ ਬਹੁਤ ਪਾਪ ਕੀਤੇ ਹਨ, ਜੇਕਰ ਮੈਂ ਪਸ਼ਚਾਤਾਪ ਕਰਕੇ ਰੱਬ ਵੱਲ ਲੱਗਾਂ ਤਾਂ ਉਹ ਮਿਹਰ ਕਰਕੇਰੇ

ਵੱਲ ਆਵੇਗਾ।" ਨਹੀਂ, ਉਹਨੇ ਉੱਤਰ ਦਿੱਤਾ, ''ਪਰ ਜੇ ਉਹ ਤੇਰੇ ਵੱਲ ਮੁੜੇ, ਤਾਂ ਤੂੰ ਉਹਦੇ ਵੱਲ ਮੁੜੇਂਗਾ" (Nicholson The Mystics of Islam) ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸਾਰੀ ਅਧਿਆਤਮਕ ਸਾਧਨਾਂ ਰੱਬੀ ਮਿਹਰ ਕਰਕੇ ਸ਼ੁਰੂ ਤੇ ਪੂਰੀ ਹੁੰਦੀ ਹੈ। ਪਰੰਤੂ ਇਹ ਵੀ ਸੱਚ ਹੈ ਕਿ ਅਜਿਹੀ ਸਾਧਨਾਂ ਵਿਚ ਚੇਤੰਨ ਮਨੁੱਖੀ ਅਮਲ ਵੀ ਬਹੁਤ ਜ਼ਰੂਰੀ ਅੰਗ ਹੁੰਦੇ ਹਨ।

ਅਜਿਹੇ ਅਧਿਆਤਮਕ ਅਨੁਭਵ ਨੂੰ ਪਰਮੇਸ਼ਰ ਦੇ ਵੱਖਰੇ-ਵੱਖਰੇ ਸਰੂਪਾਂ ਦੇ ਕਿਆਮ ਅਤੇ ਸਾਧਨਾਂ ਤੇ ਅਨੁਭਵ ਦੇ ਵੱਖਰੇ-ਵੱਖਰੇ ਰੂਪਾਂ ਕਾਰਨ ਵੱਖ-ਵੱਖ ਕਰਕੇ ਬਿਆਨ ਕੀਤਾ ਹੈ ਕਿ ਜਿਵੇਂ ਕਿ 'ਸੂਖਮ' ਤੇ 'ਅੰਤਿਮ', ਬਾਹਰਮੁਖੀ ਅਤੇ ਅੰਤਰਮੁਖੀ, ਈਸ਼ਵਰਵਾਦੀ ਅਤੇ ਅਣਈਸ਼ਵਰਵਾਦੀ ਆਦਿ। ਜਾਂ ਭਾਰਤੀ ਧਰਮਾਂ ਵਿਚ ਭਾਵਨਾ, ਇੱਛਾ, ਵਿਚਾਰ ਅਨੁਸਾਰ ਭਗਤੀ, ਕਰਮ, ਗਿਆਨ ਆਦਿ।ਪ੍ਰੰਤੂ ਅਧਿਆਤਮਕ ਅਨੁਭਵ ਦਾ ਕੋਈ ਵੀ ਨਿਸ਼ਚਿਤ ਰੂਪ ਵਿਚ ਅੰਤਿਮ ਵਰਗੀਕਰਨ ਕਰਨਾ ਸੰਭਵ ਨਹੀਂ। ਧਾਰਮਿਕ ਪਰੰਪਰਾਵਾਂ ਦੀ ਗੱਲ ਛੱਡੋ, ਇਥੇ ਤਾਂ ਜਿੰਨੇ ਰਹੱਸਵਾਦੀ ਸਾਧਕ ਉਤਨੇ ਅਨੁਭਵ ਦੀ ਗੱਲ ਜ਼ਿਆਦਾ ਢੁੱਕਦੀ ਹੈ।

ਅਖੀਰ ਤੇ ਅਸੀਂ ਆਖ ਸਕਦੇ ਹਾਂ ਕਿ ਰਹੱਸਵਾਦ ਸਭ ਦਾ ਕੇਂਦਰੀ ਤੱਤ ਹੁੰਦਾ ਹੈ ਜੋ ਕਿਸੇ ਇਕ ਧਰਮ ਦਾ ਵਿਸ਼ੇਸ਼ ਲੱਛਣ ਨਹੀਂ ਹੈ। ਇਸਦੀ ਸਾਧਨਾ ਅਤੇ ਅਨੁਭਵ ਸੰਬੰਧੀ ਜਿਤਨੇ ਮਰਜ਼ੀ ਵੱਖਰੇਵੇਂ ਦੇਖੇ ਜਾ ਸਕਦੇ ਹੋਣ ਇਸ ਦੇ ਅੰਤਿਮ ਰੂਪਾਂ ਵਿਚ ਬੁਨਿਆਦੀ ਸਾਂਝ ਤੋਂ

ਪਾਠ ਨੰਬਰ : 2..5

## ਆਵਾਗਵਣ ਤੇ ਮੁਕਤੀ

ਸਰੀਰ ਦੇ ਨਾਸ (ਮੌਤ) ਉਪਰੰਤ ਫਿਰ ਦੁਬਾਰਾ ਜਨਮ ਲੈਣਾ ਹੀ ਆਵਾਗੌਣ ਹੈ, ਇਸਦਾ ਆਧਾਰ ਕਰਮ-ਮੰਨੇ ਗਏ ਹਨ। ਭਾਰਤੀ ਧਰਮ ਸ਼ਾਸ਼ਤ੍ਰਾਂ ਨੇ ਤਿੰਨ ਪ੍ਰਕਾਰ ਦੇ ਕਰਮ ਮੰਨੇ ਹਨ -

ੳ) **ਸੰਚਿਤ ਕਰਮ** - ਜਿਹੜੇ ਪਿਛਲੇ ਜਨਮਾਂ ਦੇ ਬਾਕੀ ਚਲੇ ਆਉਂਦੇ ਹਨ

ਅ) **ਪ੍ਰਾਰਬਧ ਕਰਮ** - ਜਿਨ੍ਹਾਂ ਅਨੁਸਾਰ ਇਹ ਵਰਤਮਾਨ ਦੇਹ ਪ੍ਰਾਪਤ ਹੋਈ ਹੈ।

ੲ) **ਕ੍ਰਿਯਾਮਾਣ ਕਰਮ** - ਜੋ ਹੁਣ ਕੀਤੇ ਜਾ ਰਹੇ ਹਨ।

ਅੰਤ ਸਮੇਂ ਪ੍ਰਾਣੀ ਦੀ ਇਛਾ ਜੋ ਬਾਕੀ ਰਹਿ ਜਾਂਦੀ ਹੈ, ਉਸਦੇ ਨਵੇਂ ਜਨਮ ਦਾ ਕਾਰਨ ਬਣਦੀ ਹੈ। ਚੰਗੇ ਕਰਮ ਕਰਨ ਨਾਲ ਹੀ ਮਨੁੱਖਾ ਜਨਮ ਮਿਲਦਾ ਹੈ। ਭਾਵ ਇਹ ਜੀਵ ਕਈ ਜਨਮਾਂ ਦਾ ਚੱਕਰ ਕੱਟ ਕੇ ਹੀ ਇਥੇ ਆਇਆ ਹੈ। ਇਹ ਆਵਾਗੌਣ ਕਰਤਾਰ ਨੇ ਆਪ ਹੀ ਕੀਤਾ ਹੈ- ਗੁਰੂ ਅਮਰਦਾਸ ਜੀ ਦਾ ਕਥਨ ਹੈ -

ਆਵਾਗਉਣ ਕੀਆ ਕਰਤਾਰਿ ।। (ਬਿਲਾਵਲ ਮ: 3)
ਆਵਾਗਉਣ ਰਚਾਇ ਉਪਾਈ ਮੇਦਨੀ।। (ਮਲਾਰ ਮ: 3)

ਕਈ ਜਨਮਾਂ ਦੇ ਚੱਕ੍ਰ ਦਾ ਵਰਨਣ ਗੁਰੂ ਅਰਜਨ ਦੇਵ ਜੀ ਦੀ ਰਚਨਾ ਤੋਂ ਮਿਲਦਾ ਹੈ

ਕਈ ਜਨਮ ਭਏ ਕੀਟ ਪਤੰਗਾ।।
ਕਈ ਜਨਮ ਗਜ ਮੀਨ ਕੁਰੰਗਾ।।
ਕਈ ਜਨਮ ਪੰਖੀ ਸਰਪ ਹੋਇਓ।।
ਕਈ ਜਨਮ ਹੈਵਰ ਬ੍ਰਿਖ ਜੋਇਓ।
ਮਿਲ ਜਗਦੀਸ ਮਿਲਨ ਕੀ ਬਰੀਆ।।
ਚਿਰੰਕਾਲ ਇਹੁ ਦੇਹ ਸੰਜਰੀਆ।। (ਗਉੜੀ ਮ: 5)

ਗੁਰੂ ਦੇ ਉਪਦੇਸ਼ ਦੁਆਰਾ ਮੰਦੇ ਕਰਮਾਂ ਦਾ ਤਿਆਗ ਕੀਤਾ ਤਤ ਵਿਚਾਰ ਰਹਿਤ ਕਰਮ-ਕਾਂਡੀ ਕਰਮਾਂ ਦਾ ਵੀ ਤਿਆਗ ਕੀਤਾ ਗੁਰੂ ਦਾ ਨਾਮ ਪੱਲੇ ਬੰਨ ਲਿਆ, ਸੱਚੀ ਧਰਮਸਾਲ ਅੰਦਰ ਸੰਗਤ ਰਾਹੀ, ਸ਼ੁੱਭ ਕਰਮਾਂ ਦੇ ਦੁਆਰਾ ਜਿਸ ਵਿਚ ਨਾਮ, ਇਸਨਾਨ ਦ੍ਰਿੜ ਹੋਏ, ਮੁਕਤੀ ਦਾ ਦਰ ਖੁਲਿਆ, ਹਲੇਮੀ ਰਾਜ ਹੋਇਆ ਭਾਵ ਨਾਮ ਦੁਆਰਾ ਸਹਜ ਅਵਸਥਾ ਦੀ ਪ੍ਰਾਪਤੀ ਹੋਈ।

ਧਾਰਮਿਕ ਤੱਤ ਵੇਤਾ ਦਸਦੇ ਹਨ ਕਿ ਜੀਵਆਤਮਾ ਦੀ ਉਨਤੀ ਅਨੁਸਾਰ ਉਸਨੂੰ ਚੰਗੇਰਾ ਸਰੀਰ ਮਿਲ ਜਾਂਦਾ ਹੈ ਅਤੇ ਮਨੁੱਖੀ ਸਰੀਰ ਇਸ ਜਨਮ-ਮਰਨ ਗੇੜ ਦਾ ਅੰਤਮ ਡੰਡਾ ਹੈ। ਮਨੁੱਖ ਅੰਦਰ ਚੇਤਨਾ ਉਚ ਦਰਜੇ ਦੀ ਹੈ। ਇਹੀ ਕਾਰਨ ਹੈ ਕਿ ਮਨੁੱਖ ਇਸ ਨੂੰ ਹੋਰ ਪ੍ਰਕਾਸ਼ਵਾਨ ਕਰਕੇ ਪ੍ਰਭੂ ਨਾਲ ਅਭੇਦ ਹੋ ਸਕਦਾ ਹੈ-

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਈ
ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀਂ।। (ਸੋਰਠਿ ਮ: 9)
ਲਖ ਚਉਰਾਸੀਹ ਜੋਨਿ ਸਬਾਈ, ਮਾਣਸ, ਕਉ ਪ੍ਰਭ ਦੀਈ ਵਡਿਆਈ
ਇਸ ਪਉੜੀ ਤੇ ਜੋ ਨਰ ਚੂਕੇ ਸੋ ਆਏ ਜਾਇ ਦੁਖ ਪਾਇਦਾ।। (ਮਾਰੂ ਮ: 5 ਸੋਲਹੇ)

ਜਿਹੜਾ ਵਿਅਕਤੀ ਗੁਰੂ ਦੀ ਸਿੱਖਿਆ ਲੈ ਕੇ ਇਸ ਨੂੰ ਜੀਵਨ ਅੰਦਰ ਧਾਰਨ ਕਰਦਾ ਹੈ ਉਸਦਾ ਆਵਾਗੌਣ ਮੁੱਕ ਜਾਂਦਾ ਹੈ।

ਫੂਟੋ ਆਂਡਾ ਭਰਮ ਦਾ ਮਨਹਿ ਭਇਓ ਪ੍ਰਗਾਸ
ਕਾਟੀ ਬੇਰੀ ਪਗਹਿ ਤੇ ਗੁਰਿ ਕੀਨੀ ਬੰਦ ਖਲਾਸੁ
ਆਵਣ ਜਾਣ ਰਹਿਓ।। (ਮਾਰੂ ਮ: 5)

### ਮੁਕਤੀ

ਭਾਰਤੀ ਧਾਰਮਿਕ ਪਰੰਪਰਾ ਅੰਦਰ ਚਾਰ ਪਦਾਰਥਾਂ ਦਾ ਉਲੇਖ ਹੋਇਆ ਹੈ, ਇਹ ਹਨ ਧਰਮ, ਅਰਥ ,ਕਾਮ ਤੇ ਮੋਕਸ਼, ਚੌਥੇ ਪਦਾਰਥ ਮੋਖ ਨੂੰ ਸਰਬੋਤਮ ਮੰਨਿਆ ਹੈ। ਇਸ ਸਰੂਪ ਬਾਰੇ ਭਾਵੇਂ ਵਿਦਵਾਨਾਂ ਅੰਦਰ ਆਪੋ ਆਪਣੀਆਂ ਰਾਵਾਂ ਹਨ ਪ੍ਰੰਤੂ ਇਸ ਦੇ ਅੰਤਮ ਸਿੱਟੇ ਨਾਲ ਲਗਭਗ

ਸਾਰੇ ਸਹਿਮਤ ਹਨ ਕਿ ਮੁਕਤੀ ਜੀਵ ਦੀ ਉਹ ਅਵਸਥਾ ਹੈ ਜਦੋਂ ਉਹ ਦੇਹ, ਭੌਤਿਕ ਤੇ ਦੈਵਿਕ ਦੁਖਾਂ ਤੋਂ ਛੁਟਕਾਰਾ ਪਾ ਲੈਂਦਾ ਹੈ। ਇਹ ਸੰਸਾਰਕ ਦੁਖਾਂ ਤੇ ਬੰਧਨਾਂ ਤੋਂ ਛੁਟਕਾਰਾ ਹੈ, ਆਸਤਿਕ ਧਰਮ ਮੁਕਤ ਅਵਸਥਾ ਨੂੰ ਪਰਮਾਤਮਾ ਵਿਚ ਅਭੇਦਤਾ ਮੰਨਦੇ ਹਨ। ਇਸ ਪ੍ਰਥਾਇ ਕਈ ਸ਼ਬਦ ਵਰਤੇ ਮਿਲਦੇ ਹਨ, ਮੋਕਸ਼ ਮੁਕਤੀ ਨਿਰਵਾਣ, ਕੈਵਲਯ, ਅਪਵਰਗ, ਪਰਮ ਪਦ, ਪਰਮਗਤਿ, ਪਰਮ ਸੁੱਖ ਆਦਿ।

ਮੁਕਤੀ ਪੰਜਾਬੀ ਸ਼ਬਦ ਸੰਸਕ੍ਰਿਤ ਦੇ ਮੁਕਤਿ ਤੋਂ ਬਣਿਆ ਹੈ। ਇਸ ਦਾ ਧਾਤੂ ਮੁਚ ਹੈ, ਜਿਸਦਾ ਅਰਥ ਹੈ ਛੱਡ ਦੇਣਾ, ਰਿਹਾ ਕਰਨਾ, ਮੁਕਤ ਕਰਨਾ। ਗੁਰਮਤਿ ਵਿਚ ਉਪਰੋਕਤ ਵਰਣਨ ਸ਼ਬਦਾਂ ਤੋਂ ਇਲਾਵਾ ਮੋਖੰਤਰ, ਬਿਸਰਾਮ, ਬੰਦ ਖਲਾਸ, ਜੋਤਿ, ਅਮਰਾਪਦ, ਗਤਿ, ਤੱਤ ਜੋਗ ਸ਼ਬਦਾਂ ਦਾ ਪ੍ਰਯੋਗ ਵੀ ਹੋਇਆ ਮਿਲਦਾ ਹੈ।

ਸਾਂਚ ਸਬਦਿ ਮੁਕਤਿ ਗਤਿ ਪਾਏ।। (ਪੰਨਾ 352)
ਨਾਨਕ ਤਾਕੀ ਪਰਮ ਗਤਿ ਹੋਇ।। (ਪੰਨਾ 900)
ਗੁਰਪ੍ਰਸਾਦਿ ਪਰਮਗਤਿ ਪਾਇਆ।।
ਦਰਸਨ ਦੇਖਿ ਭਈ ਨਿਹਕੇਵਲ।। (ਪੰਨਾ 764)
ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ।। (ਪੰਨਾ 58)
ਤਉ ਨਾਨਕ ਮੋਖੰਤਰੁ ਪਾਹੇ।। (ਪੰਨਾ 470)
ਮੰਨੈ ਪਾਵਹਿ ਮੋਖ ਦੁਆਰ।। (ਜਪੁ ਜੀ)

ਇਹ ਸਭ ਸ਼ਬਦ ਮੁਕਤੀ ਲਈ ਵਰਤੇ ਗਏ ਮਿਲਦੇ ਹਨ। ਇਹ ਗਲ ਦੇਖਣ ਵਿਚ ਆਉਂਦੀ ਹੈ ਕਿ ਗੁਰਮਤਿ ਖੇਤਰ ਵਿਚ ਖਾਸ ਕਰਕੇ ਗੁਰਬਾਣੀ ਅੰਦਰ ਮੁਕਤੀ ਨੂੰ ਦਾ ਬੋਧਕ ਦੇ ਦਾਰਸਨਿਕ ਨਿਰੂਪਣ ਨਾਲੋਂ ਅਨੁਭਵੀ ਮਹਾਤਮ ਅਧਿਕ ਮੰਨਿਆ ਗਿਆ ਹੈ – ਭਾਵਮਈ ਤੇ ਰਹਮਈ ਵਿਸ਼ੇਲੇਸ਼ਣ ਹੈ ਇਸ ਖੇਤਰ ਅੰਦਰ ਸਾਨੂੰ ਮੁਕਤੀ ਦੇ ਤਿੰਨ ਰੂਪ ਮਿਲਦੇ ਹਨ ਜਿਨ੍ਹਾਂ ਦਾ ਜ਼ਿਕਰ ਡਾ. ਪ੍ਰੇਮ ਪ੍ਰਕਾਸ਼ ਸਿੰਘ ਜੀ ਨੇ 'ਗੁਰੂ ਨਾਨਕ ਦੀ ਨਿਰਗੁਣਧਾਰਾ' ਅੰਦਰ ਇਸ ਤਰ੍ਹਾਂ ਕੀਤਾ ਹੈ

1) ਸੁਹਜ ਆਤਮਕ ਰੂਪ

ਸੂਰਜ ਕਿਰਣ, ਜਲ ਕਾ ਜਲ ਜੋਤੀ-ਜੋਤਿ ਦੇ ਅਲੰਕਾਰਾਂ ਦੁਆਰਾ ਮੁਕਤ-ਆਤਮਾ ਦਾ ਪਰਮਾਤਮਾ ਵਿਚ ਅਭੇਦਤਾ ਮੁਕਤੀ ਸੁਹਜਾਤਮਕ ਸਰੂਪ ਦਾ ਵਰਣਨ ਹੈ –

2) ਮੁਕਤੀ ਦਾ ਰਹੱਸਵਾਦੀ ਸਰੂਪ-ਅੰਦਰ ਅਨੰਦ ਦੀ ਪ੍ਰਾਪਤੀ ਦੁਆਰਾ ਵਿਸਮਾਦਕ ਅਵਸਥਾ ਦਾ ਚਿੱਤਰਣ ਹੈ – ਖੇੜਾ, ਸਹਜ ਅਨੰਦ, ਅਮ੍ਰਿਤਮਈ ਵਰਖਾ

ਇਸ ਪ੍ਰਥਾਇ ਇਕ ਉਦਾਹਰਣ ਦੇਣੀ ਜਰੂਰ ਹੋਵੇਗੀ

ਪੰਚ ਸਬਦ ਤਹ ਪੂਰਨ ਨਾਦ ।।
ਅਨਹਦ ਬਾਜੇ ਅਚਰਜ ਬਿਸਮਾਦ ।।
ਸੁਖ ਸਹਜ ਆਨੰਦ ਭਵਨ ।।
ਸਾਧਸੰਗਿ ਬੈਸਿ ਗੁਣ ਗਾਵਹਿ
ਤਹ ਰੋਗ ਸੋਗ ਨਹੀ ਜਨਮ ਮਰਨ।। (ਪੰਨਾ 888)

ਮੁਕਤੀ ਦਾ ਗੁਰਬਾਣੀ ਅੰਦਰ ਦਾਰਸ਼ਨਿਕ ਵਿਵੇਚਨ ਬਹੁਤ ਨਹੀਂ ਹੋਇਆ। ਗੁਰੂ ਦੇ ਉਪਦੇਸ਼ ਦੁਆਰਾ ਅਗਿਆਨਤਾ ਦੇ ਫੰਦੇ ਕੱਟਣ ਤੇ ਗਿਆਨ ਦਾ ਪ੍ਰਕਾਸ਼ ਕਰਨਾ ਆਦਿ ਤੱਤਾ ਦਾ ਵਰਣਨ ਹੋਇਆ ਹੈ ਮੇਰ ਤੇਰ- ਅੰਹਵਾਦੀ ਭਾਵਨਾ ਬੰਧਨਾਂ ਦਾ ਕਾਰਨ ਮੰਨੀ ਹੈ

ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ
ਗੁਰ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ।। (ਪੰਨਾ 400)

ਡਾ. ਪ੍ਰੇਮ ਪ੍ਰਕਾਸ਼ ਸਿੰਘ ਜੀ ਨੇ ਮੁਕਤੀ ਦੇ ਸੂਖਮ ਤੱਤਾਂ ਦੀ ਵਿਆਖਿਆ ਕਰਦਿਆਂ ਕਿਹਾ ਹੈ ਕਿ ਮੁਕਤ ਅਵਸਥਾ ਵਿਚ ਕਿਸੇ ਅੰਸ਼ ਦਾ ਵਿਯੋਗ (ਖੰਡਨ) ਹੋਵੇ ਤਾਂ ਉਹ ਅਭਾਵਾਤਮਕ ਮੁਕਤੀ ਹੁੰਦੀ ਹੈ।

ਗਾਵੀਐ ਸੁਣੀਐ ਮਨ ਰਖੀਐ ਭਾਉ
ਦੁਖ ਪਰਹਰਿ ਸੁਖ ਘਰ ਲੈ ਜਾਇ।। (ਪੰਨਾ 2)

ਇਥੇ ਦੁਖਾਂ ਦਾ ਅਭਾਵ ਹੈ, ਖਲਾਸੀ ਹੈ। ਦੁਖਾਂ ਕਲੇਸ਼ਾਂ ਦਾ ਤਿਆਗ ਸਰੀਰ ਤੋਂ ਵਿਜੋਗ ਹੈ ਛੁਟਕਾਰਾ ਹੈ। ਜਦੋਂ ਮੁਕਤ ਅਵਸਥਾ ਵਿਚ ਕਿਸੇ ਅੰਸ਼ ਜਾਂ ਤੱਤ ਦਾ ਤਿਆਗ ਨਾ ਹੋਵੇ ਤਾਂ ਇਹ ਭਾਵਮਈ ਮੁਕਤੀ ਮੰਨੀ ਗਈ ਹੈ। ਜੈਸਾ ਕਿ ਜੋਤਿ ਦਾ ਜੋਤਿ ਨਾਲ ਸੁਰਤਿ ਨਾਲ ਮਿਲਾਪ, ਜਾਂ ਸੰਜੋਗ ਹੈ, ਵਿਜੋਗ ਨਹੀਂ

ਜੋਤਿ ਜੋਤਿ ਮਿਲਾਈਐ ਸੁਰਤੀ ਸੁਰਤੀ ਸੰਜੋਗ।।

ਆਤਮਾ ਤੇ ਪਰਮਾਤਮਾ ਦੇ ਵਿਚਕਾਰ ਕੂੜ ਦੀ *ਪਾਲ,* ਮਿਥਿਆ ਦਾ ਪਰਦਾ, ਪਰਪੰਚ, ਭਰਮ ਆਦਿ ਤੋਂ ਛੁਟਕਾਰਾ ਮੁਕਤੀ ਹੈ।

ਬਿਨੁ ਗੁਰ ਸਬਦੈ ਮੁਕਤਿ ਨ ਹੋਇ.

ਪਰਪੰਚ ਕਰਿ ਭਰਮਾਈ ਹੇ ।। (ਮਾਰੂ ਸੋਹਲੇ ਮਃ 1) ਪੰਨਾ 1024

ਅਸੀਂ ਉਪਰ ਜ਼ਿਕਰ ਕੀਤਾ ਹੈ ਕਿ ਅਭਾਵਾਤਮਕ ਮੁਕਤੀ ਅੰਦਰ ਕੁਝ ਭੈੜੇ ਅੰਸ਼ਾਂ ਦਾ ਤਿਆਗ ਕੀਤਾ ਜਾਂਦਾ ਹੈ ਜੈਸਾ, ਦੁਖ, ਨਰਕ ਜਾਲ, ਭਰਮ, ਮਾਇਆ ਹਉਮੈ, ਮਮਤਾ, ਦਵੈਤ, ਦਵੈਖ ਅਗਿਆਨ, ਮੋਹ, ਭੈ, ਬਿਕਾਰ, ਕਿਲਵਿਖ ਅੰਦੇਸਾ ਆਦਿ ਇਥੇ ਕੁਝ ਕੁ ਉਦਾਹਰਣਾਂ ਜ਼ਰੂਰੀ ਹੋਣਗੀਆਂ –

1. ਬਹੁੜਿ ਦੁਖ ਨ ਪਾਇਦਾ।। (ਪੰਨਾ 1034)
2. ਜਨ ਨਾਨਕ ਬਿਨ ਆਪਾ ਚੀਨੇ ਮਿਟੇ ਨ ਭ੍ਰਮ ਕੀ ਕਾਈ।। (ਪੰਨਾ 683)
3. ਅੰਤਰ ਅਲਖ ਨ ਜਾਈ ਲਖਿਆ ਵਿਚ ਪੜਦਾ ਹਉਮੈ ਪਾਈ।। (ਪੰਨਾ 205)
4. ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ।।(ਪੰਨਾ 263)
5. ਗੁਰ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ।। (ਪੰਨਾ 400)
6. ਹਰਿ ਨਾਮੁ ਜਪਤ ਕਿਲਵਿਖ ਸਬ ਲਾਥੈ।। (ਪੰਨਾ 1340)

ਨਾਮ-ਜਪਤ, ਹੁਕਮ ਦਾ ਮੰਨਣਾ, ਸ਼ਬਦ ਦਾ ਵੀਚਾਰ, ਇਕ ਸਮਾਨ ਅਰਥਾਂ ਵਿਚ ਆਏ ਹਨ

ਕਰਮ ਧਰਮ ਕਰਿ ਮੁਕਤਿ ਮੰਗਾਹੀ ਮੁਕਤਿ ਪਦਾਰਥ ਸਬਦਿ ਸਲਾਹੀ।।

ਬਿਨ ਗੁਰ ਸ਼ਬਦੈ ਮੁਕਤਿ ਨ ਹੋਈ ਪਰਪੰਚੁ ਕਰ ਭਰਮਾਈ ਹੇ।।

ਇਸੇ ਤਰ੍ਹਾਂ ਭਾਵਾਤਮਕ ਪੱਖ ਦੇ ਵੀ ਚਾਰ ਪੱਖ ਡਾ. ਪ੍ਰੇਮ ਪ੍ਰਕਾਸ਼ ਸਿੰਘ ਜੀ ਦੀ ਉਪਰੋਕਤ ਵਰਣਨ ਰਚਨਾ ਵਿਚੋਂ ਪ੍ਰਾਪਤ ਹੁੰਦੇ ਹਨ –

1. ਜੀਵਾਤਮਾ ਤੇ ਪਰਮਾਤਮਾ ਦੀ ਇਕਮਿਕਤਾ
2. ਪ੍ਰਭੂ ਦੇ ਸਾਖਿਆਤਕਾਰ
3. ਪ੍ਰਭੂ ਦੀ ਅਨਭੂਤੀ
4. ਪ੍ਰਭੂ ਦੀ ਪ੍ਰਾਪਤੀ

ਅਭੇਦਤਾ, ਏਕਾਗਰਤਾ, ਇਕਰੂਪਤਾ, ਤਦਰੂਪਤਾ ਜਾਂ ਵਿਲੀਨਤਾ ਹੈ-

1. ਤਿਹਿ ਨਰ ਹਰਿ ਅੰਤਰੁ ਨਹੀਂ ਨਾਨਕ ਸਾਚੀ ਮਾਨੁ। (ਪੰਨਾ 1428)
2. ਧਨ ਸੋਹਾਗਿਨ ਜੋ ਪ੍ਰਭੂ ਪਛਾਣੈ
   ਮਾਨੇ ਹੁਕਮ ਤਜੈ ਅਭਿਮਾਨੈ।। (ਸੂਹੀ ਮਃ 5)
3. ਬ੍ਰਹਮ ਦੀਸੈ ਬ੍ਰਹਮ ਸੁਣੀਐ ਏਕ ਏਕ ਵਖਾਣੀਐ
   ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾਂ ਨਹੀਂ ਜਾਣੀਐ।।
4. ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ।।
   ਗੁਰਿ ਪੂਰੇ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ।। (ਪੰਨਾ 1263)

ਗੁਰਮਤਿ ਨੇ ਮੁਕਤੀ ਸਿਧਾਂਤ ਨੂੰ ਇਕ ਵਿਲੱਖਣ ਰੂਪ ਵਿਚ ਲਿਆ ਹੈ। ਪਰਮਾਤਮਾ ਦੇ ਦਰਸ਼ਨ ਜਾਂ ਚਰਨਾਂ ਜਾਂ ਪ੍ਰੀਤਿ ਨੂੰ ਮੁਕਤੀ ਜਾਂ ਬੈਕੁੰਠ ਤੋਂ ਸਰਬ ਸਰੇਸ਼ਟ ਮੰਨਿਆ ਹੈ।

ਗੁਰੂ ਕੀ ਸਾਖੀ ਅਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ

ਦਰ ਦਰਸ਼ਨ ਦਾ ਪ੍ਰੀਤਮੁ ਹੋਵੇ ਮੁਕਤਿ ਬੈਕੁੰਠ ਕਰੈ ਕਿਆ।। (ਆਸਾ ਪਦੇ 38/3)

ਮੁਕਤਿ ਪਾਈਐ ਸਾਧ ਮਗਤਿ

ਬਿਨਸ ਜਾਇ ਅੰਧਾਰ।। (ਧਨਾ ਮਃ 5)

ਮੁਕਤੀ ਦੀ ਪ੍ਰਾਪਤੀ ਦੇ ਸਾਧਨ ਦਾ ਅਸੀਂ ਅਪਰੋਖ ਰੂਪ ਵਿਚ ਪਹਿਲਾਂ ਭਾਵੇਂ ਜਿਕਰ ਕਰ ਆਏ ਹਾਂ ਪ੍ਰੰਤੂ ਇਥੇ ਪਾਠਕਾਂ ਤਾਂਈ ਸਪਸ਼ਟ ਕਰਨ ਲਈ ਫਿਰ ਨਿਯਮਬੱਧ ਢੰਗ ਅਨੁਸਾਰ ਵਰਣਨ ਕਰਨਾ ਜ਼ਰੂਰੀ ਹੈ –

ਮੁਕਤੀ ਵਿਦਿਆ ਵਿਗਿਆਨ ਦੁਆਰਾ ਨਹੀਂ ਮਿਲਦੀ। ਇਹ ਪ੍ਰਾਪਤੀ ਦਾ ਯਤਨ ਬਾਹਰਮੁਖੀ ਨਹੀਂ ਹੋਣਾ ਚਾਹੀਦਾ।

ਮੁਕਤਿ ਨਾਹੀ ਬਿਦਿਆ ਬਿਗਿਆਨਿ । (ਰਾਮਕਲੀ ਅਸਟ 2-6)

ਡਾ. ਰਤਨ ਸਿੰਘ ਜੱਗੀ ਅਨੁਸਾਰ ਮੁਕਤੀ ਨਾ ਤਾਂ ਪਹਿਲਾਂ ਅਪ੍ਰਾਪਤ ਹੈ ਨਾਂਹੀ ਉਤਪਨ ਹੁੰਦੀ ਹੈ। ਇਹ ਪ੍ਰਾਪਤ ਦੀ ਹੀ ਪ੍ਰਾਪਤੀ ਹੈ। ਮਾਇਆ ਦੇ ਪਰਦੇ ਦੇ ਹਟ ਜਾਣ ਨਾਲ ਇਹ ਪ੍ਰਾਪਤ ਹੋ ਜਾਂਦੀ ਹੈ –

ਪ੍ਰਮਾਤਮਾ ਦਾ ਹੁਕਮ, ਰਜਾ ਭਾਣਾ ਮੰਨਣਾ
ਦੂਜਾ ਹੈ ਪਰਮਾਤਮਾ ਦਾ ਹੁਕਮ ਕੀ ਹੈ
ਇਹ ਹੁਕਮ ਨਾਲ ਸਿਮਰਨ ਕਰਨਾ ਹੈ
ਇਹ ਨਾਮ ਗੁਰੂ ਤੋਂ ਪ੍ਰਾਪਤ ਹੁੰਦਾ ਹੈ
ਗੁਰੂ ਦੀ ਸੇਵਾ ਨਾਮ ਸਿਮਰਨ ਦੀ ਕਮਾਈ ਹੈ
ਗੁਰ ਸੇਵਾ ਗੁਰ ਭਗਤਿ ਹੈ।

ਸਚੇ ਸ਼ਬਦ ਦੀ ਭਗਤੀ ਦੁਆਰਾ ਸੇਵਕ ਦਾ ਮਨ ਆਤਮ ਸਰੂਪੀ ਘਰ ਵਿਚ ਵਸ ਜਾਂਦਾ ਹੈ। ਸੇਵਕ ਅੰਹ ਭਾਵ ਨੂੰ ਮਾਰ ਕੇ ਜੀਉਂਦਾ ਹੈ ਤਾਂ ਮੁਕਤੀ ਸੰਭਵ ਹੈ। ਅੰਹਭਾਵ ਨੂੰ ਮਾਰਨ ਉਪਰੰਤ ਅਧਿਆਤਮ ਕਰਮ ਕਰਨ ਦੀ ਸੋਝੀ ਆਉਂਦੀ ਹੈ, ਸੰਤਾਂ ਦੀ ਸੰਗਤ ਕਰਨੀ ਅਧਿਆਤਮ ਕਰਮ ਹੈ। ਇਸ ਦੁਆਰਾ ਆਸਾ ਤੇ ਇੱਛਾਂ ਨਸ਼ਟ ਹੋ ਜਾਂਦੀ ਹੈ –

ਅਧਿਆਤਮ ਕਰਮ ਕਰੇ ਤਾ ਸਾਚਾ
ਮੁਕਤ ਭੇਦ ਕਿਆ ਜਾਣੈ ਕਾਚਾ ।।
ਨਾਮਿ ਰਤੇ ਪਾਵਹਿ ਮੋਖ ਦੁਆਰ।। (ਰਾਮਕਲੀ ਸਿਧਿ ਗੋਸਟਿ 32)
ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕ ਦਾਸ ।। (ਪੰਨਾ ਪਦੇ 8/4)

ਨਾਮ ਦੀ ਕਮਾਈ ਦੁਆਰਾ ਹਉਮੈ ਦੀ ਨਵਿਰਤੀ ਹੁੰਦੀ ਹੈ।

ਹਉ ਹਉ ਕਰਤ ਨਹੀਂ ਸਚ ਪਾਈਐ।।
ਹਉਮੈ ਜਾਇ ਪਰਮਪਦ ਪਾਈਐ

ਗੁਰਮਤਿ ਅਨੁਸਾਰ ਸਾਨੂੰ ਮੁਕਤੀ ਦੇ ਹੇਠ ਲਿਖੇ ਰੂਪ ਮਿਲਦੇ ਹਨ –

**ਮੁਕਤੀ ਦਾ ਅਨੰਦ ਸਰੂਪ**

ਅਨੰਦੋ ਅਨਦ ਘਣਾ ਮੈ ਸੋ ਪ੍ਰਭ ਡੀਠਾ ਰਾਮ
ਚਾਖਿਅੜਾ ਚਾਖਿਅੜਾ ਮੈ ਹਿਰਿ ਰਸੁ ਮੀਠਾ ਰਾਮ।। (ਪੰਨਾ 452)

ਚਾਰ ਪਦਾਰਥਾਂ ਜਾਂ ਚਾਰ ਪੁਰਸ਼ਾਰਥਾਂ ਧਰਮ, ਅਰਥ, ਕਾਮ ਤੇ ਮੋਖ ਤੋਂ ਬਿਨਾਂ ਪੰਜਵਾਂ ਅਨੰਦ ਮੰਨਿਆ ਗਿਆ ਹੈ। ਗੁਰਮਤਿ ਰਾਜ ਸ਼ਕਤੀ ਤੇ ਮੁਕਤੀ ਦੀ ਪ੍ਰਾਪਤੀ ਨਾਲੋਂ ਪ੍ਰਭੂ ਚਰਨਾਂ ਦੀ ਪ੍ਰੀਤੀ ਨੂੰ ਪ੍ਰਮੁਖਤਾ ਦਿੰਦੀ ਹੈ। ਇਸ ਵਿਚਾਰ ਅਨੁਸਾਰ ਇਹ ਸਭ ਦੁਨਿਆਵੀ ਤੇ ਉਰੇ ਦੀਆਂ ਪ੍ਰਾਪਤੀਆਂ ਹਨ।

ਰਾਜ ਨ ਚਾਹਉ ਮੁਕਤ ਨ ਚਾਹਉ
ਮਨਿ ਪ੍ਰੀਤ ਚਰਨ ਕਮਲਾਰੈ।।

ਬੈਕੁੰਠ– ਗੁਰਮਤਿ ਨੇ ਬੈਕੁੰਠ ਦੀ ਨਵੀਂ ਵਿਆਖਿਆ ਪੇਸ਼ ਕੀਤੀ ਹੈ। ਇਹ ਵਿਆਖਿਆ ਭਾਰਤੀ ਮਿਥਿਹਾਸ ਤੇ ਪੌਰਾਣਿਕ ਵਿਆਖਿਆਵਾਂ ਤੋਂ ਨਿਵੇਕਲੀ ਤੇ ਨਵੀਂ ਹੈ।

ਬੈਕੁੰਠ ਨਗਰ ਜਹਾ ਸੰਤ ਵਾਸਾ। (ਪੰਨਾ 742)
ਅਠਸਠਿ ਤੀਰਥ ਜਹ ਸਾਧ ਪਗ ਧਰਹਿ ।।
ਤਹੁ ਬੈਕੁੰਠ ਹਰ ਨਾਮ ਉਚਰਹਿ ।। (ਪੰਨਾ 890)

ਸਚਖੰਡ – ਨਿਰੰਕਾਰ ਦਾ ਵਾਸਾ ਹੈ, ਕਿਤੇ ਕਿਤੇ ਅਨੰਦ ਭਵਨ ਬੇਗਮ ਪੁਰਾ, ਸੁਖ ਮਹਲ ਆਦਿ ਸ਼ਬਦਾਂ ਦਾ ਪ੍ਰਯੋਗ ਵੀ ਹੋਇਆ ਮਿਲਦਾ ਹੈ।

**ਜੀਵਨ ਮੁਕਤ**

ਗੁਰਮਤਿ ਦੇ ਵਿਦਵਾਨਾਂ ਨੇ ਜੀਵਨ ਮੁਕਤ ਸਿਧਾਂਤ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ।

**ਜੀਵਨ ਮੁਕਤ**
**ਵਿਦੇਹ ਮੁਕਤ**
**ਨਿਤ ਮੁਕਤ**

ਜਿਹੜਾ ਵਿਅਕਤੀ ਜੀਉਂਦਿਆਂ ਹੀ ਸੰਸਾਰਕ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ ਉਹ ਜੀਵਨ ਮੁਕਤ ਕਹਿਲਾਂਦਾ ਹੈ

ਜੀਵਨ ਮੁਕਤ ਸੋ ਆਖੀਐ
ਜਿਸ ਵਿਚਹੁ ਹਉਮੈ ਜਾਇ।। (ਮਾਰੂ ਅਸਟ 2/6)

ਜਿਹੜਾ ਵਿਅਕਤੀ ਮਰਨ ਉਪਰੰਤ ਮੁਕਤੀ ਪ੍ਰਾਪਤ ਕਰਦਾ ਹੈ, ਉਹ ਵਿਦੇਹ ਮੁਕਤ ਹੈ

ਜਿਹੜੇ ਸੰਤ ਜਨ ਬ੍ਰਹਮ ਗਿਆਨੀ ਕਰਮ ਗਤੀ ਤੋਂ ਹਮੇਸ਼ਾ ਲਈ ਮੁਕਤ ਹੋ ਜਾਂਦੇ ਹਨ। ਅਜਿਹੇ ਸਾਧ ਜਨ ਪ੍ਰਭੂ ਦੀ ਇੱਛਾ ਅਨੁਸਾਰ ਉਸਦੀ ਹਜ਼ੂਰੀ ਵਿਚ ਵਸਦੇ ਹਨ ਗੁਰਬਾਣੀ ਨੇ ਅਜਿਹੇ ਮਹਾਂਪੁਰਸ਼ਾਂ ਦਾ ਸੰਕੇਤ ਕੀਤਾ ਹੈ।

ਜਨਮ ਮਰਨ ਦੋਹੂ ਮਹਿ ਨਾਹੀ ਜਨ ਪਰਉਪਕਾਰੀ ਆਇ।
ਜੀਅ ਦਾਨ ਦੇਹ ਭਗਤੀ ਲਾਇਨ ਹਰਿ ਸਿਉ ਲੇਨਿ ਮਿਲਾਇ।

ਗੁਰਮਤਿ ਨੇ ਜੀਵਨ ਮੁਕਤ ਸਿਧਾਂਤ ਪ੍ਰਤਿ ਪਹਿਲ ਦਰਸਾਈ ਹੈ। ਗੁਰਮਤਿ ਮਰਨ ਉਪਰੰਤ ਮੁਕਤੀ ਨੂੰ ਪਹਿਲ ਤੇ ਮਹੱਤਤਾ ਨਹੀਂ ਦਿੰਦਾ। ਜੀਵਨ ਮੁਕਤ ਵਿਅਕਤੀ ਦੇ ਮਨ ਦੀ ਸਹਜ ਅਵਸਥਾ ਦਾ ਵਰਣਨ ਗੁਰੂ ਅਰਜਨ ਦੇਵ ਜੀ ਨੇ ਇਸ ਪ੍ਰਕਾਰ ਕੀਤਾ ਹੈ -

ਪ੍ਰਭ ਕੀ ਆਗਿਆ ਆਤਮ ਹਿਤਾਵੈ ।।
ਜੀਵਨ ਮੁਕਤਿ ਸੋਊ ਕਹਾਵੈ ।।
ਤੈਸਾ ਹਰਖੁ ਤੈਸਾ ਉਸ ਸੋਗ ।।
ਸਦਾ ਅਨੰਦੁ ਤਹ ਨਾਹੀ ਬਿਓਗ ।।
ਤੈਸਾ ਸੁਵਰਨੁ ਤੈਸੀ ਉਸੁ ਮਾਟੀ ।।
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ।।
ਤੈਸਾ ਮਾਨੁ ਤੈਸਾ ਅਭਿਮਾਨੁ ।।
ਤੈਸਾ ਰੰਕੁ ਤੈਸਾ ਰਾਜਾਨੁ ।।
ਜੋ ਵਰਤਾਏ ਸਾਈ ਜੁਗਤਿ ।।
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ।। (ਗਾਉੜੀ-ਸੁਖਮਨੀ ਮ.5)

ਅੰਤ ਵਿਚ ਅਸੀਂ ਇਹੀ ਕਹਿ ਸਕਦੇ ਹਾਂ ਕਿ ਗੁਰਮਤਿ ਅਨੁਸਾਰ ਮੁਕਤ ਪਦ ਵਿਲੱਖਣਤਾ ਦਾ ਸੂਚਕ ਹੈ। ਮੁਕਤ ਵਿਅਕਤੀ ਦੂਸਰਿਆਂ ਦੇ ਕਲਿਆਣ ਹਿਤ ਕਾਰਜ ਕਰਦਾ ਹੈ । ਮਰਨ ਤੋਂ ਉਪਰੰਤ ਮੁਕਤੀ ਦੀ ਪ੍ਰਾਪਤੀ ਕਿਸ ਨੇ ਦੇਖੀ ਜਾਂ ਇਸਦਾ ਕਿਸੇ ਦੂਸਰੇ ਪ੍ਰਤਿ ਕੀ ਲਾਭ ਹੈ? ਜਦਿ ਕਿ ਗੁਰਮਤਿ ਅਨੁਸਾਰ ਜੀਵਨ ਮੁਕਤ ਵਿਅਕਤੀ ਅਗਿਆਨੀਆਂ ਤੇ ਨਾਸਤਿਕਾਂ ਨੂੰ ਪ੍ਰਭੂ ਵਲ ਪ੍ਰੇਰਤ ਕਰਦਾ ਹੈ ਆਪ ਤੇ ਦੂਸਰਿਆਂ ਨੂੰ ਨਾਮ ਸਿਰਮਨ ਵਲ ਲਾਉਂਦਾ ਹੈ।

ਮੁਕਤੀ ਦੀ ਪ੍ਰਾਪਤੀ ਲਈ ਗੁਰਮਤਿ ਨੇ ਨਦਰ, ਮੇਹਰ, ਕਰਮ ਦਾ ਬੜਾ ਵੱਡਾ ਰੋਲ ਮਨਿਆ ਹੈ। ਮਨੁੱਖ ਕਰਮ ਤਾਂ ਕਰਦਾ ਹੈ ਪ੍ਰੰਤੂ ਪ੍ਰਭੂ ਮੇਹਰ ਦੁਆਰਾ ਹੀ ਮੁਕਤੀ ਸੰਭਵ ਹੈ : -

ਨਦਰਿ ਕਰਮਿ ਲੰਘਾਏ ਪਾਰਿ।। (ਪੰਨਾ 463)
ਨਾਨਕ ਤਰੀਐ ਤੇਰੀ ਮੇਹਰ।। (ਰਾਮਕਲੀ ਮ: 5)
ਜਿਥੈ ਨੀਚ ਸਮਾਲੀਅਨ ਤਿਥੈ ਨਦਰਿ ਤੇਰੀ ਬਖਸੀਸ।। (ਪੰਨਾ 15)

ਪ੍ਰਭੂ ਦਇਆ ਦੁਆਰਾ ਹੀ ਮਨ ਸਿਮਰਨ ਵਲ ਲਗਦਾ ਹੈ। ਮਨ ਵਿਚਾਰਾਂ ਦੀ ਪਕੜ ਤੋਂ ਨਿਕਲ ਕੇ, ਗੁਣਾਂ ਨੂੰ ਗ੍ਰਹਿਣ ਕਰਦਾ ਹੈ। ਪ੍ਰਭੂ ਦਇਆ ਕਰਕੇ ਹੀ ਹਿਰਦੇ ਅੰਦਰ ਨਾਮ ਦਾ ਵਾਸਾ ਭਾਵ ਦ੍ਰਿੜ ਕਰਾਉਂਦਾ ਹੈ।

ਭਇਓ ਅਨੁਗ੍ਰਹੁ ਜਾ ਕਉ ਪ੍ਰਭ ਕੋ
ਤਿਸੁ ਹਿਰਦੇ ਨਾਮ ਵਸਾਇਆ।। (ਟੋਡੀ ਮ: 5 ਪੰਨਾ 712)
ਜਾ ਕਉ ਦਇਆ ਕਰੀ ਮੇਰੇ ਠਾਕਰਿ।।
ਤਿੰਨ ਗੁਰਹਿ ਕਮਾਨੋ ਮੰਤਾ।। (ਪੰਨਾ 672)

ਗੁਰਮਤਿ ਅਨੁਸਾਰ ਮੁਕਤੀ ਕੁਝ ਬੁਨਿਆਦੀ ਕਾਰਜਾ ਕਰਕੇ ਆਪਣੇ ਆਪਣੇ ਆਪ ਵਿਚ ਵਿਲੱਖਣ ਹੈ ਜਿਵੇਂ ਕਿ :

- ਗੁਰਮਤਿ ਮੁਕਤੀ ਪਲਾਇਨਵਾਦੀ ਨਹੀਂ, ਭਾਵ ਸੰਸਾਰਕ ਜ਼ਿੰਮੇਵਾਰੀ, ਗ੍ਰਹਿਸਤ ਦਾ ਤਿਆਗ ਕਰਕੇ ਨਹੀਂ ਪ੍ਰਾਪਤ ਕੀਤੀ ਜਾਂਦੀ।
- ਇਹ ਨਕਾਰਆਤਮਕ ਨਹੀਂ ਹੈ ਭਾਵ ਗੁਰਮਤਿ ਮੁਕਤੀ ਦਾ ਜੀਵਨ ਦ੍ਰਿਸ਼ਟੀਕੋਣ ਨਿਰਾਸ਼ਵਾਦੀ ਨਹੀਂ ਸਗੋਂ

ਸਕਾਰਆਤਮਕ ਹੈ, ਆਪਣੇ ਤਕ ਸੀਮਤ ਨਹੀਂ ਹੈ।

- ਜੀਵਨ ਮੁਕਤੀ ਪ੍ਰਾਪਤ ਕਰਕੇ ਦੂਸਰਿਆਂ ਪ੍ਰਤਿ ਪਰਉਪਕਾਰ ਭਾਵਨਾ ਨਾਲ ਕੰਮ ਕੀਤਾ ਜਾਂਦਾ ਹੈ।
  ਆਪ ਜਪੈ ਅਵਰਾ ਨਾਮ ਜਾਪਾਵੈ।।
- ਗੁਰਮਤਿ ਮੁਕਤੀ ਸਹਜ ਮਾਰਗ ਉਤੇ ਆਧਾਰਤ ਹੈ ਭਾਵ ਪਰਵਿਰਤੀ ਵਿਚ ਨਿਰਵਿਰਤੀ ਕਰਮ ਕਰਨ ਦੀ ਰਾਸ਼ੀ ਹੈ।
- ਮੁਕਤੀ-ਹਠ-ਤਪ ਸਾਧਨਾਵਾਂ ਤੋਂ ਮੁਕਤ ਹੈ, ਵਾਧੂ ਕਰਮ-ਕਾਡਾਂ ਤੋਂ ਛੁਟਕਾਰਾ ਹੈ।
- ਜੀਉਦਿਆਂ ਹੀ ਸੰਸਾਰਕ ਬੰਧਨਾਂ ਤੋਂ ਛੁਟਕਾਰਾ ਪਾਉਣ ਦੀ ਹਾਮੀ ਭਰਦੀ ਹੈ, ਪ੍ਰਭੂ ਚਰਨਾ ਦੀ ਪ੍ਰੀਤੀ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ।

## ਸਹਾਇਕ ਪੁਸਤਕਾਂ


1. ਡਾ. ਪ੍ਰੇਮ ਪ੍ਰਕਾਸ਼ ਸਿੰਘ : ਗੁਰੂ ਨਾਨਕ ਤੇ ਨਿਰਗੁਣਧਾਰਾ
2. ਡਾ. ਰਤਨ ਸਿੰਘ ਜੱਗੀ : ਗੁਰੂ ਨਾਨਕ ਦੀ ਵਿਚਾਰਧਾਰਾ
3. ਡਾ. ਵਜ਼ੀਰ ਸਿੰਘ : ਸਿੱਖ ਦਰਸ਼ਨਧਾਰਾ
4. ਡਾ. ਜਸਵਿੰਦਰ ਕੌਰ ਢਿਲੋਂ : ਗੁਰੂ ਨਾਨਕ ਦੇਵ ਜੀ ਦੀਆਂ ਬਾਣੀਆਂ ਦਾ ਦਾਰਸ਼ਨਿਕ ਅਧਿਐਨ
5. ਡਾ. ਮਨਮੋਹਨ ਸਿੰਘ : ਧਰਮ ਦਾ ਵਿਕਾਸ ਤੇ ਗੁਰਮਤਿ
6. ਪ੍ਰੋ. ਦੀਵਾਨ ਸਿੰਘ : ਗੁਰਮਤਿ ਸਿਧਾਂਤ
7. Dr. Wazir Singh : The Philosophy of Sikh Religion
8. Dr. Wazir Singh : The Sikh Vision


Type Setting :
Department of Distance Education, Punjabi University, Patiala. (2017)

ਪਾਠ ਨੰਬਰ : 3.1 ਲੇਖਕ : ਡਾ. ਗੁਰਦੇਵ ਕੌਰ

# ਭਗਤ ਕਬੀਰ ਜੀ -ਬਾਵਨ ਅੱਖਰੀ ਅਤੇ ਸਲੋਕ
# ਧਾਰਮਿਕ ਅਤੇ ਦਾਰਸ਼ਨਿਕ ਮਹੱਤਵ

## ਸੰਖੇਪ ਜਾਣ-ਪਛਾਣ

ਉੱਤਰੀ ਭਾਰਤ ਦੀ ਮੱਧ-ਕਾਲੀਨ ਸੰਤ ਪਰੰਪਰਾ ਵਿਚ ਭਗਤ ਕਬੀਰ ਜੀ ਦਾ ਸਥਾਨ ਬਹੁਤ ਉੱਚਾ ਹੈ। ਆਪ ਦੁਆਰਾ ਰਚਿਤ ਬਾਣੀ ਦੇ ਅਧਿਐਨ ਉਪਰੰਤ ਇਹ ਨਿਸ਼ਚੇ ਨਾਲ ਕਿਹਾ ਜਾ ਸਕਦਾ ਹੈ ਕਿ ਆਪ ਇਕ ਮਹਾਨ ਸੰਤ, ਕਵੀ, ਚਿੰਤਕ, ਵਿਚਾਰਕ ਅਤੇ ਸਮਾਜ ਸੁਧਾਰਕ ਸਨ। ਭਾਈ ਗੁਰਦਾਸ ਜੀ ਨੇ 'ਰਾਮ ਕਬੀਰੈ ਭੇਦੁ ਨ ਭਾਈ' ਕਹਿ ਕੇ ਆਪ ਜੀ ਦੀ ਅਧਿਆਤਮਿਕ ਅਵਸਥਾ ਬਾਰੇ ਸੰਕੇਤ ਕੀਤਾ ਹੈ। ਆਪ ਜੀ ਦੇ ਜਨਮ, ਜਨਮ-ਸਥਾਨ, ਜਨਮ-ਤਿਥਿ, ਜਾਤੀ ਅਤੇ ਜੀਵਨ ਸਮਾਚਾਰਾਂ ਸਬੰਧੀ ਨਿਸ਼ਚੇ ਨਾਲ ਕੁਝ ਕਹਿਣਾ ਕਠਿਨ ਹੈ। ਭਗਤ ਕਬੀਰ ਜੀ ਨੇ ਆਪਣੇ ਆਪ ਨੂੰ 'ਮੈਂ ਕਾਸੀ ਕਾ ਜੁਲਾਹਾ' ਅਤੇ 'ਮੇਰੀ ਜਾਤਿ ਜੁਲਾਹਾ' ਆਦਿ ਵਾਕਾਂ ਦੁਆਰਾ ਆਪਣੀ ਜਾਤੀ ਬਾਰੇ ਸੰਕੇਤ ਕੀਤਾ ਹੈ। ਇਸ ਤੋਂ ਇਲਾਵਾ ਬਨਾਰਸ ਦੇ ਪੰਡਤਾਂ ਨੂੰ ਸਾਦ ਮੁਰਾਦੀ ਜਨਤਾ ਦਾ ਸ਼ੋਸ਼ਣ ਕਰਦੇ ਹੋਏ ਵੇਖ ਕੇ ਉਨ੍ਹਾਂ ਦੀ ਬੜੇ ਕਠੋਰ ਸ਼ਬਦਾਂ ਵਿਚ ਆਲੋਚਨਾ ਕੀਤੀ ਹੈ। ਬਨਾਰਸ ਵਿਚ ਭਗਤ ਕਬੀਰ ਜੀ ਬਾਰੇ ਇਹ ਰਵਾਇਤ ਹੈ ਕਿ ਆਪ ਜੀ ਦਾ ਜਨਮ ਕਿਸੇ ਕੁਆਰੀ ਬ੍ਰਾਹਮਣ ਕੰਨਿਆ ਤੋਂ ਹੋਇਆ ਸੀ, ਜਿਸ ਨੇ ਲੋਕ ਲਾਜ ਦੇ ਭੈ ਕਾਰਨ ਆਪ ਨੂੰ ਇਕ ਤਲਾਬ ਦੇ ਕੰਢੇ ਰੱਖ ਦਿੱਤਾ ਸੀ। ਉਥੋਂ ਆਪ ਨੂੰ ਇਕ ਮੁਸਲਮਾਨ ਜੁਲਾਹੇ ਨੇ ਚੁੱਕ ਦੇ ਆਪ ਦੀ ਪਾਲਣਾ ਕੀਤੀ ਸੀ। ਆਪ ਜੀ ਦੀ ਜਨਮ ਤਿਥੀ ਬਾਰੇ ਵਿਦਵਾਨਾਂ ਵਿਚ ਮਤ ਭੇਦ ਹੈ, ਪਰ ਆਪ ਦਾ ਦਿਹਾਂਤ ਸੰਨ 1518 ਈ. ਵਿਚ ਮਗਹਰ ਵਿਖੇ ਹੋਇਆ ਮੰਨਿਆ ਜਾਂਦਾ ਹੈ। ਇਥੇ ਆਪ ਦੀ ਯਾਦ ਵਿਚ ਧਰਮਸ਼ਾਲਾ ਉਸਾਰੀ ਗਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਜੀ ਦੁਆਰਾ ਰਚਿਤ ਬਾਣੀ ਦਾ ਬਿਉਰਾ ਇਸ ਪ੍ਰਕਾਰ ਹੈ :

| ਰਾਗ ਦਾ ਨਾਂ | ਪਦਾਂ ਦੀ ਗਿਣਤੀ | ਅਸ਼ਟਪਦੀਆਂ | ਹੋਰ ਬਾਣੀਆਂ |
|---|---|---|---|
| ਸਿਰੀ ਰਾਗ | 2 | | |
| ਗਾਉੜੀ | 73 | 1 | ਬਾਵਨ ਅੱਖਰੀ (45) |
| ਆਸਾ | 37 | | ਥਿਤੀ (16), ਵਾਰ (8) |
| ਗੂਜਰੀ | 3 | | |
| ਬਿਹਾਗੜਾ | 1 | | |
| ਸੋਰਠਿ | 11 | | |
| ਧਨਾਸਰੀ | 5 | | |
| ਤਿਲੰਗ | 1 | | |
| ਸੂਹੀ | 5 | | |
| ਬਿਲਾਵਲ | 12 | | |
| ਗੌਂਡ | 11 | | |
| ਰਾਮਕਲੀ | 14 | | |
| ਮਾਰੂ | 12 | | |
| ਕੇਦਾਰਾ | 6 | | |
| ਭੈਰਉ | 18 | | |
| ਬਸੰਤ | 7 | | |
| ਸਾਰੰਗ | 3 | | |
| ਪ੍ਰਭਾਤੀ | 5 | | |
| ਸਲੋਕ | 243 (ਜਿਨ੍ਹਾਂ ਵਿਚੋਂ 5 ਗੁਰੂ ਸਾਹਿਬਾਨ ਦੇ ਹਨ ਅਤੇ 3 ਹੋਰ ਭਗਤਾਂ ਦੇ) | | |

ਇਸ ਬਿਉਰੇ ਤੋਂ ਸਪਸ਼ਟ ਹੁੰਦਾ ਹੈ ਕਿ ਭਗਤਾਂ ਵਿਚੋਂ ਸਭ ਤੋਂ ਵਧ ਬਾਣੀ ਭਗਤ ਕਬੀਰ ਜੀ ਦੀ ਹੈ। ਇਸ ਤੋਂ ਇਲਾਵਾ ਕਬੀਰ

ਜੀ ਦੀ ਰਚਨਾਵਲੀ ਦੇ ਕਈ ਹੋਰ ਗ੍ਰੰਥ ਵੀ ਹਨ, ਜੋ ਹਿੰਦੀ ਸਾਹਿਤ ਨਾਲ ਸੰਬੰਧਿਤ ਵੱਖ-ਵੱਖ ਸੰਸਥਾਵਾਂ ਨੇ ਪ੍ਰਕਾਸ਼ਿਤ ਕੀਤੇ ਹਨ। ਇਸ ਪਾਠ ਵਿਚ ਕਬੀਰ ਜੀ ਦੁਆਰਾ ਰਚਿਤ ਬਾਵਨ ਅੱਖਰੀ ਅਤੇ ਸਲੋਕਾਂ ਦੇ ਆਧਾਰ ਉਪਰ ਹੇਠ ਲਿਖੇ ਦਾਰਸ਼ਨਿਕ ਸਿਧਾਂਤਾਂ ਬਾਰੇ ਵਿਚਾਰ ਪ੍ਰਸਤੁਤ ਕੀਤੇ ਗਏ ਹਨ।

**ਪਰਮ-ਸੱਤਾ ਜਾਂ ਸਰਵਉੱਚ ਵਾਸਤਵਿਕਤਾ**

ਭਗਤ ਕਬੀਰ ਜੀ ਨੇ ਬਾਵਨ ਅੱਖਰੀ ਦੇ ਆਰੰਭ ਵਿਚ 'ਜਸ ਓਹੁ ਹੈ ਤਸ ਲਖੈ ਨ ਕੋਈ' (340/2) ਕਹਿ ਕੇ ਇਹ ਗੱਲ ਯਾਦ ਰੱਖਣ ਲਈ ਕਹੀ ਹੈ ਕਿ ਜੈਸਾ ਉਹ ਹੈ, ਤੈਸਾ ਕੋਈ ਵੀ ਪੂਰਨ ਰੂਪ ਵਿਚ ਲਿਖ ਨਹੀਂ ਸਕਦਾ। ਕਹਿਣ ਤੋਂ ਭਾਵ ਇਹ ਹੈ ਕਿ ਪਰਮ-ਸੱਤਾ ਦਾ ਨਿਰੂਪਣ ਪੂਰਨ ਰੂਪ ਵਿਚ ਸੰਭਵ ਨਹੀਂ ਹੈ। ਕਬੀਰ ਜੀ ਨੇ ਪਰਮ-ਸੱਤਾ ਜਾਂ ਸਰਵਉੱਚ ਵਾਸਤਵਿਕਤਾ ਲਈ ਅਨੇਕ ਪਦ ਵਰਤੇ ਹਨ। ਉਨ੍ਹਾਂ ਦੇ ਸਾਹਮਣੇ ਮੁਸਲਮਾਨ ਅਤੇ ਹਿੰਦੂ ਧਰਮ ਦੇ ਅਨੁਯਾਈ ਸਨ, ਜਿਨ੍ਹਾਂ ਨੂੰ ਆਪ ਸੰਬੋਧਿਤ ਕਰ ਰਹੇ ਸਨ। ਮੁਸਲਮਾਨਾਂ ਨੂੰ ਉਪਦੇਸ਼ ਦੇਣ ਲਈ ਕੁਰਾਨ ਵਿਚ ਵਰਤੇ ਗਏ "ਅਲਹ" ਪਦ ਨੂੰ ਵਰਤਿਆ ਹੈ। ਹਿੰਦੂ ਜਨਤਾ ਜੋ ਵੇਦਾਂ ਅਤੇ ਪੁਰਾਣਾਂ ਨੂੰ ਆਪਣਾ ਧਰਮ ਗ੍ਰੰਥ ਮੰਨਦੀ ਸੀ, ਉਸ ਨੂੰ ਪਰਮ-ਸੱਤਾ ਸੰਬੰਧੀ ਬੋਧ ਕਰਾਉਣ ਲਈ 'ਓਅੰਕਾਰ', 'ਪਰਮ ਜੋਤਿ', 'ਪਰਮ ਸਚੁ', 'ਬਿਸਨ' ਆਦਿ ਪਦ ਵਰਤੇ ਹਨ। ਕਈ ਥਾਵਾਂ ਉਪਰ ਤਾਂ ਉਸ ਲਈ "ਭੂਪਤਿ" ਅਤੇ 'ਦਇਆਲ' ਪਦ ਵੀ ਪ੍ਰਯੋਗ ਕੀਤੇ ਹਨ। ਭਗਤ ਕਬੀਰ ਜੀ ਦੀ ਸੰਪੂਰਣ ਬਾਣੀ ਦਾ ਅਧਿਐਨ ਕਰਨ ਉਪਰ ਇਹ ਸਹਿਜੇ ਹੀ ਪ੍ਰਤੀਤ ਹੁੰਦਾ ਹੈ ਕਿ ਆਪ ਨੂੰ ਸਭ ਤੋਂ ਪਿਆਰਾ ਸ਼ਬਦ "ਰਾਮ" ਸੀ। ਰਾਮ ਤੋਂ ਭਾਵ- ਈਸ਼ਵਰ, ਪ੍ਰਮਾਤਮਾ, ਭਗਵਾਨ, ਅਕਾਲ ਪੁਰਖ ਜਿਸ ਵਰਗਾ ਹੋਰ ਕੋਈ ਨਹੀਂ ਹੈ ਯਥਾ :-

ਰਾਮ ਸਮਾਨ ਨ ਦੇਖਉ ਆਨ।।

(ਪੰਨਾ 330/34)

ਭਗਤ ਕਬੀਰ ਜੀ ਨੇ ਆਪਣੇ ਸਲੋਕਾਂ ਵਿਚ ਵੀ ਪਰਮ-ਸੱਤਾ ਲਈ ਸਭ ਤੋਂ ਵੱਧ "ਹਰਿ" ਅਤੇ "ਰਾਮ" ਪਦ ਵਰਤੇ ਹਨ। ਇਸ ਤੋਂ ਇਲਾਵਾ ਗੋਬਿੰਦ, ਗੋਪਾਲ, ਕੇਸੋ, (ਕੇਸ਼ਵ), ਕਰਤਾਰ, ਸਿਰਜਨਹਾਰ, ਜਗਦੀਸ਼, ਠਾਕੁਰ, ਪਰਮੇਸੁਰ, ਪਰਵਿਦਗਾਰ, ਪ੍ਰਭੂ, ਮੁਰਾਰਿ, ਬ੍ਰਹਮ, ਅਲਹ ਅਤੇ ਖੁਦਾਇ ਪਦਾਂ ਦੀ ਵਰਤੋਂ ਵੀ ਕੀਤੀ ਹੈ। ਭਗਤ ਕਬੀਰ ਜੀ ਵਾਸਤਵ ਵਿਚ ਅਧਿਆਤਮਕ ਚਿੰਤਕ ਸਨ। ਆਪ ਦਾ ਅਧਿਆਤਮ ਚਿੰਤਨ ਤਰਕ ਉਪਰ ਆਧਾਰਿਤ ਨਹੀਂ ਸੀ। ਇਸ ਦਾ ਆਧਾਰ ਉਹ ਅਨੁਭਵ ਸੀ ਜੋ ਉਨ੍ਹਾਂ ਕਠੋਰ-ਸਾਧਨਾਂ ਉਪਰੰਤ ਪ੍ਰਾਪਤ ਕੀਤਾ ਸੀ। ਆਪ ਆਪਣੇ ਵਿਚਾਰ ਪ੍ਰਸਤੁਤ ਕਰਨ ਵੇਲੇ ਦਲੀਲਾਂ ਜਾਂ ਯੁਕਤੀਆਂ ਦਾ ਆਸਰਾ ਨਹੀਂ ਲੈਂਦੇ ਸਨ। ਆਪ ਨੇ ਅੰਤਰ-ਗਿਆਨ ਦੀ ਸਹਾਇਤਾ ਨਾਲ ਪਰਮ-ਸੱਤਾ ਦੇ ਸਰੂਪ ਨੂੰ ਨਿਰੂਪਣ ਕਰਦੇ ਹੋਏ, ਇਸ ਗੱਲ ਉਪਰ ਬੱਲ ਦਿਤਾ ਹੈ ਕਿ ਇਕਤੱਵ ਹੀ ਪਰਮ ਸਤਿ ਹੈ। ਆਪ ਦੇ ਬਚਨ ਹਨ :

ਓਅੰਕਾਰ ਆਦਿ ਮੈ ਜਾਨਾ।।
ਲਿਖਿ ਅਰੁ ਮੇਟੈ ਤਾਹਿ ਨਾ ਮਾਨਾ।।
ਓਅੰਕਾਰ ਲਖੈ ਜਉ ਕੋਈ।।
ਸੋਇ ਲਖਿ ਮੇਟਣਾ ਨ ਹੋਈ।। (ਬਾਵਨ ਅੱਖਰੀ, ਪੰਨਾ 340/6)

ਅਰਥਾਤ ਮੈਂ ਓਅੰਕਾਰ ਰੂਪੀ ਬ੍ਰਹਮ ਨੂੰ ਜਾਣਦਾ ਹਾਂ ਜੋ ਆਦਿ ਹੈ, ਜੋ ਸ਼ਾਸਵਤ ਹੈ। ਜੋ ਜਨਮ-ਮਰਨ ਵਿਚ ਆਉਣ ਵਾਲਾ ਹੈ, ਉਸ ਨੂੰ ਮੈਂ ਨਹੀਂ ਮੰਨਦਾ। ਮੇਰਾ ਓਅੰਕਾਰ ਰੂਪੀ ਬ੍ਰਹਮ ਜਨਮ-ਮਰਨ ਤੋਂ ਰਹਿਤ ਹੈ। ਉਸ ਓਅੰਕਾਰ ਰੂਪੀ ਪਰਮੇਸ਼ਰ ਜਾਣਨ ਦਾ ਲਾਭ ਇਹ ਹੈ ਕਿ ਜਿਹੜਾ ਮਨੁੱਖ ਉਸ ਨੂੰ ਜਾਣ ਲੈਂਦਾ ਹੈ, ਉਸ ਦੀ ਮੌਤ ਨਹੀਂ ਹੁੰਦੀ। ਓਅੰਕਾਰ-ਸਰੂਪ ਬ੍ਰਹਮ ਦੇ ਰਹੱਸ ਨੂੰ ਉਜਾਗਰ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਬੜੇ ਵਿਸਥਾਰ ਨਾਲ ਇਉਂ ਫੁਰਮਾਇਆ ਹੈ :

ਓਅੰਕਾਰਿ ਬ੍ਰਹਮਾ ਉਤਪਤਿ।।
ਓਅੰਕਾਰੁ ਕੀਆ ਜਿਨਿ ਚਿਤਿ।।
ਓਅੰਕਾਰੁ ਸੈਲ ਜੁਗ ਭਏ।।
ਓਅੰਕਾਰਿ ਬੇਦ ਨਿਰਮਏ।।
ਓਅੰਕਾਰਿ ਸਬਦਿ ਉਧਰੇ।।
ਓਅੰਕਾਰਿ ਗੁਰਮੁਖਿ ਤਰੇ।।
ਓਨਮ ਅਖਰ ਸੁਣਹੁ ਬੀਚਾਰੁ।।
ਓਨਮ ਅਖਰੁ ਤ੍ਰਿਭਵਣ ਸਾਰੁ।। (929-30/1)

ਭਗਤ ਕਬੀਰ ਜੀ ਨੇ ਇਹ ਗੱਲ ਕਈ ਵਾਰ ਦੁਹਰਾਈ ਹੈ ਕਿ ਓਅੰਕਾਰ-ਰੂਪੀ ਬ੍ਰਹਮ ਦਾ ਗਿਆਨ ਐਸਾ ਹੈ, ਜਿਸ ਨੂੰ ਸ਼ਬਦਾਂ

ਵਿਚ ਬਿਆਨ ਨਹੀਂ ਕੀਤਾ ਜਾ ਸਕਦਾ ਅਰਥਾਤ ਅਕਥਨੀਯ ਹੈ। ਪ੍ਰਸ਼ਨ ਇਹ ਪੈਦਾ ਹੁੰਦਾ ਹੈ ਜੋ ਅਕਥਨੀਯ ਹੈ, ਵਰਣਨਾਤੀਤ ਹੈ, ਉਸ ਦਾ ਉਲੇਖ ਕਰਨ ਦਾ ਯਤਨ ਕਬੀਰ ਜੀ ਨੇ ਕਿਉਂ ਕੀਤਾ ਹੈ? ਇਸ ਪ੍ਰਸ਼ਨ ਦਾ ਉੱਤਰ ਦੇਣਾ ਕਠਿਨ ਹੈ। ਪਰ ਜਦ ਕਬੀਰ ਜੀ ਦੀ ਬਾਣੀ ਦਾ ਵਿਵੇਚਨ ਕੀਤਾ ਜਾਵੇ ਤਾਂ ਕਿਤੇ ਕਿਤੇ ਕੁਝ ਅਜਿਹੇ ਵਿਚਾਰ ਉਪਲਬਧ ਹੁੰਦੇ ਹਨ, ਜੋ ਇਸ ਪ੍ਰਸ਼ਨ ਦਾ ਉੱਤਰ ਸਮਝਣ ਵਿਚ ਸਹਾਇਕ ਸਿੱਧ ਹੁੰਦੇ ਹਨ। ਕਬੀਰ ਜੀ ਨੇ ਇਹ ਵਿਚਾਰ ਕਈ ਵਾਰ ਦੁਹਰਾਏ ਹਨ ਕਿ ਪਰਮਾਤਮਾ 'ਅਨੰਤ', 'ਅਸੀਮ', 'ਅਪਾਰ' ਅਤੇ 'ਅਲਖ' ਹੈ ਇਸ ਦੇ ਨਾਲ ਨਾਲ "ਸੋ ਸੰਮ੍ਰਥ ਨਿਜਪਤਿ ਹੈ ਦਾਤਾ।।" (ਪੰਨਾ 330) ਅਰਥਾਤ ਉਹ ਦਾਤਾ ਹੈ, ਬਲਵਾਨ ਅਤੇ ਸਸ਼ਕਤ ਹੈ। ਨਿਜਪਤਿ ਦੇ ਅਰਥ ਹਨ ਆਪਣਾ ਸੁਆਮੀ ਆਪ ਹੈ ਭਾਵ ਸੁਤੰਤਰ ਹੈ, ਉਸ ਦੀ ਹੋਂਦ ਕਿਸੇ ਦੇ ਆਸਰੇ ਨਹੀਂ ਹੈ। ਉਹ ਸੁੱਤੇ ਪ੍ਰਕਾਸ਼ ਹੈ। ਫਿਰ "ਜਤ ਪੇਖਉ ਤਤ ਅੰਤਰਜਾਮੀ" (ਪੰਨਾ 331) ਅਰਥਾਤ ਸਭ ਦੇ ਅੰਦਰ ਵਸਦਾ ਹੈ, ਜੋ ਹਿਰਦੇ ਵਿਚ ਸਥਿਤ ਹੈ, ਜੋ ਸਦਾ ਸੰਗ ਹੈ, ਸਭ ਦੇ ਅੰਦਰ ਵਿਚਰ ਰਿਹਾ ਹੈ। ਅੰਤਰਜਾਮੀ ਦਾ ਇਕ ਅਰਥ ਇਹ ਵੀ ਹੈ ਕਿ ਅੰਦਰ ਦੀ ਜਾਣਦਾ ਹੈ। ਅੰਤਰਜਾਮੀ ਬੜਾ ਗੂੜ੍ਹ ਸ਼ਬਦ ਹੈ। ਉਪਨਿਸ਼ਦ ਵਿਚ ਅੰਤਰਜਾਮੀ ਬਾਬਤ ਇਹ ਲਿਖਿਆ ਹੋਇਆ ਹੈ :

> ਜੋ ਪ੍ਰਿਥਵੀ ਵਿਚ ਰਹਿੰਦਾ ਹੋਇਆ ਪ੍ਰਿਥਵੀ ਤੋਂ ਵੱਖਰਾ ਹੈ, ਜਿਸ ਦਾ ਸਰੀਰ ਪ੍ਰਿਥਵੀ ਹੈ, ਪਰ ਜਿਸ ਨੂੰ ਪ੍ਰਿਥਵੀ ਨਹੀਂ ਜਾਣਦੀ ਪਰ ਫੇਰ ਵੀ ਉਹ ਇਸੇ ਪ੍ਰਿਥਵੀ ਦਾ ਅੰਦਰੋਂ ਨਿਯੰਤਰਣ ਕਰ ਰਿਹਾ ਹੈ।
>
> (ਬ੍ਰਿਹਦਾਰਣਯਕ ਉਪਨਿਸ਼ਦ, III,7,3)

ਭਗਤ ਕਬੀਰ ਜੀ ਨੇ ਪਰਮਾਤਮਾ ਦੀ ਵਿਰਾਟਤਾ ਨੂੰ ਦਰਸਾਉਂਦੇ ਹੋਏ ਇਹ ਦ੍ਰਿੜ੍ਹ ਕਰਾਇਆ ਹੈ ਕਿ ਮੇਰਾ ਨਾਮ ਨਿਰਗੁਣ ਹੈ। ਇਸ ਕਥਨ ਨੂੰ ਜੇ ਦਾਰਸ਼ਨਿਕ ਭਾਸ਼ਾ ਵਿਚ ਬਿਆਨ ਕਰਨਾ ਹੋਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਕਬੀਰ ਜੀ ਅਦਵੈਤਵਾਦੀ ਸਨ। ਆਪ ਨੇ ਪਰਮਾਤਮਾ ਨੂੰ ਅਲਖ ਕਹਿ ਕੇ ਉਸ ਦੀ ਵਡਿਆਈ ਦਾ ਵਰਣਨ ਕੀਤਾ ਹੈ। ਉਹ ਬਿਨਾਂ ਰੂਪ, ਰੰਗ ਤੇ ਰੇਖ ਦੇ ਹੋਣ ਦੇ ਬਾਵਜੂਦ ਸਰਵਤਰ ਵਿਦਮਾਨ ਹੈ। ਇਕ ਬੰਨੇ ਉਹ ਉੱਚੇ ਤੋਂ ਉੱਚਾ ਹੈ ਅਤੇ ਦੂਜੇ ਪਾਸੇ ਕਣ ਕਣ ਵਿਚ ਵਿਦਮਾਨ ਹੈ, "ਘਘਾ ਘਟਿ ਘਟਿ ਨਿਮਸੈ ਸੋਈ।।" (ਪੰਨਾ 340/10)। ਕਹਿਣ ਦਾ ਭਾਵ ਇਹ ਹੈ ਕਿ ਉਹ ਇਤਨਾ ਮਹਾਨ ਹੈ ਕਿ ਉਸ ਦਾ ਵਰਣਨ ਕਰਨਾ ਔਖਾ ਹੈ। ਕਬੀਰ ਜੀ ਕਹਿੰਦੇ ਹਨ :

ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ।।
ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ।। (1368/81)

ਪਰਮ ਸੱਤਾ ਦੇ ਗੁਣਾਂ ਦਾ ਵਰਣਨ ਕਰਦੇ ਕਰਦੇ ਸੁਰ, ਮੁਨੀ ਜਨ ਥਕ ਗਏ ਪਰ ਉਸ ਅਨੰਤ ਦੇ ਭੇਦ ਨੂੰ ਨਹੀਂ ਜਾਣ ਸਕੇ । ਕਬੀਰ ਜੀ ਨੇ ਆਪਣੀ ਬਾਣੀ ਵਿਚ ਪਰਮਾਤਮਾ ਦਾ ਸਰੂਪ ਨਿਰੂਪਣ ਲਈ ਕਈ ਸ਼ੈਲੀਆਂ ਵਰਤੀਆਂ ਹਨ। ਉਨ੍ਹਾਂ ਨੇ ਉਪਨਿਸ਼ਦਾਂ ਵਾਂਗ ਬ੍ਰਹਮ ਨੂੰ "ਨੇਤਿ"— ਪੂਰਕ ਵਿਆਖਿਆ ਦੁਆਰਾ ਵੀ ਦਰਸਾਇਆ ਹੈ। ਪਰਮਾਤਮਾ ਨੂੰ ਸਰਵਵਿਆਪਕ ਸਰਵ-ਸਮਰੱਥ ਅਤੇ ਸਰਵਅੰਤਰਜਾਮੀ ਕਿਹਾ ਹੈ। ਨਿਰਗੁਣ ਬ੍ਰਹਮ ਦੇ ਗੁਣਾਂ ਨੂੰ ਮੁੱਖ ਰਖ ਕੇ ਜਦ ਵਿਆਖਿਆ ਕੀਤੀ ਗਈ ਤਾਂ ਉਹ ਸਰਗੁਣ ਨਿਰਾਕਾਰ ਦਾ ਰੂਪ ਧਾਰ ਲੈਂਦਾ ਹੈ ਪਰ ਉਹ ਸਦਾ ਨਿਰਗੁਣ ਹੀ ਰਹਿੰਦਾ ਹੈ। ਕਬੀਰ ਜੀ ਨੇ ਫੁਰਮਾਇਆ ਹੈ ਕਿ ਮੈਂ ਇਸ ਜਗਤ ਵਿਚ ਰਹਿੰਦੇ ਹੋਏ ਆਪਣੇ ਨੇਤਰਾਂ ਨਾਲ ਵੇਖਣ ਦੀ ਕੋਸ਼ਿਸ਼ ਕੀਤੀ ਅਤੇ "ਹਰਿ" ਤੋਂ ਇਲਾਵਾ ਹੋਰ ਕਿਸੇ ਵਸਤੂ ਨੂੰ ਨਹੀਂ ਵੇਖਿਆ। ਇਹ ਹੈ ਇਕ ਅਨੁਭਵੀ ਸੰਤ ਦੀ ਦ੍ਰਿਸ਼ਟੀ। ਫਿਰ ਕਬੀਰ ਜੀ ਕਹਿੰਦੇ ਹਨ ਕਿ ਮੇਰੇ ਨੇਤਰ ਉਸ ਦੇ ਪ੍ਰੇਮ ਵਿਚ ਲਾਲ ਹੋ ਗਏ ਅਤੇ ਉਸ ਤੋਂ ਬਿਨਾਂ ਹੋਰ ਕੁਝ ਨਹੀਂ ਕਹਿ ਸਕਦਾ। ਯਥਾ :-

ਦੁਇ ਦੁਇ ਲੋਚਨ ਪੇਖਾ।।
ਹਉ ਹਰਿ ਬਿਨੁ ਅਉਰੁ ਨ ਦੇਖਾ।।
ਨੈਨ ਰਹੇ ਰੰਗੁ ਲਾਈ।।
ਅਬ ਬੇਗਲ ਕਹਨੁ ਨ ਜਾਈ।। (ਪੰਨਾ 655)

ਕਬੀਰ ਜੀ ਦੀ ਵਿਚਾਰਧਾਰਾ ਦਾ ਸਾਰ ਇਹ ਹੈ ਕਿ ਇਕੱਤਵ ਹੀ ਪਰਮ ਸਤਿ ਹੈ, ਜੋ ਸਰਵਉੱਚ ਰੂਪ ਵਿਚ ਪੂਰਨ ਹੈ। ਅਸੀਮ ਅਕਾਲ ਪੁਰਖ ਦੇ ਟਾਕਰੇ ਉੱਤੇ ਜੀਵ ਨਿਮਾਣਾ ਹੈ ਤੇ ਨਿਤਾਣਾ ਹੈ ਅਤੇ ਸੀਮਿਤ ਬੁੱਧੀ ਦੇ ਕਾਰਣ ਪਰਮਸੱਤਾ ਸੰਬੰਧੀ ਕੁਝ ਕੁ ਜਾਣਕਾਰੀ ਰਖ ਸਕਦਾ ਹੈ। ਯਥਾ :

ਜਾ ਕੈ ਜੀਅ ਜੈਸੀ ਬੁਧਿ ਹੋਈ।।
ਕਹਿ ਕਬੀਰ ਜਾਨੈਗਾ ਸੋਈ।। (ਪੰਨਾ 343/45)

**ਜਗਤ**

ਭਗਤ ਕਬੀਰ ਜੀ ਦਾ ਪ੍ਰਸਿੱਧ ਵਾਕ "ਏਕ ਨੂਰ ਤੇ ਸਭੁ ਜਗੁ ਉਪਜਿਆ" (ਪੰਨਾ 1349) ਅਤੇ "ਖਾਲਿਕੁ ਖਲਕ ਖਲਕ ਮਹਿ ਖਾਲਿਕੁ" (ਪੰਨਾ 1350) ਸ੍ਰਿਸ਼ਟੀ ਦੀ ਅਸਲੀਅਤ ਸੰਬੰਧੀ ਸੰਕੇਤ ਕਰਦੇ ਹਨ। ਸ੍ਰਿਸ਼ਟੀ ਰਚਨਾ ਦਾ ਪ੍ਰਸਾਰ ਅਤੇ ਵਿਲੀਨਤਾ ਪਰਮਾਤਮਾ ਦਾ ਇਕ ਖੇਲ ਹੈ, ਲੀਲਾ ਹੈ। ਇਸ ਦੇ ਰਹੱਸ ਨੂੰ ਕਬੀਰ ਜੀ ਨੇ ਇਉਂ ਦਰਸਾਇਆ ਹੈ :

ਬਾਜੀਗਰ ਡੰਕ ਬਜਾਈ।।
ਸਭ ਖਲਕ ਤਮਾਸੇ ਆਈ।।
ਬਾਜੀਗਰ ਸ੍ਵਾਂਗੁ ਸਕੇਲਾ।।
ਅਪਨੇ ਰੰਗ ਰਵੇ ਅਕੇਲਾ।। (ਪੰਨਾ 655)

ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਕਿਤੇ ਵੀ ਸ੍ਰਿਸ਼ਟੀ ਸੰਬੰਧੀ ਵਿਧੀਪੂਰਕ ਢੰਗ ਨਾਲ ਵਰਣਨ ਨਹੀਂ ਕੀਤਾ। ਕਿਤੇ ਕਿਤੇ ਕੁਝ ਸੰਕੇਤ ਮਿਲਦੇ ਹਨ। ਓਅੰਕਾਰ ਸਰੂਪ ਪਰਮਾਤਮਾ ਨੂੰ ਸਭ ਦਾ ਆਦਿ ਮੰਨਦੇ ਹੋਏ ਆਪ ਨੇ ਫੁਰਮਾਇਆ ਹੈ ਕਿ, "ਓਅੰਕਾਰ ਆਦਿ ਮੈ ਜਾਨਾ।।" (ਪੰਨਾ 340) ਅਰਥਾਤ ਆਦਿ ਵਿਚ ਨਿਰਗੁਣ ਤੱਤ ਵਿਦਮਾਨ ਸੀ। ਫਿਰ ਓਅੰਕਾਰ ਤੋਂ ਸ੍ਰਿਸ਼ਟੀ ਦੀ ਉਤਪਤੀ ਹੋਈ। ਕਬੀਰ ਜੀ ਨੇ ਪਰਮਾਤਮਾ ਨੂੰ ਸਿਰਜਨਹਾਰ ਕਹਿ ਕੇ ਉਸ ਦੀ ਕਰਤਾਰੀ ਸ਼ਕਤੀ ਵੱਲ ਸੰਕੇਤ ਕੀਤਾ। ਯਥਾ :-

1. ਕਬੀਰ ਕਾਰਨੁ ਸੋ ਭਇਓ ਜੋ ਕੀਨੋ ਕਰਤਾਰਿ।।
ਤਿਸ ਬਿਨੁ ਦੂਸਰੁ ਕੋ ਨਹੀਂ ਏਕੈ ਸਿਰਜਨਹਾਰ।। (ਪੰਨਾ 1371/133)
2. ਕਬੀਰ ਸਾਰੀ ਸਿਰਜਨਹਾਰ ਕੀ ਜਾਨੈ ਨਾਹੀ ਕੋਇ।।
ਕੈ ਜਾਨੈ ਆਪਨ ਧਨੀ ਕੈ ਦਾਸੁ ਦੀਵਾਨੀ ਹੋਇ।। (ਪੰਨਾ 1373/176)

ਭਗਤ ਕਬੀਰ ਜੀ ਦਾ ਕਥਨ ਹੈ ਕਿ ਪਰਮਾਤਮਾ ਜਗਤ ਦੀ ਸਿਰਜਨਾ ਕਰਕੇ ਜਗਤ ਵਿਚ ਵਿਆਪਕ ਹੈ। ਆਪ ਦੇ ਬਚਨ ਹਨ, "ਕਬੀਰ ਜਗ ਮਹਿ ਚੇਤਿਓ ਜਾਨਿ ਕੈ ਜਗ ਮਹਿ ਰਹਿਓ ਸਮਾਇ।।" ਪੰਨਾ (1369-64)। ਕਹਿਣ ਦਾ ਭਾਵ ਇਹ ਹੈ ਕਿ ਪਰਮਾਤਮਾ ਜਗਤ ਦਾ ਆਧਾਰ ਹੈ। ਉਸ ਦੀ ਸ਼ਕਤੀ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਕੰਮ ਕਰਦੀ ਹੈ ਇਸ ਤੋਂ ਇਲਾਵਾ ਕਬੀਰ ਜੀ ਅਨੁਸਾਰ ਸ੍ਰਿਸ਼ਟੀ ਦੇ ਵਿਕਾਸ ਕ੍ਰਮ ਵਿਚ ਮਾਇਆ ਦਾ ਹੀ ਵਿਸ਼ੇਸ਼ ਮਹੱਤਵ ਹੈ। ਕਬੀਰ ਜੀ ਨੇ ਜਗਤ ਸੰਬੰਧੀ ਆਪਣੇ ਵਿਚਾਰ ਪ੍ਰਸਤੁਤ ਕਰਨ ਵੇਲੇ ਵਧੇਰੇ ਕਰਕੇ "ਬ੍ਰਹਮ ਸੂਤਰ" ਵਿਚ ਪ੍ਰਗਟਾਏ ਗਏ ਸਿਧਾਂਤਾਂ ਦਾ ਅਨੁਸਰਣ ਕੀਤਾ ਹੈ। ਉਹ ਇਕ ਵੇਦਾਂਤੀ ਵਾਂਗ ਜਗਤ ਨੂੰ ਮਿਥਿਆ, ਝੂਠ ਅਤੇ ਸੁਪਨਾ ਵੀ ਕਹਿੰਦੇ ਹਨ। ਭਗਤ ਕਬੀਰ ਜੀ ਨੇ ਵੇਦਾਂਤ ਦੇ ਵਿਵਰਤਵਾਦ, ਪ੍ਰਤਿਬਿੰਬਵਾਦ, ਅਧਿਆਤਮਵਾਦ ਆਦਿ ਸਿਧਾਂਤਾਂ ਦੇ ਆਸਰੇ ਜਗਤ ਦਾ ਨਿਰੂਪਣ ਕੀਤਾ ਹੈ।

## ਨਾਮ ਸਿਮਰਨ

ਭਗਤ ਕਬੀਰ ਜੀ ਦੇ ਬਚਨ ਹਨ, "ਕੇਵਲ ਨਾਮ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾ।" (ਪੰਨਾ 692) ਅਰਥਾਤ ਸਿਰਫ (ਨਿਰੋਲ) ਹਰਿਨਾਮ ਦਾ ਜਾਪ ਕਰੋ ਅਤੇ ਅਕਾਲ ਪੁਰਖ ਦੀ ਸ਼ਰਣ ਵਿਚ ਪੈ ਜਾਵੋ। ਇਹ ਤੁਕ ਵਿਚ ਬਲ ਇਸ ਗੱਲ ਉਪਰ ਹੈ ਕਿ ਪਰਮਾਤਮਾ ਦੀ ਸ਼ਰਣ ਵਿਚ ਪੈ ਕੇ ਨਾਮ ਜਪਣਾ ਹੈ। ਭਗਤ ਕਬੀਰ ਜੀ ਦੀ ਵਿਚਾਰਧਾਰਾ ਦਾ ਇਹ ਸਾਰ ਹੈ। ਅਵਿਅਕਤ ਦੀ ਪੂਜਾ ਜਨ-ਸਾਧਾਰਣ ਲਈ ਕਠਿਨ ਕਾਰਜ ਹੈ। ਪਰ ਨਾਮ ਸਿਮਰਨ ਜਿਸ ਨੂੰ ਪ੍ਰੇਮ ਸਾਧਨਾ, ਸ਼ਬਦ-ਸੁਰਤਿ ਯੋਗ ਸਾਧਨਾ, ਗੁਰੂ ਸ਼ਬਦ ਦੀ ਕਮਾਈ ਆਦਿ ਕਿਹਾ ਜਾਂਦਾ ਹੈ, ਬੜੀ ਸਰਲ, ਸੁਗਮ ਤੇ ਸਫਲ ਸਾਧਨਾ ਹੈ। ਇਸ ਸਾਧਨਾ ਦੁਆਰਾ ਪ੍ਰਭੂ ਮਿਲਾਪ ਸੰਭਵ ਹੈ। ਭਗਤ ਕਬੀਰ ਜੀ ਦਾ ਕਥਨ ਹੈ ਕਿ ਇਸ ਮਾਰਗ ਦੇ ਪਾਂਧੀ ਲਈ ਪਹਿਲਾ ਕਦਮ ਇਕੱਤਵ ਹੀ ਪਰਮ ਸਤਿ ਹੈ, ਉਸ ਵਿਚ ਦ੍ਰਿੜ੍ਹ ਵਿਸ਼ਵਾਸ ਰਖ ਕੇ ਉਸ ਦੀ ਸ਼ਰਣ ਵਿਚ ਪੈ ਜਾਣਾ ਹੈ। ਭਗਤ ਕਬੀਰ ਜੀ ਕਹਿੰਦੇ ਹਨ "ਕਬੀਰ ਪ੍ਰੀਤਿ ਇਕ ਸਿਉ ਕੀਏ" (ਪੰਨਾ 1365/25) ਤੇ ਫਿਰ ਕੀ ਹੋਵੇਗਾ "ਆਨ ਦੁਬਿਧਾ ਜਾਇ" ਅਰਥਾਤ ਹੋਰ ਦਵੈਤ ਭਾਵ ਖਤਮ ਹੋ ਜਾਵੇਗਾ। ਪ੍ਰਸ਼ਨ ਇਹ ਪੈਦਾ ਹੁੰਦਾ ਹੈ, ਜੋ ਨਿਰਗੁਣ ਹੈ, ਅਗੰਮ ਅਤੇ ਅਗੋਚਰ ਹੈ, ਉਸ ਨਾਲ ਪ੍ਰੀਤ ਕਿਵੇਂ ਪਾਈ ਜਾਵੇ? ਇਸ ਦਾ ਉੱਤਰ ਕਬੀਰ ਜੀ ਨੇ ਇਹ ਦਿੱਤਾ ਹੈ ਕਿ ਜੋ ਉਸ ਨੂੰ ਯਾਦ ਕਰ, ਇਹ ਯਾਦ ਹੀ ਉਸ ਅਗੰਮੀ ਅਕਾਲ ਪੁਰਖ ਨਾਲ ਮਿਲਾਪ ਕਰਵਾ ਦੇਵੇਗੀ। ਯਥਾ :-

ਵਵਾ ਬਾਰ ਬਾਰ ਬਿਸਨ ਸਮ੍ਹਾਰਿ।।
ਬਿਸਨ ਸੰਮ੍ਹਾਰਿ ਨਾ ਆਵੈ ਹਾਰਿ।।
ਬਲਿ ਬਲਿ ਜੋ ਬਿਸਨ ਤਨਾ ਜਸੁ ਗਾਵੈ।।
ਵਿਸਨ ਮਿਲੇ ਸਭ ਹੀ ਸਚੁ ਪਾਵੈ।। (ਪੰਨਾ 342/37)

ਇਹ ਯਾਦ ਜਦ ਪਰਿਪੱਕ ਹੋ ਜਾਵੇਗੀ ਤਾਂ ਲਿਵ ਦਾ ਰੂਪ ਧਾਰ ਲਵੇਗੀ। ਫਿਰ ਸੋਗ ਮਿਟ ਜਾਣਗੇ ਅਤੇ ਸੁਖ ਪ੍ਰਾਪਤ ਹੋਵੇਗਾ ਯਥਾ :-

ਲਖਿਮੀ ਬਰ ਸਿਉ ਜਉ ਲਿਉ ਲਾਵੈ।।
ਸੋਗੁ ਮਿਟੈ ਸਭ ਹੀ ਸੁਖ ਪਾਵੈ।। (ਪੰਨਾ 342/43)

ਭਗਤ ਕਬੀਰ ਜੀ ਦਾ ਕਥਨ ਹੈ ਕਿ ਇਹ ਲਿਵ ਤਦ ਹੀ ਲਗਦੀ ਹੈ, ਜਦ ਮਨ ਵਸ ਵਿਚ ਹੋ ਜਾਵੇ। ਮਨ ਨੂੰ ਵਸ ਵਿਚ ਕਰਨ ਦਾ ਸਾਧਨ ਪ੍ਰੇਮ ਹੈ। ਇਹ ਪ੍ਰੇਮ ਜਦ ਲਿਵ ਦਾ ਰੂਪ ਧਾਰ ਲੈਂਦਾ ਹੈ ਤਾਂ ਜੀਵ ਪਰਮਾਤਮਾ ਨੂੰ ਪ੍ਰਾਪਤ ਕਰਕੇ ਉਸ ਦੇ ਚਰਨਾਂ ਵਿਚ ਸਮਾਇਆ ਰਹਿੰਦਾ ਹੈ। ਯਥਾ :-

ਲਲਾ ਐਸੇ ਲਿਵ ਮਨੁ ਲਾਵੇ।।
ਅਨਤ ਨ ਜਾਇ ਪਰਮ ਸਚੁ ਪਾਵੈ।।
ਅਰੁ ਜਉ ਤਹਾ ਪ੍ਰੇਮ ਲਿਵ ਲਾਵੈ।।
ਤਉ ਅਲਹ ਲਹੈ ਲਹਿ ਚਰਨ ਸਮਾਵੈ।। (ਪੰਨਾ 342/36)

ਭਗਤ ਕਬੀਰ ਜੀ ਦਾ ਕਥਨ ਹੈ ਕਿ ਮਨ ਬੜਾ ਚੰਚਲ ਹੈ, ਇਹ ਟਿਕਦਾ ਨਹੀਂ। ਕਦੇ ਆਕਾਸ਼ ਵਲ ਦੌੜਦਾ ਹੈ ਅਤੇ ਕਦੇ ਪਾਤਾਲ ਵਲ ਹੇਠਾਂ ਚਲਾ ਜਾਂਦਾ ਹੈ। ਇਥੇ ਹੀ ਬਸ ਨਹੀਂ। ਇਹ ਮਨ ਸ਼ਕਤੀ (Energy) ਹੈ ਅਤੇ ਇਹੋ ਮਨ ਸੀਉ (ਸ਼ਿਵ, ਚੇਤਨ, Spirit) ਵੀ ਹੈ। ਇਸ ਨੂੰ ਵਸ ਵਿਚ ਕਰ ਲਿਆ ਜਾਵੇ ਤਾਂ ਉੱਚ-ਅਵਸਥਾ ਵਿਚ ਪੁੱਜ ਕੇ ਤਿੰਨਾਂ ਲੋਕਾਂ ਦੀਆਂ ਗੱਲਾਂ ਦੱਸ ਸਕਦਾ ਹੈ। ਇਹ ਰਹੱਸ ਨੂੰ ਮਰਮੀ ਹੋ ਕੇ ਜਾਣਿਆ ਜਾ ਸਕਦਾ ਹੈ। ਯਥਾ :-

ਇਹੁ ਮਨੁ ਸਕਤੀ ਇਹੁ ਮਨੁ ਸੀਉ।।
ਇਹੁ ਮਨੁ ਪੰਚ ਤਤ ਕੋ ਜੀਉ।।
ਇਹ ਮਨ ਲੇ ਜਉ ਉਨਮਨਿ ਰਹੈ।।
ਤਉ ਤੀਨਿ ਲੋਕ ਕੀ ਬਾਤੈ ਕਹੈ।। (ਪੰਨਾ 342/33)

ਪ੍ਰਸ਼ਨ ਮਨ ਨੂੰ ਵਸ ਕਰਨ ਦਾ ਹੈ। ਕਬੀਰ ਜੀ ਫੁਰਮਾਉਂਦੇ ਹਨ ਕਿ "ਮਨ ਸਾਧੇ ਸਿਧਿ ਹੋਇ" (ਪੰਨਾ 342/33) ਅਰਥਾਤ ਜੇ ਮਨ ਨੂੰ ਸਾਧ ਲਿਆ ਤਾਂ ਸਿੱਧ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ। ਮਨ ਨੂੰ ਸਮਝਾਵਣ ਲਈ "ਕਛੂਅਕ ਪੜੀਐ ਗਿਆਨ" (ਪੰਨਾ 340/5) ਦੀ ਲੋੜ ਹੈ। ਇਹ ਗਿਆਨ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਗੁਰੂ ਸ਼ਬਦ ਹੈ, ਜਿਸਦਾ ਉਪਦੇਸ਼ ਗਿਆਨ ਦਾ ਭੰਡਾਰ ਹੈ। ਸਾਧਕ ਜਿਸ ਵੇਲੇ ਗੁਰੂ ਦੇ ਬਚਨ ਨੂੰ ਅਮਲੀ ਰੂਪ ਦੇਣ ਲਈ ਆਪਣੇ ਜੀਵਨ ਵਿਚ ਉਤਾਰਦਾ ਹੈ ਤਾਂ ਇਹ ਸਾਧਨਾ ਹੈ, ਕਮਾਈ ਹੈ, ਘਾਲ ਹੈ। ਇਹ ਘਾਲ-ਕਮਾਈ ਦੁਆਰਾ ਹੀ ਮਨ ਵਸ ਵਿਚ ਆਉਂਦਾ ਹੈ। ਕਬੀਰ ਜੀ ਦਾ ਕਥਨ ਹੈ ਕਿ "ਮਗਨ ਭਇਆ ਤੇ ਸੋ ਸਚ ਪਾਵੈ" (ਪੰਨਾ 342/31) ਅਰਥਾਤ ਜਿਸ ਵੇਲੇ ਮਨ ਹਰਿ ਨਾਮ ਸਿਮਰਨ ਵਿਚ ਮਗਨ ਹੋ ਜਾਵੇ ਤਾਂ ਸਤਿ ਸਰੂਪ ਪਰਮਾਤਮਾ ਨੂੰ ਪਾ ਲੈਂਦਾ ਹੈ। ਮਗਨ ਹੋਣ ਲਈ ਜਪ, ਅਜਪਾ ਜਾਪ ਅਤੇ ਸਿਮਰਨ ਭਗਤੀ ਦੀ ਲੋੜ ਹੈ।

ਭਗਤੀ ਦੇ ਅਰਥ ਹਨ ਭਗਵਾਨ ਦੀ ਸੇਵਾ। ਇਹ ਸੇਵਾ, ਪਰਮਾਤਮਾ ਦੇ ਪ੍ਰਤਿ ਪ੍ਰੇਮ-ਪੂਰਣ ਅਨੁਰਾਗ ਹੈ। ਇਹ ਇਕ ਐਸਾ ਪ੍ਰੇਮ ਹੈ, ਜਿਸ ਵਿਚ ਸਭ ਕੁਝ ਪਰਮਾਤਮਾ ਨੂੰ ਸਮਰਪਣ ਕਰਨਾ ਪੈਂਦਾ ਹੈ। ਇਹ ਇਕ ਅਜਿਹਾ ਮਹਾਨ ਅਨੁਭਵ ਹੈ ਜੋ ਸਾਰੀਆਂ ਲਾਲਸਾਵਾਂ ਨੂੰ ਸਮਾਪਤ ਕਰ ਦਿੰਦਾ ਹੈ। ਫਿਰ ਮਨ ਪ੍ਰਭੂ ਪ੍ਰੇਮ ਨਾਲ ਨਕੋ-ਨਕ ਭਰ ਜਾਂਦਾ ਹੈ। ਮਾਨਵ-ਮਨ ਪਰਮਾਤਮਾ ਦੀ ਸ਼ਕਤੀ, ਗਿਆਨ ਅਤੇ ਚੰਗਿਆਈਆਂ ਦੇ ਚਿੰਤਨ ਦੁਆਰਾ ਨਿਰੰਤਰ ਸਿਮਰਨ ਅਤੇ ਹਰਿ ਜਸ ਦੇ ਗਾਇਨ ਨਾਲ ਉਸ ਪ੍ਰਭੂ ਦੇ ਨੇੜੇ ਹੋ ਜਾਂਦਾ ਹੈ। ਸਾਧਕ ਆਪਣੇ ਅਸਤਿਤਵ ਨੂੰ ਪਰਮਾਤਮਾ ਵੱਲ ਪ੍ਰੇਰਿਤ ਕਰਦਾ ਹੈ। ਭਗਤ ਕਬੀਰ ਜੀ ਨੇ ਔਗੁਣਾਂ ਤੋਂ ਬਚਨ ਲਈ, ਸੁਭ ਗੁਣਾਂ ਨੂੰ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ। ਇਸ ਦੇ ਨਾਲ ਨਾਲ ਸਤਿਪੁਰਖਾਂ ਦੀ ਸੰਗਤ ਉਪਰ ਵੀ ਬਹੁਤ ਬਲ ਦਿੱਤਾ ਹੈ। ਭਗਤ ਜੀ ਦਾ ਵਿਚਾਰ ਹੈ ਕਿ ਪਰਮਾਤਮਾ ਸਤਿ ਹੈ ਤਾਂ ਉਸ ਦੀ ਪ੍ਰਾਪਤੀ ਲਈ ਸੱਚ-ਵਿਹਾਰ, ਸੱਚ-ਆਚਾਰ ਅਤੇ ਸੱਚ-ਵਿਉਪਾਰ ਦਾ ਹੋਣਾ ਜ਼ਰੂਰੀ ਹੈ। ਸੁੱਧ ਮਨ ਵਿਚ ਹੀ ਨਾਮ ਰੂਪੀ ਅੰਮ੍ਰਿਤ ਟਿਕ ਸਕਦਾ ਹੈ। ਇਸ ਲਈ ਮਾਨਵ ਦਾ ਹਰ ਕਦਮ ਸ਼ੁਭ ਹੋਣਾ ਚਾਹੀਦਾ ਹੈ। ਭਗਤ ਕਬੀਰ ਜੀ ਨੇ ਫੁਰਮਾਇਆ ਹੈ ਕਿ ਪ੍ਰਭੂ ਦੀ ਦਇਆ ਦਾ ਪਾਤਰ ਬਣਨ ਲਈ ਘਾਲ ਅਤੇ ਸੇਵਾ ਕਮਾਈ ਦੀ ਲੋੜ ਹੈ।

ਭਗਤ ਕਬੀਰ ਜੀ ਨੇ ਫੁਰਮਾਇਆ ਹੈ ਕਿ ਮੇਰੀ ਰਸਨਾ ਉਪਰ ਰਾਮ ਦਾ ਨਾਮ ਹੈ। ਇਹੋ ਮੇਰੀ ਮਾਲਾ ਹੈ। ਆਦਿ ਕਾਲ ਤੋਂ, ਜੁਗਾਂ ਦੇ ਆਦਿ ਤੋਂ ਭਾਵ ਹਰ ਸਮੇਂ ਭਗਤ ਨਾਮ ਦਾ ਸਿਮਰਨ ਕਰਦੇ ਆਏ ਹਨ। ਇਹ ਨਾਮ ਸਿਮਰਨ ਹੀ ਭਗਤਾਂ ਲਈ ਸੁੱਖ ਅਤੇ ਸ਼ਾਂਤੀ ਦਾ ਕਾਰਨ ਹੈ। ਯਥਾ :-

ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ।।
ਆਦਿ ਜੁਗਾਦੀ ਸਗਲ ਭਗਤ ਤਾ ਕੋ ਸੁਖੁ ਬਿਸ੍ਰਾਮ।। (ਪੰਨਾ 1364)

ਨਾਮ ਸਿਮਰਨ ਦੀ ਪਹਿਲੀ ਪਉੜੀ ਰਸਨਾ ਦੁਆਰਾ ਜਾਪ ਹੈ। ਇਹ ਜਾਪ ਵਿਦਵਾਨਾਂ ਅਨੁਸਾਰ ਤਿੰਨ ਪ੍ਰਕਾਰ ਦਾ ਹੈ- ਜਪ, ਉਪਾਸ਼ੂ (ਮੰਦ ਸ੍ਵਰ ਵਿਚ ਮੰਤ੍ਰ ਦਾ ਜਾਪ ਕਰਨਾ, ਮੋਨ) ਜਪ ਅਤੇ ਮਾਨਸ ਜਪ। ਮਨੁ ਜੀ ਦਾ ਕਥਨ ਹੈ ਕਿ ਜਪ, ਯਗ ਤੋਂ ਦਸ ਗੁਣਾਂ, ਉਪਾਸ਼ੂ ਜਪੁ ਸੌ ਗੁਣਾਂ ਅਤੇ ਮਾਨਸ ਜਪ ਹਜ਼ਾਰਾਂ ਗੁਣਾਂ ਸ੍ਰੇਸ਼ਟ ਹੈ। ਜੀਭ ਨਾਲ ਜਾਪ ਕਰਦੇ ਕਰਦੇ ਜਦ ਇਹ ਸੁਆਸਾਂ ਦੇ ਨਾਲ ਜਪਿਆ ਜਾਵੇ, ਉਸ ਨੂੰ ਅਜਪਾ ਜਾਪ ਕਿਹਾ ਗਿਆ ਹੈ। ਇਸ ਅਵਸਥਾ ਵਿਚ ਪ੍ਰਭੂ ਦੀ ਯਾਦ ਸਹਿਜ ਭਾਵ ਨਾਲ ਬਣੀ ਰਹਿੰਦੀ ਹੈ। ਇਸ ਤੋਂ ਅਗਲੀ ਅਵਸਥਾ ਸਿਮਰਨ ਦੀ ਹੈ। ਸਿਮਰਨ ਵੇਲੇ ਪ੍ਰਭੂ ਪ੍ਰੀਤਮ ਦੀ ਯਾਦ ਨਿਰੰਤਰ ਬਣੀ ਰਹਿੰਦੀ ਹੈ। ਭਗਤ ਮਲੂਕ ਦਾਸ ਨੇ ਲਿਖਿਆ ਹੈ :

ਸੁਮਿਰਨ ਐਸਾ ਕੀਜੀਏ ਦੂਜਾ ਲਖੇ ਨ ਕੋਯ।।
ਓਠ ਨ ਫਰਕਤ ਦੇਖਿਯੇ ਪ੍ਰੇਮ ਰਾਖਿਯੇ ਗੋਯ।।

ਸਿਮਰਨ ਵੇਲੇ ਬੁਲ੍ਹ ਹਿਲਦੇ ਨਾ ਦਿੱਸਣ। ਸਿਮਰਨ ਦਾ ਸੰਬੰਧ ਮਨ ਨਾਲ ਹੈ, ਕੁਝ ਵਿਦਵਾਨਾਂ ਨੇ ਸਿਮਰਨ ਨੂੰ ਚਿਤ ਸਾਧਨਾ ਵੀ ਕਿਹਾ ਹੈ। ਸਿਮਰਨ ਵੇਲੇ ਵਿਵੇਕ, ਗਿਆਨ ਅਤੇ ਸਿਮਰਣ-ਸ਼ਕਤੀ ਤਿੰਨਾਂ ਵਿਚ ਇਕ-ਸੁਰਤਾ ਹੋਣਾ ਲਾਜ਼ਮੀ ਹੈ। ਸਿਮਰਨ ਦੀ ਮਹਿਮਾ ਕਰਦੇ ਹੋਏ ਭਗਤ ਕਬੀਰ ਜੀ ਨੇ ਲਿਖਿਆ ਹੈ :

ਕਬੀਰ ਹਰਿ ਕਾ ਸਿਮਰਨ ਜੋ ਕਰੇ ਸੋ ਸੁਖੀਆ ਸੰਸਾਰ।।
ਇਤ ਉਤ ਕਤਹਿ ਨ ਡੋਲਈ ਜਿਸ ਰਾਖੇ ਸਿਰਜਨਹਾਰ।। (ਪੰਨਾ 1375/206)

ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਹੈ, ਮਾਨਵ-ਜੀਵਨ ਦਾ ਪ੍ਰਧਾਨ ਉਦੇਸ਼ ਇਹ ਹੈ ਕਿ ਮਨੁੱਖ ਪ੍ਰਭੂ ਦਾ ਨਾਮ ਸਿਮਰਨ ਕਰੇ। ਇਸ ਸਿਮਰਨ ਦੁਆਰਾ ਸੰਸਾਰ ਦੇ ਸਾਰੇ ਸੁੱਖ ਮਿਲਦੇ ਹਨ ਅਤੇ ਪ੍ਰਭੂ ਮਿਲਾਪ ਹੁੰਦਾ ਹੈ, ਪਰ ਜੋ ਸਿਮਰਨ ਨਹੀਂ ਕਰਦੇ, ਉਹ ਦੁਖੀ ਹੁੰਦੇ ਹਨ। ਜੋ ਵਹਿਮਾਂ, ਭਰਮਾਂ ਅਤੇ ਅੰਧ-ਵਿਸ਼ਵਾਸਾਂ ਵਿਚ ਫਸ ਕੇ ਕਰਮ-ਕਾਂਡ, ਵਰਤ, ਮੂਰਤੀ ਪੂਜਾ ਆਦਿ ਪਾਖੰਡਾਂ ਵਿਚ ਖਚਤ ਹਨ, ਉਹ ਸਦਾ ਦੁਖੀ ਹੁੰਦੇ ਹਨ। ਯਥਾ :-

1. ਕਬੀਰ ਹਰਿ ਕਾ ਸਿਮਰਨੁ ਛਾਡਿ ਕੇ ਪਾਲਿਓ ਬਹੁਤੁ ਕੁਟੰਬੁ।।
   ਧੰਧਾ ਕਰਤਾ ਰਹਿ ਗਇਆ ਭਾਈ ਰਹਿਆ ਨ ਬੰਧੁ।।
2. ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ ਜਗਾਵਨ ਜਾਇ।।
   ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ।।
3. ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਖੈ ਨਾਰਿ।।
   ਗਦਹੀ ਹੋਏ ਕੈ ਅਉਤਰੈ ਭਾਰੁ ਸਹੈ ਮਨ ਚਾਰਿ।। (ਪੰਨਾ 1370/106-108)

ਨਾਮ ਸਿਮਰਨ ਦੀ ਅੰਤਿਮ ਅਵਸਥਾ ਲਿਵ ਹੈ। ਇਸ ਅਵਸਥਾ ਵਿਚ ਵਿਚਰ ਰਹੇ ਵਿਅਕਤੀ ਨੂੰ ਕਬੀਰ ਜੀ ਨੇ ਸਾਧ, ਸੰਤ, ਗਿਆਨੀ, ਗੁਰਮੁਖਿ ਆਦਿ ਕਹਿ ਕੇ ਸਤਿਕਾਰਿਆ ਹੈ। ਅਜਿਹਾ ਵਿਅਕਤੀ ਹਰ ਵੇਲੇ ਨਾਮ ਰੂਪੀ ਮਹਾਰਸ ਦਾ ਪਾਠ ਕਰਦਾ ਹੋਇਆ, ਪਰਉਪਕਾਰੀ ਕਾਰਜਾਂ ਵਿਚ ਤੱਤਪਰ ਰਹਿੰਦਾ ਹੈ। ਏਸ ਅਵਸਥਾ ਨੂੰ ਜੀਵਨ ਮੁਕਤ ਅਵਸਥਾ ਵੀ ਕਿਹਾ ਗਿਆ ਹੈ।

ਪਾਠ ਨੰਬਰ : 3.2 ਲੇਖਕ : ਡਾ. ਬਲਬੀਰ ਕੌਰ

# ਭਗਤ ਰਵਿਦਾਸ ਜੀ ਦੀ ਬਾਣੀ ਵਿਚ ਜੀਵਨ ਮੁਕਤੀ (ਬੇਗਮਪੁਰਾ) ਦਾ ਸੰਕਲਪ

## ਭੂਮਿਕਾ

ਭਗਤ ਰਵਿਦਾਸ ਜੀ 15ਵੀਂ ਸਦੀ ਵਿਚ ਨੀਵੀਂ ਜਾਤਿ ਵਿਚ ਜਨਮੇਂ ਮਹਾਨ ਪੁਰਖ ਸਨ। ਇਹ ਬਨਾਰਸ ਦੇ ਵਸਨੀਕ ਸਨ। ਇਹ ਸ਼ਹਿਰ ਸਨਾਤਨੀ ਬ੍ਰਾਹਮਣ ਧਰਮ ਦਾ ਵੱਡਾ ਕੇਂਦਰ ਸੀ, ਜਿਥੇ ਬ੍ਰਾਹਮਣ ਛੂਆ-ਛਾਤ ਨੂੰ ਕਰੜੇ ਰੂਪ ਵਿਚ ਮੰਨਦੇ ਸਨ। ਅਖੌਤੀ ਛੋਟੀਆਂ ਜਾਤਾਂ ਜੁਲਾਹਾ, ਚਮਾਰ, ਨਾਈ, ਛੀਂਬਾ ਨੂੰ ਸ਼ੂਦਰ ਮੰਨਿਆ ਜਾਂਦਾ ਸੀ। ਇਨ੍ਹਾਂ ਨੂੰ ਅਛੂਤ, ਮਲੇਛ ਅਤੇ ਅਪਵਿਤਰ ਕਹਿ ਕੇ ਸਮਾਜਕ ਅਤੇ ਧਾਰਮਿਕ ਅਧਿਕਾਰਾਂ ਤੋਂ ਵੰਚਿਤ ਕੀਤਾ ਜਾਂਦਾ ਸੀ। ਮੰਦਰ ਅਤੇ ਵਿਦਿਆ ਇਨ੍ਹਾਂ ਲਈ ਵਿਵਰਜਿਤ ਸੀ। ਰਾਜਨੀਤਿਕ ਪ੍ਰਸੰਗ ਵਿਚ ਵਿਦੇਸ਼ੀ ਹਕੂਮਤ ਇਸਲਾਮ ਨੂੰ ਫੈਲਾਉਣ ਲਈ ਭਾਰਤੀ ਜਨਤਾ ਤੇ ਜਬਰ ਕਰ ਰਹੀ ਸੀ। ਮੁਸਲਮਾਨ ਹਾਕਮ ਆਪਣੇ ਆਪ ਨੂੰ ਮੋਮਨ ਅਤੇ ਭਾਰਤ ਵਾਸੀਆਂ ਨੂੰ ਕਾਫਰ ਕਰਾਰ ਦਿੰਦੇ ਸਨ। ਰਾਜਨੀਤਿਕ ਸੰਦਰਭ ਵਿਚ ਬਾਦਸ਼ਾਹ ਅਤੇ ਧਾਰਮਿਕ ਸਮਾਜਕ ਸੰਦਰਭ ਵਿਚ ਪ੍ਰੋਹਤ ਵਰਗ ਦੀ ਪ੍ਰਭੁਤਾ ਦੇ ਵਿਰੁੱਧ ਭਗਤ ਰਵਿਦਾਸ ਨੇ ਮਾਨਵੀ ਚੇਤਨਾ ਨੂੰ ਬੁਲੰਦ ਕੀਤਾ ਅਤੇ ਮਾਨਵ ਸਨਮਾਨ ਦੇ ਕ੍ਰਾਂਤੀਕਾਰੀ ਮਾਪਦੰਡ ਸਥਾਪਿਤ ਕੀਤੇ। ਉਨ੍ਹਾਂ ਤੱਤਕਾਲੀਨ ਸਮਾਜਿਕ ਧਾਰਮਿਕ ਬਣਤਰ ਦੇ ਪ੍ਰਤੀਕੂਲ ਆਪ ਸੁਤੰਤਰ ਅਤੇ ਬੰਧਨ ਰਹਿਤ ਜੀਵਨ ਦੀ ਜਾਚਨਾ ਕੀਤੀ। ਭਗਤ ਜੀ ਨੇ ਆਪਣੀ ਕੁਲ ਦਾ ਕਿੱਤਾ ਕਰਦਿਆਂ ਪਰਮਾਤਮਾ ਦੀ ਭਗਤੀ ਸਦਕਾ ਉੱਤਮ ਪਦਵੀ ਗ੍ਰਹਿਣ ਕੀਤੀ ਅਤੇ ਸਮਾਜਿਕ ਧਾਰਮਿਕ ਪ੍ਰਸੰਗ ਵਿਚ ਸਨਮਾਨ ਦੇ ਅਧਿਕਾਰੀ ਬਣੇ। ਸਮਾਜਿਕ, ਧਾਰਮਿਕ, ਖੇਤਰ ਵਿਚ ਸ਼੍ਰੋਮਣੀ ਜਾਤਿ ਕਹਾਉਣ ਵਾਲੇ ਪੰਡਤ ਭਗਤ ਰਵਿਦਾਸ ਅੱਗੇ ਡੰਡਉਤ ਲਈ ਝੁਕੇ ਸਨ। ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਵਿਚ ਭਗਤ ਰਵਿਦਾਸ ਜੀ ਦੀ ਪ੍ਰਭੂ ਭਗਤੀ ਦੁਆਰਾ ਪ੍ਰਾਪਤ ਸ਼੍ਰੇਸ਼ਟ ਅਵਸਥਾ ਦਾ ਵਰਣਨ ਕੀਤਾ ਹੈ। ਯਥਾ :

(ੳ) ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ।।
ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ।।
(ਮਹਲਾ 4, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 733)

(ਅ) ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ।।
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ।।
(ਮਹਲਾ 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 487)

ਭਾਈ ਗੁਰਦਾਸ ਜੀ ਨੇ ਦਸਵੀਂ ਵਾਰ ਵਿਚ ਭਗਤ ਰਵਿਦਾਸ ਜੀ ਦੀ ਭਗਤੀ ਦੀ ਸੋਭਾ ਦਾ ਵਰਣਨ ਇਸ ਪ੍ਰਕਾਰ ਕੀਤਾ ਹੈ। ਯਥਾ :

ਭਗਤੁ ਭਗਤੁ ਜਗ ਵਜਿਆ ਚੰਹੁ ਚਕਾਂ ਦੇ ਵਿਚਿ ਚਮਰੇਟਾ।।
ਪਾਣਾ ਗੰਢੇ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ।। (ਵਾਰ 10)

ਭਗਤ ਰਵੀਦਾਸ ਜੀ ਨੇ ਪਰਮਾਤਮਾ ਦੀ ਭਗਤੀ ਦੀ ਬਦੌਲਤ ਉਨ੍ਹਾਂ ਦੇ ਆਪਣੇ ਵਿਅਕਤੀਤਵ ਵਿਚ ਆਏ ਕ੍ਰਾਂਤੀਕਾਰੀ ਪਰਿਵਰਤਨ ਦਾ ਉਲੇਖ ਆਪਣੀ ਸਵੈ-ਅਨੁਭੂਤੀ ਦੁਆਰਾ ਪ੍ਰਗਟ ਕੀਤਾ ਹੈ। ਉਨ੍ਹਾਂ ਦੱਸਿਆ ਹੈ ਕਿ ਜਿਹੜੇ ਬ੍ਰਾਹਮਣ ਉਨ੍ਹਾਂ ਨੂੰ ਸੂਦਰ ਕਹਿ ਕੇ ਤ੍ਰਿਸਕਾਰਦੇ ਸਨ, ਉਹ ਹੁਣ ਨਮਸਕਾਰ ਕਰਦੇ ਹਨ :

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ।।
(ਰਾਗ ਮਲਾਰ, ਰਵਿਦਾਸ, ਪੰਨਾ 1293)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਵਿਦਾਸ ਜੀ ਦੀ ਰਚਨਾ ਦਰਜ ਹੈ। ਰਚਨਾ ਦਾ ਆਕਾਰ 40 ਪਦੇ ਹਨ ਜੋ 16 ਰਾਗਾਂ ਵਿਚ ਹਨ। ਇਸ ਬਾਣੀ ਵਿਚ ਉਨ੍ਹਾਂ ਪ੍ਰੇਮ-ਭਗਤੀ ਦਾ ਸਾਧਨਾ ਮਾਰਗ ਦੱਸਿਆ ਹੈ। ਪ੍ਰੇਮ ਭਗਤੀ ਹੀ ਪਰਮਾਤਮਾ ਦੇ ਮਿਲਾਪ ਦਾ ਸਾਧਨ ਹੈ। ਪਰਮਾਤਮਾ ਦੀ ਭਗਤੀ ਕਰਨ ਵਾਲਾ ਮਾਨਵੀ ਉਤਮਤਾ ਦਾ ਪ੍ਰਤੀਕ ਦੱਸਿਆ ਹੈ :

ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰ ਨ ਕਾਇ।

## 1. ਮੁਕਤੀ-(ਬੇਗਮਪੁਰਾ) ਦਾ ਸੰਕਲਪ

'ਮੁਕਤੀ', ਮਾਨਵ ਜੀਵਨ ਦਾ ਮਨੋਰਥ ਹੈ। ਭਾਰਤੀ ਧਰਮ ਸਾਧਨਾ ਦੀਆਂ ਪ੍ਰਣਾਲੀਆਂ ਵਿਚ ਅੰਤਿਮ ਨਿਸ਼ਾਨਾ ਮੁਕਤੀ ਮੰਨਿਆ ਗਿਆ ਹੈ। 'ਮੁਕਤੀ', ਸੰਸਕ੍ਰਿਤ ਸ਼ਬਦ ਹੈ ਅਤੇ 'ਮੁਚ' ਧਾਤੂ ਤੋਂ ਬਣਿਆ ਹੈ, ਜਿਸਦਾ ਅਰਥ ਹੈ ਛੱਡ ਦੇਣਾ, ਰਿਹਾ ਕਰਨਾ, ਮੁਕਤ ਕਰਨਾ (ਸੰਸਕ੍ਰਿਤ ਸ਼ਬਦਾਰਥ ਕੋਸ਼ਤੂਭ ਪੰਨਾ 897)। ਭਾਈ ਕਾਹਨ ਸਿੰਘ ਨਾਭਾ ਨੇ ਮੁਕਤੀ ਨੂੰ ਅਵਿਦਿਆ ਦੇ ਬੰਧਨਾਂ ਤੋਂ ਛੁਟਕਾਰਾ, ਕਲੇਸ਼ਾਂ ਤੋਂ ਰਿਹਾਈ, ਭਰਮ ਮੂਲਕ ਰਸਮਾਂ, ਅਗਿਆਨ ਕਲਪਿਤ ਬੰਧਨਾਂ ਤੋਂ ਛੁਟਕਾਰਾ ਕਿਹਾ ਹੈ। (ਮਹਾਨ ਕੋਸ਼, ਪੰਨਾ 734)।

ਭਾਰਤੀ ਧਰਮ ਸਾਧਨਾ ਵਿਚ ਮੁਕਤੀ ਦੇ ਦੋ ਸਰੂਪ ਮੰਨੇ ਗਏ ਹਨ। ਵਿਦੇਹ ਮੁਕਤੀ ਅਤੇ ਸਦੇਹ ਮੁਕਤੀ। 'ਵਿਦੇਹ' ਮੁਕਤੀ ਮਰਨ ਉਪਰੰਤ ਪ੍ਰਾਪਤ ਹੋਣ ਵਾਲੀ ਮੁਕਤੀ ਦੱਸੀ ਹੈ। 'ਸਦੇਹ' ਮੁਕਤੀ ਜੀਵਨ ਕਾਲ ਵਿਚ ਪ੍ਰਾਪਤ ਹੋਣ ਵਾਲੀ ਮੁਕਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਦੇਹ ਮੁਕਤੀ ਨੂੰ ਸਿਰਮੌਰ ਮੰਨਿਆ ਗਿਆ ਹੈ ਇਸ ਨੂੰ 'ਜੀਵਨ ਮੁਕਤਿ' ਕਿਹਾ ਗਿਆ ਹੈ। ਇਸ ਨਾਲ ਮਨੁੱਖ ਦਾ ਆਵਾਗਵਨ ਮੁਕ ਜਾਂਦਾ ਹੈ। ਇਹੋ ਮਰਨ ਉਪਰੰਤ ਵਿਦੇਹ ਮੁਕਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੀਵਨ-ਮੁਕਤ ਦੇ ਸਾਮਾਨਾਰਥਕ ਪਦ ਮੋਖੰਤਰ, ਮੋਖ ਦੁਆਰ, ਪਰਮ ਪਦ, ਅਮਰਪਦ, ਨਿਰਬਾਣ, ਬੰਦ ਖਲਾਸੀ ਪ੍ਰਾਪਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਅਤੇ ਪਰਮਾਤਮਾ ਵਿਚ ਵਿੱਥ ਦਾ ਮੂਲ ਕਾਰਨ ਹਉਮੈਂ ਦੱਸਿਆ ਗਿਆ ਹੈ। ਹਉਮੈ ਹੀ ਬੰਧਨ ਦਾ ਕਾਰਣ ਹੈ। ਹਉਮੈ ਤੋਂ ਮੁਕਤ ਹੋਣਾ ਮੁਕਤੀ ਪ੍ਰਾਪਤੀ ਅਥਵਾ ਮੁਕਤ ਹੋਣਾ ਹੈ। ਇਹ ਅਵਸਥਾ ਮਨੁੱਖੀ ਹਉਮੈ ਦਾ ਨਿਸ਼ੇਧ ਅਤੇ ਪਰਮਾਤਮਾ ਮੂਲ ਤੱਤ ਦਾ ਮਨੁੱਖੀ ਹਿਰਦੇ ਵਿਚ ਨਿਵਾਸ ਦੀ ਅਵਸਥਾ ਹੈ, ਜਿਸ ਵਿਚ ਦੇਹ ਵਿਚ ਆਤਮਕ ਇਕਸੁਰਤਾ ਦਾ ਅਨੁਭਵ ਹੁੰਦਾ ਹੈ। ਗੁਰ ਵਾਕ ਹੈ :

1. ਜੀਵਨ ਮੁਕਤੁ ਸੋ ਆਖੀਐ
ਜਿਸ ਵਿਚਹੁ ਹਉਮੈ ਜਾਇ।।

(ਮਾਰੂ ਮ. ੧, ਪੰਨਾ 1010)

2. ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ।।

(ਗਉੜੀ (ਸੁਖ.) ਮ. ੫, ਪੰਨਾ 294)

ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਜੀਵਨ ਮੁਕਤਿ ਅਵਸਥਾ ਨੂੰ ਮਾਨਤਾ ਦਿੱਤੀ ਹੈ। ਇਹ ਅਵਸਥਾ ਜੀਵਨ ਕਾਲ ਵਿਚ ਪ੍ਰਾਪਤ ਹੋਣ ਵਾਲੀ ਹੈ। ਇਹ ਦੇਹ ਵਿਚ ਦੇਹ-ਬੰਧਨਾਂ ਤੋਂ ਮੁਕਤ ਅਵਸਥਾ ਹੈ। ਇਹ ਭੌਤਿਕ ਸੰਸਾਰ ਦੇ ਬੰਧਨਾਂ ਤੋਂ ਨਿਰਲੇਪ ਅਵਸਥਾ ਹੈ। ਇਹ ਦੇਹ ਵਿਚ ਆਤਮਾ ਪਰਮਾਤਮਾ ਦੇ ਤਾਤਵਿਕ ਇਕਰੂਪਤਾ ਦੀ ਅਭੇਦ ਅਵਸਥਾ ਹੈ। ਜਿਸ ਨੂੰ ਗਉੜੀ ਰਾਗ ਦੇ ਪਦੇ ਵਿਚ ਦੱਸਿਆ ਹੈ। ਯਥਾ :-

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।।
ਕਨਕ ਕਟਿਕ ਜਲ ਤਰੰਗ ਜੈਸਾ।।

(ਸ੍ਰੀ ਰਾਮ, ਰਵਿਦਾਸ, ਪੰਨਾ 93)

ਭਗਤ ਰਵਿਦਾਸ ਜੀ ਨੇ ਇਸੇ ਅਵਸਥਾ ਨੂੰ 'ਬੇਗਮਪੁਰਾ' ਕਿਹਾ ਹੈ :

ਬੇਗਮਪੁਰਾ ਸਹਰ ਕੋ ਨਾਉ।।
ਦੂਖੁ ਅੰਦੋਹੁ ਨਹੀ ਤਿਹਿ ਠਾਉ।।
ਨਾ ਤਸਵੀਸ ਖਿਰਾਜੁ ਨ ਮਾਲੁ।।
ਖਉਫੁ ਨਾ ਖਤਾ ਨ ਤਰਸੁ ਜਵਾਲੁ।।
ਅਬ ਮੋਹਿ ਖੂਬ ਵਤਨ ਗਹ ਪਾਈ।।
ਊਹਾਂ ਖੈਰਿ ਸਦਾ ਮੇਰੇ ਭਾਈ।।

(ਗਉੜੀ ਗੁਆਰੇਰੀ, ਰਵਿਦਾਸ, ਪੰਨਾ 345)

ਰਵਿਦਾਸ ਬਾਣੀ ਵਿਚ 'ਬੇਗਮਪੁਰ' ਦੇ ਸਮਾਨਾਰਥਕ ਪਦ, ਜੀਵਤ-ਮੁਕਤ, ਪਰਮਗਤਿ, ਖਲਾਸ ਪ੍ਰਾਪਤ ਹਨ :

ਜੀਵਤ ਮੁਕਤ ਸਦਾ ਨਿਰਬਾਨ।।

(ਭੈਰਉ, ਰਵਿਦਾਸ, ਪੰਨਾ 1167)

ਕਹਿ ਰਵਿਦਾਸ ਖਲਾਸ ਚਮਾਰਾ।।
ਜੋ ਹਮ ਸਹਰੀ ਸੁ ਮੀਤੁ ਹਮਾਰਾ।।

(ਗਉੜੀ ਗੁਆਰੇਰੀ, ਰਵਿਦਾਸ, ਪੰਨਾ 345)

ਉਪਰੋਕਤ ਪਰਿਭਾਸ਼ਾ ਜੀਵਨ ਕਾਲ ਵਿਚ ਪ੍ਰਾਪਤ ਉਸ ਆਤਮਿਕ ਅਵਸਥਾ ਨੂੰ ਸੂਚਿਤ ਕਰਦੀਆਂ ਹਨ, ਜੋ ਬੰਧਨ ਮੁਕਤ ਨਿਰਲੇਪ ਅਵਸਥਾ ਹੈ, ਜਿਸ ਵਿਚ ਹਉਮੈ ਦੀ ਭਰਮ ਬੁੱਧੀ ਤੋਂ ਉਪਜੇ ਦੁੱਖ ਦਾ ਵਿਨਾਸ਼ ਹੋ ਚੁੱਕਾ ਹੈ, ਜਿਸ ਵਿਚ ਦੁਨਿਆਵੀ ਧੰਧਿਆਂ ਤੋਂ ਉਪਜੇ ਦੁੱਖ ਚਿੰਤਾ ਦਾ ਬੰਧਨ ਖ਼ਤਮ ਹੋ ਗਿਆ ਹੈ। ਇਹ ਅਵਸਥਾ ਅਡੋਲ ਅਤੇ ਸਥਿਰ ਅਵਸਥਾ ਹੈ। ਇਸ ਵਿਚ ਭਟਕਣ ਅਤੇ ਗਿਰਾਵਟ ਦਾ ਕੋਈ ਤੋਖਲਾ ਨਹੀਂ। ਇਹ ਸ਼ਾਂਤ ਅਤੇ ਸਦਾ ਸੁਖ ਵਾਲੀ ਅਵਸਥਾ ਹੈ। ਇਸ ਅਵਸਥਾ ਨੂੰ ਪ੍ਰਾਪਤ ਪ੍ਰਾਣੀ ਬਰਾਬਰ ਇਕੋ ਜਿਹੀ ਅਵਸਥਾ ਦੇ ਮਾਲਕ ਹੁੰਦੇ ਹਨ। ਇਸ ਲਈ ਇਸ ਅਵਸਥਾ ਤੇ ਪਹੁੰਚੇ ਪ੍ਰਾਣੀ ਬਰਾਬਰੀ ਦਾ ਦਰਜਾ ਰਖਦੇ ਹਨ। ਇਥੇ ਦੂਜੇ ਦਰਜੇ ਦਾ ਵਿਤਕਰਾ ਨਹੀਂ। ਇਹ ਡਰ ਰਹਿਤ ਸਥਾਨ ਹੈ। ਇਹ ਨਿਸ਼ਕਾਮ ਅਤੇ ਨਿਰਬਾਣ ਅਵਸਥਾ ਹੈ। ਇਥੇ ਟੈਕਸ ਮਸੂਲ ਦਾ ਬੰਧਨ ਨਹੀਂ ਅਰਥਾਤ ਇਥੇ ਕਿਰਿਆ ਦੀ ਨਿਰੰਤਰ ਗਤੀ ਹੈ, ਪਰ ਕਿਰਿਆ ਦਾ ਬੰਧਨ ਨਹੀਂ। ਇਹ ਹਰ ਪੱਖੋਂ ਸੁਤੰਤਰ ਅਵਸਥਾ ਹੈ। ਇਥੇ ਸਮਾਜਿਕ, ਰਾਜਸੀ ਰਾਜਗਰਦੀ ਨਹੀਂ। ਇਥੋਂ ਦੇ ਵਾਸੀ ਇਕ ਸਮਾਨ ਹਨ। ਇਥੋਂ ਦੀ ਪਾਤਸ਼ਾਹੀ ਅਟੱਲ ਅਤੇ ਸਦੀਵੀ ਹੈ। ਇਥੇ ਜਾਤ ਜਨਮ ਦਾ ਵਿਤਕਰਾ ਨਹੀਂ। ਇਥੇ ਪਾਤਸ਼ਾਹ ਦੇ ਦਰਬਾਰ ਦੀ ਹਜ਼ੂਰੀ ਸਭ ਨੂੰ ਪ੍ਰਾਪਤ ਹੈ :

ਮੋਟੀ ਜਾਤਿ ਹੂਏ ਦਰਬਾਰਿ।।
ਤੁਹੀ ਮੁਕੰਦ ਜੋਗ ਜੁਗ ਤਾਰਿ।।

(ਗੋਂਡ, ਰਵਿਦਾਸ, ਪੰਨਾ 875)

ਇਹ ਅਵਸਥਾ ਸਦ ਅਨੰਦ ਵਾਲੀ ਹੈ। ਇਸ ਨਗਰ ਵਿਚ ਸੁਰੱਖਿਆ ਹੈ, ਏਕਤਾ ਤੇ ਇਕਰੂਪਤਾ ਹੈ। ਇਸ ਨਗਰ ਵਿਚ ਰਹਿਣ ਵਾਲੇ ਸਮ ਅਵਸਥਾ ਵਿਚ ਹਨ। ਉਹ ਬਿਨਾਂ ਰੋਕ-ਟੋਕ ਦੇ ਮਨ ਮਉਜ ਅਨੁਸਾਰ ਇਸ ਨਗਰੀ ਵਿਚ ਵਿਚਰਦੇ ਹਨ। ਭਗਤ ਰਵਿਦਾਸ ਜੀ ਨੇ ਇਸ ਆਤਮਿਕ ਅਵਸਥਾ ਦੀ ਪ੍ਰਾਪਤੀ ਤੇ ਆਪਣੇ ਆਪ ਨੂੰ ਬੰਧਨ ਮੁਕਤ ਅਨੁਭਵ ਕੀਤਾ ਅਤੇ ਉਨ੍ਹਾਂ ਐਲਾਨ ਕੀਤਾ ਕਿ ਮੈਂ ਮੁਕਤ ਹਾਂ, ਸੁਤੰਤਰ ਹਾਂ। ਇਸ ਬੰਧਨ ਮੁਕਤ ਆਜ਼ਾਦ ਅਵਸਥਾ ਵਿਚ ਪਹੁੰਚੇ ਹੋਏ ਲੋਕ ਹੀ ਮੇਰੇ ਇਸ ਸ਼ਹਿਰਾਂ ਦੇ ਵਾਸੀ ਹਨ ਅਤੇ ਮੇਰੇ ਮਿੱਤਰ ਹਨ। ਯਥਾ :

ਕਹਿ ਰਵਿਦਾਸ ਖਲਾਸ ਚਮਾਰਾ।।
ਜੋ ਹਮ ਸਹਰੀ ਸੁ ਮੀਤੁ ਹਮਾਰਾ।।

(ਗਉੜੀ, ਰਵਿਦਾਸ, ਪੰਨਾ 345)

ਬੇਗਮਪੁਰਾ ਇਸ ਧਰਤੀ ਦੇ ਵਸਣ ਵਾਲੇ ਜੀਵਨ ਮੁਕਤ ਮਨੁੱਖਾਂ ਦੀ ਇਕ ਮਾਨਸਿਕ ਅਵਸਥਾ ਦੀ ਨਗਰੀ ਹੈ, ਜਿਹੜੇ ਪਰਮਾਤਮਾ ਦੀ ਭਗਤੀ ਦੁਆਰਾ ਬਿਬੇਕ ਗਿਆਨ ਪ੍ਰਾਪਤੀ ਕਰਕੇ ਬੰਧਨ ਮੁਕਤ ਹੋਏ ਹਨ। ਭਗਤ ਕਬੀਰ ਜੀ ਨੇ ਵੀ 'ਖਾਲਸ' ਅਵਸਥਾ ਦੇ ਅਨੁਭਵ ਦਾ ਵਰਣਨ ਆਪਣੀ ਬਾਣੀ ਵਿਚ ਕੀਤਾ ਹੈ। ਜਿਸ ਦੀ ਪ੍ਰਾਪਤੀ ਪ੍ਰੇਮ ਭਗਤੀ ਤੋਂ ਹੀ ਦੱਸੀ ਹੈ :

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ।।

(ਕਬੀਰ, ਸੋਰਠਿ, ਪੰਨਾ 655)

ਜੀਵਨ ਮੁਕਤ ਅਵਸਥਾ ਪਰਮਾਤਮਾ ਦੀ ਭਗਤੀ ਸਾਧਨਾ ਨਾਲ ਜਗਤ ਵਿਚ ਰਹਿੰਦਿਆਂ ਹੀ ਪ੍ਰਾਪਤ ਹੋ ਜਾਂਦੀ ਹੈ।

### ਮਨੁੱਖ ਦੇ ਬੰਧਨਾਂ ਦਾ ਸਰੂਪ

ਜੀਵਨ ਮੁਕਤੀ ਦੇਹ ਅਤੇ ਸੰਸਾਰ ਦੇ ਮਾਇਕ ਬੰਧਨਾਂ ਤੋਂ ਮੁਕਤ ਹੋਣਾ ਹੈ। ਦੇਹ-ਇੰਦ੍ਰਿਆਂ ਦੀਆਂ ਇੱਛਾਵਾਂ, ਤ੍ਰਿਸ਼ਨਾਵਾਂ ਮਨੁੱਖ ਦੇ ਬੰਧਨ ਦਾ ਕਾਰਨ ਹਨ। ਦੇਹ ਇੱਛਾਵਾਂ, ਤ੍ਰਿਸ਼ਨਾ ਅਧੀਨ ਕਾਰਜਸ਼ੀਲ ਹੋਣਾ ਅਗਿਆਨਤਾ ਹੈ। ਮਨੁੱਖ ਅੰਦਰ ਪਰਮਾਤਮਾ ਦਾ ਨਿਵਾਸ ਹੈ। ਇਸ ਦੀ ਸੂਝ ਤਦੋਂ ਪ੍ਰਾਪਤ ਹੁੰਦੀ ਹੈ, ਜਦੋਂ ਮਨੁੱਖ ਮਾਇਆ ਦੇ ਪਰਦੇ ਤੋਂ ਮੁਕਤ ਹੋ ਜਾਂਦਾ ਹੈ। ਮਨੁੱਖ ਅਤੇ ਪਰਮਾਤਮਾ ਵਿਚ ਵਿਛੋੜੇ ਦਾ ਕਾਰਨ ਹਉਮੈ ਹੈ, ਜਿਸ ਦੇ ਕਾਰਨ ਮਨੁੱਖ ਆਤਮ-ਤੱਤ ਤੋਂ ਬੇਮੁੱਖ ਹੋ ਜਾਂਦਾ ਹੈ। ਆਤਮ-ਤੱਤ ਤੋਂ ਬੇਮੁੱਖ ਹੋਣ ਕਾਰਨ ਇਸ ਦਾ ਸੰਬੰਧ ਕੇਵਲ ਪਦਾਰਥਕ ਸੰਸਾਰ ਨਾਲ ਜੁੜਿਆ ਰਹਿੰਦਾ ਹੈ। ਇਸ ਸੀਮਿਤ ਦ੍ਰਿਸ਼ਟੀਕੋਣ ਸਦਕਾ ਮਨੁੱਖ ਇੱਛਾਵਾਂ ਦਾ ਗੁਲਾਮ ਬਣ ਕੇ ਵਿਕਾਰ, ਗ੍ਰਸਤ ਹੋ ਜਾਂਦਾ ਹੈ। ਭਗਤ ਰਵਿਦਾਸ ਜੀ ਨੇ ਪਰਮਾਤਮਾ ਤੋਂ ਮਨੁੱਖ ਦੇ ਵਿਛੋੜੇ ਦੇ ਕਾਰਨ ਇਹ ਦੱਸੇ ਹਨ। ਬਾਣੀ ਪ੍ਰਮਾਣ ਹਨ :

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ।।
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ।।

(ਜੈਤਸਰੀ, ਰਵਿਦਾਸ, ਪੰਨਾ 710)

ਕਾਮ ਕ੍ਰੋਧ ਮਾਇਆ ਮਦ ਮਤਸਰ।।
ਇਨ ਪੰਚਹੁ ਮਿਲਿ ਲੂਟੇ।।

(ਰਾਮਕਲੀ, ਰਵਿਦਾਸ, ਪੰਨਾ 973)

ਮਨੁ ਮਾਇਆ ਕੈ ਹਾਥਿ ਬਿਕਾਨਉ।।

(ਜੈ ਸਰੀ, ਰਵਿਦਾਸ, ਪੰਨਾ 710)

ਭਗਤ ਰਵਿਦਾਸ ਜੀ ਨੇ ਮਨੁੱਖ ਦੀ ਭੌਤਿਕ ਪ੍ਰਸੰਗ ਵਿਚ ਸਤਈ ਜੀਵਨ ਜੀਉਣ ਦੀ ਪ੍ਰਵਿਰਤੀ ਦਾ ਸੰਕੇਤ ਦਿੱਤਾ ਹੈ। ਉਹ ਦੀ ਹਉਮੈ ਅਤੇ ਸੁਆਰਥ ਅਧੀਨ ਲੋਭ, ਈਰਖਾ, ਘ੍ਰਿਣਾ, ਹੰਕਾਰ ਦੇ ਵਿਕਾਰਾਂ ਕਾਰਨ ਦਵੰਦਾ ਅਰਥਾਤ ਦੁਬਿਧਾ ਵਿਚ ਪੀੜਤ ਰਹਿੰਦਾ ਹੈ। ਉਸ ਦੀ ਗੰਭੀਰਤਾਪੂਰਵਕ ਸੋਚਣ ਵਿਚਾਰਨ ਦੀ ਸ਼ਕਤੀ ਛੀਣ ਕਮਜ਼ੋਰ ਹੋ ਜਾਂਦੀ ਹੈ। ਉਹ ਆਤਮ-ਚੇਤਨਾ ਤੋਂ ਵੰਚਿਤ ਰਹਿ ਜਾਂਦਾ ਹੈ। ਭਗਤ ਰਵਿਦਾਸ ਜੀ ਦਾ ਕਥਨ ਹੈ :

ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ।।

(ਸੋਰਠਿ, ਰਵਿਦਾਸ, ਪੰਨਾ 658)

ਮਨੁੱਖ ਦਾ ਮਨ ਅਗਿਆਨ ਵਸ ਦਿੱਸਦੇ ਸੰਸਾਰ ਨੂੰ ਜੀਵਨ ਦਾ ਉਦੇਸ਼ ਮੰਨ ਕੇ ਪਦਾਰਥਕ ਮੋਹ ਅਧੀਨ ਵਿਕਾਰ-ਗ੍ਰਸਤ ਹੋ ਜਾਂਦਾ ਹੈ। ਭਗਤ ਰਵਿਦਾਸ ਜੀ ਨੇ ਮਨੁੱਖ ਦੇ ਬੰਧਨ ਦਾ ਕਾਰਨ ਮਨੁੱਖ ਦਾ ਅਬਿਬੇਕੀ ਮਨ ਦੱਸਿਆ ਹੈ। 'ਬਿਬੇਕ ਗਿਆਨ' ਮਨ ਨੂੰ ਸ਼ੁੱਭ ਅਤੇ ਉੱਚਿਤ ਦੀ ਸੂਝ ਪ੍ਰਦਾਨ ਕਰਦਾ ਹੈ। ਬਿਬੇਕ ਬੌਧਿਕ ਸ਼ਕਤੀ ਹੈ, ਜੋ ਸਦੀਵੀ ਅਤੇ ਅਸਥਿਰ ਦਾ ਨਿਰਣਾ ਕਰਦੀ ਹੈ। ਬਿਬੇਕ ਸ਼ਕਤੀ ਦੇ ਮਲੀਨ ਹੋਣ ਨਾਲ ਮਨੁੱਖ ਪਾਪ ਪੁੰਨ ਦਾ ਨਿਰਣਾ ਨਹੀਂ ਕਰ ਸਕਦਾ ਅਤੇ ਉਹ ਦੇਹ-ਇੰਦ੍ਰਿਆਂ ਦੇ ਰਸਾਂ-ਕਸਾਂ ਅਧੀਨ ਪਾਪ ਕਰਮਾਂ ਦੇ ਬੰਧਨ ਵਿਚ ਪੈ ਜਾਂਦਾ ਹੈ। ਯਥਾ :

ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ।।

(ਸੋਰਠਿ, ਰਵਿਦਾਸ, ਪੰਨਾ 658)

ਦੇਹ ਇੰਦ੍ਰੀਆਂ ਦੇ ਥੋੜ ਚਿਰ੍ਹੇ ਸੁਆਦਾਂ ਤੋਂ ਉੱਪਰ ਉਠ ਕੇ ਪਰਮਾਤਮਾ ਨਾਲ ਪਰਿਚੈ ਪ੍ਰਾਪਤ ਕਰਨਾ ਮਨੁੱਖਾ ਜਨਮ ਦੀ ਅਮੋਲਕਤ ਨੂੰ ਪ੍ਰਾਪਤ ਕਰਨਾ ਹੈ। ਮਨੁੱਖ ਦਾ ਉਦੇਸ਼ ਵਿਅਕਤੀ ਸੀਮਾ ਤੋਂ ਅਜੇ ਵਧਣਾ ਹੈ। ਇਸ ਉਦੇਸ਼ ਲਈ ਮਨੁੱਖ ਲਈ ਸਦੀਵੀ ਅਤੇ ਛਿਨ ਭੰਗਰ ਦਾ ਗਿਆਨ ਜ਼ਰੂਰੀ ਹੈ। ਯਥਾ :

1. ਜੋ ਦੀਸੈ ਸੋ ਹੋਇ ਬਿਨਾਸ।।

(ਭੈਰਉ, ਰਵਿਦਾਸ, ਪੰਨਾ 1167)

2. ਪ੍ਰਾਨੀ ਕਿਆ ਮੇਰਾ ਕਿਆ ਤੇਰਾ।।
ਜੈਸੇ ਤਰਵਰ ਪੰਖਿ ਬਸੇਰਾ।।

(ਸੋਰਠਿ, ਰਵਿਦਾਸ, ਪੰਨਾ 659)

## II. ਜੀਵਨ-ਮੁਕਤ ਅਵਸਥਾ ਦੀ ਪ੍ਰਾਪਤੀ ਦੇ ਸਾਧਨ : ਭਗਤੀ

### ਪਰਮਾਤਮਾ ਦੀ ਭਗਤੀ :

ਜੀਵਨ-ਮੁਕਤ ਅਵਸਥਾ ਦੀ ਪ੍ਰਾਪਤੀ ਲਈ ਕਾਰਗਰ ਸਾਧਨ ਭਗਤੀ ਦੀ ਜੀਵਨ ਜੁਗਤੀ ਹੈ। ਭਗਤ ਰਵਿਦਾਸ ਜੀ ਨੇ ਮਨੁੱਖ ਦੇ ਨਿਸਤਾਰੇ ਲਈ ਪੂਰਬ ਕਾਲ ਵਿਚ ਧਰਮ ਸਾਧਨਾ ਦੇ ਮਿਥੇ ਹੋਏ ਕਰਮਕਾਂਡੀ ਕਿਰਿਆਚਾਰ ਦੀ ਨਿਖੇਧੀ ਕੀਤੀ ਹੈ, ਜਿਹੜੇ ਮਨੁੱਖ ਦੇ ਬੰਧਨਾਂ ਤੋਂ ਛੁਟਕਾਰੇ ਲਈ ਸਾਰਥਕ ਨਹੀਂ ਸਨ। ਇਹ ਮਨੁੱਖ ਦੀ ਭਰਮ-ਬੁੱਧੀ ਨੂੰ ਨਾਸ਼ ਨਹੀਂ ਕਰਦੇ। ਉਨ੍ਹਾਂ ਗਉੜੀ ਰਾਗ ਦੇ ਪਦੇ ਵਿਚ ਸਤਯੁਗ ਵਿਚ ਦਾਨ ਕਰਮ, ਤ੍ਰੇਤਾ ਜੁਗ ਵਿਚ ਯਗ ਕਰਮ ਅਤੇ ਦੁਆਪਰ ਯੁਗ ਵਿਚ ਪੂਜਾ ਅਰਚਨਾ ਦੀ ਕਰਮਕਾਂਡੀ ਕਿਰਿਆ ਦੀ ਪ੍ਰਧਾਨਤਾ ਦਾ ਜਿਕਰ ਕੀਤਾ ਹੈ ਅਤੇ ਦਸਿਆ ਹੈ ਕਿ ਇਨ੍ਹਾਂ ਕਿਰਿਆਵਾਂ ਨਾਲ ਮਨੁੱਖ ਅੰਦਰੋਂ ਹੰਕਾਰ ਦੀ ਮੈਲ ਨਹੀਂ ਧੁਲਦੀ। ਬਾਹਰੀ ਕਿਰਿਆਵਾਂ ਦਾ ਨਿਭਾ ਹਾਥੀ ਦੇ ਇਸ਼ਨਾਨ ਵਰਗਾ ਹੈ। ਯਥਾ :

ਬਹੁਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ।।
ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ।।

... ... ...

ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ।।

ਸੁਧ ਕਵਨ ਪਰ ਹੋਇਬੋ ਸਚੁ ਕੁੰਚਰ ਬਿਧਿ ਬਿਉਹਾਰ।।

(ਗਉੜੀ, ਰਵਿਦਾਸ, ਪੰਨਾ 346)

ਭਗਤ ਰਵਿਦਾਸ ਜੀ ਨੇ ਮਨੁੱਖ ਦੀ ਮੁਕਤੀ ਲਈ ਪਰਮਾਤਮਾ ਦੀ ਭਗਤੀ ਨੂੰ ਆਧਾਰ ਮੰਨਿਆ ਹੈ। ਮਨੁੱਖ ਵਿਸ਼ੇਸ਼ ਸ਼ਕਤੀਆਂ ਸੰਪੰਨ ਪ੍ਰਾਣੀ ਹੈ। ਇਸ ਅੰਦਰ ਬਿਬੇਕ ਬੁੱਧੀ ਹੈ। ਇਸ ਅੰਦਰ ਸੁਮਤਿ ਹੈ। ਇਹ ਸੋਚ ਵਿਚਾਰ ਕੇ ਕੱਚ-ਸੱਚ ਦਾ ਨਿਰਣਾ ਕਰ ਸਕਦਾ ਹੈ। ਭੌਤਿਕ ਸੰਸਾਰ ਨਾਲ ਸੰਬੰਧਿਤ ਹੋਣ ਕਾਰਨ ਇਸ ਅੰਦਰ ਹਉਮੈ, ਮੋਹ-ਮਾਇਆ ਅਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਵਿਕਾਰਾਂ ਦਾ ਵਾਸਾ ਹੈ। ਇਹ ਵਿਕਾਸ ਮਨੁੱਖ ਦੇ ਬੰਧਨ ਦਾ ਕਾਰਨ ਹਨ। ਇਨ੍ਹਾਂ ਦੇ ਪ੍ਰਭਾਵ ਵਿਚ ਮਨੁੱਖ ਬਿਬੇਕਹੀਨ ਹੋ ਜਾਂਦਾ ਹੈ। ਭਗਤ ਰਵਿਦਾਸ ਜੀ ਨੇ ਮਨੁੱਖ ਦੇ ਵਿਕਾਰਾਂ ਦੇ ਬੰਧਨ ਤੋਂ ਮੁਕਤ ਹੋਣ ਅਤੇ ਬਿਬੇਕ- ਗਿਆਨ ਦੇ ਪ੍ਰਕਾਸ਼ ਦਾ ਸਾਧਨ ਭਗਤੀ ਦੀ ਜੁਗਤੀ ਦਸੀ ਹੈ। ਭਗਤੀ ਸਾਧਨਾਂ ਨਾਲ ਮਨੁੱਖੀ ਮਨ ਅੰਦਰੋਂ ਵਿਕਾਰਾਂ ਦੀ ਮੈਲ ਦੂਰ ਹੁੰਦੀ ਹੈ, ਅੰਤਹਕਰਣ ਨਿਰਮਲ ਹੁੰਦਾ ਹੈ ਅਤੇ ਪਰਮਾਤਮਾ ਦੇ ਗੁਣਾਂ ਦਾ ਪ੍ਰਕਾਸ਼ ਹੁੰਦਾ ਹੈ ਯਥਾ :-

ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ।।
ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬੀਚਾਰ।।

(ਗਉੜੀ ਬੈਰਾਗਣਿ, ਰਵਿਦਾਸ, ਪੰਨਾ 346)

## III. ਭਗਤੀ ਦਾ ਆਧਾਰ : ਪਰਮਾਤਮਾ ਦੇ ਗੁਣ

ਭਗਤ ਰਵਿਦਾਸ ਜੀ ਦੀ ਭਗਤੀ ਦਾ ਆਧਾਰ ਪਰਮਾਤਮਾ ਹੈ। ਪਰਮਾਤਮਾ ਭਗਤੀਯੋਗ ਹੈ। ਪਰਮਾਤਮਾ ਮੂਲ ਤਤਿ ਹੈ। ਰਚਨਾ ਉਸ ਦਾ ਇਕ ਵਿਸਥਾਰ ਹੈ। ਪਰਮਾਤਮਾ ਆਪਣੀ ਰਚਨਾ ਵਿਚ ਵਿਆਪਕ ਹੈ। ਰਚਨਾ ਦੇ ਕਣ ਕਣ ਵਿਚ ਉਸ ਦੀ ਜੋਤਿ ਵਿਦਮਾਨ ਹੈ :

(ੳ) ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ।।

(ਮਲਾਰ, ਰਵਿਦਾਸ, ਪੰਨਾ 1293)

(ਅ) ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ।।
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਇ।।

(ਸੋਰਠਿ, ਰਵਿਦਾਸ, ਪੰਨਾ 658)

ਭਗਤ ਰਵਿਦਾਸ ਜੀ ਨੇ ਪਰਮਾਤਮਾ ਦੀ ਭਗਤੀ ਦੁਆਰਾ ਉਸ ਦੀ ਹੋਂਦ ਨੂੰ ਅਤਿ ਨੇੜੇ ਅਨੁਭਵ ਕੀਤਾ। ਜਿਸ ਦਾ ਵਰਣਨ ਉਨ੍ਹਾਂ ਆਪਣੇ ਹੱਥਾਂ ਤੋਂ ਵੀ ਨੇੜੇ ਕਹਿ ਕੇ ਕੀਤਾ ਹੈ। ਉਨ੍ਹਾਂ ਪਰਮਾਤਮਾ ਨੂੰ ਅੰਤਰਜਾਮੀ ਕਿਹਾ ਹੈ, ਜਿਹੜਾ ਕਿ ਆਪਣੀ ਰਚਨਾ ਦੀ ਪੂਰੀ ਜਾਣਕਾਰੀ ਰਖਦਾ ਹੈ। ਉਸ ਨੂੰ ਉਨ੍ਹਾਂ ਸਗਲ ਭਵਨ ਦਾ ਨਾਇਕ ਕਿਹਾ ਹੈ ਯਥਾ :-

(ੳ) ਤੁਮ ਜੁ ਨਾਇਕ ਆਛਹੁ ਅੰਤਰਜਾਮੀ।।
ਪ੍ਰਭੂ ਤੇ ਜਨ ਜਾਨੀਜੇ ਜਨ ਤੇ ਸੁਆਮੀ ।। (ਸਿਰੀ, ਰਵਿਦਾਸ, ਪੰਨਾ 93)

(ਅ) ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ।।

(ਗਉੜੀ ਪੂਰਬੀ ਰਵਿਦਾਸ, ਪੰਨਾ 346)

ਭਗਤ ਰਵਿਦਾਸ ਜੀ ਨੇ ਪਰਮਾਤਮਾ ਲਈ ਅਨੇਕ ਨਾਵਾਂ ਦਾ ਪ੍ਰਯੋਗ ਕੀਤਾ ਹੈ, ਜਿਹੜੇ ਉਸ ਦੇ ਅਗਮ, ਅਗੋਚਰ ਲਾਸਾਨੀ ਸਰੂਪ ਅਤੇ ਗੁਣਾਤਮਕ ਸਰੂਪ ਨੂੰ ਉਜਾਗਰ ਕਰਦੇ ਹਨ। ਹਰਿ, ਮਾਧੋ, ਮੁਰਾਰਿ, ਮਧੁਸੁਧਨ, ਨਾਰਾਇਣ, ਨਾਥ, ਰਾਜਾ ਰਾਮ, ਗੋਬਿੰਦ ਆਦਿ ਨਾਵਾਂ ਦਾ ਪ੍ਰਯੋਗ ਕੀਤਾ ਹੈ। ਇਹ ਸਾਰੇ ਨਾਮ ਉਸ ਸਮੇਂ ਪਰਮਾਤਮਾ ਲਈ ਪ੍ਰਚਲਿਤ ਸਨ। ਪਰਮਾਤਮਾ ਨੂੰ ਗੁਣਵਾਚਕ ਨਾਵਾਂ, ਸੁਖ ਸਾਗਰ, ਚਿੰਤਾਮਨਿ, ਸੁਰਤਰ, ਦੀਨ ਦਇਆਲ, ਪਤਿਤ ਪਾਵਨ, ਪ੍ਰਾਨ ਨਾਥ, ਜੀਅ ਕੇ ਜੀਵਨ ਨਾਲ ਸੰਬੋਧਨ ਕੀਤਾ ਹੈ। ਇਹ ਨਾਮ ਪਰਮਾਤਮਾ ਦੀ ਸਰਬ ਸਮਰਥ ਸ਼ਕਤੀਮਾਨ ਸੱਤਾ ਨੂੰ ਰੂਪਮਾਨ ਕਰਦੇ ਹਨ। ਉਨ੍ਹਾਂ ਅਨੇਕ ਗੁਣਵਾਚਕ ਨਾਵਾਂ ਦਾ ਪ੍ਰਯੋਗ ਕਰਕੇ ਵੀ ਪਰਮਾਤਮਾ ਨੂੰ ਬੇਅੰਤ ਗੁਣਾਂ ਦਾ ਸੋਮਾ ਕਿਹਾ ਹੈ। ਉਹ ਅਕਥ ਹੈ ਉਸ ਦੇ ਗੁਣ ਕਥਨ ਵਿਚ ਨਹੀਂ ਆ ਸਕਦੇ। ਉਹ ਉਪਮਾ ਰਹਿਤ ਹੈ। ਉਸ ਦੀ ਉਪਮਾ ਨਹੀਂ ਦਿੱਤੀ ਜਾ ਸਕਦੀ। ਉਹ ਆਪਣੇ ਵਰਗਾ ਕੇਵਲ ਆਪ ਹੀ ਹੈ। ਯਥਾ :

ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ।।
ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ।।

(ਬਿਲਾਵਲ, ਰਵਿਦਾਸ, ਪੰਨਾ 858)

ਜੋਗੀਸਰ ਪਾਵਹਿ ਨਹੀਂ ਤੁਅ ਗੁਣ ਕਥਨੁ ਅਪਾਰੁ।।

(ਗਉੜੀ, ਰਵਿਦਾਸ, ਪੰਨਾ 346)

ਪਰਮਾਤਮਾ ਸਦੀਵੀ ਹੈ। ਰਚਨਾ ਬਿਨਸਨਹਾਰ ਹੈ। ਇਹ ਪਰਿਵਰਤਨ ਦੀ ਗਤੀ ਵਿਚ ਹੈ ਜਗਤ ਦਾ ਰੰਗ ਕੁਸੰਭੇ ਫੁੱਲ ਸਮਾਨ ਕੱਚਾ ਹੈ :

ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ।।
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ।।

(ਗਉੜੀ ਬੈਰਾਗਣਿ, ਰਵਿਦਾਸ, ਪੰਨਾ 346)

ਮਨੁੱਖ ਦਾ ਜਗਤ ਵਿਚ ਟਿਕਾਣਾ ਪੰਛੀ ਸਮਾਨ ਹੈ। ਇਸ ਦੀ ਦੇਹ ਘਾਹ ਦੇ ਛੱਪਰ ਸਮਾਨ ਹੈ। ਇਹ ਕਾਲ ਦੇ ਪ੍ਰਭਾਵ ਵਿਚ ਹੈ। ਪਰਮਾਤਮਾ ਦੀ ਭਗਤੀ ਬਿਨਾਂ ਮਨੁੱਖ ਦੀ ਅਉਧ ਵਿਅਰਥ ਜਾਂਦੀ ਹੈ। ਸਦੀਵੀ ਤੱਤ ਪਰਮਾਤਮਾ ਹੈ। ਇਸ ਦੀ ਪ੍ਰਾਪਤੀ ਹੀ ਮਨੁੱਖ ਦੀ ਸਦੀਵਤਾ ਦਾ ਪ੍ਰਮਾਣ ਹੈ। ਪ੍ਰਾਪਤੀ ਦਾ ਸਾਧਨ ਪਰਮਾਤਮਾ ਦੀ ਭਗਤੀ ਹੈ।

ਭਗਤ ਰਵਿਦਾਸ ਜੀ ਨੇ ਪਰਮਾਤਮਾ ਨਾਲ ਭਾਵਾਤਮਕ ਸੰਬੰਧ ਜੋੜਿਆ ਹੈ ਅਤੇ ਪਰਮਾਤਮਾ ਨੂੰ ਆਪਣੀ ਹੋਂਦ ਦਾ ਮੂਲ ਮੰਨਿਆ ਹੈ। 'ਜੀਅ ਕੇ ਜੀਵਨਾ' ਕਹਿ ਕੇ ਆਪਣੇ ਨਾਲ ਪਰਮਾਤਮਾ ਦਾ ਅਨਿਖੜ ਸੰਬੰਧ ਦੱਸਿਆ ਹੈ। ਭੌਤਿਕ ਸੰਦਰਭ ਦੇ ਵਿਕਾਰੀ ਪ੍ਰਭਾਵ ਅਧੀਨ ਵਿਕਾਰਾਂ ਤੋਂ ਮੁਕਤ ਹੋਣ ਨਹੀਂ ਉਤਮ ਸ਼ੁੱਧ ਭਾਵਨਾ ਦੀ ਮੰਗ ਕੀਤੀ ਹੈ। ਇਹ ਭਾਵਨਾ ਪਰਮਾਤਮਾ ਪ੍ਰਤੀ ਪ੍ਰੇਮ-ਭਾਵ ਸੂਚਕ ਹੈ, ਜਿਸ ਵਿਚ ਉਨ੍ਹਾਂ ਸੁੱਧ ਅਤੇ ਅਨਿੰਨ-ਭਾਵ ਲਈ ਆਪਾ ਕੁਰਬਾਨ ਕੀਤਾ ਹੈ :

ਮੇਰੀ ਹਰਹੁ ਬਿਪਤ ਜਨ ਕਰਹੁ ਸੁਭਾਈ।।
ਚਰਨ ਨਾ ਛਾਡਉ ਸਰੀਰ ਕਲ ਜਾਈ।।

(ਗਉੜੀ ਗੁਆਰੇਰੀ ਰਵਿਦਾਸ, ਪੰਨਾ 345)

ਪ੍ਰੇਮ ਭਾਵ ਲਈ ਭਗਤ ਜੀ ਪਰਮਾਤਮਾ ਦੇ ਗੁਣਵਾਚਕ ਸਰੂਪ ਤੇ ਕੇਂਦਰਤ ਹੋਏ ਹਨ। ਉਨ੍ਹਾਂ ਪਰਮਾਤਮਾ ਦੀ ਮਹਿਮਾ ਦੇ ਕਥਨ ਨੂੰ ਪ੍ਰੇਮ-ਭਗਤੀ ਦੀ ਪ੍ਰਾਪਤੀ ਲਈ ਆਧਾਰ ਮੰਨਿਆ ਹੈ। ਯਥਾ :

ਜੋਗੀਸਰ ਪਾਵਹਿ ਨਹੀਂ ਤੁਅ ਗੁਣ ਕਥਨੁ ਅਪਾਰ।।
ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ।।

(ਗਉੜੀ ਪੂਰਬੀ, ਰਵਿਦਾਸ, ਪੰਨਾ 346)

ਭਗਤ ਰਵਿਦਾਸ ਜੀ ਨੇ ਪਰਮਾਤਮਾ ਨੂੰ 'ਪਿਆਰ' ਸ਼ਬਦ ਨਾਲ ਸੰਬੋਧਨ ਕੀਤਾ ਹੈ। ਉਹ ਪਿਆਰਾ ਭਗਤੀ ਦੁਆਰਾ ਮਿਲਦਾ ਦਸਿਆ ਹੈ।

## ਪਰਮਾਤਮਾ ਪ੍ਰਤੀ ਪ੍ਰੇਮ-ਭਾਵਨਾ

ਪ੍ਰੇਮ-ਭਾਵ ਦਾ ਸੰਬੰਧ ਮਨੁੱਖ ਦੀ ਭਾਵਾਤਮਕ ਬਿਰਤੀ ਨਾਲ ਹੈ। ਭਾਵਾਤਮਕ ਬਿਰਤੀ ਸਰਵੋਤਮ ਭਾਵ ਹੈ, ਜੋ ਤਿਆਗ, ਕੁਰਬਾਨੀ ਤੇ ਮਰਯਾਦਾ ਨੂੰ ਪੁਸ਼ਟ ਕਰਦਾ ਹੈ। ਇਸ ਭਾਵ ਦੇ ਅੰਦਰ ਬਾਕੀ ਦੇ ਵਿਰੋਧੀ ਭਾਵ ਸਥਿਰ ਹੋ ਜਾਂਦੇ ਹਨ। ਸੁਆਰਥੀ ਹਉਮੈ ਬਲਿਦਾਨ ਤੇ ਸਮਰਪਣ ਵਿਚ ਤਬਦੀਲ ਹੋ ਜਾਂਦੀ ਹੈ। ਪ੍ਰੇਮ-ਭਾਵਨਾ ਲਈ ਕਿਸੇ ਰੀਤ ਦੀ ਮੁਥਾਜੀ ਦਾ ਬੰਧਨ ਨਹੀਂ ਰਹਿੰਦਾ। ਇਹ ਹਿਰਦੇ ਦਾ ਨਿਰਮਲ, ਨਿਸ਼ਕਾਮ ਭਾਵ ਹੈ। ਮਨੁੱਖੀ ਮਨ ਅੰਦਰ ਪ੍ਰੇਮ ਅੰਸ਼ ਵਿਦਮਾਨ ਹੈ ਇਹ ਤਦੋਂ ਸਬੱਲ ਹੁੰਦਾ ਹੈ, ਜਦੋਂ ਪ੍ਰੇਮ ਪਾਤਰ ਲਈ ਵਿਸ਼ਵਾਸ, ਸ਼ਰਧਾ ਦ੍ਰਿੜ੍ਹ ਹੁੰਦੀ ਹੈ। ਭਗਤ ਰਵਿਦਾਸ ਜੀ ਨੇ ਪਰਮਾਤਮਾ ਨੂੰ ਜਗਤ ਰਚਨਾ ਦਾ ਨਾਇਕ ਤਸੱਵਰ ਕੀਤਾ। ਉਹ ਨਾਇਕ ਜਿਹੜਾ ਮਾਨਵ ਦਾ ਮੂਲ ਆਧਾਰ ਹੈ। ਭਗਤ ਜੀ ਨੂੰ ਪੂਰਨ ਵਿਸ਼ਵਾਸ ਹੈ ਕਿ ਪਰਮਾਤਮਾ ਉਸ ਦਾ ਮਾਲਕ, ਮਾਤਾ, ਪਿਤਾ ਅਥਵਾ ਪ੍ਰਿਤਪਾਲਕ ਹੈ। ਇਸ ਲਈ ਉਨ੍ਹਾਂ ਦਾ ਸਰਵੋਤਮ ਪ੍ਰੇਮ-ਭਾਵ ਪਰਮਾਤਮਾ ਪ੍ਰਤੀ ਹੈ। ਦੁਨਿਆਵੀ ਸੰਬੰਧਾਂ ਅਤੇ ਪਦਾਰਥਾਂ ਦੀ ਥਾਵੇਂ ਉਨ੍ਹਾਂ ਪਰਮਾਤਮਾ ਪ੍ਰਤੀ ਪ੍ਰੇਮ-ਭਾਵ ਨੂੰ ਮੁੱਖ ਦਸਿਆ ਹੈ। ਉਨ੍ਹਾਂ ਨੇ ਆਪਣਾ ਸੰਬੰਧ ਕੇਵਲ ਪਰਮਾਤਮਾ ਨਾਲ ਜੋੜਿਆ ਹੈ। ਯਥਾ :

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ।।
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ।।

(ਸੋਰਠਿ, ਰਵਿਦਾਸ, ਪੰਨਾ 659)

ਪਰਮਾਤਮਾ ਦੀ ਭਗਤੀ ਲਈ ਪ੍ਰੇਮ-ਭਾਵ ਦੀ ਤੀਬਰਤਾ ਪ੍ਰਮੁੱਖ ਹੈ। ਭਗਤ ਰਵਿਦਾਸ ਜੀ ਨੇ ਪਰਮਾਤਮਾ ਦੀ ਭਗਤੀ ਲਈ ਰਸਮੀ ਪੂਜਾ ਨੂੰ ਅੰਡੇਬਰ ਦੱਸਿਆ ਹੈ। ਇਸ ਨਾਲ ਮਾਨਸਿਕ ਸ਼ੁੱਧੀ ਨਹੀਂ ਹੁੰਦੀ। ਪ੍ਰੇਮ-ਭਾਵ ਹੀ ਹਿਰਦੇ ਅੰਦਰੋਂ ਦਵੈਤ ਭਾਵ ਖਤਮ ਕਰਦਾ ਹੈ। ਉਨ੍ਹਾਂ ਆਪਣੀ ਪਰਮਾਤਮਾ ਪ੍ਰਤੀ ਪ੍ਰੀਤਿ-ਸਿਕ ਨੂੰ ਪ੍ਰਾਕ੍ਰਿਤਕ ਖੇਤਰ ਵਿਚੋਂ 'ਗਿਰਵਰ-ਮੋਰ', 'ਚੰਦ-ਚਕੋਰ', 'ਜਲ-ਮੀਨ' ਦੇ ਬਿੰਬਾਂ ਰਾਹੀਂ

ਵਿਅਕਤ ਕੀਤਾ ਹੈ। ਇਹ ਵਰਨਣ ਪਰਮਾਤਮਾ ਲਈ ਉਨ੍ਹਾਂ ਦੇ ਡੂੰਘੇ ਪ੍ਰੇਮ-ਭਾਵ ਨੂੰ ਦੱਸਦਾ ਹੈ।

ਭਗਤ ਰਵਿਦਾਸ ਨੇ ਆਪਣੀ ਬਾਣੀ ਵਿਚ ਦੱਸਿਆ ਹੈ ਕਿ ਮਨੁੱਖ ਪਰਮਾਤਮਾ ਤੋਂ ਵਿਯੋਗਿਆ ਹੋਇਆ ਹੈ। ਵਿਯੋਗ ਦਾ ਕਾਰਨ ਮਨੁੱਖ ਅੰਦਰ ਸਥਿਰ ਹਉਮੈ ਹੈ। ਹਉਮੈ ਤੋਂ ਮੁਕਤ ਹੋਣ ਅਤੇ ਪਰਮਾਤਮਾ ਪ੍ਰਤੀ ਵਿਛੋੜੇ ਦਾ ਗਿਆਨ ਆਵੱਸ਼ਕ ਹੈ। ਭਗਤ ਰਵਿਦਾਸ ਜੀ ਨੇ ਇਸ ਵਿਛੋੜੇ ਨੂੰ ਅਨੁਭਵ ਕੀਤਾ ਹੈ ਅਤੇ ਵਿਛੋੜੇ ਦੇ ਦੁਖ ਨੂੰ ਪ੍ਰਗਟ ਕੀਤਾ ਹੈ। ਯਥਾ :

ਬਹੁਤ ਜਨਮ ਬਿਛੁਰੇ ਥੇ ਮਾਧਉ।।
ਇਹ ਜਨਮ ਤੁਮਾਰੇ ਲੇਖੇ।।
ਕਹਿ ਰਵਿਦਾਸ ਆਸ ਲਗਿ ਜੀਵਉ
ਚਿਰ ਭਇਓ ਦਰਸਨੁ ਦੇਖੇ।।

(ਧਨਾਸਰੀ, ਰਵਿਦਾਸ, ਪੰਨਾ 694)

ਭਗਤੀ ਲਈ ਪ੍ਰੇਮ-ਭਾਵ ਨੂੰ ਮੁੱਖ ਮੰਨਦੇ ਹੋਏ ਦੇਹ ਵਿਚ ਇਸ ਦੀ ਹੋਂਦ ਲਈ ਭਗਤ ਰਵਿਦਾਸ ਜੀ ਹਰ ਕਿਸਮ ਦਾ ਸਰੀਰਕ ਬਲਿਦਾਨ ਦੇਣ ਲਈ ਤਿਆਰ ਹਨ। ਉਨ੍ਹਾਂ ਦੀ ਪ੍ਰੇਮ-ਭਾਵ ਦੀ ਲਿਵ ਕਿਸੇ ਵੀ ਹਾਲਤ ਵਿਚ ਨਹੀਂ ਟੁੱਟਣੀ ਚਾਹੀਦੀ। ਉਨ੍ਹਾਂ ਲਈ ਪਦਾਰਥਕ ਮੋਹ ਮਾਇਆ ਦੀ ਥਾਵੇਂ ਪਰਮਾਤਮਾ ਦੀ ਪ੍ਰੇਮ-ਭਗਤੀ ਸਰਵੋਤਮ ਹੈ :

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ।।
ਪ੍ਰੇਮ ਜਾਇ ਤਉ ਡਰਪੈ ਤੇਰੋ ਜਨੁ।।
ਸੰਪਤਿ ਬਿਪਿਟ ਪਟਲ ਮਾਇਆ ਧਨੁ।।
ਤਾਂ ਮਹਿ ਮਗਨ ਹੋਤ ਨ ਤੇਰੋ ਜਨੁ।।
ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨੁ।।

(ਆਸਾ, ਰਵਿਦਾਸ, ਪੰਨਾ 486-87)

ਪਰਮਾਤਮਾ ਨਾਲ ਤਦਰੂਪ ਹੋਣ ਦਾ ਮਾਧਿਅਮ ਪ੍ਰੇਮ-ਭਾਵ ਹੈ। ਭਗਤ ਰਵਿਦਾਸ ਜੀ ਨੇ ਪ੍ਰੇਮ-ਭਾਵ ਦੁਆਰਾ ਪਰਮਾਤਮਾ ਨਾਲ ਸੰਬੰਧ ਜੁੜਨ ਦੇ ਅਨੁਭਵ ਦਾ ਪ੍ਰਗਟਾਵਾ ਕੀਤਾ ਹੈ, ਯਥਾ :

ਹਮ ਪ੍ਰੇਮ ਬੰਧਨਿ ਤੁਮ ਬਾਧੇ।।

(ਸੋਰਠਿ, ਰਵਿਦਾਸ, ਪੰਨਾ 658)

ਪ੍ਰੇਮ-ਭਾਵ ਦੀ ਪ੍ਰਾਪਤੀ ਆਪਾ ਬਲਿਦਾਨ ਕਰਨ ਤੇ ਪ੍ਰਾਪਤ ਹੁੰਦੀ ਹੈ। ਸਰੀਰਕ ਅਤੇ ਸੰਸਾਰਕ ਮੋਹ ਦੇ ਸਮਰਪਣ ਤੇ ਹੀ ਹਉਮੈ ਦਾ ਖਾਤਮਾ ਹੁੰਦਾ ਹੈ। ਆਪਾ ਵਾਰ ਕੇ ਹੀ ਹਉਮੈ ਤੋਂ ਛੁਟਕਾਰਾ ਹੁੰਦਾ ਹੈ। ਭਗਤ ਰਵਿਦਾਸ ਜੀ ਨੇ ਪ੍ਰੀਤ ਭਾਵ ਦੀ ਪ੍ਰਾਪਤੀ ਨੂੰ ਆਪਾ ਬਲੀਦਾਨ ਕਰਕੇ ਪ੍ਰਾਪਤ ਕੀਤਾ ਦੱਸਿਆ ਹੈ। ਉਹ ਇਸ ਪ੍ਰੀਤ ਨੂੰ ਮਹਿੰਗੇ ਭਾਅ ਪ੍ਰਾਪਤ ਕੀਤਾ ਕਹਿੰਦੇ ਹਨ। ਇਸ ਲਈ ਉਹ ਇਸ ਵਿਚ ਕਿਸੇ ਪ੍ਰਕਾਰ ਦੀ ਊਣਤਾ ਨੂੰ ਸਹਿਣਾ ਕਠਿਨ ਦੱਸਦੇ ਹਨ :

ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ।।
ਮੈ ਤਉ ਮੋਲਿ ਮਹਗੀ ਲਈ ਜੀਅ ਸਟੈ।।

(ਧਨਾਸਰੀ, ਰਵਿਦਾਸ, ਪੰਨਾ 694)

ਪ੍ਰੀਤ ਭਾਵ ਦੁਆਰਾ ਹੀ ਉਨ੍ਹਾਂ ਨੂੰ ਪ੍ਰਮਾਤਮਾ ਨਾਲ ਅਭੇਦ ਅਵਸਥਾ ਦਾ ਅਨੁਭਵ ਹੋਇਆ, ਜਿਸ ਨੂੰ ਉਨ੍ਹਾਂ ਸੋਨਾ ਅਤੇ ਸੋਨੇ ਦੇ ਬਣੇ ਕੰਗਣ, ਜਲ ਤੇ ਜਲ ਦੀ ਲਹਿਰ ਦੀ ਅਭਿੰਨਤਾ ਦੇ ਦ੍ਰਿਸ਼ਟਾਂਤ ਦੁਆਰਾ ਦੱਸਿਆ ਹੈ।

### ਨਾਮ ਸਿਮਰਨ

ਭਗਤ ਰਵਿਦਾਸ ਜੀ ਨੇ ਪ੍ਰਭੂ ਭਗਤੀ ਲਈ ਪਰਮਾਤਮਾ ਦੇ ਨਾਮ ਸਿਮਰਨ ਨੂੰ ਜ਼ਰੂਰੀ ਮੰਨਿਆ ਹੈ। ਨਾਮ ਸਿਮਰਨ ਪਰਮਾਤਮਾ ਦੇ ਗੁਣਾਂ ਦਾ ਚਿੰਤਨ ਹੈ। ਗੁਣ ਚਿੰਤਨ, ਮਨੁੱਖੀ ਸਰੀਰ ਦੇ ਗਿਆਨ ਇੰਦ੍ਰਿਆਂ ਨੇ ਕਰਨਾ ਹੈ। ਮਨੁੱਖ ਦੇ ਅੰਦਰ ਪਰਮਾਤਮਾ ਦੇ ਗੁਣਾਂ ਦਾ ਪ੍ਰਕਾਸ਼ ਨਾਮ ਸਿਮਰਨ ਤੋਂ ਹੁੰਦਾ ਹੈ। ਭਗਤ ਰਵਿਦਾਸ ਜੀ ਨੇ ਪਰਮਾਤਮਾ ਤੋਂ ਸ੍ਰੇਸ਼ਟ ਵਿਚਾਰ 'ਨਾਮ ਸਿਮਰਨ' ਦੀ ਮੰਗ ਕੀਤੀ ਹੈ, ਜਿਸ ਨਾਲ ਕਿ ਉਨ੍ਹਾਂ ਦਾ ਸਰੀਰ ਪਰਮਾਤਮਾ ਦੀ ਅਰਾਧਨਾ ਵਿਚ ਲਗੇ ਯਥਾ :-

ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ।।

(ਸਿਰੀ, ਰਵਿਦਾਸ, ਪੰਨਾ 93)

ਭਗਤ ਰਵੀਦਾਸ ਜੀ ਨੇ ਬਾਣੀ ਵਿਚ ਦੱਸਿਆ ਹੈ ਕਿ ਮਨੁੱਖ, ਭੌਤਿਕ-ਦੇਹ ਦੇ ਤਿੰਨ ਗੁਣੀ ਪ੍ਰਭਾਵ ਵਿਚ ਔਗੁਣਹਾਰਾ ਹੈ ਮਨੁੱਖ ਦੇਹ ਦੇ ਔਗੁਣ ਕੇਵਲ ਪਰਮਾਤਮਾ ਦੇ ਨਾਮ ਦੁਆਰਾ ਕੱਟੇ ਜਾਂਦੇ ਹਨ। ਪਰਮਾਤਮਾ ਦਾ ਨਾਮ ਇਸੇ ਲਈ ਪਤਿਤ ਪਾਵਨ ਦੱਸਿਆ ਹੈ, ਕਿਉਂਕਿ ਉਹ ਪਾਪੀਆਂ ਨੂੰ ਪੁਨੀਤ ਕਰਨ ਵਾਲਾ ਹੈ। ਯਥਾ :-

ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ।।
ਪਤਿਤ ਪਾਵਨ ਨਾਮੁ ਕੈਸੇ ਹੁੰਤਾ।।

(ਸਿਰੀ, ਰਵਿਦਾਸ, ਪੰਨਾ 93)

ਸਰੀਰ ਦੀ ਪਵਿੱਤਰਤਾ ਦਾ ਆਧਾਰ ਪਰਮਾਤਮਾ ਦਾ ਨਾਮ ਸਿਮਰਨ ਹੈ। ਪਵਿੱਤਰਤਾ ਹੀ ਅਧਿਆਤਮਕ ਵਿਕਾਸ ਦੀ ਕਸੌਟੀ ਹੈ ਸਰੀਰਕ ਪਵਿੱਤਰਤਾ ਲਈ ਰਸਮੀ ਪੂਜਾ ਕਿਰਿਆਚਾਰ ਮਨੁੱਖੀ-ਦੇਹ ਦੇ ਸ਼ੁੱਧੀਕਰਣ ਵਿਚ ਸਹਾਇਕ ਨਹੀਂ ਹੁੰਦੇ। ਯਥਾ :

ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧ ਬਿਕਾਰ।।
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ।।

(ਗਉੜੀ, ਪੂਰਬੀ ਰਵਿਦਾਸ, ਪੰਨਾ 346)

ਦੇਹ ਅੰਦਰ ਸਥਿਤ ਕਾਮ, ਕ੍ਰੋਧ, ਲੋਭ, ਮੋਹ ਦੇ ਵਿਚਾਰ, ਬਾਹਰੀ ਕਰਮਕਾਂਡ ਨਾਲ ਦੂਰ ਨਹੀਂ ਹੁੰਦੇ। ਮਨੁੱਖ ਅੰਦਰੋਂ ਹਉਮੈ ਦੀ ਅਗਿਆਨਤਾ ਦਾ ਅੰਧਕਾਰ ਦੂਰ ਨਹੀਂ ਹੁੰਦਾ। ਇਹ ਕੇਵਲ ਪਰਮਾਤਮਾ ਦੇ ਗੁਣ ਚਿੰਤਨ ਦੁਆਰਾ ਹੀ ਸੰਭਵ ਹੈ। ਪਰਮਾਤਮਾ ਦੇ ਗੁਣਾਂ ਦਾ ਸਪਰਸ਼ ਕੇਵਲ ਨਾਮ ਸਿਮਰਨ ਦੁਆਰਾ ਹੀ ਹੁੰਦਾ ਹੈ। ਨਾਮ ਸਿਮਰਨ ਹੀ ਪਰਮਾਤਮਾ ਦੇ ਪ੍ਰੇਮ ਭਾਵ ਨੂੰ ਪੈਦਾ ਕਰਦਾ ਹੈ। ਨਾਮ ਸਿਮਰਨ ਪਾਰਸ ਕਲਾ ਹੈ, ਜਿਸ ਨਾਲ ਮਾਨਵ ਅੰਦਰ ਪਰਮਾਤਮਾ ਦੇ ਗੁਣ ਪਰਗਟ ਹੋ ਜਾਂਦੇ ਹਨ। ਸੰਸਾਰਕ ਪ੍ਰਸੰਗ ਵਿਚ ਭਾਵੇ ਉਹ ਕਿਸੇ ਵੀ ਕੁਲ ਜਾਤਿ ਵਿਚ ਜਨਮਿਆ ਹੋਵੇ, ਪਰਮਾਤਮਾ ਦੇ ਨਾਮ ਸਿਮਰਨ ਦੁਆਰਾ ਉਹ ਪੂਜਣਯੋਗ ਪਦਵੀ ਪ੍ਰਾਪਤ ਕਰਦਾ ਹੈ। ਯਥਾ :-

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚਮਾਰੰ।।
ਰਿਦੈ ਰਾਮ ਗੋਬਿੰਦ ਗੁਨ ਸਾਰੰ।।
... ... ...
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ।।

(ਮਲਾਰ, ਰਵਿਦਾਸ, ਪੰਨਾ 1293)

ਨਾਮ ਸਿਮਰਨ ਲਈ ਮਨ, ਬਚਨ ਅਤੇ ਕਿਰਿਆ ਦੀ ਸੁੱਧਤਾ ਦੀ ਲੋੜ ਹੈ। ਨਾਮ ਸਿਮਰਨ ਲਈ ਮਨੁੱਖ ਦੇਹ ਦੇ ਗਿਆਨ ਇੰਦ੍ਰਿਆਂ ਅਤੇ ਕਰਮ ਇੰਦ੍ਰਿਆਂ ਦੀ ਮਿਲਵੀਂ ਇਕਸੁਰਤਾ ਦਾ ਕੇਂਦਰੀਕਰਣ ਜ਼ਰੂਰੀ ਹੈ, ਜਿਸ ਨੂੰ ਭਗਤ ਰਵਿਦਾਸ ਰਾਗ ਧਨਾਸਰੀ ਦੇ ਪਦੇ ਵਿਚ ਦੱਸਿਆ ਹੈ :

ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ
ਸ੍ਵਨ ਬਾਨੀ ਸੁਜਸੁ ਪੂਰਿ ਰਾਖਉ।।
ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ
ਰਸਨ ਅੰਮ੍ਰਿਤ ਰਾਮਨਾਮ ਭਾਖਉ।।

(ਧਨਾਸਰੀ, ਰਵਿਦਾਸ, ਪੰਨਾ 694)

ਨਾਮ ਸਿਮਰਨ ਦਾ ਵਾਸਾ ਮਨੁੱਖ ਦੇ ਹਿਰਦੇ ਵਿਚ ਹੋਣਾ ਹੈ। ਪਰਮਾਤਮਾ ਦੇ ਨਾਮ ਦੇ ਨਿਵਾਸ ਨਾਲ ਹੀ ਮਨੁੱਖ ਅੰਦਰੋਂ ਵਿਰੋਧੀ ਦੁਬਿਧਾ ਖਾਰਜ ਹੁੰਦੀ ਹੈ ਅਤੇ ਮਾਨਵ ਨਿਸ਼ਕਾਮ ਭਾਵਨਾ ਵਿਚ ਆਉਂਦਾ ਹੈ। ਪ੍ਰਮਾਣ ਹੈ :

ਪਰਚੈ ਰਾਮੁ ਰਵੈ ਜਉ ਕੋਈ।।
ਪਾਰਸੁ ਪਰਸੈ ਦੁਬਿਧਾ ਨ ਹੋਈ।।

(ਭੈਰਉ, ਰਵਿਦਾਸ, ਪੰਨਾ 1167)

ਪਰਮਾਤਮਾ ਦੇ ਨਾਮ ਦਾ ਹਿਰਦੇ ਵਿਚ ਨਿਵਾਸ ਹੋਣ ਨਾਲ ਦਵੈਤ ਭਾਵ ਦੂਰ ਹੁੰਦਾ ਹੈ, ਪਰਮਾਤਮਾ ਦੀ ਹੋਂਦ ਸਰਵਤਰ ਦਿਖਾਈ ਦਿੰਦੀ ਹੈ। ਜਗਤ ਰਚਨਾ ਦੇ ਪਸਾਰੇ ਦੇ ਯਥਾਰਥ ਦੀ ਸੋਝੀ ਹੁੰਦੀ ਹੈ। ਰਵਿਦਾਸ ਜੀ ਨੇ ਬਾਣੀ ਵਿਚ ਇਕ ਸੰਕੇਤ ਦਿੱਤਾ ਹੈ। ਪ੍ਰਮਾਣ ਹੈ :

ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ।।

(ਧਨਾਸਰੀ, ਰਵਿਦਾਸ, ਪੰਨਾ 694)

ਮਨੁੱਖੀ ਦੇਹ ਦਾ ਭੌਤਿਕ ਸਰੂਪ ਪੰਜ ਤੱਤਾਂ ਦਾ ਜੋੜ ਹੈ, ਜੋ ਕਾਲ ਦੇ ਪ੍ਰਭਾਵ ਅੰਦਰ ਹੈ। ਪਰਮਾਤਮਾ ਦਾ ਨਾਮ ਸਿਮਰਨ ਮਨੁੱਖ ਦੇਹ ਲਈ ਸਾਰ ਤੱਤ ਹੈ। ਨਾਮ ਸਿਮਰਨ ਤੋਂ ਬਿਨਾਂ ਦੇਹ ਦੁਆਰਾ ਕੀਤੀ ਹੋਰ ਕਿਰਿਆ ਬੇਅਰਥ ਜਾਂਦੀ ਹੈ। ਨਾਮ ਵਿਹੂਣੀ ਦੇਹ ਨਿਰਰਥਕ ਹੈ। ਭਗਤ ਰਵਿਦਾਸ ਜੀ ਨੇ ਮਨੁੱਖ ਨੂੰ ਪਰਮਾਤਮਾ ਦੇ ਸਿਮਰਨ ਦਾ ਸੰਦੇਸ਼ ਦਿੱਤਾ ਹੈ। ਯਥਾ :-

ਮੁਕੰਦ ਮੁਕੰਦ ਜਪਹੁ ਸੰਸਾਰ।।
ਬਿਨੁ ਮੁਕੰਦ ਤਨੁ ਹੋਇ ਅਉਹਾਰ।।

(ਗੋਂਡ, ਰਵਿਦਾਸ, ਪੰਨਾ 875)

**ਗੁਰੂ**

ਗੁਰੂ ਗਿਆਨ ਦਾ ਸੋਮਾ ਹੈ। ਗਿਆਨ ਕੱਚ ਅਤੇ ਸੱਚ ਦੀ ਸੋਝੀ ਹੈ। ਗੁਰੂ ਦੀ ਸਿੱਖਿਆ ਦੇ ਅਨੁਸਰਣ ਨਾਲ ਮਨੁੱਖ ਨੂੰ ਆਤਮਾ ਅਤੇ ਪਰਮਾਤਮਾ ਦੇ ਸੰਬੰਧ ਦਾ ਗਿਆਨ ਹੁੰਦਾ ਹੈ। ਭਗਤੀ-ਭਾਵ ਦੇ ਦ੍ਰਿੜ੍ਹ ਹੋਣ ਦਾ ਸਾਧਨ ਗੁਰੂ ਦੀ ਸਿੱਖਿਆ ਹੈ। ਪ੍ਰੇਮ-ਭਗਤੀ ਲਈ ਗੁਰੂ ਦੀ ਕ੍ਰਿਪਾ ਪਰਮ ਅਵੱਸ਼ਕ ਹੈ। ਭਗਤ ਰਵਿਦਾਸ ਨੇ ਗੁਰੂ ਦੀ ਕ੍ਰਿਪਾ ਨੂੰ ਪਰਮਾਤਮਾ ਦੀ ਪ੍ਰਾਪਤੀ ਲਈ ਜ਼ਰੂਰੀ ਦੱਸਿਆ ਹੈ :

ਗੁਰ ਪ੍ਰਸਾਦਿ ਨਿਰੰਜਨੁ ਪਾਵਉ।।

(ਗੁਜਰੀ, ਰਵਿਦਾਸ, ਪੰਨਾ 525)

ਗੁਰੂ ਦਾ ਗਿਆਨ ਮਨੁੱਖ ਅਤੇ ਪਰਮਾਤਮਾ ਵਿਚ ਵਿੱਥ ਦਾ ਅੰਧਕਾਰ ਦੂਰ ਕਰਦਾ ਹੈ। ਤੱਤ ਗਿਆਨ ਦੀ ਸੋਝੀ ਗੁਰੂ ਤੋਂ ਹੁੰਦੀ ਹੈ। ਭਰਮ ਦਾ ਨਾਸ਼ ਗੁਰੂ-ਗਿਆਨ ਤੋਂ ਹੁੰਦਾ ਹੈ। ਜੀਵਾਤਮਾ ਅਤੇ ਪਰਮਾਤਮਾ ਵਿਚ ਤਾਤਵਿਕ ਭੇਦ ਨਹੀਂ ਹੈ। ਇਹ ਉਸੇ ਦਾ ਹੀ ਰੂਪ ਹੈ, ਜਿਵੇਂ ਸੋਨਾ ਅਤੇ ਸੋਨੇ ਤੋਂ ਬਣੇ ਕੰਗਣ ਅਤੇ ਜਲ ਅਤੇ ਜਲ ਦੀ ਤਰੰਗ। ਸਰੀਰਬੱਧ ਹੋਣ ਕਰਕੇ ਜੀਵਾਤਮਾ ਹਉਮੈ ਅਤੇ ਮਾਇਆ ਦੇ ਪ੍ਰਭਾਵ ਕਰਕੇ ਪਰਮਾਤਮਾ ਤੋ ਵੱਖ ਹੋ ਜਾਂਦੀ ਹੈ ਅਤੇ ਦ੍ਰਿਸ਼ਟਮਾਨ ਸੰਸਾਰ ਵਿਚ ਮਗਨ ਹੋ ਜਾਂਦੀ ਹੈ। ਗਿਆਨ ਇਹ ਹੈ ਕਿ ਮਨੁੱਖਾ ਜਨਮ ਦੁਰਲਭ ਹੈ ਇਸੇ ਜਨਮ ਵਿਚ ਹੀ ਇਸ ਨੇ ਪ੍ਰਭੂ ਭਗਤੀ ਦੁਆਰਾ ਮੇਲ ਸਥਾਪਿਤ ਕਰਨਾ ਹੈ। ਪਰ ਮਨੁੱਖ ਦੀ ਅਗਿਆਨਤਾ ਅਥਵਾ ਬੇਸਮਝੀ ਕਾਰਨ ਇਸਦੀ ਸੰਗਤ ਵਿਕਾਰਾਂ ਨਾਲ ਹੋ ਜਾਂਦੀ ਹੈ, ਜਿਸ ਨਾਲ ਇਸ ਦੀ ਸੋਚ ਦਾ ਦੀਪਕ ਮੈਲਾ ਹੋ ਜਾਂਦਾ ਹੈ। ਗੁਰੂ ਦਾ ਗਿਆਨ ਮਨੁੱਖ ਨੂੰ ਬਿਬੇਕੀ ਬਣਾਉਂਦਾ ਹੈ। ਗੁਰੂ ਦੇ ਗਿਆਨ ਨੂੰ ਜੀਵਨ ਵਿਚ ਧਾਰਨ ਕਰਨਾ ਅਤੇ ਪਰਮਾਤਮਾ ਦੇ ਭਗਤੀ-ਭਾਵ ਨੂੰ ਦ੍ਰਿੜ੍ਹ ਕਰਨਾ ਸ਼੍ਰੋਮਣੀ ਤਪ ਹੈ ਯਥਾ :

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ।।
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ।।
ਮਾਧੋ ਅਬਿਦਿਆ ਹਿਤ ਕੀਨ। ਬਿਬੇਕ ਦੀਪ ਮਲੀਨ।।੧।। ਰਹਾਉ

... ... ...

ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ।।

(ਆਸਾ, ਰਵਿਦਾਸ, ਪੰਨਾ 486)

ਗੁਰੂ ਪਾਰਸ ਹੈ। ਜਿਵੇਂ ਤਾਂਬੇ ਨਾਲ ਪਾਰਸ ਛੂਹਣ ਤੇ ਤਾਂਬਾ ਸੋਨਾ ਬਣ ਜਾਂਦਾ ਹੈ, ਇਵੇਂ ਗੁਰੂ ਨਾਲ ਸੰਪਰਕ ਸਥਾਪਿਤ ਹੋਣ ਨਾਲ ਮਨੁੱਖ ਸੁਧ ਸਰੂਪੀ ਬਣ ਜਾਂਦਾ ਹੈ। ਜਿਵੇਂ ਸੂਰਜ ਚੜ੍ਹਨ ਨਾਲ ਰਾਤ ਦਾ ਹਨੇਰਾ ਦੂਰ ਹੋ ਜਾਂਦਾ ਹੈ ਅਤੇ ਸੂਰਜ ਦੇ ਪ੍ਰਕਾਸ਼ ਦਾ ਉਜਾਲਾ ਹੋ ਜਾਂਦਾ ਹੈ। ਇਵੇਂ ਗੁਰੂ ਤੋਂ ਪ੍ਰਾਪਤ ਗਿਆਨ-ਪ੍ਰਕਾਸ਼ ਨਾਲ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ। ਗੁਰੂ ਦਾ ਲਾਭ ਪੂਰਬਲੇ ਸ਼ੁਭ ਕਰਮਾਂ ਦੇ ਫਲ ਤੋਂ ਹੀ ਪ੍ਰਾਪਤ ਹੁੰਦਾ ਹੈ। ਗੁਰੂ ਗਿਆਨ ਸਦਕਾ ਭਗਤੀ ਵਿਚ ਜੁੜਨ ਨਾਲ ਮਾਇਆ ਦੇ ਬੰਧਨ ਟੁੱਟ ਜਾਂਦੇ ਹਨ ਅਤੇ ਆਤਮਕ ਮੰਡਲ ਦੇ ਕਰੜੇ ਕਿਵਾੜ ਖੁਲ੍ਹਦੇ ਹਨ। ਪਰਮਾਤਮਾ ਦਾ ਮੇਲਾਪ ਮਨੁੱਖ ਦੇਹ ਵਿਚ ਹੋ ਜਾਂਦਾ ਹੈ। ਯਥਾ :-

ਪਰਮ ਪਰਸ ਗੁਰੂ ਭੇਟੀਐ
ਪੂਰਬ ਲਿਖਤ ਲਿਲਾਟ।।
ਉਨਮਨ ਮਨ ਮਨ ਹੀ ਮਿਲੇ
ਛੁਟਕਤ ਬਜਰ ਕਪਾਟ।।

(ਗਉੜੀ ਬੈਰਾਗਣਿ, ਰਵਿਦਾਸ, ਪੰਨਾ 346)

**ਸਤਿਸੰਗਤ**

ਪਰਮਾਤਮਾ ਲਈ ਪ੍ਰੇਮ-ਭਾਵ ਦੀ ਉਤਪਤੀ ਸਤਿਸੰਗਤ ਵਿਚ ਹੁੰਦੀ ਹੈ। ਭਗਤ ਰਵਿਦਾਸ ਜੀ ਨੇ ਪ੍ਰੇਮ-ਭਾਵ ਨੂੰ ਭਗਤੀ ਦਾ ਜ਼ਰੂਰੀ ਆਧਾਰ ਮੰਨਿਆ ਹੈ :

ਸਾਧ ਸੰਗਤਿ ਬਿਨਾ ਭਾਉ ਨਹੀਂ ਉਪਜੈ।।
ਭਾਵ ਬਿਨੁ ਭਗਤਿ ਨਹੀਂ ਹੋਇ ਤੇਰੀ।।

(ਧਨਾਸਰੀ, ਰਵਿਦਾਸ, ਪੰਨਾ 694)

ਸੰਤਾਂ ਦੀ ਸੰਗਤ ਵਿਚ ਪਰਮਾਤਮਾ ਦੇ ਸਰੂਪ ਦਾ ਗਿਆਨ ਹੁੰਦਾ ਹੈ। ਸੰਤਾਂ ਦੀ ਰਹਿਣੀ ਤੋਂ ਜੀਵਨ ਦੇ ਨੈਤਿਕ ਗੁਣਾਂ ਦਾ ਬੋਧ ਹੁੰਦਾ ਹੈ। ਮਨੁੱਖ ਅੰਦਰੋਂ ਹਉਮੈ ਖਤਮ ਹੁੰਦੀ ਹੈ ਅਤੇ ਮਨੁੱਖ ਦਾ ਨੈਤਿਕ ਵਿਕਾਸ ਹੁੰਦਾ ਹੈ। ਨੈਤਿਕ ਗੁਣ ਮਨੁੱਖ ਨੂੰ ਦਇਆ, ਪਰਉਪਕਾਰ, ਖਿਮਾ, ਨਿਮਰਤਾ ਦੇ ਭਾਵਾਂ ਨਾਲ ਸਦਗੁਣੀ ਬਣਾਉਂਦੇ ਹਨ। ਇਨ੍ਹਾਂ ਗੁਣਾਂ ਨਾਲ ਦਵੈਤ, ਈਰਖਾ ਖਤਮ ਹੁੰਦੀ ਹੈ ਅਤੇ ਪ੍ਰੇਮ-ਮਿਲਾਪ ਦੇ ਭਾਵ ਪੁਸ਼ਟ ਹੁੰਦੇ ਹਨ। ਭਗਤ ਰਵਿਦਾਸ ਜੀ ਦਾ ਕਥਨ ਹੈ :

ਸਾਧੂ ਕੀ ਜਉ ਲੇਹਿ ਓਟ।।
ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ।।

(ਬਸੰਤ, ਰਵਿਦਾਸ, ਪੰਨਾ 1196)

ਸਾਧ ਸੰਗਤਿ ਵਿਚ ਆਤਮਕ ਵਿਕਾਸ ਹੁੰਦਾ ਹੈ। ਮਨੁੱਖ ਦੇ ਔਗੁਣ ਕੱਟੇ ਜਾਂਦੇ ਹਨ। ਭਗਤ ਰਵਿਦਾਸ ਦੇ ਪ੍ਰੇਮ ਭਗਤੀ ਦੀ ਪ੍ਰਾਪਤੀ ਲਈ ਸਤਿਸੰਗਤ ਵਿਚ ਇਸ ਤਰ੍ਹਾਂ ਜੁੜੇ ਰਹਿਣ ਦੀ ਜੁਗਤੀ ਦੱਸੀ ਹੈ, ਜਿਵੇਂ ਸ਼ਹਿਦ ਦੇ ਛੱਤੇ ਨਾਲ ਮਧੂ ਮੱਖੀਆਂ ਜੁੜੀਆਂ ਰਹਿੰਦੀਆਂ ਹਨ। ਯਥਾ :

ਸਤ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ।।

(ਆਸਾ, ਰਵਿਦਾਸ, ਪੰਨਾ 486)

**ਨਿਸ਼ਕਾਮ ਕਰਮ**

ਕਰਮ-ਬੰਧਨ ਮਨੁੱਖੀ ਦੇ ਆਵਾਗਵਨ ਦਾ ਕਾਰਨ ਹਨ। ਜੀਵਨ ਮੁਕਤ ਅਵਸਥਾ ਲਈ ਕਰਮ ਬੰਧਨ ਦੀ ਗਤੀ ਨੂੰ ਖਤਮ ਕਰਨਾ ਜ਼ਰੂਰੀ ਹੈ। ਭਗਤ ਰਵਿਦਾਸ ਜੀ ਨੇ ਵਿਸ਼ੇਸ਼ ਜੀਵਨ ਜੁਗਤੀ ਦੁਆਰਾ ਬੰਧਨ ਤੋਂ ਮੁਕਤਿ ਹੋਣਾ ਦੱਸਿਆ ਹੈ। ਮਨੁੱਖ ਨੇ ਕਰਤੱਵ ਪਰਾਇਣ ਹੋਣਾ ਹੈ, ਪਰ ਨਾਲ ਹੀ ਇੱਛਾ-ਵਾਸ਼ਨਾ ਮੁਕਤ ਹੋਣਾ ਹੈ। ਤੱਤ ਦੀ ਪ੍ਰਾਪਤੀ ਲਈ ਕਿਰਿਆ ਜ਼ਰੂਰੀ ਹੈ। ਨਿਸ਼ਕਾਮ ਭਾਵਨਾ ਤੱਤ ਗਿਆਨ ਦੀ ਪ੍ਰਾਪਤੀ ਦਾ ਆਧਾਰ ਹੈ। ਭੈਰਉ ਰਾਗ ਵਿਚ ਉਨ੍ਹਾਂ ਦੱਸਿਆ ਹੈ ਕਿ ਜਿਵੇਂ ਘਿਉ ਲਈ ਦੁੱਧ ਰਿੜਕਣ ਦੀ ਪ੍ਰਕ੍ਰਿਆ ਜ਼ਰੂਰੀ ਹੈ, ਤਿਵੇਂ ਪਰਮਾਤਮ ਤੱਤ ਦੀ ਪ੍ਰਾਪਤੀ ਲਈ ਜੀਵਨ ਕਿਰਿਆ ਦਾ ਨਿਭਾ ਜ਼ਰੂਰੀ ਹੈ। ਯਥਾ :-

ਫਲ ਕਾਰਨ ਫੂਲੀ ਬਨਰਾਇ।।
ਫਲੁ ਲਾਗਾ ਤਬ ਫੂਲੁ ਬਿਲਾਇ।।
ਗਿਆਨੈ ਕਾਰਨ ਕਰਮ ਅਭਿਆਸੁ।।
ਗਿਆਨ ਭਇਆ ਤਹ ਕਰਮਹ ਨਾਸੁ।।
ਘ੍ਰਿਤ ਕਾਰਨ ਦਧਿ ਮਥੈ ਸਇਆਨ।।
ਜੀਵਨ ਮੁਕਤ ਸਦਾ ਨਿਰਬਾਨ।।

(ਭੈਰਉ, ਰਵਿਦਾਸ, ਪੰਨਾ 1167)

'ਬਿਬੇਕ ਗਿਆਨ, ਨਿਸ਼ਕਾਮ ਕਿਰਿਆ ਦਾ ਆਧਾਰ ਹੈ। ਬਿਬੇਕ ਗਿਆਨ ਮਨੁੱਖ ਨੂੰ ਸਾਰਥਕ ਕਿਰਿਆ ਵਲ ਪ੍ਰੇਰਿਤ ਕਰਦਾ ਹੈ, ਜਿਸ ਨਾਲ ਕਿਰਿਆ ਵਿਚੋਂ ਸਵਾਰਥੀ, ਲੋਭ, ਮੋਹ ਦੀ ਪ੍ਰਵਿਰਤੀ ਦਾ ਅਭਾਵ ਹੋ ਜਾਂਦਾ ਹੈ। ਸੋਚ ਅਤੇ ਕਿਰਿਆ ਵਿਚੋਂ ਦਵੰਦ ਮੁਕ ਜਾਂਦਾ ਹੈ। ਇਹੋ ਆਪੇ ਦੀ ਵਿਚਾਰ ਹੈ, ਜਿਸ ਨਾਲ ਕਰਮ ਬੰਧਨ ਟੁੱਟ ਜਾਂਦੇ ਹਨ :

ਆਪ ਤਨ ਕਾ ਜੋ ਕਰੇ ਬੀਚਾਰੁ।।
ਤਿਸੁ ਨਹੀਂ ਜਮ ਕੰਕਰੁ ਕਰੇ ਖੁਆਰ।।

(ਬਸੰਤ, ਰਵਿਦਾਸ, ਪੰਨਾ 1196)

**ਜੀਵਨ ਮੁਕਤ ਮਨੁੱਖ ਦਾ ਸਰੂਪ**

ਭਗਤ ਰਵਿਦਾਸ ਜੀ ਨੇ ਆਪਣੀ ਰਚਨਾ ਵਿਚ ਪ੍ਰੇਮ ਭਗਤੀ ਦੁਆਰਾ ਮੁਕਤੀ ਦੀ ਜੀਵਨ ਜੁਗਤੀ ਦਸੀ ਹੈ। ਇਸ ਨਾਲ ਮਾਨਵ ਭਗਤ ਦੇ

ਹ ਵਿਚ ਰਹਿੰਦਿਆਂ ਨਿਜੀ ਸੀਮਾ ਤੋਂ ਪਾਰ ਹੋਣ ਦੀ ਜਾਚ ਦੁਆਰਾ, ਸੰਪੂਰਨ ਸਰੂਪ ਨੂੰ ਪ੍ਰਾਪਤ ਕਰਦਾ ਹੈ।

ਭਗਤ ਰਵਿਦਾਸ ਅਨੁਸਾਰ ਜੀਵਨ ਮੁਕਤ ਅਵਸਥਾ ਉਪਾਧ ਰਹਿਤ ਅਵਸਥਾ ਹੈ, ਜਿਹੜੀ ਜੀਵਨ ਦੀ ਕਰਤਵ ਰੂਪ ਕਿਰਿਆ ਨਿਭਾਉਂਦਿਆਂ ਪਰਮਾਤਮਾ ਦੀ ਭਗਤੀ ਦੁਆਰਾ ਸਹਜ ਰੂਪ ਵਿਚ ਪ੍ਰਾਪਤ ਹੋ ਜਾਂਦੀ ਹੈ। ਇਹ ਮਾਇਕ ਪਦਾਰਥਾਂ ਦੇ ਸੁੱਖ ਦੁੱਖ ਤੋਂ ਨਿਰਲੇਪ ਹੋ ਕੇ , ਪਰਮਾਤਮਾ ਦੇ ਨਾਮ ਵਿਚ ਰਚੇ ਜਾਣ ਦੀ ਅਵਸਥਾ ਹੈ। ਇਸ ਅਵਸਥਾ ਵਿਚ ਪਰਮਾਤਮਾ ਨਾਲ ਲਿਵ-ਤਾਰ ਜੁੜਦੀ ਹੈ। ਉਸ ਦਾ ਪ੍ਰਕਾਸ਼ ਹਿਰਦੇ ਨੂੰ ਪ੍ਰਜਵਲਿਤ ਕਰਦਾ ਹੈ। ਭਗਤ ਰਵਿਦਾਸ ਜੀ ਨੇ ਜੀਵਨ ਮੁਕਤ ਅਵਸਥਾ ਨੂੰ ਪਰਮਾਤਮਾ ਨਾਲ ਲਿਵਲੀਨ ਅਵਸਥਾ ਦੱਸਿਆ ਹੈ। ਯਥਾ :-

1. ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗ ਲਿਵ ਲਾਗੀ।।

(ਸੋਰਠਿ, ਰਵਿਦਾਸ, ਪੰਨਾ 658)

ਜੀਵਨ ਮੁਕਤ ਅਵਸਥਾ, ਮਾਨਵ ਮਨ ਦਾ ਸੰਸਾਰਕ ਪ੍ਰਪੰਚ ਤੋਂ ਉਤਾਂਹ ਉਠਣਾ ਅਤੇ ਤਿੰਨ ਗੁਣਾਂ ਤੋਂ ਉਪਰ ਉਨਮਨ ਅਵਸਥਾ ਵਿਚ ਸਥਿਰ ਹੋਣਾ ਹੈ। ਗੁਰੂ ਤੋਂ ਪ੍ਰਾਪਤ ਗਿਆਨ-ਬਿਬੇਕ ਸਦਕਾ ਮਨੁੱਖ-ਮਨ ਦਾ ਮਾਇਕ ਪਰਪੰਚ-ਹਉਮੈ, ਮਮਤਾ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਉਤਾਂਹ ਹੋਣਾ ਹੈ। ਪਦਾਰਥਕ ਧੰਨ ਦੌਲਤ ਨੂੰ ਜੀਵਨ ਦੀਆਂ ਸੁਭਾਵਿਕ ਜ਼ਰੂਰੀ ਲੋੜਾਂ ਤੱਕ ਸੀਮਿਤ ਰਖ ਕੇ ਸਾਰ ਤੱਤ ਪਰਮਾਤਮਾ ਤੇ ਕੇਂਦਰਤ ਹੋਣਾ ਹੈ ਅਤੇ ਇਹ ਜੀਵਨ ਮੁਕਤ ਅਵਸਥਾ ਵਿਚ ਪ੍ਰਵੇਸ਼ ਕਰਨਾ ਹੈ :

ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀਂ ਸੰਤਾਪਾ।।

(ਸੋਰਠਿ, ਰਵਿਦਾਸ, ਪੰਨਾ 658)

ਜੀਵਨ ਮੁਕਤ ਅਵਸਥਾ ਵਿਚ ਮਨੁੱਖ ਸੰਸਾਰ ਦੇ ਕਾਰ ਵਿਹਾਰਾਂ ਨਾਲ ਸੰਬੰਧ ਰਖਦਾ ਹੈ, ਪਰ ਉਨ੍ਹਾਂ ਵਿਚ ਮਗਨ ਨਹੀਂ ਹੁੰਦਾ। ਨਿਰਲੇਪ ਭਾਵ ਨਾਲ ਕਿਰਿਆ ਕਰਦਾ ਹੈ, ਪਰ ਕਿਰਿਆ ਦੇ ਬੰਧਨ ਤੋਂ ਮੁਕਤ ਰਹਿੰਦਾ ਹੈ। ਤਦੋਂ ਵਿਅਕਤੀਗਤ ਇੱਛਾ, ਕਾਮਨਾ, ਹੰਕਾਰ, ਹਉਮੈ ਦੀ ਹੋਂਦ ਨਹੀਂ ਰਹਿੰਦੀ, ਕਿਉਂਕਿ ਕਿਰਿਆ, ਕਰਤੱਵ-ਰੂਪ ਦੀ ਅਦਾਇਗੀ ਵਿਚ ਢਲ ਜਾਂਦੀ ਹੈ। ਯਥਾ :-

ਜੀਵਨ ਮੁਕਤ ਸਦਾ ਨਿਰਬਾਨ।।

(ਭੈਰਉ, ਰਵਿਦਾਸ, ਪੰਨਾ 1167)

ਸੋ ਨਿਰਬਾਨ ਅਵਸਥਾ ਕਰਮ ਬੰਧਨ ਤੋਂ ਮੁਕਤ ਅਵਸਥਾ ਹੈ, ਜਿਸ ਵਿਚ ਕਰਮ ਦੀ ਗਤੀ ਦਾ ਲੇਖਾ ਨਿਬੜ ਜਾਂਦਾ ਹੈ। ਜਿਸ ਨਾਲ ਲੌਕਿਕ ਜੀਵਨ ਤੇ ਪਾਰਲੌਕਿਕ ਜੀਵਨ ਦੇ ਸਾਰੇ ਬੰਧਨ ਟੁੱਟ ਜਾਂਦੇ ਹਨ। ਉਹ ਕਾਲ ਦੇ ਪ੍ਰਭਾਵ ਤੋਂ ਉਪਰ ਹੋ ਜਾਂਦਾ ਹੈ। ਉਹ ਜੀਵਨ-ਮੁਕਤ, ਜਨਮ-ਮਰਨ ਦੇ ਆਵਾਗਵਨ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ :

ਕਹਿ ਰਵਿਦਾਸ ਜੋ ਜਪੈ ਨਾਮੁ।।
ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ।।

(ਬਸੰਤ, ਰਵਿਦਾਸ, ਪੰਨਾ 1196)

ਜੀਵਨ ਮੁਕਤ ਅਵਸਥਾ ਸਦਾ ਅਨੰਦ ਦੀ ਅਵਸਥਾ ਹੈ :

ਜੀਵਤ ਮੁਕੰਦੇ ਮਰਤ ਮੁਕੰਦੇ।।
ਤਾ ਕੇ ਸੇਵਕ ਕਉ ਸਦਾ ਅਨੰਦੇ।।

(ਗੋਂਡ, ਰਵਿਦਾਸ, ਪੰਨਾ 875)

ਜੀਵਨ ਮੁਕਤ ਪ੍ਰਾਣੀ ਦਾ ਆਧਾਰ ਪਰਮਾਤਮਾ ਹੁੰਦਾ ਹੈ। ਉਸ ਨੂੰ ਪਰਮਾਤਮਾ ਤੋਂ ਪ੍ਰਵਾਨਗੀ ਦਾ ਨਿਸ਼ਾਨ ਪ੍ਰਾਪਤ ਹੋ ਜਾਂਦਾ ਹੈ। ਯਥਾ :-

ਮੁਕੰਦ ਮੁਕੰਦ ਹਮਾਰੇ ਪ੍ਰਾਨੰ।।
ਜਪਿ ਮੁਕੰਦ ਮਸਤਕਿ ਨੀਸਾਨੰ।।

(ਗੋਂਡ, ਰਵਿਦਾਸ, ਪੰਨਾ 875)

**ਆਤਮ ਸਮਰਪਣ**

ਪ੍ਰੇਮ-ਭਗਤੀ ਲਈ ਆਤਮ ਸਮਰਪਣ ਅਵੱਸ਼ਕ ਤੱਤ ਹੈ। ਆਤਮ ਸਮਰਪਣ ਦੇ ਬਿਨਾਂ ਪਰਮਾਤਮਾ ਅਤੇ ਜੀਵਾਤਮਾ ਵਿਚ ਤਦਰੂਪਤਾ ਨਹੀਂ ਹੋ ਸਕਦੀ। ਤਦਰੂਪਤਾ ਲਈ ਰਸਮੀ ਪੂਜਾ-ਸਮੱਗਰੀ ਅਡੰਬਰ ਹੈ। ਇਸ ਨਾਲ ਪਰਮਾਤਮਾ ਦਾ ਮੇਲ ਨਹੀਂ ਹੁੰਦਾ। ਪਰਮਾਤਮਾ ਦੇ ਮੇਲ ਲਈ ਤਨ ਮਨ ਦੇ ਅਰਪਣ ਦੀ ਲੋੜ ਹੈ। ਭਗਤ ਰਵਿਦਾਸ ਜੀ ਨੇ ਗੂਜਰੀ ਰਾਗ ਵਿਚ ਪਰਮਾਤਮਾ ਦੀ ਭੇਟਾ ਲਈ ਕਰਮਕਾਂਡੀ ਸਮੱਗਰੀ ਨੂੰ ਝੂਠਾ ਦੱਸਿਆ ਹੈ। ਪੂਜਾ ਭੇਟਾ ਦੀ ਸੂਚੀ ਸਮੱਗਰੀ ਹਉਮੈ ਰਹਿਤ ਆਤਮ ਸਮਰਪਣ ਨੂੰ ਦੱਸਿਆ ਗਿਆ ਹੈ। ਪ੍ਰਮਾਣ ਹੈ

:

ਦੂਧੁ ਤ ਬਛਰੈ ਥਨਹੁ ਬਿਟਾਰਿਓ।।
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ।।
ਧੂਪ ਦੀਪ ਨਈ ਬੇਦਹਿ ਬਾਸਾ।।
ਕੈਸੇ ਪੂਜ ਕਰਹਿ ਤੇਰੀ ਦਾਸਾ।।
ਤਨੁ ਮਨੁ ਅਰਪਉ ਪੂਜ ਚਰਾਵਉ।।
ਗੁਰ ਪਰਸਾਦਿ ਨਿਰੰਜਨੁ ਪਾਵਉ।।

(ਗੂਜਰੀ, ਰਵਿਦਾਸ, ਪੰਨਾ 525)

ਪਰਮਾਤਮਾ ਪ੍ਰਤੀ ਆਤਮ-ਸਮਰਪਣ ਦੇ ਭਾਵ ਨੂੰ ਸੂਹੀ ਰਾਗ ਵਿਚ ਸੁਹਾਗਣ ਇਸਤ੍ਰੀ ਦੇ ਬਿੰਬ ਰਾਹੀਂ ਦੱਸਿਆ ਹੈ, ਜਿਹੜੀ ਅਭਿਮਾਨ ਛੱਡ ਕੇ ਪਤੀ ਅਗੇ ਤਨ-ਮਨ ਦਾ ਅਰਪਣ ਕਰਕੇ ਮੇਲ ਦਾ ਅਨੰਦ ਪ੍ਰਾਪਤ ਕਰਦੀ ਹੈ। ਪ੍ਰਮਾਣ ਹੈ :

ਸਹ ਕੀ ਸਾਰ ਸੁਹਾਗਨਿ ਜਾਨੈ।।
ਤਜਿ ਅਭਿਮਾਨੁ ਸੁਖੁ ਰਲੀਆ ਮਾਨੈ।।
ਤਨੁ ਮਨੁ ਦੇਇ ਨ ਅੰਤਰੁ ਰਾਖੈ।।
ਅਵਰਾ ਦੇਖਿ ਨ ਸੁਨੈ ਅਭਾਖੈ।।

(ਸੂਹੀ, ਰਵਿਦਾਸ, ਪੰਨਾ 793)

ਪ੍ਰੇਮ-ਭਗਤੀ ਦੀ ਪ੍ਰਾਪਤੀ ਲਈ ਸ਼ੁੱਧ ਨਿਰਮਲ ਭਾਵਨਾ ਦੇ ਸਮਰਪਣ ਨਾਲ ਹੀ ਆਤਮਾ ਅਤੇ ਪਰਮਾਤਮਾ ਵਿਚਲਾ ਅੰਤਰ ਮਿਟਦਾ ਹੈ। ਭੇਖ ਯੁਕਤ ਸਾਧਨਾ ਮਨੁੱਖ ਦੇ ਆਪੇ ਨੂੰ ਸ਼ੁੱਧ ਨਹੀਂ ਕਰਦੀ। ਪਰਮਾਤਮਾ ਦੀ ਨੇੜਤਾ ਕਰਨ ਲਈ ਨਿਮਰਤਾ ਅਤੇ ਹੁਕਮ ਦੀ ਅਨੁਸਾਰਤਾ ਜ਼ਰੂਰੀ ਹੈ। ਭਗਤ ਰਵਿਦਾਸ ਜੀ ਦਾ ਕਥਨ ਹੈ :

ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ।।

(ਧਨਾਸਰੀ, ਰਵਿਦਾਸ, ਪੰਨਾ 694)

## ਪ੍ਰੇਮ-ਭਗਤੀ ਦਾ ਮਹਾਤਮ

ਪ੍ਰੇਮ-ਭਗਤੀ ਵਿਸ਼ੇਸ਼ ਜੀਵਨ ਜੁਗਤੀ ਹੈ, ਜਿਸ ਨਾਲ ਮਾਨਵ ਦੀ ਮਲੀਨ ਬੁਧੀ ਦੈਵੀ-ਗੁਣਾਂ ਨੂੰ ਧਾਰਨ ਯੋਗ ਬਣਦੀ ਹੈ। ਮਨੁੱਖ ਅੰਦਰੋਂ ਭਰਮ-ਬੁੱਧੀ ਦਾ ਨਾਸ਼ ਹੁੰਦਾ ਹੈ ਅਤੇ ਵਿਕਾਰਾਂ ਦਾ ਖਾਤਮਾ ਹੁੰਦਾ ਹੈ। ਹੋਰ ਕੋਈ ਸਾਧਨ ਮਾਨਵ ਦੀਆਂ ਚਿਤ ਬਿਰਤੀਆਂ ਦੀ ਭਟਕਣ ਤੇ ਰੋਕ ਨਹੀਂ ਲਗਾ ਸਕਦਾ ਹੈ। ਕਰਮ ਕਾਂਡ ਦੇ ਸਾਧਨਾਂ ਨਾਲ ਦੇਹ-ਸ਼ੁੱਧੀ ਨਹੀਂ ਹੁੰਦੀ ਅਤੇ ਨਾ ਹੀ ਪ੍ਰਭੂ ਲਈ ਪ੍ਰੇਮ ਪੈਦਾ ਹੁੰਦਾ ਹੈ। ਕੇਵਲ ਭਗਤੀ ਹੀ ਸਾਰਥਕ ਜੀਵਨ-ਜੁਗਤੀ ਹੈ, ਜਿਸ ਨਾਲ ਪਰਮਾਤਮਾ ਦੇਹ ਅੰਦਰ ਪ੍ਰਤੱਖ ਹੋ ਜਾਂਦਾ ਹੈ :

ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ।।
ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ।।

(ਗਉੜੀ ਬੈਰਾਗਣਿ, ਪੰਨਾ 346)

ਭਗਤ ਰਵਿਦਾਸ ਜੀ ਨੇ ਪ੍ਰੇਮ-ਭਗਤੀ ਦੁਆਰਾ ਮਨੁੱਖ ਦਾ ਦੈਵੀ ਰੂਪਾਂਤਰਣ ਹੁੰਦਾ ਦਸਿਆ ਹੈ। ਭਗਤੀ ਦੁਆਰਾ ਮਨੁੱਖ ਨੂੰ ਬੌਧਿਕ ਅਤੇ ਆਤਮਿਕ ਸੂਝ ਪ੍ਰਾਪਤ ਹੁੰਦੀ ਹੈ। ਬੌਧਿਕ ਸੂਝ ਨਾਲ ਮਨੁੱਖ ਨੈਤਿਕ ਵਿਕਾਸ ਪ੍ਰਾਪਤ ਕਰਦਾ ਹੈ। ਮਾਨਵ ਦੀ ਨੈਤਿਕ ਚੇ ਤਨਾ ਆਤਮਿਕ ਗਿਆਨ ਦਾ ਸੋਮਾ ਬਣਦੀ ਹੈ। ਆਤਮਿਕ ਗਿਆਨ ਤੋਂ ਮਨੁੱਖ ਨੂੰ ਆਪਣੀ ਹੋਂਦ-ਹਸਤੀ ਦੇ ਸਰੂਪ ਅਤੇ ਕਿਰਿਆ-ਸ਼ੁੱਧੀ ਦੀ ਸੋਝੀ ਹੁੰਦੀ ਹੈ। ਇਸ ਪ੍ਰਕਾਰ ਭਗਤੀ ਸਾਧਨਾ ਗਿਆਨ ਅਤੇ ਨਿਸ਼ਕਾਮ ਭਾਵਨਾ ਦੁਆਰਾ ਮਨੁੱਖ ਨੂੰ ਜੀਵਨ ਮੁਕਤ ਅਵਸਥਾ ਪ੍ਰਦਾਨ ਕਰਦੀ ਹੈ। ਯਥਾ :-

ਗਿਆਨੈ ਕਾਰਨ ਕਰਮ ਅਭਿਆਸੁ।।
ਗਿਆਨੁ ਭਇਆ ਤਹ ਕਰਮਹ ਨਾਸੁ।।
ਘ੍ਰਿਤ ਕਾਰਨ ਦਧਿ ਮਥੈ ਸਇਆਨ।।
ਜੀਵਨ ਮੁਕਤ ਸਦਾ ਨਿਰਬਾਨ।।

(ਭੈਰਉ, ਰਵਿਦਾਸ, ਪੰਨਾ 1167)

ਭਗਤੀ ਦੁਆਰਾ ਮਨੁੱਖ ਬੰਧਨ ਮੁਕਤਿ ਹੁੰਦਾ, ਪੁਨੀਤ ਅਵਸਥਾ ਪ੍ਰਾਪਤ ਕਰਦਾ ਹੈ, ਜਿਸ ਕਰਕੇ ਉਹ ਸਮਾਜਕ ਪ੍ਰਸੰਗ ਵਿਚ ਸਤਿਕਾਰ ਦਾ ਭਾਗੀ ਬਣਦਾ ਹੈ ਅਤੇ ਅਧਿਆਤਮਕ ਪ੍ਰਸੰਗ ਵਿਚ ਬੇਗਮਪੁਰੇ ਦਾ ਨਿਵਾਸੀ ਹੋ ਜਾਂਦਾ ਹੈ। ਉਹ ਆਪ ਪਵਿਤਰ ਹੁੰਦਾ ਹੈ ਅਤੇ ਆਪਣੇ ਸੰਪਰਕ ਵਿਚ ਆਉਣ ਵਾਲਿਆਂ ਦੀ ਮੁਕਤੀ ਲਈ ਵੀ ਕਲਿਆਣਕਾਰੀ ਬਣਦਾ ਹੈ :

ਹੋਇ ਪੁਨੀਤ ਭਗਵੰਤ ਭਜਨ ਤੇ
ਆਪ ਤਾਰਿ ਤਾਰੇ ਕੁਲ ਦੋਇ।।

(ਬਿਲਾਵਲੁ, ਰਵਿਦਾਸ, ਪੰਨਾ 858)

ਪ੍ਰਭੂ ਪ੍ਰੇਮ ਭਗਤੀ ਸੰਸਾਰਕ ਪ੍ਰਸੰਗ ਵਿਚ ਨੀਚ ਕੁਲ ਵਿਚ ਜਨਮੇਂ ਅਤੇ ਮੰਦ ਕਰਮੀਆਂ ਨੂੰ ਪੀੜਤ ਤੋਂ ਪੁਨੀਤ ਕਰਕੇ ਪਾਰਗਰਾਮੀ ਕਰਦੀ ਹੈ। ਭਗਤੀ ਕਰਨ ਵਾਲਾ ਸ੍ਰੇਸ਼ਟ ਗੁਣਾਂ ਦਾ ਧਾਰਨੀ ਬਣ ਜਾਂਦਾ ਹੈ ਅਤੇ ਸ੍ਰੇਸ਼ਟ ਪਦਵੀ ਪ੍ਰਾਪਤ ਕਰਦਾ ਹੈ :

ਕਾਹੇ ਨ ਬਾਲਮੀਕਹਿ ਦੇਖ।।
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ।।
ਰਾਮ ਭਗਤਿ ਬਿਸੇਖ।।

(ਕੇਦਾਰਾ, ਰਵਿਦਾਸ, ਪੰਨਾ 1124)

ਪ੍ਰੇਮ-ਭਗਤੀ ਮਾਨਵ ਨੂੰ ਅਮਰ ਕਰਦੀ ਹੈ। ਮਨੁੱਖ ਜਮਾਂ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ। ਯਥਾ :-

ਤੁਮਰੇ ਭਜਨ ਕਟਹਿ ਜਮ ਫਾਸਾ।।

(ਸੋਰਠਿ, ਰਵਿਦਾਸ, ਪੰਨਾ 659)

## ਸਹਾਇਕ ਪੁਸਤਕਾਂ ਦੀ ਸੂਚੀ

1. ਸਾਧਨ ਮੇਂ ਰਵਿਦਾਸ ਸੰਤ : ਡਾ. ਦਲੀਪ ਸਿੰਘ ਦੀਪ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
2. ਭਗਤ ਰਵਿਦਾਸ ਜੀ ਤੇ ਉਨ੍ਹਾਂ ਦੀ ਬਾਣੀ : ਸ੍ਰ. ਗੁਰਮੁਖ ਸਿੰਘ, ਲਾਹੌਰ ਬੁਕ ਸ਼ਾਪ, ਲੁਧਿਆਣਾ।
3. ਗੁਰੂ ਰਵਿਦਾਸ ਜੀਵਨ ਤੇ ਰਚਨਾ : ਡਾ. ਮਨਮੋਹਨ ਸਿੰਘ, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ।
4. ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ ਬਾਣੀ ਦਾ ਆਲੋਚਨਾਤਮਕ ਅਧਿਐਨ (ਥੀਸਿਸ) : ਡਾ. ਕੁਲਵੰਤ ਕੌਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।
5. ਗੁਰੂ ਰਵਿਦਾਸ ਅੰਕ : ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1971.
6. ਰਵਿਦਾਸ ਵਿਸ਼ੇਸ਼ ਅੰਕ : ਪੰਜਾਬੀ ਦੁਨੀਆਂ, ਜੂਨ-ਜੁਲਾਈ 1977.

ਪਾਠ ਨੰਬਰ : 3.3 ਲੇਖਕ : ਡਾ. ਬਲਬੀਰ ਕੌਰ

# ਬਾਣੀ ਸ਼ੇਖ ਫਰੀਦ : ਅਧਿਆਤਮਕ ਅਨੁਭਵ ਦੀ ਪ੍ਰਾਪਤੀ

## ਰੂਪ ਰੇਖਾ

**ਭੂਮਿਕਾ-** ਬਾਣੀ ਬਾਬਾ ਸ਼ੇਖ ਫਰੀਦ : ਅਧਿਆਤਮਕ ਅਨੁਭਵ ਦੀ ਪ੍ਰਾਪਤੀ।

## ਭੂਮਿਕਾ

ਸ਼ੇਖ ਫਰੀਦ (ਈਸਵੀ 1173-1266) ਚਿਸ਼ਤੀ ਸੰਪ੍ਰਦਾਇ ਦੇ ਸੂਫੀ ਸੰਤ ਸਨ। ਪੰਜਾਬੀ ਸਾਹਿਤ ਦੇ ਅਧਿਆਤਮਕ ਇਤਿਹਾਸ ਵਿਚ ਉਨ੍ਹਾਂ ਦਾ ਮਹਾਨ ਯੋਗਦਾਨ ਹੈ। ਉਨ੍ਹਾਂ ਦੀ ਆਪਣੀ ਜ਼ੁਬਾਨ ਅਰਬੀ-ਫਾਰਸੀ ਸੀ। ਉਹ ਬਹੁਤਾ ਸਮਾਂ ਪੰਜਾਬ ਦੀ ਧਰਤੀ ਤੇ ਵਿਚਰੇ ਅਤੇ ਉਨ੍ਹਾਂ ਆਪਣੇ ਅਧਿਆਤਮਕ ਅਨੁਭਵ ਨੂੰ ਪੰਜਾਬੀ ਜੁਬਾਨ ਅਤੇ ਮੁਹਾਵਰੇ ਦੁਆਰਾ ਮੂਰਤੀਮਾਨ ਕੀਤਾ। ਉਨ੍ਹਾਂ ਜਨ-ਸਮਾਜ ਨੂੰ ਦੇਸ਼, ਮਜ਼ਹਬ ਅਤੇ ਜਾਤਿ ਦੀਆਂ ਸੀਮਾ ਤੋਂ ਉੱਚਾ ਉੱਠ ਕੇ, ਸਰਬ ਮਾਨਵਤਾ ਦੇ ਕਲਿਆਣ ਹਿੱਤ ਸਥਾਨਕ ਅਤੇ ਘਰੋਗੀ ਅਲੰਕਾਰਾਂ ਅਤੇ ਦ੍ਰਿਸ਼ਟਾਤਾਂ ਦੁਆਰਾ ਅਧਿਆਤਮਕ ਅਨੁਭਵ ਨਾਲ ਜਾਣ-ਪਛਾਣ ਕਰਵਾਈ ਅਤੇ ਸਰਬ ਮਾਨਵਤਾ ਲਈ ਦੁਨਿਆਵੀ ਅਤੇ ਰੂਹਾਨੀ ਜ਼ਿੰਦਗੀ ਲਈ ਸਰਬ ਵਿਆਪੀ ਸਰਬ ਸਾਂਝ ਦਾ ਸੁਨੇਹਾ ਦਿੱਤਾ ਹੈ। ਮਾਨਵ ਲਈ ਸੁਹਿਰਦ, ਸਾਰਥਕ, ਸਰਲ ਜੀਵਨ ਜਾਂਚ ਦਸੀ ਹੈ, ਜਿਸ ਵਿਚ ਲੌਕਿਕ ਅਤੇ ਪਾਰ-ਲੌਕਿਕ ਦੋਵੇਂ ਮਨੋਰਥ ਸੰਪੰਨ ਹੋਣ ਦੀ ਸਮਰਥਾ ਹੈ। ਉਨ੍ਹਾਂ ਰੱਬੀ ਅਨੁਭਵ ਦੁਆਰਾ ਮਾਨਵ ਲਈ ਜੀਵਨ ਮਨੋਰਥ ਦੇ ਦੋ ਮੁੱਖ ਆਧਾਰ ਦਸੇ ਹਨ : ਨੈਤਿਕ ਪਵਿੱਤਰਤਾ ਅਤੇ ਰੱਬੀ ਪ੍ਰੇਮ, ਬੰਦਗੀ।

ਬਾਬਾ ਫਰੀਦ ਜੀ ਰੱਬੀ ਏਕਤਾ ਅਤੇ ਮਾਨਵੀ ਭਰਾਤਰੀ-ਭਾਵਨਾ ਦੀ ਸਮ-ਦ੍ਰਿਸ਼ਟੀ ਦੇ ਸਾਂਝੇ ਪੈਗਾਮ ਕਾਰਨ ਭਾਰਤ ਵਰਸ਼ ਦੇ ਸਾਰੇ ਧਰਮਾਂ ਵਿਚ ਪ੍ਰਸਿੱਧ ਹੋਏ। ਇਸ ਕਾਰਨ ਆਪ ਜੀ ਦੀ ਰਚਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤੇ ਜਾਣ ਦਾ ਗੌਰਵ ਪ੍ਰਾਪਤ ਹੋਇਆ। ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਆਪ ਜੀ ਦੇ 112 ਸਲੋਕ ਅਤੇ ਚਾਰ ਸ਼ਬਦ, ਜੋ ਦੋ ਆਸਾ ਰਾਗ ਅਤੇ ਦੋ ਸੂਹੀ ਰਾਗ ਵਿਚ ਦਰਜ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੇ ਹਨ।

ਬਾਬਾ ਫਰੀਦ ਜੀ ਨੇ ਆਪਣੀ ਰਚਨਾ ਵਿਚ ਆਪਣੇ ਪ੍ਰਾਪਤ ਰੂਹਾਨੀ ਅਨੁਭਵ ਦੁਆਰਾ, ਮਨੁੱਖ ਨੂੰ ਦਾਰਸ਼ਨਿਕ ਅਤੇ ਨੈਤਿਕ ਸੰਦੇਸ਼ ਦੇ ਕੇ ਆਦਰਸ਼ ਸਮਾਜਕ ਅਤੇ ਅਧਿਆਤਮਕ ਜੀਵਨ ਮਾਰਗ ਧਾਰਨ ਦਾ ਉਪਦੇਸ਼ ਦਿੱਤਾ ਹੈ। ਉਨ੍ਹਾਂ ਮਨੁੱਖ ਦੇ ਜੀਵਨ ਦਾ ਆਦਰਸ਼ ਅਤੇ ਉਦੇਸ਼ ਪ੍ਰਭੂ ਦੇ ਦਰ ਦਾ ਦਰਵੇਸ਼ ਬਣਨਾ ਦਸਿਆ ਹੈ। ਪਦਾਰਥਕ ਸੰਸਾਰ ਦਾ ਮੋਹ-ਮਾਇਆ ਦਾ ਸਰੂਪ ਮਨੁੱਖ ਨੂੰ ਨਿੱਜੀ ਹਿੱਤਾਂ ਤੱਕ ਸੀਮਿਤ ਕਰਦਾ ਹੈ, ਜੋ ਮਨੁੱਖ ਨੂੰ ਬੰਧਨ ਵਿਚ ਪਾਉਂਦਾ ਹੈ ਅਤੇ ਦੁੱਖ ਗ੍ਰਸਤ ਕਰਦਾ ਹੈ। ਬਾਬਾ ਫਰੀਦ ਅਨੁਸਾਰ ਦਰਵੇਸ਼ ਦਾ ਲੱਛਣ ਸੰਸਾਰਕ ਕਰਤੱਵ-ਰੂਪ ਵਿਉਹਾਰ ਨੂੰ ਨਿਭਾਉਂਦਿਆਂ ਵਿਰਕਤ ਅਤੇ ਨਿਰਲੇਪ ਅਵਸਥਾ ਵਿਚ ਰਹਿਣਾ ਹੈ। ਇਸੇ ਸੰਦਰਭ ਵਿਚ ਉਨ੍ਹਾਂ ਦਰਵੇ ਸ਼ੀ ਨੂੰ ਗਾਖੜੀ ਕਿਹਾ ਹੈ।

ਬਾਬਾ ਫਰੀਦ ਜੀ ਨੇ ਆਪਣੀ ਬਾਣੀ ਵਿਚ ਦਸਿਆ ਹੈ ਕਿ ਪਰਮਾਤਮਾ ਦੇ ਉਦੇਸ਼ ਤੋਂ ਭੁਲਿਆ ਮਨੁੱਖ ਪਦਾਰਥਕ ਜਗਤ ਵਿਚ ਗਲਤਾਨ ਰਹਿਣ ਕਾਰਨ ਅਸਲ ਹੋਣੀ ਵੀ ਸੱਚਾਈ 'ਮੌਤ' ਨੂੰ ਭੁਲਿਆ ਰਹਿੰਦਾ ਹੈ। ਪਦਾਰਥਕ ਜਗਤ ਦੇ ਸੁਖ ਥੋੜ੍ਹੇ ਚਿਰ੍ਹ ਹਨ। ਇਨ੍ਹਾਂ ਦਾ ਸਰੂਪ ਨਾਸ਼ਮਾਨ ਹੈ। ਇਹ ਗਿਆਨ ਦ੍ਰਿਸ਼ਟੀ ਮਨੁੱਖ ਨੂੰ ਨੈਤਿਕ ਆਚਰਣ ਧਾਰਣ ਕਰਨ ਦਾ ਆਧਾਰ ਪ੍ਰਦਾਨ ਕਰਦੀ ਹੈ। ਬਾਬਾ ਫਰੀਦ ਜੀ ਨੇ ਸਦੀਵੀ ਸੱਚ ਅਤੇ ਅਸਥਾਈ ਸੱਚ ਦਾ ਵਿਸ਼ਲੇਸ਼ਣ ਕਰਕੇ ਮਨੁੱਖ ਨੂੰ ਸ਼ੁੱਧ ਸਰੂਪੀ ਬਣਨ ਅਤੇ ਪਰਮਾਤਮਾ ਨਾਲ ਮੇਲ ਸਥਾਪਤ ਕਰਨ ਦੀ ਵਿਸ਼ੇਸ਼ ਜੀਵਨ ਦ੍ਰਿਸ਼ਟੀ ਦਾ ਅਮਲ-ਅਭਿਆਸ ਦਸਿਆ ਹੈ। ਬਾਬਾ ਫਰੀਦ ਜੀ ਦੀ ਰਚਨਾ ਦੇ ਮੁੱਖ ਵਿਸ਼ੇ ਇਹ ਹਨ, ਜਿਨ੍ਹਾਂ ਦੁਆਰਾ ਉਨ੍ਹਾਂ ਅਧਿਆਤਮਕ ਅਨੁਭਵ ਦੁਆਰਾ ਜਗਤ ਦਾ ਦਾਰਸ਼ਨਿਕ ਗਿਆਨ ਅਤੇ ਮਾਨਵ ਦੇ ਜੀਵਨ ਉਦੇਸ਼ ਨੂੰ ਪ੍ਰਾਪਤ ਕਰਦਾ ਦਸਿਆ ਹੈ :

(ੳ) ਸਦੀਵੀ ਸੱਚ ਪਰਮਾਤਮਾ ਹੀ ਹੈ।

(ਅ) ਜਗਤ ਪਰਮਾਤਮਾ ਦੀ ਸਿਰਜਣਾ ਹੈ, ਇਸ ਲਈ ਨਾਸ਼ ਹੋਣ ਦੀ ਪ੍ਰਕ੍ਰਿਆ ਵਿਚ ਗਤੀਮਾਨ ਹੈ।

(ੲ) ਸ੍ਰਿਸ਼ਟੀ ਪਰਮਾਤਮਾ ਦੇ ਹੁਕਮ ਵਿਚ ਚਲ ਰਹੀ ਹੈ।

(ਸ) ਪਰਮਾਤਮਾ ਦੇ ਹੁਕਮ ਅਧੀਨ ਕਾਰਨ ਅਤੇ ਕਾਰਜ ਦਾ ਨਿਯਮ-ਵਿਧਾਨ ਲਾਗੂ ਹੈ।

(ਹ) ਪਰਮਾਤਮਾ ਦੇ ਨਿਆਂ ਦਾ ਵਿਧਾਨ ਮੌਜੂਦ ਹੈ।

(ਕ) ਮਨੁੱਖ ਕਰਮ ਪ੍ਰਤੀਕਰਮ ਦੇ ਨਿਯਮ ਅਧੀਨ ਆਪਣੀ ਕਿਰਿਆ ਦਾ ਜ਼ਿੰਮੇਵਾਰ ਹੈ ਅਤੇ ਪਰਮਾਤਮਾ ਅੱਗੇ ਜੁਆਬਦੇਹ ਹੈ।

(ਖ) ਸ਼ੁਭ ਕਰਮੀ ਅਥਵਾ ਸੱਚਾ-ਸੁੱਚਾ ਇਨਸਾਨ ਬਣਨਾ ਮਨੁੱਖੀ ਜੀਵਨ-ਹੋਂਦ ਦਾ ਉਦੇਸ਼ ਹੈ।

(ਗ) ਪਦਾਰਥਵਾਦੀ ਦ੍ਰਿਸ਼ਟੀ ਮਨੁੱਖ ਅੰਦਰ ਔਗੁਣ, ਦੁੱਖ ਅਤੇ ਰੱਬੀ ਬੇਮੁਖਤਾ ਨੂੰ ਪੈਦਾ ਕਰਦੀ ਹੈ।

(ਘ) ਸਦੀਵੀ ਸੁੱਖ ਦਾ ਸੋਮਾ ਪਰਮਾਤਮਾ ਹੈ, ਉਸ ਨਾਲ ਸਾਂਝ ਸਥਾਪਤ ਕਰਨੀ ਮਨੁੱਖ ਦਾ ਉਦੇਸ਼ ਹੈ।

(ਙ) ਪਰਮਾਤਮਾ ਨਾਲ ਸੰਬੰਧ ਸਥਾਪਤ ਕਰਨ ਦਾ ਸਾਧਨ ਪਵਿੱਤਰ ਆਚਰਣ ਦੁਆਰਾ ਪਰਮਾਤਮਾ ਦੀ ਪ੍ਰੇਮ ਭਰੀ ਬੰਦਗੀ ਹੈ। ਪ੍ਰੇਮ ਹੀ ਪਰਮਾਤਮਾ ਦੀ ਪ੍ਰਾਪਤੀ ਦਾ ਆਧਾਰ ਹੈ। ਪ੍ਰੇਮ ਲਈ ਬਿਰਹੀ ਭਾਵ ਜ਼ਰੂਰੀ ਹੈ। ਇਸੇ ਭਾਵ ਵਿਚ ਨੈਤਿਕ ਸੰਜਮ, ਨਿਸ਼ਕਾਮ ਭਾਵ ਅਤੇ ਆਤਮ ਸਮਰਪਣ ਦੀ ਭੂਮਿਕਾ ਸਥਿਤ ਹੈ।

ਬਾਬਾ ਫਰੀਦ ਜੀ ਨੇ ਆਪਣੀ ਬਾਣੀ ਵਿਚ ਉਪਰੋਕਤ ਪੱਖਾਂ ਤੇ ਕੇਂਦਰਤ ਹੋ ਕੇ ਜਨ ਸਮਾਜ ਨੂੰ ਸਹੀ ਜੀਵਨ ਦਿਸ਼ਾ ਪ੍ਰਦਾਨ ਕੀਤੀ ਹੈ। ਉਨ੍ਹਾਂ ਮਨੁੱਖ ਅੰਦਰ ਨਿੱਜੀ ਸੁਤੰਤਰ ਹੋਂਦ, ਸਮਾਜਿਕ ਭਾਈਚਾਰਕ ਹੋਂਦ ਅਤੇ ਅਧਿਆਤਮਕ ਹੋਂਦ ਦੀ ਚੇਤੰਨਤਾ ਜਾਗ੍ਰਤ ਕਰਕੇ ਰੱਬੀ ਏਕਤਾ ਅਤੇ ਮਾਨਵੀ ਏਕਤਾ ਨੂੰ ਦ੍ਰਿੜ੍ਹ ਕੀਤਾ ਹੈ। ਬਾਬਾ ਫਰੀਦ ਜੀ ਆਪ ਗ੍ਰਿਹਿਸਥੀ ਸਨ। ਉਨ੍ਹਾਂ ਕਰਤੱਵ ਰੂਪ ਕਿਰਿਆ ਦੇ ਤਿਆਗ ਅਥਵਾ ਸੰਨਿਆਸੀ ਦੀ ਗੱਲ ਨਹੀਂ ਕੀਤੀ। ਉਨ੍ਹਾਂ ਮਨੁੱਖੀ ਜੀਵਨ ਕਿਰਿਆ ਨੂੰ ਨੈਤਿਕ ਮਰਯਾਦਾ ਵਿਚ ਢਾਲ ਕੇ ਨਿਯਮਬੱਧ ਜੀਵਨ ਵਿਉਹਾਰ ਦੀ ਵਿਚਾਰਧਾਰਾ ਮਾਨਵ ਸਮਾਜ ਨੂੰ ਦਿੱਤੀ ਹੈ। ਇਸ ਜੀਵਨ ਵਿਧੀ ਵਿਚ ਨਿੱਜੀ ਸਵੈ-ਹੋਂਦ ਦੇ ਕਲਿਆਣ ਦੀ ਚੇਤੰਨਤਾ ਵੀ ਹੈ ਅਤੇ ਜਨ-ਕਲਿਆਣ ਦੀ ਭਾਵਨਾ ਵੀ ਹੈ। ਇਸ ਜੀਵਨ ਵਿਚ ਸਵੈ-ਮੁਕਤੀ ਵੀ ਹੈ। ਪਰ ਮੁਕਤੀ ਵੀ ਹੈ। ਉਨ੍ਹਾਂ ਦੀ ਬਾਣੀ ਮਨੁੱਖ ਦੇ ਸ਼ਖਸੀ, ਸਮਾਜਕ, ਆਰਥਿਕ ਅਤੇ ਅਧਿਆਤਮਕ ਉਦੇਸ਼ਾਂ ਦਾ ਸਮਾਧਾਨ ਪ੍ਰਸਤੁੱਤ ਕਰਦੀ ਹੈ। ਉਨ੍ਹਾਂ ਮਨੁੱਖ ਨੂੰ ਲੌਕਿਕ ਅਤੇ ਪਾਰਲੌਕਿਕ ਸਾਰੇ ਪੱਖਾਂ ਤੋਂ ਚੇਤੰਨ ਕੀਤਾ ਹੈ। ਮਨੁੱਖ ਨੂੰ ਸਾਦਾ, ਸਬਰ, ਸੰਤੋਖ ਵਾਲਾ ਸੁਤੰਤਰ ਅਤੇ ਸਵੈਮਾਨ ਵਾਲਾ ਜੀਵਨ ਮਾਰਗ ਦਿੱਤਾ ਹੈ।

### (ੳ) ਅਧਿਆਤਮਕ ਅਨੁਭਵ

ਬਾਬਾ ਫਰੀਦ ਰੱਬੀ ਮੁਹੱਬਤ ਵਿਚ ਰੰਗੇ ਧੁਰੋਂ ਵਰੋਸਾਏ ਸੂਫੀ ਸੰਤ ਸਨ। ਉਨ੍ਹਾਂ ਅੰਦਰ ਅਧਿਆਤਮਕ ਜਾਗ੍ਰਤੀ ਸੀ। ਉਨ੍ਹਾਂ ਨੂੰ ਆਤਮਾ ਪਰਮਾਤਮਾ ਦੀ ਤਾਤਵਿਕ ਏਕਤਾ ਦਾ ਗਿਆਨ ਸੀ। ਉਨ੍ਹਾਂ ਅੰਦਰ ਮੇਲ ਦੀ ਚਿਣਗ ਮੌਜੂਦ ਸੀ। ਉਨ੍ਹਾਂ ਰੱਬੀ ਵਿਛੋੜੇ ਦੀ ਤੜਪ ਨੂੰ ਮਹਿਸੂਸ ਕੀਤਾ। ਉਹ ਸੰਸਾਰਕ ਪ੍ਰਸੰਗ ਵਿਚ ਵਿਛੋੜੇ ਦਾ ਕਾਰਨ ਜਾਣਦੇ ਸਨ, ਜਿਸ ਬਾਰੇ ਉਨ੍ਹਾਂ ਕਿਹਾ ਹੈ 'ਮੁਝ ਅਵਗਨ ਸਹ ਨਾਹੀ ਦੋਸ'। ਉਨ੍ਹਾਂ ਦੇ ਜੀਵਨ ਦਾ ਮੁੱਖ ਕੇਂਦਰ ਪਰਮਾਤਮਾ ਸੀ। ਉਸ ਦੇ ਵਿਛੋੜੇ ਵਿਚ ਉਹ ਆਪਣੇ ਆਪ ਨੂੰ ਬੇ ਸਹਾਰਾ ਮਹਿਸੂਸ ਕਰਦੇ ਸਨ। ਯਥਾ :

ਵਿਧਣ ਖੂਹੀ ਮੁੰਧ ਇਕੇਲੀ। ਨਾ ਕੋ ਸਾਥੀ ਨਾ ਕੋ ਬੇਲੀ।।

(ਸੂਹੀ ਪੰਨਾ 794)

ਪੰਜ ਭੂਤਕ ਸਰੀਰ ਵਿਚ ਬਾਬਾ ਫਰੀਦ ਨੇ ਇੰਦ੍ਰਿਆਵੀ ਪ੍ਰਭਾਵ ਵਿਚ ਦੇਹ ਦੀਆਂ ਅਰੁਕ-ਆਸ਼ਾ, ਤ੍ਰਿਸ਼ਨਾ ਦੀਆਂ ਲਾਲਸਾਂ ਨੂੰ ਮਹਿਸੂਸ ਕੀਤਾ। ਇਨ੍ਹਾਂ ਨੇ ਮਨੁੱਖੀ ਸ਼ਖਸੀਅਤ ਦੇ ਮੂਲ ਔਗੁਣਾ ਨੂੰ ਜਾਣਿਆ ਅਤੇ ਪ੍ਰਭੂ ਮੇਲ ਵਿਚ ਰੁਕਾਵਟ ਮਹਿਸੂਸ ਕੀਤਾ, ਜਿਸ ਸੰਬੰਧੀ ਉਨ੍ਹਾਂ ਦਾ ਅਨੁਭਵ ਇਸ ਪ੍ਰਕਾਰ ਹੈ :

1. ਫਰੀਦਾ ਇਹ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ।।
   ਕੰਨੀ ਬੁਜੇ ਦੇ ਰਹਾ ਕਿਤੀ ਵਗੈ ਪਉਣੁ।।

   (ਸਲੋਕ 88, ਪੰਨਾ 1388)

2. ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ।।

   (ਆਸਾ, ਪੰਨਾ 488)

ਬਾਬਾ ਫਰੀਦ ਨੇ ਰੱਬ ਦੇ ਮਿਲਾਪ ਦੇ ਆਦਰਸ਼ ਨੂੰ ਪੁੱਜਣ ਲਈ ਵਿਸ਼ੇਸ਼ ਵਿਸ਼ਵਾਸ, ਸਿਧਾਂਤਾਂ ਅਤੇ ਜੀਵਨ ਸਾਧਨਾ ਦੀ ਨੈਤਿਕ ਅਤੇ ਧਾਰਮਿਕ ਮਰਯਾਦਾ ਦਾ ਨਿਰਮਾਣ ਕੀਤਾ। ਉਨ੍ਹਾਂ ਅਨੁਭਵ ਕੀਤਾ ਕਿ ਨੈਤਿਕ ਵਿਕਾਸ ਮਨੁੱਖ ਦਾ ਮੂਲ ਵਿਰਸਾ ਹੈ। ਸੰਸਾਰ ਦੇ ਦਵੰਦਾਤਮਕ ਪ੍ਰਸੰਗ-ਸੰਪਰਕ ਵਿਚ ਨੈਤਿਕ ਵਿਕਾਸ ਹੀ ਅਧਿਆਤਮਕ ਵਿਕਾਸ ਦਾ ਮੂਲ ਆਧਾਰ ਹੈ। ਬਾਬਾ ਫਰੀਦ ਜੀ ਲਈ ਪਰਮ-ਸੁਖ ਪਰਮਾਤਮਾ ਪ੍ਰਾਪਤੀ ਸੀ। ਦੈਵੀ ਸੰਭਾਵਨਾਵਾਂ ਦੀ ਪ੍ਰਾਪਤੀ ਦਾ ਆਦਰਸ਼ ਸੀ। ਲੌਕਿਕ ਅਤੇ ਪਰਾ-ਲੌਕਿਕ ਦਾਤਾਂ ਦਾ ਮੂਲ ਸੀ। ਉਨ੍ਹਾਂ ਅਧਿਆਤਮਕ ਉਥਾਨ ਦਾ ਆਧਾਰ ਸਦਾਚਾਰਕ ਜੀਵਨ ਨੂੰ ਸਥਾਪਿਤ ਕੀਤਾ। ਉਨ੍ਹਾਂ ਜੀਵਨ ਕਰਤੱਵ ਨੂੰ ਪਛਾਣਿਆ ਅਤੇ ਨੈਤਿਕ ਸੁਧੀਕਰਣ ਦੇ ਜੀਵਨ ਨੂੰ ਦੈਵੀ ਰੂਪਾਂਤਰਣ ਦਾ ਆਧਾਰ ਮੰਨਿਆ। ਇਹ ਵਿਸ਼ੇਸ਼ ਜਗਤੀ ਸੀ, ਜਿਸ ਦਾ ਅਨੁਸਰਣ ਕਰਕੇ ਉਹ

ਪਰਮਾਤਮਾ ਨਾਲ ਤਦਰੂਪ ਹੋਏ। ਇਹੋ ਰੱਬੀ ਪ੍ਰਾਪਤੀ ਦਾ ਸਾਰ ਤੱਤ ਹੈ, ਜਿਸ ਨੂੰ ਪਰਮਾਤਮਾ ਵਲੋਂ ਆਪਣੇ ਆਪ ਨੂੰ ਮੁਖਾਤਿਬ ਕਰਵਾਇਆ ਯਥਾ :-

ਆਪੁ ਸਵਾਰਹਿ ਮੈ ਮਿਲਹਿ ਮੈਂ ਮਿਲਿਆ ਸੁਖੁ ਹੋਇ।।
ਫਰੀਦਾ ਜੇ ਤੂੰ ਮੇਰਾ ਹੋਹਿ ਰਹਹਿ ਸਭੁ ਜਗੁ ਤੇਰਾ ਹੋਇ।।

(ਸ਼ਲੋਕ 94, ਪੰਨਾ 1382)

ਆਪਾ ਸਵਾਰਨਾ ਉਨ੍ਹਾਂ ਲਈ ਰੱਬੀ ਮੇਲ ਦਾ ਮੂਲ ਆਧਾਰ ਸੀ। ਉਨ੍ਹਾਂ ਮਾਨਸਿਕ ਸ਼ੁੱਧੀਕਰਣ ਨੂੰ ਮੁੱਖ ਰਖਦਿਆਂ ਨੈਤਿਕ ਨਿਯਮਾਂ ਅਤੇ ਧਾਰਮਿਕ ਮਰਯਾਦਾ ਨੂੰ ਧਾਰਨ ਕੀਤਾ ਅਤੇ ਸਬਰ, ਸਿਦਕ ਦੀ ਦ੍ਰਿੜਤਾ ਸਹਿਤ ਜੀਵਨ ਦਾ ਅੰਗ ਬਣਾ ਕੇ ਆਪਣੀ ਅਧਿਆਤਮਕ ਮੇਲ ਦੀ ਵਾਟ ਨੂੰ ਤੈਅ ਕੀਤਾ। ਉਨ੍ਹਾਂ ਦੇ ਬਚਨ ਹਨ :

1. ਫਰੀਦਾ ਸਾਹਿਬ ਦੀ ਕਰ ਚਾਕਰੀ ਦਿਲ ਦੀ ਲਾਹਿ ਭਰਾਂਦਿ।।
   ਦਰਵੇਸ਼ਾਂ ਨੋ ਲੋੜੀਐ ਰੁਖਾਂ ਦੀ ਜੀਰਾਂਦ।।

   (ਸਲੋਕ 60, ਪੰਨਾ 1381)

2. ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ।।
   ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ।।

   (ਸਲੋਕ 25, ਪੰਨਾ 1379)

ਬਾਬਾ ਫਰੀਦ ਨੇ ਨੈਤਿਕ ਸਾਧਨਾ ਅਤੇ ਧਾਰਮਿਕ ਮਰਯਾਦਾ ਨੂੰ ਮਾਨਸਿਕ ਸ਼ੁੱਧੀਕਰਣ ਅਤੇ ਦੈਵੀ ਰੁਪਾਂਤਰਣ ਵਿਚ ਸਹਾਈ ਹੁੰਦੀ ਦੱਸਿਆ ਹੈ, ਜਿਸ ਦੇ ਫਲਸਰੂਪ ਦੁਨਿਆਵੀ ਕਰਤੱਵ-ਰੂਪ ਕਿਰਿਆ ਦਾ ਨਿਭਾ ਨਿਸ਼ਕਾਮ ਭਾਵਨਾ ਨਾਲ ਹੁੰਦਾ ਹੈ ਅਤੇ ਮਾਨਵ ਦਾ ਪਰਮਾਤਮਾ ਨਾਲ ਸੰਬੰਧ ਜੁੜਦਾ ਹੈ।

## ਪ੍ਰਭੂ ਮਿਲਾਪ ਦਾ ਅਨੁਭਵ

ਬਾਬਾ ਫਰੀਦ, ਵਿਸ਼ੇਸ਼ ਬੰਦਗੀ ਸਾਧਨਾ ਨਾਲ 'ਆਪੇ ਨੂੰ ਸੁਆਰ ਕੇ' ਪਰਮਾਤਮਾ ਨਾਲ ਤਦਰੂਪ ਹੋਏ ਅਤੇ ਸੰਜੋਗ ਅਵਸਥਾ ਵਿਚ ਰੱਬੀ ਅਨੁਭਵ ਨੂੰ ਸਾਖਿਆਤਕਾਰ ਕੀਤਾ। ਰੱਬੀ ਅਨੁਭਵ ਵਿਚ ਰੱਬ ਦੀ ਵਿਲੱਖਣ ਪਛਾਣ ਉਦੈ ਹੋਈ, ਜਿਸ ਵਿਚ ਦਾਰਸ਼ਨਿਕ ਅਤੇ ਭਾਵਾਤਮਕ ਸਰੂਪ-ਗੋਚਰ ਹੋਇਆ ਹੈ। ਉਹ ਪਰਮਾਤਮਾ ਦੀ ਸੱਤਾ ਦੀ ਏਕਤਾ, ਸਤਿਯਤਾ, ਅਗੰਮਤਾ, ਸਰਬ-ਵਿਆਪਕਤਾ ਅਤੇ ਮਧੁਰਤਾ ਦਾ ਅਨੁਭਵ ਕਰਦੇ ਹਨ, ਜੋ ਕਾਲ, ਸਥਾਨ, ਭਰਮ, ਦਵੈਤ ਤੇ ਜਾਤੀ ਭਿੰਨਤਾ ਤੋਂ ਉਤਾਂਹ ਅਨੁਭਵ ਹੋਇਆ। ਅਗੋਚਰ ਸੱਤਾ ਉਨ੍ਹਾਂ ਨੂੰ ਅਤਿ ਨੇੜੇ ਮਹਿਸੂਸ ਹੋਈ। ਉਸਦਾ ਨਿਵਾਸ ਸਰਬ-ਬ੍ਰਹਿਮੰਡਕ ਪਸਾਰੇ ਅਤੇ ਮਾਨਵ ਹਿਰਦੇ ਵਿਚ ਦਿਖਾਈ ਦਿੱਤਾ। ਉਨ੍ਹਾਂ ਨੂੰ ਅਗੰਮ ਸੱਤਾ, ਪਰਵਰਦਗਾਰ, ਪਰਮ-ਆਨੰਦ, ਪਰਮ-ਸੁਖ, ਪਰਮ-ਸੁਆਦ ਅਤੇ ਕ੍ਰਿਪਾ-ਸਰੂਪ ਅਨੁਭਵ ਹੋਈ।

ਬਾਬਾ ਫਰੀਦ ਬਾਣੀ ਵਿਚ ਪਰਮਾਤਮਾ ਦਾ ਦਾਰਸ਼ਨਿਕ ਸਰੂਪ

### 1. ਅਗਮ ਅਗੋਚਰ ਹੈ -

ਪਰਮਾਤਮਾ ਇਕੋ ਇਕ ਸਰਵੋਤਮ ਸੱਤਾ ਰੂਪ ਵਿਚ ਪਰਤੱਖ ਹੋਇਆ, ਜਿਸ ਨੂੰ ਬਾਬਾ ਫਰੀਦ ਜੀ ਨੇ ਅੱਲਾ, ਰੱਬ, ਸਾਂਈ, ਪ੍ਰਭੂ ਕਹਿ ਕੇ ਸੰਬੋਧਨ ਕੀਤਾ। ਅਗਮ ਅਗੋਚਰ ਪਰਮਾਤਮਾ ਨੂੰ ਬੇਅੰਤ ਸ਼ਕਤੀਮਾਨ ਅਤੇ ਸਦੀਵੀ ਸਤਿ ਕਿਹਾ, ਜੋ ਕਾਲ ਦੇ ਪ੍ਰਭਾਵ ਤੋਂ ਉਪਰ ਸਦਾ ਇਕ ਰੰਗ ਹੈ :

ਪਰਵਦਗਾਰ ਅਪਾਰ ਅਗਮ ਬੇਅੰਤ ਤੂੰ।।

(ਸ਼ੇਖ ਫਰੀਦ, ਆਸਾ, ਪੰਨਾ 488)

### 2. ਪਰਮਾਤਮਾ ਸੱਚ ਹੈ

ਦਾਰਸ਼ਨਿਕ ਸਰੂਪ ਵਿਚ ਬਾਬਾ ਫਰੀਦ ਨੇ ਪਰਮਾਤਮਾ ਨੂੰ, ਸੱਚ ਕਿਹਾ ਹੈ। ਸੱਚ, ਜੋ ਸਦੀਵੀ ਹੈ, ਅਮਰ ਹੈ, ਜਿਸ ਵਰਗਾ ਕੋਈ ਨਹੀਂ ਹੈ। ਰਚਨਾ ਕਾਲ ਦੀ ਗਤੀ ਵਿਚ ਹੈ। ਬਾਬਾ ਫਰੀਦ ਨੇ ਮਨੁੱਖ ਨੂੰ ਸੱਚ ਪ੍ਰਤੀ ਚੇਤੰਨ ਕਰਦੇ ਹੋਏ ਕਿਹਾ ਕਿ ਬਿਨਸਨਹਾਰ ਝੂਠੀ ਦੁਨੀਆਂ ਨਾਲ ਗਲਤਾਨ ਹੋ ਕੇ ਆਪਣੇ ਆਪ ਨੂੰ ਤਬਾਹ ਨਾ ਕਰੀਏ।

ਉਨ੍ਹਾਂ ਆਪਣੀ ਰਚਨਾ ਵਿਚ ਮਨੁੱਖ ਨੂੰ ਸੱਚ ਆਧਾਰਿਤ ਜੀਵਨ ਬਤੀਤ ਕਰਨ ਦੀ ਸਿੱਖਿਆ ਦਿੱਤੀ ਹੈ। ਉਨ੍ਹਾਂ 'ਸੱਚ' ਪਰਮਾਤਮਾ ਦਾ ਗੁਣ ਮੰਨ ਕੇ ਮਨੁੱਖੀ ਦੀ ਸ਼ੁੱਧੀ ਲਈ 'ਸੱਚ' ਸਦਾਚਾਰਕ ਗੁਣ, ਕਸਵੱਟੀ ਰਖਿਆ। ਉਨ੍ਹਾਂ ਦਾ ਕਥਨ ਇਸੇ ਸੰਦਰਭ ਵਿਚ ਹੈ ਕਿ ਮਨੁੱਖ ਨੇ ਜੀਵਨ ਵਿਚ 'ਸੱਚ' ਦੀ ਪਛਾਣ ਕਰਨੀ ਹੈ ਇਸ ਲਈ ਉਸ ਨੇ ਜੀਵਨ ਦਾ ਆਧਾਰ ਸੱਚ ਹੀ ਹੋਣਾ ਲੋੜੀਂਦਾ ਹੈ। ਉਨ੍ਹਾਂ ਦਾ ਫੁਰਮਾਨ ਹੈ :

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ।।
ਜੋ ਗੁਰ ਦਸੈ ਵਾਟ ਮੁਰੀਦਾ ਜੋਲੀਐ।।

(ਸ਼ੇਖ ਫਰੀਦ, ਆਸਾ, ਪੰਨਾ 488)

ਅਧਿਆਤਮਕ ਸੰਦਰਭ ਵਿਚ ਉਨ੍ਹਾਂ ਸੱਚ ਦੇ ਧਾਰਨੀ ਮਾਨਵਾਂ ਨੂੰ ਹੀ ਸੱਚੇ ਪਰਮਾਤਮਾ ਦੀ ਪਛਾਣ ਦੇ ਯੋਗ ਦੱਸਿਆ ਅਤੇ ਉਨ੍ਹਾਂ ਪ੍ਰਤੀ ਸਤਿਕਾਰ ਅਰਪਨ ਕੀਤਾ ਹੈ :

ਜਿਨਾ ਪਛਾਤਾ ਸਚੁ ਚੁੰਮਾ ਖੈਰ ਮੂੰ।।

(ਸੇਖ ਫਰੀਦ, ਆਸਾ, ਪੰਨਾ 488)

ਸੋ, ਪਰਮਾਤਮਾ ਸਦੀਵੀ ਸੱਚ ਹੈ, ਸਦਾ ਇਕ ਰੰਗ ਹੈ। ਉਸ ਦਾ ਰੰਗ ਮਜੀਠਾ ਹੈ। ਰਚਨਾ ਦਾ ਰੰਗ ਕੱਚਾ ਹੈ। ਸੱਚ ਨਾਲ ਜੁੜਨ ਤੇ ਮਨੁੱਖ ਦਾ ਦੈਵੀ ਰੂਪਾਂਤਰਣ ਹੋ ਜਾਂਦਾ ਹੈ। ਬਾਬਾ ਫਰੀਦ ਨੇ ਦਾਰਸ਼ਨਿਕ ਤੱਤ ਦੁਆਰਾ ਮਨੁੱਖ ਨੂੰ ਸੱਚ ਸਰੂਪੀ ਬਣਨ ਦਾ ਅਨੁਭਵ ਪ੍ਰਦਾਨ ਕੀਤਾ। ਉਨ੍ਹਾਂ ਦਾ ਫੁਰਮਾਨ ਹੈ :

ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ।।

(ਸ਼ੇਖ ਫਰੀਦ, ਸਲੋਕ 12, ਪੰਨਾ 1378)

### 3. ਰੱਬ ਸਰਬ-ਵਿਆਪਕ ਹੈ

ਫਰੀਦ ਜੀ ਨੂੰ ਅਗਮ ਅਗੋਚਰ ਸੱਤਾ ਸ਼ਰਿਸ਼ਟੀ ਦੀ ਸਿਰਜਣਹਾਰ ਅਤੇ ਪਾਲਣਹਾਰ ਸੱਤਾ ਦੇ ਰੂਪ ਵਿਚ ਆਪਣੀ ਰਚਨਾ ਵਿਚ ਸਮਾਈ ਨਜਰ ਆਈ। ਰੱਬੀ ਸਰਵ-ਵਿਆਪਕਤਾ ਨੂੰ ਉਨ੍ਹਾਂ ਰਚਨਾ ਵਿਚ ਪਸਰਿਆ ਵੇਖਿਆ। ਉਨ੍ਹਾਂ ਨੂੰ ਪਰਮਾਤਮਾ ਮਨੁੱਖ ਹਿਰਦੇ ਅੰਦਰ ਦਿਖਾਈ ਦਿੱਤਾ। ਇਸ ਅਨੁਭਵ ਦੇ ਆਧਾਰ ਤੇ ਉਨ੍ਹਾਂ ਮਾਨਵ ਨੂੰ ਨਵਾਂ ਸੰਦੇਸ਼ ਦਿੱਤਾ ਕਿ ਪਰਮਾਤਮਾ ਮਨੁੱਖ ਦੇ ਹਿਰਦੇ ਅੰਦਰ ਹੈ ਅਤੇ ਉਸ ਦੀ ਭਾਲ ਅੰਦਰੋਂ ਕਰਨੀ ਹੈ। ਜੰਗਲ ਵਿਚ ਇਕਾਂਤਵਾਸੀ ਬਣਨ ਦੀ ਲੋੜ ਨਹੀਂ। ਉਨ੍ਹਾਂ ਦੇ ਬਚਨ ਹਨ :

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ।।
ਵਸੀ ਰਬੁ ਹਿਆਲੀਐ ਜੰਗਲ ਕਿਆ ਢੂਢੇਹਿ।।

(ਸ਼ੇਖ ਫਰੀਦ, ਸਲੋਕ 19, ਪੰਨਾ 1378)

ਰੱਬੀ ਸਰਵ-ਵਿਆਪਕਤਾ ਦੇ ਅਨੁਭਵ ਵਿਚ ਸਾਰੇ ਮਾਨਵਾਂ ਅੰਦਰ ਰੱਬੀ ਜੋਤਿ ਵਿਖਾਈ ਦਿੱਤੀ, ਜਿਸ ਨਾਲ ਮਾਨਵੀ ਏਕਤਾ ਦਾ ਅਨੁਭਵ ਹੋਇਆ। ਇਸ ਅਨੁਭਵ ਵਿਚ, ਉਨ੍ਹਾਂ ਸਰਬ-ਮਾਨਵਤਾ ਦੇ ਸਤਿਕਾਰ ਨੂੰ ਮਨੁੱਖ ਦਾ ਨੈਤਿਕ ਕਰਤੱਵ ਦ੍ਰਿੜ੍ਹ ਕੀਤਾ :

ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ।।
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ।।

(ਸ਼ੇਖ ਫਰੀਦ, ਸਲੋਕ 129, ਪੰਨਾ 1384)

ਸਰਬ ਮਾਨਵਤਾ ਵਿਚ ਰੱਬੀ ਜੋਤਿ ਵੇਖਣ ਲਈ ਉਨ੍ਹਾਂ ਨੇ ਨਿਰਮਾਣਤਾ ਦਾ ਗੁਣ, 'ਸ਼ਰੇਸ਼ਟ ਗੁਣ' ਮਹਿਸੂਸ ਹੋਇਆ। ਉਨ੍ਹਾਂ ਰੱਬ ਨੂੰ ਵੇਖਣ ਲਈ ਪਹੇ ਦੀ ਦਬ ਵਰਗੀ ਮਾਨਸਿਕਤਾ ਨੂੰ ਧਾਰਨ ਕਰਨ ਦਾ ਉਪਦੇਸ਼ ਦਿੱਤਾ ਅਤੇ ਦੱਸਿਆ ਕਿ ਪਰਮਾਤਮਾ ਤਦੋਂ ਦਿੱਸਦਾ ਹੈ, ਜਦੋਂ ਹਉਮੈਂ ਦਾ ਪੂਰਨ ਤਿਆਗ ਹੋ ਜਾਵੇ। (ਸਲੋਕ 16 ਪੰਨਾ 1378)

### 4. ਪਰਮਾਤਮਾ, ਸੰਚਾਲਕ ਸੱਤਾ ਹੈ –

ਪਰਮਾਤਮਾ, ਆਪਣੇ ਹੁਕਮ ਸਿਧਾਂਤ, ਕਰਮ ਸਿਧਾਂਤ ਅਤੇ ਕ੍ਰਿਪਾ ਸਿਧਾਂਤ ਦੇ ਅੰਤਰਗਤ ਰਚਨਾ ਦੀ ਸਿਰਜਨਾ, ਪਾਲਨਾ ਅਤੇ ਸੰਪੂਰਨਤਾ ਪ੍ਰਦਾਨ ਕਰਦਾ ਹੈ। ਜਗਤ ਦੀ ਰਚਨਾ ਹੁਕਮ ਦੇ ਅੰਦਰ ਗਤੀਮਾਨ ਹੈ, ਜਿਸ ਦਾ ਸੰਕੇਤ ਬਾਬਾ ਫਰੀਦ ਨੇ ਦਰਿਆ ਦੇ ਵਹਿਣ ਦੇ ਰੁਖ ਦੇ ਦ੍ਰਿਸ਼ਟਾਂਤ ਤੋਂ ਦਿੱਤਾ ਹੈ ਕਿ ਦਰਿਆ ਦੇ ਵਹਿਣ ਦਾ ਰੁਖ ਉਸ ਦੀ ਮਰਜ਼ੀ ਤੇ ਨਿਰਭਰ ਨਹੀਂ। ਇਹ ਪਰਮਾਤਮਾ ਦੇ ਹੁਕਮ ਦੇ ਅੰਤਰਗਤ ਹੈ :

ਜਿਧਰਿ ਰਬ ਰਜਾਇ ਵਹਣੁ ਤਿਦਾਊ ਕਰੇ।।

(ਸ਼ੇਖ ਫਰੀਦ, ਸਲੋਕ 84, ਪੰਨਾ 1382)

ਕਰਮ ਸਿਧਾਂਤ ਅਨੁਸਾਰ ਮਨੁੱਖ ਜੋ ਬੀਜਦਾ ਹੈ ਉਹੋ ਹੀ ਪ੍ਰਾਪਤ ਕਰਦਾ ਹੈ। ਪਰਮਾਤਮਾ ਦੇ ਇਸ ਸਿਧਾਂਤ ਦੇ ਸਨਮੁੱਖ ਮਨੁੱਖ ਤੁੱਛ ਹੈ, ਇਸ ਨਿਯਮ ਦੀ ਉਲੰਘਣਾ ਕਰਕੇ ਮਨੁੱਖ ਮਨ ਚਾਹਿਆ ਫਲ ਪ੍ਰਾਪਤ ਨਹੀਂ ਕਰ ਸਕਦਾ ਯਥਾ :-

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ।।

ਹੰਢੈ ਉਂਨ ਕਤਾਇਦਾ ਪੈਧਾ ਲੋੜੇ ਪਟੁ।।

(ਸ਼ੇਖ ਫਰੀਦ, ਸਲੋਕ 23, ਪੰਨਾ 1379)

ਇਸ ਦੇ ਨਾਲ ਹੀ ਸਿਧਾਂਤ ਦੱਸਿਆ ਹੈ ਕਿ ਹਰੇਕ ਵਸਤ ਦੇ ਬੀਜਣ ਅਤੇ ਪ੍ਰਾਪਤ ਕਰਨ ਦਾ ਸਮਾਂ ਨਿਸ਼ਚਿਤ ਹੈ। ਉਸ ਤੋਂ ਅੱਗੇ ਪਿੱਛੇ ਕੀਤੀ ਕਿਰਿਆ ਅਰਥਹੀਨ ਹੋ ਜਾਂਦੀ ਹੈ। ਪਰਮਾਤਮਾ ਦੇ ਰਚਨਾ ਪਾਸਾਰ ਵਿਚ ਸਭ ਕੁਝ ਪਰਮਾਤਮਾ ਦੇ ਹੁਕਮ, ਕਰਮ ਸਿਧਾਂਤ ਤੇ ਕ੍ਰਿਪਾ ਸਿਧਾਂਤ ਤੇ ਗਤੀਮਾਨ ਹੈ। ਸਮੇਂ ਦੀ ਗਤੀ ਮਨੁੱਖ ਦੇਹ ਨੂੰ ਬਚਪਨ, ਜਵਾਨੀ ਤੇ ਬੁਢੇਪੇ ਦੇ ਸਰੂਪਾਂ ਵਿਚ ਤਬਦੀਲ ਕਰਦੀ ਹੈ। ਜਿਸ ਨੇ ਸਮੇਂ ਨੂੰ ਨਿਯਮ ਦੇ ਅੰਤਰਗਤ ਸੰਭਾਲ ਲਿਆ, ਉਹ ਹੀ ਯੋਗ ਫਲ ਦਾ ਭਾਗੀ ਹੈ।

(ਪ੍ਰਮਾਣ ਵੇਖੋ, ਸਲੋਕ 37 ਅਤੇ 54)

### 5. ਪਰਮਾਤਮਾ ਇਨਸਾਫ ਪਸੰਦ ਹੈ

ਪਰਮਾਤਮਾ ਮਨੁੱਖ ਦੇ ਕੀਤੇ ਕੰਮਾਂ ਦਾ ਲੇਖਾ ਮੰਗਣ ਵਾਲਾ ਹੈ। ਮਨੁੱਖ ਕੀਤੇ ਕੰਮਾਂ ਲਈ ਉਸ ਅੱਗੇ ਉੱਤਰਦਾਈ ਹੈ। ਪਰਮਾਤਮਾ ਨਿਆਂਕਾਰ ਹੈ। ਉਸ ਦੀ ਦਰਗਾਹ ਹੈ, ਜਿਥੇ ਮਨੁੱਖ ਦੇ ਕੀਤੇ ਕਰਮਾਂ ਦਾ ਨਿਰਣਾ ਹੁੰਦਾ ਹੈ। ਯਥਾ :

1. ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰੇ ਕੰਮਿ।।

(ਸ਼ੇਖ ਫਰੀਦ, ਸਲੋਕ 38 ਪੰਨਾ 1379)

2. ਮਤੁ ਸਰਮਿੰਦਾ ਥੀਵਹਿ ਸਾਂਈ ਦੈ ਦਰਬਾਰਿ।।

(ਸ਼ੇਖ ਫਰੀਦ, ਸਲੋਕ 59, ਪੰਨਾ 138)

### 6. ਪਰਮਾਤਮਾ ਪੂਰਨ ਹੈ, ਮਨੁੱਖ ਅਪੂਰਨ ਹੈ

ਮਨੁੱਖ ਦੇ ਔਗੁਣ ਹੀ ਪਰਮਾਤਮਾ ਤੋਂ ਵਿਥ ਦਾ ਕਾਰਨ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖ ਤੇ ਪਰਮਾਤਮਾ ਵਿਚ ਵਿਛੋੜੇ ਦਾ ਕਾਰਨ ਕੂੜ ਦੀ ਪਾਲ ਭਾਵ 'ਹਉਮੈ' ਕਿਹਾ ਹੈ। ਮਨੁੱਖ ਨੇ ਇਸ ਨੂੰ ਤੋੜ ਕੇ ਸਚਿਆਰ ਬਣਨਾ ਹੈ। ਫੇਰ ਹੀ ਉਸ ਦੀ ਸੱਚ ਵਿਚ ਸਮਾਈ ਹੋਣੀ ਹੈ। ਰਾਗ ਆਸਾ ਵਿਚ ਉਨ੍ਹਾਂ ਦਾ ਕਥਨ ਹੈ 'ਸੁਚਿ ਹੋਵੈ ਤਾਂ ਸਚੁ ਪਾਈਐ' ਇਸੇ ਪ੍ਰਕਾਰ ਬਾਬਾ ਫ਼ਰੀਦ ਜੀ ਨੇ ਮਨੁੱਖ ਅਤੇ ਪਰਮਾਤਮਾ ਵਿਚ ਵਿਛੋੜੇ ਦਾ ਕਾਰਨ ਮਨੁੱਖ ਅੰਦਰ ਸਥਿਤ ਔਗੁਣ ਦਸੇ ਹਨ, ਜਿਹੜੇ ਮਨੁੱਖ ਅਤੇ ਪਰਮਾਤਮਾ ਦੀ ਤਾਤਵਿਕ ਏਕਤਾ ਨੂੰ ਭੰਗ ਕਰਦੇ ਹਨ। ਉਨ੍ਹਾਂ ਦਾ ਕਥਨ ਹੈ- 'ਮੁਝ ਅਗਵਨ ਸਹਿ ਨਾਹੀ ਦੋਸ'। ਇਸੇ ਲਈ ਉਨ੍ਹਾਂ 'ਆਪਾਂ ਸਵਾਰਨਾ' ਪਰਮਾਤਮਾ ਦੇ ਮੇਲ ਲਈ ਮੁੱਖ ਕਸਵੱਟੀ ਦੱਸੀ ਹੈ।

### 7. ਪਰਮਾਤਮਾ ਹੀ ਭਗਤੀ ਯੋਗ ਹੈ

ਪਰਮਾਤਮਾ ਜਗਤ ਰਚਨਾ ਦਾ ਸੰਚਾਲਕ ਹੈ, ਪਾਲਕ ਹੈ, ਸਰਬ ਕਲਾ ਸੰਪੂਰਨ ਹੈ, ਇਸ ਲਈ ਮਨੁੱਖ ਨੂੰ ਉਸ ਦੀ ਉਸਤਤ ਕਰਨੀ ਜ਼ਰੂਰੀ ਹੈ। ਪਰਮਾਤਮਾ ਨਾਲ ਮੇਲਾਪ ਦੀ ਤਾਂਘ ਮਨੁੱਖ ਦਾ ਮੁੱਖ ਕਰਤੱਵ ਹੋਣਾ ਚਾਹੀਦਾ ਹੈ ਅਤੇ ਉਸ ਲਈ ਮੁਹੱਬਤ ਦਾ ਉਪਜਣਾ ਮਾਨਵ ਦਾ ਜ਼ਰੂਰੀ ਲੱਛਣ ਹੈ। ਬਾਬਾ ਫਰੀਦ ਨੇ ਆਪਣੀ ਬਾਣੀ ਵਿਚ ਨਾਮ ਤੋਂ ਵਾਂਝੇ ਮਾਨਵ, ਜਿਨ੍ਹਾਂ ਅੰਦਰ ਪਰਮਾਤਮਾ ਦੀ ਯਾਦ ਨਹੀਂ, ਉਹ ਧਰਤੀ ਤੇ ਬੋਝ ਦੱਸੇ ਹਨ। ਜਿਹੜੇ ਮਾਨਵ ਉਸ ਦੀ ਯਾਦ ਵਿਚ ਉਸ ਨਾਲ ਜੁੜੇ ਹਨ, ਉਹ ਸੱਚੇ ਪ੍ਰਾਣੀ ਹਨ। ਉਨ੍ਹਾਂ ਦੀ ਜਨਮਦਾਤੀ ਮਾਤਾ ਨੂੰ ਧੰਨਤਾ ਯੋਗ ਕਿਹਾ ਹੈ। ਉਨ੍ਹਾਂ ਦਾ ਜਗਤ ਵਿਚ ਆਉਣਾ ਸਫਲ ਹੋ ਜਾਂਦਾ ਹੈ। ਇਸ ਰਹੱਸ ਨੂੰ ਬਾਬਾ ਫਰੀਦ ਨੇ ਆਪਣੇ ਨਿੱਜੀ ਰੱਬੀ ਅਨੁਭਵ ਵਿਚ ਪਰਗਟ ਕੀਤਾ ਹੈ ਕਿ ਪਰਮਾਤਮਾ ਭਗਤੀ ਯੋਗ ਹੈ। ਉਨ੍ਹਾਂ ਪਰਮਾਤਮਾ ਤੋਂ ਭਗਤੀ ਦਾ ਦਾਨ ਮੰਗਿਆ ਹੈ। ਪਰਮਾਤਮਾ ਦੀ ਪਨਾਂਹ ਅਥਵਾ ਸ਼ਰਨ ਲੈਣੀ ਅਤੇ ਉਸ ਦੀ ਭਗਤੀ ਮਨੁੱਖ ਲਈ ਜ਼ਰੂਰੀ ਦੱਸੀ ਹੈ।

## (ii) ਭਾਵਾਤਮਕ ਸਰੂਪ

ਦਾਰਸ਼ਨਿਕ ਅਨੁਭਵ ਵਿਚ ਬਾਬਾ ਫਰੀਦ ਨੂੰ ਪਰਮਾਤਮਾ ਦਾ ਵਿਰਾਟ, ਅਗਮ ਅਗੋਚਰ ਸਰੂਪ ਰਚਨਾ ਦੀ ਕਰਤਾਰੀ ਸ਼ਕਤੀ ਰਹਿਤ ਪਰਵਰਦਗਾਰ ਰੂਪ ਵਿਚ ਦਿਖਾਈ ਦਿੱਤਾ। ਆਪਣੀ ਰਚਨਾ ਦੀ ਪ੍ਰਿਤਪਾਲਕ ਭਾਵ ਨਾਲ ਦੇਖ ਭਾਲ ਕਰਦਾ ਪ੍ਰਤੀਤ ਹੋਇਆ। ਇਸੇ ਅਨੁਭਵ ਦੇ ਅੰਤਰਗਤ ਉਨ੍ਹਾਂ ਆਪਣੀ ਬਾਣੀ ਵਿਚ ਕਿਹਾ ਹੈ ਕਿ ਮਨੁੱਖ ਪਦਾਰਥਕ ਸੰਸਾਰ ਦੀਆਂ ਰੰਗੀਨੀਆਂ ਵਿਚ ਭਾਵੇਂ ਪਰਮਾਤਮਾ ਤੋਂ ਬੇਮੁੱਖ ਤੇ ਬੇ-ਧਿਆਨਾਂ ਹੋ ਜਾਵੇ, ਪਰ ਪਰਮਾਤਮਾ ਆਪਣੀ ਪ੍ਰਿਤਪਾਲਕ ਭਾਵਨਾ ਸਦਕਾ ਆਪਣੀ ਰਚਨਾ ਨੂੰ ਨਹੀਂ ਵਿਸਾਰਦਾ (ਸਲੋਕ 107)। ਉਨ੍ਹਾਂ ਨੂੰ ਇਹ ਅਨੁਭਵ ਹੋਇਆ ਕਿ ਪਰਮਾਤਮਾ ਹੀ ਮਨੁੱਖ ਦਾ ਮੁੱਖ ਧਿਆਨ ਕੇਂਦਰ ਹੋਣਾ ਚਾਹੀਦਾ ਹੈ ਅਤੇ ਉਸ ਦੀ ਸ਼ੁਕਰਗੁਜ਼ਾਰੀ ਵਿਚ ਮਨੁੱਖ ਨੂੰ ਜੁੜਨਾ ਚਾਹੀਦਾ ਹੈ। ਉਨ੍ਹਾਂ ਮਾਇਆ ਰੱਤੀ ਬੇਮੁੱਖ ਜ਼ਿੰਦਗੀ ਨੂੰ ਧ੍ਰਿਗ ਕਿਹਾ ਹੈ। (ਸਲੋਕ 21)

ਬਾਬਾ ਫਰੀਦ ਨੂੰ ਪਰਮਾਤਮਾ ਦਾ ਪਰਵਰਦਗਾਰ-ਪ੍ਰਿਤਪਾਲਕ ਅਨੁਭਵ ਭਾਵਾਤਮਕ ਪੱਧਰ ਤੇ ਹੋਇਆ। ਉਨ੍ਹਾਂ ਨੂੰ ਪਰਮਾਤਮਾ ਮਾਨਵੀ ਭਾਵਾਤਮਕ ਰਿਸ਼ਤਿਆਂ ਤੋਂ ਵੱਧ ਨੇੜੇ, ਸੁਖਦਾਇਕ, ਸਦਾ ਸਾਥ ਨਿਭਣ ਵਾਲਾ, ਸਦੀਵੀ ਸਾਥੀ, ਪਿਆਰ-ਕੰਤ, ਮਿੱਤਰ-ਬੇਲੀ, ਨਿੱਘਾ ਅਤੇ ਮਿੱਠਾ ਅਨੁਭਵ ਹੋਇਆ, ਜਿਸ ਦਾ ਵਰਣਨ ਉਨ੍ਹਾਂ ਆਪਣੀ ਬਾਣੀ ਵਿਚ ਵਿਸਤਾਰ ਸਹਿਤ ਇਸ ਪ੍ਰਕਾਰ ਕੀਤਾ ਹੈ। ਯਥਾ :

### 1. ਕੰਤ (ਪ੍ਰੀਤਮ) ਦੇ ਰੂਪ ਵਿਚ

ਬਾਬਾ ਫਰੀਦ ਨੂੰ ਪਰਮਾਤਮਾ ਪ੍ਰੇਮ-ਪਰਾਇਣ ਰੂਪ ਵਿਚ ਅਨੁਭਵ ਹੋਇਆ। ਉਨ੍ਹਾਂ ਨੂੰ ਪਰਮਾਤਮਾ ਅਤਿ ਨੇੜੇ ਦਾ ਸਾਥੀ ਪਤੀ ਦੇ ਰੂਪ ਵਿਚ ਨਜ਼ਰੀ ਆਇਆ। ਉਨ੍ਹਾਂ ਪਰਮਾਤਮਾ ਨੂੰ ਕੰਤ, ਸਾਂਈ, ਸਹੁ, ਪ੍ਰੀਤਮ ਦੇ ਰੂਪ ਵਿਚ ਚਿਤਵਿਆ। ਇਨ੍ਹਾਂ ਆਪਣੇ ਆਪ ਨੂੰ ਪਤਨੀ ਅਤੇ ਪਰਮਾਤਮਾ ਨੂੰ ਕੰਤ ਮਹਿਸੂਸ ਕੀਤਾ ਅਤੇ ਤਨ ਮਨ ਦੀ ਸੰਪੂਰਨ ਏਕਤਾ ਦੇ ਅਨੁਭਵ ਨੂੰ ਬਿਆਨ ਕੀਤਾ। ਉਨ੍ਹਾਂ ਨੇ ਦਸਿਆ ਹੈ ਕਿ ਕੰਤ ਰੂਪ ਵਿਚ ਪਰਮਾਤਮਾ ਮਿਹਰਬਾਨ, ਕ੍ਰਿਪਾਲੂ ਹੈ ਜੋ ਆਪ ਮੇਲਾਪ ਦੀ ਦਾਤ ਬਖਸ਼ਦਾ ਹੈ।

ਬਾਬਾ ਫਰੀਦ ਨੂੰ ਪਰਮਾਤਮਾ ਤੋਂ ਵਿਛੋੜੇ ਦਾ ਅਨੁਭਵ ਹੋਇਆ। ਸਾਧਨਾ ਪੂਰਤੀ ਵਿਚ ਜੋ ਮੇਲ ਅਨੁਭਵ ਦਾ ਅਨੰਦ ਪ੍ਰਾਪਤ ਹੋਇਆ, ਉਸ ਤੋਂ ਉਹ ਕਿਸੇ ਹਾਲਤ ਵੰਚਿਤ ਨਹੀਂ ਰਹਿਣਾ ਚਾਹੁੰਦੇ। ਇਸ ਵਿਛੋੜੇ ਦੇ ਅਨੁਭਵ ਨੂੰ ਉਨ੍ਹਾਂ ਪਤੀ-ਪਤਨੀ ਦੇ ਅਨੁਭਵ ਰਾਹੀਂ ਦਸਿਆ ਹੈ :

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਏ।।

(ਫਰੀਦ, ਸਲੋਕ 30, ਪੰਨਾ 1379)

ਉਨ੍ਹਾਂ ਮਨੁੱਖ ਅੰਦਰ ਪਰਮਾਤਮਾ ਲਈ ਵਿਛੋੜੇ ਦਾ ਅਹਿਸਾਸ ਜ਼ਰੂਰੀ ਦਸਿਆ। ਉਨ੍ਹਾਂ ਤੱਥ ਦ੍ਰਿੜ੍ਹ ਕੀਤਾ ਕਿ ਜਿਸ ਹਿਰਦੇ ਵਿਚ ਪਰਮਾਤਮਾ ਲਈ ਵਿਛੋੜਾ ਭਾਵ ਉਤਪੰਨ ਨਹੀਂ ਹੁੰਦਾ, ਉਹ ਦੇਹ ਸ਼ਮਸ਼ਾਨ ਦੀ ਨਿਆਈਂ ਹੈ। (ਸਲੋਕ 36)

ਬਾਬਾ ਫਰੀਦ ਨੂੰ ਮੇਲ-ਸਿਕ ਦਾ ਅਨੁਭਵ ਹੋਇਆ। ਬਾਬਾ ਫਰੀਦ ਦਾ ਜੀਵਨ ਆਦਰਸ਼ ਪਰਮਾਤਮਾ ਦਾ ਮੇਲ ਪ੍ਰਾਪਤ ਕਰਨਾ ਸੀ। ਉਨ੍ਹਾਂ ਇਸ ਮੇਲ ਲਈ ਵਿਸ਼ੇਸ਼ ਜੀਵਨ ਸਾਧਨਾ ਨੂੰ ਧਾਰਨ ਕੀਤਾ, ਜਿਸ ਦਾ ਪ੍ਰਮਾਣ ਉਨ੍ਹਾਂ ਦੀ ਬਾਣੀ ਵਿਚ ਪ੍ਰਾਪਤ ਹੈ। ਉਨ੍ਹਾਂ ਰੱਬੀ ਮੇਲ ਦੀ ਖਾਤਰ ਸਰੀਰਕ ਦੁੱਖਾਂ ਨੂੰ ਝੱਲਿਆ ਅਤੇ ਰੱਬੀ ਮੇਲ ਸਿਕ ਨੂੰ ਮੁੱਖ ਰਖਿਆ। ਉਸ ਪ੍ਰੀਤਮ ਪਿਆਰੇ ਦੇ ਮੇਲਾਪ ਖਾਤਰ ਉਹੋ ਵੇਸ ਧਾਰਨ ਕਰਨ ਅਤੇ ਸਰੀਰਕ ਘਾਲਣਾ ਲਈ ਤਿਆਰ ਹੋਏ, ਜਿਸ ਵਿਚ ਕਿ ਉਸ ਦੇ ਦਰਸ਼ਨ ਹੋ ਸਕਣ :

1. ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ।।

(ਸ਼ੇਖ ਫਰੀਦ, ਸਲੋਕ 103, ਪੰਨਾ 1383)

2. ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ।।
ਪੈਰੀ ਥਕਾਂ ਸਿਰਿ ਜੁਲਾ ਜੇ ਮੂੰ ਪਿਰੀ ਮਿਲੰਨਿ।।

(ਸ਼ੇਖ ਫਰੀਦ, ਸਲੋਕ 119, ਪੰਨਾ 1384)

ਇਸ ਸਲੋਕ ਦੀ ਸੁਧਾਈ ਗੁਰੂ ਜੀ ਨੇ ਕੀਤੀ ਹੈ।ਇਸ ਤਪੱਸਵੀ-ਵਿਧੀ ਦਾ ਗੁਰਮਿਤ-ਬਦਲ ਪੇਸ਼ ਕੀਤਾ।

### 2. ਬੇਲੀ (ਮਿੱਤਰ) ਦੇ ਰੂਪ ਵਿਚ

ਪਰਮਾਤਮਾ ਨਾਲ ਏਕੀਭਾਵ ਦੀ ਅਵਸਥਾ ਵਿਚ ਬਾਬਾ ਫਰੀਦ ਨੂੰ ਪਰਮਾਤਮਾ ਸਦੀਵੀ ਬੇਲੀ-ਸਾਥੀ ਦੇ ਰੂਪ ਵਿਚ ਨਜ਼ਰ ਆਇਆ। ਅਜਿਹਾ ਸਾਥੀ ਜਿਸ ਦਾ ਸਾਨੀ ਹੋਰ ਕੋਈ ਨਹੀਂ। ਅਜਿਹਾ ਮਿੱਤਰ, ਜੋ ਸਦਾ ਨਾਲ ਨਿਭਣ ਵਾਲਾ ਹੈ। ਯਥਾ :

1. ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ।।

(ਫਰੀਦ, ਸਲੋਕ 5, ਪੰਨਾ 1378)

2. ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ।।

(ਫਰੀਦ, ਆਸਾ, ਪੰਨਾ 794)

ਬਾਬਾ ਫਰੀਦ ਨੇ ਹਕੀਕਤ ਬਿਆਨ ਕੀਤੀ ਹੈ ਕਿ ਸੰਸਾਰਕ ਪ੍ਰਸੰਗ ਵਿਚ ਕਹਿਣ ਨੂੰ ਅਨੇਕ ਮਿੱਤਰ ਹਨ, ਪਰ ਸੱਚਾ ਮਿੱਤਰ ਕੋਈ ਨਹੀਂ। ਉਨ੍ਹਾਂ ਪਰਮਾਤਮਾ ਮਿੱਤਰ ਲਈ ਆਪਣੀ ਬੇਕਰਾਰੀ ਪ੍ਰਗਟ ਕੀਤੀ ਹੈ। (ਸਲੋਕ 87)

### 3. ਪ੍ਰਭੂ ਭਗਤ ਵਛਲ ਹੈ -

ਰੱਬੀ ਅਨੁਭਵ ਵਿਚ ਪਰਮਾਤਮਾ ਭਗਤਾਂ ਦੇ ਅੰਗ ਸੰਗ ਉਨ੍ਹਾਂ ਦੇ ਦੁੱਖ ਸੁੱਖ ਦਾ ਸਾਥੀ ਅਤੇ ਭਗਤਾਂ ਦੀ ਸਾਰ ਲੈਣ ਵਾਲਾ ਅਨੁਭਵ ਹੋਇਆ। ਉਨ੍ਹਾਂ ਇਹ ਪ੍ਰਤੱਖ ਅਨੁਭਵ ਹੋਇਆ ਕਿ ਪਰਮਾਤਮਾ ਨੇ ਜਗਤ ਦੀ ਦਵੰਦ ਦੀ ਤ੍ਰਿਸ਼ਨਾ ਵਿਚੋਂ ਉਨ੍ਹਾਂ ਨੂੰ ਆਪ ਬਚਾਇਆ ਹੈ ਅਤੇ ਆਪਣੇ ਨਾਮ ਦੀ ਦਾਤ ਬਖਸ਼ੀ ਹੈ। (ਵੇਖੋ ਸਲੋਕ 3 ਅਤੇ 110)

### 4. ਪਰਮਾਤਮਾ, ਅਨੰਦ ਸਰੂਪ ਹੈ

ਪਰਮਾਤਮਾ, 'ਪਰਮ, ਮਧੁਰ, ਅਨੰਦ-ਸਰੂਪ' ਅਨੁਭਵ ਹੋਇਆ। ਉਨ੍ਹਾਂ ਨੂੰ ਰੱਬੀ ਮਿਲਾਪ ਦੇ ਅਕਹਿ ਸੁਆਦ ਨੇ ਤ੍ਰਿਪਤ ਕੀਤਾ। ਇਸ ਅਨੰਦ ਨੂੰ ਉਹ ਦੁਨਿਆਵੀ ਮਿੱਠੀਆਂ ਵਸਤਾਂ ਦੇ ਸੁਮੇਲ ਸਹਿਤ ਦੱਸਣ ਦਾ ਯਤਨ ਕਰਦੇ ਹਨ। ਪਰ ਉਨ੍ਹਾਂ ਨੂੰ ਰੱਬੀ ਮਿਠਾਸ ਦੇ ਤੁਲ ਕੋਈ ਵਸਤੂ ਨਹੀਂ ਲਗਦੀ। ਯਥਾ :

ਫਰੀਦਾ ਸਕਰ ਖੰਡੁ ਨਿਵਾਤ ਗੁੜ ਮਾਖਿਉ ਮਾਂਝਾ ਦੁਧੁ।।
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ।।

(ਫਰੀਦ, ਸਲੋਕ 22, ਪੰਨਾ 1379)

ਉਨ੍ਹਾਂ ਨੂੰ ਜਗਤ ਵਿਚ ਰੱਬੀ ਮਿਠਾਸ ਦੀਆਂ ਪੱਕੀਆਂ ਖਜੂਰਾਂ ਤੇ ਮਾਖਿਓ ਦੀਆਂ ਨਦੀਆਂ ਦੀ ਹੋਂਦ ਦਾ ਅਨੁਭਵ ਹੋਇਆ। ਇਸ ਸੂਖਮ ਅਨੁਭਵ ਨੂੰ ਉਨ੍ਹਾਂ ਬਾਣੀ ਦੁਆਰਾ ਪ੍ਰਗਟ ਕੀਤਾ ਅਤੇ ਇਸ ਦੀ ਪ੍ਰਾਪਤੀ ਨੂੰ ਮਨੁੱਖ ਜਨਮ ਦਾ ਉਦੇਸ਼ ਦੱਸਿਆ। (ਸਲੋਕ 89)

ਬਾਬਾ ਫਰੀਦ ਜੀ ਨੂੰ ਰੱਬ ਵਲੋਂ ਨਾਮ ਦੀ ਵਡੀ ਜਾਂਦੀ ਕਸਤੂਰੀ ਦਾ ਦੈਵੀ ਅਨੁਭਵ ਹੋਇਆ। ਉਨ੍ਹਾਂ ਦੱਸਿਆ ਕਿ ਮਨੁੱਖ ਅੰਦਰ ਇਹ ਕਸਤੂਰੀ ਇਸਥਿਤ ਹੈ, ਜੋ ਰੱਬੀ ਯਾਦ ਵਿਚ ਜੁੜਨ ਤੇ ਪ੍ਰਤੀਤ ਹੁੰਦੀ ਹੈ। ਜਿਹੜੇ ਪ੍ਰਾਣੀ ਗਫਲਤ ਦੀ ਨੀਂਦ ਸੁੱਤੇ ਰਹਿੰਦੇ ਹਨ, ਉਹ ਇਸ ਤੋਂ ਵੰਚਿਤ ਰਹਿ ਜਾਂਦੇ ਹਨ ਅਤੇ ਉਹਨਾਂ ਅੰਦਰ ਸਥਿਰ ਇਸ ਕਸਤੂਰੀ ਦੀ ਖੁਸ਼ਬੂ ਹਿੰਗ ਦੀ ਬੋ ਵਿਚ ਬਦਲ ਜਾਂਦੀ ਹੈ। (ਸਲੋਕ 89 ਅਤੇ 33)

ਬਾਬਾ ਫਰੀਦ ਨੇ ਪਰਮਾਤਮਾ ਨੂੰ ਸਰੋਵਰ ਨਾਲ ਤੁਲਨਾ ਦਿੱਤੀ ਹੈ। ਉਸ ਸਰੋਵਰ ਵਿਚੋਂ ਨਾਮ ਸ਼ਰੇਸ਼ਟ ਵਸਤੂ ਦੀ ਪ੍ਰਾਪਤੀ ਬਾਰੇ ਜਾਣੂ ਕਰਵਾਇਆ ਹੈ। ਛੋਟੇ ਮੋਟੇ ਛੱਪੜਾਂ ਦੀ ਥਾਵੇਂ ਮਨੁੱਖ ਨੂੰ ਪਰਮਾਤਮਾ-ਸਰੋਵਰ ਦੇ ਸਨਮੁੱਖ ਕਰਕੇ ਸ਼ਰੇਸ਼ਟ ਵਸਤੂ ਦੀ ਪ੍ਰਾਪਤੀ ਦਾ ਗਿਆਨ ਦਿੱਤਾ ਹੈ। (ਸਲੋਕ 53)

ਉਪਰੋਕਤ ਵਿਚਾਰ ਤੋਂ ਬਾਬਾ ਫਰੀਦ ਦਾ ਰੱਬੀ ਮੇਲ ਅਨੁਭਵ (God Realization) ਦੇ ਮੁੱਖ ਪੱਖ ਵਿਚ ਇਹ ਦ੍ਰਿਸ਼ਟੀਗੋਚਰ ਹੁੰਦੇ ਹਨ :

1. ਰੱਬੀ ਏਕਤਾ ਦਾ ਅਨੁਭਵ
2. ਰੱਬ ਦੀ ਅਗਮ, ਅਗੋਚਰ, ਅਪਾਰ, ਬੇਅੰਤ ਹਸਤੀ ਦਾ ਅਨੁਭਵ
3. ਰੱਬੀ ਸਰਬ ਵਿਆਪਕਤਾ ਦਾ ਅਨੁਭਵ
4. ਰੱਬੀ ਹੋਂਦ ਦਾ ਸਰਬ ਮਾਨਵਾਂ ਦੇ ਹਿਰਦੇ ਵਿਚ ਨਿਵਾਸ ਦਾ ਅਨੁਭਵ
5. ਸਦੀਵੀ, ਮਿੱਤਰ, ਸੰਬੰਧੀ, ਕੰਤ, ਸਾਂਈ ਬੇਲੀ, ਸਹੁ ਪ੍ਰੀਤਮ ਦਾ ਅਨੁਭਵ
6. ਪਰਮਾਤਮਾ ਦੇ ਮੇਲ ਤੋਂ ਸਦੀਵੀ ਸੁੱਖ ਦਾ ਅਨੁਭਵ
7. ਪ੍ਰਤਿਪਾਲਕ ਦਾ ਅਨੁਭਵ
8. ਭਗਤ ਵਛਲ ਦਾ ਅਨੁਭਵ
9. ਪਰਮ ਮਧੁਰ ਮਿਠਾਸ ਦਾ ਅਨੁਭਵ
10. ਕ੍ਰਿਪਾ ਸਰੂਪ ਦਾ ਅਨੁਭਵ

**ਪਰਮਾਤਮਾ ਮੇਲ ਦੇ ਸਹਾਇਕ ਅੰਗਾਂ ਦਾ ਅਨੁਭਵ**

1. ਪਰਮਾਤਮਾ ਵਿਚ ਵਿਸ਼ਵਾਸ, ਸਿਦਕ
2. ਪਰਮਾਤਮਾ ਦੀ ਸ਼ਰਨ
3. ਰੱਬੀ ਪ੍ਰੇਮ ਸਿੱਕ
4. ਪਰਮਾਤਮਾ ਲਈ ਬਿਰਹੀ ਦੀ ਭਾਵਨਾ
5. ਗੁਰੂ ਦਾ ਪਥ ਪਰਦਰਸ਼ਨ
6. ਸਾਧ ਸੰਗਤ ਦੀ ਬੈਠਕ
7. ਨੈਤਿਕ ਗੁਣਾਂ ਦੀ ਪਾਲਣਾ
8. ਧਾਰਮਿਕ ਮਰਯਾਦਾ ਦੀ ਪਾਲਨਾ
9. ਪਰਮਾਤਮਾ ਦੀ ਬੰਦਗੀ
10. ਨਿਸ਼ਕਾਮ ਅਤੇ ਨਿਰਲੇਪ ਭਾਵਨਾ ਦੁਆਰਾ ਆਤਮ ਸਮਰਪਣ।

ਬਾਬਾ ਫਰੀਦ ਜੀ ਦੇ ਰੱਬੀ ਅਨੁਭਵ ਨੇ ਭਾਰਤੀ ਅਧਿਆਤਮਕ ਸੰਸਕ੍ਰਿਤੀ ਨੂੰ ਵਿਸ਼ਵ-ਵਿਆਪੀ ਸਿਧਾਂਤ ਦਿੱਤੇ ਹਨ। ਉਨ੍ਹਾਂ ਪਰਮਾਤਮਾ ਦੀ ਇਕ ਹੋਂਦ ਨੂੰ ਸਥਾਪਿਤ ਕੀਤਾ। ਪਰਮਾਤਮਾ ਨੂੰ ਅਗਮ, ਅਗੋਚਰ, ਬੇਅੰਤ, ਬਖਸ਼ਿੰਦ, ਮਿਹਰਬਾਨ ਅਤੇ ਮਨੁੱਖ ਦਾ ਸੱਚਾ ਬੇਲੀ ਦੱਸ ਕੇ ਹਿੰਦੂ ਧਰਮ ਦੇ ਬਹੁ-ਦੇਵਤਾਵਾਦ ਦੇ ਸੰਕਲਪ ਦੀ ਥਾਂ ਮਾਨਵ ਨੂੰ ਇਕ ਸਿਰਜਣਹਾਰ ਸੱਤਾ ਦੇ ਸਨਮੁੱਖ ਕੀਤਾ ਜਿਹੜੀ ਭਾਵਾਤਮਕ ਪੱਧਰ ਤੇ ਮਿੱਠੀ ਮਧੁਰ ਅਤੇ ਸੁਖਦਾਈ ਹੈ। ਰੱਬੀ ਅਨੁਭਵ ਤੋਂ ਇਹ ਤੱਥ ਉਭਰ ਕੇ ਸਾਹਮਣੇ ਆਇਆ ਕਿ ਮਨੁੱਖ ਲਈ ਜਗਤ ਦੇ ਪਦਾਰਥਾਂ ਦੀ ਪ੍ਰਾਪਤੀ ਭਾਵੇਂ ਪਰਮਾਤਮਾ ਦੀ ਪ੍ਰੇਮ-ਬੰਦਗੀ ਮੁੱਖ ਹੈ। ਪ੍ਰੇਮ- ਬੰਦਗੀ ਲਈ ਸ਼ੁੱਧ, ਨੈਤਿਕ ਜੀਵਨ ਵਿਉਹਾਰ ਜ਼ਰੂਰੀ ਆਧਾਰ ਹੈ, ਜਿਸ ਵਿਚ ਹੀ ਰੱਬੀ ਪ੍ਰੇਮ ਸਥਿਰ ਹੁੰਦਾ ਹੈ ਅਤੇ ਮਾਨਵੀ ਭਾਈਚਾਰਕ ਤੱਤ ਪੈਦਾ ਹੁੰਦਾ ਹੈ। ਉਨ੍ਹਾਂ ਮਨੁੱਖ ਨੂੰ ਨੈਤਿਕ, ਅਧਿਆਤਮਕ ਚੇਤਨਾ ਦੇ ਕੇ ਮਨੁੱਖ ਦਾ ਮਾਨਸਿਕ ਪਰਿਵਰਤਨ ਕਰਕੇ ਸਮਾਜਕ ਪ੍ਰਸੰਗ ਵਿਚ ਮਾਨਵੀ ਸਮਾਨਤਾ ਅਤੇ ਏਕਤਾ ਨੂੰ ਸਥਾਪਿਤ ਕੀਤਾ। ਬਾਬਾ ਫਰੀਦ ਦੀਆਂ ਦੱਸੀਆਂ ਨੈਤਿਕ ਕਦਰਾਂ, ਮਾਨਵ ਸਮਾਜ ਨੂੰ ਇਕ ਪਾਲ ਵਿਚ ਖੜਾ ਕਰਦੀਆਂ ਹਨ। ਵਕਤੀ ਸਮਾਜ ਦੇ ਫਿਊਡਲ ਵਰਗ ਦੇ ਤਾਣੇ ਬਾਣੇ ਨੂੰ, ਜੋ ਹਉਮੈ ਅਤੇ ਹੰਕਾਰ ਤੇ ਅਧਾਰਿਤ ਗੈਰ-ਸਦਾਚਾਰਕ ਸੀ, ਨੂੰ ਤੋੜਦੀਆਂ ਹਨ। ਬਾਬਾ ਫਰੀਦ ਦਾ ਰੱਬੀ ਇਸ਼ਕ ਵਿਚ ਰਤਾ ਜੀਵਨ ਹਉਮੈ ਅਤੇ ਹੰਕਾਰ ਤੋਂ ਮੁਕਤ, ਨਿਸ਼ਕਾਮ ਅਤੇ ਪਰਉਪਕਾਰੀ ਜੀਵਨ ਕਦਰਾਂ ਨੂੰ ਰੂਪਮਾਨ ਕਰਦਾ ਹੈ। ਉਨ੍ਹਾਂ ਨੇ ਰੱਬੀ ਸੰਜੋਗ ਪ੍ਰਾਪਤੀ ਦੇ ਤਿੰਨ ਮਹਾਨ 'ਨੈਤਿਕ ਗੁਣ' ਮੁੱਖ ਆਧਾਰ ਦੱਸੇ ਹਨ :

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ।।
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ।।

(ਫਰੀਦ, ਸਲੋਕ 127, ਪੰਨਾ 1384)

### (ਅ) ਜਗਤ ਅਨੁਭਵ

ਜਗਤ ਸੰਬੰਧੀ ਬਾਬਾ ਫਰੀਦ ਜੀ ਦਾ ਅਨੁਭਵ ਵਿਵਹਾਰਕ ਅਤੇ ਯਥਾਰਥਕ ਹੈ। ਜਗਤ ਪਰਮਾਤਮਾ ਦੀ ਸਿਰਜਨਾ ਹੈ। ਉਸ ਦੇ ਹੁਕਮ ਵਿਚ ਗਤੀਮਾਨ ਹੈ। ਉਸ ਦਾ ਹੁਕਮ ਕਾਰਨ ਅਤੇ ਕਾਰਜ ਨਿਯਮ ਦੇ ਰੂਪ ਵਿਚ ਵਿਆਪ ਰਿਹਾ ਹੈ। ਸੰਸਾਰ ਦੀ ਰਚਨਾ ਦਾ ਮੰਤਵ ਪੂਰਤੀ ਦਾ ਇਹੋ ਮੂਲ ਆਧਾਰ ਹੈ। ਮਨੁੱਖ ਦੇ ਨੈਤਿਕ ਵਿਕਾਸ ਅਤੇ ਦੈਵੀ ਰੂਪਾਂਤਰਣ ਦਾ ਇਹੋ ਨਿਯਮ ਮੂਲ ਧੁਰਾ ਦਸਿਆ ਹੈ ਯਥਾ :

(1) ਕੰਧੀ ਵਹਣ ਨ ਢਹਿ ਤਉ ਭੀ ਲੇਖਾ ਦੇਵਣਾ।।

(ਫਰੀਦ, ਸਲੋਕ 84, ਪੰਨਾ 1382)

(2) ਲੇਖਾ ਰਬੁ ਮੰਗੇਸੀਆ ਤੂ ਆਹੋ ਕੇਰੇ ਕੰਮਿ।।

(ਫਰੀਦ, ਸਲੋਕ 38, ਪੰਨਾ 1379)

ਬਾਬਾ ਫਰੀਦ ਅਨੁਸਾਰ ਮਨੁੱਖ ਅੰਦਰ ਅਧਿਆਤਮਕ ਚੇਤਨਾ ਤੋਂ ਬੇਮੁਖ ਪਦਾਰਥਵਾਦੀ ਦ੍ਰਿਸ਼ਟੀ ਮਨੁੱਖੀ ਔਗੁਣਾਂ ਦਾ ਕਾਰਨ ਹੈ। ਕਿਉਂਕਿ ਉਹ ਲੋਭ ਅਤੇ ਤ੍ਰਿਸ਼ਨਾ ਦੀਆਂ ਲਹਿਰਾਂ ਦੇ ਬੰਧਨ-ਪ੍ਰਭਾਵ ਵਿਚ ਆਪਣੇ ਅਧਿਆਤਮਕ ਜੀਵਨ ਦੇ ਬੇੜੇ ਨੂੰ ਬੰਨ੍ਹਣ ਵਿਚ ਅਸਮਰਥ ਹੋ ਜਾਂਦਾ ਹੈ। ਇਸੇ ਸੰਦਰਭ ਵਿਚ ਬਾਬਾ ਫਰੀਦ ਜੀ ਨੇ ਜਗਤ ਨੂੰ ਸਾਗਰ ਨਾਲ ਤੁਲਨਾ ਦਿੱਤੀ ਹੈ, ਜਿਸ ਵਿਚ ਵਿਸ਼ੇ ਵਿਕਾਰ ਰੂਪੀ ਲਹਿਰਾਂ ਆਪਣੇ ਤ੍ਰਿਸ਼ਨਾ-ਪ੍ਰਭਾਵ ਵਿਚ ਮਨੁੱਖ ਨੂੰ ਵਹਾਓ ਵਿਚ ਵਹਾ ਕੇ ਲੈ ਜਾਂਦੀਆਂ ਹਨ। ਮਨੁੱਖ ਦਾ ਜੀਵਨ-ਅਉਸਰ ਬੇਅਰਥ ਚਲਾ ਜਾਂਦਾ ਹੈ :

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ।।
ਭਰਿ ਸਰਵਰੁ ਜਬੁ ਊਛਲੇ ਤਬ ਤਰਣੁ ਦੁਹੇਲਾ।।

(ਫਰੀਦ, ਸੂਹੀ, ਪੰਨਾ 794)

ਸੰਸਾਰ ਨੂੰ ਸਰੋਵਰ ਕਿਹਾ ਹੈ, ਜਿਸ ਵਿਚ ਜੀਵ ਪੰਖੀ ਇਕੱਲਾ ਹੈ, ਅਤੇ ਉਸ ਨੂੰ ਫਾਹੀ ਪਾਉਣ ਵਾਲੇ ਅਨੇਕ ਵਿਸ਼ੇ ਵਿਕਾਰ ਹਨ। ਇਸੇ ਹੀ ਸੰਦਰਭ ਵਿਚ ਜਗਤ ਨੂੰ ਗੁਝੀ ਅੱਗ ਕਿਹਾ ਹੈ। ਜਗਤ ਦੇ ਵਿਸ਼ਿਆਂ ਦੀ ਅੱਗ ਮਨੁੱਖ ਨੂੰ ਸਾੜਨ ਵਾਲੀ ਹੈ। ਇਨ੍ਹਾਂ ਦੇ ਪ੍ਰਭਾਵ ਕਾਰਨ ਮਨੁੱਖ ਦੁੱਖ ਗ੍ਰਸਤ ਰਹਿੰਦਾ ਹੈ। ਬਾਬਾ ਫਰੀਦ ਜੀ ਨੇ ਮਨੁੱਖ ਦੇ ਦੁੱਖ ਦਾ ਕਾਰਨ ਪਦਾਰਥਕ ਤ੍ਰਿਸ਼ਨਾ ਅਤੇ ਤ੍ਰਿਸ਼ਨਾ ਤੋਂ ਉਪਜੇ ਮਨੁੱਖੀ ਆਚਾਰ-ਵਿਹਾਰ ਵਿਚ ਔਗੁਣਾਂ ਦਾ ਹੋਣਾ ਦਸਿਆ ਹੈ। ਬਾਬਾ ਫਰੀਦ ਜੀ ਦੇ ਬਚਨ ਇਸੇ ਪ੍ਰਸੰਗ ਵਿਚ ਸਲੋਕ 81 ਵਿਚ ਅੰਕਿਤ ਹਨ ਕਿ ਸੰਸਾਰ ਦੇ ਖਿਚ ਪੂਰਤ ਪਦਾਰਥ ਮਨੁੱਖ ਨੂੰ ਮੂਲ ਉਦੇਸ਼ ਤੋਂ ਭਟਕਾ ਦਿੰਦੇ ਹਨ। ਇਨ੍ਹਾਂ ਦੀ ਖਿਚ ਵਿਚ ਮਨੁੱਖ ਇਨ੍ਹਾਂ ਦਾ ਗੁਲਾਮ ਬਣ ਜਾਂਦਾ ਹੈ। ਮਨੁੱਖ ਦਾ ਇਸ ਹਕੀਕਤ ਵੱਲ ਧਿਆਨ ਦਿਵਾਇਆ ਹੈ ਕਿ ਉਮਰ ਪੱਕਣ ਤੇ ਸਰੀਰਕ ਸੁਆਦ ਫਿੱਕੇ ਪੈ ਜਾਂਦੇ ਹਨ ਅਤੇ ਮਿੱਠੇ ਪਦਾਰਥ ਜ਼ਹਿਰ ਵਰਗਾ ਅਸਰ ਕਰਦੇ ਹਨ, ਜਿਸ ਨੂੰ ਫਰੀਦ ਨੇ 'ਸਕਰ ਹੋਈ ਵਿਸ' ਕਿਹਾ ਹੈ। ਉਨ੍ਹਾਂ ਮਨੁੱਖ ਨੂੰ ਲੋੜ ਤੋਂ ਵਧੇਰੇ ਜੁਬਾਨ ਦੇ ਰਸ ਅਧੀਨ ਸੇਵਨ ਕੀਤੇ ਪਦਾਰਥਾਂ ਦੇ ਵਿਨਾਸ਼ਕਾਰੀ ਪ੍ਰਭਾਵ ਬਾਰੇ ਚੇਤਨਾ ਦਿੱਤੀ ਹੈ। ਇਸੇ ਪ੍ਰਸੰਗ ਵਿਚ ਜਗਤ ਦੇ ਪਦਾਰਥਾਂ ਨੂੰ ਖੰਡ ਵਿਚ ਗਲੇਫੀਆਂ ਵਿਸ਼ੇ ਗੰਦਲਾ ਕਿਹਾ ਹੈ, ਜਿਨ੍ਹਾਂ ਦੇ ਲਾਲਚ ਵਿਚ ਕੁਝ ਮਨੁੱਖ ਇਨ੍ਹਾਂ ਨੂੰ ਇਕੱਠਾ ਕਰਦੇ ਜੀਵਨ ਸ਼ਕਤੀ ਬੇਅਰਥ ਕਰ ਦਿੰਦੇ ਹਨ ਤੇ ਕੁਝ ਇਨ੍ਹਾਂ ਨੂੰ ਖਾ ਹੰਢਾ ਕੇ ਤਬਾਹ ਹੋ ਜਾਂਦੇ ਹਨ :

ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ।।
ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ।।

(ਫਰੀਦ, ਸਲੋਕ 37, ਪੰਨਾ 1379)

ਬਾਬਾ ਫਰੀਦ ਜੀ ਨੇ ਜਗਤ ਦੇ ਯਥਾਰਥਕ ਸਰੂਪ ਦਾ ਗਿਆਨ ਦਿੱਤਾ ਹੈ ਕਿ ਇਹ ਅਸਥਿਰ ਹੈ। ਜਗਤ ਦੇ ਪਦਾਰਥ ਮਨੁੱਖ ਨੂੰ ਸਦੀਵੀ ਸੁਖ ਨਹੀਂ ਦਿੰਦੇ ਕਿਉਂਕਿ ਨਾਸ਼ਮਾਨ ਸੰਸਾਰ ਦੇ ਸੁਖ ਛਿੰਨ ਭੰਗਰ ਹਨ। ਜਗਤ ਦੀ ਅਸਥਿਰਤਾ ਕਾਰਨ ਇਸ ਨੂੰ ਕੁਸੰਭੜੇ ਦੇ ਫੁੱਲ ਨਾਲ ਤੁਲਨਾ ਦਿੱਤੀ ਹੈ। ਬਾਬਾ ਫਰੀਦ ਨੇ ਇਸ ਹਕੀਕਤ ਵਲ ਮਨੁੱਖ ਦਾ ਧਿਆਨ ਦਿਵਾਇਆ ਹੈ ਕਿ ਜਗਤ ਦੇ ਪਦਾਰਥ ਮਨੁੱਖ ਦੇ ਨਾਲ ਨਹੀਂ ਜਾਂਦੇ, ਫਿਰ ਕਿਉਂ ਕੱਚੇ ਰੰਗਾਂ ਨੂੰ ਇਕੱਤਰ ਕਰਕੇ ਆਪਣੇ ਸ਼ਕਤੀ ਸ਼ੀਣ ਕੀਤੀ ਜਾਵੇ। ਇਸੇ ਹੀ ਸੰਦਰਭ ਵਿਚ ਤੱਤ ਇਹ ਦੱਸਿਆ ਹੈ ਕਿ ਖਤਮ ਹੋ ਜਾਣ ਵਾਲੇ ਮਨੁੱਖ ਲਈ ਦੁਨੀਆਂ ਮੌਤ ਨਾਲ ਝੂਠੀ ਹੋ ਜਾਂਦੀ ਹੈ।

ਦ੍ਰਿਸ਼ਟਮਾਨ ਸੰਸਾਰ ਦੇ ਸਾਰੇ ਅੰਗ ਬਿਨਸਣਹਾਰ ਹਨ। ਸੋ ਇਸ ਸੰਸਾਰ ਵਿਚ ਉਪਜਦਾ ਹੈ, ਉਸ ਦਾ ਅੰਤ ਅਵੰਸ਼ ਹੈ। ਜਗਤ ਵਿਚ ਬਿਰਤਾ ਨਹੀਂ ਹੈ। ਬਾਬਾ ਫਰੀਦ ਨੇ ਜਗਤ ਦੀ ਛਿੰਨ-ਭੰਗਰਤਾ, ਬਦਲਣ ਅਤੇ ਵਿਨਾਸ਼ ਹੋਣ ਦੀ ਕਿਰਿਆ ਨੂੰ ਪ੍ਰਕ੍ਰਿਤੀ ਅਤੇ ਜੀਵਨ ਵਿਚੋਂ ਬਿੰਬ ਲੈ ਕੇ ਵਿਸਤਾਰ ਸਹਿਤ ਦਸਿਆ ਹੈ। 'ਰੁਤਿ ਫਿਰੀ ਵਣ ਕੰਬਿਆ' (ਸਲੋਕ 102) 'ਦਰਿਆਵੇ ਢਾਹਾ' (ਸਲੋਕ 93), 'ਕੰਧੀ

ਉਤੇ ਰੁਖੜਾ' (ਸਲੋਕ 96), 'ਕੋਲ ਕਰੇਂਦੇ ਹੰਝ ਨੌ ਅਚਿੰਤੇ ਬਾਜ ਪਏ' (ਸਲੋਕ 99), 'ਕੱਚੇ ਭਾਂਡੈ ਰਖੀਐ ਕਿਚਰੁ ਤਾਈ ਨੀਰੁ' (ਸਲੋਕ 96), 'ਜਿੰਦ-ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ' (ਸਲੋਕ 1) ਆਦਿ ਕਥਨ ਸੰਸਾਰ ਦੇ ਅਸਥਿਰ ਸਰੂਪ ਨੂੰ ਦਸਦੇ ਹਨ।

ਬਾਬਾ ਫਰੀਦ ਨੇ ਦਸਿਆ ਹੈ ਕਿ ਜਗਤ ਦੇ ਪਦਾਰਥ ਮਨੁੱਖ ਨੂੰ ਲੋਭ-ਸੰਕਟ ਵਿਚ ਪਾਉਂਦੇ ਹਨ ਅਤੇ ਜਗਤ ਦੇ ਪਦਾਰਥਾਂ ਦਾ ਸੰਚਣ, ਮਨੁੱਖ ਦਾ ਅੰਤਮ ਉਦੇਸ਼ ਨਹੀਂ ਹੈ, ਕਿਉਂਕਿ ਮੌਤ ਆਉਣ ਤੇ ਜਗਤ ਦੇ ਪਦਾਰਥ ਜਗਤ ਵਿਚ ਹੀ ਰਹਿ ਜਾਂਦੇ ਹਨ। ਜਗਤ, ਮਨੁੱਖ ਦਾ ਅਸਲ ਟਿਕਾਣਾ ਨਹੀਂ। ਬਾਬਾ ਫਰੀਦ ਨੇ ਜਗਤ ਦੀ ਨਾਸ਼ਮਾਨਤਾ ਦੇ ਯਥਾਰਥ ਦਾ ਬਿਆਨ ਕਰਕੇ ਮਨੁੱਖ ਨੂੰ ਜਗਤ ਦੇ ਪਦਾਰਥਾਂ ਦੇ ਥਾਵੇਂ ਪਰਮਾਤਮਾ ਨਾਲ ਚਿਤ ਜੋੜਨ ਦਾ ਉਪਦੇਸ਼ ਦਿੱਤਾ ਹੈ। ਯਥਾ :

ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ।।
ਸਾਈ ਜਾਇ ਸਮਾਲਿ ਜਿਥੈ ਹੀ ਤਉ ਵੰਞਣਾ।।

(ਫਰੀਦ, ਸਲੋਕ 58, ਪੰਨਾ 1381)

ਜਗਤ ਵਿਚ ਮਨੁੱਖੀ ਅਉਧ ਦਾ ਸਮਾਂ ਗਿਣਿਆ ਮਿਥਿਆ ਹੈ। ਅਉਧ ਪੁਗਣ ਤੇ ਸਰੀਰ ਅੰਦਰੋਂ ਪ੍ਰਾਣ ਤੱਤ ਉਡਾਰੀ ਮਾਰ ਜਾਂਦਾ ਹੈ ਅਤੇ ਸਰੀਰ ਮੁਰਦਾ ਹੋ ਜਾਂਦਾ ਹੈ। ਬਾਬਾ ਫਰੀਦ ਨੇ ਦਸਿਆ ਕਿ ਜਗਤ ਦੇ ਪਦਾਰਥਕ ਰਸਾਂ ਕਸਾਂ ਵਿਚ ਗੁੰਮਰਾਹ ਹੋਇਆ ਮਨੁੱਖ, ਇਨ੍ਹਾਂ ਦੇ ਪ੍ਰਭਾਵ ਵਿਚ ਦੋਸ਼ੀ ਹੋ ਜਾਂਦਾ ਹੈ ਅਤੇ ਕਰਮਗਤੀ ਵਿਚ ਬੱਝ ਜਾਂਦਾ ਹੈ। ਮੌਤ ਆਉਣ ਤੇ ਰੰਗ-ਰਲੀਆਂ ਮਾਣਨ ਵਾਲੀ ਦੇਹ ਮਿੱਟੀ ਵਿਚ ਮਿਲ ਜਾਂਦੀ ਹੈ ਅਤੇ ਆਤਮਾ ਨੂੰ ਪਰਮਾਤਮਾ ਦੇ ਦਰ ਤੋਂ ਬੁਰੇ ਕਰਮਾਂ ਦੇ ਉਲਾਮੇ ਭੁਗਤਣੇ ਪੈਂਦੇ ਹਨ।

ਬਾਬਾ ਫਰੀਦ ਜੀ ਨੇ ਜਗਤ ਦੀ ਹਕੀਕਤ ਬਿਆਨ ਕਰਕੇ ਮਨੁੱਖ ਨੂੰ ਸੁਚੇਤ ਕੀਤਾ ਹੈ ਕਿ ਗਫਲਤ ਦੀ ਨੀਂਦ ਤੋਂ ਜਾਗ ਕੇ ਪਰਮਾਤਮਾ ਨਾਲ ਸੰਬੰਧ ਸਥਾਪਿਤ ਕਰੇ, ਕਿਉਂਕਿ ਮਨੁੱਖ ਨੂੰ ਗਿਣੇ ਮਿਥੇ ਦਿਨ ਮਿਲੇ ਹਨ। ਜੀਵਨ ਅਉਧ ਕੋਠੇ ਦੀ ਦੌੜ ਜਿੰਨੀ ਹੀ ਹੈ। ਕੋਠੇ ਤੇ ਕਿੰਨਾ ਕੁ ਦੌੜਿਆ ਜਾ ਸਕਦਾ ਹੈ ? ਉਸ ਦਾ ਕਿਨਾਰਾ ਆ ਜਾਂਦਾ ਹੈ (ਸਲੋਕ 56), ਇਕ ਇਕ ਕਰਕੇ ਬੀਤਦਾ ਦਿਨ ਉਮਰ ਦੇ ਅੰਤ ਵਲ ਵਧਦਾ ਜਾਂਦਾ ਹੈ। ਯਥਾ :

ਜੋ ਜੋ ਵੰਞੈ ਡੀਹੜਾ ਸੋ ਉਮਰ ਹਥ ਪਵੰਨਿ।।

(ਫਰੀਦ, ਸਲੋਕ 99 ਪੰਨਾ 1382)

ਜਗਤ ਪਰਮਾਤਮਾ ਦੇ ਮਿਲਾਪ ਦੀ ਥਾਂ ਹੈ। ਬਾਬਾ ਫਰੀਦ ਨੇ ਜਗਤ ਵਿਚ ਰਹਿਣ ਵਾਲੇ ਵਿਵੇਕ ਪੁਰਖ ਦੇ ਸਰੂਪ ਨੂੰ ਦੱਸਿਆ ਹੈ। ਉਨ੍ਹਾਂ ਨਿਰਲੇਪ ਭਾਵਨਾ ਨਾਲ ਜੀਵਨ ਬਸਰ ਕਰਨ ਵਾਲੇ ਪੁਰਸ਼ ਦੀ ਜਗਤ ਦ੍ਰਿਸ਼ਟੀ ਤੇ ਪ੍ਰਕਾਸ਼ ਪਾਇਆ ਹੈ ਅਤੇ ਉਨ੍ਹਾਂ ਉਸ ਪੁਰਖ ਨੂੰ ਹੰਸ ਨਾਲ ਤੁਲਨਾ ਦਿੱਤੀ ਹੈ। ਉਸ ਲਈ ਜਗਤ ਕਲਰ ਦੀ ਛਪੜੀ ਅਤੇ ਕੋਧਰੇ ਦਾ ਖੇਤ ਹੈ। ਉਹ ਜਗਤ ਦੇ ਪਦਾਰਥਾਂ ਦਾ ਕੇਵਲ ਜੀਵਨ ਨਿਰਬਾਹ ਲਈ ਉਪਭੋਗ ਕਰਦਾ ਹੈ ਅਤੇ ਵਿਵੇਕੀ ਬੁੱਧੀ ਸਹਿਤ ਆਚਰਣ ਕਰਦਾ ਹੈ (ਸਲੋਕ 64 ਅਤੇ 65)।

ਬਾਬਾ ਫਰੀਦ ਨੇ ਦਸਿਆ ਹੈ ਕਿ ਜਗਤ ਅਧਿਆਤਮਕ ਉਦੇਸ਼ ਦੀ ਪ੍ਰਾਪਤੀ ਦਾ ਮਾਧਿਅਮ ਹੈ। ਇਸ ਉਦੇਸ਼ ਤੋਂ ਸੁਚੇਤ ਮਾਨਵ ਜਗਤ ਦੀ ਹਕੀਕਤ ਨੂੰ ਸਮਝ ਕੇ ਜਗਤ ਵਿਚ ਨਿਰਲੇਪ ਨਾਲ ਰਹਿ ਕੇ ਕਰਦੇ ਹੋਏ ਪਰਮਾਤਮਾ ਨਾਲ ਤਦਰੂਪ ਹੁੰਦੇ ਹਨ। ਅਧਿਆਤਮਕ ਚੇਤਨਾ ਤੋਂ ਬੇਮੁੱਖ ਪਦਾਰਥਵਾਦੀ ਰੁਚੀ ਦੇ ਪ੍ਰਾਣੀ ਪਦਾਰਥਾਂ ਦੇ ਵਿਸ਼ਿਆਂ ਵਿਚ ਰੱਤੇ ਸੰਸਾਰ ਵਿਚ ਜੀਵਨ ਸਮਾਂ ਵਿਅਰਥ ਗੁਆ ਦਿੰਦੇ ਹਨ।

ਸੰਖੇਪ ਵਿਚ ਬਾਬਾ ਫਰੀਦ ਜੀ ਦੀ ਬਾਣੀ ਵਿਚ ਜਗਤ ਸੰਬੰਧੀ ਮੁੱਖ ਪੱਖ ਇਹ ਪੇਸ਼ ਹੋਏ ਹਨ-ਵਿਵਹਾਰਿਕ ਦ੍ਰਿਸ਼ਟੀ ਤੋਂ ਇਹ ਜਗਤ ਸੁਹਾਵਣਾ ਬਾਗ ਹੈ। ਇਸ ਵਿਚ ਮਨੁੱਖ ਦੀ ਪਾਲਨਾ ਅਤੇ ਸੁਖ ਸੁਵਿਧਾ ਦਾ ਸਾਮਾਨ ਹੈ। ਯਥਾਰਥਕ ਦ੍ਰਿਸ਼ਟੀ ਵਿਚ ਇਹ ਜਗਤ ਅਸਥਿਰ ਹੈ। ਇਸ ਵਿਚ ਮਨੁੱਖ ਦੀ ਹੋਂਦ ਕਾਲ ਅਧੀਨ ਹੈ। ਇਸ ਪੱਖ ਤੋਂ ਬਾਬਾ ਫਰੀਦ ਜੀ ਨੇ ਜਗਤ ਨੂੰ ਵਿਸ਼-ਗੰਦਲਾ, ਝੂਠਾ, ਗੁੱਝੀ ਅੱਗ ਅਤੇ ਫਾਹੀ ਪਾਉਣ ਵਾਲਾ ਬਿਆਨ ਕੀਤਾ ਹੈ। ਇਸ ਯਥਾਰਥ ਨੂੰ ਸਮਝ ਕੇ ਮਨੁੱਖ ਨੂੰ ਸਾਰ ਵਸਤੂ ਦੀ ਪ੍ਰਾਪਤੀ ਲਈ ਸੁਚੇਤ ਕੀਤਾ ਹੈ। ਤੀਸਰੇ ਪੱਖ ਵਿਚ ਅਧਿਆਤਮਕ ਦ੍ਰਿਸ਼ਟੀ ਤੋਂ ਦੱਸਿਆ ਹੈ ਕਿ ਇਹ ਥਾਂ ਨਿਰਲੇਪ ਸੰਤ ਭਗਤ ਲਈ ਕੋਧਰੇ ਦਾ ਖੇਤ ਅਤੇ ਕਲਰ ਦੀ ਛਪੜੀ ਹੈ। ਉਹ ਇਸੇ ਜਗਤ ਵਿਚੋਂ 'ਰਬ ਖਜੂਰੀ ਪੱਕੀਆਂ' ਅਤੇ 'ਮਾਖਿਓ ਨਈ ਵਹੰਨ' ਦਾ ਅਨੰਦ ਪ੍ਰਾਪਤ ਕਰਦੇ ਹਨ। ਉਹ ਨਿਰਲੇਪ ਬਿਰਤੀ ਨਾਲ ਇਸ ਵਿਚ ਰਹਿੰਦੇ ਰੱਬੀ-ਰਸ ਦੀ ਪ੍ਰਾਪਤੀ ਦੇ ਭਾਗੀ ਬਣਦੇ ਹਨ। ਉਹ ਪਦਾਰਥਕ ਨੀਂਦ ਤੋਂ ਜਾਗ ਕੇ ਪ੍ਰਭੂ ਭਗਤੀ ਵਿਚ ਜੁੜਦੇ ਹਨ ਅਤੇ ਇਸ ਜਗਤ ਵਿਚ ਪ੍ਰਭੂ ਤੋਂ ਲੌਕਿਕ ਅਤੇ ਪਾਰ-ਲੌਕਿਕ ਦਾਤਾਂ ਪ੍ਰਾਪਤ ਕਰਦੇ ਹਨ। ਬਾਬਾ ਫਰੀਦ ਜੀ ਦਾ ਕਥਨ ਹੈ, ਜੋ ਜਾਗੰਨਿ ਲਹੰਨਿ ਸੋ ਸਾਂਈਂ ਕੰਨੌ ਦਾਤਿ।। (ਪੰਨਾ 1384)

### (ੲ) ਮਾਨਵ ਜ਼ਿੰਦਗੀ ਦਾ ਉਦੇਸ਼

ਬਾਬਾ ਫਰੀਦ ਜੀ ਨੇ ਅਧਿਆਤਮਕ ਅਨੁਭਵ ਅਨੁਸਾਰ ਮਨੁੱਖੀ ਜ਼ਿੰਦਗੀ ਦਾ ਉਦੇਸ਼ ਸੰਸਾਰ ਵਿਚ ਰਹਿੰਦਿਆਂ ਪ੍ਰਭੂ ਨਾਲ ਤਦਰੂਪ ਹੋਣਾ ਹੈ। ਮਨੁੱਖ ਦਾ ਆਦਰਸ਼ ਪਰਮਾਤਮਾ ਹੈ। ਜਗਤ ਵਿਚ ਮਨੁੱਖ ਦੇਹ ਦਾ ਸੰਬੰਧ ਭੌਤਿਕ ਜਗਤ ਨਾਲ ਜੁੜਦਾ ਹੈ। ਭੌਤਿਕ

ਜਗਤ ਦਾ ਸਰੂਪ ਦਵੰਦ ਵਾਲਾ ਹੈ। ਬਾਬਾ ਫਰੀਦ ਅਨੁਸਾਰ ਜਗਤ ਨਾਲ ਸੰਬੰਧ ਕੇਵਲ ਮਨੁੱਖੀ ਸਰੀਰ ਨੂੰ ਚਲਦਾ ਰਖਣ ਤਕ ਹੈ। ਇਸ ਦੀ ਚੇਤਨਾ ਬਾਣੀ ਵਿਚ ਦਿੱਤੀ ਹੋਈ ਹੈ। ਪਦਾਰਥਕ ਜਗਤ ਦੇ ਵਿਰੋਧੀ ਪ੍ਰਭਾਵ ਵਿਚ ਮਨੁੱਖ ਆਤਮ-ਸਰੂਪ ਤੋਂ ਬੇਮੁੱਖ ਹੋ ਜਾਂਦਾ ਹੈ। ਮਨੁੱਖ ਦਾ ਜੀਵਨ ਮਨੋਰਥ ਪਦਾਰਥਕ ਸੰਸਾਰ ਦੇ ਪ੍ਰਭਾਵ ਵਿਚ ਰਹਿੰਦਿਆਂ ਮਨੁੱਖ ਵਿਅਕਤਿਤਵ ਦਾ ਵਿਕਾਸ ਕਰਕੇ ਆਪਣੇ ਮੂਲ ਸਰੂਪ ਵਰਗਾ ਬਣਨਾ ਹੈ। ਇਸ ਪ੍ਰਸੰਗ ਵਿਚ ਮਾਨਵ ਦਾ ਜੀਵਨ ਉਦੇਸ਼ ਆਦਰਸ਼ਕ, ਸਮਾਜਕ ਅਤੇ ਅਧਿਆਤਮਕ ਪ੍ਰਾਣੀ ਬਣਨਾ ਹੈ। ਪਰ ਪਦਾਰਥਵਾਦੀ ਸੋਚ ਪ੍ਰਭਾਵ ਅਧੀਨ ਮਨੁੱਖ ਇਸ ਮਨੋਰਥ ਤੋਂ ਬੇਮੁੱਖ ਰਹਿ ਜਾਂਦਾ ਹੈ। ਉਹ ਖਾਣਾ, ਪੀਣਾ ਅਤੇ ਹੰਢਾਉਣ ਦੇ ਜੀਵਨ ਆਹਰ ਤੋਂ ਉਪਰ ਨਹੀਂ ਉਠਦਾ। ਬਾਬਾ ਫਰੀਦ ਜੀ ਨੇ ਮਨੁੱਖ ਨੂੰ ਜੀਵਨ ਦੇ ਵਿਸ਼ੇਸ਼ ਪੁਰਸ਼ਾਰਥ ਵਲ ਸੁਚੇਤ ਕੀਤਾ ਹੈ ਅਤੇ ਵਕਤੀ ਜੀਵਨ ਦੇ ਥੋੜ੍ਹੇ ਚਿਰ੍ਹੇ ਸੁੱਖਾਂ ਦੀ ਖਾਤਰ ਜੀਵਨ ਅਉਧ ਨੂੰ ਵਿਅਰਥ ਬਤੀਤ ਕਰਨ ਤੋਂ ਹੋੜਿਆ ਹੈ :

> ਫਰੀਦਾ ਚਾਰਿ ਗਵਾਇਆ ਹੰਢਿ ਕੇ ਚਾਰਿ ਗਵਾਇਆ ਸੰਮਿ।।
> ਲੇਖਾ ਰਬੁ ਮੰਗੇਸੀਆ ਤੂ ਆਹੋ ਕੇਰੇ ਕੰਮਿ।।
>
> (ਫਰੀਦ, ਸਲੋਕ 38, ਪੰਨਾ 1379)

ਮਨੁੱਖ ਆਪਣੀ ਕਿਰਿਆ-ਅਮਲਾਂ ਲਈ ਪਰਮਾਤਮਾ ਅੱਗੇ ਜਵਾਬਦੇਹ ਹੈ। ਬਾਬਾ ਫਰੀਦ ਨੇ ਮਨੁੱਖ ਨੂੰ ਸ਼ੁੱਭ ਅਮਲਾ ਅਤੇ ਬੰਦਗੀ ਦੁਆਰਾ ਰੱਬ ਦੇ ਦਰ ਤੇ ਇੱਜ਼ਤ ਨਾਲ ਸੁਰਖਰੂ ਹੋਣ ਲਈ ਚੇਤੰਨ ਕੀਤਾ ਹੈ :

> ਫਰੀਦਾ ਜਿੰਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ।।
> ਮਤ ਸਰਮਿੰਦਾ ਥੀਵਹੀ ਸਾਈ ਦੇ ਦਰਬਾਰਿ।।
>
> (ਫਰੀਦ, ਸਲੋਕ 59, ਪੰਨਾ 1381)

ਬਾਬਾ ਫਰੀਦ ਜੀ ਦੇ ਅਨੁਭਵ ਅਨੁਸਾਰ ਮਨੁੱਖ ਜੀਵਨ ਦਾ ਉਦੇਸ਼ ਨੈਤਿਕ ਵਿਕਾਸ ਪ੍ਰਾਪਤ ਕਰਕੇ, ਸ਼ੁੱਧ ਸਰੂਪੀ ਬਣ ਕੇ ਪਰਮਾਤਮਾ ਨਾਲ ਸੰਬੰਧ ਸਥਾਪਿਤ ਕਰਨਾ ਹੈ। ਇਸ ਦ੍ਰਿਸ਼ਟੀ ਤੋਂ ਉਨ੍ਹਾਂ ਮਨੁੱਖ ਲਈ ਲੌਕਿਕ ਉਦੇਸ਼ ਅਤੇ ਅਧਿਆਤਮਕ ਉਦੇਸ਼ ਦੱਸੇ ਹਨ।

**ਲੌਕਿਕ ਉਦੇਸ਼**

ਕਾਰਜ ਕਰਨਾ ਮਨੁੱਖਾ-ਜ਼ਿੰਦਗੀ ਦਾ ਸੁਭਾਵਿਕ ਅੰਗ ਹੈ। ਮਨੁੱਖਾ ਜ਼ਿੰਦਗੀ ਦਾ ਆਪਣੀ ਹੋਂਦ ਲਈ ਜਗਤ ਵਿਚ ਕਾਰਜਸ਼ੀਲ ਹੋਣ ਅਤੇ ਜੀਵਿਤ ਰਹਿਣ ਲਈ ਆਪਣੀ ਰੋਜ਼ੀ ਰੋਟੀ ਦਾ ਆਹਰ ਮੁੱਖ ਪਹਿਲੂ ਹੈ। ਬਾਬਾ ਫਰੀਦ ਜੀ ਨੇ ਕਾਰਜ ਦੀ ਗਤੀਵਿਧੀ ਵਿਚ ਸ਼ੁੱਭ ਕਿਰਿਆ ਅਤੇ ਆਤਮ-ਨਿਰਭਰਤਾ ਨੂੰ ਮਨੁੱਖੀ ਵਿਵਹਾਰ ਦਾ ਜ਼ਰੂਰੀ ਅੰਗ ਦੱਸਿਆ ਹੈ। ਉਨ੍ਹਾਂ ਮਿਹਨਤ ਅਤੇ ਇਮਾਨਦਾਰੀ, ਮਨੁੱਖੀ ਸਵੈਮਾਨ ਦੇ ਮੁੱਖ ਆਧਾਰ ਦੱਸੇ ਹਨ। ਬਾਬਾ ਫਰੀਦ ਜੀ ਨੇ ਮਾਨਵੀ ਸਵੈਮਾਨ ਲਈ ਆਤਮ-ਨਿਰਭਰਤਾ ਅਤੇ ਸੁਤੰਤਰਤਾ ਨੂੰ ਮਾਨਵ ਜੀਵਨ ਹੋਂਦ ਦਾ ਬੁਨਿਆਦੀ ਉਦੇਸ਼ ਦ੍ਰਿੜ ਕੀਤਾ ਹੈ। ਮਨੁੱਖ ਨੂੰ ਸਮਾਜ ਵਿਚ ਕਰਤੱਵ ਪਰਾਇਣ ਹੋ ਕੇ ਇੱਜ਼ਤ-ਆਬਰੂ ਸਹਿਤ ਜੀਵਨ ਜੀਉਣ ਦੀ ਚੇਤਨਾ ਦਿੱਤੀ ਹੈ ਜਿਸ ਵਿਚ ਸਵੈ-ਸਨਮਾਨ, ਸਵੈ-ਵਿਸ਼ਵਾਸ ਅਤੇ ਨੇਕ ਨੀਯਤੀ ਨੂੰ ਮੁੱਖ ਰਖਿਆ ਹੈ। ਪਰਾ-ਅਧੀਨ ਜੀਵਨ ਹੋਂਦ ਨੂੰ ਮੁਰਦਾ ਜੀਵਨ ਦੱਸਿਆ ਹੈ। ਯਥਾ :

> ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ।।
> ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।।
>
> (ਫਰੀਦ, ਸਲੋਕ 42 ਪੰਨਾ 1380)

ਮਨੁੱਖ ਦੇ ਸਵੈ-ਨਿਰਭਰ ਅਤੇ ਸੁਤੰਤਰ ਜੀਵਨ ਲਈ ਬਾਬਾ ਫਰੀਦ ਨੇ ਮਨੁੱਖ ਲਈ ਨੈਤਿਕ ਗੁਣਾਂ ਨੂੰ ਆਧਾਰ ਬਣਾਇਆ ਹੈ। ਮਨੁੱਖ ਸਮਾਜਕ ਪ੍ਰਾਣੀ ਹੈ। ਮਨੁੱਖ ਦਾ ਉਦੇਸ਼ ਨੈਤਿਕ ਗੁਣਾਂ ਨੂੰ ਧਾਰਨ ਕਰਕੇ ਸਮਾਜ ਦਾ ਆਦਰਸ਼ਕ ਅੰਗ ਬਣਨਾ ਹੈ। ਬਾਬਾ ਫਰੀਦ ਜੀ ਨੇ ਮਨੁੱਖ ਦੇ ਨਿਜੀ ਆਚਰਣ ਨੂੰ ਮਾਨਵ ਜੀਵਨ ਦੇ ਉਥਾਨ ਦਾ ਆਧਾਰ ਮੰਨਿਆ ਹੈ ਅਤੇ ਮਨੁੱਖ ਦੇ ਆਪੇ ਨੂੰ ਵਿਕਸਿਤ ਕਰਨ (Self Cultivation) ਤੇ ਬਲ ਦਿੱਤਾ ਹੈ। ਇਸ ਸੰਦਰਭ ਵਿਚ ਉਨ੍ਹਾਂ ਮਨੁੱਖ ਦੇ ਨਿਜੀ ਆਚਾਰ (Personal code of Conduct) ਨੂੰ ਮਾਨਵੀ ਸਰਬ ਪੱਖੀ ਵਿਕਾਸ ਲਈ ਮੁੱਖ ਰੱਖਿਆ ਹੈ, ਜਿਸ ਦੇ ਆਧਾਰ ਭੂਤ ਤੱਤ ਇਹ ਦ੍ਰਿੜ੍ਹ ਕੀਤੇ ਹਨ :

1. ਸੱਚ ਬੋਲਣਾ
2. ਖਿਮਾਂਸ਼ੀਲ ਹੋਣਾ
3. ਮਿੱਠਾ ਬੋਲ ਧਾਰਨ ਕਰਨਾ
4. ਨਿਮਰਤਾ ਧਾਰਨ ਕਰਨਾ
5. ਸਬਰ ਸੰਤੋਖ ਧਾਰਨ ਕਰਨਾ
6. ਬੁਰੇ ਦਾ ਭਲਾ ਚਿਤਵਣਾ
7. ਮਨ ਵਿਚੋਂ ਦਵੈਤ ਭਾਵ ਤਿਆਗਣਾ
8. ਗੁੱਸੇ ਦਾ ਤਿਆਗ ਕਰਨਾ
9. ਸਵੈ ਪੜਚੋਲ ਕਰਨਾ

ਉਪਰੋਕਤ ਇਖਲਾਕੀ ਗੁਣ ਮਾਨਵ ਜੀਵਨ ਦਾ ਆਧਾਰ ਹਨ। ਇਹ ਸਰਬਵਿਆਪੀ ਮਾਨਵੀ ਕਦਰਾਂ ਹਨ, ਜਿਹੜੀਆਂ ਮਨੁੱਖ ਨੂੰ ਨੈਤਿਕ ਚੇਤੰਨਤਾ ਨਾਲ ਜਾਗਰੂਕ ਕਰਦੀਆਂ ਹਨ ਅਤੇ ਮਨੁੱਖੀ ਵਿਹਾਰ ਨੂੰ ਉਚਿਤ ਬਣਾਉਂਦੀਆਂ ਹਨ। ਮਨੁੱਖ ਚੰਗੇ ਅਤੇ ਮੰਦੇ ਦੇ ਸੰਕਲਪ ਤੇ ਕੇਂਦਰਤ ਹੁੰਦਾ ਹੈ ਯਥਾ : "ਜਿੰਨੀ ਕੰਮੀ ਨਾਹਿ ਗੁਣ ਤੇ ਕਮੜੇ ਵਿਸਾਰ" ਦੀ ਚੇਤਨਤਾ ਪ੍ਰਾਪਤ ਕਰਦਾ ਹੈ। ਮਨੁੱਖੀ ਸੋਚ ਅਤੇ ਕਿਰਿਆ ਨੂੰ ਸਹੀ ਦਿਸ਼ਾ ਮਿਲਦੀ ਹੈ। ਕਿਰਿਆ ਦਾ ਉਦੇਸ਼ (Purpose of activity) ਸਪੱਸ਼ਟ ਹੁੰਦਾ ਹੈ।

ਪਦਾਰਥਕ ਖਿੱਚਾਂ ਮਨੁੱਖ ਨੂੰ ਮੂਲ ਰਾਹ ਤੋਂ ਖੁੰਝਾ ਦਿੰਦੀਆਂ ਹਨ। ਮਨੁੱਖ ਅੰਦਰ ਸਥਿਤ ਲੋਭ, ਮੋਹ ਦੇ ਸੁਆਰਥ ਦੀਆਂ ਆਸ਼ਾ, ਤ੍ਰਿਸ਼ਨਾਂ ਮਨੁੱਖ ਦੇ ਆਚਰਣ ਨੂੰ ਦੋਸ਼ੀ ਬਣਾ ਦਿੰਦੀਆਂ ਹਨ। ਉਸ ਦੀ ਸਵਾਰਥੀ ਬਿਰਤੀ ਅਧੀਨ ਉਸ ਅੰਦਰੋਂ ਦੂਸਰੇ ਪ੍ਰਤੀ ਉਦਾਰ ਭਾਵਨਾ ਅਲੋਪ ਹੋ ਜਾਂਦੀ ਹੈ। ਉਸ ਦਾ ਮਾਨਸਿਕ ਸਰੂਪ, ਈਰਖਾ, ਘ੍ਰਿਣਾ ਅਤੇ ਹੰਕਾਰ ਵਾਲਾ ਬਣਿਆ ਰਹਿੰਦਾ ਹੈ। ਜਿਸ ਦੇ ਫਲਸਰੂਪ ਮਨੁੱਖੀ ਸੋਚ ਅਤੇ ਵਿਵਹਾਰ ਵਿਚ ਵਿਵੇਕਹੀਨਤਾ ਆ ਜਾਂਦੀ ਹੈ। ਇਸ ਵਿਗਾੜ ਤੋਂ ਬਚਣ ਲਈ ਬਾਬਾ ਫਰੀਦ ਨੇ ਮਨੁੱਖ ਦਾ ਜੀਵਨ ਉਦੇਸ਼ ਨੈਤਿਕਤਾ ਪਵਿਤਰਤਾ ਦੱਸਿਆ ਹੈ ਅਤੇ ਮਨੁੱਖ ਨੂੰ ਸਦਾਚਾਰਕ ਇਖਲਾਕੀ ਅਤੇ ਸਦਾਚਾਰਕ ਬੌਧਿਕ ਗੁਣ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ। ਜਿਸ ਲਈ ਗੁਰੂ ਦੀ ਸਿੱਖਿਆ ਦਾ ਪਾਲਨ ਜ਼ਰੂਰੀ ਦੱਸਿਆ ਹੈ।

ਇਲਮ ਅਤੇ ਅਕਲ ਗਿਆਨ ਦੇ ਸ੍ਰੋਤ ਦਸੇ ਹਨ। ਇਸ ਦੁਆਰਾ ਮਨੁੱਖ ਦਾ ਦਿਮਾਗ ਰੋਸ਼ਨ ਹੁੰਦਾ ਹੈ। ਗਿਆਨਵਾਨ ਜਿਥੇ ਅਕਲ ਦੇ ਗੁਣ ਨਾਲ ਹਨੇਰੇ ਤੋਂ ਪ੍ਰਕਾਸ਼ ਵਲ ਵਧਦਾ ਹੈ ਅਤੇ ਦੂਸਰਿਆਂ ਨੂੰ ਗਿਆਨ ਦਾ ਚਾਨਣ ਵੰਡਦਾ ਹੈ, ਉਥੇ ਵਡਿਆਈ ਸੁਹਰਤ ਨਾਲ ਕਈ ਵਾਰ ਬੌਧਿਕ ਹੰਕਾਰ ਨਾਲ ਵਿਵੇਕਹੀਨ ਹੋ ਜਾਂਦਾ ਹੈ, ਜਿਸ ਨਾਲ ਮਨੁੱਖ ਦਾ ਨਿਜੀ ਅਤੇ ਸਮਾਜਕ ਸੰਤੁਲਨ ਵਿਗੜਦਾ ਹੈ। ਇਸ ਬਾਰੇ ਬਾਬਾ ਫਰੀਦ ਜੀ ਨੇ ਮਨੁੱਖ ਨੂੰ ਸੁਚੇਤ ਕੀਤਾ ਹੈ ਅਤੇ ਅਕਲਵਾਨ ਦੇ ਵਿਸ਼ੇਸ਼ ਲੱਛਣਾਂ ਤੇ ਪ੍ਰਕਾਸ਼ ਪਾਇਆ ਹੈ :

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖੁ।।
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ।।

(ਫਰੀਦ, ਸਲੋਕ 6, ਪੰਨਾ 378)

ਬਾਬਾ ਫਰੀਦ ਜੀ ਨੇ ਨਿਮਰਤਾ ਅਤੇ ਸਵੈ-ਪੜਚੋਲ ਦੁਆਰਾ ਮਨੁੱਖ ਨੂੰ ਭਾਵਾਤਮਕ ਅਤੇ ਬੌਧਿਕ ਪਵਿੱਤਰਤਾ ਦੁਆਰਾ ਸੰਤੁਲਿਤ ਜੀਵਨ ਵਿਚਾਰ ਅੰਗੀਕਾਰ ਕਰਨ ਦਾ ਉਪਦੇਸ਼ ਦਿੱਤਾ ਹੈ। ਉਨ੍ਹਾਂ ਦੱਸਿਆ ਹੈ ਕਿ ਦੂਸਰੇ ਦੇ ਦੋਸ਼ ਲੱਭਣ ਦੀ ਥਾਵੇਂ ਆਪਣੇ ਅੰਦਰ ਦੀ ਪੜਤਾਲ ਕਰਕੇ, ਮੰਦੇ ਕਰਮਾਂ ਤੋਂ ਪਰਹੇਜ਼ ਕਰਨਾ ਹੀ, ਗਿਆਨਵਾਨ ਹੋਣਾ ਹੈ।

ਭਲੀ ਸੋਚ, ਸਬਰ ਸੰਤੋਖ ਅਤੇ ਨਿਮਰਤਾ ਅਜਿਹੇ ਗੁਣ ਹਨ, ਜਿਹੜੇ ਮਨੁੱਖ ਨੂੰ ਦਵੈਤ, ਬਦਲੇ ਦੀ ਭਾਵਨਾ ਦੇ ਬੰਧਨ ਤੋਂ ਮੁਕਤ ਕਰਦੇ ਹਨ। ਇਨ੍ਹਾਂ ਨਾਲ ਮਨੁੱਖ ਦਾ ਨਿਜੀ ਜੀਵਨ ਸੰਵਰਦਾ ਹੈ ਅਤੇ ਸਮਾਜਕ ਸੰਬੰਧ ਖੁਸ਼ਹਾਲ ਹੁੰਦਾ ਹੈ। ਮਨੁੱਖ ਨਿਜੀ ਮਾਨਸਿਕ ਕਲੇਸ਼ ਤੋਂ ਬਚਦਾ ਹੈ ਅਤੇ ਮਾਨਵ ਸਮਾਜ ਆਰਥਿਕ ਅਤੇ ਭਾਵਾਤਮਕ ਸ਼ੋਸ਼ਣ ਤੋਂ ਬਚ ਜਾਂਦਾ ਹੈ।

ਬਾਬਾ ਫਰੀਦ ਜੀ ਦੁਆਰਾ ਦੱਸੇ ਨੈਤਿਕ ਗੁਣ ਮਾਨਵੀ ਸਭਿਆਚਾਰ ਦੇ ਮੂਲ ਜਾਵੀਏ ਹਨ। ਇਹ ਮਾਨਵ ਅੰਦਰ ਸਦ ਗੁਣਾਂ ਦਾ ਵਿਕਾਸ ਕਰਦੇ ਹਨ ਅਤੇ ਔਗੁਣਾਂ ਨੂੰ ਖਾਰਜ ਕਰਦੇ ਹਨ। ਇਸ ਪ੍ਰਕ੍ਰਿਆ ਨਾਲ ਮਨੁੱਖ ਦੀਆਂ ਉਲਾਰੂ ਬਿਰਤੀਆਂ ਸੰਜਮ ਵਿਚ ਆਉਂਦੀਆਂ ਹਨ। ਉਹ ਨਿਜੀ ਹੱਦਾਂ ਤੋਂ ਉਠ ਮਾਨਵੀ ਭਾਈਚਾਰੇ ਦੇ ਹਿੱਤਾਂ ਪ੍ਰਤੀ ਸੁਚੇਤ ਹੁੰਦਾ ਹੈ। ਜਿਥੇ ਉਹ ਆਪਣੇ ਹੱਕਾਂ ਅਤੇ ਕਰਤੱਵਾਂ ਪ੍ਰਤੀ ਚੇਤੰਨ ਹੁੰਦਾ ਹੈ, ਉਥੇ ਉਹ ਦੂਸਰੇ ਦੇ ਹੱਕਾਂ ਦਾ ਆਦਰ ਕਰਦਾ ਹੈ। ਅਜਿਹੇ ਨੈਤਿਕ ਸਭਿਆਚਾਰ ਨਾਲ ਮਾਨਵੀ ਸਮਾਜ, 'ਭਾਈਚਾਰਕ ਏਕਤਾ' ਅਤੇ 'ਰੱਬੀ ਏਕਤਾ' ਦੇ ਵਾਤਾਵਰਣ ਵਿਚ ਪ੍ਰਵੇਸ਼ ਕਰਦਾ ਹੈ। ਨੈਤਿਕ ਗੁਣ ਜਿਥੇ ਮਨੁੱਖ ਦੇ ਵਿਅਕਤੀਤਵ ਨੂੰ ਨਵੀਨ ਰੂਪ ਪ੍ਰਦਾਨ ਕਰਦੇ ਹਨ ਉਥੇ ਮਨੁੱਖ ਦਾ ਦੈਵੀ ਰੂਪਾਂਤਰਣ ਕਰਨ ਦੇ ਸਾਧਨ ਹਨ। ਨੈਤਿਕ ਗੁਣ ਵਾਸਤਵ ਵਿਚ ਅਧਿਆਤਮਕ ਉਦੇਸ਼ ਦੀ ਪ੍ਰਾਪਤੀ ਦੀ ਭੂਮਿਕਾ ਹਨ। ਪਰਮਾਤਮਾ ਸੱਚ ਹੈ, ਮਨੁੱਖ ਨੇ ਸੱਚ ਸਰੂਪੀ ਬਣ ਕੇ, ਰੱਬੀ ਮੇਲ ਦੇ ਯੋਗ ਹੋਣਾ ਹੈ।

## ਅਧਿਆਤਮਕ ਉਦੇਸ਼

**ਬੰਦਗੀ** : ਮਨੁੱਖ ਅੰਦਰ ਪਰਮਾਤਮਾ ਦੀ ਜੋਤਿ ਦਾ ਨਿਵਾਸ ਹੈ। ਮਨੁੱਖ ਉਸ ਦਾ ਅੰਗ ਹੈ। ਮੂਲ ਸ੍ਰੋਤ ਨਾਲ ਤਦਰੂਪ ਹੋਣਾ ਮਨੁੱਖ ਜਨਮ ਦਾ ਮੂਲ ਉਦੇਸ਼ ਹੈ। ਇਸ ਸੰਦਰਭ ਵਿਚ ਮਨੁੱਖ ਦਾ ਉਤਰਦਾਇਤਵ ਪਰਮਾਤਮਾ ਵਲ ਹੈ। ਮਿਲਾਪ ਦਾ ਸਾਧਨ ਬੰਦਗੀ ਦੱਸਿਆ ਹੈ। ਮਨੁੱਖ ਦੀ ਜੀਵਨ-ਹੋਂਦ ਗਿਣੀ ਮਿਥੀ ਹੈ। ਬਾਬਾ ਫਰੀਦ ਨੇ ਮਨੁੱਖ ਨੂੰ ਗਫਲਤ ਦੀ ਨੀਂਦ ਤੋਂ ਜਾਗ ਕੇ ਜੀਵਨ ਹੋਂਦ ਦੇ ਗਿਣੇ ਮਿਥੇ ਦਿਨਾਂ ਨੂੰ ਸੰਭਾਲਣ ਦੀ ਪ੍ਰੇਰਨਾ ਦਿੱਤੀ ਹੈ :

ਫਰੀਦਾ ਕੋਠੇ ਧੁਕਣੁ ਕੇਤੜਾ ਪਿਰ ਨੀਦੜੀ ਨਿਵਾਰਿ।।
ਜੋ ਇਹ ਲਧੇ ਗਾਵਣੇ ਗਏ ਵਿਲਾੜਿ ਵਿਲਾੜਿ।।

(ਸ਼ੇਖ ਫਰੀਦ, ਸਲੋਕ 56, ਪੰਨਾ 1380)

ਜੀਵਨ ਅਉਧ ਵਿਚ ਪਰਮ ਕਰਤੱਵ ਪਰਮਾਤਮਾ ਦੀ ਬੰਦਗੀ ਦੁਆਰਾ ਮਿਲਾਪ ਪ੍ਰਾਪਤ ਕਰਨਾ ਹੈ। ਬਾਬਾ ਫਰੀਦ ਜੀ ਦਾ ਬਚਨ ਹੈ :

ਆਖੀ ਸੇਖਾਂ ਬੰਦਗੀ ਚਲਣੁ ਅਜੁ ਕਿ ਕਲਿ।।

(ਸ਼ੇਖ ਫਰੀਦ, ਸਲੋਕ 97, ਪੰਨਾ 1383)

ਬਾਬਾ ਫਰੀਦ ਨੇ ਮਨੁੱਖ ਨੂੰ ਇਸ ਹਕੀਕਤ ਵੱਲ ਸੁਚੇਤ ਕਰਕੇ ਮਨੁੱਖ ਨੂੰ ਅਰੰਭਕ ਜੀਵਨ ਤੋਂ ਹੀ ਪ੍ਰਭੂ ਭਗਤੀ ਵੱਲ ਲਗਣ ਲਈ ਪ੍ਰੇਰਿਆ ਹੈ। ਜੀਵਨ ਦਵੰਦ ਵਿਚ ਘਿਰਿਆ ਹੈ। ਮਨੁੱਖੀ ਦੇਹ ਦੇ ਬਾਹਰ ਮੁਖੀ ਇੰਦ੍ਰੇ ਦਿਸਦੇ ਤੇ ਆਕਰਸ਼ਿਤ ਹੋ ਕੇ ਦਿਸਦੇ ਨੂੰ ਸਭ ਕੁਝ ਮੰਨ ਬੈਠਦੇ ਹਨ ਅਤੇ ਮੂਲ ਆਦਰਸ਼ ਤੋਂ ਬੇਮੁੱਖ ਹੋ ਜਾਂਦੇ ਹਨ। ਮਨੁੱਖ ਦਾ ਮੂਲ ਅਦ੍ਰਿਸ਼ਟ ਹੈ, ਜੋ ਵਿਸ਼ਵਾਸ ਅਤੇ ਸ਼ਰਧਾ ਦਾ ਹੀ ਵਿਸ਼ੇ ਹੈ। ਉਸ ਤੇ ਕੇਂਦਰਿਤ ਹੋਣ ਲਈ ਵਿਸ਼ੈ ਵਾਸ਼ਨਾ ਰੋਕ ਬਣ ਜਾਂਦੀਆਂ ਹਨ। ਇਸੇ ਕਾਰਨ ਬਾਬਾ ਫਰੀਦ ਨੇ ਅਧਿਆਤਮਕ ਨਿਸ਼ਾਨੇ ਦੇ ਮਾਰਗ ਨੂੰ ਕਠਿਨ ਅਤੇ ਲੰਮਾ ਕਿਹਾ ਹੈ। (ਸੂਹੀ ਪੰਨਾ 794) ਮਨੁੱਖ ਨੂੰ ਅਧਿਆਤਮਕ ਜੀਵਨ ਦੇ ਬੇੜੇ ਨੂੰ ਵੇਲੇ ਸਿਰ ਬੰਨ੍ਹਣ ਲਈ ਸੁਚੇਤ ਕੀਤਾ ਹੈ ਤਾਂ ਕਿ ਸੰਸਾਰਿਕ ਬੰਧਨ ਇਸ ਨੂੰ ਆਪਣੇ ਮੁੱਖ ਉਦੇਸ਼ ਤੋਂ ਭਟਕਾ ਨਾ ਦੇਣ। ਯਥਾ :

(ੳ) ਬੇੜਾ ਬੰਧਿ ਨ ਸਕਿਓ ਬੰਧਨ ਦੀ ਵੇਲਾ।।

ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ।।

(ਸ਼ੇਖ ਫਰੀਦ, ਸੂਹੀ ਪੰਨਾ 794)

ਪ੍ਰਭੂ ਬੰਦਗੀ ਮਨੁੱਖੀ ਜ਼ਿੰਦਗੀ ਦਾ ਉਦੇਸ਼ ਹੈ। ਇਸ ਦੀ ਪ੍ਰਪੱਕਤਾ ਲਈ ਸਹਾਇਕ ਅੰਗਾਂ ਦਾ ਅਨੁਸਰਣ ਕਰਨਾ ਮਾਨਵ ਦਾ ਜੀਵਨ ਉਦੇਸ਼ ਹੈ। ਸਹਾਇਕ ਅੰਗ ਇਹ ਦੱਸੇ ਹਨ :

### 1. ਪ੍ਰਭੂ ਵਿਚ ਸ਼ਰਧਾ ਵਿਸ਼ਵਾਸ ਨੂੰ ਸਥਿਰ ਕਰਨਾ

ਪ੍ਰਭੂ ਮਨੁੱਖ ਦਾ ਮੂਲ ਹੈ। ਕਰਤਾ, ਭਰਤਾ, ਹਰਤਾ ਹੈ। ਸਦੀਵੀ ਤੱਤ, ਮਨੁੱਖ ਦਾ ਓਟ ਆਸਰਾ ਹੈ। ਦੁਨਿਆਵੀਂ ਆਸਰੇ ਛਿੰਨ ਭੰਗਰ ਹਨ। ਇਸ ਗਿਆਨ ਨਾਲ ਪਰਮਾਤਮਾ ਤੇ ਟੇਕ ਅਤੇ ਉਸ ਦਾ ਵਿਸ਼ਵਾਸ ਸਥਿਰ ਹੁੰਦਾ ਹੈ, ਜੋ ਭਗਤੀ ਸਾਧਨਾ ਨੂੰ ਦ੍ਰਿੜ ਕਰਨ ਦਾ ਆਵੱਸ਼ਕ ਤੱਤ ਹੈ। ਬਾਬਾ ਫਰੀਦ ਦਾ ਕਥਨ ਹੈ ਕਿ ਮਨੁੱਖ ਅੰਦਰ ਪਰਮਾਤਮਾ ਪ੍ਰਤੀ ਆਦਰ ਸਨਮਾਨ ਜ਼ਰੂਰੀ ਹੈ। ਜਿਹੜਾ ਸਿਰ ਪਰਮਾਤਮਾ ਨੂੰ ਨਮਸਕਾਰ ਲਈ ਨਹੀਂ ਝੁਕਦਾ ਉਹ ਲਾਹ ਦੇਣ ਯੋਗ ਹੈ। (ਵੇਖੋ ਸਲੋਕ 71 ਅਤੇ 72)

### 2. ਪਰਮਾਤਮਾ ਦਾ ਵਿਛੋੜਾ

ਮਾਨਵ ਪਰਮਾਤਮਾ ਦਾ ਅੰਗ ਹੈ। ਪੰਜ ਭੂਤਕ ਦੇਹ ਵਿਚ ਆ ਕੇ ਮਨੁੱਖ ਪਰਮਾਤਮਾ ਤੋਂ ਵਿਛੜ ਜਾਂਦਾ ਹੈ। ਬਾਬਾ ਫਰੀਦ ਨੇ ਮਨੁੱਖ ਅੰਦਰ ਪਰਮਾਤਮਾ ਲਈ ਵਿਛੋੜੇ-ਬਿਰਹੇ ਦੇ ਭਾਵ ਨੂੰ ਉਪਜਣਾ ਮੁੱਖ ਮੰਨਿਆ ਹੈ। ਜਿਸ ਦੇਹ ਅੰਦਰ ਇਹ ਭਾਵ ਸਥਿਤ ਨਹੀਂ ਉਹ ਦੇਹ ਨੂੰ ਮੁਰਦਾ ਦੱਸਿਆ ਹੈ। ਬਿਰਹਾ ਭਾਵ ਨੂੰ ਉਨ੍ਹਾਂ ਮਹਾਨ ਦੱਸਿਆ ਹੈ, ਜਿਸ ਸਦਕਾ ਪਰਮਾਤਮਾ ਲਈ ਮੇਲ ਸਿਕ ਪੈਦਾ ਹੁੰਦੀ ਹੈ। ਉਨ੍ਹਾਂ ਬਿਰਹਾ ਭਾਵ ਨੂੰ ਕਾਲੀ ਕੋਇਲ ਦੇ ਅਲੰਕਾਰ ਮਾਨਵੀਕਰਣ ਦੁਆਰਾ ਦੱਸਿਆ ਹੈ :

ਪ੍ਰਸ਼ਨ ਕੀਤਾ ਹੈ : ਕਾਲੀ ਕੋਇਲ ਤੂ ਕਿਤ ਗੁਨ ਕਾਲੀ।।

ਉੱਤਰ ਹੈ : ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ।।

ਪਿਰਹਿ ਬਿਹੂਨ ਕਤਹਿ ਸੁਖੁ ਪਾਏ।।

(ਸੂਹੀ ਪਦਾ 1, ਪੰਨਾ 794)

### 3. ਪਰਮਾਤਮਾ ਲਈ ਪ੍ਰੇਮ

ਮਨੁੱਖ ਦਾ ਉਦੇਸ਼ ਦੇਹ ਅੰਦਰ ਪਰਮਾਤਮਾ ਲਈ ਮੁਹਬੱਤ ਪੈਦਾ ਕਰਨਾ ਦਸਿਆ ਹੈ। ਜਿਸ ਅੰਦਰ ਪਰਮਾਤਮਾ ਦਾ ਪ੍ਰੇਮ ਨਹੀਂ ਉਸ ਦੇਹ ਨੂੰ ਧਰਤੀ ਤੇ ਬੋਝ ਕਿਹਾ ਹੈ। ਜਿਹੜੇ ਮਾਨਵਾਂ ਅੰਦਰ ਪਰਮਾਤਮਾ ਦੀ ਮੁਹੱਬਤ ਹੈ ਉਹ ਸੱਚੇ ਪ੍ਰਾਣੀ ਹਨ। (ਵੇਖੋ ਆਸਾ ਫਰੀਦ, ਪੰਨਾ 488) ਬੰਦਗੀ ਦਾ ਮੁੱਖ ਆਧਾਰ ਪ੍ਰਭੂ ਪ੍ਰੇਮ ਮੰਨਿਆ ਹੈ। ਪ੍ਰੇਮ ਮਨੁੱਖ ਦੀ ਸਖਸੀਅਤ ਨੂੰ ਕੰਚਨ ਵੰਨਾ ਬਣਾ ਦੇਣ ਦੀ ਸ਼ਕਤੀ ਰਖਦਾ ਹੈ। ਪ੍ਰੇਮ ਭਾਵਨਾ ਅੰਦਰੋਂ ਵਿਰੋਧੀ ਔਗੁਣਾਂ ਦਾ ਸੰਸ਼ੋਧਨ ਕਰ ਦਿੰਦੀ ਹੈ। ਪ੍ਰੇਮ ਨਾਲ ਦਇਆ, ਮਿਲਵਰਤਨ, ਹਮਦਰਦੀ ਦੇ ਮਧੁਰ ਭਾਵ ਉਪਜਦੇ ਹਨ। ਬਾਣੀ ਵਿਚ ਬਾਬਾ ਫਰੀਦ ਨੇ ਬੰਦਗੀ ਲਈ ਆਡੰਬਰ ਯੁਕਤ ਸਾਧਨਾ ਦੀ ਭਾਵੇਂ ਪ੍ਰੇਮ ਭਾਵ ਦੀ ਸਾਧਨਾ ਨੂੰ ਮੁੱਖ ਰਖਿਆ ਹੈ, ਜਿਸ ਨਾਲ ਉਲਾਰੂ ਬਿਰਤੀਆਂ ਦਾ ਦਮਨ ਹੋ ਜਾਂਦਾ ਹੈ ਅਤੇ ਦੇਹ-ਇੰਦ੍ਰਿਆਂ ਦਾ ਦੈਵੀਕਰਣ ਹੋ ਜਾਂਦਾ ਹੈ। ਇਸ ਰੂਪਾਂਤਰਕਰਣ ਨੂੰ ਬਾਬਾ ਫਰੀਦ ਨੇ ਦੇਹ ਦਾ ਨਵੀਨੀਕਰਣ ਹੋਣਾ ਦੱਸਿਆ ਹੈ :

(ੳ) ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ।।

(ਫਰੀਦ, ਸਲੋਕ 12, ਪੰਨਾ 1378)

### 4. ਗੁਰੂ ਦੀ ਸ਼ਰਨ

ਅਧਿਆਤਮਕ ਉਦੇਸ਼ ਦੀ ਸੰਪੰਨਤਾ ਲਈ ਗੁਰੂ ਦੀ ਸ਼ਰਨ ਅਤੇ ਗੁਰੂ ਦਾ ਪੱਥ ਪਰਦਰਸ਼ਨ ਜ਼ਰੂਰੀ ਹੈ। ਗੁਰੂ ਦੇ ਹੁਕਮ ਦੀ ਪਾਲਨਾ ਨਾਲ ਹੀ ਸਾਧਕ ਅਧਿਆਤਮਕ ਮਾਰਗ ਦੀ ਰਹਿਨੁਮਾਈ ਪ੍ਰਾਪਤ ਕਰਦਾ ਹੈ ਅਤੇ ਗੁਰੂ ਦੁਆਰਾ ਨਿਵਾਜਿਆ ਜਾਂਦਾ ਹੈ। ਇਸ ਨਾਲ ਅਧਿਆਤਮਕ ਮਾਰਗ ਦੀਆਂ ਬਾਧਾਵਾਂ ਖਤਮ ਹੋ ਜਾਂਦੀਆਂ ਹਨ। ਗੁਰੂ ਬੰਦਗੀ ਲਈ ਪ੍ਰੇਰਣਾ ਦਿੰਦਾ ਹੈ। ਉਹ ਹਕੀਕਤ ਦਾ ਗਿਆਨ ਦਿੰਦਾ ਹੈ ਕਿ ਮਨੁੱਖ ਮੌਤ ਦੇ ਮੂੰਹ ਵਿਚ ਹੈ ਇਸੇ ਕਰਕੇ ਉਸ ਨੂੰ ਜੀਵਨ ਸਮਾਂ ਨਸ਼ਟ ਨਹੀਂ ਕਰਨਾ ਚਾਹੀਦਾ। ਆਤਮਕ ਵਿਕਾਸ ਦੀ ਪ੍ਰਾਪਤੀ ਲਈ ਗੁਰੂ ਦਾ ਮੁਰੀਦ ਬਣ ਕੇ ਹੁਕਮ ਵਿਚ ਤੁਰਨਾ ਜ਼ਰੂਰੀ ਦੱਸਿਆ ਹੈ :

ਜੋ ਗੁਰ ਦਸੇ ਵਾਟ ਮੁਰੀਦਾ ਜੋਲੀਐ।।

(ਫਰੀਦ, ਆਸਾ, ਪੰਨਾ 488)

### 5. ਸਤਿਸੰਗਤ

ਪ੍ਰਭੂ-ਬੰਦਗੀ ਲਈ ਸੰਤ ਪੁਰਖਾਂ ਦੀ ਸੰਗਤ ਜ਼ਰੂਰੀ ਹੈ। ਸੰਗਤ, ਪ੍ਰਭੂ ਦੇ ਪ੍ਰੇਮ ਵਿਚ ਦ੍ਰਵੀਭੂਤ ਕਰਨ ਵਿਚ ਸਹਾਈ ਹੁੰਦੀ ਹੈ। ਸਤਿਸੰਗਤ ਦੀ ਪ੍ਰਾਪਤੀ ਪ੍ਰਭੂ ਦੀ ਕ੍ਰਿਪਾ ਨਾਲ ਹੁੰਦੀ ਹੈ। ਇਸ ਲਈ ਪ੍ਰਭੂ ਕ੍ਰਿਪਾ ਦਾ ਪਾਤਰ ਬਣਨ ਲਈ ਪ੍ਰਭੂ ਨਾਲ ਪ੍ਰੇਮ ਭਾਵ ਜ਼ਰੂਰੀ ਹੈ, ਜੋ ਸਤਿਸੰਗਤ ਤੋਂ ਪ੍ਰਾਪਤ ਹੁੰਦਾ ਹੈ। ਸਤਿਸੰਗਤ ਤੋਂ ਹੀ ਗਿਆਨ ਹੁੰਦਾ ਹੈ ਕਿ ਪ੍ਰਾਣੀ ਇਸ ਸੰਸਾਰ ਵਿਚ ਇੱਕਲਾ ਹੈ ਅਤੇ ਅਸਲ ਸਦੀਵੀ ਸਾਥੀ ਪਰਮਾਤਮਾ ਹੈ। ਉਸ ਨਾਲ ਮਿਲਾਪ ਮਨੁੱਖ ਦਾ ਉਦੇਸ਼ ਹੈ ਅਤੇ ਇਸ ਮਿਲਾਪ ਦਾ ਸਾਧਨ ਸੰਗਤ ਹੈ। ਯਥਾ :

ਵਿਧਣ ਖੂਹੀ ਮੁੰਧ ਅਕੇਲੀ, ਨਾ ਕੋ ਸਾਥੀ ਨਾ ਕੋ ਬੇਲੀ।।
ਕਰਿ ਕਿਰਪਾ ਪ੍ਰਭ ਸਾਧ ਸੰਗਿ ਮੇਲੀ।।
ਜਾ ਫਿਰ ਦੇਖਾ ਤਾ ਮੇਰਾ ਅਲਹੁ ਬੇਲੀ।।

(ਫਰੀਦ, ਆਸਾ, ਪੰਨਾ 488)

### 6. ਧਾਰਮਿਕ ਮਰਯਾਦਾ ਨੂੰ ਜੀਵਨ ਵਿਚ ਧਾਰਨ ਕਰਨਾ

ਬਾਬਾ ਫਰੀਦ ਨੇ ਧਾਰਮਿਕ ਮਰਯਾਦਾ ਦੀ ਪਾਬੰਦੀ ਪ੍ਰਭੂ ਭਗਤੀ ਲਈ ਜ਼ਰੂਰੀ ਦੱਸੀ ਹੈ। ਧਾਰਮਿਕ ਮਰਯਾਦਾ ਨੂੰ ਨੇਮ ਨਾਲ ਦ੍ਰਿੜ੍ਹਤਾ ਸਹਿਤ ਧਾਰਨ ਕਰਨ ਤੇ ਪ੍ਰਭੂ ਨਾਲ ਲਗਾਓ ਪੈਦਾ ਹੁੰਦਾ ਹੈ। ਮਨ ਦੁਨਿਆਵੀ ਖਿੱਚਾਂ ਦੀ ਥਾਂ ਤੇ ਪ੍ਰਭੂ ਤੇ ਕੇਂਦਿਰਤ ਹੁੰਦਾ ਹੈ, ਜਿਸ ਨਾਲ ਅੰਤਹਕਰਣ ਸ਼ੁੱਧ ਹੁੰਦਾ ਹੈ ਅਤੇ ਮਨ, ਬਚਨ ਤੇ ਕਿਰਿਆ ਵਿਚ ਸੁਚੱਤਾ ਆਉਂਦੀ ਹੈ। ਬਾਬਾ ਫਰੀਦ ਇਸਲਾਮੀ ਧਰਮ ਪਰੰਪਰਾ ਨਾਲ ਸੰਬੰਧਿਤ ਹੋਣ ਕਾਰਣ ਰੱਬੀ ਪ੍ਰਾਪਤੀ ਦੇ ਸਾਧਨਾ ਮਾਰਗ ਵਿਚ ਇਸਲਾਮੀ ਧਾਰਮਿਕ ਮਰਯਾਦਾ ਦੇ ਸੰਕੇਤਾਂ ਦਾ ਵਰਣਨ ਕਰਦੇ ਹਨ। ਇਸਲਾਮ ਦੇ ਪੰਜ ਮੁੱਖ ਅੰਗ ਈਮਾਨ, ਨਮਾਜ਼, ਰੋਜ਼ਾ, ਯਕਾਤ ਤੇ ਹੱਜ ਹਨ। ਬਾਬਾ ਫਰੀਦ ਨੇ ਆਪਣੀ ਬਾਣੀ ਵਿਚ ਰੱਬੀ ਈਮਾਨ, ਸਵੇਰੇ ਉੱਠ ਕੇ ਉਜੁ ਸਾਜਣਾ, ਨਮਾਜ਼ ਪੜ੍ਹਨਾ ਅਤੇ ਪੰਜ ਵਕਤ ਮਸੀਤ ਦੀ ਹਾਜ਼ਰੀ ਭਰਨ ਦਾ ਜ਼ਿਕਰ ਕੀਤਾ ਹੈ। (ਸਲੋਕ 71-72)

### 7. ਪਰਮਾਤਮਾ ਦੀ ਬੰਦਗੀ

ਅਧਿਆਤਮਕ ਉਦੇਸ਼ ਪ੍ਰਾਪਤੀ ਲਈ ਪਰਮਾਤਮਾ ਦਾ ਨਾਮ ਚੇਤੇ ਕਰਨਾ ਜ਼ਰੂਰੀ ਦੱਸਿਆ ਹੈ। ਪਰਮਾਤਮਾ ਮਨੁੱਖ ਦਾ ਪਰਵਰਦਗਾਰ ਹੈ। ਇਸ ਲਈ ਉਸ ਨੂੰ ਚੇਤੇ ਕਰਨਾ ਮਨੁੱਖ ਦਾ ਜ਼ਰੂਰੀ ਕਰਤੱਵ ਹੈ। ਬਾਬਾ ਫਰੀਦ ਨੇ ਦੱਸਿਆ ਹੈ ਕਿ ਨਾਮ ਵਿਹੂਣੇ ਪ੍ਰਾਣੀ ਲੋਕ ਅਤੇ ਪਰਲੋਕ ਦੋਹਾਂ ਥਾਵਾਂ ਵਿਚ ਧਿਕਾਰੇ ਜਾਂਦੇ ਹਨ। ਬਾਬਾ ਫਰੀਦ ਜੀ ਦਾ ਕਥਨ ਹੈ :

1. ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ।।
   ਐਥੇ ਦੁਖ ਘਣੇਰਿਆ ਅਗੈ ਠਉਰ ਨ ਠਾਉ।।

(ਫਰੀਦ, ਸਲੋਕ 106, ਪੰਨਾ 1383)

2. ਵਿਸਰਿਆ ਜਿਨ ਨਾਮ ਤੇ ਭੁਇ ਭਾਰੁ ਥੀਏ।।

(ਸ਼ੇਖ ਫਰੀਦ, ਆਸਾ, ਪੰਨਾ 488)

ਬਾਬਾ ਫਰੀਦ ਨੇ ਇਕ ਮਨ, ਇਕ ਚਿਤ ਹੋ ਕੇ, ਦੁਬਿਧਾ ਦਾ ਤਿਆਗ ਕਰਕੇ ਪ੍ਰਭੂ ਦੇ ਨਾਮ ਨੂੰ ਚੇਤੇ ਕਰਨ ਲਈ ਮਨੁੱਖ ਨੂੰ ਉਪਦੇਸ਼ ਦਿੱਤਾ ਹੈ ਕਿਉਂਕਿ ਪਰਮਾਤਮਾ ਸਦੀਵੀ ਸੁੱਖ ਦਾ ਸੋਮਾ ਹੈ। ਮਨੁੱਖ ਦਾ ਪ੍ਰਿਤਪਾਲਕ ਹੈ। ਸਾਰੀਆਂ ਦਾਤਾਂ ਦਾ ਮਾਲਕ ਹੈ। ਉਸ ਦੀ ਸੁਕਰਗੁਜਾਰੀ ਵਿਚ ਜੁੜਨਾ ਮਨੁੱਖ ਦਾ ਮੂਲ ਕਰਤੱਵ ਹੈ। ਬਾਬਾ ਫਰੀਦ ਨੇ ਰੱਬੀ ਬੰਦਗੀ ਨੂੰ ਮਨੁੱਖ ਦਾ ਉਦੇਸ਼ ਸਥਿਰ ਕੀਤਾ

ਹੈ ਅਤੇ ਬੰਦਗੀ ਦੀ ਦਾਤ ਮੰਗੀ ਹੈ :

ਸੇਖ ਫਰੀਦੈ ਖੈਰ ਦੀਜੈ ਬੰਦਗੀ।

(ਫਰੀਦ, ਆਸਾ ਪੰਨਾ 488)

ਉਪਰੋਕਤ ਅਧਿਆਤਮਕ ਸਾਧਨਾ ਦੇ ਸਾਰੇ ਅੰਗ ਅਧਿਆਤਮਕ ਉਦੇਸ਼ ਪੂਰਤੀ ਦੇ ਸਹਾਇਕ ਸਾਧਨ ਹਨ। ਇਨ੍ਹਾਂ ਦੇ ਅਮਲ ਅਭਿਆਸ ਨਾਲ ਮਾਨਵ ਆਪਣੇ ਅਧਿਆਤਮਕ ਉਦੇਸ਼ ਵਿਚ ਦ੍ਰਿੜ੍ਹ ਹੁੰਦਾ ਹੈ, ਰੱਬੀ ਬਖਸ਼ਿਸ਼ ਦਾ ਪਾਤਰ ਬਣਦਾ ਹੈ ਅਤੇ ਜੀਵਨ ਮੁਕਤ ਅਵਸਥਾ ਪ੍ਰਾਪਤ ਕਰਕੇ ਪਰਮਾਤਮਾ ਨਾਲ ਮਿਲਾਪ ਕਰਦਾ ਹੈ। ਰੱਬੀ ਮਿਲਾਪ ਮਨੁੱਖੀ ਜ਼ਿੰਦਗੀ ਦਾ ਪਰਮ ਮਨੋਰਥ ਹੈ। ਬਾਬਾ ਫਰੀਦ ਨੇ ਭਗਤੀ ਪਰਾਇਣ ਮਾਨਵ ਦਾ ਆਦਰ ਕੀਤਾ ਹੈ। ਉਨ੍ਹਾਂ ਪ੍ਰਤੀ ਸਨਮਾਨ ਪ੍ਰਗਟ ਕੀਤਾ ਹੈ। ਉਨ੍ਹਾਂ ਬਾਣੀ ਵਿਚ ਦੱਸਿਆ ਹੈ ਕਿ ਬੰਦਗੀ ਦੁਆਰਾ ਪ੍ਰਭੂ ਨਾਲ ਤਦਰੂਪ ਹੋਇਆ ਜੀਵਨ ਹੀ ਸਾਰਥਕ ਹੈ। ਯਥਾ :

ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ।।

... ... ...

ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ।।

(ਫਰੀਦ, ਆਸਾ, ਪੰਨਾ 488)

## ਅਭਿਆਸ ਲਈ ਪ੍ਰਸ਼ਨ

1. ਬਾਬਾ ਫਰੀਦ ਬਾਣੀ ਵਿਚ 'ਰੱਬੀ ਅਨੁਭਵ' ਬਾਰੇ ਦੱਸੋ।
2. ਬਾਬਾ ਫਰੀਦ ਬਾਣੀ ਵਿਚ, ਜਗਤ ਅਨੁਭਵ ਤੇ ਰੋਸ਼ਨੀ ਪਾਓ।
3. ਬਾਬਾ ਫਰੀਦ ਦੇ ਅਨੁਭਵ ਅਨੁਸਾਰ 'ਮਾਨਵ ਜੀਵਨ ਦਾ ਮਨੋਰਥ' ਦੱਸੋ।
4. ਬਾਬਾ ਫਰੀਦ ਬਾਣੀ ਵਿਚ 'ਪਰਮਾਤਮਾ ਦਾ ਸਰੂਪ' ਸਪਸ਼ਟ ਕਰੋ।

## ਸਹਾਇਕ ਪੁਸਤਕਾਂ ਦੀ ਸੂਚੀ


1. ਸ਼ੇਖ ਫਰੀਦ ਖੋਜ ਪੱਤ੍ਰਿਕਾ ਬਾਬਾ ਫਰੀਦ ਵਿਸ਼ੇਸ਼ ਅੰਕ : ਸੰਪਾਦਕ ਜੀਤ ਸਿੰਘ ਸੀਤਲ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
2. ਬਾਬਾ ਫਰੀਦ ਜੀਵਨ ਤੇ ਰਚਨਾ : ਸ. ਸ. ਅਮੋਲ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
3. ਸ਼ੇਖ ਫਰੀਦ ਜੀਵਨੀ ਤੇ ਰਚਨਾ : ਤਾਰਨ ਸਿੰਘ, ਬਲਬੀਰ ਕੌਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
4. ਬੋਲੇ ਸ਼ੇਖ ਫਰੀਦ : ਪ੍ਰੋ. ਪਿਆਰਾ ਸਿੰਘ ਪਦਮ।
5. ਬਾਬਾ ਫਰੀਦ ਜੀਵਨ ਸਮਾਂ ਅਤੇ ਰਚਨਾ : ਸੰਪਾਦਕ ਡਾ. ਸੁਰਿੰਦਰ ਸਿੰਘ ਕੋਹਲੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪਾਠ ਨੰਬਰ : 3.4 ਲੇਖਕ :**ਸੁਖਜਿੰਦਰ ਕੌਰ***

## ਭਗਤ ਧੰਨਾ ਜੀ ਦੀ ਬਾਣੀ ਦਾ ਸਿਧਾਂਤਕ ਪੱਖ

ਭਗਤ ਧੰਨਾ ਜੀ ਦਾ ਜਨਮ 1415-1416 ਈ. ਦੇ ਲਗਪਗ ਰਾਜਸਥਾਨ ਦੇ ਪਿੰਡ ਧੁਆਨ ਵਿਚ ਹੋਇਆ ਮੰਨਿਆ ਜਾਂਦਾ ਹੈ। ਭਗਤ ਧੰਨਾ ਜੀ ਰੱਜੇ-ਪੁੱਜੇ ਜਾਟ ਕਿਸਾਨ ਪਰਿਵਾਰ ਨਾਲ ਸੰਬੰਧ ਰੱਖਦੇ ਸਨ । ਭਗਤ ਜੀ ਨੇਕ ਆਚਰਨ, ਧਰਮ ਦੀ ਕਿਰਤ ਕਰਨ ਵਾਲੇ ਚੰਗੇ ਗ੍ਰਹਿਸਤੀ ਸਨ। ਸਾਧੂ ਸੰਤਾਂ ਦੀ ਸੇਵਾ ਅਤੇ ਸੰਗਤ ਕਰਨੀ ਉਨ੍ਹਾਂ ਦੇ ਸੁਭਾਅ ਦਾ ਖ਼ਾਸ ਗੁਣ ਸੀ। ਭਗਤ ਧੰਨਾ ਜੀ ਨੇ ਸਵਾਮੀ ਰਾਮਾ ਨੰਦ ਜੀ ਤੋਂ ਕਾਸ਼ੀ ਵਿਚ ਗੁਰ ਦੀਕਸ਼ਾ ਲਈ, ਭਾਵੇਂ ਕਿ ਪਹਿਲੀ ਉਮਰ ਵਿਚ ਭਗਤ ਧੰਨਾ ਜੀ ਮੂਰਤੀ ਪੂਜਕ ਮੰਨੇ ਜਾਂਦੇ ਹਨ ਪਰ ਮਗਰੋਂ ਉਨ੍ਹਾਂ ਨੇ ਨਿਰਗੁਣ ਪਰਮਾਤਮਾ ਦੀ ਭਗਤੀ ਕੀਤੀ। ਭਗਤ ਧੰਨਾ ਜੀ ਨਾਲ ਸੰਬੰਧਿਤ ਇੱਕ ਸਾਖੀ ਆਉਂਦੀ ਹੈ ਕਿ ਸੱਚੇ-ਸੁੱਚੇ ਦਿਲ ਦੇ ਮਾਲਕ ਭਗਤ ਧੰਨਾ ਜੀ ਇੱਕ ਵਾਰ ਕਿਸੇ ਬ੍ਰਹਮਣ ਪਾਸ ਗਏ ਤੇ ਉਸਨੂੰ ਭਗਤੀ ਕਰਦੇ ਵੇਖ ਭਗਤ ਜੀ ਦੇ ਮਨ ਵਿਚ ਵੀ ਭਗਤੀ ਕਰਨ ਦੀ ਇੱਛਾ ਜਾਗੀ ਤਾਂ ਆਪ ਨੇ ਉਸ ਬ੍ਰਹਮਣ ਕੋਲ ਭਗਤੀ ਕਰਨ ਦੀ ਇੱਛਾ ਜਤਾਈ ਤੇ ਪੰਡਿਤ ਨੂੰ ਭਗਤੀ ਕਰਨ ਲਈ ਇੱਕ ਠਾਕਰ ਦੇਣ ਲਈ ਕਿਹਾ, ਪਹਿਲਾਂ ਤਾਂ ਪੰਡਿਤ ਭਗਤ ਜੀ ਨੂੰ ਟਾਲ-ਮਟੋਲ ਕਰਦਾ ਰਿਹਾ ਮਗਰੋਂ ਉਸ ਨੇ ਭਗਤ ਧੰਨਾ ਜੀ ਨੂੰ ਇੱਕ ਪੱਥਰ ਠਾਕਰ ਕਹਿ ਕੇ ਦੇ ਦਿੱਤਾ। ਭਗਤ ਧੰਨਾ ਜੀ ਇਸ ਪੱਥਰ ਨੂੰ ਠਾਕਰ ਸਮਝ ਘਰ ਲੈ ਆਏ ਅਤੇ ਦ੍ਰਿੜ੍ਹ ਵਿਸ਼ਵਾਸ ਅਤੇ ਸ਼ਰਧਾ ਨਾਲ ਭਗਤੀ ਕਰਨ ਲੱਗੇ। ਕਿਹਾ ਜਾਂਦਾ ਹੈ ਕਿ ਭਗਤ ਜੀ ਨੂੰ ਪੱਥਰ (ਠਾਕਰ) ਦੇ ਜ਼ਰੀਏ ਅਧਿਆਤਮਕ ਗਿਆਨ ਦੀ ਪ੍ਰਾਪਤੀ ਹੋਈ। ਕੁੱਝ ਸਾਖੀਆਂ ਅਨੁਸਾਰ ਭਗਤ ਜੀ ਦੇ ਹਠ ਕਾਰਨ ਪਰਮਾਤਮਾ ਨੇ ਉਸ ਠਾਕਰ ਵਿਚੋਂ ਪ੍ਰਗਟ ਹੋ ਕੇ ਦਰਸ਼ਨ ਦਿੱਤੇ ਅਤੇ ਭਗਤ ਜੀ ਦੁਆਰਾ ਰੱਖੇ ਪ੍ਰਸਾਦ ਨੂੰ ਭੋਗ ਲਗਾਇਆ। ਅੰਗਰੇਜ਼ ਵਿਦਵਾਨ ਮੈਕਾਲਿਫ ਭਗਤ ਧੰਨਾ ਜੀ ਦੇ ਜਨਮ ਸਥਾਨ ਬਾਰੇ ਲਿਖਦੇ ਹਨ:

> ਰਾਜਪੁਤਾਨੇ ਵਿਚ ਦਿਉਲੀ ਛਾਵਣੀ ਤੋਂ 20 ਮੀਲ ਦੀ ਵਿਥ ਤੇ ਟਾਂਕ ਦੇ ਇਲਾਕੇ ਵਿਚ ਇਕ ਪਿੰਡ ਹੈ, ਜਿਸ ਦਾ ਨਾਮ ਧੁਆਨ ਹੈ। ਇੱਥੇ ਇੱਕ ਜੱਟ ਘਰਾਣੇ ਵਿਚ ਧੰਨਾ ਜੀ ਸੰਨ 1415 ਈ. ਵਿਚ ਪੈਦਾ ਹੋਏ। ਛੋਟੀ ਉਮਰ ਤੋਂ ਹੀ ਧੰਨਾ ਧਾਰਮਿਕ ਬਿਰਤੀ ਵਾਲਾ ਸੀ। ਇੱਕ ਦਿਨ ਧੰਨੇ ਦੇ ਘਰ ਦਾ ਪਰੋਹਤ ਪੂਜਾ ਕਰਨ ਲਈ ਆਇਆ । ਪੂਜਾ ਦੀ ਸਾਰੀ ਰਸਮ ਧੰਨੇ ਨੇ ਵੀ ਵੇਖੀ ਅਤੇ ਆਖ਼ਰ ਪੰਡਤ ਪਾਸੋਂ ਉਸ ਨੇ ਇੱਕ ਠਾਕਰ ਮੰਗਿਆ। ਪਹਿਲਾਂ ਤਾਂ ਪੰਡਤ ਟਾਲਦਾ ਰਿਹਾ ਪਰ ਧੰਨੇ ਦਾ ਹਠ ਵੇਖ ਛੋਟਾ ਜਿਹਾ ਕਾਲੇ ਰੰਗ ਦਾ ਪੱਥਰ ਉਸ ਨੂੰ ਪੂਜਣ ਲਈ ਦੇ ਦਿੱਤਾ । ਧੰਨੇ ਨੇ ਸ਼ਰਧਾ ਨਾਲ ਉਸ ਠਾਕਰ ਦੀ ਪੂਜਾ ਸ਼ੁਰੂ ਕਰ ਦਿੱਤੀ। ਉਸ ਦੀ ਦ੍ਰਿੜ੍ਹਤਾ ਵੇਖ ਕੇ ਪੰਡਤ ਕਦੀ ਕਦੀ ਆ ਕੇ ਪੂਜਾ ਭਗਤੀ ਦਾ ਰਾਹ ਦੱਸਦਾ ਰਿਹਾ ਤੇ ਆਖ਼ਰ ਇੱਕ ਦਿਨ ਠਾਕਰ ਪੂਜਾ ਵਿਚੋਂ ਧੰਨੇ ਨੂੰ ਰੱਬ ਲੱਭ ਪਿਆ। ਧੰਨੇ ਦੇ ਰਾਹੀਂ, ਫੇਰ ਉਸ ਪੰਡਤ ਦਾ ਵੀ ਲੋਕ ਪਰਲੋਕ ਸਵਰ ਗਿਆ।

ਭਾਵੇਂ ਕਿ ਭਗਤ ਧੰਨਾ ਜੀ ਦੀ ਬਾਣੀ ਵਿਚੋਂ ਮੂਰਤੀ ਪੂਜਾ ਸੰਬੰਧੀ ਅਜਿਹਾ ਕੋਈ ਵੀ ਵਿਚਾਰ ਸਾਹਮਣੇ ਨਹੀਂ ਆਉਂਦਾ ਪਰ ਭਾਈ ਗੁਰਦਾਸ ਜੀ ਆਪਣੀ 10ਵੀਂ ਵਾਰ ਵਿਚ ਭਗਤ ਧੰਨਾ ਜੀ ਦੀ ਪੱਥਰ ਪੂਜਾ ਬਾਰੇ ਲਿਖਦੇ ਹਨ:

ਠਾਕੁਰ ਨੋ ਨ੍ਹਾਵਾਲਿ ਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।।
ਹਥਿ ਜੋੜਿ ਮਿਨਤਿ ਕਰੈ ਪੈਰੀ ਪੈ ਪੈ ਬਹੁਤੁ ਮਨਾਵੈ।।

(ਵਾਰਾਂ ਭਾਈ ਗੁਰਦਾਸ ਜੀ, 10/6)

ਪੱਥਰ ਪੂਜਾ ਸੰਬੰਧੀ ਇਸ ਤਰ੍ਹਾਂ ਦੀਆਂ ਕਈ ਸਾਖੀਆਂ ਭਗਤ ਧੰਨਾ ਜੀ ਦੇ ਜੀਵਨ ਨਾਲ ਜੁੜੀਆਂ ਮਿਲਦੀਆਂ ਹਨ। ਭਾਈ ਕਾਨ੍ਹ ਸਿੰਘ ਨਾਭਾ ਵੀ ਲਿਖਦੇ ਹਨ ਕਿ ਪਹਿਲਾਂ ਪਹਿਲ ਭਗਤ ਧੰਨਾ ਜੀ ਸਰਗੁਣ ਦੇ ਪੁਜਾਰੀ ਸਨ, ਬਾਅਦ ਵਿਚ ਨਿਰਗੁਣ ਪਰਮਾਤਮਾ ਦੇ ਪੁਜਾਰੀ ਬਣ ਗਏ। ਸਰਗੁਣ ਭਗਤੀ ਕਰਨ ਨਾਲ ਭਗਤ ਧੰਨਾ ਜੀ ਦੀਆਂ ਅੰਤ੍ਰੀਵੀ ਅੱਖਾਂ ਖੁੱਲ ਗਈਆਂ, ਉਹ ਕੰਮ-ਕਾਰ ਕਰਦੇ ਵੀ ਅਪਣਾ ਚਿੱਤ ਪਰਮਾਤਮਾ ਨਾਲ ਜੋੜੀ ਰੱਖਦੇ ਸਨ। ਆਮ ਤੌਰ ਤੇ ਸਮਝਿਆ ਜਾਂਦਾ ਹੈ ਕਿ ਜਦੋਂ ਭਗਤ ਧੰਨਾ ਜੀ ਨੂੰ ਗਿਆਨ ਪ੍ਰਾਪਤੀ ਹੋ ਗਈ ਤਾਂ ਉਨ੍ਹਾਂ ਨੇ ਮੂਰਤੀ ਪੂਜਾ ਦਾ ਤਿਆਗ ਕਰ ਕੇ ਨਿਰਗੁਣ ਪਰਮਾਤਮਾ ਦੀ ਸਿੱਧੀ ਭਗਤੀ ਕਰਨੀ ਅਰੰਭ ਕਰ ਦਿੱਤੀ। ਭਗਤ ਧੰਨਾ ਜੀ ਨੂੰ ਪਰਮਾਰਥ ਦੀ ਲਗਨ ਵਧਦੀ ਹੀ ਗਈ, ਫਿਰ ਉਨ੍ਹਾਂ ਨੇ ਕਾਸ਼ੀ ਵਿਚ ਜਾ ਕੇ ਭਗਤ ਰਾਮਾ ਨੰਦ ਜੀ ਤੋਂ ਗੁਰ ਦੀਖਿਆ ਲਈ।

ਗੁਰੂ ਅਰਜਨ ਦੇਵ ਜੀ ਭਗਤ ਧੰਨਾ ਜੀ ਦੀ ਪੱਥਰ ਪੂਜਾ ਦਾ ਖੰਡਨ ਕਰਦੇ ਦੱਸਦੇ ਹਨ ਕਿ ਭਗਤ ਧੰਨਾ ਜੀ ਦੇ ਮਨ ਵਿਚ ਭਗਤੀ ਕਰਨ ਦਾ ਚਾਅ ਉਦੋਂ ਪੈਦਾ ਹੋਇਆ ਜਦੋਂ ਉਨ੍ਹਾਂ ਨੇ ਹੋਰ ਭਗਤ ਸਾਹਿਬਾਨ ਜਿਵੇਂ ਭਗਤ ਨਾਮਦੇਵ ਜੀ, ਕਬੀਰ ਜੀ, ਸੈਨ ਜੀ ਅਤੇ ਭਗਤ ਰਵਿਦਾਸ ਜੀ ਨੂੰ ਭਗਤੀ ਕਰਦੇ ਵੇਖਿਆ। ਇਹ ਸਭ ਭਗਤ ਸਾਹਿਬਾਨ ਸਮਾਜ ਵਿਚਲੀਆਂ ਨੀਚ ਜਾਤਾਂ ਨਾਲ ਸੰਬੰਧਿਤ, ਗ਼ਰੀਬੀ ਵਾਲਾ ਜੀਵਨ ਬਤੀਤ ਕਰ ਰਹੇ ਸਨ ਪਰ ਪਰਮਾਤਮਾ ਦੀ ਭਗਤੀ ਕਰ ਕੇ ਉੱਚ ਪਦਵੀ ਪ੍ਰਾਪਤ ਕਰ ਗਏ। ਗੁਰੂ ਅਰਜਨ ਦੇਵ ਜੀ ਲਿਖਦੇ ਹਨ ਕਿ ਛੀਂਬਾ ਜਾਤੀ ਨਾਲ ਸੰਬੰਧਿਤ ਭਗਤ ਨਾਮਦੇਵ ਜੀ ਜਿਨ੍ਹਾਂ ਦਾ ਸਮਾਜ ਵਿਚ ਮੁੱਲ ਅੱਧੀ ਕੌਡੀ ਸੀ ਉਹ ਪਰਮਾਤਮਾ ਦਾ ਨਾਮ ਜਪ ਕੇ ਲੱਖਾਂ ਦਾ ਹੋ ਗਿਆ ਭਾਵ ਪਰਮਤਮਾ ਦੇ ਨਾਮ ਜਪਣ ਦੀ ਬਰਕਤ ਨਾਲ ਗ਼ਰੀਬ ਨਾਮਦੇਵ ਜੀ ਨੂੰ ਕਿਸੇ ਦੀ ਮੁਥਾਜੀ ਨਹੀਂ ਰਹੀ। ਇਵੇਂ ਹੀ ਨੀਚ ਜਾਤ ਜੁਲਾਹਾ ਨਾਲ ਸੰਬੰਧਿਤ ਭਗਤ ਕਬੀਰ ਜੀ ਆਪਣੇ ਹੋਰ ਸਭ ਕੰਮ ਕਾਰ ਛਡ ਕੇ ਕੇਵਲ ਪਰਮਾਤਮਾ ਦਾ ਨਾਮ ਜਪਣ ਲਗੇ, ਤੇ ਉਹ ਵੀ ਗੁਣਵਾਨ ਹੋ ਗਏ। ਭਗਤ ਰਵਿਦਾਸ ਜੀ ਜਿਨ੍ਹਾਂ ਦਾ ਕਿੱਤਾ ਮਰੇ ਹੋਏ ਪਸ਼ੂਆਂ ਨੂੰ ਢੋਣਾ ਸੀ ਉਨ੍ਹਾਂ ਨੇ ਮਾਇਆ ਦਾ ਤਿਆਗ ਕਰ ਕੇ ਕੇਵਲ ਪਰਮਾਤਮਾ ਦਾ ਨਾਮ ਜਪਿਆ ਤੇ ਸਾਧਸੰਗ ਰਾਹੀਂ ਪਰਮਾਤਮਾ ਦੇ ਦਰਸ਼ਨ ਪ੍ਰਾਪਤ ਕਰ ਲਏ। ਭਗਤ ਸੈਣ ਜੀ ਜਿਹੜੇ ਨਾਈ ਜਾਤ ਦੇ ਸਨ, ਭਗਤੀ ਕਰਨ ਨਾਲ ਪਰਮਾਤਮਾ ਉਨ੍ਹਾਂ ਦੇ ਹਿਰਦੇ ਵਿਚ ਵੱਸ ਗਿਆ ਤੇ ਇਹ ਸ਼੍ਰੋਮਣੀ ਭਗਤਾਂ ਵਿਚ ਗਿਣੇ ਜਾਣ ਲੱਗੇ। ਭਗਤੀ ਕਰਨ ਸਦਕਾ ਇਹਨਾਂ ਭਗਤ ਦੇ ਜੀਵਨ ਵਿਚ ਆਈ ਤਬਦੀਲੀ ਦੇਖ ਕੇ ਭਗਤ ਧੰਨਾ ਜੀ ਦੇ ਮਨ ਵਿਚ ਵੀ ਪਰਮਾਤਮਾ ਦੀ ਭਗਤੀ ਦੀ ਤਾਂਘ ਪੈਦਾ ਹੋਈ ਤੇ ਉਹ ਭਗਤੀ ਕਰਨ ਲੱਗਾ, ਵੱਡੇ ਭਾਗਾਂ ਨਾਲ ਭਗਤ ਧੰਨਾ ਜੀ ਨੂੰ ਪਰਮਾਤਮਾ ਦੇ ਦਰਸ਼ਨ ਪ੍ਰਾਪਤ ਹੋਏ:

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥

ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥੧॥ ਰਹਾਉ ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥੧॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥੨॥
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥੩॥
ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ।।
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥੪॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ 487-488)

**ਬਾਣੀ ਰਚਨਾ:**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਧੰਨਾ ਜੀ ਦੇ ਤਿੰਨ ਸ਼ਬਦ ਦਰਜ ਹਨ, ਜਿਹਨਾਂ ਵਿਚ ਦੋ ਆਸਾ ਰਾਗ ਵਿਚ 487-488 ਅੰਕ ਉਤੇ ਅਤੇ ਇਕ ਰਾਗ ਧਨਾਸਰੀ ਵਿਚ 695 ਅੰਕ ਉਤੇ ਅੰਕਿਤ ਹੈ। ਆਸਾ ਰਾਗ ਦੇ ਦੋਹਾਂ ਸ਼ਬਦਾਂ ਵਿਚ ਭਗਤ ਧੰਨਾ ਜੀ ਨੇ ਪ੍ਰੇਮਾ-ਭਗਤੀ ਦ੍ਰਿੜ੍ਹ ਕਰਵਾਈ ਹੈ। ਭਗਤ ਧੰਨਾ ਜੀ ਆਪਣੇ ਸ਼ਬਦਾਂ ਵਿਚ ਇੱਕ ਈਸ਼ਵਰ ਦੀ ਦ੍ਰਿੜ੍ਹ ਭਗਤੀ, ਦ੍ਰਿੜ੍ਹ ਵਿਸ਼ਵਾਸ ਤੇ ਸਰਬ ਵਿਆਪਕਤਾ ਦਾ ਕਥਨ ਕਰਦੇ ਹਨ। ਧਨਾਸਰੀ ਰਾਗ ਅੰਦਰ ਆਰਤੀ ਵਿਚਲੇ ਸ਼ਬਦ ਵਿਚ ਭਗਤ ਧੰਨਾ ਜੀ ਪਰਮਾਤਮਾ ਦੇ ਸਾਹਮਣੇ ਆਪਣੀਆਂ ਲੋੜਾਂ ਨੂੰ ਪੇਸ਼ ਕਰਦੇ ਹਨ। ਧਨਾਸਰੀ ਰਾਗ ਵਾਲਾ ਸ਼ਬਦ ਆਮ ਤੌਰ ਤੇ ਆਰਤੀ ਵਿਚ ਵੀ ਗਾਇਆ ਜਾਂਦਾ ਹੈ।

ਰਾਗ ਆਸਾ ਵਿਚਲੇ ਪਹਿਲੇ ਸ਼ਬਦ ਵਿਚ ਭਗਤ ਧੰਨਾ ਜੀ ਮਨੁੱਖ ਨੂੰ ਮਾਇਆ ਦੇ ਪ੍ਰਭਾਵ ਤੋਂ ਬਚ ਕੇ ਪ੍ਰਭੂ ਭਗਤੀ ਵਿਚ ਲੱਗਣ ਦੀ ਪ੍ਰੇਰਨਾ ਦਿੰਦੇ ਹਨ। ਇਸ ਸ਼ਬਦ ਵਿਚ ਧੰਨਾ ਜੀ ਪੂਰਵਲੇ ਜਨਮ ਦੀ ਭਟਕਣਾ ਅਤੇ ਪ੍ਰਭੂ ਮਿਲਾਪ ਨੂੰ ਪ੍ਰਾਪਤ ਕਰਨ ਦੀ ਬਿਹਬਲਤਾ ਨੂੰ ਬਿਆਨ ਕਰਦੇ ਹਨ:

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥
ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥੧॥ ਰਹਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ 487)

ਦੂਜੇ ਸਬਦ ਵਿਚ ਭਗਤ ਧੰਨਾ ਜੀ ਆਤਮ ਸਥਿਰਤਾ ਨੂੰ ਪ੍ਰਗਟ ਕਰਦੇ ਹਨ । ਇਸ ਸਬਦ ਵਿਚ ਭਗਤ ਧੰਨਾ ਜੀ ਲਿਖਦੇ ਹਨ ਕਿ ਸਭ ਨੂੰ ਰੋਜ਼ੀ ਦੇਣ ਵਾਲੇ ਪਰਮਾਤਮਾ ਦੀ ਭਗਤੀ ਕਿਉਂ ਨਾ ਕੀਤੀ ਜਾਵੇ। ਜਦੋਂ ਕਿ ਪਰਮਾਤਮਾ ਤੋਂ ਇਲਾਵਾ ਜੀਵਾਂ ਨੂੰ ਪਾਲਣ ਵਾਲਾ ਹੋਰ ਕੋਈ ਨਹੀਂ ਹੈ। ਭਗਤ ਧੰਨਾ ਜੀ ਲਿਖਦੇ ਹਨ ਕਿ ਹੇ ਜੀਵ! ਤੂੰ ਭਾਵੇਂ ਖੰਡਾਂ ਬ੍ਰਹਿਮੰਡ ਵਿਚ ਦੌੜਦਾ ਫਿਰ

ਪਰ ਅੰਤ ਵਿਚ ਉਹੋ ਹੀ ਹੋਣਾ ਜੋ ਪਰਮਾਤਮਾ ਨੂੰ ਭਾਉਂਦਾ ਹੈ। ਜੀਵ ਨੂੰ ਸਮਝਾਉਣ ਲਈ ਭਗਤ ਧੰਨਾ ਜੀ ਅਨੇਕ ਦ੍ਰਿਸ਼ਟਾਂਤ ਦਿੰਦੇ ਹਨ ਕਿ ਜਿਵੇਂ ਪਰਮਾਤਮਾ ਮਾਤਾ ਦੇ ਪੇਟ ਵਿਚ ਦਸਾਂ ਦਰਾਂ ਵਾਲਾ ਸਰੀਰ ਸਾਜਦਾ ਹੈ ਤੇ ਫਿਰ ਪੇਟ ਦੀ ਅਗਨਿ ਵਿਚ ਜੀਵ ਨੂੰ ਖ਼ੁਰਾਕ ਵੀ ਪੁਜਾਂਦਾ ਹੈ। ਕੁੰਮੀ ਪਾਣੀ ਵਿਚ ਹੁੰਦੀ ਹੈ ਤੇ ਉਸ ਦੇ ਬੱਚੇ ਪਾਣੀ ਤੋਂ ਬਾਹਰ ਹੁੰਦੇ ਹਨ, ਉਨ੍ਹਾਂ ਨੂੰ ਖੰਭਾਂ ਦੀ ਸੁਰੱਖਿਆ ਜਾਂ ਰਿਜ਼ਕ ਦੇਣ ਵਾਲਾ ਕੋਈ ਨਹੀਂ ਹੁੰਦਾ। ਇਹਨਾਂ ਬੱਚਿਆਂ ਦੀ ਰੱਖਿਆ ਕੇਵਲ ਪਰਮਾਤਮਾ ਆਪ ਹੀ ਕਰਦਾ ਹੈ। ਇਵੇਂ ਪੱਥਰ ਵਿਚ ਕੀੜਾ ਹੁੰਦਾ ਹੈ ਉਸ ਕੋਲ ਪੱਥਰ ਵਿਚੋਂ ਬਾਹਰ ਜਾਣ ਦਾ ਕੋਈ ਰਸਤਾ ਨਹੀਂ ਹੁੰਦਾ ਜਿਸ ਰਾਹੀਂ ਉਹ ਬਾਹਰ ਜਾ ਕੇ ਆਪਣੇ ਖਾਣੇ ਦਾ ਪ੍ਰਬੰਧ ਕਰ ਸਕੇ ਪਰਮਾਤਮਾ ਪੱਥਰ ਵਿਚਲੇ ਕੀੜੇ ਨੂੰ ਵੀ ਖਾਣਾ ਪੁਹਚਾਉਂਦਾ ਹੈ। ਭਗਤ ਧੰਨਾ ਜੀ ਤ੍ਰਿਸ਼ਨਾਲੂ ਜੀਵ ਨੂੰ ਸਮਝਾਉਂਦੇ ਹਨ ਕਿ ਬਹੁਤੀਆਂ ਤ੍ਰਿਸ਼ਨਾਵਾਂ ਨਾਲੋਂ ਪਰਮਾਤਮਾ ਦਾ ਨਾਮ ਜਪ, ਜਦੋਂ ਉਹ ਸਭ ਜੀਵਾਂ ਨੂੰ ਪਾਲ ਰਿਹਾ ਹੈ ਤਾਂ ਤੈਨੂੰ ਵੀ ਰਿਜ਼ਕ ਪੁਜਾਵੇਗਾ:

ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ ॥
ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ ॥੧॥ ਰਹਾਓ।।
ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ ॥
ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ ॥
ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ ॥
ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ ॥
ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ ॥
ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ ੪੮੮)

ਰਾਗ ਧਨਾਸਰੀ ਵਿਚਲੇ ਸ਼ਬਦ ਵਿਚ ਭਗਤ ਧੰਨਾ ਜੀ ਪਰਮਾਤਮਾ ਅਗੇ ਆਪਣੀ ਜ਼ਿੰਦਗੀ ਦੀਆ ਲੋੜਾਂ ਪੇਸ਼ ਕਰਦੇ ਹਨ। ਇਸ ਵਿਚ ਭਗਤ ਜੀ ਨੇ ਖਾਣ ਪੀਣ ਦੀਆਂ ਵਸਤਾਂ ਦਾਲ, ਸੀਧਾ, ਘਿਉ ਆਦਿ ਮੰਗੀਆਂ ਹਨ ਜਿਹੜੀਆਂ ਕਿ ਤੰਦਰੁਸਤ ਸਰੀਰ ਲਈ ਜ਼ਰੂਰੀ ਹਨ। ਭਗਤ ਜੀ ਪਰਮਾਤਮਾ ਤੋਂ ਅਜਿਹੇ ਅੰਨ ਦੀ ਮੰਗ ਕਰਦੇ ਹਨ ਜਿਹੜਾ ਪੈਲੀ ਨੂੰ ਸਤ ਵਾਰ ਵਾਹ ਕੇ ਉਪਜਾਇਆ ਹੋਵੇ, ਪਹਿਨਣ ਲਈ ਚੰਗੀ ਜੁੱਤੀ ਅਤੇ ਕੱਪੜੇ ਦੀ ਮੰਗ ਵੀ ਕੀਤੀ ਗਈ ਹੈ। ਪੀਣ ਲਈ ਲਵੇਰੀ ਗਊ ਜਾਂ ਭੇਸ ਦਾ ਦੁੱਧ ਮੰਗਦੇ ਹਨ। ਸਵਾਰੀ ਲਈ ਤੁਰਕ ਦੇਸ਼ ਦੀ ਘੋੜੀ ਦੀ ਵੀ ਮੰਗ ਕੀਤੀ ਹੈ। ਭਗਤ ਧੰਨਾ ਜੀ ਘਰ ਸੰਭਾਲਣ ਵਾਲੀ ਚੰਗੇ ਗੁਣਾਂ ਦੀ ਧਾਰਨੀ ਗ੍ਰਹਿਣੀ ਦੀ ਵੀ ਮੰਗ ਕਰਦੇ ਹਨ:

ਗੋਪਾਲ ਤੇਰਾ ਆਰਤਾ ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ ਰਹਾਉ ॥
ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥
ਪਨ੍ਹੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥੧॥

ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥
ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥੨॥ -

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ: 695)

ਇਹ ਸਭ ਜੀਵਨ ਦੀਆਂ ਬੁਨਿਆਦੀ ਅਤੇ ਆਦਰਸ਼ਕ ਲੋੜਾਂ ਕਿਸੇ ਵੀ ਸੰਸਾਰੀ ਭਗਤ ਦੇ ਸੁਖੀ ਲਈ ਅਤਿ ਲੋੜੀਦੀਆਂ ਹਨ। ਭਗਤ ਕਬੀਰ ਜੀ ਅਨੁਸਾਰ ਭੁੱਖੇ ਪੇਟ ਭਗਤੀ ਨਹੀਂ ਹੋ ਸਕਦੀ ਇਸ ਲਈ ਉਹ ਪਰਮਾਤਮਾ ਨੂੰ ਉਸ ਦੀ ਮਾਲਾ ਵਾਪਸ ਕਰ ਦਿੰਦੇ ਹਨ:

ਭੂਖੇ ਭਗਤਿ ਨ ਕੀਜੈ ॥ ਇਹ ਮਾਲਾ ਅਪਨੀ ਲੀਜੈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ: 656)

**ਭਗਤ ਧੰਨਾ ਜੀ ਦੁਆਰਾ ਰਚਿਤ ਬਾਣੀ ਦੀ ਸਿਧਾਂਤਕ ਵਿਚਾਰਧਾਰਾ:**

**ਪਰਮਾਤਮਾ ਸੰਬੰਧੀ:** ਭਗਤ ਧੰਨਾ ਜੀ ਨੇ ਆਪਣੀ ਬਾਣੀ ਵਿਚ ਪਰਮਾਤਮਾ ਸੰਬੰਧੀ ਅਨੇਕ ਨਾਂ ਵਰਤੇ ਹਨ, ਜਿਵੇਂ ਪ੍ਰਭੂ, ਪਰਮ-ਪੁਰਖ, ਅਛਲੀ, ਧਰਣੀਧਰ, ਦਯਾਲ, ਦਮੋਦਰ, ਕਰਤਾ, ਪਰਮਾਨੰਦ, ਮਨੋਹਰ ਆਦਿ। ਨਾਮਕਰਣ ਦੀ ਦ੍ਰਿਸ਼ਟੀ ਤੋਂ ਭਾਵੇਂ ਭਗਤ ਧੰਨਾ ਜੀ ਨੇ ਪਰਮਾਤਮਾ ਲਈ ਅਨੇਕ ਨਾਂ ਵਰਤੇ ਹਨ ਪਰ ਮਨੁਖੀ ਵਤੀਰੇ ਦੇ ਸਬੰਧ ਵਿਚ ਇਸ 'ਸਤ' ਦਾ ਵਿਵਹਾਰ ਅਨੰਦਮਈ ਅਤੇ ਪਾਲਣਹਾਰ ਮੁਖ ਤੌਰ ਉਤੇ ਸਾਹਮਣੇ ਆਉਂਦਾ ਹੈ।

**ਪਰਮਾਨੰਦ:** ਮਨੁਖ ਦੀ ਪਰਮਾਤਮਾ ਨਾਲ ਮਿਲਾਪ ਦੀ ਅਵਸਥਾ ਪਰਮ ਅਨੰਦ ਦੀ ਅਵਸਥਾ ਹੈ। ਇਸ ਅਵਸਥਾ ਵਿਚ ਮਨੁਖ ਕੇਵਲ ਪਰਮਾਤਮਾ ਉਤੇ ਭਰੋਸਾ ਰਖ ਬਹੁਤੀਆਂ ਤ੍ਰਿਸ਼ਨਾਵਾਂ ਲਾਲਸਾਵਾਂ ਨੂੰ ਤਿਆਗ ਦਿੰਦਾ ਹੈ। ਇਸ ਅਨੰਦਮਈ ਸਰੂਪ ਨੂੰ ਮਨੁਖ ਕੇਵਲ ਅਨੁਭਵ ਕਰ ਸਕਦਾ ਹੈ ਇਸਦਾ ਪ੍ਰਗਟਾਵਾ ਕਰਨਾ ਉਸਦੇ ਵਸ ਵਿਚ ਨਹੀਂ:

ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ: 488)

ਭਗਤ ਧੰਨਾ ਜੀ ਦੱਸਦੇ ਹਨ ਕਿ ਵਿਕਾਰਾਂ ਵਿਚ ਗ੍ਰਸਤ ਮਨੁੱਖ ਪਰਮਾਤਮਾ ਦੇ ਨਾਮ ਰੂਪੀ ਮਿੱਠੇ ਫਲ ਨੂੰ ਛੱਡ ਕੇ ਵਿਕਾਰ ਰੂਪੀ ਫਲਾਂ ਦੇ ਜ਼ਹਿਰੀਲੇ ਸੁਆਦ ਨੂੰ ਮਾਣ ਰਿਹਾ ਹੈ, ਅਜਿਹੇ ਮਨੁੱਖ ਨੂੰ ਮਾਨਸਿਕ ਭਟਕਣਾ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਹਨਾਂ ਪਦਾਰਥਮਈ ਚੀਜ਼ਾਂ ਰਾਹੀਂ ਲੋਕਾਈ ਅਨੰਦ ਲੈਣ ਦੀ ਕੋਸ਼ਿਸ਼ ਕਰ ਰਹੀ ਹੈ ਉਹ 'ਬਿਖ ਫਲ' ਹਨ। ਬੇਸਮਝ ਮਨ ਇਹਨਾਂ ਥੋੜਚਿਰੀ ਚੀਜ਼ਾਂ ਵਿਚ ਹੀ ਮਸਤ ਹੈ ਜਿਹੜੀਆਂ ਕਿ ਮਨੁਖ ਦੇ ਫਿਰ ਜਨਮ-ਮਰਨ ਦਾ ਕਾਰਨ ਬਣਦੀਆਂ ਹਨ:

ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ 487)

**ਪਾਲਣਹਾਰ:** ਪਰਮਾਤਮਾ ਸਭ ਜੀਵਾਂ ਨੂੰ ਪਾਲਣਹਾਰ ਹੈ ਸਭ ਨੂੰ ਰਿਜ਼ਕ ਦੇਣ ਵਾਲਾ ਹੈ। ਪਰਮਾਤਮਾ ਮਾਤਾ ਦੇ ਪੇਟ ਵਿਚਲੀ ਅਗਨੀ ਵਿਚ ਵੀ ਬੱਚੇ ਨੂੰ ਖੁਰਾਕ ਦਿੰਦਾ ਹੈ:

ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ ॥

ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ 488)

ਕੁੰਮੀ ਪਾਣੀ ਵਿਚ ਹੁੰਦੀ ਹੈ ਉਸਦੇ ਬੱਚੇ ਪਾਣੀ ਤੋਂ ਬਾਹਰ ਹੁੰਦੇ ਹਨ ਉਹਨਾਂ ਦੇ ਮੂੰਹ ਵਿਚ ਵੀ ਪਰਮਾਤਮਾ ਆਹਾਰ ਦਿੰਦਾ ਹੈ:

ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ 488)

ਇਵੇਂ ਪੱਥਰ ਵਿਚਲਾ ਕੀੜਾ ਜਿਹੜਾ ਪੱਥਰ ਵਿਚੋਂ ਬਾਹਰ ਨਹੀਂ ਆ ਸਕਦਾ ਉਸਨੂੰ ਪਰਮਾਤਮਾ ਪੱਥਰ ਵਿਚ ਹੀ ਰਿਜ਼ਕ ਪੁਜਾਉਂਦਾ ਹੈ:

ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ ॥
ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ 488)

**ਜੀਵ:** ਭਗਤ ਧੰਨਾ ਜੀ ਦੀ ਰਚਨਾ ਮੁਖ ਤੌਰ ਤੇ ਮਨੁਖਾ ਜੀਵ ਉੱਤੇ ਕੇਂਦਰਿਤ ਹੈ। ਭਗਤ ਧੰਨਾ ਜੀ ਅਪਣੀ ਬਾਣੀ ਵਿਚ ਲਿਖਦੇ ਹਨ ਕਿ ਮਨੁਖ ਝੂਠੇ ਬਿਖ ਫਲਾਂ ਮਗਰ ਲਗ ਆਪਣਾ ਸਭ ਕੁਝ ਗਵਾ ਦਿੰਦਾ ਹੈ, ਉਸਦਾ ਸਰੀਰ ਨਾਸ ਹੋ ਜਾਂਦਾ ਹੈ ਮਨ ਭਟਕਦਾ ਰਹਿੰਦਾ ਹੈ, ਧਨ ਵੀ ਕੋਲ ਟਿਕਿਆ ਨਹੀਂ ਰਹਿੰਦਾ। ਮਨੁਖ ਪਦਾਰਥਾਂ ਅਤੇ ਕਾਮ ਵਾਸ਼ਨਾ ਰੂਪੀ ਬਿਖ ਫਲਾਂ ਮਗਰ ਲਗ ਕੇ ਮਨ ਵਿਚੋਂ ਪਰਮਾਤਮਾ ਦੇ ਹੀਰੇ ਵਰਗੇ ਨਾਮ ਨੂੰ ਵਿਸਾਰ ਦਿੰਦਾ ਹੈ:

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥
ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ 487)

ਮਨੁਖ ਪਰਮਾਤਮਾ ਦਾ ਸਿਮਰਨ ਛਡ ਕੇ ਅਪਣੀ ਤ੍ਰਿਸ਼ਨਾ ਦੀ ਪੂਰਤੀ ਵਾਲੇ ਕਾਰਜਾਂ ਵਿਚ ਰੁਝਿਆ ਹੋਇਆ ਹੈ। ਪਰ ਇਹ ਖਿਆਲ ਨਹੀਂ ਕਰਦਾ ਕਿ ਉਹ ਭਾਵੇਂ ਖੰਡਾਂ-ਬ੍ਰਹਿਮੰਡਾਂ ਤਕ ਦੌੜ ਲਵੇ ਪਰ ਅੰਤ ਨੂੰ ਜੋ ਪਰਮਾਤਮਾ ਨੇ ਕਰਨਾ ਉਹੀ ਹੋਣਾ ਹੈ:

ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ ॥
ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ 488)

ਸਾਰ ਅੰਸ਼ ਵਜੋਂ ਗਿਣਤੀ ਪੱਖੋਂ ਭਾਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਧੰਨਾ ਜੀ ਦੇ ਕੇਵਲ ਤਿੰਨ ਸ਼ਬਦ ਦਰਜ ਹਨ, ਪਰ ਗੁਰਮਤ ਸਿਧਾਂਤਕ ਪੱਖ ਤੋਂ ਇਹਨਾਂ ਦਾ ਬਹੁਤ ਵੱਡਾ ਯੋਗਦਾਨ ਹੈ ਭਗਤ ਧੰਨਾ ਜੀ ਦੇ ਰਚਿਤ ਇਹ ਸ਼ਬਦ ਅਧਿਆਤਮਕ ਜਿਗਿਆਸੂਆਂ ਨੂੰ ਪਰਮਾਰਥ ਦੀ ਸੇਧ ਦੇਣ ਵਾਲੇ ਹਨ। ਭਗਤ ਧੰਨਾ ਜੀ ਨੇ ਸੰਸਾਰਕ ਜੀਵਨ ਜਿਉਂਦਿਆਂ ਹੋਇਆ ਪ੍ਰਭੂ

ਭਗਤੀ ਦ੍ਰਿੜ੍ਹ ਕਰਵਾਈ ਹੈ। ਭਗਤ ਧੰਨਾ ਜੀ ਨੇ ਪਰਮਾਤਮਾ ਦੇ ਨਿਰਮਲ ਭਰ ਦੇ ਨਾਲ- ਨਾਲ ਉਸ ਉੱਤੇ ਪੂਰਨ ਭਰੋਸਾ ਦ੍ਰਿੜ੍ਹ ਕਰਵਾਇਆ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਧੰਨਾ ਜੀ ਦੀ ਬਾਣੀ:**

**ਰਾਗ ਆਸਾ, ਅੰਕ: 487**

(1) ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥
ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥੧॥ ਰਹਾਉ ॥
ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥
ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ ॥੧॥
ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ ॥
ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ ॥੨॥
ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥
ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥੩॥
ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥
ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥੪॥੧॥

**ਰਾਗ ਆਸਾ, ਅੰਕ: 488**

(2) ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ ॥
ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ ॥੧॥ ਰਹਾਉ ॥
ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ ॥
ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ ॥੧॥
ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ ॥
ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ ॥੨॥
ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ ॥
ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ ॥੩॥੩॥ -

**ਰਾਗ ਧਨਾਸਰੀ, ਅੰਕ 695**

ਗੋਪਾਲ ਤੇਰਾ ਆਰਤਾ ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ ਰਹਾਉ ॥
ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥

ਪਨ੍ਹੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥੧॥
ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥
ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥੨॥੪॥

**ਪੜ੍ਹਨ ਲਈ ਸਮਗਰੀ:**


1. ਸਾਹਿਬ ਸਿੰਘ, **ਭਗਤ ਬਾਣੀ ਸਟੀਕ**, ਸਿੰਘ ਬ੍ਰਦਰਜ਼, ਅੰਮ੍ਰਿਤਸਰ,
2. ਸਰਬਜਿੰਦਰ ਸਿੰਘ, (ਸੰਪਾ.), **ਨਾਨਕ ਪ੍ਰਕਾਸ਼ ਪਤ੍ਰਿਕਾ( ਭਗਤ ਬਾਣੀ ਵਿਸ਼ੇਸ਼ ਅੰਕ),** ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ ਦੂਜਾ-ਦਸੰਬਰ 2003
3. ਅੰਮ੍ਰਿਤਪਾਲ ਕੌਰ, (ਮੁੱਖ ਸੰਪਾ.), **ਖੋਜ ਪਤ੍ਰਿਕਾ (ਬਾਣੀਕਾਰ ਵਿਸ਼ੇਸ਼ ਅੰਕ),** ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ 57-ਮਾਰਚ 2003.
4. ਰੂਪ ਸਿੰਘ (ਸੰਪਾ.), **ਸੇ ਭਗਤ ਸਤਿਗੁਰ ਮਨਿ ਭਾਏ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2009.
5. ਗਿਆਨੀ ਪ੍ਰਤਾਪ ਸਿੰਘ, **ਭਗਤ ਦਰਸ਼ਨ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003
6. ਜਸਵੰਤ ਸਿੰਘ, ਜ਼ਫਰ, **ਭਗਤੁ ਸਤਿਗੁਰੂ ਹਮਾਰਾ,** ਚੇਤਨਾ ਪ੍ਰਕਾਸ਼ਨ, ਲੁਧਿਆਣਾ, 2016

ਪਾਠ ਨੰਬਰ : 3.5 ਲੇਖਕ : **ਸੁਖਜਿੰਦਰ ਕੌਰ**

## ਭਗਤ ਤ੍ਰਿਲੋਚਨ ਜੀ ਦੀ ਬਾਣੀ ਦਾ ਸਿਧਾਂਤਕ ਪਖ

ਭਗਤ ਤ੍ਰਿਲੋਚਨ ਜੀ ਦਾ ਜਨਮ 1267 ਈ.ਦੇ ਲਗਪਗ ਮਹਾਰਾਸ਼ਟਰ ਦੇ ਜਿਲ੍ਹਾ ਸ਼ੋਲਾਪੁਰ ਦੇ ਪਿੰਡ 'ਬਾਰਸੀ' ਵਿਚ ਹੋਇਆ। ਭਗਤ ਤ੍ਰਿਲੋਚਨ ਜੀ ਦੇ ਮਾਤਾ ਪਿਤਾ ਜਾਂ ਹੋਰ ਕਿਸੇ ਸਕੇ ਸੰਬੰਧੀਆਂ ਬਾਰੇ ਕੋਈ ਪੁਖਤਾ ਜਾਣਕਾਰੀ ਨਹੀਂ ਮਿਲਦੀ। ਭਗਤ ਤ੍ਰਿਲੋਚਨ ਜੀ ਦਾ ਭਗਤ ਨਾਮਦੇਵ ਜੀ ਵਾਂਗ 'ਬੀਠਲੁ' ਨੂੰ ਸ਼ਰਨ ਦੇਣ ਲਈ ਪੁਕਾਰਨ ਤੋਂ, ਉਹਨਾਂ ਦੇ ਨਿਵਾਸ ਸਥਾਨ ਬਾਰੇ ਸੰਕੇਤ ਪ੍ਰਾਪਤ ਹੁੰਦੇ ਹਨ। ਇਹ ਵੀ ਮੰਨਿਆ ਜਾਂਦਾ ਹੈ ਕਿ ਭਗਤ ਨਾਮਦੇਵ ਜੀ ਅਤੇ ਭਗਤ ਤ੍ਰਿਲੋਚਨ ਜੀ ਆਪਸ ਵਿਚ ਮਿਤਰ ਸਨ। ਭਾਈ ਗੁਰਦਾਸ ਜੀ ਵੀ ਇਹਨਾਂ ਦੀ ਮਿਤਰਤਾ ਬਾਰੇ ਲਿਖਦੇ ਹਨ ਕਿ ਭਗਤ ਤ੍ਰਿਲੋਚਨ ਜੀ ਹਰ ਰੋਜ਼ ਸਵੇਰ ਵੇਲੇ ਭਗਤ ਨਾਮਦੇਵ ਜੀ ਦੇ ਦਰਸ਼ਨ ਕਰਨ ਜਾਂਦੇ ਸੀ। ਫਿਰ ਦੋਵੇਂ ਬੈਠ ਕੇ ਭਗਤੀ ਕਰਦੇ ਤੇ ਭਗਤ ਨਾਮਦੇਵ ਜੀ, ਭਗਤ ਤ੍ਰਿਲੋਚਨ ਜੀ ਨੂੰ ਪਰਮਾਤਮਾ ਦੇ ਕੌਤਕ ਸੁਣਾਉਂਦੇਸਨ:

ਦਰਸਨੁ ਵੇਖਣੁ ਨਾਮਦੇਵ ਭਲਕੇ ਉਠਿ ਤ੍ਰਿਲੋਚਨ ਆਵੈ।।
ਭਗਤਿ ਕਰਨ ਮਿਲਿ ਦੁਇ ਜਣੇ ਨਾਮਦੇਉ ਹਰਿ ਚਲਿਤੁ ਸੁਣਾਵੈ
(ਵਾਰਾਂ ਭਾਈ ਗੁਰਦਾਸ ਜੀ, 10/12)

ਭਾਵੇਂ ਕਿ ਭਗਤ ਤ੍ਰਿਲੋਚਨ ਜੀ ਦਾ ਜੋਤੀ ਜੋਤ ਸਮਾਉਣ ਸਮੇਂ ਬਾਰੇ ਪੁਖਤਾ ਜਾਣਕਾਰੀ ਨਹੀਂ ਮਿਲਦੀ ਫਿਰ ਵੀ 1335 ਈ. ਦੇ ਲਗਪਗ ਆਪ ਜੀ ਦਾ ਜੋਤੀ ਜੋਤ ਸਮਾਉਣ ਦਾ ਸਮਾਂ ਮੰਨਿਆ ਜਾਂਦਾ ਹੈ।

**ਬਾਣੀ ਰਚਨਾ:** ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਭਗਤ ਤ੍ਰਿਲੋਚਨ ਜੀ ਦੇ ਤਿੰਨ ਰਾਗਾਂ (ਸਿਰੀ ਰਾਗ, ਗੂਜਰੀ ਅਤੇ ਧਨਾਸਰੀ) ਵਿਚ ਚਾਰ ਪਦੇ ਦਰਜ ਹਨ। ਉਹਨਾਂ ਨੇ ਸਰਗੁਣ ਭਗਤੀ ਤੋਂ ਨਿਰਗੁਣ ਭਗਤੀ ਧਾਰਨ ਕੀਤੀ। ਭਗਤ ਤ੍ਰਿਲੋਚਨ ਜੀ ਨੇ ਮਾਇਆ ਦੇ ਲੋਭ ਦੇ ਟਾਕਰੇ ਵਿਚ ਨਾਮ-ਭਗਤੀ ਨੂੰ ਮਹਾਨਤਾ ਦਿਤੀ ਹੈ ਉਹਨਾਂ ਨੇ 'ਵਣ ਤ੍ਰਿਣਿ ਰਤੜਾ ਨਾਰਾਇਣ' ਵੇਖਿਆ ਹੈ ਜਿਸ ਕਰਕੇ ਉਹ ਬਾਹਰੀ ਕਰਮਕਾਂਡਾ ਦੇ ਤਿਆਗ ਉਤੇ ਜ਼ੋਰ ਦਿੰਦੇ ਹਨ। ਭਗਤ ਤ੍ਰਿਲੋਚਨ ਜੀ ਅਨੁਸਾਰ ਪਰਮਾਤਮਾ ਦੀ ਪ੍ਰਾਪਤੀ ਕਰਮਕਾਂਡਾ ਰਾਹੀਂ ਸੰਭਵ ਨਹੀਂ ਹੈ, ਉਹਨਾ ਅਨੁਸਾਰ ਤੀਰਥ ਯਾਤਰਾਵਾਂ ਕਰਨੀਆਂ, ਤੀਰਥਾਂ ਉਤੇ ਜਾ ਕੇ ਇਸ਼ਨਾਨ ਕਰਨੇ, ਮੰਗ ਕੇ ਖਾਣਾ, ਗੋਦੜੀ ਅਤੇ ਕੰਨਾਂ ਦੇ ਵਾਲਿਆਂ ਦਾ ਵਿਖਾਵਾ ਕਰਨਾ, ਮਸਾਣਾਂ ਦੀ ਸੁਆਹ ਸਰੀਰ ਉਤੇ ਮਲਣੀ ਆਦਿ ਸਭ ਕਰਮਕਾਂਡ ਮਨ ਦੀ ਨਿਰਮਲਤਾ ਵਗੈਰ ਵਿਆਰਥ ਹਨ:

ਅੰਤਰ ਮਲਿ ਨਿਰਮਲੁ ਨਹੀਂ ਕੀਨਾ ਬਾਹਰਿ ਭੇਖ ਉਦਾਸੀ।।
ਹਿਰਦੈ ਕਪਲੁ ਘਟਿ ਬ੍ਰਹਮ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ।।
((ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ: 525)

ਭਗਤ ਤ੍ਰਿਲੋਚਨ ਜੀ ਦੁਆਰਾ ਰਚਿਤ ਬਾਣੀ 'ਗੁਰਮਤ ਵਿਚਾਰਧਾਰਾ' ਅਨੁਸਾਰੀ ਹੈ, ਜਿਹੜੀ ਕਿ ਉਹਨਾਂ ਦੇ (ਆਤਮਕ) ਵਿਅਕਤਿਤਵ ਦੇ ਦਰਸ਼ਨ ਕਰਵਾਉਂਦੀ ਹੈ।

**ਭਗਤ ਤ੍ਰਿਲੋਚਨ ਜੀ ਦੀ ਬਾਣੀ ਰਚਨਾ ਤਰਤੀਬ:**

| ਰਾਗ | ਸ੍ਰੀ ਗੁਰੂ ਗ੍ਰੰਥ ਪੰਨਾ | ਸਬਦ ਗਿਣਤੀ | ਕੁਲ ਬੰਦ | ਪਦ ਤੁਕਾਂ | ਰਹਾਉ ਤੁਕਾਂ | ਕੁਲ ਤੁਕਾਂ |
|---|---|---|---|---|---|---|
| ਸਿਰੀ ਰਾਗ | 92 | 1 | 5 | 2 | 5 | 15 |
| ਗੂਜਰੀ | 525-26 | 2 | 1) -4<br>2) -5 | 1) -2<br>2) -2 | -2<br>2) -1 | 1) -10<br>2) -11 |
| ਧਨਾਸਰੀ | 695 | 1 | 6 | 1) – 3<br>2)– 6) 2# | 2 | 15 |

1). ਕੁਲ ਸ਼ਬਦ: -4

2) ਕੁਲ ਬੰਦ: 20 (5+4+5+6)

3) ਕੁਲ ਤੁਕਾਂ:51 (15+10+11+15)

#ਇਸ ਸਬਦ ਵਿਚ ਪਹਿਲੇ ਬੰਦ ਦੀਆਂ ਦੋ ਤੁਕਾਂ ਰਹਾਓ ਦੀਆਂ ਤੁਕਾਂ ਬਾਅਦ, ਅਗਲਾ ਪਹਿਲਾ ਬੰਦ 3 ਤੁਕਾਂ ਦਾ ਅਤੇ ਬੰਦ 2 ਤੋਂ 6, 2-2 ਤੁਕਾਂ ਦੇ ਹਨ, ਪਹਿਲੀ ਤੁਕ ਲੰਮੀ ਤੇ ਦੂਸਰੀ ਛੋਟੀ ਹੈ।

**1. ਭਗਤ ਤ੍ਰਿਲੋਚਨ ਜੀ ਦੁਆਰਾ ਰਚਿਤ ਬਾਣੀ ਦੀ ਸਿਧਾਂਤਕ ਵਿਚਾਰਧਾਰਾ:**

ਗੁਰਬਾਣੀ ਵਿਚਲੇ ਮਨੁਖੀ ਚੇਤਨਾ ਨਾਲ ਸੰਬੰਧਿਤ ਤਿੰਨ ਮੁੱਖ ਸਵਾਲ ਪਰਮਾਤਮਾ, ਜਗਤ ਅਤੇ ਜੀਵਨਵਿਚੋਂ ਭਗਤ ਜੀ ਦੀ ਬਾਣੀ ਦਾ ਮੁਖ ਤੌਰ ਤੇ ਕੇਂਦਰੀ ਭਾਵ ਮਨੁਖਾ ਜੀਵਨ ਹੈ, ਪਰ ਉਹਨਾ ਨੇ ਪਰਮਾਤਮਾ, ਕਰਮ ਸਿਧਾਂਤ ਅਤੇ ਮਾਇਆ ਸੰਬੰਧੀ ਵੀ ਅਪਣੇ ਵਿਚਾਰ ਪ੍ਰਗਟਾਏ ਹਨ। ਮਨੁਖ ਦੁਆਰਾ ਉਸਦੇ ਜੀਵਨ ਕਾਲ ਦੌਰਾਨ ਕੀਤੇ ਕਰਮਾਂ ਦੇ ਅੰਤਲੇ ਸਮੇਂ ਪਏ ਪ੍ਰਭਾਵ ਨੂੰ ਵੀ ਬਿਆਨ ਕੀਤਾ ਹੈ।

**(1.1) ਪਰਮਾਤਮਾ ਸੰਬੰਧੀ:**

ਭਗਤ ਤ੍ਰਿਲੋਚਨ ਜੀ ਨੇ ਆਪਣੀ ਬਾਣੀ ਵਿਚ ਪਰਮਾਤਮਾ ਸੰਬੰਧੀ ਅਨੇਕ ਨਾਂ ਵਰਤੇ ਹਨ, ਜਿਵੇਂ ਬੀਠੁਲ, ਨਾਰਾਇਣ, ਰਾਮ, ਬ੍ਰਹਮੁ, ਪਰਮਾਨੰਦ, ਨਿਰਬਾਣ, ਗੋਬਿੰਦ ਅਤੇ ਪੀਤੰਬਰ ਆਦਿ। ਭਗਤ ਜੀ ਨਿਰਗੁਣ ਪਰਮਾਤਮਾ ਦੇ ਸਰੂਪ ਨੂੰ ਬਿਆਨਦੇ

ਸਮੇਂ ਉਸਦੇ ਲਈ ਮਾਨਵੀ ਸ਼ਬਦਾਂ ਦਾ ਪ੍ਰਯੋਗ ਵਧੇਰੇ ਕਰਦੇ ਹਨ। ਭਗਤ ਜੀ ਦੀ ਬਾਣੀ ਵਿਚ ਜੋ ਪਰਮਾਤਮਾ ਦਾ ਸਰੂਪ ਬਿਆਨਿਆ ਹੈ ਉਹ ਹੇਠ ਲਿਖੇ ਪੰਜ ਪ੍ਰਕਾਰ ਦਾ ਹੈ।

**ਪਿਆਰਾ**-ਭਗਤ ਤ੍ਰਿਲੋਚਨ ਜੀ ਪਰਮਾਤਮਾ ਨੂੰ ਅਪਣੇ ਪਿਆਰੇ ਦੇ ਰੂਪ ਵਿਚ ਵੇਖਦੇ ਹਨ। ਜਿਹੜਾ ਉਹਨਾਂ ਨੂੰ ਮਾਇਆ ਦੇ ਬੰਧਨਾਂ ਦੀ ਫਾਹੀ ਤੋਂ ਛੁਡਵਾ ਸਕਦਾ ਹੈ।

ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ॥
ਮਿਲੁ ਮੇਰੇ ਰਮਈਆ ਮੈ ਲੇਹਿ ਛਡਾਇ॥
((ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ:92 )

**ਸਰਵਵਿਆਪਕ**- ਭਗਤ ਤ੍ਰਿਲੋਚਨ ਜੀ ਪਰਮਾਤਮਾ ਨੂੰ ਸਰਵਵਿਆਪਕ ਮੰਨਦੇ ਹਨ, ਉਹਨਾਂ ਅਨੁਸਾਰ ਪਰਮਾਤਮਾ ਨਿਕੇ ਜਿਹੇ ਤਿਨਕੇ ਤੋਂ ਲੈ ਕੇ ਸਾਰੀ ਬਨਸਪਤੀ ਅਤੇ ਤਿੰਨਾਂ ਲੋਕਾਂ ਭਾਵ ਸਭ ਥਾਂ ਵਿਆਪਕ ਹੈ:

ਜੇ ਕੁ ਮੂੰ ਉਪਦੇਸੁ ਕਰਤੁ ਹੈ ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ॥
((ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ: 92)

**ਅੰਤਰਜਾਮੀ**- ਭਗਤ ਤ੍ਰਿਲੋਚਨ ਜੀ ਨੇ ਅਪਣੀ ਬਾਣੀ ਵਿਚ ਪਰਮਾਤਮਾ ਨੂੰ 'ਘਟਿ ਘਟਿ' ਦੀ ਜਾਣਦਾ ਦਸਿਆ ਹੈ। ਉਹਨਾਂ ਅਨੁਸਾਰ ਪਰਮਾਤਮਾ ਤੋਂ ਕੁਝ ਵੀ ਲੁਕਿਆ ਛੁਪਿਆ ਨਹੀਂ ਹੈ। ਭਗਤ ਤ੍ਰਿਲੋਚਨ ਜੀ ਅਨੁਸਾਰ ਪਰਮਾਤਮਾ ਦੇ ਅੰਦਰ ਵਸਦੇ ਦੀ ਸੋਝੀ ਨਾ ਹੋਣ ਕਾਰਨ 'ਭਰਮੁ ਵਿਚ ਭੁਲੀ ਲੋਕਾਈ' ਕਰਮਕਾਂਡਾ ਵਿਚ ਫਸ ਕੇ ਬਾਹਰੀ ਭੇਖ ਵਿਚ ਹੀ ਉਲਝੀ ਪਈ ਹੈ, ਅੰਦਰਲੇ ਬ੍ਰਹਮ ਨੂੰ ਪਛਾਣਦੀ ਹੀ ਨਹੀਂ:

ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ: 381)
ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ
ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਾ ਕਾਹੇ ਭਇਆ ਸੰਨਿਆਸੀ॥
((ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ: 525)

**ਅਨੰਦ ਸਰੂਪ**- ਭਗਤ ਤ੍ਰਿਲੋਚਨ ਜੀ ਦਾ ਪਰਮਾਤਮਾ ਅਨੰਦ ਸਰੂਪ ਹੈ, ਮਾਇਆਵੀ ਖੁਸ਼ੀਆਂ ਪਰਮਾਤਮਾ ਦੇ ਸਾਹਮਣੇ ਥੋੜਚਿਰੀਆਂ ਹਨ, ਇਹਨਾਂ ਮਾਇਆਵੀ ਥੋੜਚਰੀਆਂ ਖੁਸ਼ੀਆਂ ਵਿਚ ਗਲਤਾਨ ਹੋ ਕੇ ਮਨੁਖ ਪਰਮਅਨੰਦ ਸਰੂਪ ਪਰਮਾਤਮਾ ਨੂੰ ਪਛਾਣਦਾ ਹੀ ਨਹੀਂ:

ਭਰਮੇ ਭੂਲੀ ਰੇ ਜੈ ਚੰਦਾ॥ ਨਹੀ ਨਹੀ ਚੀਨ੍ਿਆ ਪਰਮਾਨੰਦਾ॥
((ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ: 526)

**ਕਰਤਾ ਪੁਰਖ**- ਪਰਮਾਤਮਾ ਸਭ ਜੀਵਾਂ ਨੂੰ ਪੈਦਾ ਕਰਨ ਵਾਲਾ ਹੈ। ਉਹ ਸਾਰੀਆਂ ਚੀਜ਼ਾਂ ਨੂੰ ਪੈਦਾ ਕਰਕੇ, ਉਹਨਾਂ ਵਿਚ ਸਰਵਵਿਆਪਕ ਹੋਣ ਦੇ ਨਾਲ-ਨਾਲ ਨਿਰਬਾਣ ਵੀ ਹੈ:

ਲਖ ਚਉਰਾਸੀਹ ਜਿਨਿ੍ ਉਪਾਈ ਸੋ ਸਿਮਰਹੁ ਨਿਰਬਾਣੀ।।
((ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ:526)

**(1.2) ਮਾਇਆ:**

ਭਗਤ ਤ੍ਰਿਲੋਚਨ ਜੀ ਮਾਇਆ ਨੂੰ ਜਗਤ ਦੀ ਮਿਥਿਆ ਦੇ ਰੂਪ ਵਿਚ ਨਹੀਂ ਵੇਖਦੇ। ਭਗਤ ਜੀ ਮਾਇਆ ਨੂੰ ਮੋਹ, ਹਉਮੈ, ਕੁਟੰਬ, ਸੰਸਾਰਕ ਖਲਜਗਣਾਂ, ਪਰਾਈ ਮੈਲ (ਪਰ ਘਰਿ ਜੋਰਹਿ),ਆਦਿ ਦੇ ਅਰਥਾਂ ਵਿਚ ਲੈਂਦੇ ਹਨ। ਭਗਤ ਜੀ ਅਨੁਸਾਰ ਮਾਇਆ ਅਜਿਹਾ ਮੋਹ ਜਾਂ ਤ੍ਰਿਸ਼ਨਾ ਹੈ, ਜਿਹੜੀ ਮਨੁਖ ਨੂੰ ਬੁਢਾਪਾ ਜਾਂ ਮੌਤ ਭੁਲਾ ਕੇ ਸਦੀਵੀ ਰਹਿਣ ਦੇ ਭਰਮ ਭੁਲੇਖੇ ਵਿਚ ਪਾਈ ਰਖਦੀ ਹੈ। ਮਨੁਖ ਪਦਾਰਥਕ ਪਸਾਰਿਆ ਨੂੰ ਦੇਖ ਦੇਖ ਕਮਲ ਦੇ ਫੂਲ ਵਾਂਗ ਵਿਗਸਦਾ ਹੈ:

ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ ਜਰਾ ਮਰਣੁ ਭਉ ਵਿਸਰਿ ਗਇਆ।।
ਕੁਟੰਬੁ ਦੇਖਿ ਬਿਗਸਹਿ ਕਮਲਾ ਜਿਉ ਪਰ ਘਰਿ ਜੋਹਹਿ ਕਪਟ ਨਰਾ।।
((ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ: 92)

ਭਗਤ ਤ੍ਰਿਲੋਚਨ ਜੀ ਅਨੁਸਾਰ ਬਾਹਰੀ ਭੇਖ ਅਤੇ ਕਰਮਕਾਂਡ ਆਦਿ ਵੀ ਮਾਇਆ ਦਾ ਹੀ ਰੂਪ ਹਨ। ਭੇਖਧਾਰੀ ਜਾਂ ਕਰਮਕਾਂਡੀ ਲੋਕ ਧਾਰਮਿਕ ਹੋਣ ਦਾ ਵਿਖਾਵਾ ਕਰੀ ਜਾਂਦੇ ਹਨ ਤੇ ਘਰ ਘਰ ਤੋਂ ਮੰਗ ਕੇ ਖਾਂਦੇ ਹਨ, ਗੋਗੜਾਂ ਵਧਾ ਕੇ ਰੋਗਾਂ ਦਾ ਸ਼ਿਕਾਰ ਹੁੰਦੇ ਹਨ, ਅਸਲ ਵਿਚ ਇਹਨਾਂ ਭੇਖੀ ਲੋਕਾਂ ਨੇ ਪਰਮਾਤਮਾ ਦੇ ਨਾਮ ਤਤ ਨੂੰ ਜਾਣਿਆ ਹੀ ਨਹੀਂ ਹੁੰਦਾ:

ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ।।
ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ।।
((ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ:526)

**(1.3.) ਕਰਮ ਸਿਧਾਂਤ:**

ਭਗਤ ਤ੍ਰਿਲੋਚਨ ਜੀ ਧਨਾਸਰੀ ਰਾਗ ਵਿਚ ਲਿਖਦੇ ਹਨ ਕਿ ਮਨੁਖ ਜਿਹੋ ਜਿਹੇ ਕਰਮ ਕਰਦਾ ਉਹੋ ਜਿਹਾ ਹੀ ਫਲ ਭੁਗਤਦਾ ਹੈ ਕਿਉਂਕਿ ਪੂਰਬਲਾ ਕੀਤਾ ਕਰਮ ਮਿਟਦਾ ਨਹੀਂ, ਇਸ ਪੂਰਬਲੇ ਕਰਮ ਦਾ ਫਲ਼ ਉਸਨੂੰ ਉਸਦੀ ਇਛਾ ਅਨੁਸਾਰ ਅਗਲੇ ਜਨਮ ਵਿਚ ਮਿਲਦਾ ਹੈ। ਚੰਗੇ ਮਾੜੇ ਕਰਮਾਂ ਲਈ ਪਰਮਾਤਮਾ ਨੂੰ ਨਿੰਦਣਾ ਨਹੀਂ ਚਾਹੀਦਾ ਕਿਉਂਕਿ ਇਹ ਤਾਂ ਮਨੁਖ ਦੇ ਅਪਣੇ ਕੀਤੇ ਕਰਮਾਂ ਦਾ ਹੀ ਫਲ ਹੁੰਦਾ ਹੈ:

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥
ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥ ੧ ॥ ਰਹਾਉ॥
((ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ: 695)

ਭਗਤ ਤ੍ਰਿਲੋਚਨ ਜੀ ਅਨੁਸਾਰ ਚੰਦਰਮਾ, ਅਰੁਣ, ਸਿਵਜੀ, ਸਮੁੰਦਰ, ਹਨੂੰਮਾਨ ਆਦਿ ਨੇ ਵੀ ਕਰਮਾਂ ਦਾ ਫਲ ਭੁਗਤਿਆ ਹੈ। ਮਨੁਖ ਦਾ ਅਸਲ ਮਨੋਰਥ ਬ੍ਰਹਮ ਨੂੰ ਪਛਾਨਣਾ ਹੈ। ਜਿਹੜਾ ਕਿ ਫਜ਼ੂਲ ਦੇ ਕਰਮਕਾਂਡਾਂ, ਦਿਖਾਵਿਆ, ਤ੍ਰਿਸ਼ਨਾਵਾਂ ਆਦਿ ਨੂੰ ਤਿਆਗ ਕੇ ਨਿਰਮਲ ਮਨ ਨਾਲ ਅੰਤਰ ਵਸੈ ਨਿਰਬਾਣ ਪ੍ਰਭੂ ਦਾ ਸਿਮਰਨ ਕਰਨ ਨਾਲ ਪਛਾਣਿਆ ਜਾ ਸਕਦਾ ਹੈ:

ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ॥
ਕਰਮ ਕਰਿ ਕਪਾਲੁ ਮਫੀਟਸਿ ਰੀ॥੪॥
ਦਾਧੀ ਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ॥
ਕਰਮ ਕਰਿ ਕਛਉਟੀ ਮਫੀਟਸਿ ਰੀ॥੫॥
ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ॥
ਬਦਤਿ ਤ੍ਰਿਲੋਚਨ ਰਾਮ ਜੀ॥੬॥੧॥

((ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ: 695)

## 1. ਅੰਤਕਾਲ ਬਾਰੇ:

ਕਾਲ ਜਾਂ ਮੌਤ ਰੋਜ਼ਾਨਾ ਜੀਵਨ ਵਿਚ ਵਰਤੇ ਜਾਣ ਵਾਲੇ ਸ਼ਬਦ ਹਨ। ਸਾਧਾਰਣ ਕੋਸ਼ਗਤ ਅਰਥਾਂ ਅਨੁਸਾਰ ਕਾਲ ਦਾ ਅਰਥ ਹੈ 'ਸਮਾਂ ਜਾਂ ਵੇਲਾ' ਅਤੇ ਅੰਤ ਭਾਵ ਅੰਤਲਾ ਜਾਂ ਮੌਤ ਦਾ ਸਮਾਂ। ਭਗਤ ਤ੍ਰਿਲੋਚਨ ਜੀ ਦੀ ਬਾਣੀ ਅਨੁਸਾਰ ਪਰਮਾਤਮਾ ਸਰਬ ਵਿਆਪਕ ਹੈ, ਸਭ ਕੁਝ ਜਾਣਨ ਵਾਲਾ ਹੈ। ਮਾਇਆ ਦੇ ਮੋਹ ਵਿਚ ਫਸਣ ਕਰਕੇ ਮਨੁਖ ਅਤੇ ਪਰਮਾਤਮਾ ਵਿਥ ਪੈ ਜਾਂਦੀ ਹੈ ਤੇ ਮਨੁਖ ਮੌਤ ਨੂੰ ਭੁਲ ਕੇ ਪਰਮਾਤਮਾ ਤੋਂ ਦੂਰ ਹੋ ਜਾਂਦਾ ਹੈ। ਮੌਤ ਸਮੇਂ ਲੈਣ ਆ ਰਹੇ ਜਮਦੂਤ ਮਨੁਖ ਨੂੰ ਯਾਦ ਹੀ ਨਹੀਂ ਰਹਿੰਦੇ। ਇਹ ਮਾਇਆ ਸਦਾ ਨਾਲ ਨਿਭਣ ਵਾਲੀ ਨਹੀਂ ਹੈ। ਸੋ ਮਨੁਖ ਨੂੰ ਅੰਤਕਾਲ ਤਕ ਸਾਥ ਦੇਵ ਵਾਲੇ ਪਰਮਾਤਮਾ ਦੇ ਨਾਮ ਦੀ ਪੂੰਜੀ ਇਕਠੀ ਕਰਨੀ ਚਾਹੀਦੀ ਹੈ। ਭਗਤ ਤ੍ਰਿਲੋਸਨ ਜੀ ਗੂਜਰੀ ਰਾਗ ਵਿਚ ਮਨੁਖ ਦੇ ਅੰਤਕਾਲ ਦੀ ਭਾਵਨਾ ਪੇਸ਼ ਕਰਦੇ ਲਿਖਦੇ ਹਨ ਕਿ ਮਨੁਖ ਦੀ ਜਿਹੜੀ ਰੁਚੀ ਉਸਦੇ ਜੀਵਨ ਕਾਲ ਦੌਰਾਨ ਵਧੇਰੇ ਪ੍ਰਬਲ ਹੁੰਦੀ ਹੈ, ਅੰਤਲੇ ਸਮੇਂ ਵੀ ਉਸ ਦਾ ਧਿਆਨ ਉਸੇ ਵਿਚ ਹੁੰਦਾ ਹੈ ਤੇ ਅਗਲਾ ਜਨਮ ਮਨੁਖ ਨੂੰ ਉਸ ਦੀ ਇਸ ਇਛਾਪੂਰਤੀ ਲਈ ਹੀ ਮਿਲਦਾ ਹੈ। ਭਗਤ ਤ੍ਰਿਲੋਚਨ ਜੀ ਗੂਜਰੀ ਰਾਗ ਵਿਚ ਦਰਜ ਸ਼ਬਦ:

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸਰਪ ਜੋਨਿ ਵਲਿ ਵਲਿ ਅਉਤਰੈ॥੧॥
ਅਰੀ ਬਾਈ ਗੋਬਿੰਦ ਨਾਮੁ ਮਤਿ ਬੀਸਰੈ॥ ਰਹਾਉ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬੇਸਵਾ ਜੋਨਿ ਵਲਿ ਵਲਿ ਅਉਤਰੈ॥੨॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸੂਕਰ ਜੋਨਿ ਵਲਿ ਵਲਿ ਅਉਤਰੈ॥੩॥

ਅੰਤਿ ਕਾਲਿ ਜੋ ਮੰਦਰਿ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ॥੪॥
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥ ੫।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ 526)

ਇਸ ਸਬਦ ਵਿਚ 'ਅਰੀ ਬਾਈ ਗੋਬਿੰਦ ਨਾਮੁ ਮਤਿ ਬੀਸਰੈ' ਰਾਹੀਂ ਪਰਮਾਤਮਾ ਦਾ ਨਾਮ ਨਾ ਬਿਸਰਨ ਦੀ ਪ੍ਰੇਰਨਾ ਦਿਤੀ ਹੈ। ਕਿਉਂਕਿ ਜਿਉਂਦੇ ਜੀਅ ਉਪਰੋਕਤ ਦਸੀਆਂ ਚੀਜ਼ਾ ਤੋਂ ਛੁਟਰਾਕਾ ਪਾਉਣਾ ਔਖਾ ਹੈ ਪਰ ਫਿਰ ਵੀ ਨਾਮ ਸਿਮਰਨ ਕਰਕੇ ਅਤੇ ਮੌਤ ਨੂੰ ਯਾਦ ਰਖ ਕੇ ਇਹਨਾਂ ਚੀਜ਼ਾਂ ਦੇ ਮੋਹ ਉਪਰ ਕਾਬੂ ਕਰਕੇ ਪਰਮਤਾਮਾ ਨਾਲ ਪਿਆਰ ਪਾਇਆ ਜਾ ਸਕਦਾ ਹੈ। ਫਿਰ ਅੰਤਲੇ ਸਮੇਂ ਇਹਨਾਂ ਚੀਜ਼ਾਂ ਦੀ ਖਿਚ ਮਨ ਵਿਚ ਨਹੀਂ ਰਹਿੰਦੀ ਤੇ ਮਨੁਖ ਸੁਰਖੁਰੂ ਹੋ ਕੇ ਸੰਸਾਰ ਤੋਂ ਚਲਾ ਜਾਂਦਾ ਹੈ। ਭਗਤ ਤ੍ਰਿਲੋਚਨ ਜੀ ਅਨੁਸਾਰ ਜਿਹੜਾ ਮਨੁਖ ਅੰਤਲੇ ਸਮੇਂ ਪਰਮਾਤਮਾ ਨੂੰ ਛਡ ਕੇ ਲਛਮੀ ਨੂੰ ਸਿਮਰਦਾ ਹੈ ਉਹ ਅਗਲੇ ਜਨਮ ਵਿਚ 'ਸਪ ਦੀ ਜੂਨੀ' ਵਿਚ ਪੈਂਦਾ ਹੈ:

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸਰਪ ਜੋਨਿ ਵਲਿ ਵਲਿ ਅਉਤਰੈ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ:526)

ਜਿਹੜਾ ਮਨੁਖ ਕਾਮੀ ਬਿਰਤੀ ਰਾਹੀਂ ਅੰਤਲੇ ਸਮੇਂ ਵੀ ਇਸਤਰੀ ਨੂੰ ਯਾਦ ਕਰਦਾ ਹੈ ਉਹ ਅਗਲੇ ਜਨਮ ਵਿਚ ਬੇਸਵਾ ਦੀ ਜੂਨ ਵਿਚ ਪੈਂਦਾ ਹੈ।

ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬੇਸਵਾ ਜੋਨਿ ਵਲਿ ਵਲਿ ਅਉਤਰੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ:526)

ਜਿਹੜਾ ਮਨੁਖ ਅੰਤਲੇ ਸਮੇਂ ਅਪਣੀ ਔਲਾਦ ਨੂੰ ਸਿਮਰਦਾ ਰਹਿੰਦਾ ਹੈ, ਉਹ ਅਗਲੇ ਜਨਮ ਵਿਚ ਸੂਰ ਦੀ ਜੂਨ ਵਿਚ ਪੈਂਦਾ ਹੈ:

ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸੂਕਰ ਜੋਨਿ ਵਲਿ ਵਲਿ ਅਉਤਰੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ:526)

ਜਿਹੜਾ ਮਨੁਖ ਅੰਤਲੇ ਸਮੇਂ ਅਪਣੀ ਮਹਿਲ ਮਾੜੀਆਂ ਨੂੰ ਸਿਮਰਦਾ ਰਹਿੰਦਾ ਹੈ, ਉਹ ਅਗਲੇ ਜਨਮ ਵਿਚ ਪ੍ਰੇਤ ਦੀ ਜੂਨ ਵਿਚ ਪੈਂਦਾ ਹੈ।

ਅੰਤਿ ਕਾਲਿ ਜੋ ਮੰਦਰਿ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥

ਪ੍ਰੇਤਿ ਜੋਨਿ ਵਲਿ ਵਲਿ ਅਉਤਰੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ:526)

ਪਰ ਜਿਹੜਾ ਮਨੁਖ ਅੰਤਲੇ ਸਮੇਂ ਇਹਨਾਂ ਸਭਨਾਂ ਨੂੰ ਛਡ ਕੇ ਕੇਵਲ ਪਰਮਾਤਮਾ ਨੂੰ ਸਿਮਰਦਾ ਹੈ, ਭਗਤ ਤ੍ਰਿਲੋਚਨ ਜੀ ਕਹਿੰਦੇ ਹਨ ਕਿ ਪਰਮਾਤਮਾ ਉਸ ਮਨੁਖ ਦੇ ਹਿਰਦੇ ਵਿਚ ਵਸਦਾ ਹੈ ਤੇ ਉਹ ਮਨੁਖ ਮੁਕਤੀ ਪ੍ਰਾਪਤ ਕਰ ਲੈਂਦਾ ਹੈ।

ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ:526)

ਸਾਰ ਅੰਸ਼ ਵਜੋਂ ਭਗਤ ਤ੍ਰਿਲੋਚਨ ਜੀ ਉਪਰੋਕਤ ਸਿਧਾਂਤਾਂ ਪ੍ਰਤੀ ਮਨੁਖ ਨੂੰ ਸੁਚੇਤ ਕਰਕੇ ਪਰਮਾਤਮਾ ਨਾਲ ਜੁੜਨ ਦਾ ਉਪਦੇਸ਼ ਦਿੰਦੇ ਹਨ। ਕਿਉਂਕਿ ਸੰਸਾਰ ਦੁਖਾਂ ਦਾ ਘਰ ਹੈ ਜਿਸ ਵਿਚ ਬਾਰ-ਬਾਰ ਜਨਮ ਲੈਣ ਨਾਲ ਮਨੁਖ ਮੁੜ-ਮੁੜ ਦੁਖ ਭੋਗਦਾ ਹੈ। ਇਸ ਆਵਾਗਵਣ ਤੋਂ ਛੁਟਕਾਰਾ ਪਰਮਾਤਮਾ ਦਾ ਨਾਮ ਜਪਣ ਨਾਲ ਹੀ ਹੋ ਸਕਦਾ ਹੈ। ਭਗਤ ਤ੍ਰਿਲੋਚਨ ਜੀ ਮਨੁਖ ਨੂੰ ਕਰਮਕਾਡਾਂ ਤੋਂ ਵਰਜ ਕੇ ਅਤੇ ਮਾਇਆ ਦੇ ਮੋਹ ਤੋਂ ਨਿਰਲੇਪ ਰਹਿ ਕੇ ਕੇਵਲ ਪਰਮਾਤਮਾ ਦੇ ਸਿਮਰਨ ਵਿਚ ਲਗ ਕੇ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੰਦੇ ਹਨ।

**ਭਗਤ ਤ੍ਰਿਲੋਚਨ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ:**

**ਰਾਗ ਸ੍ਰੀ ਰਾਗ, ਅੰਕ92**

ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ ਜਰਾ ਮਰਣੁ ਭਉ ਵਿਸਰਿ ਗਇਆ॥
ਕੁਟੰਬੁ ਦੇਖਿ ਬਿਗਸਹਿ ਕਮਲਾ ਜਿਉ ਪਰ ਘਰਿ ਜੋਹਹਿ ਕਪਟ ਨਰਾ॥੧॥
ਦੂੜਾ ਆਇਓਹਿ ਜਮਹਿ ਤਣਾ॥ ਤਿਨ ਆਗਲੜੈ ਮੈ ਰਹਣੁ ਨ ਜਾਇ॥
ਕੋਈ ਕੋਈ ਸਾਜਣੁ ਆਇ ਕਹੈ॥
ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ॥ ਮਿਲੁ ਮੇਰੇ ਰਮਈਆ ਮੈ ਲੇਹਿ ਛਡਾਇ॥੧॥ ਰਹਾਉ॥
ਅਨਿਕ ਅਨਿਕ ਭੋਗ ਰਾਜ ਬਿਸਰੇ ਪ੍ਰਾਣੀ ਸੰਸਾਰ ਸਾਗਰ ਪੈ ਅਮਰੁ ਭਇਆ॥
ਮਾਇਆ ਮੂਠਾ ਚੇਤਸਿ ਨਾਹੀ ਜਨਮੁ ਗਵਾਇਓ ਆਲਸੀਆ॥੨॥
ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ ਰਵਿ ਸਸਿ ਤਹ ਨ ਪ੍ਰਵੇਸੰ॥
ਮਾਇਆ ਮੋਹੁ ਤਬ ਬਿਸਰਿ ਗਇਆ ਜਾਂ ਤਜੀਅਲੇ ਸੰਸਾਰੰ॥੩॥
ਆਜੁ ਮੇਰੈ ਮਨਿ ਪ੍ਰਗਟੁ ਭਇਆ ਹੈ ਪੇਖੀਅਲੇ ਧਰਮਰਾਓ॥
ਤਹ ਕਰਦਲ ਕਰਨਿ ਮਹਾਬਲੀ ਤਿਨ ਆਗਲੜੈ ਮੈ ਰਹਣੁ ਨ ਜਾਇ॥੪॥
ਜੇ ਕੋ ਮੂੰ ਉਪਦੇਸੁ ਕਰਤੁ ਹੈ ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ॥
ਐ ਜੀ ਤੂੰ ਆਪੇ ਸਭ ਕਿਛੁ ਜਾਣਦਾ ਬਦਤਿ ਤ੍ਰਿਲੋਚਨੁ ਰਾਮਈਆ॥੫॥੨॥

**ਰਾਗ ਗੂਜਰੀ, ਅੰਕ525-26**

(1.) ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ॥
ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਾ ਕਾਹੇ ਭਇਆ ਸੰਨਿਆਸੀ॥੧॥
ਭਰਮੇ ਭੂਲੀ ਰੇ ਜੈ ਚੰਦਾ॥ ਨਹੀ ਨਹੀ ਚੀਨ੍ਿਆ ਪਰਮਾਨੰਦਾ॥੧॥ਰਹਾਉ॥
ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾਮੁੰਦਾ ਮਾਇਆ॥
ਭੂਮਿ ਮਸਾਣ ਕੀ ਭਸਮ ਲਗਾਈਗੁਰ ਬਿਨੁ ਤਤੁ ਨ ਪਾਇਆ॥੨॥
ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ॥
ਲਖ ਚਉਰਾਸੀਹ ਜਿਨਿ੍ ਉਪਾਈ ਸੋ ਸਿਮਰਹੁ ਨਿਰਬਾਣੀ॥੩॥
ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ॥
ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿਪਾਹੀ॥੪॥੧॥
(2) ਅੰਤਿਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸਰਪ ਜੋਨਿ ਵਲਿ ਵਲਿ ਅਉਤਰੈ॥੧॥
ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥ ਰਹਾਉ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬੇਸਵਾ ਜੋਨਿ ਵਲਿ ਵਲਿ ਅਉਤਰੈ॥੨॥
ਅੰਤਿਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸੂਕਰ ਜੋਨਿ ਵਲਿ ਵਲਿ ਅਉਤਰੈ॥੩॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ॥ ੪॥
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥੫॥੨॥

**ਰਾਗ ਧਨਾਸਰੀ, ਅੰਕ: 695**

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥
ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥੧॥ਰਹਾਉ॥
ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ॥
ਕੁਲ ਜਨ ਮਧੇ ਮਿਲ੍ਯਿੋ ਸਾਰਗ ਪਾਨ ਰੇ॥

ਕਰਮ ਕਰਿ ਕਲੰਕੁ ਮਫੀਟਸਿ ਰੀ॥੧॥
ਬਿਸ੍ਵ ਕਾ ਦੀਪਕੁ ਸ੍ਵਾਮੀ ਤਾ ਚੇ ਰੇ ਸੁਆਰਥੀ ਪੰਖੀ ਰਾਇ ਗਰੁੜ ਤਾ ਚੇ ਬਾਧਵਾ॥
ਕਰਮ ਕਰਿ ਅਰੁਣ ਪਿੰਗੁਲਾ ਰੀ॥੨॥
ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ॥
ਕਰਮ ਕਰਿ ਕਪਾਲੁ ਮਫੀਟਸਿ ਰੀ॥੩॥
ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ॥
ਕਰਮ ਕਰਿ ਖਾਰੁ ਮਫੀਟਸਿ ਰੀ॥੪॥
ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ॥
ਕਰਮ ਕਰਿ ਕਛਉਟੀ ਮਫੀਟਸਿ ਰੀ॥੫॥
ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ॥
ਬਦਤਿ ਤ੍ਰਿਲੋਚਨ ਰਾਮ ਜੀ॥੬॥੧॥

**ਪੜ੍ਹਨ ਲਈ ਸਮਗਰੀ:**

1. ਸਾਹਿਬ ਸਿੰਘ, **ਭਗਤ ਬਾਣੀ ਸਟੀਕ,** ਸਿੰਘ ਬ੍ਰਦਰਜ, ਅੰਮ੍ਰਿਤਸਰ,1972.
2. ਸਰਬਜਿੰਦਰ ਸਿੰਘ, (ਸੰਪਾ.), **ਨਾਨਕ ਪ੍ਰਕਾਸ਼ ਪਤ੍ਰਿਕਾ (ਭਗਤ ਬਾਣੀ ਵਿਸ਼ੇਸ਼ ਅੰਕ),** ਪੰਜਾਬੀ ਯੂਨੀਵਰਸਿਟੀ, ਪਟਿਆਲਾ,ਅੰਕ ਦੂਜਾ-ਦਸੰਬਰ 2003
3. ਅੰਮ੍ਰਿਤਪਾਲ ਕੌਰ,(ਮੁਖ ਸੰਪਾ.), **ਖੋਜ ਪਤ੍ਰਿਕਾ (ਬਾਣੀਕਾਰ ਵਿਸ਼ੇਸ਼ ਅੰਕ),** ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ 57-ਮਾਰਚ 2003.
4. ਰੂਪ ਸਿੰਘ (ਸੰਪਾ.), **ਸੋ ਭਗਤ ਸਤਿਗੁਰ ਮਨਿ ਭਾਏ,** ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2009.
5. ਗਿਆਨੀ ਪ੍ਰਤਾਪ ਸਿੰਘ, **ਭਗਤ ਦਰਸ਼ਨ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003
6. ਜਸਵੰਤ ਸਿੰਘ,ਜ਼ਫਰ, **ਭਗਤੁ ਸਤਿਗੁਰੂ ਹਮਾਰਾ,** ਚੇਤਨਾ ਪ੍ਰਕਾਸ਼ਨ, ਲੁਧਿਆਣਾ, 2016

ਪਾਠ ਨੰਬਰ : 4.1 ਲੇਖਕ : ਡਾ. ਸ਼ਮਸ਼ੇਰ ਸਿੰਘ

# ਵੈਦਿਕ ਪਰੰਪਰਾ

## ਜਾਣ-ਪਛਾਣ

ਵੇਦਾਂ ਨੂੰ ਸੰਸਾਰ ਦੇ ਸਾਰੇ ਧਰਮ ਗ੍ਰੰਥਾਂ ਤੋਂ ਪੁਰਾਣਾ (ਸਨਾਤਨ) ਮੰਨਿਆ ਗਿਆ ਹੈ। ਵਿਦਵਾਨਾਂ ਨੇ ਇਨ੍ਹਾਂ ਦੀ ਰਚਨਾ ਲਗਭਗ 2500 ਸਾਲ ਈਸਾ ਪੂਰਵ ਮੰਨੀ ਹੈ। ਵੇਦਾਂ ਨੂੰ ਭਾਰਤ ਦੇ ਸਾਰੇ ਧਰਮ ਸ਼ਾਸਤਰਾਂ, ਗਿਆਨ ਵਿਗਿਆਨ ਦਾ ਸੋਮਾ ਮੰਨਿਆ ਗਿਆ ਹੈ। ਇਹ ਵੀ ਇਕ ਮਨੌਤ ਹੈ ਕਿ ਵੇਦਾਂ ਨੂੰ ਰਚਨ ਵਾਲਾ ਕੋਈ ਵਿਅਕਤੀ ਨਹੀਂ ਸਗੋਂ ਇਹ ਗ੍ਰੰਥ ਈਸ਼ਵਰ ਨੇ ਆਪ ਰਚੇ ਹਨ। ਵੇਦਾਂ ਨੂੰ 'ਸ਼ਰੁਤੀ' ਕਿਹਾ ਗਿਆ ਹੈ। ਰਿਸ਼ੀ ਆਪਣੇ ਸੇਵਕਾਂ ਨੂੰ ਗਿਆਨ ਮੌਖਿਕ (ਜਬਾਨੀ) ਦਿੰਦੇ ਸਨ ਜਿਸਨੂੰ ਉਹ ਯਾਦ ਕਰ ਲੈਂਦੇ ਸਨ ਤੇ ਸੇਵਕ ਅਗੇ ਆਪਣੇ ਚੇਲਿਆਂ ਨੂੰ ਯਾਦ ਕਰਨ ਲਈ ਕਹਿੰਦੇ ਸਨ। ਇਹ ਮੌਖਿਕ ਗਿਆਨ ਪੀੜ੍ਹੀ ਦਰ ਪੀੜ੍ਹੀ ਤਿੰਨ-ਚਾਰ ਪੁਸ਼ਤਾਂ ਤੱਕ ਚਲਦਾ ਰਿਹਾ ਪਰ ਬਾਅਦ ਵਿਚ ਕੁਝ ਰਿਸ਼ੀਆਂ ਨੇ ਇਨ੍ਹਾਂ ਨੂੰ ਲਿਖ ਦਿੱਤਾ। ਵੇਦਾਂ ਨੂੰ ਦੈਵੀ ਗਿਆਨ ਦਾ ਸ੍ਰੋਤ ਮੰਨਿਆ ਗਿਆ ਹੈ।

ਭਾਰਤੀ ਪਰੰਪਰਾ ਵੀ ਰਿਸ਼ੀਆਂ ਨੂੰ ਵੈਦਿਕ ਮੰਤਰਾਂ ਦੇ ਰਚੈਤਾ ਨਹੀਂ ਮੰਨਦੀ ਕੇਵਲ ਦ੍ਰਿਸ਼ਟਾਂ (ਦੇਖਣ ਵਾਲੇ) ਹੀ ਮੰਨਦੀ ਹੈ। ਸਵਾਮੀ ਦਯਾਨੰਦ ਅਨੁਸਾਰ ਰਿਸ਼ੀਆਂ ਨੂੰ ਮੰਤਰਾਂ ਦੇ ਅਰਥਾਂ ਦਾ ਗਿਆਨ ਸੀ। ਵੈਦਕ ਨਿਰੁਕਤ ਵਿਚ ਮਹਾਂਰਿਸ਼ੀ ਯਾਸਕ ਨੂੰ ਮੰਤਰਾਂ ਦਾ ਦ੍ਰਿਸ਼ਟਾ ਮੰਨਿਆ ਹੈ – ਰਚੈਤਾ ਨਹੀਂ। ਬ੍ਰਿਹਦਾਰਣਿਅਕ ਉਪਨਿਸ਼ਦ (2–4–10) ਵਿਚ ਮਹਾਂਰਿਸ਼ੀ ਯਗਯਵਲਕਯ ਮੰਤਯੀ ਨੂੰ ਆਤਮਾ ਬਾਰੇ ਦਸਦੇ ਹੋਏ ਕਹਿੰਦੇ ਹਨ :

ਵੇਦ, ਪੁਰਾਣ, ਉਪਨਿਸ਼ਦ ਸਭ ਉਸ (ਆਤਮਾ) ਦੇ ਸੁਆਸ ਹਨ ਭਾਵ ਇਹ ਧਰਮ ਗ੍ਰੰਥ ਈਸ਼ਵਰ ਦੇ ਸੁਆਸ ਹਨ। ਵੇਦ ਮੰਤਰ ਪਰਮਾਤਮਾ ਦੇ ਵਾਕ ਹਨ। ਵੇਦਾਂ ਦਾ ਸ਼ਬਦੀ ਅਰਥ 'ਗਿਆਨ' ਹੈ ਵੇਦ ਸ਼ਬਦ 'ਵਿਦ' ਧਾਤੂ ਤੋਂ ਨਿਕਲਿਆ ਹੈ ਜਿਸਦਾ ਅਰਥ 'ਜਾਣਨਾ' ਹੈ। ਇਹ ਗਿਆਨ ਬਾਹਰੀ, ਕਿਤਾਬੀ ਜਾਂ ਦਿਮਾਗੀ ਗਿਆਨ ਨਹੀਂ।ਇਹ ਅਨੁਭਵੀ ਗਿਆਨ ਹੈ। ਇਸ ਨੂੰ ਆਤਮਕ ਗਿਆਨ ਤੇ ਬ੍ਰਹਮ ਗਿਆਨ ਵੀ ਕਿਹਾ ਜਾਂਦਾ ਹੈ।

ਡਾ. ਰਾਮ ਦਾਸ ਨਿਰਾਕਾਰੀ ਨੇ ਇਸ ਉਪਰੋਕਤ ਸਿਧਾਂਤ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪੂਰਬ ਮੀਮਾਂਸਾ ਤੇ ਵੇਦਾਂਤ ਦੇ ਜ਼ਿਆਦਾਤਰ ਅਚਾਰੀਆ ਨੇ ਵੇਦਾਂ ਨੂੰ 'ਅਪੌਰਸ਼ਯ' ਮੰਨਿਆ ਹੈ, ਇਸਤੋਂ ਭਾਵ ਹੈ ਕਿ ਵੇਦ ਕਿਸੇ ਵੀ ਪੁਰਸ਼ ਦੀ ਰਚਨਾ ਨਹੀਂ।

ਵੈਦਕ ਸ਼ਬਦ 'ਮੰਤਰ' ਕਿਸੇ ਰਹੱਸ ਵੱਲ ਸੰਕੇਤ ਕਰਦਾ ਹੈ ਰਹੱਸ ਤੋਂ ਭਾਵ ਗੁਪਤ ਭਾਸ਼ਨ ਜਾਂ ਗੁੱਝਾ ਭੇਦ। ਇਹ ਗੁਪਤ ਗਿਆਨ ਰਿਸ਼ੀ ਆਪਣੇ ਸੇਵਕਾਂ ਨੂੰ ਦਿੰਦੇ। ਇਨ੍ਹਾਂ ਦਾ ਸੰਬੰਧ ਇਕ ਪਾਸੇ ਰਿਸ਼ੀਆਂ ਤੇ ਦੂਜੇ ਪਾਸੇ ਦੇਵਤਿਆਂ ਨਾਲ ਹੈ।

ਵੇਦਾਂ ਦੇ ਦੈਵੀ ਗਿਆਨ ਬਾਰੇ ਜ਼ਿਕਰ ਕਰਦਿਆਂ ਗਰਿਫਥ ਨੇ ਵੇਦਾਂ ਦੇ ਅੰਗਰੇਜ਼ੀ ਅਨੁਵਾਦ ਦੀ ਭੂਮਿਕਾ ਵਿਚ ਲਿਖਿਆ ਹੈ "These four vedas are considered to the divine origion and to have existed from all eternity. Rsis or the great poets to whom the hymns are ascribed, were merely inspired seers who saw or received them by sight and directly from the supreme creator." - (Grefet TI. R.V. Introduction)

**ਚਾਰ ਵੇਦ :**

ਵੇਦ ਗਿਣਤੀ ਵਿਚ ਚਾਰ ਹਨ-ਰਿਗਵੇਦ, ਸਾਮਵੇਦ, ਯਜੁਰਵੇਦ ਤੇ ਅਥਰਵਵੇਦ। ਰਿਗਵੇਦ ਸਭ ਤੋਂ ਪੁਰਾਣਾ ਮੰਨਿਆ ਹੈ। ਕੁਝ ਵਿਦਵਾਨਾਂ ਨੇ ਇਨ੍ਹਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ :–

1. ਭਗਤੀ ਕਾਂਡ
2. ਕਰਮ ਕਾਂਡ
3. ਗਿਆਨ ਕਾਂਡ

ਸਧਾਰਨ ਤੌਰ ਤੇ ਵੇਦਾਂ ਨੂੰ ਹੇਠ ਲਿਖੇ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ :

1. **ਮੰਤਰ ਭਾਗ** :– ਇਸ ਨੂੰ 'ਸਹਿੰਤਾ' ਵੀ ਕਿਹਾ ਗਿਆ ਹੈ। ਇਨਾਂ ਸੰਹਿਤਾਵਾਂ ਵਿਚ ਚੋਹਾਂ ਵੇਦਾਂ ਦੇ ਮੰਤਰ ਹਨ। ਇਨ੍ਹਾਂ ਮੰਤਰਾਂ ਵਿਚ ਕੁਦਰਤ ਦੀ ਰਹੱਸਮਈ ਸ਼ਕਤੀਆਂ ਤੋਂ ਡਰ ਉਨ੍ਹਾਂ ਦੀ ਦੇਵੀ ਦੇਵਤਿਆਂ ਦੇ ਰੂਪ ਵਿਚ ਉਸਤਤੀ ਕੀਤੀ ਗਈ ਹੈ। ਡਾ. ਐਮ. ਹਿਰਿਆਨਾ ਨੇ ਇਨ੍ਹਾਂ ਮੰਤਰਾਂ ਤੋਂ ਧਰਮ ਦਾ ਮੁੱਢ ਬੱਝਿਆ ਦਸਿਆ ਹੈ। (outlines of Indian philosophy p. 30)
2. **ਬ੍ਰਹਮਣ ਭਾਗ** :- ਜੋ ਬ੍ਰਹਮਾ ਦੀ ਉਸਤਤੀ ਬਾਰੇ ਲਿਖਿਆ ਗਿਆ ਹੈ ਉਸਨੂੰ ਬ੍ਰਹਮਣ ਭਾਗ ਕਿਹਾ ਗਿਆ ਹੈ। ਇਸ ਤੋਂ ਇਲਾਵਾ, ਇਸ ਭਾਗ ਵਿਚ ਧਰਮ, ਕਰਮ, ਯੱਗ ਦੀਆਂ ਵਿਧੀਆਂ ਦੱਸੀਆਂ ਗਈਆਂ ਹਨ। ਯੱਗ ਨੂੰ ਉੱਤਮ ਮੰਨਿਆ ਗਿਆ ਹੈ। ਯੱਗ ਕਰਨ ਨਾਲ ਮੀਂਹ ਪੈਂਦਾ ਹੈ, ਅੰਨ ਪੈਦਾ ਹੁੰਦਾ ਹੈ, ਅੰਨ ਜੀਵਾਂ ਲਈ ਜੀਵਨ ਦਾਨ ਹੈ।
3. **ਆਰਣਯਕ ਭਾਗ** :- ਇਹ ਉਪਾਸਨਾ ਕਾਂਡ ਹੈ ਇਸ ਵਿਚ ਉਪਾਸਨਾ ਦੀਆਂ ਵਿਧੀਆਂ ਦੱਸੀਆਂ ਗਈਆਂ ਹਨ। ਇਹ ਜੰਗਲ ਵਿਚ ਲਿਖੇ ਗਏ ਗ੍ਰੰਥ ਹਨ।
4. **ਉਪਨਿਸ਼ਦਕ ਗ੍ਰੰਥ** :– ਵੇਦਾਂ ਦਾ ਅੰਤਮ ਭਾਗ ਹੈ। ਇਸ ਭਾਗ ਨੂੰ ਉਪਵੇਦ ਜਾਂ ਵੇਦਾਂਗ ਕਿਹਾ ਹੈ। ਉਪਨਿਸ਼ਦ ਦਾ ਅਰਥ ਹੈ, ਗੁਰੂ ਦੇ ਚਰਨਾਂ ਵਿਚ ਅਧਿਆਤਮਕ ਗਿਆਨ ਦੀ ਪ੍ਰਾਪਤੀ ਲਈ ਸ਼ਰਧਾ ਪੂਰਵਕ ਬੈਠਣਾ। ਉਪਨਿਸ਼ਦਾਂ ਦਾ ਦੂਸਰਾ ਅਰਥ ਡਾ. ਨਿਰਾਕਾਰੀ ਅਨੁਸਾਰ ਗੁਪਤ, ਪਵਿੱਤਰ ਤੇ ਗੰਭੀਰ ਸਿੱਖਿਆ ਕੀਤਾ ਗਿਆ ਹੈ।

ਮਹਾਂਭਾਰਤ (ਸ਼ਾਤੀਪਰਵ 231-56-58) ਅਨੁਸਾਰ ਵੇਦ ਇਕ ਹੀ ਮੰਨਿਆ ਗਿਆ ਹੈ। ਦਿਵਯ ਜੋਤੀ ਨਿਤ ਤੇ ਇਕ ਹੀ ਹੈ।

## ਪਰਮਸਤ ਦਾ ਸਿਧਾਂਤ

ਕਰਮਕਾਂਡ ਭਾਗ ਉਪਾਸਨਾਵਾਂ ਤੇ ਗਿਆਨ ਕਾਂਡ ਵਿਚ ਅਧਿਆਤਮਕ ਚਿੰਤਨ ਦਾ ਵਿਚਾਰ ਹੈ। ਮਾਰਗ ਇਕ ਹੀ ਹੈ, ਸਾਧਨਾ ਮਾਰਗ ਦੋ ਹਨ, ਅੰਤਮ ਲਕਸ਼ ਇਕ ਹੀ ਹੈ। ਕਰਮ ਤੇ ਗਿਆਨ ਦਾ ਗਹਿਰਾ ਸੰਬੰਧ ਹੈ, ਸ੍ਰਿਸ਼ਟੀ ਦੇ ਮੂਲ ਵਿਚ ਵਿਆਪਕ ਹੋਂਦ ਇਕ ਹੀ ਹੈ। ਇਹ ਅਦਭੁਤ ਹੈ। ਇਸਦਾ ਅੰਤ ਪਾਉਣਾ ਔਖਾ ਹੈ। ਇਸ ਪਰਮ ਹੋਂਦ ਵਿਚ ਚਰਿੱਤਰ ਆਚਰਣ ਤੇ ਸਦਾਚਾਰ ਦੇ ਨਿਯਮ ਅੰਕਤ ਹਨ।

ਡਾ. ਰਾਧਾ ਕ੍ਰਿਸ਼ਨਨ ਨੇ ਭਾਰਤੀ ਦਰਸ਼ਨ ਅੰਦਰ ਕਿਹਾ ਹੈ ਕਿ ਵੈਦਕ ਮੰਤਰ ਧਾਰਮਕ ਚੇਤਨਾ ਪ੍ਰਗਟ ਕਰਦੇ ਹਨ। ਕੁਦਰਤੀ ਸ਼ਕਤੀਆਂ ਨੂੰ ਚਲਾਉਣ ਵਾਲੀ ਗੁਹਜ ਸ਼ਕਤੀ (ਪਰਮ ਸ਼ਕਤੀ) ਦੀ ਖੋਜ ਅਰੰਭ ਹੋਈ। ਇਹ ਖੋਜ ਪਰਮਸਤ ਦੀ ਖੋਜ ਸੀ। ਹੇਠ ਲਿਖੀਆਂ ਉਦਾਹਰਣਾਂ ਤੋਂ ਅਦ੍ਵੈਤਵਾਦ ਦੇ ਤੱਤ ਮਿਲਦੇ ਹਨ। ਜੋ ਕੁਝ ਵੀ ਹੈ, ਜੋ ਕੁਝ ਵੀ ਸੀ ਜੋ ਕੁਝ ਹੋਏਗਾ। ਉਹ ਪੁਰਸ਼ ਹੈ। (ਰਿਗ 10–90) ਦੇਵਤਾਵਾਂ ਦਾ ਅਸਲ ਵਿਚ ਇਕ ਹੀ ਸਾਰ ਹੈ। (ਰਿਗ, 3.55) ''ਅਸੀਂ ਜਗ ਦੇ ਪਰਮਦੇਵ ਨੂੰ ਅਹੂਤੀ ਦੇਂਦੇ ਹਾਂ ਜੋ ਸੰਸਾਰ ਦੇ ਕਣ-ਕਣ ਵਿਚ, ਪੂਰੀ ਹੋਂਦ ਵਿਚ ਵਿਆਪਤ ਹੈ, ਅਨੰਦ ਦੇਣ ਵਾਲਾ ਹੈ, ਜਿਸਦੀ ਵਿਆਖਿਆ ਸ਼ਬਦਾਂ ਵਿਚ ਨਹੀਂ ਹੋ ਸਕਦੀ।'' (ਰਿਗ, 10–121–1)

''ਉਹ ਇਸ ਸਾਰੀ ਸ੍ਰਿਸ਼ਟੀ ਵਿਚ ਰਮਿਆ ਹੋਇਆ ਹੈ ਤੇ ਇਸ ਤੋਂ ਪਰੇ ਵੀ ਹੈ।''

(ਰਿਗ 10–90–3)

ਸਾਰੇ ਦੇਵਤੇ ਇਸ ਵਿਸ਼ਵਆਤਮਾ ਦੇ ਅੰਗ ਹਨ। ਨਿਰੁਕਤ, (7.4.9)

ਡਾ. ਇਕਬਾਲ ਨਰਾਇਣ ਚੋਪੜਾ ਨੇ ਆਪਣੀ ਰਚਨਾ 'ਭਾਰਤੀ ਦਰਸ਼ਨ' ਵਿਚ ਵਰਣਨ ਕੀਤਾ ਹੈ ਕਿ ਵੈਦਕ ਦੇਵਤਿਆਂ ਦਾ ਆਪਣਾ ਕੋਈ ਅਸਤਿਤਵ ਨਹੀਂ ਉਹ ਤਾਂ ਕੇਵਲ ਸ਼ਕਤੀਆਂ ਦੇ ਸੂਚਕ ਹਨ। ਇਨਾਂ ਦੇ ਪਿਛੇ ਕੋਈ ਪਰਮਸ਼ਕਤੀ ਕੰਮ ਕਰਦੀ ਹੈ। ਇਹੀ ਪਰਮਸਤ ਹੈ। ਉਹ ਨਾ ਕਥਨ ਯੋਗ ਹੈ, ਨਾ ਵਰਣਨ ਯੋਗ ਰੂਪ ਹੈ, ਨਾ ਰੰਗ, ਨਾ ਰੇਖ, ਨਾ ਭੇਖ ਹੈ ਉਹ ਸਾਰੇ ਰੂਪਾਂ ਦਾ ਆਧਾਰ ਹੈ।

ਡਾ. ਚੋਪੜਾ ਨੇ ਇਕ ਥਾਂ ਹੋਰ ਵਰਣਨ ਕਰਦਿਆਂ ਕਿਹਾ ਹੈ ਕਿ ਵੈਦਕ ਧਰਮ ਨਾ ਤਾਂ ਬਹੁਦੇਵਵਾਦੀ ਸੀ ਨਾ ਹੀ ਵੇਦ ਈਸ਼ਵਰਵਾਦੀ ਇਨਾਂ (ਸ਼ਕਤੀਆਂ) ਪ੍ਰਤੀ ਸ਼ਰਧਾ ਤੇ ਵਿਸ਼ਵਾਸ ਨੇ ਦੋਨਾਂ ਸਿਧਾਂਤਾਂ ਨੂੰ ਜਨਮ ਦਿੱਤਾ। ਪਰਜਾਪਤੀ, ਹਿਰਨਯਗਰਭ, ਵਿਸ਼ਵਕਰਮਾ ਆਦਿ ਐਸੇ ਨਾਮ ਹਨ ਜਿਹੜੇ ਏਕ ਪਰਮਸਤਾ ਵੱਲ ਸੰਕੇਤ ਕਰਦੇ ਹਨ। ਸਭਿਅਤਾ ਦੇ ਵਿਕਾਸ ਨਾਲ ਰੂਹਾਨੀ ਭੇਦਾਂ ਦੀ ਖੋਜ ਆਰੰਭ ਹੋਈ ਚਿੰਤਨ ਮਨਨ, ਗਿਆਨ, ਆਤਮ ਗਿਆਨ, ਬ੍ਰਹਮ

ਗਿਆਨ ਜੀਵਨ ਦਾ ਪਰਮ ਉਦੇਸ਼ ਬਣ ਗਿਆ।

ਡਾ. ਐਲ. ਕੇ. ਲਾਡ ਦਾ ਕਥਨ ਹੈ ਕਿ ਕੁਝ ਲੋਕ ਵੈਦਕ ਧਰਮ ਨੂੰ ਬਹੁਦੇਵਵਾਦੀ ਧਰਮ ਸਮਝਦੇ ਹਨ ਪਰ ਐਸਾ ਨਹੀਂ। ਬਹੁਤੇ ਦੇਵਤੇ ਤਾਂ ਪ੍ਰਕ੍ਰਿਤੀ ਦੇ ਤੱਤਾਂ ਦੇ ਨਾਮ ਹਨ। ਇਸ ਲਈ ਇਸਨੂੰ ਪ੍ਰਕ੍ਰਿਤੀਵਾਦੀ ਧਰਮ ਵੀ ਕਿਹਾ ਜਾਂਦਾ ਹੈ ਜੈਸਾ ਅਗਨੀ, ਵਾਯੂ, ਜਲ, ਪ੍ਰਿਥਵੀ, ਚੰਦਰਮਾ, ਸੂਰਜ ਮਿਤਰ, ਸੋਮ ਆਦਿ ਸਭ ਕੁਦਰਤੀ ਸ਼ਕਤੀਆਂ ਹਨ, ਕੁਦਰਤ ਦੇ ਤੱਤਾਂ ਅਨੁਸਾਰ ਹਨ। ਇਨ੍ਹਾਂ ਦੇ ਪਿਛੇ ਇਕ ਪਰਮ ਸ਼ਕਤੀ ਹੈ। ਇਸਦਾ ਕਥਨ ਸਾਨੂੰ ਰਿਗਵੇਦ ਵਿਚੋਂ ਮਿਲਦਾ ਹੈ :-

> ਸਤਯ ਇਕ ਹੈ ਉਸਨੂੰ ਵਿਦਵਾਨ ਕਈ (ਇੰਦਰ, ਅਗਨੀ, ਵਰੁਣ) ਨਾਵਾਂ ਨਾਲ ਪੁਕਾਰਦੇ ਹਨ।
>
> ਏਕਮ ਸਦ ਬਿਪਰਾ ਬਹੁਧਾ ਵਿਦੰਤੀ।। ਰਿਗਵੇਦ (1.164-46)
>
> ਦੇਵਤਿਆਂ ਦੇ ਵੱਖ-ਵੱਖ ਨਾਮ ਧਾਰਨ ਕਰਨ ਵਾਲੀ ਸ਼ਕਤੀ ਇਕ ਹੀ ਹੈ।(ਰਿਗਵੇਦ 10.82.3)

ਡਾ. ਰਾਮ ਦਾਸ ਨਿਰਾਕਾਰੀ ਨੇ 'ਭਾਰਤੀ ਦਰਸ਼ਨ' ਵਿਚ ਇਸ ਪਰਮਸ਼ਕਤੀ ਬਾਰੇ ਕਥਨ ਕਰਦਿਆਂ ਕਿਹਾ ਹੈ :

'ਏਕੰ ਸਤੁ' ਦੁਆਰਾ ਮੂਲ ਸਤਾ ਦੀ ਇਕ ਰੂਪਤਾ ਦਾ ਵਰਣਨ ਹੈ ਰਿਗਵੇਦ (10-82-3) ਅਨੁਸਾਰ ਕਥਨ ਕੀਤਾ ਹੈ ਕਿ ਦੇਵਤਿਆਂ ਨੂੰ ਧਾਰਨ ਕਰਨ ਵਾਲਾ ਇਕ ਹੀ ਹੈ।

ਰਿਗਵੇਦ ਪੁਰਸ ਸੂਕਤ (10-90) ਨਾਸਦੀਯ ਸੂਕਤ (10-129) (10-125) ਹਿਰਨਿਯਗਰਭ ਸੂਕਤ (10-124) ਵਿਸ਼ਣੂਸੂਕਤ (1-154) ਵਿਸ਼ਵਦੇਵ ਸੂਕਤ (3-55) ਵਿਸ਼ਵਕਰਤਾ ਸੂਕਤ (10-81-82) ਵੈਸ਼ਵਨਰ ਸੂਕਤ (6-9) ਆਦਿ ਸਭ ਪਰਮਸਤ ਦੀ ਏਕਤਾ ਦਾ ਹੀ ਵਰਨਣ ਕਰਦੇ ਹਨ।

ਯਜੁਰਵੇਦ ਤੇ ਅਥਰਵਵੇਦ ਦੇ ਕਈ ਸੂਕਤਾਂ ਵਿਚ ਪਰਮਸਤ ਦੀ ਏਕਤਾ ਦਾ ਵਰਣਨ ਮਿਲਦਾ ਹੈ।

> ਇਕ ਈਸਵਰ ਸਭ ਵਿਚ ਵਿਆਪਕ ਹੈ। (ਯਜੁਰ 40-1)

ਰਿਗਵੇਦ (10-121-1) ਵਿਚ ਪਰਮਸਤ ਦੀ ਹੋਂਦ ਤੇ ਵਿਆਪਕਤਾ, ਅਨੰਦਮਈ ਰੂਪ ਦਾ ਵਰਣਨ ਮਿਲਦਾ ਹੈ ਅਤੇ ਇਹ ਵੀ ਕਿਹਾ ਗਿਆ ਹੈ ਕਿ ਐਸਾ ਬ੍ਰਹਮਾ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ।

ਅਥਰਵ ਵੇਦ (10-8-44) ਵਿਚ ਅੰਕਤ ਹੈ ਕਿ ਪਰਮਸਤ, ਆਤਮਾਵਾਂ ਦੀ ਮਹਾਨ ਆਤਮਾ ਹੈ। ਉਹ ਸਵੈ ਸਿੱਧ ਹੈ, ਉਸਨੂੰ ਸਿਧੇ ਭਾਵ ਉਸਦੀ ਹੋਂਦ ਨੂੰ ਸਾਬਤ ਕਰਨ ਲਈ ਕੋਈ ਹੋਰ ਸਬੂਤ ਦੇਣ ਦੀ ਲੋੜ ਨਹੀਂ। ਉਹ ਸਵੈ ਨਿਰਭਰ ਹੈ, ਭਾਵ ਕਿਸੇ ਹੋਰ ਤੇ ਨਿਰਭਰ ਨਹੀਂ, ਉਸ ਤੇ ਸਭ ਨਿਰਭਰ ਹਨ। ਉਹ ਸਦਾ ਇਕ ਰਸ ਰਹਿਣ ਵਾਲਾ ਹੈ। ਐਸੇ ਬ੍ਰਹਮ ਦੇ ਗਿਆਨ ਦੀ ਪ੍ਰਾਪਤੀ ਨਾਲ ਹੀ ਮ੍ਰਿਤੂ ਉਤੇ ਜਿੱਤ ਪਾਈ ਜਾ ਸਕਦੀ ਹੈ। ਪਰਮਸਤ ਮੁਕਤੀ ਪ੍ਰਦਾਨ ਕਰਨ ਵਾਲੀ ਸ਼ਕਤੀ ਹੈ।

ਰਿਗਵੇਦ (10.93-3) ਅਨੁਸਾਰ ਉਹ ਇਸ ਸ੍ਰਿਸ਼ਟੀ ਤੇ ਇਸ ਤੋਂ ਪਰੇ ਵੀ ਕਾਇਮ ਹੈ। ਸਾਰੇ ਦੇਵਤੇ ਇਸ ਵਿਸ਼ਵ ਆਤਮਾ ਦੇ ਅੰਗ ਹਨ। ਉਹ ਰੂਪ ਰੰਗ ਰੇਖ ਭੇਖ ਤੋਂ ਰਹਿਤਾ, ਉਹ ਸਾਰੇ ਨਾਮ ਰੂਪ (ਮਨ ਤੇ ਸਰੀਰ ਦਾ ਆਧਾਰ ਹੈ) ਉਹ ਪੂਰਾ ਹੈ। ਉਸ ਵਿਚੋਂ ਨਿਕਲਣ ਨਾਲ ਉਸਦੇ ਪੂਰੇ ਪਨ ਵਿਚ ਘਾਟ ਨਹੀਂ ਆਉਂਦੀ।

ਡਾ. ਰਤਨ ਸਿੰਘ ਜੱਗੀ ਨੇ ਆਪਣੀ ਰਚਨਾ 'ਗੁਰੂ ਨਾਨਕ ਦੀ ਵਿਚਾਰਧਾਰਾ' ਵਿਚ ਡਾ. ਰਾਮ ਜੀ ਲਾਲ ਦੁਆਰਾ ਕਬੀਰ ਦਰਸ਼ਨ ਦਾ ਹਵਾਲਾ ਦਿੰਦਿਆਂ ਬ੍ਰਹਮ ਨਿਰੂਪਣ ਬਾਰੇ ਕਿਹਾ ਹੈ ਕਿ ਸ੍ਰਿਸ਼ਟੀ ਦੇ ਸਾਰੇ ਲੋਕ ਦੇਵੀ ਦੇਵਤਾ ਜੜ ਚੇਤਨ ਸਮਸਤ ਪਦਾਰਥ ਇਕ ਅਜਿਹੇ ਪੁਰਸ਼ ਦਾ ਅੰਗ ਹਨ ਜੋ ਸੰਪੂਰਨ ਵਿਸ਼ਵ ਵਿਚ ਵਿਆਪਤ ਹੈ ਅਤੇ ਉਸ ਤੋਂ ਬਾਹਰ ਵੀ ਵਿਦਮਾਨ ਹੈ। ਇਹ ਅਦ੍ਵੈਤ ਦੀ ਪਹਿਲੀ ਅਨੁਭੂਤੀ ਕਹੀ ਜਾ ਸਕਦੀ ਹੈ। ਰਿਗਵੇਦ ਵਿਚ ਪਰਮਸਤ ਨੂੰ ਨਾਮ ਰੂਪਾਤਮਕ ਜਗਤ ਤੋਂ ਪਰੇ ਅਵਿਅਕਤ ਦੇ ਨਿਰਗੁਣ ਪਰਮਸਤਿ ਤੇ ਮੂਲ ਤੱਤ ਰੂਪ ਵਿਚ ਵੀ ਚਿਤਰਿਆ ਗਿਆ ਹੈ। ਨਕਾਰਾਤਮਕ ਸ਼ੈਲੀ ਦੁਆਰਾ ਉਸਨੂੰ ਸਤ, ਅਸਤ ਤੇ ਅਨਿਰਵਚਨੀਯ ਦੱਸਿਆ ਗਿਆ ਹੈ - ਵੇਦਾਂ ਵਿਚ ਵਿਸ਼ਵਦੇਵ ਨੂੰ ਸਾਰੇ ਬ੍ਰਹਮੰਡ ਦਾ ਦੇਵਤਾ ਮੰਨਿਆ ਗਿਆ ਹੈ। ਵੇਦ ਅੰਦਰ 'ਰਿਤ' ਸ਼ਬਦ ਦਾ ਜਿਥੇ ਅਰਥ ਨੈਤਿਕ ਨਿਯਮ ਤੇ ਧਾਰਮਕ ਪੱਖ ਤੋਂ ਯੱਗ ਜਾਂ ਰੀਤ ਮਿਲਦਾ ਹੈ। ਪੀ.ਵੀ. ਕਾਣੇ ਨੇ ਇਸ ਨੈਤਿਕ ਜੀਵਨ ਨੂੰ ਦੇਵਤਿਆਂ ਦੇ ਜੀਵਨ ਨਾਲ ਸਬੰਧਿਤ ਦਰਸਾਇਆ ਹੈ, ਪ੍ਰਕਿਰਤੀ ਦੀ ਇਕਰੂਪਤਾ ਤੇ ਮਨੁੱਖ ਦਾ ਨੈਤਿਕ ਅਧਾਰ ਵੀ ਲਿਆ ਹੈ।

'ਰਿਤ' ਦਾ ਪ੍ਰਯੋਗ 'ਸੱਤ' ਦੇ ਸਮਾਨ ਅਰਥਾਂ ਵਿਚ ਵੀ ਹੋਇਆ ਹੈ। ਇਸੇ ਰਿਤ ਦਾ ਆਧਾਰ ਅਲੌਕਿਕ ਹੈ।

ਰਿਤ ਇਕ ਹੁਕਮ ਹੈ, ਜਿਸਦਾ ਦਾਤਾ ਵਿਸ਼ਵਦੇਵ ਮੰਨਿਆ ਗਿਆ ਹੈ। ਇਹ ਅਨੇਕ ਵਿਚ ਇਕ ਦਾ ਸਿਧਾਂਤ ਹੈ। ਇਹ ਪਹਿਲਾਂ ਅੰਤਰਵਰਤੀ ਹੈ ਫਿਰ ਸਰਬਵਿਆਪੀ ਦੈਵੀ ਸਤਾ ਦਾ ਵਿਸ਼ਵਾਸ ਹੈ। ਇਸ ਤੋਂ ਵੈਦਕ ਕਾਲ ਦੀ ਇਕ ਸਤਾਵਾਦ ਦੀ ਨੀਂਹ ਰੱਖੀ ਮੰਨੀ ਗਈ ਹੈ।

ਇਕਸਤਾਵਾਦ ਪੁਰਖ ਸੂਕਤ ਵਿਚ ਪ੍ਰਗਟ ਹੁੰਦੀ ਹੈ। ਪੁਰਖ ਤਿਨਾਂ ਕਾਲਾਂ (ਭੂਤ, ਵਰਤਮਾਨ ਤੇ ਭਵਿੱਖ) ਦਾ ਸੁਆਮੀ ਹੈ। ਰਿਤ ਨੂੰ ਇਥੇ ਇਕ ਕਾਲ ਅਤੀਤ ਸਤਾ ਮੰਨਿਆ ਹੈ। ਉਸਨੇ ਵੇਦਾਂ ਦੀ ਸਿਰਜਣਾ ਕੀਤੀ। ਉਸਦੇ ਮੂੰਹ ਤੋਂ ਬ੍ਰਾਹਮਣ, ਬਾਹਾਂ ਤੋਂ ਖੱਤਰੀ ਪੱਟ ਤੋਂ ਵੈਸ਼ ਤੇ ਪੈਰਾਂ ਤੋਂ ਸੂਦਰ ਉਤਪੰਨ ਹੋਏ। ਪੁਰਖ, ਦੇਵਤਾਵਾਦ ਤੋਂ ਵੱਖਰਾ ਹੈ। ਪੁਰਖ ਦੇ ਹਜ਼ਾਰਾਂ ਅੰਗ ਦੱਸੇ ਹਨ। ਪੁਰਖ ਜਗਤ ਦੀ ਅੰਤਰ ਆਤਮਾ ਹੈ। ਇਹ ਸਮਾਨਵੀ ਤੇ ਸਰਬਵਿਆਪੀ ਹੈ। ਇਹੀ ਪੁਰਖ-ਉਪਨਿਸ਼ਦ ਅੰਦਰ 'ਬ੍ਰਹਮ' ਬਣਿਆ।

ਡਾ. ਚੰਦਰਧਰ ਸ਼ਰਮਾ (A critical survey of Indian philosophy, p. 16) ਦਾ ਕਹਿਣਾ ਹੈ ਕਿ ਵੈਦਕ ਰਿਚਾਵਾਂ ਦਾ ਮੂਲ ਮੰਤਰ ਉਹੋ ਅਧਿਆਤਮਕ ਇਕਾਸਤਾਵਾਦ ਹੈ ਜਿਹੜੀ ਅਨੇਕਸਤਾਵਾਦ ਨੂੰ ਆਪਣੇ ਵਿਚ ਸਮੇਟ ਕੇ ਉਨ੍ਹਾਂ ਤੋਂ ਅਤੀਤ ਹੋ ਜਾਂਦਾ ਹੈ।

ਡਾ. ਵੀ.ਵੀ. ਵਰਮਾ ਦਾ ਕਹਿਣਾ ਹੈ ਕਿ ਰਿਗਵੇਦ ਵਿਚ ਬਹੁਦੇਵਵਾਦ, ਇਕ ਈਸ਼ਵਰਵਾਦ ਤੇ ਅਦਵੈਤਵਾਦ ਦੇ ਸੰਬੰਧ ਵਿਚ ਮੰਤਰ ਪ੍ਰਾਪਤ ਹਨ ਪਰ ਵੇਦਾਂ ਦਾ ਅੰਤਮ ਟੀਚਾ ਅਦਵੈਤਵਾਦ ਨੂੰ ਸਿਧ ਕਰਨਾ ਹੈ। ਪਰਮਸਤ ਦੀ ਸ੍ਰਿਸ਼ਟੀ ਤੋਂ ਪੂਰਵ ਅਵਸਥਾ ਰਿਗਵੇਦ ਦੇ ਪ੍ਰਸਿੱਧ ਨਾਸਦੀਯ ਸੂਕਤ ਤੋਂ ਮਿਲਦੀ ਹੈ। ਇਹ ਅਵਸਥਾ ਸੂਕਤ ਦੇ ਪਹਿਲੇ ਤਿੰਨ ਮੰਤਰਾਂ ਵਿਚ ਮਿਲਦੀ ਹੈ।

ਉਸ ਪਰਲੋ ਕਾਲ ਵਿਚ ਨਾ ਅਸੱਤ ਸੀ ਨਾ ਸੱਤ ਸੀ, ਨਾ ਲੋਕ ਸੀ ਨਾ ਅਕਾਸ਼, ਨਾ ਸਮੁੰਦਰ, ਨਾ ਮ੍ਰਿਤੂ, ਨਾ ਅੰਮ੍ਰਿਤ, ਨਾ ਰਾਤ, ਨਾ ਦਿਨ, ਉਸ ਵੇਲੇ ਗੂੜਾ ਅੰਧਕਾਰ ਸੀ। ਉਹ ਅੰਧਕਾਰ ਨਾਲ ਹੀ ਢੱਕਿਆ ਹੋਇਆ ਸੀ।

ਪੱਛਮੀ ਵਿਦਵਾਨ ਮੈਕਡਾਨਲ ਨੇ ਅਸੱਤ ਤੋਂ ਭਾਵ ਅਣਹੋਂਦ ਤੇ 'ਸੱਤ' ਤੋਂ ਭਾਵ ਹੋਂਦ ਲਿਆ ਹੈ ਪ੍ਰੰਤੂ ਇਸ ਨਾਲੋਂ ਅਵਿਅਕਤ (ਪ੍ਰਕ੍ਰਿਤੀ) ਤੇ ਸਤ ਦਾ ਅਰਥ ਵਿਅਕਤ ਹੈ। ਜਦੋਂ ਕੁਝ ਵੀ ਨਹੀਂ ਸੀ ਕੇਵਲ ਇਕ ਤੱਤ ਸੀ ਵਿਦਵਾਨਾਂ ਅਨੁਸਾਰ, ਵੈਦਕ ਧਰਮ, ਪ੍ਰਕਿਰਤੀਵਾਦ, ਬਹੁਦੇਵਵਾਦ, ਦੇਵਵਾਦ ਏਕ ਈਸ਼ਵਰਵਾਦ ਦਾ ਵਿਕਾਸ ਹੋ ਕੇ ਤੱਤਵਾਦੀ ਜਾਂ ਅਦ੍ਵੈਤਵਾਦ ਦਾ ਤੇ ਇਕ ਸੱਤਾਵਾਦ ਦਾ ਵਿਚਾਰ ਮਿਲਦਾ ਹੈ। ਇਸ ਤੱਤ ਵਿਚ ਸ੍ਰਿਸ਼ਟੀ ਦੇ ਬੀਜ ਗੁਪਤ ਰੂਪ ਵਿਚ ਸਨ ਇਸ ਨਿਰਗੁਣ ਅਵਸਥਾ ਵਿਚ 'ਸਲਿਲ' ਸ਼ਬਦ ਵਰਤਿਆ ਹੈ। ਇਸ ਤੋਂ ਭਾਵ ਵਿਦਵਾਨਾਂ ਨੇ ਸਤ-ਤਤ ਲਿਆ ਹੈ। ਇਸ ਸਤਾ ਵਿਚ ਮਨ ਦਾ ਬੀਜ ਵੀ ਸੀ। ਇਸ ਤੋਂ ਸਾਰੇ ਜਗਤ ਦੀ ਰਚਨਾ ਹੋਈ ਮੰਨੀ ਜਾਂਦੀ ਹੈ।

ਡਾ. ਚੋਪੜਾ ਦਾ ਕਹਿਣਾ ਹੈ ਕਿ ਵੈਦਕ ਲੋਕਾਂ ਨੂੰ ਕੁਦਰਤ ਦਾ ਹਰ ਇਕ ਰੂਪ ਚੰਗਾ ਲਗਦਾ ਹੈ ਜਿਸ ਤੋਂ ਉਸ ਵਿਚ ਪ੍ਰੇਮ ਸ਼ਰਧਾ ਤੇ ਵਿਸ਼ਵਾਸ ਉਤਪੰਨ ਹੋ ਜਾਂਦਾ ਹੈ। ਵੈਦਕ ਕਾਲ ਦੇ ਮਨੁੱਖਾਂ ਦੇ ਮਨ ਤੇ ਬੁੱਧੀ ਦੋਵੇਂ ਨਿਰਮਲ ਸਰਲ ਤੇ ਕੋਮਲ ਸਨ। ਉਨ੍ਹਾਂ ਨੇ ਇਨ੍ਹਾਂ ਸਾਰਿਆਂ ਦੇਵਤਿਆਂ ਨੂੰ ਇਕ ਨਿਸ਼ਚਤ ਸਰੂਪ ਦਿੱਤਾ ਅਤੇ ਸਾਰੇ ਸਰੂਪਾਂ ਨੂੰ ਇਕੱਠਾ ਕਰਕੇ ਇਕ ਈਸ਼ਵਰਵਾਦ ਦੀ ਸਥਾਪਨਾ ਕੀਤੀ। ਇਹੀ ਕਾਰਨ ਹੈ ਜਿਨ੍ਹਾਂ ਵਿਚੋਂ ਹਰੇਕ ਵਾਰੀ-ਵਾਰੀ ਨਾਲ ਸਰਵਉਚ ਹੁੰਦਾ ਹੈ ਪ੍ਰੰਤੂ ਕਿਸੇ ਦੂਜੇ ਦੇਵਤੇ ਨੂੰ ਨੀਵਾਂ ਨਹੀਂ ਦਰਸਾਇਆ ਜਾਂਦਾ ਸੀ।

ਡਾ. ਰਾਧਾ ਕ੍ਰਿਸ਼ਨ ਅਨੁਸਾਰ ਰਿਗਵੇਦ ਇਕ ਕੁਦਰਤੀ ਯੁਗ ਹੈ (unsophisticated age) ਦੀ ਪ੍ਰਤਿਨਿਧਤਾ ਕਰਦਾ ਹੈ ਜ਼ਿਆਦਾਤਰ ਮੰਤਰ ਸਰਲ ਤੇ ਕੁਦਰਤੀ ਹਨ, ਬਾਹਰ ਦੇ ਦਿਖਾਵੇਪਨ ਤੋਂ ਮੁਕਤ ਮਨ ਦੀ ਧਾਰਮਕ ਚੇਤਨਾ ਨੂੰ ਪ੍ਰਗਟ ਕਰਦੇ ਹਨ।

## (ii) ਉਪਨਿਸ਼ਦਾਂ ਦਾ ਪਰਮਸਤ

ਅਸੀਂ ਪਿਛੇ ਵੇਦਾਂ ਅੰਦਰ ਉਸ ਸੱਤ ਤੱਤ ਦਾ ਨਿਰੂਪਣ ਕਰਨ ਦਾ ਯਤਨ ਕੀਤਾ ਹੈ ਜਿਹੜਾ ਸਾਰੀਆਂ ਕੁਦਰਤੀ ਸ਼ਕਤੀਆਂ ਜਾਂ 'ਤੱਤਾਂ' ਦੇ ਪਿਛੋਕੜ ਵਿਚ ਕੰਮ ਕਰਦਾ ਹੈ।

ਇਸ ਪਰਮ ਸ਼ਕਤੀ ਦਾ ਸਰੂਪ ਸਾਨੂੰ ਉਪਨਿਸ਼ਦਾਂ ਅੰਦਰ ਵੀ ਬਹੁਪੱਖੀ ਰੂਪ ਵਿਚ ਮਿਲਦਾ ਹੈ। ਇਹ ਪਰਮਸੱਤ ਜਾਂ ਬ੍ਰਹਮ ਦੇ ਬਹੁਪੱਖੀ ਅਧਿਐਨ ਤੋਂ ਪਹਿਲਾਂ ਬ੍ਰਹਮ ਸ਼ਬਦ ਬਾਰੇ ਕੁਝ ਜਾਣਨਾ ਜ਼ਰੂਰੀ ਹੋਵੇਗਾ। ਡਾ. ਨਿਰਾਕਾਰੀ ਨੇ ਬ੍ਰਹਮ ਸ਼ਬਦ ਦੀ ਵਿਆਖਿਆ ਕਰਦਿਆਂ ਕਿਹਾ ਹੈ ਕਿ ਉਹ ਇਤਨਾ ਵੱਡਾ ਹੈ ਉਸਦੀ ਭਾਵਾਤਮਕ ਕਲਪਨਾ ਨਹੀਂ ਕੀਤੀ ਜਾ ਸਕਦੀ। ਇਸਨੂੰ ਕਿਸੇ ਸੀਮਾ ਅੰਦਰ ਸੀਮਤ ਨਹੀਂ ਕੀਤਾ ਜਾ ਸਕਦਾ। ਬ੍ਰਹਮ ਸ਼ਬਦ 'ਬ੍ਰਿਹ' ਤੋਂ ਨਿਕਲਿਆ ਹੈ

ਜਿਸਦਾ ਭਾਵ ਹੈ ਫੁਟਣਾ, ਉਗਣਾ, ਵਧਣਾ ਆਦਿ।

ਸ਼ੰਕਰ ਵੇਦਾਂਤ ਦੀ ਪਰਿਭਾਸ਼ਾ ਅਨੁਸਾਰ ਬ੍ਰਹਮ ਉਹ ਹੈ ਜੋ ਦੇਸ਼, ਕਾਲ ਤੇ ਵਸਤੂ ਦੀ ਹੋਂਦ ਵਿਚ ਨਹੀਂ ਆਉਂਦਾ। ਧਾਤੂ ਅਰਥ ਅਨੁਸਾਰ ਬ੍ਰਹਮ ਆਪ ਵੱਡਾ ਹੈ ਅਤੇ ਉਹ ਵੱਡਾ ਕਰਦਾ ਵੀ ਹੈ ਭਾਵ ਵਿਸਥਾਰ ਵੀ ਕਰਦਾ ਹੈ। ਪਰ ਇਸ ਵਿਸਥਾਰ ਦੀਆਂ ਸ਼ਕਤੀਆਂ ਅਸੀਮ ਹਨ। ਉਸਦਾ ਵਿਸਥਾਰ ਵੀ ਇਕ ਰਹੱਸ ਹੀ ਹੈ।

ਉਪਨਿਸ਼ਦਾਂ ਵਿਚ ਬ੍ਰਹਮ ਨੂੰ 'ਅਸ਼ਬਦ' ਕਹਿ ਕੇ ਇਸਦੇ ਅਸਲ ਸਰੂਪ ਨੂੰ ਸ਼ਬਦਾਂ ਦੇ ਬੰਧਨ ਤੋਂ ਪਰੇ ਦੱਸਿਆ ਹੈ। ਪਰ ਇਸ ਅਸੀਮ ਪਰਮਤੱਤ ਨੂੰ ਉਪਨਿਸ਼ਦਾਂ ਦੇ ਰਿਸ਼ੀਆਂ ਨੇ ਆਪੋ ਆਪਣੇ ਅਨੁਭਵ ਦੁਆਰਾ ਵਰਣਨ ਕਰਦਿਆਂ ਇਸਦੇ ਕਈ ਗੁਣ ਦਸੇ ਹਨ—ਜਿਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :-

ਡਾ. ਆਰ.ਡੀ. ਨਿਰਾਕਾਰੀ ਅਨੁਸਾਰ, ਬ੍ਰਹਮ ਅੰਤਰ ਸ਼ਕਤੀ ਹੈ : ਭਾਵ ਪਰਮਸਤ ਪ੍ਰਾਣਾਂ ਦਾ ਪ੍ਰਾਣ ਹੈ, ਅੱਖਾਂ ਦੀ ਅੱਖ, ਮਨ ਦਾ ਮਨ ਹੈ ਇਹ ਵਿਚਾਰ ਕਠ ਉਪਨਿਸ਼ਦ ਵਿਚ ਆਉਂਦਾ ਹੈ ਕਿ ਅੱਖਾਂ ਜਿਸ (ਸ਼ਕਤੀ) ਦੁਆਰਾ ਦੇਖਦੀਆਂ ਹਨ ਉਹ ਬ੍ਰਹਮ ਹੈ, ਮਨ ਜਿਸਦਾ ਮਨਨ ਨਹੀਂ ਕਰ ਸਕਦਾ ਪਰ ਮਨ ਜਿਸ ਦੁਆਰਾ ਮਨਨ ਕਰਦਾ ਹੈ, ਉਹ ਸ਼ਕਤੀ ਬ੍ਰਹਮ ਹੈ, ਜਿਹੜੀ ਸ਼ਕਤੀ ਸਾਡੀਆਂ ਇੰਦਰੀਆਂ ਵਿਚ ਕੰਮ ਕਰਦੀ ਹੈ ਉਹ ਬ੍ਰਹਮ ਹੈ ਸਾਡੇ ਪ੍ਰਾਣਾਂ ਦੀ ਕਿਰਿਆ ਸ਼ਕਤੀ ਦਾ ਆਧਾਰ ਬ੍ਰਹਮ ਉਪਨਿਸ਼ਦਾਂ ਵਿਚ ਹੀ ਵਰਣਨ ਹੈ ਕਿ ਪ੍ਰਕਿਰਤੀ ਦੇ ਤੱਤਾਂ ਵਿਚ ਆਪਣੀ ਕੋਈ ਸ਼ਕਤੀ ਨਹੀਂ, ਇਹ ਸ਼ਕਤੀ ਬ੍ਰਹਮ ਤੋਂ ਹੀ ਪ੍ਰਾਪਤ ਕਰਦੇ ਹਨ। ਕਠ ਉਪਨਿਸ਼ਦ ਇਸ ਤੱਤ ਦਾ ਸਪਸ਼ਟੀਕਰਨ ਕਰਦਾ ਹੈ ਵੇਦਾਂਤ ਵਿਚ ਮਾਇਆ ਨੂੰ ਬ੍ਰਹਮ ਦੀ ਸ਼ਕਤੀ ਕਿਹਾ ਹੈ। ਉਪਨਿਸ਼ਦਾਂ ਵਿਚ ਸ਼ਕਤੀ, ਮਾਇਆ ਤੇ ਪ੍ਰਕ੍ਰਿਤੀ ਸ਼ਬਦ ਇਕ ਹੀ ਤੱਤ ਵਾਸਤੇ ਵਰਤੇ ਹਨ। ਸ਼ਕਤੀ ਤੇ ਸ਼ਕਤੀਮਾਨ ਅਭੇਦ ਹਨ। ਬ੍ਰਹਮ ਹੀ ਸਾਰੀ ਪ੍ਰਕ੍ਰਿਤੀ ਦਾ ਰੂਪ ਹੈ, ਉਹ ਹੀ ਇਸਦਾ ਕਾਰਨ ਹੈ। ਡਾ. ਨਿਰਾਕਾਰੀ ਅਨੁਸਾਰ ਬਾਦਰਾਇਣ ਨੇ 'ਬ੍ਰਹਮ ਸੂਤਰ' ਵਿਚ ਬ੍ਰਹਮ ਨੂੰ ਹੀ ਜਗਤ ਦਾ ਕਾਰਨ ਮੰਨਿਆ ਹੈ—ਭੌਤਿਕ ਜਗਤ ਦੇ ਪਿਛੇ ਜਿਹੜੀ ਸ਼ਕਤੀ ਵਰਤਦੀ ਹੈ ਉਹ ਬ੍ਰਹਮ ਹੈ।

ਬ੍ਰਹਮ ਦੇ ਸਰੂਪ ਵਰਣਨ ਕਰਨ ਲਈ ਉਪਨਿਸ਼ਦਾਂ ਵਿਚ ਦੋ ਵਿਧੀਆਂ ਅਪਨਾਈਆਂ ਗਈਆਂ ਹਨ। ਇਕ ਸਵੀਕਾਰਆਤਮਕ ਤੇ ਦੂਜੀ ਨਿਖੇਧਆਤਮਕ ਪਹਿਲੀ ਅਨੁਸਾਰ ਬ੍ਰਹਮ ਵਿਚ ਸਾਰੇ ਚੰਗੇ ਗੁਣ ਹਨ, ਉਹ ਚਿਤ, ਸੁਧ, ਬੁਧ, ਨਿਤ ਮੁਕਤ, ਸਰਬੱਗ ਸਰਵ ਸ਼ਕਤੀਮਾਨ ਹੈ। ਬ੍ਰਹਮ ਹੀ ਸਭ ਕੁਝ ਹੈ, ਬ੍ਰਹਮ ਨੇ ਆਪਣੇ ਸਰੂਪ ਤੇ ਵਿਚਾਰ ਕਰਕੇ ਸਰਬ ਰੂਪ ਹੋ ਗਿਆ, ਮੁੰਡਕ ਉਪਨਿਸ਼ਦ ਵਿਚ ਬ੍ਰਹਮ ਨੂੰ ਚੌਹਾਂ ਦਿਸ਼ਾਵਾਂ ਵਿਚ ਉਪਸਥਿਤ ਦੱਸਿਆ ਹੈ। ਮਿੱਟੀ ਤੇ ਇਸ ਦੇ ਬਰਤਨ ਬ੍ਰਹਮ ਦੀ ਸਰਬ ਰੂਪਤਾ ਸਿਧ ਕਰ ਸਕਦੇ ਹਨ। ਜਗਤ ਫਿਰ ਵੀ ਰਹੱਸ ਹੀ ਹੈ। ਭਾਵ ਉਸਦਾ ਸਰਗੁਣ ਸਰੂਪ ਵੀ ਅਦਭੁਤ ਹੈ।

ਬ੍ਰਹਮ ਜੋਤਾਂ ਦੀ ਜੋਤ ਹੈ ਜੋਤ ਨੂੰ ਦੋ ਪਾੜ ਨਹੀਂ ਕੀਤਾ ਜਾ ਸਕਦਾ। ਉਹ ਅਖੰਡ ਹੈ, ਨਿਰਮਲ ਹੈ। ਸੰਸਾਰ ਦੇ ਪ੍ਰਕਾਸ਼ਵਾਨ ਤੱਤ, ਸੂਰਜ, ਚੰਨ ਆਦਿ ਬ੍ਰਹਮ ਦੇ ਪ੍ਰਕਾਸ਼ ਨਾਲ ਹੀ ਪ੍ਰਕਾਸ਼ ਕਰਦੇ ਹਨ। ਇਸ ਬ੍ਰਹਮ ਦਾ ਰੂਪ ਬਾਹਰੀ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ, ਤੱਤਵੇਤ ਮਨ ਦੀਆਂ ਅੱਖਾਂ ਨਾਲ ਹਿਰਦੇ ਵਿਚ ਇਸਨੂੰ ਦੇ ਖ ਸਕਦੇ ਹਨ। ਇਹ ਦੈਵੀ ਜੋਤ ਹੈ ਇਸਨੂੰ ਦੈਵੀ ਜਾਂ ਦਿਵ ਦ੍ਰਿਸ਼ਟੀ ਹੀ ਦੇਖ ਸਕਦੀ ਹੈ।

ਉਪਨਿਸ਼ਦਾਂ ਵਿਚ ਬ੍ਰਹਮ ਨੂੰ ਆਤਮ ਰੂਪ ਮੰਨਿਆ ਗਿਆ ਹੈ। ਆਤਮਾ ਨੂੰ ਪਰਮ ਆਤਮਾ ਦਾ ਰੂਪ ਮੰਨਿਆ ਹੈ। ਇਸਦਾ ਸੰਬੰਧ ਮਨ, ਪ੍ਰਾਣ, ਅੱਖਾਂ ਆਦਿ ਨਾਲ ਦੱਸਿਆ ਗਿਆ ਹੈ। ਜਿਹੜਾ ਸਾਧਕ ਆਤਮਾ ਨੂੰ ਪਰਮਾਤਮਾ ਦਾ ਰੂਪ ਮੰਨ ਕੇ ਸੰਕਲਪਾਂ ਵਿਕਲਪਾਂ ਤੋਂ ਛੁਟਕਾਰਾ ਪਾ ਲੈਂਦਾ ਹੈ ਉਹ ਮੁਕਤੀ ਪ੍ਰਾਪਤ ਕਰ ਲੈਂਦਾ ਹੈ ਜਿਸ ਤਰ੍ਹਾਂ ਨਦੀ ਸਮੁੰਦਰ ਵਿਚ ਅਭੇਦ ਹੋ ਜਾਂਦੀ ਹੈ। ਇਸੇ ਤਰ੍ਹਾਂ ਆਤਮਾ-ਪਰਮਆਤਮਾ ਵਿਚ ਅਭੇਦ ਹੋ ਜਾਂਦੀ ਹੈ।

ਵੈਦਿਕ ਧਰਮ ਵਿਚ ਓਂਕਾਰ ਨੂੰ ਬ੍ਰਹਮ ਦਾ ਪ੍ਰਤੀਕ ਮੰਨਿਆ ਗਿਆ ਹੈ। ਮੁੰਡਕ ਉਪਨਿਸ਼ਦ ਵਿਚ ਬ੍ਰਹਮ ਨੂੰ 'ਅਖਰ' ਕਿਹਾ ਗਿਆ ਹੈ ਇਥੇ 'ਪਰ' ਤੇ 'ਅਪਰ' ਰੂਪ ਵੀ ਵਰਤੇ ਗਏ ਹਨ। ਅਖਰ, ਪਰਮ ਹੈ ਇਸ ਅਖਰ ਨੂੰ ਜਾਣ ਕੇ , ਸਾਧਕ ਦੀ ਇੱਛਾ ਪੂਰੀ ਹੋ ਜਾਂਦੀ ਹੈ। ਅਖਰ ਰੂਪੀ ਬ੍ਰਹਮ ਨੂੰ ਮਨੁਖ ਦਾ ਵੱਡਾ ਆਸਰਾ ਮੰਨਿਆ ਜਾਂਦਾ ਹੈ। ਇਸ ਅਖਰ ਗਿਆਨ ਨਾਲ ਬ੍ਰਹਮ ਲੋਕ ਦੀ ਪ੍ਰਾਪਤੀ ਹੋ ਜਾਂਦੀ ਹੈ। ਐਸਾ ਬ੍ਰਹਮ, ਤਿੰਨਾਂ ਕਾਲਾਂ ਵਿਚ ਇਕ ਰਸ ਤੇ ਇਸ ਤੋਂ ਪਰੇ ਵੀ ਕਾਇਮ ਰਹਿੰਦਾ ਹੈ। ਇਸ ਅੱਖਰ ਨੂੰ ਜਾਣਨ ਤੋਂ ਉਪਰੰਤ ਹੋਰ ਕੁਝ ਬਾਕੀ ਨਹੀਂ ਰਹਿ ਜਾਂਦਾ।

### ਬ੍ਰਹਮ ਸੱਤ ਚਿਤ ਅਨੰਦ ਹੈ

ਬ੍ਰਹਮ ਸਤਿ ਹੈ ਭਾਵ ਦੇਸ, ਕਾਲ, ਵਸਤੂ ਦੇ ਬੰਧਨ ਤੋਂ ਮੁਕਤ ਹੈ ਸਤਿ ਤੋਂ ਭਾਵ ਸ਼ੁਧ ਹੋਂਦ ਵਾਲਾ ਲਿਆ ਹੈ। ਉਸਦੀ

ਹੋਂਦ ਦਾ ਕੋਈ ਆਧਾਰ ਨਹੀਂ, ਉਹ ਸਭ ਦੀ ਹੋਂਦ ਦਾ ਆਧਾਰ ਹੈ। ਇਸ ਹੋਂਦ ਲਈ ਸ਼ਬਦ ਸਤਯੰ ਬ੍ਰਹਮ ਵੀ ਵਰਤਿਆ ਗਿਆ। ਇਥੇ ਇਕ ਹੋਰ ਸ਼ਬਦ 'ਸਾਰ' ਬ੍ਰਹਮ ਲਈ ਵਰਤਿਆ ਹੈ, ਜਿਸ ਤੋਂ ਭਾਵ ਹੈ ਸਾਰੇ ਵਿਸ਼ਵ ਦਾ ਸਾਰ ਹੈ। ਉਹ ਸ਼ੁਧ ਚੇਤਨ ਤਤਸਾਰ ਹੈ। ਵਸਤੂ ਦੇ ਦਵੰਦ ਤੋਂ ਅਤੀਤ ਹੈ ਉਸ ਅੰਦਰ ਕਿਸੇ ਗੱਲ ਦਾ ਅਭਾਵ ਨਹੀਂ। ਉਹ ਸੰਪੂਰਨ ਤੇ ਅਨੰਦਮਈ ਹੈ। ਇਹ ਤਿੰਨ ਉਸਦੇ ਵਿਸ਼ੇਸ਼ਣ ਨਹੀਂ ਸਗੋਂ ਤਤਸਾਰ ਹਨ।

ਵੈਦਕ ਬ੍ਰਹਮ ਗਿਆਨ ਸਰੂਪ ਹੈ, ਬ੍ਰਹਮ ਸ਼ੁੱਧ ਚੇਤਨਾ ਦੀ ਪ੍ਰਤਿਨਿੱਧਤਾ ਕਰਦਾ ਹੈ, ਉਪਨਿਸ਼ਦਾਂ ਵਿਚ ਗਿਆਨ, ਵਿਗਿਆਨ ਤੇ ਪ੍ਰਗਿਆਨ ਜੋ ਗਿਆਨ ਦਾ ਅਰਥ ਦੇਂਦੇ ਹਨ, ਚੇਤਨਾ ਬਿਨ ਗਿਆਨ ਨਹੀਂ ਹੋ ਸਕਦਾ। ਬ੍ਰਹਮ ਗਿਆਨ ਦਾ ਸੋਮਾ ਹੈ, ਉਸਦੀ ਸਤਾ ਗਿਆਨਮਈ ਹੈ, ਜੀਵਾਂ ਦਾ ਗਿਆਨ ਬ੍ਰਹਮ ਦੀ ਹੋਂਦ ਕਰਕੇ ਹੈ। ਇਹ ਗਿਆਨ ਅਧਿਆਤਮ ਗਿਆਨ ਹੈ। ਸਾਡੀਆਂ ਇੰਦਰੀਆਂ ਦੀ ਗਿਆਨ ਸ਼ਕਤੀ, ਬ੍ਰਹਮ ਕਰਕੇ ਹੈ, ਸਾਡੀ ਵਿਚਾਰ ਸ਼ਕਤੀ ਦਾ ਆਧਾਰ ਵੀ ਬ੍ਰਹਮ ਹੀ ਹੈ, ਚਿੰਤਨ ਸ਼ਕਤੀ ਵੀ ਬ੍ਰਹਮ ਦੀ ਸ਼ਕਤੀ ਹੈ। ਇਸ ਲਈ ਚੇਤਨਾਮਈ ਤੇ ਗਿਆਨਮਈ ਕਿਹਾ ਹੈ।

ਵੈਦਕ ਧਰਮ ਦਾ ਬ੍ਰਹਮ ਜਿਥੇ ਗਿਆਨ ਸਰੂਪ ਹੈ ਉਹ ਅਨੰਦਮਈ ਵੀ ਹੈ। ਬ੍ਰਹਮ ਦਾ ਇਹ ਅਨੰਦ ਸੁਧ ਸਰੂਪ ਹੈ। ਇਹ ਸੰਸਾਰੀ ਅਨੰਦ ਨਹੀਂ ਹੈ, ਸਗੋਂ ਦੈਵੀ ਅਨੰਦ ਹੈ ਇਸ ਅਨੰਦ ਦਾ ਅਥਾਹ ਰੂਪ ਹੈ ਤੇ ਸਮੁੰਦਰ ਵਾਂਗ ਹੈ, ਕਿਤੇ ਅਨੰਦ ਦਾ ਸਾਗਰ ਵੀ ਕਿਹਾ ਹੈ। ਤੈਤਿਰੀਯ ਉਪਨਿਸ਼ਦ ਵਿਚ ਬ੍ਰਹਮਾਨੰਦ ਵੱਲੀ ਵਿਚ ਇਸ ਰੂਪ ਦਾ ਵਿਸਥਾਰ ਸਹਿਤ ਵਰਣਨ ਕੀਤਾ ਹੈ। ਅਨੰਦ ਵੀ ਬ੍ਰਹਮ ਦਾ ਹੀ ਰੂਪ ਹੈ। ਸਾਧਕ ਆਪਣੀ ਸਮਰਥਾ ਅਨੁਸਾਰ ਇਸ ਅਨੰਦ ਦੀ ਪ੍ਰਾਪਤੀ ਕਰਦਾ ਹੈ। ਅਨੰਦ ਸਰੂਪ ਬ੍ਰਹਮ ਤੋਂ ਸਾਰੇ ਜੀਵ ਉਤਪੰਨ ਹੁੰਦੇ ਹਨ ਤੇ ਜੀਉਂਦੇ ਹਨ, ਮੁਕਤੀ ਤੋਂ ਬਾਅਦ ਇਸ ਅਨੰਦ ਵਿਚ ਲੀਨ ਹੋ ਜਾਂਦਾ ਹੈ। ਇਹ ਅਨੰਦ ਅਨੰਤ ਹੈ। ਅਨੰਦ ਬ੍ਰਹਮ ਦਾ ਗੁਣ ਨਹੀਂ ਉਸਦਾ ਸਰੂਪ ਹੈ। ਸਾਧਕ ਨੂੰ ਅਨੰਦ ਦਾ ਅਨੁਭਵ ਬ੍ਰਹਮ ਦਾ ਅਨੁਭਵ ਹੀ ਹੁੰਦਾ ਹੈ।

ਛਾਦੋਗਯ ਉਪਨਿਸ਼ਦ ਵਿਚ ਸ਼ਬਦ 'ਤਜਲਾਨ' ਵੀ ਇਸੇ ਅਰਥ ਵਿਚ ਆਇਆ ਹੈ।

1. ਤੱਤ - (ਉਹ) ਕੋਈ ਸਤਾ ਹੈ।
2. ਜ - ਜਿਸ ਤੋਂ ਕੁਝ ਉਤਪੰਨ ਹੋਵੇ।
3. ਲ - ਪਾਲਣਾ ਜਾਂ ਰੱਖਿਆ ਕਰਨਾ।
4. ਅਨ - ਜਿਸਦੇ ਸਹਾਰੇ ਕੋਈ ਚੀਜ਼ ਰਹਿੰਦੀ ਹੈ।

ਜਗਤ ਦਾ ਮੂਲ ਕਾਰਨ ਬ੍ਰਹਮ ਹੈ। ਬ੍ਰਹਮ ਹੀ ਨਮਿਤ ਤੇ ਉਪਦਾਨ ਕਾਰਨ ਹੈ। ਜਗਤ ਵਿਚ ਵਿਕਾਰ ਪੈਦਾ ਹੋਣ ਤੇ ਬ੍ਰਹਮ ਦੇ ਮੂਲ ਰੂਪ ਵਿਚ ਕੋਈ ਪਰਿਵਰਤਨ ਨਹੀਂ। ਸਮੁੰਦਰ ਤੋਂ ਬੱਦਲ ਪੈਦਾ ਹੋਕੇ, ਪਾਣੀ ਵਰਖਾ ਦਾ ਨਦੀਆਂ ਰਾਹੀਂ ਮੁੜ ਸਮੁੰਦਰ ਵਿਚ ਮਿਲ ਜਾਂਦਾ ਹੈ। ਇਸ ਨਾਲ ਸਮੁੰਦਰ ਵਿਚ ਕੋਈ ਫਰਕ ਨਹੀਂ ਆਉਂਦਾ, ਉਹ ਹਮੇਸ਼ਾਂ ਭਰਿਆ ਰਹਿੰਦਾ ਹੈ। ਇਸ ਤਰ੍ਹਾਂ ਬ੍ਰਹਮ ਵੀ ਹਮੇਸ਼ਾਂ ਪੂਰਨ ਰਹਿੰਦਾ ਹੈ।

ਤੈਤਰੀਯ ਉਪਨਿਸ਼ਦ ਦੀ ਭ੍ਰਿਗੁਵਲੀ (3-1) ਭ੍ਰਿਗੁ ਤੇ ਉਸਦੇ ਪਿਤਾ ਵਰੁਣ ਦੇ ਪ੍ਰਸ਼ਨ ਉਤਰਾਂ ਤੋਂ ਬ੍ਰਹਮ (ਪਰਮਸਤ) ਦੀਆਂ ਪੰਜ ਅਵਸਥਾਵਾਂ ਤੋਂ ਪੰਜ ਲੱਛਣ ਇਸ ਪ੍ਰਕਾਰ ਪ੍ਰਗਟ ਹੁੰਦੇ ਹਨ ਕਿ ਉਹ ਸਥੂਲ ਤੋਂ ਸੂਖਮ ਅਵਸਥਾ ਵੱਲ ਵਧਦਾ ਦੱਸਿਆ ਹੈ। ਭ੍ਰਿਗੂ ਪਿਤਾ ਦੇ ਆਦੇਸ਼ ਅਨੁਸਾਰ ਬ੍ਰਹਮ ਦੀ ਜਗਿਆਸਾ ਲਈ ਤਪ ਕਰਨ ਜੰਗਲ ਵਿਚ ਜਾਂਦਾ ਹੈ ਤੇ ਵਾਪਸ ਮੁੜਨ ਤੇ ਬ੍ਰਹਮ ਬਾਰੇ ਕਹਿੰਦਾ ਹੈ ਕਿ :

1. ਅੰਨ ਬ੍ਰਹਮ ਹੈ - ਇਸਨੂੰ ਅੰਨਮਈ ਕੋਸ਼ ਕਿਹਾ ਹੈ ਪਿਤਾ ਨੇ ਕਿਹਾ ਕਿ ਅੰਨ ਬ੍ਰਹਮ ਨਹੀਂ ਤੇ ਉਹ ਫਿਰ ਤਪ ਕਰਨ ਜਾਂਦਾ ਹੈ ਤੇ ਵਾਪਸੀ ਤੇ ਕਹਿੰਦਾ ਹੈ।
2. ਪ੍ਰਾਣ ਬ੍ਰਹਮ ਹੈ - ਇਸਨੂੰ ਪ੍ਰਾਣਮਈ ਕੋਸ਼ ਕਿਹਾ ਹੈ ਇਸੇ ਤਰ੍ਹਾਂ ਫਿਰ ਕਹਿੰਦਾ ਹੈ।
3. ਮਨ ਬ੍ਰਹਮ ਹੈ - ਇਹ ਮਨਮਈ ਕੋਸ਼ ਹੈ। ਇਹ ਵੀ ਬ੍ਰਹਮ ਨਹੀਂ ਭਾਵ ਪੂਰਨ ਬ੍ਰਹਮ ਨਹੀਂ ਹੈ।
4. ਵਿਗਿਆਨ (ਆਤਮਾ) ਬ੍ਰਹਮ ਹੈ - ਤੇ ਅੰਤ ਵਿਚ ਭ੍ਰਿਗੂ ਨੂੰ ਗਿਆਤ ਹੋਇਆ ਕਿ
5. ਅਨੰਦ ਬ੍ਰਹਮ ਹੈ - ਅਨੰਦਮਈ ਕੋਸ਼

ਅਨੰਦ ਤੋਂ ਹੀ ਸਭ ਜੀਵ ਉਤਪੰਨ ਹੁੰਦੇ ਹਨ ਤੇ ਅਨੰਦ ਦੁਆਰਾ ਹੀ ਜੀਵਤ ਰਹਿੰਦੇ ਹਨ ਅੰਤ ਨੂੰ ਅਨੰਦ ਵਿਚ ਲੀਨ ਹੋ ਜਾਂਦੇ ਹਨ। ਬ੍ਰਹਮ ਸਭ ਦਾ ਆਧਾਰ ਹੈ ਇਸ ਲਈ ਸ਼ਬਦ ਪੁਸ਼ਪ੍ਰਤਿਸ਼ਠਾ ਵਰਤਿਆ ਗਿਆ ਹੈ।

ਉਪਨਿਸ਼ਦਾਂ ਵਿਚ ਪਰਮਸਤ ਦੇ ਅੰਤਮ ਤੱਤ ਨੂੰ ਦੋ ਨਾਵਾਂ ਵਿਚ ਅੰਕਤ ਕੀਤਾ ਗਿਆ ਹੈ – ਆਤਮਾ ਤੇ ਬ੍ਰਹਮ। ਅਨੰਦ ਬ੍ਰਹਮ ਆਤਮ ਨਿਰਭਰ, ਨਿਰਵਾਕ ਤੇ ਸ਼ਾਂਤ ਹੈ। ਬ੍ਰਹਮ –

**ਸਤਯੰ ਸੁਦਰਮੰ ਤੇ ਸ਼ਿਵਮ ਹੈ।**

ਉਹ ਪਰਿਵਰਤਨਸ਼ੀਲ ਨਹੀਂ ਪਰ ਸੰਪੂਰਨ ਪਰਿਵਰਤਨ ਦਾ ਆਧਾਰ ਹੈ। ਉਪਨਿਸ਼ਦਾਂ ਵਿਚ ਬ੍ਰਹਮ ਨਿਰੂਪਣ ਲਈ ਨਿਸ਼ੇਧਆਤਮਕ ਸ਼ੈਲੀ ਦੀ ਵਰਤੋਂ ਵੀ ਹੋਈ ਹੈ। ਨਾ ਉਹ ਸਥੂਲ ਹੈ, ਨਾ ਸੂਖਮ ਹੈ, ਨਾ ਛੋਟਾ ਹੈ, ਨਾ ਵੱਡਾ, ਨਾ ਰਕਤ ਹੈ, ਨਾ ਮਾਸ, ਨਾ ਛਾਇਆ ਹੈ, ਨਾ ਤਮ, ਨਾ ਵਾਯੂ ਹੈ, ਨਾ ਆਕਾਸ਼, ਨਾ ਸਪਰਸ਼ ਰਸ ਗੰਧ ਯੁਕਤ, ਨਾ ਅੱਖ ਕੰਨ ਬਾਣੀ ਮਨ ਯੁਕਤ, ਨਾ ਆਂਤ੍ਰਿਕ ਨਾ ਬਾਹਰੀ ਜੋ ਉਸਨੂੰ ਜਾਣਦੇ ਹਨ ਉਹ ਨਹੀਂ ਜਾਣਦੇ। ਜੋ ਨਹੀਂ ਜਾਣਦੇ ਉਹ ਜਾਣਦੇ ਹਨ। ਕਹਿਣ ਤੋਂ ਭਾਵ ਉਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਉਸਦੀ ਪ੍ਰਾਪਤੀ ਪਦਾਰਥ ਰੂਪ ਵਿਚ ਸੰਭਵ ਨਹੀਂ ਹੋ ਸਕਦੀ। ਉਹ ਮਨ, ਬੁੱਧੀ ਤੇ ਬੋਲੀ ਦਾ ਵਿਸ਼ਾ ਨਹੀਂ। ਪਰ ਇਸਦਾ ਅਰਥ ਇਹ ਨਹੀਂ ਕਿ ਬ੍ਰਹਮ ਕੁਝ ਵੀ ਨਹੀਂ ਹੈ। ਇਹ ਨੇਤਿ ਨੇਤਿ ਜਾਂ ਨਿਸ਼ੇਧ ਆਤਮਕ ਢੰਗ ਕੇਵਲ ਅਨੁਭਵ ਅਤੀਤ ਸਚਾਈ ਨੂੰ ਵਰਣਨ ਕਰਨ ਲਈ ਅਪਨਾਇਆ ਗਿਆ ਹੈ।

ਵੈਦਕ ਧਰਮ ਅੰਦਰ ਤੀਸਰਾ ਪੱਖ ਉਪਨਿਸ਼ਦਾਂ ਤੋਂ ਬਾਅਦ ਗੀਤਾ ਦਾ ਪ੍ਰਾਪਤ ਹੋ ਗਿਆ ਹੈ।

## (iii) ਗੀਤਾ ਵਿਚ ਪਰਮਸਤ

ਗੀਤਾ ਵਿਚ ਪਰਮਸਤ ਨਿਰਗੁਣ ਤੇ ਸਰਗੁਣ ਦੋਵੇਂ ਰੂਪਾਂ ਵਿਚ ਪ੍ਰਾਪਤ ਹੈ। ਲੋਕਮਾਨ ਬਾਲ ਗੰਗਾਧਰ ਤਿਲਕ ਨੇ (ਗੀਤਾ ਰਹੱਸ ਪੰਨਾ 211) ਇਸ ਸਿਧਾਂਤ ਦੀ ਵਿਆਖਿਆ ਕੀਤੀ ਹੈ। ਕ੍ਰਿਸ਼ਨ ਗੀਤਾ ਵਿਚ ਵਿਅਕਤ ਬ੍ਰਹਮ ਹੈ। ਪਰਮਸਤ ਦਾ ਅਵਤਾਰ ਹੈ, ਉਸਨੇ ਕਿਹਾ ਹੈ। ਪ੍ਰਕਿਰਤੀ ਮੇਰਾ ਸਰੂਪ ਹੈ (ਗੀਤਾ 9.8) ਜੀਵ ਮੇਰਾ ਅੰਸ਼ ਹਨ। (ਗੀਤਾ 15.7) ਸਾਰੇ ਭੂਤਾਂ (ਜੀਵਾਂ) ਦੀ ਅੰਤਰਯਾਮੀ ਆਤਮਾ ਮੈਂ ਹਾਂ। (ਗੀਤਾ 10-20) ਗੀਤਾ ਵਿਚ ਇਹ ਵੀ ਦਰਸਾਇਆ ਗਿਆ ਹੈ ਕਿ ਨਿਰਗੁਣ ਦੀ ਉਪਾਸਨਾ ਦੇ ਮੁਕਾਬਲੇ ਵਿਚ ਸਰਗੁਣ ਦੀ ਉਪਾਸਨਾ ਸੁਹਜ ਤੇ ਸਰਲ ਹੈ (ਗੀਤਾ 12.7) ਸਧਾਰਨ ਬੁਧੀ ਵਾਲੇ ਭਗਤ ਲਈ ਨਿਰਗੁਣ ਤੱਤ ਪ੍ਰਤਿ ਧਿਆਨ ਕੇਂਦਰਤ ਕਰਨਾ ਮੁਸ਼ਕਲ ਹੁੰਦਾ ਹੈ।

ਗੀਤਾ ਵਿਚ ਪਰਮਸਤ ਦਾ ਵਿਅਕਤ ਸਰੂਪ ਅੰਤਮ ਲਕਸ਼ ਨਹੀਂ। ਇਹ ਸਰੂਪ ਮਾਇਕ ਹੈ, ਨਿਰਗੁਣ ਰੂਪ ਹੀ ਯਥਾਰਥ ਰੂਪ ਹੈ। ਕ੍ਰਿਸ਼ਨ ਭਗਵਾਨ ਨੇ ਸਪੱਸ਼ਟ ਕੀਤਾ ਹੈ ਕਿ ਮੈਂ ਅਵਿਅਕਤ ਹਾਂ ਪਰ ਤੁਛ ਬੁੱਧੀ ਵਾਲੇ ਲੋਕ ਮੈਨੂੰ ਸਰਗੁਣ ਸਮਝਦੇ ਹਨ ਤੇ ਮੇਰੇ ਨਿਰਗੁਣ ਰੂਪ ਨੂੰ ਨਹੀਂ ਜਾਣਦੇ (ਗੀਤਾ 7.24)

ਗੀਤਾ ਦਾ ਪਰਮਸਤ ਅਜਨਮਾ ਹੁੰਦਾ ਹੋਇਆ ਵੀ ਆਪਣੀ ਦੈਵੀ ਮਾਇਆ ਦੁਆਰਾ ਜਨਮ ਲੈਂਦਾ ਹੈ। ਕ੍ਰਿਸ਼ਨ ਦਾ ਕਹਿਣਾ ਹੈ ਜੋ ਮਾਇਆ ਨੂੰ ਪਾਰ ਕਰ ਲੈਂਦੇ ਹਨ ਉਹ ਮੈਨੂੰ ਪ੍ਰਾਪਤ ਕਰ ਲੈਂਦੇ ਹਨ।

ਪਰਮਸਤ ਦੇ ਵਿਅਕਤ ਸਰੂਪ ਨੂੰ ਕਰਮਾਂ ਦਾ ਸਪਰਸ਼ ਨਹੀਂ ਹੁੰਦਾ। ਪਰਮਸਤ ਜੀਵਾਂ ਦੇ ਕਰਮਾਂ ਤੇ ਕਰਤਵ ਤੋਂ ਨਿਰਲੇਪ ਹੈ (ਗੀਤਾ) 5:14-15 ਨਿਰਗੁਣ ਬ੍ਰਹਮ ਹੀ ਸਰਗੁਣ ਦਾ ਨਿਰਮਾਣ ਕਰਦਾ ਹੈ, ਜੀਵਾਂ ਅੰਦਰ ਵਾਸ ਕਰਕੇ ਕਰਮ ਕਰਵਾਂਦਾ ਹੈ, ਯੋਗ ਦਾ ਭੋਗੀ ਹੈ, ਜੀਵਾਂ ਦੇ ਸੁਖ-ਦੁਖ ਦਾ ਸ੍ਰੋਤ ਹੈ। ਜੀਵਾਂ ਅੰਦਰ ਸ਼ਰਧਾ ਉਤਪੰਨ ਕਰਦਾ ਹੈ। ਉਨ੍ਹਾਂ ਦੀਆਂ ਵਾਸਨਾਵਾਂ ਦਾ ਫਲ ਪ੍ਰਦਾਤਾ ਵੀ ਹੈ (ਗੀਤਾ 7.22) ਗੀਤਾ ਦਾ ਪਰਮਸੱਤ ਨਿਰਗੁਣ ਹੁੰਦਾ ਹੋਇਆ ਵੀ ਪਰ ਚਇਆ ਕਰਤੱਵ ਪਰਾਇਣਤਾ ਆਦਿ ਗੁਣਾਂ ਨਾਲ ਯੁਕਤ ਹੋਣ ਕਰਕੇ ਸਰਗੁਣ ਹੈ। ਗੀਤਾ ਦਾ ਪਰਮਸਤ ਨਿਰਗੁਣ ਤੇ ਸਰਗੁਣ ਦੋਵੇਂ ਵੀ ਹੈ ਉਹ ਜੀਵਾਂ ਦਾ ਆਧਾਰ ਹੋ ਕੇ ਵੀ ਉਨ੍ਹਾਂ ਵਿਚ ਨਹੀਂ, ਉਹ ਨਾ ਸਤ ਹੈ ਨਾ ਅਸੱਤ ਹੈ (ਗੀਤਾ 11.37) ਉਹ ਦੂਰ ਵੀ ਹੈ ਤੇ ਨੇੜੇ ਵੀ ਹੈ (ਗੀਤਾ 13.16) ਇੰਦਰੀ ਰਹਿਤ ਹੋਕੇ ਵੀ ਗੁਣਾਂ ਦਾ ਭੋਗਣ ਵਾਲਾ ਹੈ (ਗੀਤਾ 13.14) ਵਿਭਕਤੀ ਰਹਿਤ ਤੇ ਵਿਭਕਤੀ ਸਹਿਤ ਵੀ ਹੈ ਜਿਸ ਤਰ੍ਹਾਂ ਅਕਾਸ਼ ਵਿਭਕਤੀ ਰਹਿਤ ਹੋ ਕੇ ਵੀ ਘੜਿਆਂ ਵਿਚ ਵੱਖ-ਵੱਖ ਪ੍ਰਤੀਤ ਹੁੰਦਾ ਹੈ (ਗੀਤਾ 2.25)

ਗੀਤਾ ਵਿਚ ਪਰਮਸਤ ਦਾ ਸਰੂਪ ਅਸਲ ਵਿਚ ਦਿਵ ਸਰੂਪ ਹੈ ਸ੍ਰੀ ਕ੍ਰਿਸ਼ਨ ਗੀਤਾ ਦੇ ਦਸਵੇਂ ਅਧਿਆਇ ਵਿਚ ਦਸਦੇ ਹਨ ਕਿ ਉਨ੍ਹਾਂ ਦੇ ਕਰਮ, ਜਨਮ ਸਭ ਦਿਵ ਹੈ। ਅਰਜਨ ਨੂੰ ਵਿਰਾਟ ਰੂਪ ਦਿਖਾਉਣ ਲਈ ਦਿਵ ਜੋਤੀ ਪ੍ਰਕਾਸ਼ ਕਰਦੇ ਹਨ। ਗੀਤਾ ਦਾ ਨਿਰਗੁਣ ਤੇ ਸਰਗੁਣ ਇਕੋ ਹੀ ਪਰਮ ਤੱਤ ਦੇ ਦੋ ਰੂਪ ਹਨ। ਸਾਰੀਆਂ ਇੰਦਰੀਆਂ ਦੇ ਵਿਸ਼ਿਆਂ ਨੂੰ ਜਾਨਣ ਵਾਲਾ ਉਹ ਇੰਦਰੀਆਂ ਤੋਂ ਬਿਨਾਂ ਹੈ, ਉਹ ਆਪਣੀ ਯੋਗ ਮਾਇਆ ਨਾਲ ਸਭ ਨੂੰ ਧਾਰਨ ਕਰਦਾ ਹੈ ਤੇ ਭੋਗਣ ਵਾਲਾ ਹੈ। ਬ੍ਰਹਮ ਪਦਾਰਥਾਂ ਦੇ ਅੰਦਰ ਤੇ ਬਾਹਰ ਵੀ ਹੈ। ਉਹ ਮਹੀਨ ਹੋਣ ਕਾਰਨ

ਗਿਆਨ ਖੇਤਰ ਤੋਂ ਪਰੇ ਹੈ, ਸਰਬਵਿਆਪੀ ਹੋਣ ਕਰਕੇ ਸਭ ਵਿਚ ਰਸਿਆ ਹੋਇਆ ਹੈ, ਅਗਿਆਨੀ ਲਈ ਦੂਰ ਹੈ, ਡੋਰੀ ਦੇ ਮਣਕਿਆਂ ਵਾਂਗ ਹੈ। ਪਰਮਸੱਤ ਸੰਸਾਰ ਵਿਚ ਓਤਪੋਤ ਹੈ।

ਪਰਮਸੱਤ ਚੌਹਾਂ ਦਿਸ਼ਾਵਾਂ ਵੱਲ ਫ਼ੈਲਿਆ ਹੋਇਆ ਹੈ, ਘਟਿ ਘਟਿ ਵਿਚ ਵਿਦਮਾਨ ਹੈ। ਗੀਤਾ ਦਾ ਪਰਮਸਤ ਇਕੋ ਸਮੇਂ ਅਖੰਡ ਤੇ ਪੂਰਨ ਬ੍ਰਹਮ ਹੈ। ਉਹ ਧਰਮ ਦੀ ਗਿਲਾਨੀ ਹੋਣ ਤੇ ਅਵਤਾਰ ਧਾਰਨ ਕਰਦਾ ਹੈ। ਉਸਨੂੰ ਸੰਸਾਰ ਵਿਚ ਆਉਣ ਲਈ ਦੇਹ ਧਾਰਨ ਕਰਨੀ ਪੈਂਦੀ ਹੈ। ਇਸ ਲਈ ਪੰਜ ਪਦਾਰਥਾਂ ਦੀ ਸਹਾਇਤਾ ਲੈਣੀ ਪੈਂਦੀ ਹੈ। ਮਨੁੱਖੀ ਰੂਪ ਵਿਚ ਹੁੰਦਿਆਂ ਹੋਇਆਂ ਵੀ ਦਿਵ ਦ੍ਰਿਸ਼ਟੀ ਵਾਲਾ ਹੁੰਦਾ ਹੈ। ਉਸਨੂੰ ਆਪਣੀ ਸ਼ਕਤੀ ਤੇ ਸਰੂਪ ਦਾ ਸਦਾ ਗਿਆਨ ਰਹਿੰਦਾ ਹੈ ਉਹ ਆਪਣੇ ਭਗਤਾਂ ਤੋਂ ਕੁਝ ਛਪਾਉਂਦਾ ਨਹੀਂ। ਉਹ ਹਮੇਸ਼ਾਂ ਗਿਆਨ ਮਾਰਗ, ਕਰਮ ਮਾਰਗ ਤੇ ਭਗਤੀ ਮਾਰਗ ਦਾ ਉਪਦੇਸ਼ ਦੇਣ ਨੂੰ ਤੱਤਪਰ ਰਹਿੰਦਾ ਹੈ। ਭਗਤ ਗਿਆਨੀ ਉਸਦੇ ਸਰੂਪ ਦੇ ਦਰਸ਼ਨ ਕਰ ਲੈਂਦੇ ਹਨ।

ਗੀਤਾ ਵਿਚ, ਪਰਮਾਤਮਾ ਵਿਸ਼ਨੂੰ ਈਸ਼ਵਰ, ਵਾਸੁਦੇਵ, ਕ੍ਰਿਸ਼ਨ ਆਦਿ ਨਾਮ ਇਸ ਪਰਮ ਸ਼ਕਤੀ ਲਈ ਵਰਤੇ ਗਏ ਹਨ। ਗੀਤਾ ਦੇ ਅਦਵੈਤ ਮਤ ਨੂੰ ਸ਼ੰਕਰ ਦੇ ਅਦਵੈਤ ਮਤ ਤੋਂ ਵਿਦਵਾਨਾਂ ਨੇ ਭਿੰਨ ਮੰਨਿਆ ਹੈ।

ਅਦਵੈਤ ਮਤ ਦੇ ਪਰਿਵਰਤਕ ਸ਼ੰਕਰਾਚਾਰੀਆ ਨੇ ਉਪਨਿਸ਼ਦਾਂ ਤੇ ਭਾਸ਼ਯ ਲਿਖੇ ਹਨ। ਉਸ ਅਨੁਸਾਰ ਪਰਮਸਤ ਦੇ ਸਰੂਪ ਦਾ ਵਰਣਨ ਕਰਨਾ ਵੀ ਇਥੇ ਉਚਿਤ ਹੋਵੇਗਾ। ਸ਼ੰਕਰ ਅਨੁਸਾਰ ਪਰਮਸਤ (ਬ੍ਰਹਮ) ਨਿਰਵਿਸ਼ੇਸ਼, ਨਿਰਗੁਣ ਤੇ ਨਿਰਵਿਕਾਰ ਹੈ। ਉਹ ਸਤ ਹੈ, ਅਸੱਤ ਹੈ ਅਤੇ ਗਿਆਨ ਸਰੂਪ ਹੈ। ਇਸੇ ਨੂੰ 'ਪਰ' ਬ੍ਰਹਮ ਕਿਹਾ ਹੈ ਅਤੇ ਮਾਇਆ ਦੇ ਲਗਾਉ ਕਾਰਨ 'ਅਪਰ' ਬ੍ਰਹਮ ਜਾਂ ਈਸ਼ਵਰ ਕਹਿਲਾਂਦਾ ਹੈ। ਉਹ ਸ਼ਕਤੀਮਾਨ ਕਰਤਾ ਪਾਲਕ ਤੇ ਸੰਘਾਰਕ ਹੈ।

ਸ਼ੰਕਰਾ ਅਦ੍ਵੈਤਵਾਦ ਦਾ ਮੂਲ ਮੰਤਰ
''ਬ੍ਰਹਮ ਸਤਿਅਮ ਜਗਤ ਮਿਥਿਆ
ਜੀਵੋ ਬ੍ਰਹਮੇਵ ਨਾਪਰਾਹ''।।

ਤੋਂ ਭਾਵ ਬ੍ਰਹਮ ਹੀ ਸਤ ਹੈ ਜਗਤ ਮਿਥਿਆ ਹੈ, ਜੀਵ ਬ੍ਰਹਮ ਹੀ ਹੈ। ਸ਼ੰਕਰ ਨੇ ਬ੍ਰਹਮ ਦੇ ਦੋ ਲੱਛਣ (1) ਸਰੂਪ ਲੱਛਣ (2) ਤਟਸਥ ਲੱਛਣ ਮੰਨੇ ਹਨ। ਜੈਸਾ ਕਿ ਇਕ ਬ੍ਰਹਮਣ, ਕਿਸੇ ਨਾਟਕ ਵਿਚ ਖਤਰੀ ਰਾਜਕੁਮਾਰ ਦਾ ਰੋਲ ਕਰਦਾ ਹੈ, ਉਹ ਰਾਜਕੁਮਾਰ ਉਦੋਂ ਤਕ ਹੀ ਸੀ ਜਦੋਂ ਤਕ ਨਾਟਕ ਹੈ ਉਸਤੋਂ ਬਾਅਦ ਉਹ ਆਪਣੇ ਅਸਲ ਬ੍ਰਾਹਮਣ ਰੂਪ ਵਿਚ ਆ ਜਾਂਦਾ ਹੈ। ਉਸਦਾ ਖਤਰੀ ਰਾਜਾ ਪਰ ਉਸਦਾ ਤਟਸਥ ਲੱਛਣ ਹੈ, ਬ੍ਰਹਮਣ ਉਸਦਾ ਸਰੂਪ ਲੱਛਣ ਹੈ। ਇੰਝ ਹੀ ਪਰਮਸਤ ਦਾ ਸਤ, ਚਿਤ, ਅਨੰਦ ਦਾ ਸਰੂਪ, ਸਰੂਪ ਲਛਣ ਹੈ ਤੇ ਇਹੀ ਬ੍ਰਹਮ ਮਾਇਆ ਦੇ ਲਗਾਉ ਕਾਰਨ ਜਦੋ ਸਗੁਣ ਸਰੂਪ ਵਿਚ ਈਸ਼ਵਰ ਕਹਾਉਂਦਾ ਹੈ। ਇਹ ਉਸਦਾ ਤਟਸਥ ਲੱਛਣ ਹੈ।

ਡਾ. ਮਨਮੋਹਨ ਸਿੰਘ ਦੇ ਕਥਨ ਅਨੁਸਾਰ ਸ਼ੰਕਰ ਦਾ ਬ੍ਰਹਮ ਸ੍ਰਿਸ਼ਟੀ ਦਾ ਨਮਿਤ ਕਾਰਨ ਹੈ ਜਿਸ ਤਰ੍ਹਾਂ ਘੁਮਿਆਰ ਘੜੇ ਦਾ ਨਮਿਤ ਕਾਰਨ ਹੈ, ਮਿਟੀ ਸਾਧਨ (ਉਪਾਦਾਨ) ਕਾਰਨ ਹੈ। ਮਿਟੀ ਘੁਮਿਆਰ ਤੋਂ ਵਖਰੀ ਨਹੀਂ ਹੈ। ਸ਼ੰਕਰ ਨੇ ਪੰਜ ਕੋਸ਼ਾਂ ਨੂੰ ਅਵਿਦਿਆ ਕਿਰਤ ਦੱਸਿਆ ਹੈ। ਸ਼ੰਕਰ ਅਨੁਸਾਰ ਪਰਮਸਤ ਕੋਸ਼ਾਂ ਤੋਂ ਅਤੀਤ ਹੈ, ਅਨੰਦ ਸਰੂਪ ਬ੍ਰਹਮ ਦਾ ਪਰਮਾਰਥਕ ਸਰੂਪ ਨਹੀਂ ਹੈ, ਸਗੋਂ ਅਨੰਦ ਦਾ ਲੈਅ ਬ੍ਰਹਮ ਵਿਚ ਹੁੰਦਾ ਹੈ। ਸ਼ੰਕਰ ਦਾ ਬ੍ਰਹਮ ਅਸਲ ਵਿਚ ਨਿਰਗੁਣ ਹੈ, ਸਾਕਾਰ ਬ੍ਰਹਮ ਅਵਿਦਿਆ ਕਾਰਨ ਅਨੇਕ ਰੂਪ ਧਾਰਨ ਕਰਦਾ ਹੈ। ਬ੍ਰਹਮ ਦਾ ਦੋ ਸਰੂਪਾਂ ਵਿਚ ਸਥਿਤ ਰਹਿਣਾ ਅਸੰਗਤ ਹੈ। ਜਿਸ ਤਰ੍ਹਾਂ ਪ੍ਰਕਾਸ਼ ਕੋਈ ਅਕਾਰ ਯੁਕਤ ਆਸਰਾ ਲੈ ਕੇ ਪ੍ਰਕਾਸ਼ਮਾਨ ਹੁੰਦਾ ਹੈ, ਪ੍ਰਕਾਸ਼ ਦਾ ਆਪਣਾ ਕੋਈ ਆਕਾਰ ਨਹੀਂ ਹੁੰਦਾ। ਇੰਝ ਹੀ ਅਵਿਦਿਆ ਕਾਰਨ ਬ੍ਰਹਮ ਸਾਕਾਰ ਹੁੰਦਾ ਹੈ। ਇੰਝ ਉਸਦੇ ਨਿਰਗੁਣ ਸਰੂਪ ਵਿਚ ਕੋਈ ਪਰਿਵਰਤਨ ਨਹੀਂ ਆਉਂਦਾ। ਜਿਸ ਤਰ੍ਹਾਂ ਸੂਰਜ ਦੇ ਪ੍ਰਤਿਬਿੰਬ ਦੇ ਹਿਲਜੁਲ ਕਾਰਨ ਸੂਰਜ ਵਿਚ ਕੋਈ ਪਰਿਵਰਤਨ ਨਹੀਂ ਆਉਂਦਾ। ਉਪਾਸਨਾ ਦੀ ਦ੍ਰਿਸ਼ਟੀ ਤੋਂ ਬ੍ਰਹਮ ਸਰਗੁਣ ਤੇ ਸਾਕਾਰ ਰੂਪ ਵਿਚ ਪ੍ਰਤਿਸਠਤ ਹੁੰਦਾ ਹੈ। ਸ਼ੰਕਰ ਦਾ ਚੇਤਨ ਬ੍ਰਹਮ ਅਕਾਰ ਵਿਕਾਰ ਤੋਂ ਰਹਿਤ ਹੈ। ਸਰਗੁਣਤਾ ਵਿਵਹਾਰਕ, ਉਪਾਧੀਗਤ ਅਤੇ ਮਾਇਕ ਹੈ। ਸਗੁਣ ਬ੍ਰਹਮ ਰਜ, ਤਮ, ਸਤੋ ਗੁਣਾਂ ਨਾਲ ਯੁਕਤ ਹੁੰਦਾ ਹੈ। ਗੁਣਾਂ ਦਾ ਅਰੋਪ ਸਗੁਣ ਬ੍ਰਹਮ ਵਿਚ ਹੀ ਹੁੰਦਾ ਹੈ, ਨਿਰਗੁਣ ਵਿਚ ਨਹੀਂ ਅਨੰਦ ਦਾ ਗੁਣ ਬ੍ਰਹਮ ਦੇ ਸਰੂਪ ਦਾ ਗਿਆਨ ਨਹੀਂ ਕਰਵਾਂਦੇ। ਇਹ ਗੁਣ ਉਪਾਸਨਾ ਉਪਜੋਗੀ ਹੀ ਮੰਨੇ ਜਾਂਦੇ ਹਨ। ਬ੍ਰਹਮ ਇਕੋ ਸਮੇਂ ਨਿਰਗੁਣ ਤੇ ਸਰਗੁਣ ਨਹੀਂ ਹੋ ਸਕਦਾ। ਇਹ ਵਿਰੋਧ ਦਾ ਸੂਚਕ ਹੈ।

ਸ਼ੰਕਰ ਦਾ ਬ੍ਰਹਮ ਅਕਰਤਾ ਹੈ, ਅਕਾਸ਼ ਵਾਂਗ ਨਿਰਲੇਖ ਹੈ ਅਕਾਸ਼ ਸੂਖਮ ਹੈ, ਪਦਾਰਥਾਂ ਨਾਲ ਸੰਯੁਕਤ ਨਹੀਂ ਹੁੰਦਾ ਇੰਝ ਹੀ ਬ੍ਰਹਮ ਕਰਮ ਦੇ ਵਿਕਾਰਾਂ ਨਾਲ ਦੂਸ਼ਤ ਨਹੀਂ ਹੁੰਦਾ। ਅਗਿਆਨੀ ਲੋਕ ਅਕਾਸ਼ ਵਿਚ ਮਲੀਨਤਾ ਦੀ ਕਲਪਨਾ ਕਰਦੇ ਹਨ ਪਰ ਐਸਾ ਨਹੀਂ, ਬ੍ਰਹਮ ਵਿਚ ਤ੍ਰੈਕਾਲ ਵਿਚ ਕੋਈ ਵਿਕਾਰ ਨਹੀਂ ਆਉਂਦਾ, ਉਹ ਸਮਸਤ ਜੀਵਾਂ ਦੀ ਰਚਨਾ ਹੀ ਨਹੀਂ ਕਰਦਾ ਜੀਵਾਂ ਦੀ ਰਚਨਾ ਤਾਂ ਅਵਿਦਿਆ ਵਾਂਗ ਹੁੰਦੀ ਹੈ।

ਡਾ. ਚੋਪੜਾ ਦੇ ਕਥਨ ਅਨੁਸਾਰ, ਸ਼ੰਕਰ ਦਾ ਪਰਮਸਤ ਯਥਾਰਥ, ਸਚ ਹੋਂਦ ਵਾਲਾ ਹੈ। ਬ੍ਰਹਮ ਨੂੰ ਜਾਣਨ ਤੋਂ ਭਾਵ ਹੈ ਕਿ ਸਭ ਕੁਝ ਜਾਣ ਲਿਆ। ਪਰਮਸਤ ਕੋਈ ਵਸਤੂ ਨਹੀਂ ਇਸ ਲਈ ਕਿਸੀ ਥਾਂ ਵਿਸ਼ੇਸ਼ ਤੇ ਨਹੀਂ ਮਿਲਦਾ, ਉਹ ਤਾਂ ਰਮਿਆ ਹੋਇਆ ਹੈ, ਉਹ ਰੂਪ ਰੰਗ ਨਾਮ ਤੋਂ ਮੁਕਤ ਹੈ। ਉਸ ਅੰਦਰ ਕੋਈ ਅੰਦਰੂਨੀ ਅਨੇਕਤਾ ਨਹੀਂ ਹੈ। ਉਹ ਸਚ ਮੂਰਤ ਹੈ, ਅਸੱਚ ਬਾਰੇ ਸੋਚਿਆ ਨਹੀਂ ਜਾ ਸਕਦਾ। ਉਹ ਪ੍ਰਾਣੀ ਨਹੀਂ ਹੈ ਦੇਹਧਾਰੀ ਨਹੀਂ। ਉਸ ਨੂੰ ਨੇਤਿ ਨੇਤਿ ਕਹਿ ਸਕਦੇ ਹਾਂ ਪ੍ਰੰਤੂ ਇਹ ਨਹੀਂ ਕਹਿ ਸਕਦੇ ਕਿ ਬ੍ਰਹਮ ਕੀ ਹੈ ? ਉਹ ਸਾਰੇ ਦਵੰਦਾਂ ਤੋਂ ਪਰੇ ਹੈ, ਉਸਨੂੰ ਸਮਝਣ ਲਈ ਸੀਮਤਪਨ ਤੋਂ ਅਸੀਮਤਾ ਵੱਲ ਵਧਣਾ ਹੋਵੇਗਾ।

ਪਰਮਸਤ ਵਿਸ਼ਾ ਨਹੀਂ, ਵਿਸ਼ੇ ਉਤਪੰਨ ਹੁੰਦੇ ਹਨ ਤੇ ਖਤਮ ਹੋ ਜਾਂਦੇ ਹਨ। ਉਹ ਚੇਤਨ ਸਰੂਪ ਹੈ, ਪਰਮ ਅਨੰਦ ਹੈ। ਪ੍ਰਮਾਣਕ ਸੱਤ ਹੈ, ਯਥਾਰਥ ਸਰੂਪ ਹੈ, ਉਹ ਕਿਸੇ ਤੇ ਨਿਰਭਰ ਨਹੀਂ ਹੈ ਸਵੈ ਨਿਰਭਰ ਵਧਦਾ ਘਟਦਾ ਨਹੀਂ, ਬਦਲਦਾ ਨਹੀਂ, ਆਤਮ ਪਰਤਿਯ ਸਰੂਪ ਹੈ, ਅਨੰਦ ਨਹੀਂ ਅਨੰਦ ਦਾ ਸੋਮਾ ਹੈ, ਸਾਰਾ ਮਨੁੱਖੀ ਅਨੰਦ, ਬ੍ਰਹਮ ਅਨੰਦ ਪਰਮਾਨੰਦ ਦਾ ਹੀ ਸਰੂਪ ਹੈ, ਸਰਵ ਉਚ ਸਚ ਹੈ, ਨਿਰਦੋਸ਼ ਸਤ ਹੋਂਦ ਹੈ, ਰੂਪ ਮੁਕਤ ਹੈ।

ਅੰਤ ਵਿਚ ਅਸੀਂ ਇਹੀ ਕਹਿ ਸਕਦੇ ਹਾਂ ਕਿ ਵੈਦਕ ਪਰੰਪਰਾ ਵਿਚ ਪਰਮਸਤ ਦੇ ਸਰੂਪ ਦਾ ਬਹੁਪੱਖੀ ਅਧਿਐਨ ਹੋਇਆ ਹੈ। ਇਥੇ ਕੇਵਲ ਸੰਖੇਪ ਵਰਣਨ ਕੀਤਾ ਗਿਆ ਹੈ।

## (ii) ਸਿੱਖ ਧਰਮ ਵਿੱਚ ਪਰਮਸੱਤ

**ਵਿਸ਼ਾ ਪਰਵੇਸ਼ :**

ਪਰਮਸੱਤ ਦਾ ਨਿਰੂਪਣ ਵਿਭਿੰਨ ਧਰਮਾਂ ਦੇ ਚਿੰਤਕਾਂ ਨੇ ਆਪੋ ਆਪਣੇ ਅਨੁਭਵ ਦੁਆਰਾ ਭਿੰਨ-ਭਿੰਨ ਰੂਪਾਂ ਵਿਚ ਕੀਤਾ ਹੈ। ਮੁਢ ਕਦੀਮ ਤੋਂ ਹੀ ਮਨੁੱਖ ਦੀ ਇਹ ਜਾਨਣ ਦੀ ਇੱਛਾ ਰਹੀ ਹੈ ਕਿ ਕੋਈ ਐਸੀ ਸਰਬ ਸਮਰਥ ਸ਼ਕਤੀ ਹੈ ਜਿਹੜੀ ਇਸ ਸਾਰੇ ਬ੍ਰਹਮੰਡ ਨੂੰ ਕਿਸੇ ਖਾਸ ਵਿਧੀਵਤ ਢੰਗ ਨਾਲ ਚਲਾ ਰਹੀ ਹੈ। ਇਹ ਸਰਬ ਵਿਆਪਕ ਸ਼ਕਤੀ ਨਿਰਗੁਨ (ਗੁਣਾ ਅਤੀਤ) ਤੱਤ ਰੂਪ ਸਾਰ ਵਿਚ ਹੋਣ ਕਰਕੇ ਸੋਚਣ ਵਿਚਾਰਨ ਤੇ ਚਿੰਤਨ ਦਾ ਵਿਸ਼ਾ ਬਣੀ ਰਹੀ ਹੈ। ਇਹ ਰਹੱਸਮਈ (ਗੁਝੇ ਭੇਦ ਵਾਲੀ) ਸ਼ਕਤੀ ਵਿਸਮਾਦਮਈ ਪਰਮਸੱਤ ਸਰਬ ਸਮਰਥ ਸਾਰਿਆਂ ਆਸਤਕ ਧਰਮਾਂ ਦਾ ਅਧਾਰ ਹੈ। ਸਿਖ ਮਤ ਵਿਚ ਪਰਮ ਸਤ ਨੂੰ :-

1. ਨਿਰਗੁਣ
2. ਸਰਗੁਣ
3. ਨਿਰਗੁਣ ਤੇ ਸਰਗੁਣ ਰੂਪਾਂ ਵਿਚ ਵਰਣਨ ਕੀਤਾ ਮਿਲਦਾ ਹੈ।

ਤੱਤ ਵੇਤਾਂ ਮਹਾਂਪੁਰਸ਼ਾਂ ਦਾਰਸ਼ਨਿਕਾਂ ਨੇ ਆਪੋ-ਆਪਣੀ ਅਨੁਭਵੀ ਪਹੁੰਚ ਦੁਆਰਾ ਇਸ ਪ੍ਰਕਾਰ ਦੇ ਪਰਮਸਤ ਦੇ ਨਾਮ, ਸਰੂਪ, ਗੁਣਾਂ ਦਾ ਵਰਣਨ ਕਰਨ ਦਾ ਯਤਨ ਕੀਤਾ ਹੈ। ਮੁਖ ਰੂਪ ਵਿਚ ਇਸ ਸਤਾ ਦੇ ਦੋ ਹੀ ਰੂਪ-ਨਿਰਗੁਣ ਤੇ ਦੂਸਰਾ ਸਰਗੁਣ ਹੀ ਵਿਚਾਰ-ਚਰਚਾ ਵਿਚ ਆਉਂਦੇ ਹਨ। ਇਸ ਨੂੰ ਅਵਿਅਕਤ ਤੇ ਵਿਅਕਤ ਵੀ ਕਿਹਾ ਗਿਆ ਹੈ। ਭਾਰਤੀ ਧਾਰਮਕ ਪਰੰਪਰਾ ਅੰਦਰ, ਧਾਰਮਕ ਤੱਤਾਂ ਦਾ ਨਿਰੂਪਣ ਤਿੰਨ ਰੂਪਾਂ ਵਿਚ ਹੋਇਆ ਹੈ ਜੈਸਾ ਕਿ :-

1. ਅਧਿਆਤਮਕ — ਇਕ ਹੀ ਅਧਿਆਤਮਕ ਸ਼ਕਤੀ
2. ਅਧਿਦੈਵਕ — ਪ੍ਰਾਕਿਰਤੀ ਦੇ ਤੱਤਾਂ ਅਨੁਸਾਰ ਦੇਵਤੇ
3. ਆਧਿਭੌਤਕ — ਤੱਤਾਂ ਦੀ ਪ੍ਰਤਿਨਿਧਤ, ਪ੍ਰਕਿਰਤੀ

ਸਿੱਖ ਧਰਮ ਵਿਚ ਪਰਮਸੱਤ ਦਾ ਸਰੂਪ ਮੁਖ ਰੂਪ ਵਿਚ ਨਿਰਗੁਣ ਹੀ ਰਿਹਾ ਹੈ।

ਨਿਰਗੁਣ ਰਾਮੁ ਗੁਣਹ ਵਸਿ ਹੋਇ।।
ਆਪੁ ਨਿਵਾਰਿ ਬੀਚਾਰੇ ਸੋਇ।। (ਪੰਨਾ 222)

ਪਰਮਸੱਤ ਜਿਹੜਾ ਅਨਾਮੰ ਹੈ, ਅੱਖਰ ਉਸਦਾ ਵਰਣਨ ਨਹੀਂ ਕਰ ਸਕਦੇ ਇਹ ਅੱਖਾਂ ਉਸਨੂੰ ਦੇਖ ਨਹੀਂ ਸਕਦੀਆਂ ਕਿਉਂਕਿ ਉਸਦਾ ਰੂਪ ਰੰਗ, ਰੇਖ ਭੇਖ ਕੋਈ ਨਹੀਂ ਹੈ। ਇਸ ਸਭ ਦੇ ਬਾਵਜੂਦ ਵੀ ਮਨੁੱਖ ਦੇ ਚਿੰਤਨ ਦਾ ਕੇਂਦਰੀ

ਵਿਸ਼ਾ ਬਣਿਆ ਹੋਇਆ ਹੈ। ਗੁਰਮਤਿ ਨੇ ਉਸਨੂੰ ਅਕੱਥ, ਅਗੰਮ, ਅਗੋਚਰ ਆਦਿ ਸ਼ਬਦਾਂ ਦੁਆਰਾ ਵਰਣਨ ਕਰਕੇ ਆਪਣੀ ਜਗਿਆਸਾ ਦਾ ਪ੍ਰਗਟਾਵਾ ਕੀਤਾ ਹੈ। ਚਿੰਤਕਾਂ ਦਾ ਕਥਨ ਹੈ ਕਿ ਉਸਨੂੰ ਵੱਡੇ ਤੋਂ ਵੱਡਾ, ਉੱਚੇ ਤੋਂ ਉੱਚਾ ਕਹਿਣਾ ਵੀ ਇਕ ਐਸੀ ਵਿਆਖਿਆ ਹੈ ਜਿਸ ਦੁਆਰਾ ਸਾਧਕ ਨੂੰ ਉਸਦੀ ਹੋਂਦ ਦਾ ਇਕ ਅਹਿਸਾਸ ਹੁੰਦਾ ਹੈ। ਭਾਵੇਂ ਇਸ ਪ੍ਰਕਾਰ ਦੇ ਕਥਨ ਨਾਲ ਉਹ ਅਨੰਤ ਤੇ ਬੇਅੰਤ ਹੀ ਦਿਸਦਾ ਹੈ :-

ਤਾ ਕੀਆ ਗਲਾ ਕਥੀਆ ਨਾ ਜਾਹਿ
ਜੇ ਕੋ ਕਹੈ ਪਿਛੈ ਪਛੁਤਾਇ।। (ਜਪੁਜੀ ਪਉੜੀ 36)

ਗੁਰਮਤਿ ਨੇ ਪਰਮਸਤ ਬਾਰੇ ਪਰੰਪਰਾ ਵਿਚ ਕੀਤੇ ਯਤਨਾਂ ਦਾ ਵੀ ਜ਼ਿਕਰ ਕਰਦਿਆਂ ਇਹੀ ਸਪਸ਼ਟ ਕੀਤਾ ਹੈ ਕਿ ਧਰਮ ਗ੍ਰੰਥ, ਦੇਵਤੇ, ਅਵਤਾਰ ਉਸ ਦੀ ਥਾਂ ਨਹੀਂ ਲੈ ਸਕੇ। ਪਰਮੇਸਰ ਬੇਅੰਤ ਹੀ ਰਿਹਾ।

ਮਹਿਮਾ ਨਾ ਜਾਨਹਿ ਬੇਦ।। ਬ੍ਰਹਮੇ ਨਹੀ ਜਾਨਹਿ ਭੇਦ।।
ਅਵਤਾਰ ਨਾ ਜਾਨਹਿ ਅੰਤੁ।। ਪਰਮੇਸਰੁ ਪਾਰਬ੍ਰਹਮ ਬੇਅੰਤ।।
ਸੰਕਰਾ ਨਹੀ ਜਾਨਹਿ ਭੇਵ।। ਖੋਜਤ ਹਾਰੇ ਦੇਵ।।
ਦੇਵੀਆ ਨਹੀ ਜਾਨਹਿ ਮਰਮ।। ਸਭ ਉਪਰਿ ਅਲਖ ਪਾਰਬ੍ਰਹਮ।।(ਪੰ: 894)

ਗੁਰਮਤਿ ਨੇ ਅਸੰਖ ਨਾਵਾਂ ਵਾਲੇ ਬ੍ਰਹਮ ਨੂੰ ਸਰਬ ਜਨਕ ਕੀਤਾ ਹੈ ਜੈਸਾ ਕਿ ਵੇਦਾਂਤੀਆਂ ਦੁਆਰਾ ਬ੍ਰਹਮ, ਪਾਰਬ੍ਰਹਮ, ਪਰਮ ਤੱਤ, ਨਿਰਗੁਣ ਤੇ ਵੈਸ਼ਨਵ ਦੁਆਰਾ ਰਾਮ ਕ੍ਰਿਸ਼ਨ, ਭਗਵਾਨ, ਕਰਤਾਰ ਆਦਿ ਤੇ ਭਗਤੀ ਲਹਿਰ ਦੇ ਭਗਤਾਂ ਦਮੋਦਰ, ਮਧੂ ਸੂਦਨ, ਪਰਮੇਸਰ, ਜਗਦੀਸ਼, ਨਰਾਇਣ, ਮੁਰਾਰੀ, ਠਾਕਰ, ਗੋਪਾਲ, ਗੋਸਾਈ, ਵਾਸੁਦੇਵ, ਹਰੀ, ਗੋਬਿੰਦ ਸੈਵਮਤ ਵਾਲਿਆ, ਅਲਖ ਨਿਰੰਜਨ, ਬੋਧੀਆਂ ਨੇ ਸੁੰਨ, ਸੂਫੀਆਂ ਤੇ ਇਸਲਾਮ ਦੁਆਰਾ ਰਹੀਮ, ਕਰੀਮ, ਸਾਹਿਬ ਆਦਿ ਵਰਤੇ ਗਏ ਸ਼ਬਦ ਗੁਰਬਾਣੀ ਅੰਦਰ ਵਰਤੋਂ ਹੋਈ ਹੈ।

ਗੁਰਮਤਿ ਨੇ ਇਸੇ ਪੱਖ ਦੇ ਨਾਲ ਇਹ ਵੀ ਵਰਣਨ ਕੀਤਾ ਹੈ। ਉਸ ਨਿਰਗੁਣ ਬ੍ਰਹਮ ਨੂੰ ਤੱਤ ਰੂਪ ਵਿਚ ਅਨੁਭਵੀ ਦੈਵੀ ਅੱਖਾਂ ਨਾਲ ਡਿੱਠਾ ਜਾ ਸਕਦਾ ਹੈ। ਇਹ ਦੈਵੀ ਨੇਤਰ ਬ੍ਰਹਮ ਦੀ ਸ਼ਬਦ ਸ਼ਕਤੀ ਦੁਆਰਾ ਪ੍ਰਾਪਤ ਹੁੰਦੇ ਹਨ, ਗੁਰਮਤਿ ਨੇ ਇਨਾਂ ਵੱਲ ਸੰਕੇਤ ਇਸ ਪ੍ਰਕਾਰ ਕੀਤਾ ਹੈ :-

ਏਨੀ ਅਖੀ ਨਦਰ ਨ ਆਵਈ।
ਜਿਚਰ ਸਬਦ ਨ ਕਰੇ ਬੀਚਾਰ।।

(ਗੁ.ਗ੍ਰੰ. ਪੰ. 1279)

ਨਾਨਕ ਸੇ ਅਖੜੀਆ ਜਿਨੀ ਦਿਸੰਦੋ ਮਾ ਪਿਰੀ।।

ਕਹਿਓ ਨ ਜਾਈ ਏਹੁ ਅਚੰਭਉ।
ਸੋ ਜਾਨੈ ਜਿਨਿ ਚਾਖਿਆ।।
ਕਹੁ ਨਾਨਕ ਸਚ ਭਏ ਬਿਗਾਸਾ।।
ਗੁਰਿ ਨਿਧਾਨੁ ਰਿਦੈ ਲੈ ਰਾਖਿਆ।।

(ਗੁ.ਗ੍ਰੰ. ਗਉੜੀ ਪੰਨਾ 215)

ਗੁਰਮਤਿ ਨੇ ਪਰਮਸਤ ਦੇ ਵਖੋ-ਵਖਰੇ ਨਾਵਾਂ, ਗੁਣਾਂ ਕਰਮਾਂ ਤੋਂ ਇਲਾਵਾ ਇਕ ਸਰਬ ਸਾਂਝਾ, ਸਰਬ ਪ੍ਰਿਆ, ਨਾਮ ਦਾ ਵਰਣਨ ਵੀ ਕੀਤਾ ਹੈ। ਏਕ ਮੂਰਤ ਦੇ ਅਨੇਕ ਦਰਸ਼ਨ ਰਾਹੀਂ ਵਿਭਿੰਨ ਨਾਵਾਂ ਦਾ ਸਤਿਕਾਰ ਕਰਦਿਆਂ ਹੋਇਆਂ, ਪਰਮਸੱਤ ਦੇ ਸਨਾਤਨ (ਪੂਰਬਲੇ) ਨਾਮ ਨੂੰ ਪ੍ਰਮੁੱਖਤਾ ਦਿੱਤੀ ਹੈ :-

ਸਿਰੁ ਨਾਨਕ ਲੋਕਾ ਪਾਵ ਹੈ
ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ।।

(ਗੁ.ਗ੍ਰੰ. ਪੰ. 1168)

ਪਰਮਸਤ ਦੇ ਬਾਹਰੀ ਰੂਪ ਤੇ ਗੁਣਾਂ ਤੇ ਅਧਾਰਤ ਵਖੋ-ਵਖਰੇ ਨਾਂਵ ਸਾਧਕ ਦੀ ਸ਼ਰਧਾ ਦੀ ਪੂਰਤੀ ਲਈ ਕੀਤੇ ਹਨ ਪ੍ਰੰਤੂ ਉਸਦੀ ਸੱਚੀ ਹੋਂਦ ਵਾਲਾ ਨਾਮ 'ਸਤਿਨਾਮ' ਪਰਾ ਪੂਰਬਲਾ ਨਾਂਵ ਹੈ :-

ਕਿਰਤਮ ਨਾਮ ਕਥੇ ਤੇਰੇ ਜਿਹਵਾ
ਸਤਿਨਾਮੁ ਤੇਰਾ ਪਰਾ ਪੂਰਬਲਾ।।

ਗੁਰਬਾਣੀ ਵਿਚ ਪਰਮਸਤ ਲਈ ਪੁਰਖ, ਅਕਾਲ ਪੁਰਖ, ਕਰਤਾ ਪੁਰਖ, ਆਦਿ ਪੁਰਖ, ਸਤਿ ਪੁਰਖ ਆਦਿ ਨਾਂਵ ਵਰਤੇ ਗਏ ਹਨ। ਇਸ ਪੁਰਖ ਦੇ ਵਖੋ-ਵਖਰੇ ਗੁਣ ਇਨ੍ਹਾਂ ਨਾਂਵਾਂ ਰਾਹੀਂ ਪ੍ਰਗਟ ਹੁੰਦੇ ਹਨ।

– ਤੂ ਕਰਤਾ ਪੁਰਖੁ ਅਗੰਮ ਜੋਨ ਨਾ ਆਵਈ।।
– ਆਦਿ ਪੁਰਖੁ ਅਪਰੰਪਰ ਗੁਰਮੁਖਿ ਹਰਿ ਪਾਏ।।

(ਗੁ.ਗ੍ਰੰ. ਪੰ. 422)

– ਸਤਿ ਪੁਰਖੁ ਜਿਨ ਜਾਨਿਆ ਸਤਿਗੁਰ ਤਿਸਕਾ ਨਾਉ।।
– ਤੂ ਅਕਾਲ ਪੁਰਖੁ ਨਾਹੀ ਸਿਰ ਕਾਲਾ।।

ਪਰਮਸਤ ਦੀ ਨਿਰਗੁਣ ਅਵਸਥਾ ਦਾ ਵਰਣਨ ਬੜੇ ਵਿਸਥਾਰ ਵਿਚ ਮਿਲਦਾ ਹੈ। ਪਰਮਸਤ ਦੇ ਨਿਰਗੁਣ ਤੱਤ ਦਾ ਨਿਰੂਪਣ ਬੜਾ ਰਹੱਸਮਈ ਤੇ ਵਿਸਮਾਦਮਈ ਹੈ। ਸ੍ਰਿਸ਼ਟੀ ਤੋਂ ਪੂਰਬ ਬ੍ਰਹਮ ਦਾ ਵਰਣਨ 'ਮਾਰੂ ਸੋਲਹੇ' ਵਿਚ ਕਰਦਿਆਂ ਕਿਹਾ ਹੈ :-

1. ਉਸ ਵਕਤ ਨਾ ਪ੍ਰਿਥਵੀ ਸੀ, ਨਾ ਅਕਾਸ਼, ਨਾ ਦਿਨ, ਨਾ ਰਾਤ, ਚੰਦਰਮਾ ਤੇ ਸੂਰਜ ਵੀ ਨਹੀਂ ਸੀ, ਪਰਮ ਤਤ ਆਪਣੀ ਸੁੰਨ ਅਵਸਥਾ ਵਿਚ ਸੀ। ਉਸ ਵਕਤ ਪਉਣ ਪਾਣੀ, ਚਾਰ ਖਾਣੀਆਂ, ਜੰਮਣ ਮਰਨਾ ਕੁਝ ਵੀ ਨਹੀਂ ਸੀ। ਨਾ ਖੰਡ, ਪਤਾਲ, ਅਕਾਸ਼ ਕੁਝ ਵੀ ਨਹੀਂ ਸੀ। ਤਿੰਨੇ ਲੋਕ (ਸਵਰਗ, ਮਾਤ ਤੇ ਪਤਾਲ) ਨਹੀਂ ਸਨ ਤਿੰਨੇ ਦੇਵਤੇ (ਬ੍ਰਹਮਾ, ਵਿਸ਼ਨੂੰ, ਮਹੇਸ਼) ਨਹੀਂ ਸਨ। ਦੋਜਖ ਤੇ ਨਰਕ ਨਹੀਂ ਸਨ। ਇਸਤਰੀ ਪੁਰਖ ਨਹੀਂ ਸੀ। ਜਪ ਤਪ ਸੰਜਮ ਵਰਤ ਪੂਜਾ ਨਹੀਂ ਸਨ। ਤੰਤ, ਮੰਤ, ਪਾਖੰਡ ਕਰਮ ਕਾਂਡ ਆਦਿ ਕੁਝ ਨਹੀਂ ਸੀ। ਧਰਮ ਸ਼ਾਸਤਰ ਵੇਦ ਸਿਮਰਿਤੀਆਂ ਨਹੀਂ ਸਨ। ਭਾਵ ਸਰਗੁਣ ਪਾਸਾਰੇ ਵਿਚ ਜੋ ਕੁਝ ਵੀ ਦਿਖ ਰਿਹਾ ਹੈ ਕੁਝ ਵੀ ਨਹੀਂ ਸੀ।

ਪਰਮਸਤ ਦੇ ਇਸ ਪ੍ਰਕਾਰ ਬਹੁਪੱਖੀ ਵਰਣਨ ਉਸਦੇ ਗੁਣਾਂ ਕਰਕੇ ਹੈ। ਅਸਲ ਵਿਚ ਉਹ ਇਕ ਹੀ ਸਤਾ ਸ਼ਕਤੀ ਹੈ ਜਿਸਦੀ ਹੋਂਦ ਸਦੀਵੀ ਤੇ ਅਟਲ ਹੈ।

ਪ੍ਰਭੂ ਦੀ ਏਕਤਾ, ਅਖੰਡਤਾ ਬਾਰੇ ਸਿਖ ਧਰਮ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੁੱਲਵਾਨ ਚਰਚਾ ਹੋਈ ਹੈ। ਗੁਰਮਤਿ ਨੇ ਬੜੇ ਪ੍ਰਭਾਵਸ਼ਾਲੀ ਸ਼ਬਦਾਂ ਦੁਆਰਾ ਇਸ ਸਿਧਾਂਤ ਦੀ ਪੁਸ਼ਟੀ ਕੀਤੀ ਹੈ :-

ਏਕੋ ਹੈ ਭਾਈ ਏਕੋ ਹੈ
ਸਾਹਿਬ ਮੇਰਾ ਏਕੋ ਹੈ।। (ਗੁ.ਗ੍ਰੰ.ਪੰ. 350)
ਸਾਹਿਬ ਮੇਰਾ ਏਕ ਹੈ।।
ਅਵਰ ਨਹੀਂ ਭਾਈ।। (ਗੁ.ਗ੍ਰੰ.ਪੰ. 420)
ਊਪਰ ਏਕੰਕਾਰ ਨਿਰਾਲਮ।।
ਸੁੰਨ ਸਮਾਧ ਲਗਾਇਆ।। (ਮਾਰੂ ਮ.1)

ਪਰਮਸੱਤ ਦੀ ਏਕਤਾ ਤੇ ਅਖੰਡਤਾ ਦਾ ਵਰਣਨ ਅੱਖਰ (ਇੱਕ) ਦੀ ਵਜਾਏ ਹਿੰਦਸੇ '1' ਦੁਆਰਾ ਕੀਤਾ ਗਿਆ ਹੈ, ਵਿਦਵਾਨਾਂ ਅਨੁਸਾਰ ਗੁਰਬਾਣੀ ਦੇ ਇਸ '੧' ਦਾ ਆਪਣਾ ਮਹੱਤਵ ਹੈ। B.B. Chauley mentioned in his research paper (God of Mual Mantra and the Veda : A Comparative Study) "The figure a (one) before Oamkar in the mul mantra is to emphasize that God is one, rejecting thereby, the concept of plurality of the gods; though he manifests Himself in this universe under various forms, yet he is not many. He is one alone in diversity is the result of maya, just as the figure is all pervasive and goes on in creasing by ten without loosing its shape or value if a zero is added to it."

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।।

ਗੁਰਮਤਿ ਵਿਚ ਪਰਮਸਤ ਦੇ ਜਿਹੜੇ ਰੂਪ ਮਿਲਦੇ ਹਨ ਉਨ੍ਹਾਂ ਨੂੰ ਮੁਖ ਰੂਪ ਵਿਚ ਇਸ ਪ੍ਰਕਾਰ ਅੰਕਤ ਕੀਤਾ ਜਾ ਸਕਦਾ ਹੈ। ਸੁੰਨ ਰੂਪ, ਨਰਿੰਜਨ ਰੂਪ, ਓਅੰਕਾਰ ਰੂਪ, ਅਨਿਰਵਚਨੀਆ ਰੂਪ, ਜੋਤਿ ਰੂਪ ਤੇ ਸ਼ਬਦ ਰੂਪ।

ਗੁਰਮਤਿ ਨੇ ਬ੍ਰਹਮ ਪ੍ਰਤਿ ਵਰਣਨ ਕਰਦਿਆਂ ਉਸਦੀ ਨਿਰਗੁਣਤਾ ਦੇ ਤੱਤ ਜਿਹੜੇ ਵਰਣਨ ਕੀਤੇ ਹਨ ਉਨਾਂ ਪ੍ਰਤਿ ਵਿਆਖਿਆ ਸੰਖੇਪ ਰੂਪ ਵਿਚ ਇਥੇ ਜ਼ਰੂਰੀ ਹੈ :-

1. ਅਕੱਥ — ਜਿਹੜਾ ਕਥਨ ਨਾ ਕੀਤਾ ਜਾ ਸਕੇ।
2. ਅਗੋਚਰ — ਜਿਹੜਾ ਦ੍ਰਿਸ਼ਟੀਗੋਚਰ ਨਾ ਹੋ ਸਕੇ।
3. ਅਟਲ — ਹਮੇਸ਼ਾ ਸਥਿਰ ਰਹਿਣ ਵਾਲਾ।
4. ਅਮੁਲ — ਜਿਸਦੀ ਕੀਮਤ ਨਾ ਪਾਈ ਜਾ ਸਕੇ।
5. ਅਤੁਲ — ਜਿਹੜਾ ਤੋਲਿਆ ਨਾ ਜਾ ਸਕੇ।
6. ਅਭੇਖ ਅਰੂਪ — ਜਿਸਦਾ ਕੋਈ ਰੂਪ ਨਾ ਹੋਵੇ।
7. ਨਿਰਾਲਾ — ਜਿਸ ਵਰਗਾ ਹੋਰ ਕੋਈ ਨਾ ਹੋਵੇ।
8. ਅਭੁਲ — ਜਿਹੜਾ ਕਦੀ ਵੀ ਕੋਈ ਗਲਤੀ ਨਾ ਕਰੇ।
9. ਅਜਾਤਿ — ਜਿਸਦੀ ਕੋਈ ਜਾਤ ਨਾ ਹੋਵੇ।
10. ਅਗਾਧ — ਜਿਸਦਾ ਅੰਤ ਨਾ ਪਾਇਆ ਜਾ ਸਕੇ।

ਇਸ ਤੋਂ ਇਲਾਵਾ ਗੁਰਮਤਿ ਹੋਰ ਵੀ ਅਨੇਕਾਂ ਸ਼ਬਦਾਂ ਰਾਹੀਂ ਅਕਾਲ ਪੁਰਖ ਦੀ ਵਿਲੱਖਣਤਾ ਦਰਸਾਂਦੀ ਹੈ ਜਿਵੇਂ : ਅਗੰਮਿ, ਅਜਰ, ਅਡੋਲ, ਬੇਐਬ, ਅਨੂਪ, ਅਨਾਦਿ, ਅਨੀਲ ਅਪਰ ਅਪਾਰ, ਅਗਾਹ, ਅਵਰਣ ਆਦਿ।

ਪਰਮ ਸਤਾ ਦੇ ਨਿਰਗੁਣ ਪੱਖ ਦੇ ਕੁਝ ਹੋਰ ਸੰਬੰਧਿਤ ਤੱਤ ਇਸ ਪ੍ਰਕਾਰ ਗੁਰਬਾਣੀ ਦੇ ਸੰਦਰਭ ਵਿਚੋਂ ਪ੍ਰਸਤੁਤ ਕੀਤੇ ਜਾ ਸਕਦੇ ਹਨ :-

— ਅਟਲੁ ਅਡੋਲ ਅਤੋਲ ਮੁਰਾਰੇ।। (ਮਾਰੂ ਸੋਲਹੇ)
— ਨਾਨਕ ਵਿਗਸੈ ਵਪਰਵਾਹੁ ।। (ਜਪੁਜੀ)
— ਅਦ੍ਰਿਸ਼ਟੁ ਦਿਸੈ ਤਾ ਕਹਿਆ ਜਾਇ ।। (ਗਉੜੀ)
— ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ।। (ਤਿਲੰਗ)
— ਤੇਰੀ ਕੀਮਤਿ ਨ ਪਵੈ ਸਭ ਡਿਠੀ ਠੋਕਿ ਵਜਾਇ ।। (ਸਿਰੀ)
— ਅਕੁਲ ਨਿਰੰਜਨ ਅਪਰਪਰੰਪਰ ਸਗਲੀ ਜੋਤਿ ਤੁਮਾਰੀ ।। (ਸੋਰਠਿ)
— ਅਤੁਲ ਕਿਉਂ ਤੋਲੀਐ ਵਿਣੁ ਤੋਲੇ ਪਾਇਆ ਨਾ ਜਾਇ ।। (ਮਲਾਰ)
— ਭੁਲਣ ਵਿਚਿ ਕੀਅ ਸਭੁ ਕੋਈ ਕਰਤਾ ਆਪਿ ਨ ਭੁਲੇ ।। (ਪਰਭਾਤੀ)
— ਅਗਮ ਅਗੋਚਰ ਅਪਰ ਅਪਾਰਾ ਪਾਰਬ੍ਰਹਮ ਪਰਧਾਨੋ ।। (ਆਸਾ)
— ਨ ਤਿਸੁ ਰੂਪ ਵਰਨ ਨਹੀਂ ਰੇਖਿਆ ਸਾਚੇ ਸਬਦਿ ਨੀਸਾਣੁ ।। (ਸੋਰਠਿ)

ਬ੍ਰਹਮ ਨੂੰ ਰੂਪਕਾਤਮਕ ਸ਼ੈਲੀ ਦੁਆਰਾ ਵੀ ਵਰਨਣ ਕੀਤਾ ਗਿਆ ਹੈ। ਸਿੱਖ ਧਰਮ ਗ੍ਰੰਥ ਅੰਦਰ ਬ੍ਰਹਮ ਨੂੰ ਬਾਜੀਗਰ, ਘੁਮਾਰ, ਬ੍ਰਿਛ ਆਦਿ ਰੂਪਕਾਂ ਦੁਆਰਾ ਵੀ ਵਰਨਣ ਕੀਤਾ ਗਿਆ ਹੈ, ਬ੍ਰਹਮ ਰੂਪੀ ਘੁਮਾਰ ਨੇ ਮਿੱਟੀ ਵੀ ਆਪਣੇ ਵਿਚੋਂ ਬਣਾਈ ਹੈ ਤੇ ਉਹ ਚਕ ਵੀ ਆਪ ਹੀ ਹੈ ਤੇ ਸ੍ਰਿਸ਼ਟੀ ਰਚਨਾ ਦੁਆਰਾ ਅਨੇਕਾਂ ਪ੍ਰਕਾਰ ਦੇ ਭਾਂਡੇ ਘੜੇ ਹਨ :

ਮਾਟੀ ਏਕ ਸਗਲ ਸੰਸਾਰਾ
ਬਹੁ ਬਿਧਿ ਭਾਂਡੇ ਘੜੇ ਘੁਮਾਰਾ ।।

**ਵਿਰੋਧ ਸ਼ੈਲੀ**

ਪਰਮਸਤ ਦੇ ਤੱਤ ਸਰੂਪ ਨੂੰ ਵਰਣਨ ਕਰਨ ਲਈ ਗੁਰਬਾਣੀ ਅੰਦਰ ਵਿਰੋਧ ਸ਼ੈਲੀ ਦਾ ਨਿਰਪੂਣ ਹੋਇਆ ਹੈ। ਧਨਾਸਰੀ ਰਾਗ ਅੰਦਰ ਗੁਰੂ ਨਾਨਕ ਦੇਵ ਜੀ ਬ੍ਰਹਮ ਦੇ ਸਰਗੁਣ ਸਰੂਪ ਵਿਚ ਹਜ਼ਾਰਾਂ ਨੇਤਰ ਤੇ ਨਿਰਗੁਣ ਸਰੂਪ ਵਿਚ ਨੇਤਰਹੀਣ ਸਰਗੁਣ ਵਿਚ ਹਜ਼ਾਰ ਮੂਰਤਾ ਤੇ ਨਿਰਗੁਣ ਪੱਖ ਤੋਂ ਅਮੂਰਤ ਸਰਗੁਣ ਵਿਚ ਹਜ਼ਾਰਾ ਪੈਰ ਤੇ ਫਿਰ ਪੈਰਾ

ਰਹਿਤ ਆਦਿ ਅੰਗਾਂ ਦਾ ਵਰਣਨ ਕਰਦੇ ਹਨ।

ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ।।
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨ ਸਹਸ ਤਵ ਗੰਧ ਇਵ ਚਲਤ ਮੋਹੀ।।
(ਗੁ.ਗ੍ਰੰ. ਪੰ. 663)

ਨਿਰਗੁਣ ਸਰੂਪ ਦੇ ਵਰਨਣ ਲਈ ਨਿਸ਼ੇਧ ਸ਼ੈਲੀ ਦੁਆਰਾ ਵਰਨਣ ਸਾਨੂੰ 'ਸੋਰਠਿ ਰਾਗ' ਵਿਚ ਵੀ ਮਿਲਦਾ ਹੈ ਜਿਥੇ ਪਰਮਸੱਤ ਦੇ, ਨਾ ਕਥਿਆ ਜਾਣ ਵਾਲਾ ਨਾ ਦੇਖਿਆ ਜਾਣ ਵਾਲਾ ਆਦਿ ਪੱਖ ਦੱਸੇ ਹਨ।

ਅਲਖ ਅਪਾਰ ਅਗੰਮ ਅਗੋਚਰ
ਨਾ ਤਿਸੁ ਕਾਲੁ ਨ ਕਰਮਾ ।।
ਜਾਤਿ ਅਜਾਤਿ ਅਜੋਨੀ ਸੰਭਉ
ਨਾ ਤਿਸੁ ਭਾਉ ਨਾ ਭਰਮਾ ।। (ਗੁ.ਗ੍ਰੰ.ਪੰ. 597)

ਉਸਦਾ ਨਾ ਕੋਈ ਬਾਪ ਹੈ ਨਾ ਮਾਂ, ਨਾ ਰੂਪ ਹੈ, ਨਾ ਰੇਖ ਤੇ ਨਾ ਹੀ ਕੋਈ ਰੰਗ ਹੈ, ਉਸਨੂੰ ਭੁਖ ਨਹੀਂ ਲਗਦੀ, ਨਾ ਪਿਆਸ ਉਹ ਸਦਾ ਤ੍ਰਿਪਤ ਰਹਿੰਦਾ ਹੈ ਗੁਰੂ ਜੀ ਐਸੇ ਬ੍ਰਹਮ ਤੋਂ ਕੁਰਬਾਨ ਜਾਂਦੇ ਹਨ।

ਉਹ ਆਪਣੇ ਨਿਰਗੁਣ ਰੂਪ ਵਿਚ ਸਰਗੁਣ ਰੂਪ ਧਾਰਨ ਕਰਨ ਉਪਰੰਤ ਇਸਦਾ ਵਿਸਥਾਰ ਵੀ ਕਰਦਾ ਹੈ ਭਾਵ ਅਨੇਕ ਤੱਤਾਂ ਨੂੰ ਆਪਣੇ ਚੋਂ ਪ੍ਰਗਟ ਕਰਦਾ ਹੈ :-

ਪਰਮਸਤ ਤ੍ਰੈਕਾਲ ਸਤ ਤੇ ਤ੍ਰੈਕਾਲ ਅਤੀਤ ਮੰਨਿਆ ਗਿਆ ਹੈ। ਉਹ ਤਿੰਨਾਂ ਕਾਲਾਂ ਦੀ ਰਚਨਾ ਕਰਨ ਵਾਲਾ ਹੈ। ਪ੍ਰੰਤੂ ਆਪ ਅਕਾਲ ਹੈ, ਕਾਲ ਉਸਦੇ ਅਧੀਨ ਹੈ। ਤਿੰਨਾਂ ਕਾਲਾਂ ਤੋਂ ਪਰੇ ਵੀ ਉਸਦੀ ਹੋਂਦ ਕਾਇਮ ਰਹਿੰਦੀ ਹੈ। ਤਿੰਨਾਂ ਕਾਲਾਂ (ਭੂਤ, ਵਰਤਮਾਨ ਤੇ ਭਵਿੱਖ) ਸੀਮਤ ਹਨ ਜਦ ਕਿ ਪਰਮਸਤ ਅਸੀਮ ਸ਼ਕਤੀ ਹੈ। ਇਹ ਹਸਤੀ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਆਪਣੇ ਸਚ ਸਰੂਪ ਵਿਚ ਸਥਿਤ ਸੀ। ਗੁਰਮਤਿ ਨੇ ਇਸ ਪ੍ਰਕਾਰ ਇਸ ਸਿਧਾਂਤ ਨੂੰ ਪ੍ਰਸਤੁਤ ਕੀਤਾ ਹੈ। ਇਸ ਪਰਮਸਤ ਦਾ ਅਸਥਾਨ ਵੀ ਸਤਿ ਤੇ ਮਹਲ ਵੀ ਸਤ ਹੀ ਹੈ।

ਆਦਿ ਸਚੁ ਜੁਗਾਦਿ ਸਚੁ
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।।
— ਸਤਿ ਪੁਰਖ ਸਤਿ ਅਸਥਾਨ ।।
ਸਾਚੇ ਮਹਿਲ ਅਪਾਰਾ ।। (ਸਾਰੰਗ ਮ. 1)

ਗੁਰਬਾਣੀ ਵਿਚ ਪਰਮਸਤ ਲਈ, ਓਅੰਕਾਰ ਸ਼ਬਦ ਦੀ ਵਰਤੋਂ ਵੀ ਕੀਤੀ ਹੈ ਗੁਰਮਤਿ ਨੇ ਓਅੰਕਾਰ ਤੋਂ ਇਲਾਵਾ, ਓਅੰ, ਪ੍ਰਣਵ ਆਦਿ ਸ਼ਬਦ ਵੀ ਇਸੇ ਪ੍ਰਸੰਗ ਵਿਚ ਵਰਤੇ ਹਨ। ਭਾਰਤੀ ਧਾਰਮਕ ਪ੍ਰੰਪਰਾ ਵਿਚ ਓਮ ਸ਼ਬਦ ਪ੍ਰਚਲਤ ਸੀ। ਗੁਰੂ ਸਾਹਿਬ ਨੇ ਓਅੰਕਾਰ ਤੋਂ ਪਹਿਲਾਂ 1 ਹਿੰਦਸੇ ਦੀ ਵਰਤੋਂ ਕਰਕੇ ਇਸਦੀ ਅਖੰਡਤਾ ਦਾ ਸਿਧਾਂਤ ਸਥਾਪਿਤ ਕੀਤਾ। ਓਅੰਕਾਰ ਦਾ ਪਹਿਲਾ ਨਾਂਵ 'ਪ੍ਰਣਵ' ਸੀ। ਪ੍ਰਣਵ ਤੋਂ ਭਾਵ ਨਿਮਰਤਾ ਸਹਿਤ ਓਮ ਓਅੰਕਾਰ ਦੀ ਉਸਤਤੀ ਕੀਤੀ ਜਾਵੇ। ਭਗਤ ਲੋਕ ਜਿਸਦੀ ਪਵਿੱਤਰ ਉਸਤਤੀ ਕਰਦੇ ਹਨ ਉਸਨੂੰ ਪ੍ਰਣਵ ਆਖਦੇ ਹਨ, ਇਹ ਪ੍ਰਣਵ ਇਕ ਹੈ।

ਪ੍ਰਣਵੌਂ ਆਦਿ ਏਕੰਕਾਰਾ
ਜਲ ਥਲ ਮਹੀਅਲ ਕੀਓ ਪਸਾਰਾ ।। (ਅਕਾਲ ਉਸਤਤਿ ਪ.10)
ਓਨਮ ਅਖਰ ਸੁਣਹੁ ਬੀਚਾਰ
ਓਨਮ ਅਖਰੁ ਤ੍ਰਿਭਵਣ ਸਾਰੁ ।। (ਦਖਣੀ ਓਅੰਕਾਰ)
ਓਅੰ ਗੁਰਮੁਖਿ ਕੀਓ ਅਕਾਰਾ
ਏਕਹਿ ਸੂਤਿ ਪਰੋਵਨ ਹਾਰਾ ।। (ਗਉੜੀ ਬਾਵਨ ਅਖੀਰ ਪ. 5)
ਓਅੰਕਾਰੁ ਅਕਾਲ ਲਖਿ ਬ੍ਰਹਮੰਡ ਬਣਾਯਾ ।। (ਭਾ.ਗੁ: ਵਾਰ 13-11)

ਗੁਰਮਤਿ ਅਨੁਸਾਰ ਓਅੰਕਾਰ ਤੋਂ ਜੁਗ, ਕਾਲ, ਦੇਵੀ ਦੇਵਤੇ ਤੇ ਵੇਦਾਂ ਦੀ ਉਤਪਤੀ ਹੋਈ ਹੈ। ਪ੍ਰਕਿਰਤੀ ਸਾਰੀਆਂ ਸ਼ਕਤੀਆਂ ਇਸੇ ਓਅੰਕਾਰ ਤੋਂ ਹੀ ਉਪਜੀਆਂ ਹਨ :

ਓਅੰਕਾਰਿ ਬ੍ਰਹਮਾ ਉਤਪਤਿ,
ਓਅੰਕਾਰ ਕੀਆ ਜਿਨ ਚਿਤਿ ।।

ਓਅੰਕਾਰ ਸੈਲ ਜੁਗ ਭਏ ।।
ਓਅੰਕਾਰ ਬੇਦ ਨਿਰਮਾਏ ।।
ਓਅੰਕਾਰ ਸਬਦਿ ਉਧਰੇ ।।
ਓਅੰਕਾਰ ਗੁਰਮੁਖਿ ਤਰੇ ।।
ਓਨਮ ਅਖਰ ਸੁਣਹੁ ਬੀਚਾਰ ।।
ਓਨਮ ਅਖਰੁ ਤ੍ਰਿਭਵਣ ਸਾਰ ।। (ਰਾਮਕਲੀ ਪ.1)

ਅਸੀਂ ਨਿਰਗੁਣ ਅਵਸਥਾ ਦੇ ਧੁੰਧੂਕਾਰ ਦਾ ਵਰਨਣ ਕੀਤਾ ਹੈ। ਇਹ ਸੁੰਨ ਅਵਸਥਾ ਕੋਈ ਐਸੀ ਅਵਸਥਾ ਨਹੀਂ ਜਿਹੜੀ ਨਿਸ਼ਕ੍ਰਿਆ ਹੋਵੇ ਜੈਸਾ ਕਿ ਸਾਨੂੰ ਬੁਧ ਧਰਮ ਵਿਚ ਮਿਲਦੀ ਹੈ ਅਤੇ ਸ਼ੰਕਰ ਦਾ ਬ੍ਰਹਮ ਬਾਰੇ ਕਥਨ ਵਿਚ ਆਉਂਦਾ ਹੈ ਕਿ ਸ਼ੰਕਰ ਅਦਵੈਤ ਦਾ ਬ੍ਰਹਮ ਨਿਸ਼ਕਿਰਿਆ ਹੈ। ਗੁਰਮਤ ਦੀ ਸੁੰਨ ਅਵਸਥਾ ਐਸੀ ਉਹ ਕਰਤਾਰੀ ਸ਼ਕਤੀ (creative power) ਵਾਲੀ ਹੈ। ਉਸ ਵਿਚ ਸ੍ਰਿਸ਼ਟੀ ਰਚਨਾ ਦੀਆਂ ਸਾਰੀਆਂ ਸੰਭਾਵਨਾਵਾਂ ਮੌਜੂਦ ਹਨ ਭਾਵੇਂ ਉਸ ਅਵਸਥਾ ਵਿਚ ਪ੍ਰਕਿਰਤੀ ਦੇ ਹਰ ਤੱਤ ਦਾ ਅਭਾਵ ਸੀ ਪ੍ਰੰਤੂ ਬੀਜ ਰੂਪ ਵਿਚ ਉਸ ਵਿਚ ਸਭ ਕੁਝ ਸੀ :

ਸੁਨਿ ਸਮਾਧਿ ਰਹਹਿ ਲਿਵ ਲਾਏ
ਏਕਾ ਏਕੀ ਸ਼ਬਦੁ ਬੀਚਾਰ ।।
ਜਲ ਥਲ ਧਰਣਿ ਗਗਨੁ ਤਹ ਨਾਹੀ
ਆਪੇ ਆਪ ਕੀਆ ਕਰਤਾਰ ।।
ਨ ਤਹ ਮਾਇਆ ਗਗਨ ਨ ਛਾਇਆ
ਨ ਸੂਰਜ ਚੰਦ ਨ ਜੋਤਿ ਅਪਾਰ ।। (ਗੂਜਰੀ ਪੰ. 503)

ਸੁਨਿ ਅਵਸਥਾ ਵਿਸਮਾਦਮਈ ਹੋਣ ਕਰਕੇ ਅਸਚਰਜਨਕ ਹੈ, ਇਸ ਬਾਰੇ ਕੁਝ ਵੀ ਆਖਣਾ ਅਸੰਭਵ ਹੈ। ਗੁਰਮਤਿ ਅਨੁਸਾਰ ਸੁੰਨ ਪਰਮਸੱਤ ਦਾ ਪਰਿਆਇਵਾਚੀ ਸ਼ਬਦ ਹੈ। ਸੁੰਨ, ਅੰਤਰ ਬਾਹਰ ਭਾਵ ਨਿਰਗੁਣ ਰੂਪ ਤੇ ਸਰਗੁਣ ਰੂਪ ਵਿਚ ਜੋਤ ਕਰਕੇ ਵਿਆਪਕ ਹੈ। ਇਸ ਸੁੰਨ ਬ੍ਰਹਮ ਨੂੰ ਜਿਹੜਾ ਸਾਧਕ ਤਿੰਨ ਅਵਸਥਾਵਾਂ (ਜਾਗਰਤ, ਸੁਪਨ ਸੁਸ਼ੋਪਤ) ਤੋਂ ਉਪਰ ਚੌਥੀ ਤੁਰੀਆਂ ਅਵਸਥਾ ਰਾਹੀਂ ਜਾਣ ਲੈਂਦਾ ਹੈ। ਉਹ ਪਾਪ-ਪੁੰਨ ਤੋਂ ਮੁਕਤ ਹੋ ਜਾਂਦਾ ਹੈ। 'ਰਾਮਕਲੀ ਰਾਗ' ਵਿਚ ਗੁਰੂ ਨਾਨਕ ਨੇ ਇਸਦਾ ਵਰਣਨ ਕੀਤਾ ਹੈ।

ਅੰਤਰਿ ਸੁੰਨ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ
ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨ ।।

(ਰਾਮ ਸਿਧਿ ਗੋਸਟਿ ਪੰਨਾ 943)

ਸੁੰਨ (ਪਰਮ ਤੱਤ) ਦੀ ਪ੍ਰਾਪਤੀ ਉਪਰੰਤ, ਸਾਧਕ ਉਸਦੇ ਦੈਵੀ ਗੁਣਾਂ ਦੇ ਭਾਈਵਾਲ ਹੋ ਜਾਂਦਾ ਹੈ ਭਾਵ ਤੱਤ ਨਾਲ ਤੱਤ ਅਨਰੂਪ ਹੋ ਜਾਂਦਾ ਹੈ।

ਸੁੰਨੋ ਸੁੰਨੁ ਕਹੈ ਸਭੁ ਕੋਈ। ਅਨਹਤ ਸੁੰਨੁ ਕਹਾ ਤੇ ਹੋਈ।
ਅਨਹਤ ਸੁੰਨਿ ਰਤੇ ਸੇ ਕੈਸੇ। ਜਿਸ ਤੇ ਉਪਜੇ ਤਿਸ ਹੀ ਜੈਸੇ ।।

(ਰਾਮਕਲੀ ਸਿਧਿ ਗੋਸਟਿ, ਪੰਨਾ 943)

ਸੁੰਨ ਦਾ ਦੈਵੀ ਗਿਆਨ ਗੁਰੂ ਰਾਹੀਂ ਸਮਝ ਆਉਂਦਾ ਹੈ। ਇਸ ਸੁੰਨ ਤੋਂ ਤਿੰਨ ਦੇਵਤੇ, ਗਿਆਨ ਇੰਦਰੀਆਂ, ਪੰਜੇ ਤੱਤ (ਪ੍ਰਿਥਵੀ/ਅਕਾਸ਼ ਆਦਿ ਤੇ ਰਾਤ ਦਿਨ ਪੈਦਾ ਹੋਏ। ਸੁੰਨ ਦੇ ਗੁਝੇ ਭੇਦ ਨੂੰ ਸਮਝਣ ਉਪਰੰਤ ਸਾਧਕ ਹਰ ਪ੍ਰਕਾਰ ਦੇ ਰੋਗਾਂ ਤੋਂ ਛੁਟਕਾਰਾ ਪਾ ਲੈਂਦਾ ਹੈ। ਇਹ ਛੁਟਕਾਰਾ ਮੁਕਤੀ ਹੀ ਹੁੰਦੀ ਹੈ। ਸੁੰਨ ਪਰਮਤੱਤ ਦਾ ਆਪਣਾ ਸ਼ੁਧ ਸਰੂਪ ਹੁੰਦਾ ਹੈ ਉਥੇ ਪ੍ਰਕਿਰਤੀ ਦਾ ਕੋਈ ਤੱਤ ਨਹੀਂ ਹੁੰਦਾ ਕਰਤਾਰ ਆਪ ਹੀ ਹੁੰਦਾ ਹੈ –

ਕੇਤੇ ਜੁਗ ਵਰਤੇ ਗੁਬਾਰੈ। ਤਾੜੀ ਲਾਈ ਅਪਰ ਅਪਾਰੇ ।।
ਧੁੰਧੂ ਕਾਰਿ ਨਿਰਾਲੁਮ ਬੈਠਾ ਨਾ ਤਦਿ ਧੰਧੁ ਪਸਾਰਾ ਹੇ ।।

(ਮਾਰੂ ਸੋਲਹੇ ਪੰਨਾ 1026)

ਪਰਮਸੱਤ ਦਾ ਨਿਰੰਜਨ ਰੂਪ ਵਰਣਨ ਕਰਦਿਆਂ ਗੁਰੂ ਸਾਹਿਬਾਨ ਨੇ ਨਿਰੰਕਾਰ, ਮਾਇਆ ਤੋਂ ਰਹਿਤ ਪਰਮਸੱਤ ਲਈ ਵਰਤਿਆ ਹੈ। ਨਿਰੰਜਨ ਕਿਸੇ ਪ੍ਰਕਾਰ ਦੇ ਰੂਪ, ਰੇਖ ਤੋਂ ਮੁਕਤ ਹੈ ਨਿਰੰਜਨ ਪਰਮਸੱਤ ਕੁਲ ਰਹਿਤ ਹੈ ਉਸਦਾ ਪੰਜ ਭੂਤਕ ਸਰੀਰ ਨਹੀਂ ਹੈ। ਐਸੇ ਨਿਰੰਜਨ ਸੱਤ ਦੀ ਸੋਝੀ ਸੱਚੇ ਗੁਰੂ ਦੇ ਮਿਲਾਪ ਸਦਕਾ ਹੀ ਹੁੰਦੀ ਹੈ।

ਜਾ ਕੈ ਰੂਪ ਨਾਹੀ ਜਾਤਿ ਨਾਹੀ ਨਾਹੀ ਮੁਖੁ ਮਾਸਾ ।।
ਸਤਿਗੁਰਿ ਮਿਲੇ ਨਿਰੰਜਨ ਪਾਇਆ ਤੇਰੇ ਨਾਮਿ ਹੈ ਨਿਵਾਸਾ ।।

(ਪਰਭਾਤੀ ਮ. ੫. 1)

ਪਰਮਸੱਤ ਦਾ ਜੋਤਿ ਰੂਪ ਵੀ ਸਿੱਖ ਧਰਮ ਵਿਚ ਬੜੇ ਪ੍ਰਭਾਵਸ਼ਾਲੀ ਰੂਪ ਵਿਚ ਵਰਣਨ ਹੋਇਆ ਹੈ। ਪਰਮਸੱਤ ਦੀ ਜੋਤ ਨਾਲ ਸਭ ਜੀਵਾਂ ਦੀਆਂ ਜੋਤਾਂ ਪ੍ਰਕਾਸ਼ਵਾਨ ਹੁੰਦੀਆਂ ਹਨ। ਇਸ ਪਰਮਸੱਤ ਦੀ ਜੋਤ ਗੁਰੂ ਉਪਦੇਸ਼ ਦੁਆਰਾ ਸਾਧਕ ਦੇ ਅੰਤਰ ਆਤਮੇ ਪ੍ਰਗਟ ਹੁੰਦੀ ਹੈ।

ਸਭ ਮਹਿ ਜੋਤਿ ਜੋਤਿ ਹੈ ਸੋਇ ।।
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ।।
ਗੁਰਸਾਖੀ ਜੋਤਿ ਪਰਗਟੁ ਹੋਇ ।।

(ਧਨਾਸਰੀ ਮ. ੫. 1)

ਬ੍ਰਹਮ ਨੇ ਸ੍ਰਿਸ਼ਟੀ ਸਾਜ ਕੇ ਤਿੰਨਾਂ ਭਵਨਾਂ ਵਿਚ ਆਪਣੀ ਜੋਤੀ ਦਾ ਪ੍ਰਕਾਸ਼ ਕੀਤਾ ਹੈ। ਤਿਨੇ ਲੋਕ ਉਸਦੀ ਜੋਤ ਵਿਚ ਧਿਆਨ ਮਗਨ ਰਹਿੰਦੇ ਹਨ –

ਸਸੈ ਸਭੁ ਜਗੁ ਸਹਜ ਉਪਾਇਆ ਤੀਨ ਭਵਨ ਇਕ ਜੋਤੀ ।।
ਤ੍ਰਿਭਵਣ ਜੋਤਿ ਰਹੇ ਲਿਵਲਾਈ ।। (ਧਨਾਸਰੀ ਮ. 1)
ਜੋਤਿ ਸਬਾਇੜੀਏ ਤ੍ਰਿਭਵਣ ਥਾਰੇ ਰਾਮ ।। (ਬਿਲਾ. ਮ.1)
ਆਪੇ ਆਪ ਉਪਾਇ ਨਿਰਾਲਾ ।। (ਮਾਰੂ ਸੋਲਹੇ ਪੰ. 1036)
ਆਪ ਉਪਾਦਿਆ ਜਗਤ ਸਬਾਇਆ ।।
ਜਗਤ ਉਪਾਦਿ ਖੇਲੁ ਰਚਾਇਆ ।। (ਪੰ. 1031)

ਪਰਮਸੱਤ (ਬ੍ਰਹਮ) ਜਗਤ ਦਾ

1. ਨਮਿਤ ਕਾਰਨ
2. ਉਪਾਦਨ ਕਾਰਨ
3. ਸਧਾਰਨ ਕਾਰਨ ਹੈ

ਅਵਿਗਤੋ ਨਿਰਮਾਇਲ ਉਪਜੈ
ਨਿਰਗੁਣ ਤੇ ਸਰਗੁਣ ਥੀਆ ।। (ਗੁ.ਗ੍ਰੰ.ਪੰ. 940)

ਉਹ ਸੰਸਾਰ ਰਚਨਾ ਕਰਨ ਲਈ ਕਿਸੇ ਦੀ ਮਦਦ ਨਹੀਂ ਲੈਂਦਾ ਕਿਉਂਕਿ ਉਸ ਤੋਂ ਬਿਨਾਂ ਹੋਰ ਕੋਈ ਸ਼ਕਤੀ ਹੈ ਹੀ ਨਹੀਂ। ਉਹ ਸੈਭੰ ਹੈ।

ਪਰਮਸਤਾ ਨਿਰਗੁਣ ਤੇ ਸਰਗੁਣ ਦੋਵੇਂ ਥਾਵਾਂ ਤੇ ਕਾਇਮ ਰਹਿੰਦੀ ਹੈ। ਸਰਗੁਣ ਪਸਾਰੇ ਅੰਦਰ ਉਸਦਾ ਵਿਰਾਟ ਰੂਪ ਦੇਖਣ ਨੂੰ ਮਿਲਦਾ ਹੈ। ਉਹ ਸਾਰੇ ਜੀਵਾਂ ਦੀ ਅੰਤਰ ਸ਼ਕਤੀ ਦੇ ਰੂਪ ਵਿਚ ਵਿਚਰਦਾ ਹੈ, ਉਹ ਪ੍ਰਾਣਾਂ ਦਾ ਪ੍ਰਾਣ ਹੈ, ਪ੍ਰਕਾਸ਼ ਉਸਦੇ ਪ੍ਰਕਾਸ਼ ਕਰਕੇ ਹੁੰਦਾ ਹੈ। ਇਸ ਸਰਗੁਣ ਪਸਾਰੇ ਦਾ ਵੀ ਅੰਤ ਨਹੀਂ ਪਾਇਆ ਜਾ ਸਕਦਾ। ਕੋਈ ਇਸਦਾ ਅੰਤ ਲੱਭਣ ਦਾ ਯਤਨ ਕਰਦਾ ਹੈ ਤੇ ਅੰਤ ਨੂੰ ਪਛਤਾਵਾ ਹੀ ਹੱਥ ਲਗਦਾ ਹੈ। ਉਹ ਆਪ ਹੀ ਇਸਦਾ ਅੰਤ ਜਾਣਦਾ ਹੈ। ਇਸੇ ਲਈ ਉਹ ਬੇਅੰਤ ਹੈ :

ਅੰਤ ਨ ਜਾਪੈ ਕੀਤਾ ਅਕਾਰ
ਅੰਤ ਨ ਜਾਪੈ ਪਾਰਾਵਾਰ ।।
ਅੰਤ ਕਾਰਨ ਕੇਤੇ ਬਿਲਲਾਇ ।।
ਤਾਕੇ ਅੰਤ ਨਾ ਪਾਇ ਜਾਇ ।।

ਇਹ ਪਸਾਰਾ ਨਿਰੰਤਰ ਵਿਕਾਸ ਕਰਦਾ ਰਹਿੰਦਾ ਹੈ :-

ਸਾਚੇ ਤੇ ਪਵਨਾ ਭਇਆ ਪਵਨੇ ਤੇ ਜਲ ਹੋਇ ।।
ਜਲ ਤੇ ਤ੍ਰਿਭਵਣ ਸਾਜਿਆ ਘਟਿ ਘਟਿ ਜੋਤਿ ਸਮੋਇ ।। (ਸ੍ਰੀ ਰਾਗ ਮ.1)

ਇਸ ਸਰਗੁਣ ਪਸਾਰੇ ਅੰਦਰ ਉਹ ਇਸ ਪ੍ਰਕਾਰ ਹੁੰਦਾ ਹੈ ਜਿਸ ਤਰ੍ਹਾਂ ਸੂਰਜ ਤੇ ਉਸਦੀਆਂ ਕਿਰਣਾਂ, ਸਮੁੰਦਰ ਤੇ ਉਸਦੀਆਂ ਲਹਿਰਾਂ, ਅਗਨੀ ਤੇ ਉਸਦੇ ਚੰਗਿਆੜੇ, ਧੂੜ ਤੇ ਉਸਦੇ ਕਿਣਕੇ, ਆਦਿ ਇਸਨੂੰ ਜੋਤ ਰੂਪ ਜਾਂ ਅੰਤਰਸ਼ਕਤੀ ਦਾ ਰੂਪ ਮੰਨਿਆ ਹੈ :-

ਨਿਰਗੁਣ ਆਪ ਸਰਗੁਣ ਵੀ ਓਹੀ
ਕਲਾਧਾਰ ਜਿਨ ਸਗਲੀ ਮੋਹੀ ।।
ਨਿਰਗੁਣ ਸਰਗੁਨ ਨਿਰੰਕਾਰ
ਸੁੰਨ ਸਮਾਧੀ ਆਪੁ
ਆਪਨ ਕੀਆ ਨਾਨਕਾ
ਆਪੇ ਹੀ ਫਿਰ ਜਾਪੁ ।।

ਇਸ ਸਰਗੁਣ ਪਸਾਰੇ ਨੂੰ ਉਸਦੇ ਚੋਜ, ਲੀਲਾ, ਖੇਲ ਅਡੰਬਰ, ਸੁਆਂਗ, ਪਸਾਰਾ ਆਦਿ ਨਾਵਾਂ ਨਾਲ ਯਾਦ ਕੀਤਾ ਗਿਆ ਹੈ। ਇਸ ਸਭ ਕੁਝ ਹੋਣ ਦੇ ਬਾਵਜੂਦ ਉਹ ਅਵਤਾਰ ਨਹੀਂ ਧਾਰਨ ਕਰਦਾ। ਗੁਰਮਤਿ ਨੇ ਅਵਤਾਰਵਾਦ ਦੇ ਸਿਧਾਂਤ ਦਾ ਖੰਡਨ ਕੀਤਾ ਹੈ। ਗੁਰਬਾਣੀ ਵਿਚ ਕਿਹਾ ਗਿਆ ਹੈ ਕਿ ਉਹ ਮੂੰਹ ਜਲ ਜਾਵੇ ਜਿਹੜਾ ਠਾਕਰ ਨੂੰ ਜਨਮ ਲੈਣ ਵਾਲਾ ਕਹਿੰਦਾ ਹੈ।

ਤੂ ਕਰਤਾ ਪੁਰਖ ਅਗੰਮ ਜੋਨ ਨ ਆਵਈ ।।
ਸੋ ਬ੍ਰਹਮ ਅਜੋਨੀ ਹੈ ਭੀ ਹੋਸੀ
ਘਟਿ ਭੀਤਰਿ ਦੇਖ ਮੁਰਾਰੀ ਜੀਉ ।। (ਸੋਰਠਿ ਮ. 1 ਪੰ. 538)

ਗੁਰਮਤਿ ਨੇ ਬ੍ਰਹਮ ਨੂੰ ਸੈਭੰ ਕਿਹਾ ਹੈ, ਇਹ ਉਸਦਾ ਪ੍ਰਤੱਖ ਗੁਣ ਹੈ। ਉਹ ਆਪਣੇ ਆਪ ਪ੍ਰਕਾਸ਼ ਵਿਚ ਆਉਣ ਵਾਲਾ ਹੈ ਜੋ ਵਸਤੂ ਆਪਣੀ ਹੀ ਮਹਿਮਾ ਵਿਚ ਪ੍ਰਤਿਸ਼ਠਤ ਹੈ ਉਸਦੀ ਉਤਪਤੀ ਤੇ ਵਿਨਾਸ਼ ਨਹੀਂ ਹੁੰਦਾ। ਗੁਰਮਤਿ ਵਿਚਾਰਧਾਰਾ ਨੇ ਪਰਮਸਤ ਨੂੰ ਅਜਨਮਾ, ਅਜੋਨੀ ਨਿਰੰਜਨ, ਨਿਰਾਕਾਰ, ਨਿਰਲੰਭ, ਇੰਦਰੀਅਤੀਤ, ਅਗੋਚਰ ਅਚਿਤੰਨਯ ਕਿਹਾ ਹੈ, ਦੇਵੀ ਦੇਵਤਿਆਂ ਦਾ ਕਰਤਾ ਮੰਨਿਆ ਹੈ, ਕਹਿਣ ਤੋਂ ਭਾਵ ਦੇਵੀ ਦੇਵਤਿਆਂ ਦੀ ਆਪਣੀ ਸ਼ਕਤੀ ਨਹੀਂ ਹੁੰਦੀ ਇਨ੍ਹਾਂ ਵਿਚ ਪਾਰਬ੍ਰਹਮ ਦੀ ਸ਼ਕਤੀ ਹੀ ਕੰਮ ਕਰਦੀ ਹੈ :

ਬ੍ਰਹਮਾ ਬਿਸਨ ਮਹੇਸ ਏਕ ਮੂਰਤਿ ।।
ਆਪ ਕਰਤਾ ਕਾਰੀ ।। (ਗੁ.ਗ੍ਰੰ.ਪੰ. 908)

ਪਰਮਸਤ ਅਪਹੁੰਚ ਹੈ ਉਚੇ ਤੋਂ ਉਚਾ, ਵੱਡੇ ਤੋਂ ਵੱਡਾ ਹੈ।

ਏਵਡੁ ਊਚਾ ਹੋਵੈ ਕੋਇ। ਤਿਸ ਊਚੇ ਕਉ ਜਾਣੈ ਸੋਇ ।। (ਜਪੁ ਪਉ 24)

ਉਹ ਆਪਣੇ ਆਪ ਨੂੰ ਆਪ ਹੀ ਜਾਣਦਾ ਹੈ, ਉਹ ਸਾਗਰ ਵਿਚ ਬੂੰਦ ਤੇ ਬੂੰਦ ਵਿਚ ਸਾਗਰ ਵਾਂਗ ਉਪਸਥਿਤ ਹੈ। ਇਸ ਰਹੱਸ ਨੂੰ ਕੇਵਲ ਗੁਰੂ ਉਪਦੇਸ਼ ਰਾਹੀਂ ਜਾਣਿਆ ਜਾ ਸਕਦਾ ਹੈ :

ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰ
ਕਵਣੁ ਬੁਝੈ ਬਿਧਿ ਜਾਣੈ (ਗੁ.ਗ੍ਰੰ.ਪੰ. 878)

ਪਰਮਸਤ, ਦਿਆਲੂ, ਕਿਰਪਾਲੂ ਤੇ ਭਗਤ ਵਛਲ ਹੈ। ਉਹ ਆਪਣੇ ਸੇਵਕਾਂ ਦੇ ਕਾਰਜ ਸੁਆਰਦਾ ਹੈ, ਨਿਕਟੀ ਹੋ ਕੇ ਸਹਾਰਾ ਬਣਦਾ ਹੈ, ਪਰਮਸਤਾ : ਪਤਿਤਾ ਨੂੰ ਪਵਿਤਰ ਕਰਨ ਵਾਲੀ ਸ਼ਕਤੀ ਵੀ ਹੈ।

ਪਰਮਸਤ ਆਪਣੀ ਰਚਨਾ ਸਾਜ ਕੇ ਇਸਦੀ ਸਾਰ ਵੀ ਲੈਂਦਾ ਹੈ। ਜੀਵਾਂ ਨੂੰ ਪਾਲਦਾ ਹੈ, ਚਾਹੇ ਉਹ ਉਸ ਬ੍ਰਹਮ ਨੂੰ ਜਾਣਦੇ ਜਾ ਨਹੀਂ। ਉਹ ਜੜ੍ਹ ਤੇ ਚੇਤਨ ਸਭ ਦੀ ਸਾਰ ਲੈਂਦਾ ਹੈ।

ਪਰਮਸਤ ਅੰਤਰਜਾਮੀ ਹੈ, ਉਹ ਆਪਣੇ ਜੀਵਾਂ ਦੇ ਦਿਲਾਂ ਦੀਆਂ ਜਾਣਦਾ ਹੈ, ਇਸ ਪ੍ਰਥਾਇ ਸ਼ਬਦ ਸਰਬਗ ਵੀ ਆਇਆ। ਉਹ ਘਟਿ ਘਟਿ ਦੀਆਂ ਬੁਝਣ ਵਾਲਾ ਹੈ, ਉਹ ਸਾਡੇ ਮਨ ਅੰਦਰ ਜਿਹੜੇ ਸੰਕਲਪ ਵਿਕਲਪ ਹਨ ਉਨ੍ਹਾਂ ਨੂੰ ਜਾਣਦਾ ਹੈ ਉਸ ਤੋਂ ਕੁਝ ਛੁਪਾਇਆ ਨਹੀਂ ਜਾ ਸਕਦਾ।

ਤੂ ਕਰਤਾ ਸਭ ਕਿਛੁ ਆਪੇ ਜਾਣਹਿ
ਕਿਆ ਤੁਧ ਪਹਿ ਆਖਿ ਸੁਣਾਈਐ ।। (ਗੁ.ਗ੍ਰੰ.ਪੰ. 735)

ਪਰਮਸਤ ਦਾ ਇਕ ਹੋਰ ਰੂਪ ਜਿਹੜਾ ਗੁਰਬਾਣੀ ਵਿਚ ਚਿਤਰਿਆ ਗਿਆ ਹੈ ਉਹ ਹੈ ਭਾਵਨਾਤਮਕ ਰੂਪ। ਇਸ ਵਿਚ ਪਰਮਸਤ ਨੂੰ ਪ੍ਰੇਮਮਈ ਰੂਪ ਵਿਚ ਵਰਣਨ ਕੀਤਾ ਹੈ। ਪ੍ਰਭੂਪ੍ਰੀਤ ਨੂੰ ਜਪ ਤਪ ਤੋਂ ਸਰੇਸ਼ਠ ਮੰਨਿਆ ਹੈ। ਪ੍ਰਭੂ ਪ੍ਰੇਮ ਤੋਂ ਬਿਨਾਂ ਹੋਰ ਸਭ ਪ੍ਰੇਮ ਝੂਠੇ ਮੰਨੇ ਹਨ। ਇਸੇ ਭਾਵ ਨਾਲ ਸਬੰਧਤ ਦਾਸ ਭਾਵ ਸਖਾ ਭਾਵ ਪਿਤਰੀ ਭਾਵ, ਦੰਪਤੀ ਭਾਵ ਆਦਿ ਰੂਪਾਂ ਦਾ ਚਿਤਰਨ ਮਿਲਦਾ ਹੈ। ਇਸ ਪ੍ਰਕਾਰ ਦੇ ਪ੍ਰਭੂ ਰੂਪ ਅੰਦਰ ਪ੍ਰਭੂ ਦੀ ਨੇਤੜਾ ਮਹਿਸੂਸ ਹੁੰਦੀ ਹੈ, ਕਿਉਂਕਿ ਗੁਰਮਤ ਨੇ ਪ੍ਰਭੂ ਨੂੰ ਨੇੜੇ ਤੋਂ ਨੇੜੇ ਮੰਨਿਆ ਹੈ ਪ੍ਰੰਤੂ ਅਵਿਦਿਆ ਕਾਰਨ, ਅਸ਼ਰਧਾ, ਅਪਰਤੀਤੀ ਕਾਰਨ ਉਹ ਦੂਰ ਤੋਂ ਦੂਰ ਵੀ ਹੈ ਪ੍ਰੰਤੂ ਉਹ ਜੀਵਾਂ ਅੰਦਰ ਇਸ ਤਰ੍ਹਾਂ ਨਿਹਤ ਹੈ ਜਿਸ ਤਰ੍ਹਾਂ ਮਾਲਾ ਦੇ ਮਣਕਿਆਂ ਅੰਦਰ ਧਾਗਾ ਹੁੰਦਾ ਹੈ ਜਿਹੜਾ ਸਾਰਿਆਂ ਨਾਲ ਸਾਂਝਾ ਹੁੰਦਾ ਹੋਇਆਂ ਵੀ ਅਲਗ ਹੁੰਦਾ ਹੈ। ਇਸ ਸਿਧਾਂਤ ਦੀ ਪੁਸ਼ਟੀ ਲਈ ਗੁਰਬਾਣੀ ਦਾ ਸ਼ਬਦ ਸਪਸ਼ਟ ਕਰਦਾ ਹੈ :

ਤੂ ਮੇਰਾ ਪਿਤਾ ਤੂ ਹੈ ਮੇਰਾ ਮਾਤਾ
ਤੂ ਮੇਰਾ ਬਧਪੁ ਤੂ ਮੇਰਾ ਭ੍ਰਾਤਾ।

ਇਸੇ ਤਰ੍ਹਾਂ ਪ੍ਰਭੂ ਦਾ ਸੁਆਮੀ, ਮਾਤਾ ਪਿਤਾ, ਮਿੱਤਰ, ਦਾਤਾ, ਖਸਮ ਰੂਪ, ਸੁਲਤਾਨ ਰੂਪ, ਵਿਰਾਟ ਰੂਪ ਆਦਿ ਵੀ ਦੇਖਣ ਵਿਚ ਆਉਂਦੇ ਹਨ।

ਸਿੱਖ ਧਰਮ ਦਾ ਬ੍ਰਹਮ, ਨਿਰਗੁਣ ਤੇ ਸਰਗੁਣ ਦੋਵੇਂ ਹਨ। ਉਸਦੀ ਸਰਗੁਣਤਾ ਉਸਦੇ ਨਿਰਗੁਣ ਰੂਪ ਵਿਚ ਕੋਈ ਘਾਟ ਨਹੀਂ ਆਉਣ ਦਿੰਦੀ।

ਈਘੈ ਨਿਰਗੁਣ ਉਘੈ ਸਰਗੁਣ ।।
ਕੇਲ ਕਰਤ ਵਿਚਿ ਸੁਆਮੀ ਮੇਰਾ ।।

ਪਰਮਸੱਤ ਨੂੰ ਵਿਦਵਾਨਾਂ ਨੇ ਨਕਾਰਾਤਮਕ ਸ਼ੈਲੀ, ਵਿਰੋਧਾਤਮਕ ਰੂਪਾਤਮਕ ਸ਼ੈਲੀ ਦੁਆਰਾ ਵੀ ਵਰਣਨ ਕੀਤਾ ਹੈ। ਵਿਰੋਧਾਤਮਕ ਸ਼ੈਲੀ ਅਨੁਸਾਰ ਨਿਰਗੁਣ ਰੂਪ ਵਿਚ ਉਸਦੀ ਕੋਈ ਵੀ ਇੰਦਰੀ ਨਹੀਂ ਹੈ ਸਰਗੁਣ ਰੂਪ ਵਿਚ ਉਸਦੀਆਂ ਸਾਰੀਆਂ ਇੰਦਰੀਆਂ ਹਨ। ਪਰਮਸਤ ਸ੍ਰਿਸ਼ਟੀ ਆਪ ਹੀ ਸਾਜਦਾ ਹੈ ਤੇ ਆਪ ਹੀ ਵਿਨਾਸ਼ ਕਰਦਾ ਹੈ। ਉਹ ਦਿਵ ਦ੍ਰਿਸ਼ਟੀ ਵਾਲਿਆਂ ਲਈ ਨੇੜੇ ਹੈ, ਅਗਿਆਨੀਆਂ ਲਈ ਦੂਰ ਹੈ।

ਨਕਾਰਾਤਮਕ ਸ਼ੈਲੀ ਦਾ ਵਰਣਨ ਵੀ ਸਾਨੂੰ ਗੁਰਬਾਣੀ ਅੰਦਰ ਮਿਲਦਾ ਹੈ। ਉਹ ਅਜਨਮੇ ਪ੍ਰਭੂ ਦਾ ਕੋਈ ਮਾਤਾ ਪਿਤਾ ਨਹੀਂ, ਰੂਪ ਰੰਗ ਰੇਖ ਭੇਖ ਨਹੀਂ, ਉਸਨੂੰ ਭੁੱਖ ਪਿਆਸ ਨਹੀਂ ਲਗਦੀ। ਉਹ ਨਾ ਪੁਰਸ਼ ਹੈ ਨਾ ਨਾਰੀ।

ਨਾ ਤਿਸ ਬਾਪੁ ਨ ਮਾਇ ਕਿਨ ਤੂ ਜਾਇਆ ।।
ਨਾ ਤਿਸ ਰੂਪ ਰੇਖ ਵਰਣ ਸਬਾਇਆ ।।
ਨਾ ਤਿਸ ਭੂਖ ਪਿਆਸ ਰਜਾ ਧਾਇਆ ।। (ਮਾਰੂ ਵਾਰ ਮ. 2)
ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰੁ ਸਰੂਪ ।। (ਮਾਰੂ ਅਸਟ)

ਸ਼ਬਦ ਰੂਪ ਵਿਚ ਪਰਮ ਸਤ ਦੀ ਵਿਆਖਿਆ ਕਰਦਿਆਂ ਕਿਹਾ ਹੈ ਕਿ ਸ਼ਬਦ ਨਿਰੰਤਰ ਸਰਵ ਵਿਆਪਕ ਹੈ, ਸਰਬਤ੍ਰ ਭਰਪੂਰ ਹੈ। ਜਦੋਂ ਮਨੁੱਖ ਤੇ ਪਰਮਾਤਮਾ ਮਿਹਰ ਕਰਦਾ ਹੈ ਤਾਂ ਭਰਮ ਨਾਸ ਹੋ ਜਾਂਦਾ ਹੈ। ਸ਼ਬਦ ਬ੍ਰਹਮ ਰੂਪ ਨੂੰ ਪਛਾਣ ਲੈਂਦਾ ਹੈ ਤਾਂ ਚਿਹਨ ਵਰਣ ਤੇ ਮਾਇਆ ਪ੍ਰਭਾਵ ਤੋਂ ਮੁਕਤ ਹੋ ਜਾਂਦਾ ਹੈ (ਰਾਮਕਲੀ ਸਿਧਿ ਗੋਸਟਿ 59.61)

ਸਿੱਖ ਧਰਮ ਅਨੁਸਾਰ ਪਰਮਸਤ ਦੇ ਨਿਰਗੁਣ ਤੇ ਸਰਗੁਣ ਸਰੂਪ ਨੂੰ ਕਈ ਪੱਖਾਂ ਤੋਂ ਨਿਰੂਪਣ ਕੀਤਾ ਹੈ। ਜਿਸਦਾ ਸਾਰ ਤੱਤ ਇਸ ਪ੍ਰਕਾਰ ਕਿਹਾ ਜਾ ਸਕਦਾ ਹੈ :-

1. ਉਹ ਇਕ ਤੇ ਕੇਵਲ ਇਕ ਹੈ, ਅਖੰਡ ਹੈ, ਇਕ ਰਸ ਰਹਿੰਦਾ ਹੈ।
2. ਉਹ ਵੱਡਾ ਹੈ, ਉੱਚਾ ਹੈ, ਸਰਬ ਸਮਰਥ ਹੈ, ਸਰਬ ਸ਼ਕਤੀਮਾਨ ਹੈ, ਸਰਬ ਵਿਆਪਕ ਹੈ।
3. ਉਹ ਅੰਤਰ ਸ਼ਕਤੀ ਹੈ, ਪ੍ਰਾਣਾਂ ਦਾ ਪ੍ਰਾਣ ਹੈ, ਮਹਾਂਸ਼ਕਤੀ ਹੈ।
4. ਉਹ ਦੈਵੀ ਸ਼ਕਤੀ ਹੈ, ਪ੍ਰਾਕਿਰਤੀ ਦੇ ਪੰਜੇ ਤੱਤ ਉਸਦੇ ਭੈ ਅੰਦਰ ਚਲਦੇ ਹਨ।
5. ਚਾਰੇ ਦਿਸ਼ਾਵਾਂ ਵਿਚ ਉਸਦਾ ਪਸਾਰਾ ਹੈ

ਚਤੁਰ ਦਿਸਾ ਕੀਨੋ ਬਲ ਅਪਨਾ।

6. ਬ੍ਰਹਮ ਆਤਮ ਰੂਪ ਹੈ। ਆਤਮਾ ਬ੍ਰਹਮ ਹੈ
   ਆਤਮ ਮਹਿ ਰਾਮ ਰਾਮ ਮਹਿ ਆਤਮ ।।
7. ਪਰਮਸਤ ਓਅੰਕਾਰ ਰੂਪ ਹੈ।
8. ਉਹ ਗਿਆਨ ਸਰੂਪ ਚੇਤਨ ਤੱਤ ਹੈ।
9. ਉਹ ਸਤਿ, ਚਿਤ ਤੇ ਅਨੰਦ ਸਰੂਪ ਹੈ।
10. ਬ੍ਰਹਮ-ਜਗਤ ਦਾ ਉਪਾਦਾਨ ਕਾਰਨ, ਨਮਿਤ ਕਾਰਨ ਤੇ ਸਧਾਰਨ ਕਾਰਨ ਹੈ।
11. ਉਹ ਅਗੰਮ, ਅਗੋਚਰ ਤੇ ਅਕੱਥ ਹੈ ਭਾਵ ਮਨ ਤੇ ਵਚਨ ਦਾ ਵਿਸ਼ਾ ਨਹੀਂ।
12. ਉਹ ਗੁਣੀ ਨਿਧਾਨ ਹੈ, ਦਾਤਾ ਭੁਗਤਾ ਹੈ।
13. ਦਇਆਲੂ ਕਿਰਪਾਲੂ, ਭਗਤ ਵਛਲ ਹੈ।

## ਪ੍ਰਸ਼ਨ

1. ਵੈਦਿਕ ਪਰੰਪਰਾ ਅਨੁਸਾਰ—ਪਰਮਸੱਤ ਦੇ ਸਰੂਪ ਦਾ ਵਰਣਨ ਕਰੋ।
2. ਸਿੱਖ ਧਰਮ ਅਨੁਸਾਰ—ਪਰਮਸੱਤ ਦਾ ਸਰੂਪ ਤੇ ਵਿਲੱਖਣਤਾ ਦਾ ਵਰਨਣ ਕਰੋ।
3. ਵੈਦਿਕ ਤੇ ਸਿੱਖ ਪਰੰਪਰਾ ਦੇ ਪਰਮਸੱਤ ਦੀਆਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਸਬੰਧੀ ਵਿਚਾਰ-ਚਰਚਾ ਕਰੋ।

**ਪਾਠ ਨੰਬਰ : 4.2** **ਲੇਖਕ : ਡਾ. ਰਾਜੇਸ਼ ਰੰਜਨ**

# ਸ੍ਰਮਣਿਕ ਪਰੰਪਰਾ (ਜੈਨ ਅਤੇ ਬੁਧ ਧਰਮ) ਵਿੱਚ ਪਰਮਸੱਚ (ULTIMATE REALITY IN SHRAMANIC TRADITION)

ਭਾਰਤ ਵਿਚ ਪੁਰਾਤਨ ਕਾਲ ਤੋਂ ਦੋ ਸੰਸਕ੍ਰਿਤਿਕ ਧਾਰਨਾਵਾਂ ਸ੍ਰਮਣਿਕ ਸੰਸਕ੍ਰਿਤੀ ਅਤੇ ਬ੍ਰਾਹਮਣ ਸੰਸਕ੍ਰਿਤੀ ਦਾ ਪ੍ਰਚਲਨ ਚਲਦਾ ਆ ਰਿਹਾ ਹੈ। ਕਿਤੇ-ਕਿਤੇ ਇਨ੍ਹਾਂ ਨੂੰ ਆਰੀਆ ਅਤੇ ਅਨ-ਆਰੀਆ ਵੀ ਕਿਹਾ ਗਿਆ ਹੈ। ਵਿਸ਼ਵ ਦੀਆਂ ਪ੍ਰਾਚੀਨ ਸਭਿਆਤਾਵਾਂ ਵਿਚੋਂ ਇਕ ਹੜੱਪਾ ਸਭਿਅਤਾ ਦੇ ਅਵਸ਼ੇਸ਼ ਤੋਂ ਕਈ ਪ੍ਰਕਰ ਦੇ ਆਰੀਆ ਅਤੇ ਅਨ-ਆਰੀਆ ਸੰਸਕ੍ਰਿਤੀ ਦੀਆਂ ਵਿਸ਼ੇਸ਼ਤਾਵਾਂ ਬਾਰੇ ਪਤਾ ਲੱਗਦਾ ਹੈ। ਹੜੱਪਾ ਦੀ ਖੁਦਾਈ ਵਿੱਚ ਮਿਲੀ ਇਕ ਪੱਥਰ ਦੀ ਮੂਰਤੀ ਮਿਲੀ ਹੈ। ਸੰਭਵ ਹੈ ਕਿ ਇਹ ਕਿਸੇ ਸੰਨਿਆਸੀ ਦੀ ਮੂਰਤੀ ਹੋਵੇ। ਜੈਨੀ ਇਸ ਨੂੰ ਆਪਣੇ ਤੀਰਥੰਕਰ ਦੀ ਮੂਰਤੀ ਦੱਸਦੇ ਹਨ। ਸਚਾਈ ਜੋ ਵੀ ਹੋਵੇ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਭਾਰਤੀ ਸੰਸਕ੍ਰਿਤੀ ਵਿਚ ਇਹ ਦੋ ਪਰੰਪਰਾਵਾਂ, ਬ੍ਰਾਹਮਣ ਅਤੇ ਸ੍ਰਮਣ ਸਮਾਂਨਾਂਤਰ ਚੱਲਦੀਆਂ ਆ ਰਹੀਆਂ ਹਨ। ਇਕ ਪਾਸੇ ਬ੍ਰਾਹਮਣ ਸੰਸਕ੍ਰਿਤੀ ਵੇਦਾਂ ਵਿਚ ਲਿਖਤ ਵਿਧਾਨ ਉਤੇ ਅਧਾਰਿਤ ਸੀ। ਦੂਜੇ ਪਾਸੇ ਸ੍ਰਮਣ ਸੰਸਕ੍ਰਿਤੀ ਸਦਾਚਾਰਕ ਅਤੇ ਕਰਮ ਪ੍ਰਧਾਨ ਸੀ। ਬ੍ਰਾਹਮਣ ਪਰੰਪਰਾ ਜਿਥੇ ਯੱਗ ਅਤੇ ਕਰਮ ਕਾਡਾਂ ਤੇ ਅਧਾਰਿਤ ਸੀ ਉਥੇ ਸ੍ਰਮਣਿਕ ਪਰੰਪਰਾ ਸਾਦਗੀ ਅਤੇ ਵਿਅਕਤੀਗਤ ਮਿਹਨਤ ਉਤੇ ਬਲ ਦਿੰਦੀ ਸੀ।

ਸ੍ਰਮਣ ਪਰੰਪਰਾ ਜਿਸ ਅਧੀਨ ਜੈਨ ਅਤੇ ਬੁੱਧ ਧਰਮ ਆਉਂਦੇ ਹਨ ਉਨ੍ਹਾਂ ਵਿੱਚ ਪਰਮ ਤੱਤ/ਸੱਚ ਦੇ ਵਿਸ਼ਲੇਸ਼ਣ ਤੋਂ ਪਹਿਲਾਂ ਸ੍ਰਮਣ ਸ਼ਬਦ ਦੀ ਉਤਪਤੀ ਅਤੇ ਪਰਮ ਤੱਤ/ਸੱਚ ਦੇ ਅਰਥ ਨੂੰ ਜਾਣ ਲੈਣਾ ਜ਼ਰੂਰੀ ਹੋਵੇਗਾ। ਸ੍ਰਮਣ ਸ਼ਬਦ ਸ੍ਰਮ ਸ਼ਬਦ ਤੋਂ ਬਣਿਆ ਹੈ ਜਿਸ ਦਾ ਅਰਥ ਹੈ 'ਮਿਹਨਤ ਕਰਨਾ, ਯਤਨ ਕਰਨਾ ਅਤੇ ਤਪ ਕਰਨਾ ਆਦਿ। ਇਸ ਨੂੰ ਪਰਿਭਾਸ਼ਤ ਕਰਦੇ ਹੋਏ ਕਿਹਾ ਗਿਆ ਹੈ 'ਸ੍ਰਾਮਯਤਿ ਤਾਪਸਯਾਤੀਤਿ ਸ੍ਰਮਣ' ਭਾਵ ਉਹ ਜੋ ਕਠੋਰ ਤੱਪ ਕਰਦਾ ਹੈ। ਜੋ ਤੱਪ ਕਰਦਾ ਹੈ ਉਹ ਸੰਨਿਆਸੀ ਹੈ। ਸ੍ਰਮਣ ਪਰੰਪਰਾ ਵਿੱਚ ਮੁਕਤੀ ਲਈ ਵੇਦ ਅਤੇ ਵੇਦਾਂ ਤੇ ਅਧਾਰਿਤ ਕਰਮ-ਕਾਂਡਾਂ ਨੂੰ ਸਪਸ਼ਟ ਰੂਪਾਂ ਵਿਚ ਰੱਦ ਕੀਤਾ ਗਿਆ ਹੈ ਅਤੇ ਹਰੇਕ ਵਿਅਕਤੀ ਦੀ ਮੁਕਤੀ ਉਸ ਦੁਆਰਾ ਕੀਤੇ ਗਏ ਯਤਨਾਂ ਜਾਂ ਤਪਾਂ ਉਤੇ ਅਧਾਰਿਤ ਦੱਸੀ ਗਈ ਹੈ। ਇਸ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਹਰ ਵਿਅਕਤੀ ਦਾ ਵਰਤਮਾਨ ਅਤੇ ਭਵਿੱਖ ਉਸ ਦੇ ਕਰਮਾਂ ਉਤੇ ਨਿਰਭਰ ਹੈ ਨਾ ਕਿ ਜਨਮ ਉਤੇ।

ਸੰਸਾਰ ਦੇ ਲਗਭਗ ਹਰ ਧਰਮ (ਬੁੱਧ ਅਤੇ ਜੈਨ ਧਰਮ ਨੂੰ ਛੱਡ ਕੇ) ਨੇ ਪਰਮ ਤੱਤ/ਸੱਚ (Ultimate Reality) ਦੇ ਸਿਧਾਂਤ ਨੂੰ ਸਵੀਕਾਰ ਕੀਤਾ ਹੈ ਜਿਸ ਦੇ ਅਨੁਸਾਰ ਉਸ ਪਰਮਾਰਥਿਕ ਤੱਤ ਜਿਸ ਨੂੰ ਈਸ਼ਵਰ ਕਿਹਾ ਗਿਆ ਹੈ, ਦੀ ਹੋਂਦ ਮੰਨਦੇ ਹਨ। ਇਸ ਦੇ ਅਧੀਨ ਈਸ਼ਵਰ ਦੀ ਸੱਤਾ, ਸ਼ਾਸਵਤ (ਅਨਾਦਿ), ਧਰੂਵ (ਅਪਰਿਵਰਤਨਸ਼ੀਲ), ਨਿਤਯ (ਸਦੀਵੀ), ਸਾਕਾਰ, ਨਿਰਾਕਾਰ ਆਦਿ ਦੱਸਿਆ ਗਿਆ ਹੈ। ਜੇਕਰ ਸੰਸਾਰ ਵਿੱਚ ਪ੍ਰਚਲਿਤ ਧਰਮਾਂ ਦਾ ਅਧਿਐਨ ਕਰੀਏ ਤਾਂ ਅਸੀਂ ਵੇਖਾਂਗੇ ਇਨ੍ਹਾਂ ਵਿੱਚ ਪਰਮ ਤੱਤ/ਸੱਚ ਤਿੰਨ ਪ੍ਰਕਾਰ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ :

(1) ਸਾਕਾਰ ਈਸ਼ਵਰ
(2) ਨਿਰਾਕਾਰ ਈਸ਼ਵਰ
(3) ਸ਼ਾਸਵਤ ਸੱਤ ਜਾਂ ਸਿਧਾਂਤ ਜੋ ਇਸ ਸੰਸਾਰ ਦੀ ਸ੍ਰਿਸ਼ਟੀ ਦਾ ਪਾਲਣ ਕਰਦਾ ਹੈ।

ਅਜਿਹਾ ਪ੍ਰਤੀਤ ਹੁੰਦਾ ਹੈ ਕਿ ਪਰਮਾਤਮਾ ਦੇ ਸਿਧਾਂਤ ਦੀ ਸਿਰਜਨਾ ਅਚਾਨਕ ਵਾਪਰੀ ਘਟਨਾ ਨਹੀਂ ਹੈ ਬਲਕਿ ਕਈ ਡੂੰਘੇ ਪ੍ਰਸ਼ਨਾਂ ਜਿਵੇਂ ਇਸ ਬ੍ਰਹਿਮੰਡ ਦੀ ਸਿਰਜਣਾ ਕਿਸ ਨੇ ਕੀਤੀ ਅਤੇ ਕੌਣ ਇਸ ਨੂੰ ਚਲਾਉਂਦਾ ਹੈ ? ਕੀ ਸਾਡੀ ਕਿਸਮਤ ਦਾ ਫੈਸਲਾ ਕੋਈ ਬਾਹਰੀ ਸ਼ਕਤੀ ਕਰਦੀ ਹੈ ਜਾਂ ਕੋਈ ਹੋਰ ਨਿਯਮ ਸਾਡੀ ਕਿਸਮਤ ਦਾ ਨਿਯੰਤਰਣ ਕਰਦਾ ਹੈ, ਆਦਿ ਦੇ ਉੱਤਰ ਦੇ ਖੋਜ ਦੇ ਸਿਲਸਿਲੇ ਵਿਚ ਹੀ ਪਰਮਾਤਮਾ ਦੇ ਉੱਪਰ ਵਰਣਿਤ ਸਿਧਾਂਤਾਂ ਦੀ ਉੱਤਪਤੀ ਹੋਈ। ਕੁੱਝ ਲੋਕਾਂ ਦਾ ਵਿਸ਼ਵਾਸ ਹੈ ਕਿ ਈਸ਼ਵਰ ਨੇ ਇਸ ਬ੍ਰਹਿਮੰਡ ਦੀ ਸ੍ਰਿਸ਼ਟੀ ਕੀਤੀ ਅਤੇ ਉਸਦਾ ਪਾਲਣ-ਪੋਸ਼ਣ ਵੀ

ਕਰਦਾ ਹੈ। ਉਹ ਇਹ ਵੀ ਵਿਸ਼ਵਾਸ ਕਰਦੇ ਹਨ ਕਿ ਮਨੁੱਖ ਨੂੰ ਉਸਦੇ ਪਾਪਾਂ ਦੇ ਲਈ ਦੰਡ ਦਿੱਤਾ ਜਾਂਦਾ ਹੈ। ਉਹ ਆਤਮਾ ਅਤੇ ਪੁਨਰ ਜਨਮ/ਸਰੀਰ ਪਰਿਵਰਤਣ ਦੇ ਸਿਧਾਂਤਾਂ ਵਿੱਚ ਵੀ ਵਿਸ਼ਵਾਸ਼ ਨਹੀਂ ਕਰਦੇ ਬਲਕਿ ਇਹ ਦਾਅਵਾ ਕਰਦੇ ਹਨ ਕਿ ਇਕ ਦਿਨ ਅਜਿਹਾ ਆਵੇਗਾ ਜਦੋਂ ਹਰੇਕ ਵਿਅਕਤੀ ਆਪਣੇ ਜੀਵਨ ਵਿਚ ਕੀਤੇ ਚੰਗੇ ਅਤੇ ਬੁਰੇ ਕਰਮਾਂ ਦਾ ਨਤੀਜਾ ਈਸ਼ਵਰ ਤੋਂ ਸੁਣਨ ਲਈ ਕਬਰ ਚੋਂ ਬਾਹਰ ਆਏਗਾ ਜੋ ਕਿ ਬਾਅਦ ਵਿਚ ਈਸਾਈ ਮੱਤ ਨੇ ਅਪਣਾਇਆ। ਇਹ ਪੱਛਮੀ ਸਿਧਾਂਤ ਗਰੀਕ ਲੋਕਾਂ ਦੁਆਰਾ ਦਿੱਤਾ ਗਿਆ ਹੈ ਇਸ ਦੇ ਅਨੁਸਾਰ ਹਰ ਵਿਅਕਤੀ ਦੇ ਪਾਪਾਂ ਤੋਂ ਮੁਕਤੀ ਉਸਦੇ ਦੁਆਰਾ ਸੱਚੇ ਦਿਲ ਨਾਲ ਪਛਤਾਵਾ ਕਰਨ ਨਾਲ ਹੁੰਦੀ ਹੈ।

ਬ੍ਰਹਿਮੰਡ ਦਾ ਪਰਮ ਤੱਤ/ਸੱਚ ਇਸ ਨੂੰ ਸਿਰਜਨਹਾਰ ਅਤੇ ਪਾਲਣਹਾਰ ਮੰਨਿਆ ਗਿਆ ਹੈ ਉਹ ਮਨੁੱਖੀ ਅਨੁਭਵ ਦੇ ਅਨੁਸਾਰ ਵਾਸਤਵਿਕ ਅਤੇ ਅਵਾਸਤਵਿਕ ਪਦਾਰਥ, ਕਾਰਨ ਅਤੇ ਕਾਰਜ ਦੇ ਸਿਧਾਂਤ ਅਤੇ ਰਚਨਾਤਮਕਤਾ ਦਾ ਸਿੱਟਾ ਹੈ, ਇਸ ਲਈ ਹਰ ਵਸਤੂ ਦਾ ਕੋਈ ਨਾ ਕੋਈ ਮੁੱਖ ਕਾਰਨ ਜਾਂ ਸਿਰਜਣਹਾਰ ਜ਼ਰੂਰ ਚਾਹੀਦਾ ਹੈ ਜਿਸ ਤੋਂ ਹੋਰ ਪਦਾਰਥਾਂ ਦਾ ਨਿਰਮਾਣ ਹੋਇਆ ਹੈ। ਇਸ ਤਰ੍ਹਾਂ ਦੀਆਂ ਤਰਕਸ਼ੀਲ ਗਤੀਵਿਧੀਆਂ ਮਨੁੱਖੀ ਮਨ ਨੂੰ ਵਿਭਿੰਨ ਪ੍ਰਕਾਰ ਦੇ ਦਾਰਸ਼ਨਿਕ, ਚਿੰਤਨ/ਅਟਕਲਬਾਜ਼ੀ/ਨਿਰਾਧਾਰ ਕਲਪਨਾਵਾਂ ਅਤੇ ਪ੍ਰਸਤਾਵਾਂ ਵੱਲ ਤੋਰਦਾ ਹੈ। ਅਜਿਹੀ ਸੋਚ ਜਾਂ ਪਰਿਕਲਪਨਾ ਜ਼ਰੂਰ ਹੀ ਕੋਈ ਅਨੁਕੂਲਤਾ ਸਥਾਪਿਤ ਕਰਨ ਵਾਲੀ ਸ਼ਕਤੀ ਹੈ ਜੋ ਭੌਤਿਕ ਸੰਸਾਰ ਅਤੇ ਮਨੁੱਖੀ ਸਮਝ ਤੋਂ ਪਰ੍ਹੇ ਹੈ, ਅਤਾਰਕਿਕ ਅਤੇ ਵਿਵੇਕਹੀਨ ਨਹੀਂ ਹੋ ਸਕਦੀ। ਪਰੰਤੂ ਇਸ ਪਰਾਲੌਕਿਕ ਅਨੁਕੂਲਤਾ ਸਥਾਪਿਤ ਕਰਨ ਵਾਲੀ ਸ਼ਕਤੀ ਦੀ ਪਰਿਕਲਪਨਾ ਨੇ ਸਰਵਸ਼ਕਤੀਮਾਨ ਅਤੇ ਸਾਰਿਆਂ ਨੂੰ ਆਪਣੇ ਵਿਚ ਲੀਨ ਕਰ ਲੈਣ ਵਾਲੀ ਦੈਵੀ ਆਤਮਾ ਦੀ ਖੋਜ ਲਈ ਹੀ ਤੱਤਮੀਮਾਂਸਾ (Metaphysics) ਨੂੰ ਜਨਮ ਦਿਤਾ। ਦਾਰਸ਼ਨਿਕਾਂ ਨੇ ਇਸ ਦੁਆਰਾ ਇਹ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਬ੍ਰਹਿਮੰਡ ਦੀਆਂ ਸਾਰੀਆਂ ਵਸਤੂਆਂ ਈਸ਼ਵਰੀ ਸ਼ਕਤੀ ਦੇ ਪਰਮ-ਆਦੇਸ਼ ਅਤੇ ਇੱਛਾ ਦਾ ਵਿਸ਼ਾ ਹੈ। ਜੀਵਨ ਵਿਚ ਵਾਸਤਵਿਕ ਅਤੇ ਕਾਲਪਨਿਕ ਵਸਤੂਆਂ ਦੀ ਉਤਪੱਤੀ ਦਾ ਇਹ ਹੀ ਪਰਮ ਅਤੇ ਅਸਲ ਕਾਰਨ ਹੈ।

ਦੈਵੀ ਸ਼ਕਤੀ ਦੀ ਮੌਜੂਦਗੀ ਨੂੰ ਮੰਨਣਾ ਅਤੇ ਵਿਸ਼ਲੇਸ਼ਣ ਕਰਨ ਵਾਲੇ ਦਾਰਸ਼ਨਿਕਾਂ ਦੀਆਂ ਦੋ ਵਿਚਾਰਧਾਰਾਵਾਂ ਹਨ : ਪਹਿਲਾ ਸੱਤਾਮੂਲਕ (Ontological) ਵਿਚਾਰਧਾਰਾ ਅਤੇ ਦੂਸਰਾ ਬ੍ਰਹਿਮੰਡ ਵਿਗਿਆਨੀ (Cosmological) ਵਿਚਾਰਧਾਰਾ। ਸੱਤਾਮੂਲਕ ਵਿਚਾਰਧਾਰਾ ਉਸ ਤੱਤਵਿਗਿਆਨ ਨਾਲ ਸੰਬੰਧ ਰਖਦੀ ਹੈ ਜੋ ਵਸਤੂਆਂ ਦੇ ਸਾਰ-ਤੱਤ ਜਾਂ ਜੀਵਾਂ ਦੇ ਅਮੂਰਤ (abstract) ਹੋਣ ਦੀ ਗੱਲ ਨੂੰ ਸਵੀਕਾਰਦੀ ਹੈ। ਬ੍ਰਹਿਮੰਡ-ਵਿਗਿਆਨੀ ਧਾਰਨਾ **'ਕਾਰਨਤਾ ਦੇ ਸਿਧਾਂਤ'** (Law of casuality) ਜਾਂ **'ਉਪਯੁਕਤ ਪਰਯੋਜਨ ਦੇ ਸਿਧਾਂਤ'** ਦੀ ਧਾਰਨਾ (Principle of Sufficient reason) ਨੂੰ ਸਵੀਕਾਰਦੀ ਹੈ। ਸੱਤਾਮੂਲਕ ਧਾਰਨਾ ਦੇ ਅਨੁਸਾਰ 'ਪਰਮਾਤਮਾ' ਅਸਲ ਰੂਪ ਵਿਚ ਵਿਆਪਕ ਹੈ ਕਿਉਂਕਿ ਕੋਈ ਅਜਿਹੀ ਸ਼ਕਤੀ ਹੈ ਜੋ ਸਾਡੇ ਮਨ ਅਤੇ ਵਿਚਾਰਾਂ (ਸੋਚ) ਤੋਂ ਪਰ੍ਹੇ ਹੈ। ਪਰਮਾਤਮਾ ਇੰਨਾ ਮਹਾਨ ਹੈ ਕਿ ਉਸਦੀ ਮਹਾਨਤਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਬ੍ਰਹਿਮੰਡ ਵਿਗਿਆਨੀ ਪਰਿਕਲਪਨਾ ਦੀ ਸੋਚ ਦਾ ਆਰੰਭ ਪਰਮਾਤਮਾ ਤੋਂ ਨਾ ਹੋ ਕੇ ਸੰਸਾਰਕ ਵਸਤੂਆਂ ਤੋਂ ਹੁੰਦਾ ਹੈ। ਇਸ ਦੇ ਅਨੁਸਾਰ ਬ੍ਰਹਿਮੰਡ ਵਿਚ ਹਰੇ ਕ ਮੌਜੂਦ ਵਸਤੂ ਜਾਂ ਸਰੂਪ ਜਿਸ ਨੂੰ ਅਸੀਂ ਦੇਖਦੇ ਹਾਂ ਜਾਂ ਅਨੁਭਵ ਕਰਦੇ ਹਾਂ, ਦੇ ਮੌਜੂਦ ਹੋਣ ਪਿਛੇ ਨਿਸ਼ਚਿਤ ਰੂਪ ਵਿਚ ਕੋਈ ਨਾ ਕੋਈ ਕਾਰਨ ਜ਼ਰੂਰ ਹੁੰਦਾ ਹੈ। ਜ਼ਰੂਰ ਹੀ ਕੋਈ ਹੋਰ ਸ਼ਕਤੀ ਹੈ ਜੋ ਇਸ ਪ੍ਰਤੱਖ ਜਗਤ ਦੀਆਂ ਵਸਤਾਂ ਨੂੰ ਹੋਂਦ ਵਿਚ ਲੈ ਕੇ ਆਈ ਹੈ। ਇਹ 'ਕੋਈ ਹੋਰ' ਆਪ ਵੀ ਕਿਸੇ ਹੋਰ ਆਰੰਭਿਕ ਕਾਰਨ ਦਾ ਸਿੱਟਾ ਹੈ। ਜੇਕਰ ਇਹਨਾਂ ਬ੍ਰਹਿਮੰਡ ਵਿਗਿਆਨੀਆਂ ਨੂੰ ਇਹ ਕਿਹਾ ਜਾਵੇ ਕਿ ਇਸ ਜੋੜਨ ਵਾਲੇ ਸਿੱਟੇ ਜਾਂ ਕਾਰਨ ਦੀ ਖੋਜ ਵਿਚ ਅੱਗੇ ਵਧਦੇ ਰਹੋ ਤਾਂ ਅਸੀਂ ਜ਼ਰੂਰ ਹੀ ਇਸ ਨਤੀਜੇ ਤੇ ਪਹੁੰਚਾਂਗੇ ਕਿ ਇਕ ਪਰਮ ਅਤੇ ਅੰਤਿਮ ਸੱਚ ਹੈ ਜੋ ਸਾਰੇ ਸਿੱਟਿਆਂ ਦਾ ਮੁੱਖ ਕਾਰਨ ਹੈ ਅਤੇ ਲੋੜੀਂਦਾ ਕਾਰਨ ਵੀ ਇਸ ਦੇ ਅੰਦਰ ਹੀ ਮੌਜੂਦ ਹੈ।

## (ੳ) ਜੈਨ ਧਰਮ ਵਿਚ ਪਰਮ ਤੱਤ/ਸੱਚ
## (ULTIMATE REALITY IN JAINISM)

ਜੈਨ ਤੱਤ ਦਾ ਦ੍ਰਿਸ਼ਟੀਕੋਣ ਇਸ ਸੰਬੰਧੀ ਬਿਲਕੁਲ ਅਲੱਗ ਹੈ। ਜੈਨ ਧਰਮ ਸਾਰੇ ਬ੍ਰਹਿਮੰਡ ਨੂੰ ਇੱਕ ਬ੍ਰਹਿਮੰਡੀ ਤੰਤਰ ਮੰਨਦਾ ਹੈ ਜੋ ਸਵੈ-ਪ੍ਰੇਰਿਤ ਸ਼ਕਤੀ ਨਾਲ ਭਰਪੂਰ ਹੈ। ਇਹਨਾਂ ਅਨੁਸਾਰ ਇਸ ਬ੍ਰਹਿਮੰਡ ਦੀ ਰਚਨਾ ਅਤੇ ਪਾਲਣਾ ਵਿੱਚ ਈਸ਼ਵਰ ਦਾ ਕੋਈ ਸਥਾਨ ਨਹੀਂ ਹੈ। ਜੈਨ ਧਰਮ ਵਿੱਚ ਕੋਈ ਬਾਹਰੀ ਸ਼ਕਤੀ ਨਹੀਂ ਹੈ ਜੋ ਦੰਡ ਜਾਂ ਪੁਰਸਕਾਰ ਦੇ

ਣ ਦਾ ਨਿਰਣਾ ਕਰ ਸਕੇ। ਜਿਹੜੀ ਆਤਮਾ ਕਰਮਾਂ ਦੇ ਬੰਧਨ ਤੋਂ ਮੁਕਤ ਹੋ ਗਈ ਹੋਵੇ ਉਹ ਹੀ ਸਰਵਗਿਆਨੀ, ਸਰਵਸ਼ਕਤੀਮਾਨ ਅਤੇ ਸਾਰੇ ਗੁਣਾਂ ਨਾਲ ਭਰਪੂਰ ਹੁੰਦੀ ਹੈ।ਜੀਵਨ ਵਿੱਚ ਸੁੱਖ ਅਤੇ ਦੁੱਖ ਆਪਣੇ ਕਰਮਾਂ ਦੇ ਫਲ ਹਨ ਜੋ ਆਪਣੇ ਕਰਮਾਂ ਨਾਲ ਹੀ ਮਿਲਦੇ ਹਨ ਅਤੇ ਮੁਕਤੀ ਪ੍ਰਾਪਤ ਕਰਨ ਦੇ ਮਾਰਗ ਵਿੱਚ ਜੀਵ ਆਪਣੇ ਕਰਮਾਂ ਅਨੁਸਾਰ ਅੱਗੇ ਵਧਦਾ ਹੈ। ਹੋਰ ਧਾਰਮਿਕ ਪਰੰਪਰਾਵਾਂ ਵਾਂਗ ਜੈਨ ਧਰਮ ਵਿਚ ਵੀ ਹਮੇਸ਼ਾਂ ਹੀ ਵਿਅਕਤੀਗਤ ਨਿੱਜ (self) ਨੂੰ ਅਸਥਾਈ ਨਕਾਬ ਮੰਨਿਆ ਜਾਂਦਾ ਹੈ ਕਿਉਂਕਿ ਸੰਪੂਰਨ ਜੈਨ ਮੱਤ ਜੀਵ ਅਤੇ ਅਜੀਵ ਨਾਮਕ ਦੋ ਤੱਤਾਂ ਤੇ ਆਧਾਰਿਤ ਹੈ। ਅਜੀਵ ਤੱਤਾਂ ਦੇ ਪੁਰਾਣੇ ਹੋਣ ਅਤੇ ਮਰਨ ਤੋਂ ਬਾਅਦ ਵੀ ਜੀਵ ਤੱਤ ਜੀਵਤ ਰਹਿੰਦਾ ਹੈ। ਜੀਵ ਦਾ ਇਹ ਸਿਧਾਂਤ ਵੀ ਜੈਨੀਆਂ ਵਿੱਚ ਪਿਛਲੇ ਜਨਮ ਦੇ ਕਰਮਾਂ ਦੇ ਅਨੁਸਾਰ ਪੁਨਰ ਜਨਮ ਦੇ ਸਿਧਾਂਤ ਦਾ ਮਾਰਗ ਦਰਸ਼ਨ ਕਰਦਾ ਹੈ। ਇਥੋਂ ਤੱਕ ਕਿ ਕਿਸੇ ਵਿਅਕਤੀ ਦਾ ਚੰਗਾ ਕਰਮ ਵੀ ਉਸਦੇ ਪੁਨਰ ਜਨਮ ਵਿੱਚ ਸਹਾਈ ਹੁੰਦਾ ਹੈ ਜਦੋਂ ਉਸਨੇ ਉਹ ਕਰਮ ਫਲ ਦੀ ਪ੍ਰਾਪਤੀ ਦੇ ਉਦੇਸ਼ ਲਈ ਕੀਤਾ ਹੋਵੇ। ਕਰਮ ਦੇ ਸਿਧਾਂਤ ਨਾਲ ਭਾਵੇਂ ਮੁਕਤੀ ਪ੍ਰਾਪਤ ਕਰਨਾ ਸੌਖਾ ਕਾਰਜ ਨਹੀਂ ਪਰ ਜੀਵ ਆਪਣੇ ਯਤਨਾਂ ਨਾਲ ਆਪਣੇ ਕਰਮਾਂ ਦੇ ਬੰਧਨ ਤੋਂ ਮੁਕਤੀ ਪ੍ਰਾਪਤ ਕਰ ਸਕਦਾ ਹੈ। ਇਸ ਬੰਧਨ ਤੋਂ ਮੁਕਤ ਕਰਵਾਉਣ ਲਈ ਕੋਈ ਬਾਹਰੀ ਸਾਧਨ ਸਹਾਇਤਾ ਨਹੀਂ ਕਰਦੇ। ਜੈਨ ਮਤ ਦੇ ਅਨੁਸਾਰ ਮਹਾਨ ਰਿਸ਼ੀ ਅਤੇ ਪੈਗੰਬਰ ਮੁਕਤੀ ਨਹੀਂ ਕਰਵਾ ਸਕਦੇ ਬਲਕਿ ਵਿਅਕਤੀ ਨੂੰ ਹੀ ਅਖੀਰ ਵਿੱਚ ਆਪਣੇ ਆਪ ਲਈ ਅਨੁਕੂਲ ਮਾਰਗ ਲੱਭਣਾ ਪੈਂਦਾ ਹੈ ਅਤੇ ਉਸ ਮਾਰਗ ਉਤੇ ਵਿਸ਼ਵਾਸ਼, ਹਿੰਮਤ ਅਤੇ ਧੀਰਜ ਨਾਲ ਚਲਣਾ ਹੁੰਦਾ ਹੈ। ਇਸ ਕਰਕੇ ਹੀ ਉਸ ਨੂੰ ਪੁਨਰ ਜਨਮ ਤੋਂ ਮੁਕਤੀ ਪ੍ਰਾਪਤ ਹੋ ਸਕਦੀ ਹੈ।

ਜੈਨ ਧਰਮ ਨਿਰਈਸ਼ਵਰਵਾਦੀ ਹੈ। ਇਸ ਨੂੰ ਜਾਣਨ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਨਿਰਈਸ਼ਵਰਵਾਦ ਕੀ ਹੈ ? ਈਸ਼ਵਰਵਾਦੀ ਸਿਧਾਂਤ ਸਾਕਾਰ ਜਾਂ ਨਿਰਾਕਾਰ ਪਰਮਾਤਮਾ ਦੇ ਵਿਸ਼ਵਾਸ਼ ਵਿਚ ਸਮਾਇਆ ਹੋਇਆ ਹੈ। ਨਿਰਈਸ਼ਵਰਵਾਦੀ ਰਚਣਹਾਰ ਤੇ ਪਾਲਣਹਾਰ ਹੈ ਦੇ ਵਿਸ਼ਵਾਸ਼ ਵਿਚ ਸਮਾਇਆ ਹੈ ਪਰ ਜੈਨ ਧਰਮ ਇਸ ਸਿਧਾਂਤ ਦਾ ਅਵਿਸ਼ਵਾਸੀ ਹੋਣ ਕਰਕੇ ਨਿਰਈਸ਼ਵਰਵਾਦੀ ਸਿਧਾਂਤ ਪੇਸ਼ ਕਰਦਾ ਹੈ। ਜੈਨ ਧਰਮ ਇਸ ਤੱਥ ਵਿੱਚ ਵਿਸ਼ਵਾਸ ਨਹੀਂ ਰੱਖਦਾ ਕਿ ਇਸ ਸੰਸਾਰ ਦੀ ਰਚਨਾ ਸਾਕਾਰ ਅਤੇ ਨਿਰਾਕਾਰ ਪਰਮਾਤਮਾ ਦੁਆਰਾ ਕੀਤੀ ਗਈ ਹੈ, ਨਾ ਹੀ ਜੈਨ ਧਰਮ ਇਸ ਮਤ ਨੂੰ ਮੰਨਦਾ ਹੈ ਕਿ ਮਨੁੱਖਾਂ ਦਾ ਚੰਗੇ ਅਤੇ ਬੁਰੇ ਕਰਮਾਂ ਦੇ ਫਲ ਦਾ ਫੈਸਲਾ ਦੈਵੀ ਸ਼ਕਤੀਆਂ ਦੀ ਦਇਆ ਉਤੇ ਨਿਰਭਰ ਕਰਦਾ ਹੈ।

ਇਸ ਪ੍ਰਸ਼ਨ ਦੇ ਪ੍ਰਤੀ ਜੈਨ ਦਾਰਸ਼ਨਿਕਾਂ ਦਾ ਦ੍ਰਿਸ਼ਟੀਕੋਣ ਪੂਰਣ ਰੂਪ ਨਾਲ ਬੁੱਧੀਵਾਦੀ (Rationalistic) ਹੈ। ਜਿੱਥੋਂ ਉਹ ਸਿੱਧੇ ਤੌਰ ਤੇ ਸਰਵ ਸ਼ਕਤੀਮਾਨ ਪਰਮਾਤਮਾ ਦੀ ਧਾਰਨਾਂ/ਵਿਸ਼ਵਾਸ਼ ਨੂੰ ਰੱਦ ਕਰਦੇ ਹਨ ਉਥੋਂ ਉਹ ਖੁਦ ਆਪਣੇ ਆਪ ਨੂੰ ਹੀ ਈਸ਼ਵਰ ਦੀ ਹੋਂਦ ਵਿੱਚ ਤਬਦੀਲ ਹੋਣ ਦੀ ਪ੍ਰਕ੍ਰਿਆ ਨੂੰ ਨਹੀਂ ਨਕਾਰਦੇ। ਉਹ ਸਾਰੇ ਬ੍ਰਹਿਮੰਡ ਦੇ ਨਿਰਮਾਣਕਾਰੀ ਤੱਤਾਂ ਦਾ ਅਧਿਐਨ ਕਰਦੇ ਹਨ, ਹਰ ਇਕ ਤੱਤ ਦੇ ਵਾਸਤਵਿਕ ਸੁਭਾਅ ਅਤੇ ਚਰਿੱਤਰ ਦਾ ਜਾਇਜ਼ਾ ਲੈਂਦੇ ਹਨ, ਜੀਵਨ ਦੇ ਆਰੰਭ ਅਤੇ ਵਿਕਾਸ ਦੇ ਆਪਣੇ ਪ੍ਰਭਾਵ ਦਾ ਵਿਸ਼ਲੇਸ਼ਣ ਕਰਦੇ ਹਨ, ਵਿਕਾਸ (Progression) ਦੇ ਪੂਰਨ ਟੀਚੇ ਨੂੰ ਪ੍ਰਾਪਤ ਕਰਨ ਦਾ ਯਤਨ ਕਰਦੇ ਹਨ ਅਤੇ ਤੱਤਾਂ ਦੀ ਵਿਆਖਿਆ ਅਤੇ ਤਰਕ ਦੇ ਆਧਾਰ ਤੇ ਈਸ਼ਵਰ ਦੀ ਪ੍ਰਾਪਤੀ ਦਾ ਮਾਰਗ ਦਿਖਾਉਂਦੇ ਹਨ। ਜੈਨ ਧਰਮ ਜੀਵਾਂ ਦੀ ਅਨੰਤ ਸ਼ਕਤੀ ਵਿੱਚ ਵਿਸ਼ਵਾਸ਼ ਕਰਦਾ ਹੈ ਇਨ੍ਹਾਂ ਦੇ ਅਨੁਸਾਰ ਮੌਲਿਕ ਸਿਰਜਣਾਤਮਕ ਸ਼ਕਤੀ ਜਿਸ ਨੂੰ ਆਤਮਾ ਕਿਹਾ ਗਿਆ ਹੈ ਹਰ ਪ੍ਰਕਾਰ ਦੇ ਈਸ਼ਵਰੀ ਗੁਣ ਨੂੰ ਪ੍ਰਾਪਤ ਕਰਨ ਵਿੱਚ ਸਮਰੱਥ ਹਨ। ਮਹਾਵੀਰ 24ਵੇਂ ਅਤੇ ਅੰਤਿਮ ਤੀਰਥੰਕਰ ਇਸ ਦੇ ਜੀਉਂਦੇ ਜਾਗਦੇ ਉਦਾਹਰਣ ਹਨ। ਜੈਨ ਧਰਮ ਇਸ ਗੱਲ ਉਤੇ ਜ਼ੋਰ ਦਿੰਦਾ ਹੈ ਕਿ ਪ੍ਰਭੂਤਵ ਦੀ ਆਪਣੇ ਤੋਂ ਪਰੇ ਕਿਸੇ ਬਾਹਰੀ ਮਾਧਿਅਮ ਜਿਸ ਨੂੰ ਪਰਮ ਸ਼ਕਤੀ ਕਿਹਾ ਗਿਆ ਹੈ, ਦੀ ਕ੍ਰਿਪਾ ਦ੍ਰਿਸ਼ਟੀ ਤੇ ਨਿਰਭਰ ਨਹੀਂ ਕਰਦੀ ਬਲਕਿ ਹਰੇਕ ਆਤਮਾ ਜਾਂ ਜੀਵ ਇਸ ਦੀ ਪ੍ਰਾਪਤੀ ਆਪਣੇ ਯਤਨਾਂ ਨਾਲ ਕਰ ਸਕਦਾ ਹੈ, ਜ਼ਰੂਰਤ ਹੈ ਪ੍ਰਾਪਤ ਕਰਨ ਦੀ ਇੱਛਾ ਸ਼ਕਤੀ ਦੀ।

ਭਾਰਤੀ ਪਰੰਪਰਾ ਵਿਚ ਨਾਸਤਿਕ ਸ਼ਬਦ ਦੇ ਤਿੰਨ ਅਰਥ ਦੱਸੇ ਗਏ ਹਨ :

(i) ਕਰਮ ਸਿਧਾਂਤ ਅਤੇ ਪੁਨਰ ਜਨਮ ਵਿੱਚ ਵਿਸ਼ਵਾਸ ਨਾ ਕਰਨਾ।

(ii) ਈਸ਼ਵਰ ਵਿੱਚ ਵਿਸ਼ਵਾਸ ਨਾ ਕਰਨਾ।

(iii) ਵੇਦਾਂ ਦੀ ਪਰਮ ਸੱਤਾ ਵਿੱਚ ਵਿਸ਼ਵਾਸ ਨਾ ਕਰਨਾ।

ਇਨ੍ਹਾਂ ਵਿਚੋਂ ਦੂਜੇ ਅਤੇ ਤੀਜੇ ਅਰਥਾਂ ਵਿੱਚ ਕੁਝ ਚਿੰਤਕਾਂ ਨੇ ਜੈਨ ਧਰਮ ਨੂੰ ਨਾਸਤਿਕ ਧਰਮ ਕਿਹਾ ਹੈ। ਪਰ ਜੇਕਰ ਸੱਚ ਮੁੱਚ ਵੇਖਿਆ ਜਾਵੇ ਤਾਂ ਸਿਰਫ ਤੀਜੇ ਅਰਥਾਂ ਵਿੱਚ ਜੈਨ ਧਰਮ ਨੂੰ ਨਾਸਤਿਕ ਕਿਹਾ ਜਾ ਸਕਦਾ ਹੈ, ਕਿਉਂਕਿ ਇਹ ਵੇਦਾਂ ਦੀ ਪ੍ਰਮਾਣਿਕਤਾ ਵਿੱਚ ਵਿਸ਼ਵਾਸ ਨਹੀਂ ਕਰਦੇ। ਮਹਾਂਵੀਰ ਨੇ ਆਪਣੇ ਪਹਿਲੇ ਚੇਲਿਆਂ, ਜਿੰਨਾਂ ਨੂੰ ਗੰਧਰਵ ਕਿਹਾ ਜਾਂਦਾ ਹੈ, ਨੂੰ ਜੋ ਉਪਦੇਸ਼ ਦਿਤੇ ਉਹਨਾਂ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਵੇਦਾਂ ਨੂੰ ਪੂਰਨ ਤੌਰ ਤੇ ਅਸਵੀਕਾਰ ਨਹੀਂ ਕੀਤਾ ਬਲਕਿ ਵੈਦਿਕ ਮੰਤਰਾਂ ਦੇ ਕੁਝ ਪੱਖਾਂ ਦਾ ਵਿਸ਼ਲੇਸ਼ਣ ਕਰਕੇ ਆਪਣੀ ਵਿਆਖਿਆ ਪੇਸ਼ ਕੀਤੀ। ਜਿਥੋਂ ਤੱਕ ਪਹਿਲੇ ਅਰਥ ਦਾ ਸਵਾਲ ਹੈ ਇਸ ਦੇ ਅਧੀਨ 'ਚਾਰਵਾਕ' ਮੱਤ ਆਉਂਦਾ ਹੈ। ਕਿਉਂਕਿ ਚਾਰਵਾਕ ਦਰਸ਼ਨ ਨਾ ਹੀ ਕਰਮ ਦੇ ਸਿਧਾਂਤ ਵਿੱਚ ਵਿਸ਼ਵਾਸ਼ ਰੱਖਦਾ ਹੈ ਨਾ ਹੀ ਪੁਨਰ ਜਨਮ ਦੇ। ਇਸ ਵਿੱਚ ਉਨ੍ਹਾਂ ਸਾਰੀਆਂ ਵਸਤੂਆਂ ਦੀ ਹੋਂਦ ਤੋਂ ਇਨਕਾਰ ਕੀਤਾ ਗਿਆ ਹੈ ਜਿਨ੍ਹਾਂ ਤੱਕ ਇੰਦਰੀਆਂ ਰਾਹੀਂ ਨਹੀਂ ਪਹੁੰਚਿਆ ਜਾ ਸਕਦਾ।

ਇੱਥੇ ਇਹ ਉਲੇਖ ਕਰਨਾ ਉਚਿਤ ਹੋਵੇਗਾ ਕਿ ਭਾਰਤੀ ਦਰਸ਼ਨ ਦੇ ਸੰਪਰਦਾਵਾਂ ਵਿੱਚ ਜੈਨ ਮੱਤ ਹੀ ਇਕ ਮਾਤਰ ਧਰਮ ਨਹੀਂ ਹੈ ਜਿਸ ਨੇ ਸਰਵ ਸ਼ਕਤੀਮਾਨ ਪ੍ਰਮਾਤਮਾ ਦੀ ਹੋਂਦ ਨੂੰ ਅਸਵੀਕਾਰ ਕੀਤਾ ਹੈ। ਮੂਲ ਰੂਪ ਨਾਲ ਨਿਆਇ ਅਤੇ ਵਸ਼ੈਸ਼ਿਕ ਮੱਤ ਵੀ ਨਾਸਤਿਕ ਸਨ ਅਤੇ ਇਹ ਦੋਵੇਂ ਮਿਲਾਪ ਤੋਂ ਬਾਅਦ ਆਸਤਿਕ ਬਣੇ/ਸਾਂਖਯ ਮੱਤ ਵਿੱਚ ਵੀ ਈਸ਼ਵਰ ਦੀ ਹੋਂਦ ਨੂੰ ਨਕਾਰਿਆ ਗਿਆ ਹੈ ਅਤੇ ਇਸ ਲਈ ਇਸ ਨੂੰ ਨਿਰਈਸ਼ਵਰ ਅਰਥਾਤ ਈਸ਼ਵਰ ਰਹਿਤ ਕਿਹਾ ਜਾਂਦਾ ਹੈ। ਇਸ ਤਰ੍ਹਾਂ ਭਾਰਤੀ ਤੱਤ ਦਰਸ਼ਨ ਦੀ ਵਿਕਾਸ ਪ੍ਰਕਿਰਿਆ ਵਿੱਚ ਕੁਝ ਮਹੱਤਵਪੂਰਨ ਦਾਰਸ਼ਨਿਕ ਮੱਤਾਂ ਦੁਆਰਾ ਆਪਣੇ ਤੋਂ ਅਲੱਗ ਸਰਵ ਸ਼ਕਤੀਮਾਨ ਪਰਮਸੱਤਾ ਦੀ ਹੋਂਦ, ਜੋ ਸਾਰੇ ਬ੍ਰਹਿਮੰਡ ਦੇ ਭਾਗਾਂ ਨੂੰ ਨਿਰਧਾਰਿਤ ਕਰਦੀ ਹੈ, ਨੂੰ ਅਸਵੀਕਾਰ ਕੀਤਾ ਗਿਆ ਹੈ।

ਜਦੋਂ ਇਹ ਪ੍ਰਸ਼ਨ ਸੁਭਾਵਿਕ ਤੌਰ ਤੇ ਆ ਖੜ੍ਹਾ ਹੁੰਦਾ ਹੈ ਕਿ ਜੈਨ ਧਰਮ ਸੰਸਾਰ ਦੀ ਉਤਪਤੀ ਅਤੇ ਪਾਲਣ-ਪੋਸ਼ਣ ਦੀ ਵਿਆਖਿਆ ਕਿਸ ਤਰ੍ਹਾਂ ਮੰਨਦਾ ਹੈ ? ਜੈਨ ਮਤ ਇਹ ਮੰਨਦਾ ਹੈ ਕਿ ਇਸ ਬ੍ਰਹਿਮੰਡ ਦਾ ਕੋਈ ਆਰੰਭ ਜਾਂ ਅੰਤ ਨਹੀਂ ਹੈ। ਇਹ ਮੁੱਖ ਰੂਪ ਨਾਲ ਬ੍ਰਹਿਮੰਡ ਨੂੰ ਦੋ ਰੂਪਾਂ ਵਿੱਚ ਵੰਡਦਾ ਹੈ, ਜੀਵ ਅਤੇ ਅਜੀਵ। ਜੀਵ ਸਿਰਜਕ ਅਤੇ ਪ੍ਰੇਰਣਾਦਾਇਕ ਸ਼ਕਤੀ ਹੈ, ਚੇਤਨਾ ਹੈ, ਜਿਹੜੀ ਕਿ ਉਨ੍ਹਾਂ ਵਸਤੂਆਂ ਵਿਚ ਵੀ ਸਮਾਈ ਹੋਈ ਹੈ ਜੋ ਪ੍ਰਤੱਖ ਤੌਰ ਤੇ ਸਥਾਈ ਅਤੇ ਅਚੇਤ ਹਨ। ਅਜੀਵ ਅਸੰਵੇਦਨਸ਼ੀਲ, ਪ੍ਰੇਰਨਾ ਰਹਿਤ ਅਤੇ ਚੇਤਨਹੀਨ ਤੱਤ ਹੈ। ਅਜੀਵ ਤੱਤਾਂ ਦਾ ਸੰਸਾਰ ਉਥੇ ਹੈ ਜਿਥੇ ''ਮੈਂ'' ਤੱਤ ਨਹੀਂ ਹੈ। ਹਰੇਕ ਜੀਵਤ ਪ੍ਰਾਣੀ (ਜੀਵ) ਵਿਚ ''ਮੈਂ'' ਦੀ ਭਾਵਨਾ ਹੁੰਦੀ ਹੈ ਅਤੇ ਇਹ ਹੀ ਮੈਂ ਸਰੀਰ ਦੇ ਆਕਾਰ ਪ੍ਰਕਾਰ ਵਿੱਚ ਮੌਲਿਕ ਪਰਿਵਰਤਨ ਹੋਣ ਦੇ ਬਾਅਦ ਵੀ ਮੌਜੂਦ ਰਹਿੰਦਾ ਹੈ। ਇਸ ਸਰੀਰ ਵਿੱਚ ਜਨਮ ਤੇ ਬਚਪਨ, ਉਸ ਦੇ ਬਾਅਦ ਜਵਾਨੀ ਅਤੇ ਬੁਢਾਪਾ ਅਤੇ ਅੰਤ ਵਿਚ ਮੌਤ ਤੱਕ ਅਨੇਕਾਂ ਪਰਿਵਰਤਨ ਹੋਣ ਦੇ ਬਾਅਦ ''ਮੈਂ'' ਦੀ ਭਾਵਨਾ ਉਥੇ ਹੀ ਰਹਿੰਦੀ ਹੈ। ਇਸ ਵਿੱਚ ਇਹ ਭਾਵਨਾ ਹੀ ਜੀਵ ਹੈ ਬਾਕੀ ਸਾਰੇ ਅਜੀਵ ਹਨ। ਜੇਕਰ ਅਸੀਂ ਇਸ ਬ੍ਰਹਿਮੰਡ ਦੀ ਹਰੇਕ ਵਸਤੂ ਦਾ ਵਿਸ਼ਲੇਸ਼ਣ ਕਰੀਏ ਤਾਂ ਵੇਖਾਂਗੇ ਕਿ ਇਨ੍ਹਾਂ ਦਾ ਵਰਗੀਕਰਣ ਮੁੱਖ ਦੋ ਭਾਗਾਂ ਵਿੱਚ ਕੀਤਾ ਜਾ ਸਕਦਾ ਹੈ।

ਜੈਨ ਦਰਸ਼ਨ ਅਨੁਸਾਰ ਬ੍ਰਹਿਮੰਡ ਦੇ ਇਹ ਦੋਨੋਂ ਤੱਤ ਸਥਾਈ ਅਤੇ ਕਾਲਾਤੀਤ ਹਨ। ਇਨ੍ਹਾਂ ਨੂੰ ਕਿਸੇ ਨੇ ਬਣਾਇਆ ਨਹੀਂ ਹੈ ਅਤੇ ਇਹ ਖੁਦ ਆਪਣੀ ਸ਼ਕਤੀ, ਕ੍ਰਿਆ ਅਤੇ ਆਪਣੇ ਤਾਲਮੇਲ ਨਾਲ ਕੰਮ ਕਰਦੇ ਹਨ। ਬ੍ਰਹਿਮੰਡ ਵਿੱਚ ਮੌਜੂਦ ਇਨ੍ਹਾਂ ਦੋ ਸ਼ਾਸ਼ਵਤ ਤੱਤਾਂ ਦਾ ਆਪਸੀ ਤਾਲਮੇਲ ਬਣਾ ਲੈਣਾ ਹੀ ਇਨ੍ਹਾਂ ਨੂੰ ਪ੍ਰੇਰਨਾਜਨਕ ਸ਼ਕਤੀ ਦਿੰਦਾ ਹੈ, ਚੇਤਨਾ ਨਾਲ ਭਰ ਦਿੰਦਾ ਹੈ ਅਤੇ ਜੀਵ ਨੂੰ ਅਜੀਵ ਦੇ ਵੱਲ ਪ੍ਰੇਰਿਤ ਕਰਦਾ ਹੈ। ਇਸ ਦਾ ਇਹ ਸਿੱਟਾ ਹੈ ਕਿ ਬ੍ਰਹਿਮੰਡ ਵਿੱਚ ਵਸਤੂਆਂ ਦੀ ਵਿਸ਼ਾਲ ਅਤੇ ਹੈਰਾਨੀਜਨਕ ਭਿੰਨਤਾਵਾਂ ਅਤੇ ਕ੍ਰਿਆਸ਼ੀਲਤਾਵਾਂ ਹਨ।

ਸਪੱਸ਼ਟ ਤੌਰ ਤੇ ਇਸ ਤਰ੍ਹਾਂ ਦੇ ਤਰਕ ਬ੍ਰਹਿਮੰਡ ਦੀ ਸ੍ਰਿਸ਼ਟੀ ਅਤੇ ਪਾਲਣ-ਪੋਸ਼ਣ ਲਈ ਇਕ ਸ੍ਰਿਸ਼ਟੀ ਕਰਤਾ ਅਤੇ ਪਾਲਣ-ਪੋਸ਼ਣ ਕਰਤਾ ਦੀ ਜ਼ਰੂਰਤ ਨੂੰ ਖਤਮ ਕਰਦਾ ਹੈ। ਕਿਉਂਕਿ ਜੈਨ-ਮਤ ਵਿੱਚ ਬ੍ਰਹਿਮੰਡ ਇੱਕ ਨਾ ਜਾਣੇ ਜਾਣ ਵਾਲਾ ਸਵੈ-ਚਾਲਿਕ ਤੰਤਰ ਹੈ ਅਤੇ ਦਾਰਸ਼ਨਿਕਾਂ ਦਾ ਕਾਰਜ ਇਸ ਸਵੈ-ਚਾਲਿਕ ਤੰਤਰ ਦੇ ਭੇਦ ਨੂੰ ਸਮਝਣਾ ਹੈ। ਜੈਨ-ਮੱਤ ਦੇ ਅਨੁਸਾਰ ਧਰਮ, ਕਰਮ-ਕਾਂਡ ਜਾਂ ਅਡੰਬਰ ਨਾਲ ਨਿਰਮਿਤ ਨਹੀਂ ਹੋਇਆ ਬਲਕਿ ਇਹ ਸਵੈ-ਚਾਲਿਕ ਤੰਤਰ ਵਿੱਚ ਆਪਣੇ ਆਪ ਨੂੰ ਚੰਗੀ ਤਰ੍ਹਾਂ ਨਾਲ ਜੋੜਨ ਦਾ ਯਤਨ ਕਰਨਾ ਹੈ।

ਜਿਥੋਂ ਤੱਕ ਦਾਰਸ਼ਨਿਕਾਂ ਦੀ ਦੈਵੀ ਸ਼ਕਤੀ ਦੀ ਮੌਜੂਦਗੀ ਨਾਲ ਸੰਬੰਧਿਤ ਸੱਤਾਮੂਲਕ ਅਤੇ ਬ੍ਰਹਿਮੰਡਵਿਗਿਆਨੀ ਵਿਚਾਰਧਾਰਾ ਦਾ ਪ੍ਰਸ਼ਨ ਹੈ, ਜੈਨ ਦਾਰਸ਼ਨਿਕਾਂ ਨੇ ਇਹਨਾਂ ਦੋਵਾਂ ਦ੍ਰਿਸ਼ਟੀਕੋਣਾਂ ਨੂੰ ਕੇਵਲ ਅੰਸ਼ਿਕ ਰੂਪ ਵਿੱਚ ਹੀ ਸੱਚ

ਮੰਨਿਆ ਹੈ। ਜੈਨੀਆਂ ਅਨੁਸਾਰ ਇਹਨਾਂ ਦੋਨਾਂ ਮੱਤਾਂ ਦਾ ਨਿਚੋੜ ਤਾਰਕਿਕ ਵਿਵੇਚਨਾ ਤੋਂ ਬਾਅਦ ਵੀ ਅਜਿਹਾ ਸਥਾਨ ਛੱਡ ਦਿੰਦਾ ਹੈ ਜਿਸ ਦੀ ਹੋਰ ਵਧੇਰੇ ਵਿਆਖਿਆ ਕੀਤੀ ਜਾ ਸਕਦੀ ਹੈ। ਪਹਿਲਾਂ ਮਨ ਅਤੇ ਵਿਚਾਰਾਂ ਤੋਂ ਪਰੇ ਕਿਸੇ ਸ਼ਕਤੀ ਮੌਜੂਦ ਹੋਣ ਦੀ ਧਾਰਨਾ ਨੂੰ ਸਵੀਕਾਰ ਕਰਦੇ ਹੋਏ ਇਸ ਦੇ ਉਪਯੋਗ ਤੋਂ ਇਨਕਾਰ ਕੀਤਾ ਗਿਆ ਫਿਰ ਕਿਹਾ ਗਿਆ ਸੀ ਕਿ ਇਸ ਸ਼ਕਤੀ ਦਾ ਅਨੁਭਵ ਸਾਡੇ ਅੰਦਰ ਅਧਿਆਤਮਕ ਸ਼ਕਤੀ ਦੀ ਭਾਵਨਾ ਦੇ ਵਿਕਾਸ ਦੁਆਰਾ ਹੋ ਸਕਦਾ ਹੈ।

ਤਤ, ਤਵਮ, ਅਸੀਂ (ਉਹ ਤੁਸੀਂ ਹੋ) ਨੂੰ ਜੈਨੀਆਂ ਨੇ ਵੀ ਉੱਨਾਂ ਹੀ ਸਵੀਕਾਰ ਕੀਤਾ ਹੈ ਜਿੰਨਾ ਕਿ ਉਪਨਿਸ਼ਦਾਂ ਨੇ। ਪੱਛਮੀ ਸੱਤਾਮੂਲਕ ਵਿਗਿਆਨੀ ਇਸ ਨੂੰ ਪਛਾਣਨ ਵਿਚ ਅਸਫ਼ਲ ਰਹੇ ਹਨ। ਜਿਥੋਂ ਤੱਕ ਕਿ ਬ੍ਰਹਿਮੰਡ ਵਿਗਿਆਨੀ ਵਿਚਾਰਧਾਰਾ ਦਾ ਸਵਾਲ ਹੈ ''ਜੈਨੀ ਸ੍ਰਿਸ਼ਟੀ ਦੀ ਸਿਰਜਨਾ ਦੇ ਸਿਧਾਂਤ ਨੂੰ ਕਰਮ-ਸਿਧਾਂਤ ਦੇ ਜ਼ਿਆਦਾਤਰ ਮੁੱਖ ਵਕਤਾ ਹੁੰਦੇ ਹੋਏ ਵੀ ਪੂਰੀ ਤਰ੍ਹਾਂ ਸਵੀਕਾਰ ਕਰਦੇ ਹਨ। ਹਾਲਾਂਕਿ ਉਹ ਬ੍ਰਹਿਮੰਡ ਵਿਗਿਆਨੀਆਂ ਦੇ ਇਸ ਮੱਤ ਨਾਲ ਸਹਿਮਤ ਨਹੀਂ ਹਨ ਕਿ ਸਾਰੇ ਸਿੱਟਿਆਂ ਦਾ ਮੁੱਖ ਕਾਰਨ ਸਾਡੀ ਆਤਮਾ (ਜੀਵ) ਤੋਂ ਪਰ੍ਹੇ ਕੋਈ ਹੋਰ ਹੈ। ਜੈਨ ਧਰਮ ਇਸ ਧਾਰਨਾਂ ਦਾ ਸਮਰਥਕ ਹੈ ਕਿ ਮਨੁੱਖ ਖੁਦ ਆਪਣਾ ਕਾਰਨ ਹੈ ਅਤੇ ਉਸਦਾ ਸਿੱਟਾ ਵੀ। ਆਪਣੇ ਹੀ ਯਤਨ ਅਤੇ ਲਗਨ ਤੋਂ ਉਹ ਚੰਗੇ ਜਾਂ ਬੁਰੇ ਸਿੱਟੇ ਦਾ ਭਾਗੀ ਬਣਦਾ ਹੈ। ਜੇਕਰ ਕੋਈ ਪਰਮ ਕਾਰਨ ਹੈ ਤਾਂ ਉਹ ਮਨੁੱਖ ਦੇ ਅੰਦਰ ਹੀ ਨਿਹਤ ਹੈ, ਬਾਹਰ ਨਹੀਂ। ਇਸ ਲਈ ਮਨੁੱਖ ਆਪਣਾ ਮਾਲਕ, ਆਪਣਾ ਪਰਮਾਤਮਾ ਆਪ ਹੈ। ਮਨੁੱਖ ਕਿਸੇ ਬਾਹਰੀ ਸ਼ਕਤੀ ਦਾ ਗੁਲਾਮ ਨਹੀਂ ਹੈ। ਆਖ਼ਰੀ ਸਿੱਟਾ ਮਨੁੱਖ ਦੀ ਆਪਣੀ ਸਮਰੱਥਾ ਹੈ। ਜੈਨ ਮੁਨੀਆਂ ਦੇ ਅਨੁਸਾਰ ਮੁਕਤੀ ਕਿਸੇ ਆਪਣੀ ਇੱਛਾ ਅਨੁਸਾਰ ਚੱਲਣ ਵਾਲੇ ਪਰਮਾਤਮਾ ਦਾ ਵਰਦਾਨ ਨਹੀਂ ਹੈ, ਬਲਕਿ ਇਸ ਦੀ ਪ੍ਰਾਪਤੀ ਆਤਮ ਸੰਜਮ ਅਤੇ ਇੱਛਾ ਸ਼ਕਤੀ ਤੇ ਆਧਾਰਿਤ ਹੈ। ਉਹਨਾਂ ਅਨੁਸਾਰ ਮਨੁੱਖ ਆਪਣੀ ਕਿਸਮਤ ਦਾ ਇਕੋ-ਇਕ ਮਾਲਕ ਹੈ ਪਰੰਤੂ ਜਦੋਂ ਤੱਕ ਉਸਦੀ ਸੋਚ ਅਗਿਆਨਤਾ ਕਾਰਨ ਛੋਟੀ ਹੈ, ਉਹ ਉਸ ਵਿਚ ਮੋਹ, ਵੈਰ ਅਤੇ ਹੰਕਾਰ ਪੈਦਾ ਕਰਦਾ ਹੈ, ਉਦੋਂ ਤੱਕ ਉਹ ਮੁਕਤੀ ਦੇ ਮਾਰਗ ਨੂੰ ਵੇਖਣ ਤੋਂ ਅਸਮਰੱਥ ਹੈ। ਜੇਕਰ ਉਹ ਆਪਣੇ ਆਪ ਨੂੰ ਜ਼ੰਜ਼ੀਰਾਂ, ਜੋ ਕਿ ਉਸਦੇ ਆਪਣੇ ਹੀ ਬੁਰੇ ਕਰਮਾਂ ਦਾ ਨਤੀਜਾ ਹਨ, ਵਿਚ ਬੱਝਿਆ ਹੋਇਆ ਮਹਿਸੂਸ ਕਰੇ ਤਾਂ ਉਹ ਆਪਣੇ ਯਤਨਾਂ ਦੁਆਰਾ ਇਹਨਾਂ ਤੋਂ ਮੁਕਤ ਹੋ ਸਕਦਾ ਹੈ।

ਭਾਰਤੀ ਦਰਸ਼ਨ ਦੀ ਨਿਆਂ ਪਰੰਪਰਾ ਇਸ ਬਿੰਦੂ ਤੇ ਪੱਛਮੀ ਸੱਤਾਮੂਲਕ ਦਾਰਸ਼ਨਿਕਾਂ ਦੀ ਸੋਚ ਨਾਲ ਬਹੁਤ ਮਿਲਦੀ-ਜੁਲਦੀ ਹੈ, ਨਿਯਾਯਕ ਦਾਰਸ਼ਨਿਕਾਂ ਦੀ ਪਰਮ ਸੱਚ ਦੀ ਧਾਰਨਾ ਨੂੰ ਜੈਨ ਦਾਰਸ਼ਨਿਕਾਂ ਨੇ ਇਹ ਕਹਿ ਕੇ ਰੱਦ ਕੀਤਾ ਹੈ ਕਿ ਜੇਕਰ ਬ੍ਰਹਿਮੰਡ ਦਾ ਸਿਰਜਨਹਾਰ ਅਤੇ ਪਾਲਣਹਾਰ ਪਰਮਾਤਮਾ ਕੋਈ ਬਾਹਰੀ ਅਤੇ ਸਰਵਸ਼ਕਤੀਮਾਨ ਸੱਚ ਹੈ ਤਾਂ ਉਹ ਵੀ ਉੱਨਾ ਹੀ ਦੋਸ਼ਪੂਰਨ ਹੈ ਜਿੰਨਾ ਕਿ ਮਨੁੱਖ ਕਿਉਂਕਿ ਮਨੁੱਖੀ ਇਛਾਵਾਂ ਨੂੰ ਪਰਮਾਤਮਾ ਦਾ ਪ੍ਰਗਟਾਵਾ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਸਵਾਲ ਜਿਵੇਂ ਕਿ ਪਰਮਾਤਮਾ ਦਾ ਸਿਰਜਣਹਾਰ ਕੌਣ ਹੈ ? ਪਰਮਾਤਮਾ ਨੇ ਸ੍ਰਿਸ਼ਟੀ ਦੀ ਸਿਰਜਨਾ ਕਿਉਂ ਕੀਤੀ ? ਅਤੇ ਨਿਆਂ ਦੇ ਲਈ ਪਰਮਾਤਮਾ ਨੂੰ ਇੰਨੀ ਕਠਿਨਾਈ ਦਾ ਸਾਹਮਣਾ ਕਿਉਂ ਕਰਨਾ ਪੈਂਦਾ ਹੈ ? ਆਦਿ ਦਾ ਕੋਈ ਉੱਤਰ ਨਹੀਂ ਮਿਲਦਾ। ਵਰਤਮਾਨ ਯੁੱਗ ਦੇ ਪ੍ਰਸਿੱਧ ਭੌਤਿਕ ਵਿਗਿਆਨੀ ਅਲਬਰਟ ਆਈਨਸਟੀਨ (Einstine) ਨੇ ਸਰਵਵਿਆਪਕ, ਨਿਆਂ ਪਸੰਦ ਅਤੇ ਸਰਵਕਲਿਆਣਕਾਰੀ ਵਿਅਕਤੀਗਤ ਪਰਮਾਤਮਾ ਦੀ ਕਲਪਨਾ ਦੇ ਸੰਬੰਧ ਵਿਚ ਠੀਕ ਹੀ ਕਿਹਾ ਹੈ, ''ਜੇਕਰ ਓਹ 'ਸੱਚ' ਸਰਵਵਿਆਪਕ ਹੈ ਤਾਂ ਸਾਰੀਆਂ ਘਟਨਾਵਾਂ, ਜਿਹਨਾਂ ਵਿਚ ਮਨੁੱਖ ਦੁਆਰਾ ਕੀਤੇ ਗਏ ਕਰਮ, ਹਰੇਕ ਦੇ ਚੰਗੇ ਬੁਰੇ ਵਿਚਾਰ ਅਤੇ ਮਨੁੱਖੀ ਅਨੁਭਵ ਤੇ ਇੱਛਾਵਾਂ ਸ਼ਾਮਲ ਹਨ, ਵੀ ਉਸੇ ਦਾ ਪ੍ਰਗਟਾਵਾ ਹੋਣੀਆਂ ਚਾਹੀਦੀਆਂ ਹਨ। ਇਹ ਸੋਚਣਾ ਵੀ ਕਿਵੇਂ ਸੰਭਵ ਹੈ ਕਿ ਸਜ਼ਾ ਜਾਂ ਵੰਡ ਦੇਣ ਸਮੇਂ ਮਨੁੱਖ ਨੂੰ ਉਸਦੇ ਕਰਮਾਂ ਅਤੇ ਵਿਚਾਰਾਂ ਲਈ ਜ਼ਿੰਮੇਵਾਰ ਮੰਨਿਆ ਜਾਵੇ, ਜਦੋਂ ਕਿ ਪਰਮਾਤਮਾ ਉਸਦੇ ਅੰਦਰ ਮੌਜੂਦ ਹੈ। ਬਹੁਤ ਹੱਦ ਤੱਕ ਅਜਿਹਾ ਫੈਸਲਾ ਸੁਣਾਉਣ ਸਮੇਂ ਉਹ ਖੁਦ ਨੂੰ ਸਜ਼ਾ ਦੇ ਰਿਹਾ ਹੁੰਦਾ ਹੈ। ਤਾਂ ਫਿਰ ਪਰਮਾਤਮਾ ਦੀ ਚੰਗਿਆਈ ਅਤੇ ਨਿਆਂਪੂਰਨ ਹੋਣ ਦੀ ਧਾਰਨਾ ਨੂੰ ਕਿਵੇਂ ਜਾਰੀ ਰੱਖਿਆ ਜਾ ਸਕਦਾ ਹੈ ?''

ਜੈਨੀਆਂ ਦੁਆਰਾ ਸਮੁੱਚੇ ਬ੍ਰਹਿਮੰਡ ਦੀ ਮੌਜੂਦਗੀ ਨੂੰ ਜਾਣਨ ਦਾ ਯਤਨ ਕੀਤਾ ਗਿਆ ਹੈ ਅਤੇ ਇਸ ਯਤਨ ਨਾਲ ਉਹ ਇਸ ਸਿੱਟੇ ਤੇ ਪਹੁੰਚਦੇ ਹਨ ਕਿ ਹਰੇਕ ਵਿਅਕਤੀਗਤ ਆਤਮਾ (ਜੀਵ) ਖੁਦ ਆਪਣੀ ਕਿਸਮਤ ਲਈ ਜ਼ਿੰਮੇ ਵਾਰ ਹੈ ਅਤੇ ਬ੍ਰਹਿਮੰਡ ਦੀਆਂ ਸਾਰੀਆਂ ਵਸਤੂਆਂ ਚਿਰਸਥਾਈ (Eternal) ਹਨ। ਵਿਗਿਆਨ ਨੇ ਵੀ ਇਹ ਸਿੱਧ

ਕੀਤਾ ਹੈ ਕਿ ਤੱਤ ਨਾਸ਼ਵਾਨ ਨਹੀਂ ਹੈ। ਇਹਨਾਂ ਵਿਚ ਬਦਲਾਓ ਤਾਂ ਸੰਭਵ ਹੈ ਪਰੰਤੂ ਸਾਰ ਰੂਪ ਵਿਚ ਇਹ ਇਕ ਸਮਾਨ ਰਹਿੰਦੇ ਹਨ। ਇਸੇ ਗੱਲ ਨੂੰ ਜੈਨ ਧਰਮ ਨੇ ਸਵੀਕਾਰ ਕੀਤਾ ਹੈ। ਜੈਨ ਧਰਮ ਦੇ ਅਨੁਸਾਰ ਆਤਮਾ ਸਦੀਵੀ ਕਾਲ ਤੋਂ ਕਰਮ ਬੰਧਨਾਂ ਵਿਚ ਘਿਰੀ ਹੋਈ ਹੈ। ਜੋ ਕਿ ਸਹੀ ਯਤਨਾਂ ਦੁਆਰਾ ਬੰਧਨ-ਮੁਕਤ ਹੋ ਸਕਦੀ ਹੈ। ਪਰ ਇਸ ਕਾਰਜ ਲਈ ਆਤਮਾ ਨੂੰ ਆਪਣੀ ਪੁਰਾਤਨ ਪਵਿਤਰਤਾ ਅਤੇ ਸਰਵਸ਼ਕਤੀਮਾਨਤਾ ਨੂੰ ਗ੍ਰਹਿਣ ਕਰਨ ਦੀ ਜ਼ਰੂਰਤ ਹੈ ਜੋ ਕਿ ਕਾਮਨਾਵਾਂ ਤੇ ਕਾਬੂ ਪਾਉਣ ਅਤੇ ਇਛਾਵਾਂ ਦੇ ਤਿਆਗ ਨਾਲ ਸੰਭਵ ਹੋ ਸਕਦੀ ਹੈ। ਇਸ ਤਰ੍ਹਾਂ ਇਹ ਸਰਵ ਸੁੱਖ, ਸ਼ਾਂਤੀ ਅਤੇ ਆਨੰਦ ਨੂੰ ਵੀ ਪ੍ਰਾਪਤ ਕਰ ਸਕਦੀ ਹੈ। ਇਹ ਆਪਣੀ ਸਿਰਜਣਾ ਵੀ ਆਪ ਹੀ ਕਰਦੀ ਹੈ ਅਤੇ ਇਹ ਪਰਮ ਸੱਚ ਵੀ ਆਪ ਹੀ ਹੈ।

ਉੱਪਰ ਦਿਤੇ ਗਏ ਵਰਣਨ ਤੋਂ ਇਹ ਸਪੱਸ਼ਟ ਹੈ ਕਿ ਜੈਨ ਧਰਮ ਪਰਮਾਤਮਾ ਦੇ ਸਿਰਜਣਹਾਰ, ਪਾਲਣਹਾਰ ਅਤੇ ਨਾਸ਼ਵਾਨ ਹੋਣ ਦੀ ਧਾਰਨਾ ਨੂੰ ਪੂਰੀ ਤਰ੍ਹਾਂ ਰੱਦ ਕਰਦਾ ਹੈ। ਇਸ ਦੇ ਬਾਵਜੂਦ ਵੀ ਜੈਨ ਧਰਮ ਦੇਵਤਿਆਂ ਦੀ ਕਲਪਨਾ ਅਤੇ ਉਹਨਾਂ ਦੀ ਮੌਜੂਦਗੀ ਨੂੰ ਮੰਨਦਾ ਹੈ। ਇਸ ਦੇ ਅਨੁਸਾਰ ਜਦੋਂ ਜੀਵ (ਆਤਮਾ) ਠੀਕ ਯਤਨਾਂ ਦੁਆਰਾ ਆਪਣੇ ਆਪ ਨੂੰ ਸਾਰੇ ਕਰਮ ਬੰਧਨਾਂ ਤੋਂ ਮੁਕਤ ਕਰ ਲੈਂਦੀ ਹੈ ਤਾਂ ਉਹ ਬ੍ਰਹਮਗਿਆਨੀ, ਸਰਵਸ਼ਕਤੀਮਾਨ ਅਤੇ ਦੈਵਿਕ ਗੁਣਾਂ ਨਾਲ ਭਰਪੂਰ, ਪੂਰਨ ਅਤੇ ਸਰਵਵਿਆਪਕ ਬਣ ਜਾਂਦਾ ਹੈ। ਇਸ ਲਈ ਜੈਨ ਧਰਮ ਦੇ ਅਨੁਸਾਰ ਇਕ ਪਰਮਾਤਮਾ ਦੀ ਬਜਾਏ ਇਸ ਬ੍ਰਹਿਮੰਡ ਵਿਚ ਦੇਵਤਿਆਂ ਦੀ ਸੰਖਿਆ ਅਣਗਿਣਤ ਹੈ ਅਤੇ ਇਹ ਸੰਖਿਆ ਲਗਾਤਾਰ ਵੱਧਦੀ ਰਹਿੰਦੀ ਹੈ। ਹਰੇਕ ਜੀਵ ਜਾਂ ਆਤਮਾ ਵਿਚ ਦੇਵਤਾ ਬਣਨ ਦੀ ਸਮਰੱਥਾ ਹੁੰਦੀ ਹੈ।

ਸੰਸਾਰਿਕ ਜੀਵ ਜਾਂ ਆਤਮਾ ਮੋਕਸ਼ ਪ੍ਰਾਪਤੀ (ਕਰਮ ਬੰਧਨਾਂ ਤੋਂ ਮੁਕਤੀ) ਲਈ ਹੇਠਾਂ ਦਿੱਤੇ ਪੰਜ ਪਰਉਪਕਾਰੀ ਆਤਮਾਵਾਂ (ਜੀਵਾਂ) ਦੇ ਆਚਰਣ ਤੋਂ ਪ੍ਰੇਰਿਤ ਹੁੰਦਾ ਹੈ ਜਿਹਨਾਂ ਨੂੰ ਪੰਜ ਪਰਮੇਸ਼ਿਠੀ ਵੀ ਕਿਹਾ ਜਾਂਦਾ ਹੈ। ਇਹ ਹਨ : ਅਰਿਹੰਤ, ਸਿੱਧ, ਆਚਾਰੀਆ, ਉਪਾਧਿਆਯ ਅਤੇ ਸਾਧੂ। ਮੁਕਤੀ ਦੀ ਪ੍ਰਾਪਤੀ ਵਿਚ ਲਗਿਆ ਹੋਇਆ ਜੀਵ ਉਦੋਂ ਤੱਕ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ ਜਦੋਂ ਤੱਕ ਕਿ ਉਹ ਸਾਰੇ ਅੱਠ ਪ੍ਰਕਾਰ ਦੇ ਕਰਮਾਂ ਤੋਂ ਮੁਕਤ ਨਹੀਂ ਹੋ ਜਾਂਦਾ। ਮੁਕਤੀ ਪ੍ਰਾਪਤੀ ਦੇ ਰਾਹ ਵਿਚ ਲੱਗਿਆ ਹੋਇਆ ਜੀਵ ਸਭ ਤੋਂ ਪਹਿਲਾਂ ਮੋਹ-ਕਰਮਾਂ ਨੂੰ ਨਸ਼ਟ ਕਰਦਾ ਹੈ ਫਿਰ ਕਰਮਵਾਰ ਗਿਆਨਵਰਨੀਯ, ਦਰਸ਼ਨਵਰਨੀਯ ਅਤੇ ਅੰਤਰਾਯ ਨਾਮਕ ਤਿੰਨ ਕਰਮ ਬੰਧਨਾਂ ਨੂੰ ਨਸ਼ਟ ਕਰਦਾ ਹੈ। ਅੰਤ ਵਿਚ ਬਾਕੀ ਚਾਰ ਕਰਮ ਬੰਧਨਾਂ ਨਾਮ, ਉਮਰ, ਗੋਤ ਅਤੇ ਵੇਦਨਾ ਕਰਮਾਂ ਨੂੰ ਨਸ਼ਟ ਕਰਕੇ ਮੁਕਤੀ ਦੀ ਪ੍ਰਾਪਤੀ ਕਰ ਲੈਂਦਾ ਹੈ। ਇਹਨਾਂ ਵਿਚ ਪਹਿਲੇ ਚਾਰ ਕਰਮਾਂ ਨੂੰ ਗਤੀਕਰਮ ਕਿਹਾ ਜਾਂਦਾ ਹੈ ਕਿਉਂਕਿ ਉਹ ਜੀਵ ਦੇ ਪ੍ਰਾਕ੍ਰਿਤਿਕ ਗੁਣਾਂ ਨੂੰ ਲੁਕਾਉਂਦੇ ਹਨ। ਆਖਰੀ ਚਾਰ ਕਰਮਾਂ ਨੂੰ ਅਗਤੀ ਕਰਮ ਕਿਹਾ ਜਾਂਦਾ ਹੈ ਕਿਉਂਕਿ ਉਹ ਜੀਵ ਦੇ ਸਰੀਰ ਨਾਲ ਸੰਬੰਧਿਤ ਹਨ। ਜੇਕਰ ਜੀਵ ਇਕ ਵਾਰੀ ਗਤੀ ਕਰਮਾਂ ਨੂੰ ਨਾਸ਼ ਕਰ ਦਿੰਦਾ ਹੈ ਤਾਂ ਉਹ ਸੁਭਾਵਿਕ ਰੂਪ ਵਿਚ ਇਸ ਜੀਵਨ ਦਾ ਅੰਤ ਹੋਣ ਤੋਂ ਪਹਿਲਾਂ ਬਾਕੀ ਅਗਤੀ ਕਰਮਾਂ ਨੂੰ ਵੀ ਨਾਸ਼ ਕਰ ਹੀ ਲਵੇਗਾ। ਜੇਕਰ ਕੋਈ ਵਿਅਕਤੀ ਸਾਰੇ ਅੱਠ ਪ੍ਰਕਾਰ ਦੇ ਕਰਮਾਂ ਨੂੰ ਨਾਸ਼ ਕਰ ਦਿੰਦਾ ਹੈ ਤਾਂ ਉਸਨੂੰ ਸਿੱਧ ਕਿਹਾ ਜਾਂਦਾ ਹੈ। ਜੇਕਰ ਕਿਸੇ ਨੇ ਕੇਵਲ ਗਤੀ ਕਰਮਾਂ ਦਾ ਹੀ ਨਾਸ਼ ਕੀਤਾ ਹੈ ਤਾਂ ਉਸਨੂੰ ਅਰਿਹੰਤ (ਤੀਰਥੰਕਾਰ, ਜਿਨ ਆਦਿ) ਕਿਹਾ ਜਾਂਦਾ ਹੈ।

**ਅਰਿਹੰਤ** – ਵਿਅਕਤੀ ਆਪਣੇ ਸਾਰੇ ਗਤੀਕਰਮਾਂ ਨੂੰ ਨਸ਼ਟ ਕੇਵਲ ਗਿਆਨ ਦੀ ਪ੍ਰਾਪਤੀ ਕਰਨ ਨਾਲ ਹੀ ਕਰ ਸਕਦਾ ਹੈ। ਕੇਵਲਿਨ (ਕੇਵਲਯ ਗਿਆਨ ਪ੍ਰਾਪਤ ਵਿਅਕਤੀ) ਆਪਣੀ ਆਤਮਾ ਦੀ ਸ਼ੁੱਧੀ ਅਤੇ ਸੁਭਾਵਿਕ ਗੁਣਾਂ ਨਾਲ ਭਰਪੂਰ ਹੁੰਦਾ ਹੈ। ਉਹ ਇਸ ਬ੍ਰਹਿਮੰਡ ਦੇ ਸਾਰੇ ਜੀਵਿਤ ਅਤੇ ਮਰੇ ਹੋਏ ਪ੍ਰਾਣੀਆਂ ਦੇ ਭੂਤ, ਵਰਤਮਾਨ ਅਤੇ ਭਵਿੱਖ ਦੀ ਗਤੀ ਨੂੰ ਜਾਣਦਾ ਹੈ। ਇਸ ਦੇ ਬਾਵਜੂਦ ਵੀ ਉਹ ਮਨੁੱਖ ਹੀ ਰਹਿੰਦਾ ਹੈ। ਉਹ ਧਰਮ ਦਾ ਉਪਦੇਸ਼ ਕਰਦਾ ਹੈ ਅਤੇ ਜੀਵਨ ਦੇ ਬਾਕੀ ਸਮੇਂ ਵਿਚ ਧਰਮ ਆਨੰਦ ਨਾਲ ਭਰਪੂਰ ਰਹਿੰਦਾ ਹੈ। ਉਸਨੂੰ ਰਿਹੇ ਕਿਹਾ ਜਾਂਦਾ ਹੈ। ਅਰਿਹੰਤ ਦੋ ਪ੍ਰਕਾਰ ਦੇ ਦੱਸੇ ਗਏ ਹਨ; ਤੀਰਥੰਕਰ ਅਤੇ ਸਾਧਾਰਨ ਕੇਵਲਿਨ।

**ਤੀਰਥੰਕਰ** – ਕੇਵਲਯ ਗਿਆਨ ਦੇ ਪ੍ਰਾਪਤ ਹੋਣ ਤੋਂ ਤੁਰੰਤ ਬਾਅਦ ਜੇਕਰ ਕੇਵਲਿਨ ਚਾਰ ਮੁਖੀ (ਚਤੁਰਸਿਕ) ਸੰਘ (ਮੁਨੀ, ਸਾਧਵੀ, ਸ਼ਰਾਵਕ ਅਤੇ ਸਰਾਵਿਕਾ) ਦੀ ਸਥਾਪਨਾ ਕਰਦਾ ਹੈ ਤਾਂ ਉਸਨੂੰ ਤੀਰਥੰਕਰ ਕਿਹਾ ਜਾਂਦਾ ਹੈ। ਉਹ ਆਪਣੇ ਚੇਲਿਆਂ ਦੇ ਵਿਚ ਜੈਨ ਧਰਮ, ਦਰਸ਼ਨ ਅਤੇ ਸਦਾਚਾਰ ਆਦਿ ਦਾ ਉਪਦੇਸ਼ ਕਰਦਾ ਹੈ। ਆਮ ਤੌਰ ਤੇ ਤੀਰਥੰਕਰ ਦਾ ਜਨਮ ਉਦੋਂ ਹੁੰਦਾ ਹੈ ਜਦੋਂ ਧਰਮ ਆਪਣੇ ਅੰਤ ਤੇ ਹੁੰਦਾ ਹੈ। ਇਕੋ ਸਮੇਂ ਦੋ ਤੀਰਥੰਕਰ ਕਦੀ ਪੈਦਾ ਨਹੀਂ ਹੁੰਦੇ। ਨਾ ਹੀ ਇਹ ਜ਼ਰੂਰੀ ਹੁੰਦਾ ਹੈ ਕਿ ਉਹ ਸਾਰੇ ਇਕੋ ਤਰ੍ਹਾਂ ਦੇ ਧਰਮਾਂ ਦਾ ਉਪਦੇਸ਼ ਕਰਨ। ਧਰਮ ਦਾ

ਉਪਦੇਸ਼ ਸਮੇਂ, ਸਥਾਨ ਅਤੇ ਮਨੁੱਖ ਦੇ ਵਿਵਹਾਰ ਤੇ ਨਿਰਭਰ ਕਰਦਾ ਹੈ। ਉਦਾਹਰਣ ਵਜੋਂ ਚੌਵੀਵੇਂ ਅਤੇ ਅੰਤਿਮ ਤੀਰਥੰਕਰ ਮਹਾਂਵੀਰ ਜੈਨ ਨੇ ਪੰਜ ਮਹਾਂਵਰਤਾ ਦਾ ਉਪਦੇਸ਼ ਦਿੱਤਾ ਹੈ। ਪਾਰਸ਼ਵਨਾਥ ਦੇ ਸਮੇਂ ਵਿਚ ਬ੍ਰਹਮਚਰਯ ਮਹਾਵਰਤ ਨੂੰ ਅਪ੍ਰਗ੍ਰਹਿ ਤਹਿਤ ਸੰਕਲਿਤ ਕਰ ਲਿਆ ਗਿਆ ਸੀ। ਤੀਰਥੰਕਰ ਜਿਨ (ਜਿਸ ਨੇ ਆਪਣੀ ਸਾਰੀ ਪ੍ਰਕਾਰ ਦੀਆਂ ਵਾਸਨਾਵਾਂ, ਤ੍ਰਿਸ਼ਨਾ, ਈਰਖਾ ਆਦਿ ਤੇ ਜਿੱਤ ਪ੍ਰਾਪਤ ਕਰ ਲਈ ਹੋਵੇ) ਜਾਂ ਨਿਰਗ੍ਰੰਥ (ਜਿਸ ਨੇ ਆਪਣੇ ਸਾਰੇ ਬੰਧਨਾਂ ਨੂੰ ਨਸ਼ਟ ਕਰ ਦਿੱਤਾ ਹੋਵੇ) ਨਾਮ ਨਾਲ ਵੀ ਸੰਬੰਧਿਤ ਕੀਤੇ ਜਾਂਦੇ ਹਨ।

**ਸਾਧਾਰਨ ਕੇਵਲਿਨ** – ਤੀਰਥੰਕਰ ਅਤੇ ਸਾਧਾਰਨ ਕੇਵਲਿਨ ਵਿਚ ਸਿਰਫ਼ ਇਹ ਹੀ ਅੰਤਰ ਹੈ ਕਿ ਸਾਧਾਰਣ ਕੇਵਲਿਨ ਸੰਘ ਦੀ ਸਥਾਪਨਾ ਨਹੀਂ ਕਰਦਾ। ਉਹ ਕੇਵਲਯ-ਗਿਆਨ ਦੀ ਪ੍ਰਾਪਤੀ ਤੋਂ ਬਾਅਦ ਬਾਕੀ ਜੀਵਨ ਵਿਚ ਪਰਮ ਸੁਖਾਂ ਨਾਲ ਭਰਪੂਰ ਰਹਿੰਦਾ ਹੈ।

**ਸਿੱਧ** – ਸਾਰੇ ਤੀਰਥੰਕਰ ਅਤੇ ਸਾਧਾਰਣ ਕੇਵਲਿਨ ਆਪਣੇ ਬਾਕੀ ਅਗਤੀ ਕਰਮਾਂ ਨੂੰ ਨਸ਼ਟ ਕਰਕੇ ਆਪਣੇ ਵਰਤਮਾਨ ਜੀਵਨ ਦੇ ਅੰਤ ਵਿਚ ਮੁਕਤੀ ਦੀ ਪ੍ਰਾਪਤੀ ਕਰਕੇ ਸਿੱਧ ਬਣ ਜਾਂਦੇ ਹਨ। ਉਹ ਪੂਰਨ ਰੂਪ ਵਿਚ ਮੁਕਤ ਜੀਵ ਹੁੰਦੇ ਹਨ। ਉਹ ਮਨੁੱਖੀ ਸਰੀਰ ਗ੍ਰਹਿਣ ਕਰਦੇ ਅਤੇ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੁੰਦੇ ਹਨ। ਉਹ ਸੰਸਾਰਿਕ ਸੁੱਖ ਦੁੱਖ ਤੋਂ ਪਰ੍ਹੇ ਲੋਕ ਆਕਾਸ਼ ਉੱਪਰ ਸਦੀਵੀ ਸੁੱਖ ਜਿਸ ਨੂੰ ਮੁਕਤੀ ਕਿਹਾ ਗਿਆ ਹੈ ਦੀ ਅਵਸਥਾ ਵਿਚ ਰਹਿੰਦੇ ਹਨ। ਦੋਨੋਂ ਹੀ ਅਰਿਹੰਤ/ਤੀਰਥੰਕਰ ਅਤੇ ਸਾਧਾਰਨ ਕੇਵਲਿਨ ਅਤੇ ਸਿੱਧ ਨੂੰ ਜੈਨ ਧਰਮ ਵਿਚ ਦੇਵਤਾ ਦੀ ਸੰਗਿਆ ਦਿੱਤੀ ਗਈ ਹੈ।

## ਬੁੱਧ ਧਰਮ ਵਿਚ ਪਰਮ ਤੱਤ/ਸੱਚ
## (ULTIMATE REALITY IN BUDDHISM)

ਜੈਨ ਧਰਮ ਵਿਚ ਪਰਮ ਤੱਤ/ਸੱਚ ਦੀ ਧਾਰਣਾ ਦਾ ਵਰਣਨ ਕਰਦੇ ਸਮੇਂ ਅਸੀਂ ਉਲੇਖ ਕੀਤਾ ਹੈ ਕਿ ਭਾਰਤੀ ਦਾਰਸ਼ਨਿਕ ਪਰੰਪਰਾ ਵਿਚ ਨਾਸਤਿਕ ਸ਼ਬਦ ਦਾ ਉਲੇਖ ਹੇਠਾਂ ਲਿਖੇ ਤਿੰਨ ਅਰਥਾਂ ਵਿਚ ਕੀਤਾ ਗਿਆ ਹੈ :

1) ਸਿਰਜਨਹਾਰ, ਪਾਲਣਹਾਰ ਅਤੇ ਨਾਸ਼ਕਰਤਾ ਦੇ ਰੂਪ ਵਿਚ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਨਹੀਂ ਕਰਨਾ।
2) ਵੇਦਾਂ ਦੀ ਸੱਤਾ ਵਿਚ ਵਿਸ਼ਵਾਸ ਨਹੀਂ ਕਰਨਾ।
3) ਕਰਮ ਅਤੇ ਪੁਨਰ-ਜਨਮ ਵਿਚ ਵਿਸ਼ਵਾਸ ਨਹੀਂ ਕਰਨਾ।

ਜਿਥੋਂ ਤੱਕ ਬੁੱਧ ਧਰਮ ਦਾ ਸਬੰਧ ਹੈ ਜੇਕਰ ਇਸ ਨੂੰ ਨਾਸਤਿਕ ਸ਼ਬਦ ਦੇ ਹੇਠਾਂ ਦਿੱਤੇ ਅਰਥਾਂ ਦੇ ਸੰਦਰਭ ਵਿਚ ਵੇਖਿਆ ਜਾਵੇ ਤਾਂ ਪਹਿਲੇ ਦੋ ਅਰਥਾਂ ਦੇ ਸੰਦਰਭ ਵਿਚ ਬੁੱਧ ਧਰਮ ਨਿਸ਼ਚਿਤ ਰੂਪ ਵਿਚ ਨਾਸਤਿਕ ਧਰਮ ਹੈ। ਕੇ.ਐਨ. ਜੈਤਿਲਕੇ ਨੇ ਨਾਸਤਿਕਵਾਦ ਨੂੰ ਪਰਿਭਾਸ਼ਿਤ ਕਰਦੇ ਹੋਏ ਸਭ ਤੋਂ ਪਹਿਲਾਂ ਇਹ ਸਵਾਲ ਖੜ੍ਹਾ ਕੀਤਾ ਹੈ ਕਿ ਪਰਮਾਤਮਾ ਜਿਸ ਨੂੰ ਸਿਰਜਨਹਾਰ, ਪਾਲਣਹਾਰ, ਨਾਸ਼ਕਰਤਾ, ਸਦੀਵੀ, ਅਮਰ, ਸਰਵਵਿਆਪਕ ਆਦਿ ਕਿਹਾ ਗਿਆ ਹੈ, ਸੱਚਮੁੱਚ ਹੀ ਮੌਜੂਦ ਹੈ ? ਇਸ ਤੋਂ ਬਾਅਦ ਉਹਨਾਂ ਨੇ ਇਸ ਸਵਾਲ ਦੇ ਚਾਰ ਉੱਤਰ ਵੀ ਸੁਝਾਏ ਹਨ। ਉਹ ਹਨ :

1) ਜਿਹੜੇ ਈਸ਼ਵਰਵਾਦੀ ਹਨ ਉਹ ਕਹਿੰਦੇ ਹਨ ਕਿ ਹਾਂ ਪਰਮਾਤਮਾ ਮੌਜੂਦ ਹੈ।
2) ਜਿਹੜੇ ਅਨਈਸ਼ਵਰਵਾਦੀ ਹਨ ਉਹ ਕਹਿੰਦੇ ਹਨ ਕਿ ਨਹੀਂ ਪਰਮਾਤਮਾ ਮੌਜੂਦ ਨਹੀਂ ਹੈ।
3) ਧਾਰਮਿਕ ਸਿਧਾਂਤਾਂ ਵਿਚ ਭਰੋਸਾ ਨਾ ਰਖਣ ਵਾਲੇ ਜਾਂ ਈਸ਼ਵਰ ਦੀ ਹੋਂਦ ਨੂੰ ਨਾਂ ਮੰਨਣ ਵਾਲੇ (Sceptics or Agnostics) ਕਹਿੰਦੇ ਹਨ ਕਿ ਸਾਨੂੰ ਨਹੀਂ ਪਤਾ ਜਾਂ ਅਸੀਂ ਨਹੀਂ ਜਾਣ ਸਕਦੇ।
4) ਉਹ ਜਿਹੜੇ ਪਰਤੱਖਵਾਦੀ ਜਾਂ ਨਿਸ਼ਚੈਵਾਦੀ ਹਨ ਉਹ ਕਹਿੰਦੇ ਹਨ ਕਿ ਇਹ ਸਵਾਲ ਹੀ ਬੇਮਤਲਬ ਹੈ ਕਿਉਂਕਿ ਪਰਮਾਤਮਾ (God) ਸ਼ਬਦ ਦਾ ਅਰਥ ਹੀ ਸਪਸ਼ਟ ਨਹੀਂ ਹੈ।

ਜੇਕਰ ਪਰਮਾਤਮਾ ਦੀ ਉਪਰੋਕਤ ਕਲਪਨਾ ਦੇ ਸੰਦਰਭ ਵਿਚ ਬੁੱਧ ਧਰਮ ਚਾਹੇ ਉਹ ਥੇਰਵਾਦ (ਹੀਨਯਾਨ) ਜਾਂ ਮਹਾਂਯਾਨ ਹੋਵੇ ਦੇਖਿਆ ਜਾਏ ਤਾਂ ਬੁੱਧ ਧਰਮ ਨਿਸ਼ਚਿਤ ਰੂਪ ਵਿਚ ਅਨਈਸ਼ਵਰਵਾਦੀ ਹੈ। ਬੁੱਧ ਧਰਮ ਨੂੰ ਨਾਸਤਿਕ ਧਰਮ ਮੰਨਣ ਵਾਲੇ ਦਾਰਸ਼ਨਿਕਾਂ ਦੇ ਦੋ ਵਰਗ ਹਨ। ਇਕ ਵਰਗ ਜਿਸ ਦੇ ਅਧੀਨ ਸੁਤੰਤਰ ਚਿੰਤਕ ਅਤੇ ਬੁੱਧੀਵਾਦੀ ਚਿੰਤਕ ਆਉਂਦੇ ਹਨ, ਉਹ ਬੁੱਧ ਧਰਮ ਦੀ ਤਾਰੀਫ ਕਰਨ ਦੇ ਅਰਥ ਵਿਚ ਇਸ ਨੂੰ ਨਾਸਤਿਕ ਧਰਮ ਮੰਨਦੇ ਹਨ। ਦੂਜਾ ਵਰਗ ਜਿਸ ਦੇ ਅਧੀਨ ਪਰਮਾਤਮਾ ਦੀ ਕਲਪਨਾ ਦਾ ਸਮਰਥਨ ਕਰਨ ਵਾਲੇ ਆਉਂਦੇ ਹਨ ਉਹ ਬੁੱਧ ਧਰਮ ਦੇ ਲਈ ਨਾਸਤਿਕ ਸ਼ਬਦ ਦਾ ਪ੍ਰਯੋਗ ਅਪਮਾਨਜਕ ਅਰਥਾਂ ਵਿਚ ਲੈਂਦੇ ਹਨ। ਉਹ ਬੁੱਧ ਧਰਮ ਨੂੰ ਭੌਤਿਕਵਾਦੀ ਸਿਧਾਤਾਂ (Materialistic doctrine) ਜਿਸ ਦੇ ਅਨੁਸਾਰ ਵਿਅਕਤੀ ਦੀਆਂ ਇੰਦਰੀਆਂ ਤੋਂ ਪਰ੍ਹੇ ਕੁਝ ਵੀ ਨਹੀਂ ਹੈ ਨਾ ਹੀ ਇਸ ਲੋਕ ਤੋਂ ਪਰ੍ਹੇ ਕੋਈ ਹੋਰ ਦੇਵਲੋਕ ਹੈ, ਜੀਵ ਦਾ ਅੰਤ ਉਸਦੇ ਸਰੀਰ ਦੇ ਅੰਤ ਦੇ ਨਾਲ ਹੀ ਹੋ ਜਾਂਦਾ ਹੈ, ਉਹਨਾਂ ਦਾ ਪੁਨਰਜਨਮ ਨਹੀਂ ਹੁੰਦਾ, ਦਾ ਸਮਰਥਕ ਮੰਨਦੇ ਹਨ। ਪਰੰਤੂ ਸਹੀ ਅਰਥਾਂ ਵਿਚ ਇਹ ਗੱਲ ਨਹੀਂ ਹੈ। ਬੁੱਧ ਧਰਮ ਇਹ ਜ਼ਰੂਰ ਮੰਨਦਾ ਹੈ ਕਿ ਇਸ ਲੋਕ ਵਿਚ ਪਰਮ ਸੁੱਖ ਜੋ ਸਮੇਂ ਅਤੇ ਸਥਿਤੀਆਂ ਦੇ ਨਿਰਪੇ ਖ ਹੀ ਨਹੀਂ ਮਿਲ ਸਕਦਾ ਨਾ ਹੀ ਇਸ ਤੋਂ ਉਪਰ ਦੇ ਲੋਕ ਜਿਥੇ ਦੇਵਲੋਕ ਜਾਂ ਸਵਰਗਲੋਕ ਕਿਹਾ ਗਿਆ ਹੈ, ਮਿਲ ਸਕਦਾ ਹੈ। ਕਿਉਂਕਿ ਇਹ ਸਾਰੇ ਲੋਕ ਨਾਸ਼ਵਾਨ ਹਨ ਅਤੇ ਜੇਕਰ ਲੋਕ ਹੀ ਨਾਸ਼ਵਾਨ ਹਨ ਤਾਂ ਪਰਮ ਸੁੱਖ (ਸਦੀਵੀ ਸੁੱਖ) ਕਿਵੇਂ ਸੰਭਵ ਹੈ ? ਕੁਝ ਵਿਦਵਾਨਾਂ ਨੇ ਬੁੱਧ ਧਰਮ ਦੀ ਮਹਾਂਯਾਨ ਸ਼ਾਖਾ ਨੂੰ ਈਸ਼ਵਰਵਾਦੀ ਮੰਨਿਆ ਹੈ। ਪਰੰਤੂ ਜੇਕਰ ਅਰੰਭਿਕ ਮਹਾਂਯਾਨ ਗੁਰੂਆਂ ਦੀਆਂ ਰਚਨਾਵਾਂ ਨੂੰ ਵੇਖਿਆ ਜਾਵੇ ਤਾਂ ਉਹਨਾਂ ਗੁਰੂਆਂ ਦੀਆਂ ਰਚਨਾਵਾਂ ਵਿਚ ਪ੍ਰਾਪਤ ਪਰਮਾਤਮਾ-ਪੂਜਾ ਦੀ ਆਲੋਚਨਾ ਥੇਰਵਾਦੀ ਗ੍ਰੰਥਾਂ ਵਿਚ ਪ੍ਰਾਪਤ ਪਰਮਾਤਮਾ-ਪੂਜਾ ਦੀ ਆਲੋਚਨਾ ਨਾਲੋਂ ਵਧੇਰੇ ਕਠੋਰ ਹੈ। ਹਾਲਾਂਕਿ ਬਾਅਦ ਵਿਚ ਮਹਾਂਯਾਨ ਪਰੰਪਰਾ ਦੀਆਂ ਕੁਝ ਸੰਪਰਦਾਵਾਂ ਖਾਸ ਕਰ ਉਹ ਜੋ ਭਾਰਤ ਤੋਂ ਬਾਹਰ ਵਿਕਸਤ ਹੋਈਆਂ, ਨੇ ਦੈਵੀ ਬੁੱਧ(ਲੋਕ ਤੋਂ ਪਰ੍ਹੇ) ਦੀ ਕਲਪਨਾ ਵਿਚ ਉਸਨੂੰ ਦੇਵਤਾਵਾਦ ਦੀ ਧਾਰਨਾ ਨੂੰ ਇਹ ਮੰਨਦੇ ਹੋਏ ਸਵੀਕਾਰ ਕੀਤਾ ਹੈ ਕਿ ਜੀਵਤ ਬੁੱਧ (Living Buddha) ਆਦਿ ਬੁੱਧ ਦਾ ਪ੍ਰਕਾਸ਼ਨ (Manifestation) ਹੈ। ਪਰੰਤੂ ਇਹ ਕਹਿਣਾ ਵੀ ਠੀਕ ਨਹੀਂ ਹੋਵੇਗਾ ਕਿ ਬੁੱਧ ਵਿਚ ਈਸ਼ਵਰਵਾਦ ਦੀ ਕਲਪਨਾ ਇਕ ਈਸ਼ਵਰਵਾਦੀ ਧਰਮਾਂ ਦੇ ਈਸ਼ਵਰ (God) ਦੇ ਸਮਾਨ ਹੈ। ਬੁੱਧ ਧਰਮ ਵਿਚ ਜੋ ਅਧਿਆਤਮਿਕ ਮੁੱਲ ਦੱਸੇ ਗਏ ਹਨ ਉਹ ਕਿਸੇ ਉਚੇ ਸੰਸਾਰ ਵਿਚ ਨਵਾਂ ਜਨਮ ਲੈਣਾ ਨਹੀਂ ਹੈ ਬਲਕਿ ਸਾਰੇ ਸੰਸਾਰਾਂ ਤੋਂ ਪਰ੍ਹੇ ਜਨਮ ਮਰਣ ਤੋਂ ਬਾਹਰ ਨਿਰਵਾਣ ਦੀ ਅਵਸਥਾ ਨੂੰ ਪ੍ਰਾਪਤ ਕਰਨਾ ਹੈ।

ਪਾਲੀ ਸਾਹਿਤ ਜਿਸ ਨੂੰ ਮੂਲ ਬੁੱਧ ਸਿੱਖਿਆਵਾਂ ਦਾ ਸੰਕਲਨ ਮੰਨਿਆ ਜਾਂਦਾ ਹੈ ਵਿੱਚ ਇਸ ਸੰਕਲਪਨਾ ਦਾ ਸਪਸ਼ਟ ਰੂਪ ਨਾਲ ਖੰਡਨ ਕੀਤਾ ਗਿਆ ਹੈ। ਇਸ ਸੰਦਰਭ ਵਿੱਚ ਉਸ ਘਟਨਾ ਦਾ ਉਲੇਖ ਕਰਨਾ ਉਚਿਤ ਹੋਵੇਗਾ ਜਦੋਂ ਅਨਾਥ-ਪਿੰਡਕ ਦੀ ਮੁਲਾਕਾਤ ਬੁੱਧ ਨਾਲ ਰਾਜਗ੍ਰਹਿ ਦੇ ਵੇਣੁਵਣ ਵਿੱਚ ਹੋਈ ਸੀ। ਉਸ ਅਵਸਰ ਤੇ ਅਨਾਥਪਿੰਡਕ ਨੂੰ ਦਿਤੇ ਗਏ ਉਪਦੇਸ਼ ਵਿੱਚ ਬੁੱਧ ਨੇ ਸਪੱਸ਼ਟ ਤੌਰ ਤੇ ਈਸ਼ਵਰ ਦੀ ਸਥਿਤੀ ਅਤੇ ਸੰਸਾਰ ਦੇ ਜੀਵਾਂ ਦੀ ਉਤਪਤੀ ਦੇ ਵਾਸਤਵਿਕ ਕਾਰਣ ਦੱਸੇ ਜੋ ਸੰਖੇਪ ਰੂਪ ਵਿੱਚ ਇਸ ਪ੍ਰਕਾਰ ਹਨ।

1) ਜੇਕਰ ਸਾਰੀਆਂ ਜੀਵਤ ਵਸਤੂਆਂ (ਪ੍ਰਾਣੀਆਂ) ਦਾ ਸ੍ਰਿਸ਼ਟੀ ਕਰਤਾ ਈਸ਼ਵਰ ਹੈ ਤਾਂ ਉਨ੍ਹਾਂ ਸਭ ਨੂੰ ਸ਼ਾਂਤੀ ਪੂਰਵਕ ਈਸ਼ਵਰ ਦੀ ਸ਼ਕਤੀ ਅੱਗੇ ਨਮਸਕਾਰ ਕਰਨੀ ਚਾਹੀਦੀ ਹੈ। ਉਨ੍ਹਾਂ ਸਭ ਨੂੰ ਇੱਕ ਘੁਮਿਆਰ ਦੁਆਰਾ ਬਣਾਏ ਗਏ ਬਰਤਨਾਂ ਦੇ ਸਮਾਨ ਹੋਣਾ ਚਾਹੀਦਾ ਸੀ। ਤਾਂ ਉਹ ਕਿਵੇਂ ਸ਼ੀਲ-ਆਚਾਰ ਦਾ ਅਭਿਆਸ ਕਰ ਸਕਦੇ ਹਨ ?
2) ਜੇਕਰ ਇਹ ਸੰਸਾਰ ਸਚਮੁੱਚ ਈਸ਼ਵਰ ਦੀ ਕ੍ਰਿਤ ਹੈ ਤਾਂ ਦੁੱਖ, ਕੁਦਰਤੀ ਆਫ਼ਤਾਂ, ਬੁਰਾਈਆਂ ਵਰਗੀਆਂ ਚੀਜ਼ਾਂ ਨਹੀਂ ਹੋਣੀਆਂ ਚਾਹੀਦੀਆਂ ਸਨ ਕਿਉਂਕਿ ਸਾਰੇ ਚੰਗੇ-ਮੰਦੇ ਕੰਮ ਉਸੇ ਤੋਂ ਆਉਣੇ ਚਾਹੀਦੇ ਸਨ।
3) ਜੇਕਰ ਇਸ ਪ੍ਰਕਾਰ ਨਹੀਂ ਤਾਂ ਈਸ਼ਵਰ ਤੋਂ ਬਿਨਾਂ ਕੋਈ ਹੋਰ ਕਾਰਨ ਹੈ ਜੋ ਇਸ ਸਭ ਕੁਝ ਦੇ ਪਿੱਛੇ ਹਨ, ਅਤੇ ਜੇਕਰ ਅਜਿਹਾ ਹੈ ਤਾਂ ਉਸਦੀ ਆਪਣੀ ਸਵੈ-ਹੋਂਦ ਸੰਦੇਹਪੂਰਨ ਹੈ।
4) ਇਹ ਵਿਸ਼ਵਾਸਯੋਗ ਨਹੀਂ ਹੈ ਕਿ ਉਸ ਪਰਮ ਸੱਤ ਨੇ ਸਾਨੂੰ ਬਣਾਇਆ ਹੈ ਕਿਉਂ ਕਿ ਜੋ ਪਰਮ ਸਤ ਹੈ ਉਹ ਕਾਰਨ ਨਹੀਂ ਹੋ ਸਕਦਾ। ਸਾਰੀਆਂ ਵਸਤੂਆਂ ਭਿੰਨ-ਭਿੰਨ ਕਾਰਨਾਂ ਤੋਂ ਉਤਪੰਨ ਹੋਈਆਂ ਹਨ ਤਾਂ ਕੀ ਅਸੀਂ ਇਹ ਕਹਿ ਸਕਦੇ ਹਾਂ ਕਿ ਪਰਮ ਸਤ ਇਕ ਸਮਾਨ ਰੂਪ ਵਿੱਚ ਸਾਰੀਆਂ ਵਸਤੂਆਂ ਦੀ ਉਤਪਤੀ ਦਾ ਕਾਰਨ ਹੈ ? ਜੇਕਰ ਈਸ਼ਵਰ ਸਭ ਵਿੱਚ ਵਿਆਪਕ ਹੈ ਤਾਂ ਨਿਸ਼ਚਿਤ ਰੂਪ ਤੋਂ ਸਾਰੀਆਂ ਵਸਤਾਂ ਸ੍ਰਿਸ਼ਟੀ ਕਰਤਾ ਨਹੀਂ ਹਨ।

5) ਜੇਕਰ ਅਸੀਂ ਆਤਮਾ ਨੂੰ ਸ੍ਰਿਸ਼ਟੀ ਕਰਤਾ ਮੰਨਦੇ ਹਾਂ ਤਾਂ ਉਸਨੇ ਵਸਤੂਆਂ ਨੂੰ ਅਨੰਦਦਾਇਕ ਕਿਉਂ ਨਹੀਂ ਬਣਾਇਆ ? ਆਪਣੇ ਆਪ ਲਈ ਉਸਨੇ ਇੰਨਾਂ ਜ਼ਿਆਦਾ ਦੁੱਖ ਕਿਉਂ ਤੇ ਕਿਵੇਂ ਬਣਾਇਆ।
6) ਨਾ ਹੀ ਈਸ਼ਵਰ ਦੁਆਰਾ ਨਾ ਹੀ ਆਤਮਾ ਦੁਆਰਾ ਨਾ ਹੀ ਅਚਨਚੇਤ ਬਿਨਾਂ ਕਾਰਨ ਦੇ ਹੀ ਸਾਡੀ ਉਤਪਤੀ ਹੋਈ ਹੈ। ਇਹ ਸਾਡੇ ਕਰਮ ਹਨ ਜਿਨ੍ਹਾਂ ਨੇ ਚੰਗਿਆਈ ਅਤੇ ਬੁਰਾਈ ਦੋਵਾਂ ਨੂੰ ਬਣਾਇਆ ਹੈ ਜੋ ਕਾਰਨ ਕਾਰਜ ਸਿਧਾਂਤ ਦੇ ਨਤੀਜੇ ਹਨ।
7) ਇਸ ਲਈ ਸਾਨੂੰ ਈਸ਼ਵਰ ਪੂਜਾ ਤੇ ਪ੍ਰਾਰਥਨਾ ਦੇ ਮਿਥਿਆਚਰਣ ਦਾ ਤਿਆਗ ਕਰਨਾ ਚਾਹੀਦਾ ਹੈ। ਸਾਨੂੰ ਸਾਰੇ ਤਰ੍ਹਾਂ ਦੀ ਅਟਕਲਬਾਜੀ ਅਤੇ ਇਸ ਨਾਲ ਸੰਬੰਧਿਤ ਵਿਅਰਥ ਦੀਆਂ ਗੱਲਾਂ ਦਾ ਤਿਆਗ ਕਰਨਾ ਚਾਹੀਦਾ ਹੈ ਅਤੇ ਚੰਗਿਆਈ ਨੂੰ ਅਪਣਾਉਣਾ ਚਾਹੀਦਾ ਹੈ ਤਾਂ ਕਿ ਸਾਨੂੰ ਚੰਗੇ ਕਰਮਾਂ ਦੇ ਚੰਗੇ ਫ਼ਲ ਮਿਲ ਸਕਣ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਬੁੱਧ ਨੇ ਹਮੇਸ਼ਾਂ ਹੀ ਪਰਮ ਸੱਚ ਦੇ ਰੂਪ ਵਿੱਚ ਪਰਮਾਤਮਾ ਦੇ ਸਿਧਾਂਤ ਦੇ ਵਿਸ਼ੇ ਤੇ ਆਪਣੇ ਚੇਲਿਆਂ ਨੂੰ ਅਟਕਲਬਾਜ਼ੀ ਵੱਲ ਉਤਸ਼ਾਹਿਤ ਕਰਨ ਨਾਲੋਂ ਸਾਫ਼ ਸ਼ਬਦਾਂ ਵਿਚ ਇਸ ਦਾ ਖੰਡਨ ਕੀਤਾ ਹੈ। ਪਰੰਤੂ ਇਸ ਦੇ ਬਾਵਜੂਦ ਬੁੱਧ ਗ੍ਰੰਥ ਵਿਚ ਇਕ ਖ਼ਾਸ ਪ੍ਰਕਾਰ ਦੇ ਜੀਵਾਂ ਦੀ ਚਰਚਾ ਕੀਤੀ ਗਈ ਹੈ ਜਿਨ੍ਹਾਂ ਨੂੰ ਦੇਵਤਾ ਕਿਹਾ ਗਿਆ ਹੈ ਅਤੇ ਇਸ ਦਾ ਅੰਗਰੇਜ਼ੀ ਅਨੁਵਾਦ gods (ਛੋਟੀ ਜੀ ਨਾਲ ਬਹੁਬਚਨ ਵਿਚ) ਕੀਤਾ ਗਿਆ ਹੈ। ਇਸ ਲਈ ਇਥੇ ਇਹ ਸਪੱਸ਼ਟ ਕਰਨਾ ਵੀ ਸਹੀ ਹੋਵੇ ਗਾ ਕਿ ਬੁੱਧ ਗ੍ਰੰਥਾਂ ਵਿਚ ਲਿਖਿਤ ਇਸ 'ਦੇਵਤਾ' ਜਾਂ 'ਦੇਵ' ਸ਼ਬਦ ਦਾ ਕੀ ਅਰਥ ਹੈ। ਦੇਵ ਸ਼ਬਦ ਦਾ ਸ਼ਾਬਦਿਕ ਅਰਥ ਚਮਕੀਲਾ ਜਾਂ ਚਮਕਣ ਵਾਲਾ ਜੀਵ ਹੈ। ਬੁੱਧ ਸਾਹਿਤ ਵਿਚ ਇਹਨਾਂ ਦੇਵਤਿਆਂ ਦੀ ਅਲੌਕਿਕ ਸ਼ਕਤੀ ਦੇ ਉਲੇਖ ਦੀ ਥਾਂ ਉਹਨਾਂ ਦੀ ਸਰੀਰਿਕ ਬਨਾਵਟ ਆਦਿ ਸੰਬੰਧੀ ਵਿਸ਼ੇਸ਼ ਤੌਰ ਤੇ ਉਲੇਖ ਮਿਲਦਾ ਹੈ। ਹੋਰ ਬਹੁਤ ਸਾਰੇ ਧਰਮਾਂ ਵਿਚ ਮਨੁੱਖ ਤੋਂ ਪਰ੍ਹੇ 'ਦੇਵਤਾ' ਜਾਂ 'ਦੈਵੀਸੱਤਾ' ਦੀ ਚਰਚਾ ਹੈ ਜਿਹਨਾਂ ਨੂੰ ਮਨੁੱਖ ਦੀ ਤੁਲਨਾ ਵਿਚ ਵਧੇਰੇ ਸੁਖੀ ਅਤੇ ਖੁਸ਼ਹਾਲੀ ਭਰਪੂਰ ਦੱਸਿਆ ਗਿਆ ਹੈ। ਬੁੱਧ ਧਰਮ ਵਿੱਚ 32 ਲੋਕ (ਸੰਸਾਰ), ਜਿਸ ਵਿਚ ਮਨੁੱਖ ਅਤੇ ਪਸ਼ੂ ਲੋਕ ਸ਼ਾਮਿਲ ਹਨ, ਦੀ ਹੋਂਦ ਨੂੰ ਸਵੀਕਾਰ ਕੀਤਾ ਗਿਆ ਹੈ। ਮਨੁੱਖ ਅਤੇ ਪਸ਼ੂ ਲੋਕ ਤੋਂ ਵੀ ਨੀਵੇਂ ਦਰਜ਼ੇ ਦੇ ਲੋਕ ਦੀ ਵੀ ਕਲਪਨਾ ਕੀਤੀ ਗਈ ਹੈ ਜਿਹਨਾਂ ਨੂੰ ਇਹਨਾਂ ਲੋਕਾਂ ਦੀ ਤੁਲਨਾ ਵਿਚ ਵਧੇਰੇ ਦੁਖੀ ਦੱਸਿਆ ਗਿਆ ਹੈ। ਜਿੱਥੋਂ ਤੱਕ ਬੁੱਧ ਗ੍ਰੰਥਾਂ ਵਿਚ ਵਰਣਿਤ ਦੇਵਤਿਆਂ ਦੀ ਗੱਲ ਹੈ ਉਹ 'ਪਰਮਾਤਮਾ' ਦੀ ਕਲਪਨਾ ਤੋਂ ਬਿਲਕੁੱਲ ਵੱਖ ਹਨ। ਬੁੱਧ ਅਨੁਸਾਰ ਇਹਨਾਂ ਦੇਵਤਿਆਂ ਦਾ ਦੇਵ ਲੋਕ ਵਿੱਚ (ਮਨੁੱਖ ਲੋਕ ਤੋਂ ਉੱਪਰ ਦੇ ਲੋਕ ਵਿੱਚ) ਜਨਮ ਆਪਣੇ ਪਿਛਲੇ ਜਨਮ ਵਿਚ ਕੀਤੇ ਗਏ ਚੰਗੇ ਕਰਮਾਂ ਦੇ ਫ਼ਲਸਰੂਪ ਹੁੰਦਾ ਹੈ। ਜਦੋਂ ਇਹ ਕਰਮ ਫ਼ਲ ਖਤਮ ਹੋ ਜਾਣਗੇ ਜਾਂ ਉਹ ਚੰਗੇ ਕਰਮ ਕਰਨੇ ਬੰਦ ਕਰ ਦੇਣਗੇ ਤਾਂ ਦੇਵ ਲੋਕ ਤੋਂ ਹੇਠਾਂ ਦੇ ਲੋਕ ਵਿਚ ਵੀ ਪੈਦਾ ਹੋ ਸਕਦੇ ਹਨ। ਇਹਨਾਂ ਦੇਵਤਿਆਂ ਵਿਚ ਕੋਈ ਵਿਲੱਖਣ ਸ਼ਕਤੀ ਜਿਸ ਦੁਆਰਾ ਕਿਸੇ ਦਾ ਭਲਾ ਹੋ ਸਕੇ ਹੋਣ ਬਾਰੇ ਕੋਈ ਗੱਲ ਨਹੀਂ ਕੀਤੀ ਗਈ ਹੈ।

ਬੁੱਧਕਾਲ ਤੋਂ ਪਹਿਲਾਂ ਦੇ ਵੈਦਿਕ ਅਤੇ ਬ੍ਰਾਹਮਣ ਧਰਮ ਵਿਚ ਵੀ ਅਨੇਕ ਦੇਵਤਿਆਂ ਦੀ ਕਲਪਨਾ ਕੀਤੀ ਗਈ ਹੈ ਜਿਹਨਾਂ ਵਿਚ ਜ਼ਿਆਦਾਤਰ ਪ੍ਰਾਕ੍ਰਿਤਕ ਸ਼ਕਤੀਆਂ ਦਾ ਮਾਨਵੀਕਰਨ (personification) ਹੈ। ਇਹਨਾਂ ਬਹੁਤ ਸਾਰੇ ਦੇਵਤਿਆਂ ਵਿਚੋਂ ਇਕ ਦੇਵਤੇ ਨੂੰ ਸਭ ਤੋਂ ਸ੍ਰੇਸ਼ਠ ਅਤੇ ਸਰਵਸ਼ਕਤੀਮਾਨ, ਇਥੋਂ ਤੱਕ ਕਿ ਇਸ ਨੂੰ ਸਾਰੇ ਦੇਵਤਿਆਂ ਦਾ ਸਿਰਜਣਹਾਰ ਮੰਨਿਆ ਗਿਆ ਹੈ। ਇਸ ਪਰਮਾਤਮਾ ਦੀ ਕਲਪਨਾ ਇਕ ਈਸ਼ਵਰਵਾਦੀ ਧਰਮਾਂ ਜਿਹਨਾਂ ਦਾ ਵਿਸਥਾਰ ਮੱਧ ਪੂਰਬ ਵਿਚ ਹੋਇਆ ਦੇ ਪਰਮਾਤਮਾ ਨਾਲ ਵੀ ਕੀਤੀ ਜਾ ਸਕਦੀ ਹੈ। ਇਸ ਸਰਵਸ਼ਕਤੀਮਾਨ ਅਤੇ ਸਿਰਜਣਹਾਰ ਪਰਮਾਤਮਾ ਦੇ ਲਈ ਬ੍ਰਾਹਮਣ ਅਤੇ ਬ੍ਰਾਹਮਣਿਤਰ ਗ੍ਰੰਥਾਂ ਵਿਚ ਕਈ ਨਾਮ ਦਿੱਤੇ ਗਏ ਹਨ। ਪਰੰਤੂ ਬੁੱਧ ਗ੍ਰੰਥਾਂ ਵਿਚ ਇਸ ਨੂੰ 'ਮਹਾਂਬ੍ਰਹਮ' ਜਾਂ 'ਬ੍ਰਹਮ' ਕਿਹਾ ਗਿਆ ਹੈ। ਬੁੱਧ ਨੇ 'ਮਹਾਂਬ੍ਰਹਮ' ਨੂੰ ਵੀ ਹੋਰ ਦੇਵਤਿਆਂ ਦੀ ਤਰ੍ਹਾਂ ਦੱਸਿਆ ਹੈ ਅਤੇ ਉਹਨਾਂ ਦੀਆਂ ਕੁਝ ਖਾਸ ਵਿਸ਼ੇਸ਼ਤਾਵਾਂ ਨੂੰ 'ਮਹਾਂਬ੍ਰਹਮ' ਦੁਆਰਾ ਕੀਤੇ ਗਏ ਕਰਮਾਂ ਦਾ ਫ਼ਲ ਦੱਸਿਆ ਹੈ। ਕਈ ਥਾਵਾਂ ਉਤੇ 'ਮਹਾਂਬ੍ਰਹਮ' ਦੁਆਰਾ ਭਿਖਸ਼ੂਆਂ ਨਾਲ ਵਾਰਤਾਲਾਪ ਕਰਦੇ ਹੋਏ ਦਰਸਾਇਆ ਗਿਆ ਹੈ। ਇਹਨਾਂ ਵਾਰਤਾਲਾਪਾਂ ਦੇ ਕ੍ਰਮ ਵਿਚ ਮਹਾਬ੍ਰਹਮ ਦੁਆਰਾ ਕਈ ਪ੍ਰਸ਼ਨਾਂ ਦੇ ਉੱਤਰ ਦੇਣ ਵਿਚ ਖੁਦ ਨੂੰ ਅਸਮੱਰਥ ਵੇਖ ਕੇ ਉਹਨਾਂ ਦਾ ਉਤਰ ਭਿਖਸ਼ੂਆਂ ਦੁਆਰਾ ਬੁੱਧ ਤੋਂ ਪੁੱਛਦਿਆਂ ਹੋਏ ਵਿਖਾਇਆ ਗਿਆ ਹੈ।

ਪੱਛਮੀ ਵਿਦਵਾਨਾਂ ਦੁਆਰਾ ਪਰਮਾਤਮਾ ਦੀ ਕਲਪਨਾ ਦੇ ਵਿਰੁੱਧ ਕਈ ਸੰਕਲਪਨਾਵਾਂ ਦਿੱਤੀਆਂ ਗਈਆਂ ਹਨ। ਇਹਨਾਂ ਵਿਚੋਂ ਕਈਆਂ ਦਾ ਆਰੰਭਿਕ ਰੂਪ ਬੁੱਧ ਗ੍ਰੰਥਾਂ ਵਿਚ ਪਾਇਆ ਜਾਂਦਾ ਹੈ। ਇਹਨਾਂ ਸੰਕਲਪਨਾਵਾਂ ਵਿਚ ਇਕ ਕਲਪਨਾ ਹੈ 'ਪਹਿਲੇ ਕਾਰਨ ਦਾ ਸਿਧਾਂਤ' (theory of first cause) ਇਸ ਦੇ ਅਨੁਸਾਰ ਸਾਰਿਆਂ ਦੀ ਉਤਪੱਤੀ ਦਾ ਕੋਈ ਨਾ ਕੋਈ ਪਹਿਲਾ ਕਾਰਨ ਹੈ ਅਤੇ ਬ੍ਰਹਿਮੰਡ ਦਾ ਇਹ ਪਹਿਲਾ ਕਾਰਨ ਪਰਮਾਤਮਾ ਹੈ। ਇਸ ਤਰ੍ਹਾਂ ਸ੍ਰਿਸ਼ਟੀ ਦੇ ਕਾਰਨ ਕਾਰਜ ਸਿਧਾਂਤ ਵਿਚ ਸਾਰੀਆਂ ਵਸਤੂਆਂ (ਜੀਵਿਤ ਜਾਂ ਮੁਰਦਾ) ਦੀ ਉਸਦੀ ਪਹਿਲਾਂ ਦੀ ਸਥਿਤੀ ਜਿਸ ਦੇ ਕਾਰਨ ਉਹ ਵਰਤਮਾਨ ਰੂਪ ਵਿਚ ਮੌਜੂਦ ਹੈ, ਦੀ ਕਲਪਨਾ ਕੀਤੀ ਗਈ ਹੈ। ਇਸ ਲਈ ਜੇਕਰ ਪਰਮਾਤਮਾ ਵਿਚ ਮੌਜੂਦ ਹੈ ਤਾਂ ਪਰਮਾਤਮਾ ਦੀ ਸ੍ਰਿਸ਼ਟੀ ਦਾ ਵੀ ਕੋਈ ਨਾ ਕੋਈ ਅਰੰਭਿਕ ਕਾਰਨ ਹੋਣਾ ਚਾਹੀਦਾ ਹੈ। ਜੇਕਰ ਪਹਿਲੇ ਕਾਰਨ ਦੇ ਸਿਧਾਂਤ ਤੋਂ ਪਰਮਾਤਮਾ ਨੂੰ ਇਸ ਤੋਂ ਵੱਖ ਮੰਨਿਆ ਜਾਦਾ ਹੈ ਤਾਂ ਹੋਰ ਕਿਸੇ ਦੀ ਉੱਤਪਤੀ ਦੇ ਬਾਰੇ ਵੀ ਇਸ ਸਿਧਾਂਤ ਨੂੰ ਕਿਵੇਂ ਜਾਇਜ਼ ਮੰਨਿਆ ਜਾ ਸਕਦਾ ਹੈ। ਇਸੇ ਤਰ੍ਹਾਂ 'ਅਸ਼ੁਭ ਜਾਂ ਬੁਰਾਈ ਨਾਲ ਸੰਬੰਧਿਤ ਤਰਕ ਜਾਂ ਦਲੀਲ' (arguments on evil) ਦੇ ਤਹਿਤ ਇਸ ਸੰਸਾਰ ਵਿਚ ਮੌਜੂਦ ਦੁੱਖ ਦੀ ਸਥਿਤੀ ਨੂੰ ਸਰਵਸ਼ਕਤੀਮਾਨ, ਸਰਵਵਿਆਪਕ ਪਰਮਾਤਮਾ ਨੂੰ ਵਰਤਮਾਨ ਵਿਚ ਰਹਿੰਦੇ ਹੋਏ ਸਵੀਕਾਰ ਕਰ ਸਕਣਾ ਔਖਾ ਪ੍ਰਤੀਤ ਹੁੰਦਾ ਹੈ। ਬੁੱਧ ਗ੍ਰੰਥਾਂ ਵਿਚ ਇਸ ਦੀ ਵਾਰ ਵਾਰ ਚਰਚਾ ਕੀਤੀ ਗਈ ਹੈ। ਭੂਰੀਦੱਤ ਜਾਤਕ ਵਿਚ ਸੰਕਲਿਤ ਇਸ ਕਥਨ ਨੂੰ ਇਥੇ ਬਿਆਨ ਕਰਨਾ ਗਲਤ ਨਹੀਂ ਹੋਵੇਗਾ :

> "ਜੇਕਰ ਉਹ ਬ੍ਰਹਮਾ ਸਾਰੇ ਲੋਕਾਂ ਦਾ ਪਰਮਾਤਮਾ ਹੈ ਸਾਰੇ ਪ੍ਰਾਣੀਆਂ ਦਾ ਮਾਲਕ ਹੈ ਤਾਂ ਉਸਨੇ ਸੰਸਾਰ ਵਿਚ ਇਹਨਾਂ ਜਿਆਦਾ ਦੁੱਖ ਕਿਉਂ ਪੈਦਾ ਕੀਤਾ ? ਸੁਖ ਹੀ ਸੁਖ ਪੈਦਾ ਕਿਉਂ ਨਹੀਂ ਕੀਤਾ ?
>
> ਜੇਕਰ ਉਹ ਬ੍ਰਹਮਾ ਸਾਰੇ ਲੋਕਾਂ ਦਾ ਪਰਮਾਤਮਾ ਹੈ ਸਾਰੇ ਪ੍ਰਾਣੀਆਂ ਦਾ ਮਾਲਕ ਹੈ ਤਾਂ ਉਸਨੇ ਸੰਸਾਰ ਵਿਚ ਇਹ ਮਾਇਆ, ਝੂਠ, ਦੋਸ਼ ਅਤੇ ਬੁਰਾਈ ਕਿਉਂ ਪੈਦਾ ਕੀਤੇ ਹਨ ?
>
> ਜੇਕਰ ਉਹ ਬ੍ਰਹਮਾ ਸਾਰੇ ਲੋਕਾਂ ਦਾ ਪਰਮਾਤਮਾ ਹੈ ਅਤੇ ਸਾਰੇ ਪ੍ਰਾਣੀਆਂ ਦਾ ਮਾਲਕ ਹੈ ਤਾਂ ਹੇ ਅਰਿਠ ! ਉਹ ਖੁਦ ਅਧਰਮਿਕ ਹੈ ਕਿਉਂਕਿ ਉਸਨੇ 'ਧਰਮ' ਦੇ ਹੁੰਦੇ ਹੋਏ 'ਅਧਰਮ' ਪੈਦਾ ਕੀਤਾ।"

ਬੁੱਧ ਧਰਮ ਵਿਚ ਪਰਮਾਤਮਾ ਦੀ ਕਲਪਨਾ ਨਾਲ ਸੰਬੰਧਿਤ ਧਾਰਨਾ ਸਬੰਧੀ ਵਿਚਾਰ ਕਰਨ ਤੋਂ ਬਾਅਦ ਇਸ ਗੱਲ ਤੇ ਧਿਆਨ ਦੇਣਾ ਵੀ ਜ਼ਰੂਰੀ ਹੈ ਕਿ ਪਰਮਾਤਮਾ ਦੇ ਪਰਮ ਸੱਚ ਦੇ ਰੂਪ ਵਿਚ ਧਾਰਨਾ ਬੁੱਧ ਧਰਮ ਦੇ ਮੂਲ ਸਿਧਾਂਤਾਂ ਵਿਚ ਕਈ ਥਾਵਾਂ ਤੇ ਉਲਟ ਵੀ ਹੈ। ਬੁੱਧ ਦਰਸ਼ਨ ਦਾ ਪ੍ਰਤੀਤਯਸਮੁਤਪਾਦ ਦਾ ਸਿਧਾਂਤ (Theory of Dependent Origination) ਜਿਸ ਦੇ ਅਧੀਨ 'ਨਿਰੰਤਰਤਾ ਦੀ ਧਾਰਨਾ' (Notion of Causality) ਵੀ ਸ਼ਾਮਿਲ ਹੈ ਦਾ ਪਰਮਾਤਮਾ ਦੀ ਕਲਪਨਾ ਨਾਲ ਕੋਈ ਤਾਲਮੇਲ ਨਹੀਂ ਬੈਠਦਾ। ਇਸੇ ਤਰ੍ਹਾਂ 'ਬੁੱਧ ਦੀ ਤ੍ਰਿਲੱਛਣ ਦੀ ਧਾਰਨਾ' (Three characterisitcs of worldly things) ਜਿਸ ਦੇ ਤਹਿਤ ਸੰਸਾਰ ਦੇ ਜੀਵਤ ਅਤੇ ਮਰੇ ਹੋਏ ਪ੍ਰਾਣੀਆਂ ਜਾਂ ਵਸਤੂਆਂ ਦੀਆਂ ਤਿੰਨ ਵਿਸ਼ੇਸ਼ਤਾਵਾਂ : ਦੁਖ (Suffering), ਅਨਿੱਤ (impermanance) ਅਤੇ ਅਨਾਤਮ (no-soul) ਦੱਸੀ ਗਈ ਹੈ, ਵੀ ਪਰਮਾਤਮਾ ਦੀ ਧਾਰਨਾ ਦੇ ਉਲਟ ਹੈ। ਪਰਮਾਤਮਾ ਦੇ ਸੰਬੰਧਿਤ ਇਕ ਹੋਰ ਧਾਰਨਾ ਜਿਸ ਦੇ ਅਨੁਸਾਰ ਮਨੁੱਖ ਨੂੰ ਚੰਗੇ-ਬੁਰੇ ਕਰਮ ਦਾ ਆਧਾਰ ਤੇ ਸਵਰਗ-ਨਰਕ ਭੇਜਣ ਜਾਂ ਉਸਦੇ ਕਰਮਾਂ ਦੇ ਫ਼ਲ ਦਾ ਹਿਸਾਬ ਕਿਤਾਬ ਪਰਮਾਤਮਾ ਤੇ ਨਿਰਭਰ ਹੈ, ਬੁੱਧ ਦੇ ਕਰਮ ਸਿਧਾਂਤ ਦੇ ਬਿਲਕੁਲ ਉਲਟ ਹੈ ਜਿਸ ਦੇ ਅਧੀਨ ਵਿਅਕਤੀ ਨੂੰ ਚੰਗੇ-ਬੁਰੇ ਕਰਮਾਂ ਦੇ ਫ਼ਲ ਦਾ ਜ਼ਿੰਮੇਵਾਰ ਖੁਦ ਮਨੁੱਖ ਦੁਆਰਾ ਕੀਤੇ ਕਰਮਾਂ ਨੂੰ ਮੰਨਿਆ ਗਿਆ ਹੈ।

ਇਸ ਗੱਲ ਵਿਚ ਕੋਈ ਸ਼ਕ ਨਹੀਂ ਹੈ ਕਿ ਈਸ਼ਵਰਵਾਦੀ ਧਰਮਾਂ ਅਤੇ ਬੁੱਧ ਧਰਮ ਵਿਚ ਸ਼ੀਲ, ਨੈਤਿਕਤਾ ਆਦਿ ਧਰਮਾਂ ਵਿਚ ਵੀ ਬਹੁਤ ਸਾਰੀਆਂ ਸਮਾਨਤਾਵਾਂ ਹਨ ਪਰ ਪਰਮਾਤਮਾ ਦੀ ਧਾਰਨਾ ਸਬੰਧੀ ਬੁੱਧ ਧਰਮ ਬਿਲਕੁਲ ਵੱਖ ਹੈ।

ਹੁਣ ਤੱਕ ਅਸੀਂ ਵੇਖਿਆ ਹੈ ਕਿ ਬੁੱਧ ਧਰਮ ਪਰਮ ਸੱਚ ਦੇ ਰੂਪ ਵਿਚ ਪਰਮਾਤਮਾ ਦੀ ਧਾਰਨਾ ਨਾਲ ਸਹਿਮਤ ਨਹੀਂ ਹੈ। ਫਿਰ ਇਹ ਸਵਾਲ ਪੈਦਾ ਹੁੰਦਾ ਹੈ ਕਿ ਸੱਚਮੁੱਚ ਬੁੱਧ ਧਰਮ ਵਿਚ ਪਰਮ ਸੱਚ ਦੀ ਕਲਪਨਾ ਹੈ ਹੀ ਨਹੀਂ ਜਾਂ ਫਿਰ ਪਰਮਾਤਮਾ ਦੀ ਧਾਰਨਾ ਬਿਲਕੁਲ ਵੱਖ ਹੈ ? ਬੁੱਧ ਧਰਮ ਵਿਚ ਪਰਮ ਸੱਚ ਦੀ ਕਲਪਨਾ ਕੀਤੀ ਗਈ ਹੈ, ਉਸਨੂੰ 'ਨਿਰਵਾਣ' (ਪਾਲੀ ਨਿੱਬਾਨ) ਕਿਹਾ ਗਿਆ ਹੈ। ਨਿੱਬਾਨ ਸ਼ਬਦ ਦੋ ਸ਼ਬਦਾਂ ਦੇ ਮੇਲ 'ਨਿ'+'ਵਾਨ' ਤੋਂ ਬਣਿਆ ਹੈ। 'ਨਿ' ਇਕ ਨਾਂਹਵਾਚਕ ਅਗੇਤਰ ਹੈ ਅਤੇ 'ਵਾਨ' ਦਾ ਅਰਥ ਹੈ 'ਤ੍ਰਿਸ਼ਨਾ' ਜਾਂ 'ਇੱਛਾ'। ਇਸ ਤਰ੍ਹਾਂ ਤ੍ਰਿਸ਼ਨਾ ਦਾ ਅੰਤ

ਹੀ ਨਿਰਵਾਣ ਦੱਸਿਆ ਗਿਆ ਹੈ। ਬੁੱਧ ਧਰਮ ਵਿਚ ਤ੍ਰਿਸ਼ਨਾ, ਜਿਸ ਨੂੰ ਤਿੰਨ ਪ੍ਰਕਾਰ ਦੀ ਦੱਸਿਆ ਗਿਆ ਹੈ :- ਕਾਮ-ਤ੍ਰਿਸ਼ਨਾ (ਇੰਦਰੀਆਂ ਦੇ ਸੁੱਖ ਦੀ ਇੱਛਾ) ਭਵ ਤ੍ਰਿਸ਼ਨਾ (ਸੰਸਾਰ ਵਿਚ ਬਣੇ ਰਹਿਣ ਦੀ ਇੱਛਾ) ਅਤੇ ਵਿਭਵ ਤ੍ਰਿਸ਼ਨਾ (Craving for non-existence) ਨੂੰ ਵੀ ਸਾਰੇ ਦੁੱਖਾਂ ਦੀ ਉੱਤਪਤੀ ਦਾ ਕਾਰਨ ਦੱਸਿਆ ਗਿਆ ਹੈ ਅਤੇ ਇਸ ਦੀ ਪੂਰਨ ਨਿਵ੍ਰਿਤੀ ਦੀ ਅਵਸਥਾ ਨੂੰ ਨਿਰਵਾਣ ਦੱਸਿਆ ਗਿਆ ਹੈ।

ਇਕ ਹੋਰ ਵਿਉਂਤਪੱਤੀਮੂਲਕ ਵਿਆਖਿਆ (Etymological explanation) ਅਨੁਸਾਰ 'ਨਿਰਵਾਣ' ਸ਼ਬਦ 'ਨਿ' ਅਗੇਤਰ ਦੇ ਨਾਲ 'ਵਾ' ਧਾਤੂ ਤੋਂ ਨਿਕਲਿਆ ਹੋਇਆ ਸ਼ਬਦ ਹੈ। ਇਥੇ 'ਨਿ' ਨਾਂਹਵਾਚਕ ਅਰਥ ਨੂੰ ਦਰਸਾਉਂਦਾ ਹੈ ਅਤੇ 'ਵਾ' ਧਾਤੂ ਦਾ ਅਰਥ 'ਬੁੱਝ ਜਾਣਾ' (To blow out) ਹੈ। ਇਸ ਦੇ ਅਧੀਨ ਨਿਰਵਾਣ ਦੀ ਤੁਲਨਾ ਦੀਵੇ ਨੂੰ ਬੁਝਣ ਵਰਗਾ ਦੱਸਿਆ ਗਿਆ ਹੈ। ਜਿਸ ਤਰ੍ਹਾਂ ਲੈਂਪ ਜਾਂ ਦੀਵਾ ਤੇਲ ਖ਼ਤਮ ਹੁੰਦਿਆਂ ਹੀ ਬੁੱਝ ਜਾਂਦਾ ਹੈ ਉਸ ਤਰ੍ਹਾਂ ਮਨੁੱਖ ਕਾਮ (Lust), ਨਫ਼ਰਤ (Hatred) ਅਤੇ ਮੋਹ (Delusion) ਰੂਪੀ ਈਂਧਨ ਦੇ ਖ਼ਤਮ ਹੁੰਦੇ ਹੀ ਨਿਰਵਾਣ ਨੂੰ ਪ੍ਰਾਪਤ ਕਰ ਲੈਂਦਾ ਹੈ।

ਕੁੱਝ ਵਿਦਵਾਨਾਂ ਨੇ ਨਿਰਵਾਣ ਨੂੰ ਅਭਾਵ ਦੀ ਸਥਿਤੀ ਜਾਂ ਸਿਫ਼ਰ ਸਰੂਪ (Nothingness) ਦੱਸਿਆ ਹੈ, ਜੋ ਸਹੀ ਨਹੀਂ ਹੈ। ਇਥੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਨਿਰਵਾਣ ਦਾ ਦਰਸ਼ਨ ਨਾਂ ਕਰ ਸਕਣ ਦੀ ਵਜ੍ਹਾ ਕਰਕੇ ਇਸ ਨੂੰ ਸਿਫ਼ਰ ਸਰੂਪ ਮੰਨਣਾ ਉਵੇਂ ਹੈ ਜਿਵੇਂ ਕਿ ਕੋਈ ਅੰਨ੍ਹਾ ਮਨੁੱਖ ਚਾਨਣ ਦੀ ਸਥਿਤੀ ਨੂੰ ਸਿਰਫ਼ ਇਹ ਕਹਿ ਕੇ ਖ਼ਾਰਜ ਕਰ ਦਿੰਦਾ ਹੈ ਕਿ ਚਾਨਣ ਦੀ ਕੋਈ ਹੋਂਦ ਨਹੀਂ ਹੈ ਕਿਉਂਕਿ ਉਹ ਉਸਨੂੰ ਵੇਖ ਹੀ ਨਹੀਂ ਸਕਦਾ। ਇਸ ਤੱਥ ਨੂੰ ਇਕ ਪ੍ਰਸਿੱਧ ਕਥਾ ਦੁਆਰਾ ਵੀ ਸਪਸ਼ਟ ਕੀਤਾ ਜਾ ਸਕਦਾ ਹੈ ਜਿਸ ਵਿਚ ਇਕ ਕੱਛੂ ਪਾਣੀ ਅਤੇ ਜਮੀਨ ਦੋਨਾਂ ਨੂੰ ਹੀ ਭਲੀ ਭਾਂਤੀ ਜਾਣਦਾ ਹੈ ਉਹ ਆਪਣੀ ਮਿੱਤਰ ਮੱਛੀ ਨੂੰ ਵਾਰ ਵਾਰ ਸਮਝਾਉਣ ਨਾਲ ਵੀ ਇਹ ਯਕੀਨ ਨਹੀਂ ਦਿਵਾ ਸਕਦਾ ਕਿ ਪਾਣੀ ਤੋਂ ਇਲਾਵਾ (ਜਿਥੇ ਉਹ ਰਹਿੰਦੀ ਹੈ) ਜ਼ਮੀਨ ਵੀ ਕੋਈ ਥਾਂ ਹੈ ਜਿਥੇ ਜੀਵ-ਜੰਤੂ ਰਹਿੰਦੇ ਹਨ। ਉਹ ਵਾਰ-ਵਾਰ ਜ਼ਮੀਨ ਦੀ ਹੋਂਦ ਨੂੰ ਖ਼ਾਰਜ਼ ਕਰਦੀ ਹੈ ਕਿਉਂਕਿ ਉਸਨੂੰ ਜ਼ਮੀਨ ਦਾ ਅਹਿਸਾਸ ਨਹੀਂ ਹੈ ਜਾਂ ਉਹ ਇਸ ਨੂੰ ਜਾਨਣ ਤੋਂ ਅਸਮਰੱਥ ਹੈ। ਇਸ ਤਰ੍ਹਾਂ ਇਕ ਅਰਹੰਤ ਜੋ ਲੌਕਿਕ ਅਤੇ ਪਰਾਲੌਕਿਕ ਦੋਵਾਂ ਹੀ ਸਥਿਤੀਆਂ ਤੋਂ ਜਾਣੂ ਹੈ ਉਹ ਪਰਾਲੌਕਿਕ ਗੱਲਾਂ ਨੂੰ ਇਸ ਲੋਕ ਦੇ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦਾ ਅਤੇ ਨਾਂ ਹੀ ਇਸ ਲੋਕ ਦਾ ਪ੍ਰਾਣੀ ਹੀ ਆਪਣੇ ਗਿਆਨ ਦੁਆਰਾ ਪਰਾਲੌਕਿਕ ਗੱਲਾਂ ਨੂੰ ਸਮਝ ਸਕਦਾ ਹੈ। ਇਸ ਲਈ ਨਿਰਵਾਣ ਨੂੰ ਅਭਾਵ ਜਾਂ ਸਿਫ਼ਰ ਦੀ ਸਥਿਤੀ ਮੰਨਣਾ ਜਾਇਜ਼ ਨਹੀਂ। ਇਸ ਲਈ ਨਿਰਵਾਣ ਇਕ ਮਾਨਸਿਕ ਅਵਸਥਾ ਹੈ ਜਿਸ ਦਾ ਅਹਿਸਾਸ ਉਹ ਹੀ ਕਰ ਸਕਦਾ ਹੈ ਜਿਸ ਨੇ ਇਸ ਨੂੰ ਮਹਿਸੂਸ ਕੀਤਾ ਹੈ। ਇਸ ਕਾਰਨ ਤੋਂ ਵੀ ਬੁੱਧ ਨੇ ਨਿਰਵਾਣ ਨੂੰ ਅਨੰਤ (infinite), ਅਸੰਖਤ (non-conditioned), ਉੱਤਮ (Supreme), ਉੱਚਾ (Highest), ਅਪਹੁੰਚ (Beyond), ਪਰਿਦੁਨਿਆਵੀਂ (Supramundane), ਅਮਰ (ummoral), ਮੁਕਤੀ (Emancipation). ਸ਼ਾਂਤੀ (Peace) ਆਦਿ ਵਿਸ਼ੇਸ਼ਣਾਂ ਨਾਲ ਸੰਬੰਧਿਤ ਕੀਤਾ ਗਿਆ ਹੈ।

ਨਿਰਵਾਣ ਨੂੰ ਸਦੀਵੀ (Eternal), ਇਛੁੱਕ (Desirable) ਅਤੇ ਸੁੱਖ (Happy) ਦੀ ਅਵਸਥਾ ਦੱਸਿਆ ਗਿਆ ਹੈ। ਬੁੱਧ ਧਰਮ ਵਿਚ ਸਾਰੀਆਂ ਵਸਤੂਆਂ ਚਾਹੇ ਉਹ ਲੌਕਿਕ ਜਾਂ ਪਰਾਲੌਕਿਕ ਹੋਣ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਇਕ ਜੋ ਕਾਰਕ ਤੋਂ ਪ੍ਰਭਾਵਿਤ ਹੁੰਦੇ ਹਨ ਉਹਨਾਂ ਨੂੰ ਸੰਖਿਅਕ (Conditioned by Cause) ਅਤੇ ਜੋ ਕਾਰਕ ਤੋਂ ਪ੍ਰਭਾਵਿਤ ਨਹੀਂ ਹੁੰਦੇ, ਨੂੰ ਅਸੰਖਿਅਕ (Non-Conditioned by Cause) ਕਿਹਾ ਗਿਆ ਹੈ, ਇਹਨਾਂ ਸੰਖਿਅਕ ਵਸਤੂਆਂ ਦੇ ਤਿੰਨ ਲੱਛਣ ਦੱਸੇ ਗਏ ਹਨ : ਉਪਤਿ (ਉਤਪੱਤੀ), ਠਿਤਿ (ਸਥਿਤੀ), ਅਤੇ ਭੰਗ (ਵਿਨਾਸ਼) ਭਾਵ ਹਰੇਕ ਸੰਖਿਅਕ ਵਸਤੂ ਦੀ ਉੱਤਪਤੀ ਕਾਰਨ ਕਾਰਜ ਸਿਧਾਂਤ ਤੋਂ ਹੁੰਦੀ ਹੈ। ਭਾਗ ਹਰੇਕ ਗਿਣਤੀਯੋਗ ਵਸਤੂ ਦੀ ਉੱਤਪਤੀ ਕਰਮ-ਕਾਰਨ ਸਿਧਾਂਤ ਤੋਂ ਹੁੰਦੀ ਹੈ ਇਸ ਕਾਰਨ ਕੁੱਝ ਦੇਰ ਤੱਕ ਮੌਜੂਦ ਰਹਿੰਦੇ ਹਨ ਅਤੇ ਅੰਤ ਵਿਚ ਨਾਸ਼ ਹੋ ਜਾਂਦੇ ਹਨ। ਪਰੰਤੂ ਨਿਰਵਾਣ ਨੂੰ ਨਾ ਗਿਣਨ ਯੋਗ ਦੱਸਿਆ ਜਾਂਦਾ ਹੈ ਕਿਉਂਕਿ ਇਹ ਕਾਰਨ-ਕਾਰਜ ਸਿਧਾਂਤ ਤੋਂ ਪਰ੍ਹੇ ਹੈ। ਇਸ ਲਈ ਇਸ ਨੂੰ ਅਜੂਨੀ (Birthless), ਅਵਿਨਾਸ਼ੀ (Decayless) ਅਤੇ ਅਮਰ (Deathless) ਕਿਹਾ ਗਿਆ ਹੈ। ਨਿਰਵਾਣ ਨੂੰ ਪਰਮ ਸੁੱਖ ਦੀ ਅਵਸਥਾ ਵੀ ਕਿਹਾ ਜਾਂਦਾ ਹੈ- ''ਨਿਰਵਾਣ ਪਰਮ ਸੁੱਖ''। ਇਹ ਪਰਮ ਸੁੱਖ ਹੈ ਕਿਉਂਕਿ ਇਹ ਉਹ ਸੁੱਖ ਨਹੀਂ ਹੈ ਜਿਸ ਦਾ ਅਨੁਭਵ ਅਸੀਂ ਗਿਆਨ ਇੰਦਰੀਆਂ ਦੁਆਰਾ ਕਰਦੇ ਹਾਂ ਬਲਕਿ ਇਹ ਪਰਮ ਅਨੰਦ ਦੀ ਉਹ ਅਵਸਥਾ ਹੈ ਜਿਸ ਵਿਚ ਅਸੀਂ ਸੰਸਾਰਿਕ ਜੀਵਨ ਦੇ ਦੁਖਾਂ ਤੋਂ ਮੁਕਤੀ ਪਾ ਕੇ ਜੀਵਨ-ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦੇ ਹਾਂ।

ਬੁੱਧ ਗ੍ਰੰਥਾਂ ਵਿਚ ਹਮੇਸ਼ਾਂ ਸੋਪਾਦਿਸੇਸ ਅਤੇ ਅਨੁਪਾਦਿਸੇਸ ਨਿਰਵਾਣ ਦੀ ਚਰਚਾ ਹੈ। ਪਰੰਤੂ ਅਸਲ ਵਿਚ ਇਸ ਨਿਰਵਾਣ ਦੇ ਦੋ ਪ੍ਰਕਾਰ ਨਾ ਹੋ ਕੇ ਇਕ ਹੀ ਨਿਰਵਾਣ ਦਾ ਮੌਤ ਤੋਂ ਪਹਿਲਾਂ ਅਤੇ ਮੌਤ ਤੋਂ ਬਾਅਦ ਪ੍ਰਾਪਤ ਨਿਰਵਾਣ ਦੇ ਨਾਲ ਨਾਲ ਜਿਉਂਦੇ ਰਹਿੰਦੇ ਹੋਏ ਵੀ ਨਿਰਵਾਣ ਪ੍ਰਾਪਤੀ ਦੀ ਵੀ ਗੱਲ ਕੀਤੀ ਹੈ ਜਦੋਂ ਕਿ ਹੋਰ ਧਰਮਾਂ ਵਿਚ ਪਰਮ ਸੱਤ ਦੀ ਪ੍ਰਾਪਤੀ ਦੀ ਗੱਲ ਅਕਸਰ ਮੌਤ ਤੋਂ ਬਾਅਦ ਦੀ ਦੱਸੀ ਗਈ ਹੈ। ਜਦੋਂ ਨਿਰਵਾਣ ਦਾ ਅਨੁਭਵ ਇਸ ਜੀਵਨ ਵਿਚ ਹੋਵੇ ਤਾਂ ਉਸਨੂੰ ਸੋਪਾਦਿਸੇਸ (ਸ=ਨਾਲ+ਉਪਾਦਿ=ਸਕੰਧ (ਮਨ ਅਤੇ ਸਰੀਰ) + ਸੇਸ=ਬਚਿਆ ਹੋਇਆ) ਨਿਰਵਾਣ ਅਤੇ ਮੌਤ ਤੋਂ ਬਾਅਦ ਪ੍ਰਾਪਤ ਨਿਰਵਾਣ ਨੂੰ ਅਨੁਪਾਦਿਸੇਸ (ਅਨ=ਨਹੀਂ - ਉਪਾਦਿ=ਸਕੰਧ+ਸੇਸ=ਬਚਿਆ ਹੋਇਆ) ਨਿਰਵਾਣ ਮੰਨਿਆ ਜਾਂਦਾ ਹੈ।

ਇਕ ਹੋਰ ਗੱਲ ਜਿਸ ਤੇ ਵਿਚਾਰ ਕਰਨਾ ਜ਼ਰੂਰੀ ਹੈ, ਉਹ ਹੈ ਨਿਰਵਾਣ ਦੀ ਸਥਿਤੀ, ਨਿਰਵਾਣ ਕਿਥੇ ਹੈ ? ਜਾਂ ਇਹ ਕਿਥੇ ਸਥਿਤ ਹੈ ? ਇਸ ਸਵਾਲ ਦਾ ਉੱਤਰ 'ਮਿਲਿੰਦਪ੍ਰਸ਼ਨ' ਵਿਚ ਭਦੰਤ ਨਾਗਸੈਨ ਦੁਆਰਾ ਇਸ ਤਰ੍ਹਾਂ ਦੱਸਿਆ ਗਿਆ ਹੈ- ਪੂਰਬ, ਪੱਛਮ, ਉੱਤਰ ਜਾਂ ਦੱਖਣ, ਉੱਪਰ ਥੱਲੇ ਜਾਂ ਇਸ ਸੰਸਾਰ ਤੋਂ ਪਰ੍ਹੇ ਕਿਤੇ ਵੀ ਕੋਈ ਥਾਂ ਨਹੀਂ ਹੈ, ਜਿਥੇ ਇਹ ਕਿਹਾ ਜਾਵੇ ਕਿ ਨਿਰਵਾਣ ਉਥੇ ਸਥਿਤ ਹੈ। ਇਸ ਦੇ ਬਾਵਜੂਦ ਨਿਰਵਾਣ ਹੈ ਅਤੇ ਜੋ ਵੀ ਆਪਣੇ ਆਪ ਨੂੰ ਸ਼ੀਲ ਦੇ ਮਾਰਗ ਉਤੇ ਚਲਾਉਂਦਾ ਹੈ, ਨਿਸ਼ਚਿਤ ਰੂਪ ਵਿਚ ਉਸਨੂੰ ਨਿਰਵਾਣ ਦਾ ਅਨੁਭਵ ਹੁੰਦਾ ਹੈ ਚਾਹੇ ਉਹ ਗ੍ਰੀਸ, ਚੀਨ, ਅਲੈਗਜੈਂਡਰੀਆ, ਕੋਸ਼ਲ ਜਾਂ ਮਗਧ ਵਿਚ ਰਹਿੰਦਾ ਹੋਵੇ। ਜਿਵੇਂ ਅੱਗ ਨੂੰ ਖਾਸ ਥਾਂ ਉਤੇ ਇਕੱਠਾ ਨਹੀਂ ਕਰ ਸਕਦੇ ਫਿਰ ਵੀ ਸਾਰੀਆਂ ਜ਼ਰੂਰੀ ਹਾਲਤਾਂ ਮੌਜੂਦ ਹੋਣ ਤੇ ਹੀ ਅੱਗ ਨੂੰ ਪੈਦਾ ਕੀਤਾ ਜਾ ਸਕਦਾ ਹੈ, ਉਵੇਂ ਹੀ ਨਿਰਵਾਣ ਨੂੰ ਕਿਸੇ ਖਾਸ ਥਾਂ ਉਤੇ ਅਨੁਭਵ ਨਹੀਂ ਕੀਤਾ ਜਾ ਸਕਦਾ ਪਰੰਤੂ ਜ਼ਰੂਰੀ ਹਾਲਾਤ ਪੈਦਾ ਹੋਣ ਤੇ ਇਸ ਦਾ ਅਨੁਭਵ ਕੀਤਾ ਜਾ ਸਕਦਾ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਨਿਰਵਾਣ ਪ੍ਰਾਪਤੀ ਦਾ ਮਾਰਗ ਕੀ ਹੈ ? ਬੁੱਧ ਦੁਆਰਾ ਨਿਰਵਾਣ ਪ੍ਰਾਪਤੀ ਦਾ ਮਾਰਗ ਆਰੀਆ ਅਸ਼ਟਾਂਗਿਕ ਮਾਰਗ (ਪਾਲੀ ਆਰੀਆ ਅਟੁੰਗਿਕਾ ਮਾਰਗ) ਜਿਸ ਨੂੰ ਮੱਧ ਮਾਰਗ (ਪਾਲੀ ਮਝਿਮਾ ਪਰਿਅਦਾ) ਵੀ ਕਿਹਾ ਜਾਂਦਾ ਹੈ। ਕਿਉਂਕਿ ਇਹ ਦੋ ਅੰਤਾਂ (Extremes) ਇਕ ਆਤਮ-ਦਮਨ (ਤਪੱਸਿਆ ਆਦਿ ਦੁਆਰਾ ਆਪਣੇ ਸਰੀਰ ਨੂੰ ਬਹੁਤ ਜ਼ਿਆਦਾ ਕਸ਼ਟ ਦੇਣਾ), ਜੋ ਮਨੁੱਖ ਦੀ ਬੁੱਧੀ (Intellect) ਨੂੰ ਕਮਜ਼ੋਰ ਕਰਦਾ ਹੈ ਅਤੇ ਦੂਜਾ ਬਹੁਤ ਜ਼ਿਆਦਾ ਇੰਦਰੀਆਂ ਦਾ ਸੁੱਖ ਜੋ ਮਨੁੱਖ ਦੀ ਨੈਤਿਕ ਵਿਕਾਸ ਵਿਚ ਰੋੜਾ ਬਣਦਾ ਹੈ ਦੇ ਵਿਚ ਦਾ ਮਾਰਗ ਹੋਣ ਕਾਰਨ ਇਸ ਨੂੰ ਮੱਧ ਮਾਰਗ ਕਿਹਾ ਜਾਂਦਾ ਹੈ। ਇਸ ਮੱਧ ਮਾਰਗ ਦੇ ਅੱਠ ਅੰਗ ਹੋਣ ਦੇ ਕਾਰਨ ਹੀ ਇਸ ਨੂੰ ਆਰੀਆ ਅਸ਼ਟਾਂਗਿਕ ਮਾਰਗ ਕਿਹਾ ਜਾਂਦਾ ਹੈ ਇਹ ਅੱਠ ਅੰਗ ਹਨ :

1) ਠੀਕ ਦ੍ਰਿਸ਼ਟੀ (ਸਮਦਿਠੀ) - Right Understanding
2) ਠੀਕ ਸੰਕਲਪ (ਸਮਾਸਕੰਪੋ) - Right Thoughts
3) ਠੀਕ ਬਚਨ (ਸਮਾਵਾਚਾ) - Right Speech
4) ਠੀਕ ਕਰਮ (ਸਮਾਕਮੰਤੋ) - Right Action
5) ਠੀਕ ਅਜੀਵਿਕਾ (ਸਮਾਅਜੀਵੋ) - Right Livelihood
6) ਠੀਕ ਵਿਆਯਾਮ (ਸਮਾਵਾਯਾਮੋ) - Right Effort
7) ਠੀਕ ਸਮ੍ਰਿਤੀ (ਸਮਾਸਤਿ) - Right Mindfulness ਅਤੇ
8) ਠੀਕ ਸਮਾਧੀ (ਸਮਾਸਮਾਧੀ) - Right Concentration

ਇਹਨਾਂ ਵਿਚੋਂ ਪਹਿਲੀਆਂ ਦੋ ਨੂੰ ਪ੍ਰਗਿਆ (ਪਾਲੀ ਧਰਮਾਂ, ਅੰਗਰੇਜ਼ੀ Wisdom), ਬਾਦ ਵਿਚ ਤਿੰਨਾਂ ਨੂੰ ਸ਼ੀਲ (ਪਾਲੀ ਸੀਲ, ਅੰਗਰੇਜ਼ੀ morality) ਅਤੇ ਆਖਰੀ ਤਿੰਨ ਨੂੰ ਸਮਾਧੀ (ਪਾਲੀ ਸਮਾਧੀ, ਅੰਗਰੇਜੀ concentration) ਦੇ ਅਧੀਨ ਮੰਨਿਆ ਜਾਂਦਾ ਹੈ। ਭਵਨਾ ਜਾਂ ਵਿਕਾਸ ਦੀ ਦ੍ਰਿਸ਼ਟੀ ਤੋਂ ਇਹਨਾਂ ਨੂੰ ਸ਼ੀਲ, ਸਮਾਧੀ ਅਤੇ ਪ੍ਰੱਗਿਆ ਦੇ ਕ੍ਰਮ ਵਿਚ ਰੱਖਿਆ ਗਿਆ ਹੈ ਕਿਉਂਕਿ ਨਿਰਵਾਣ ਪ੍ਰਾਪਤੀ ਦਾ ਇਛੁੱਕ ਵਿਅਕਤੀ ਸਭ ਤੋਂ ਪਹਿਲਾਂ ਸ਼ੀਲ ਦਾ ਅਭਿਆਸ ਅਤੇ ਪਾਲਣ ਕਰਦਾ ਹੈ। ਸ਼ੀਲ ਵਿਚ ਪੂਰਨ ਰੂਪ ਸ਼ਾਮਲ ਹੋਣ ਤੇ ਉਸਦਾ ਚਿੱਤ ਜਾਂ ਮਨ ਸਮਾਧੀ ਵਲ ਵਧਦਾ ਹੈ ਅਤੇ ਸਮਾਧੀ ਦੀ ਚਰਮ ਸੀਮਾ ਤੇ ਉਸਨੂੰ ਪ੍ਰੱਗਿਆ ਰੂਪੀ ਨਜ਼ਰ ਦੀ ਪ੍ਰਾਪਤੀ ਹੁੰਦੀ ਹੈ ਜਿਸ ਨਾਲ ਉਸਨੂੰ ਸੰਸਾਰਿਕ ਵਸਤੂਆਂ ਜੀਵਾਂ ਦੇ ਵਾਸਤਵਿਕ ਰੂਪ ਦਾ ਗਿਆਨ ਹੁੰਦਾ ਹੈ ਅਤੇ ਉਹ ਨਿਰਵਾਣ ਨੂੰ ਪ੍ਰਾਪਤ ਕਰ ਲੈਂਦਾ ਹੈ।

ਪਾਠ ਨੰਬਰ : 4.3 ਡਾ. ਗੁਲਜ਼ਾਰ ਸਿੰਘ ਕੰਗ

# ਭਾਰਤੀ ਅਤੇ ਸਾਮੀ ਪਰੰਪਰਾ
## ਪਰਮਸੱਤਾ (Reality)

**(ੳ) ਪਰਮ ਸਤਿ (Reality) :** ਪਰਮ ਸਤਿ ਜਾਂ, ਪਰਮ ਸੱਤਾ ਦਾ ਵਖਿਆਨ ਕਰਨਾ ਅਕਥ-ਕਥਾ ਹੈ ਕਿਉਂਕਿ ਇਹ ਇਕ ਅਕਥਨੀਯ ਸੂਖਮਤਾ ਵਾਲਾ ਸੰਕਲਪ ਹੈ। ਇਹੀ ਕਾਰਣ ਹੈ ਕਿ ਧਰਮ ਗ੍ਰੰਥਾਂ ਵਿਚ ਇਸ ਨੂੰ ਬਿਆਨ ਕਰਦੀ ਭਾਸ਼ਾ ਬਹੁ-ਪੱਖੀ ਅਰਥ ਪ੍ਰਗਟਾ ਦਿੰਦੀ ਹੈ। ਕਿਸੇ ਖਾਸ ਮਜ਼ਹਬ ਦੀ ਧਾਰਮਿਕ ਪਰੰਪਰਾ ਅਤੇ ਵਿਸ਼ਵਾਸ ਪ੍ਰਣਾਲੀ ਨੂੰ ਮੁੱਖ ਰੱਖਕੇ ਉਸ ਧਰਮ ਅਨੁਸਾਰ ਪਰਮ ਸੱਤਾ ਦੇ ਸੰਕਲਪ ਸੰਬੰਧੀ ਉਹੀ ਗੱਲਾਂ ਕੀਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਨੂੰ ਉਸ ਧਰਮ ਵਾਲਿਆਂ ਨੇ ਸਮੂਹੀ ਤੌਰ ਤੇ ਸਵੀਕਾਰਿਆ ਹੁੰਦਾ ਹੈ। ਭਾਰਤੀ ਅਤੇ ਸਾਮੀ ਚਿੰਤਨ ਵਿਚ ਪਰਮ ਸੱਤਾ (Reality) ਦੇ ਸੰਕਲਪ ਨੂੰ ਵਿਚਾਰਨ ਤੋਂ ਪਹਿਲਾਂ ਇਸ ਦੇ ਭਾਵ ਪ੍ਰਸੰਗ ਨੂੰ ਪਰਿਭਾਸ਼ਤ ਕਰਨਾ ਜ਼ਰੂਰੀ ਹੈ।

**ਭਾਵ ਪ੍ਰਸੰਗ**

ਪਰਮ ਸੱਤਾ ਤੋਂ ਭਾਵ ਸਰਬੋਤਮ ਸਤਿ (Supreme Reality) ਹੈ ਜਿਸ ਨੂੰ ਪਰਮ ਸੱਤਾ (Supreme Power) ਦੇ ਅਰਥਾਂ ਵਜੋਂ ਵੀ ਲਿਆ ਜਾਂਦਾ ਹੈ। ਪਰਿਭਾਸ਼ਕ ਰੂਪ ਵਿਚ ''ਪਰਮਸਤਿ ਤੋਂ ਭਾਵ ਅਨੰਤ, ਅਗਾਧ, ਅਪਰੰਪਰ ਕਰਤਾ ਤੋਂ ਹੈ। ਜਿੰਨੀ ਵੀ ਰਚਨਾ ਹੈ, 'ਉਹ ਸਭ ਅਸਤਿ ਅਤੇ ਬਿਨਸਨਹਾਰ ਹੈ, ਕੇਵਲ ਪਰਮਾਤਮਾ ਹੀ ਸਤਿ ਹੈ। ਇਵੇਂ ਪਰਮਸਤਿ/ਪਰਮਸੱਤਾ ਪਰਮਾਤਮਾ ਦਾ ਬੋਧ ਕਰਵਾਉਂਦਾ ਪਰਿਭਾਸ਼ਕ ਸ਼ਬਦ ਹੈ ਜਿਸ ਨੂੰ ਧਰਮ ਚਿੰਤਨ ਦੇ ਖੇਤਰ ਵਿਚ ਕੇਂਦਰੀਅਤਾ ਪ੍ਰਾਪਤ ਹੈ। ਇਸੇ ਕਰਕੇ ਭਾਈ ਵੀਰ ਸਿੰਘ ਜੀ 'ਸੰਥਯ ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਪੰਨਾ 12 ਉੱਪਰ ਇਸ ਦੀ ਵਿਆਖਿਆ ਕਰਦੇ ਲਿਖਦੇ ਹਨ ''ਪਰਮ ਸਤਿ ਪਦ ਨਿਰਦਵੰਦ ਸਤਿ ਦਾ ਵਾਚਕ ਹੈ। ਸਤਿ ਸੱਚ-ਝੂਠ ਵਰਗਾ ਦਵੰਦਮਈ ਪਦ ਨਹੀਂ ਸਗੋਂ ਇਸ ਤੋਂ ਉਪਰ ਇਹ ਸਤਯ ਸਰੂਪ, ਚੇਤਨ ਹਸਤੀ ਦੇ ਅਰਥ ਦੇਂਦਾ ਹੈ। ਜੋ ਸਦਾ ਸਤਿ ਅਤੇ ਕਾਲ ਅਤੀਤ ਹੈ।'' ਧਰਮ ਚਿੰਤਨ ਦੀ ਦ੍ਰਿਸ਼ਟੀ ਤੋਂ ਸਤਿ ਨੂੰ ਨਿਰਦਵੰਦ ਅਧਿਆਤਮਕਤਾ ਜਾਂ ਅਧਿਆਤਮਕ ਏਕਤਵ (spiritual non dualism) ਪ੍ਰਵਾਨ ਕੀਤਾ ਜਾ ਸਕਦਾ ਹੈ।

ਹਰਬਰਟ ਸਪੈਂਸਰ ਆਪਣੀ ਜਗਤ ਪ੍ਰਸਿੱਧ ਪੁਸਤਕ ਫਸਟ ਪ੍ਰਿੰਸੀਪਲਜ਼ (First Principles) ਵਿਚ ਲਿਖਦਾ ਹੈ ਕਿ ਪਰਮਸਤਿ ਉਹ ਸੱਤਾ ਹੈ ਜਿਸਦਾ ਕਿ ਇਹ ਸੰਸਾਰ ਜ਼ਹੂਰ ਹੈ। ਇਹ ਸਾਥੋਂ ਬਿਲਕੁਲ ਅਗੋਚਰ ਅਤੇ ਮਨੁੱਖੀ ਸਮਝ ਤੋਂ ਪਰ੍ਹੇ ਹੈ। ਇਸ ਆਦਿ ਸੱਤਾ ਨੂੰ ਨਾ ਵਿਗਿਆਨ ਜਾਣ ਸਕਦਾ ਹੈ ਅਤੇ ਨਾ ਹੀ ਮਜ਼ਹਬ ਕਿਉਂਕਿ ਇਹ ਬੁੱਧੀ ਦਾ ਵਿਸ਼ਾ ਨਹੀਂ ਸਗੋਂ ਪਰਾਭੌਤਿਕ ਹੋਣ ਕਰਕੇ ਨਿਰੋਲ ਅਨੁਭਵ ਦਾ ਵਿਸ਼ਾ ਹੈ। ਇਸਨੂੰ ਨਿਰਗੁਣ, ਅਲਖ ਅਤੇ ਅਰੂਪ ਵੀ ਕਿਹਾ ਜਾ ਸਕਦਾ ਹੈ।

ਪਰਮ ਸਤਿ ਦੀ ਸੋਝੀ ਬੌਧਿਕ ਪੱਧਰ ਜਾਂ ਇੰਦ੍ਰਿਆਵੀ ਪਰਤਾਂ ਵਿਚੋਂ ਨਿਹਾਰੀ ਨਹੀਂ ਜਾ ਸਕਦੀ। ਪੂਰਨ ਅਤੇ ਪਰਮ ਦੇ ਸਨਮੁਖ ਬੁੱਧੀ ਅਤੇ ਇੰਦ੍ਰਿਆਵੀ ਗਿਆਨ ਅਧੂਰਾ ਹੈ। ਇਸੇ ਕਰਕੇ ਸਾਹਿਬ ਸ੍ਰੀ ਗੁਰੂ ਦਸਮ ਪਾਤਸ਼ਾਹ ਜੀ ਕਹਿੰਦੇ ਹਨ –

''ਆਪ ਆਪਣੀ ਬੁਧਿ ਹੈ ਜੇਤੀ ਬਰਨਤ ਭਿੰਨ ਭਿੰਨ ਤੁਹਿ ਤੇਤੀ।'' (ਚੌਪਈ)

ਮਾਨਵੀ ਸੂਝ ਇਤਿ (ਇਹ ਵੀ ਹੈ) ਅਤੇ ਨੇਤਿ (ਇਹ ਵੀ ਨਹੀਂ ਹੈ) ਦੇ ਦਵੰਦ ਕਰਕੇ ਪਰਮਸਤਿ ਦੀ ਸੋਝੀ ਪ੍ਰਾਪਤ ਹੀ ਨਹੀਂ ਕਰ ਸਕਦੀ ਅਤੇ ਇਸ ਕਰਕੇ ਉਸ ਲਈ ਪਰਮਸਤਿ ਇਕ ਅਗਾਧ ਬੋਧ ਹੈ। ਬੁੱਧੀ ਮੰਡਲ ਨੂੰ ਮਾਨਵੀ ਸੁਰਤਿ ਅਨੁਭਵ ਦੇ ਖੰਭਾਂ ਰਾਹੀਂ ਪਾਰ ਕਰਦੀ ਹੈ। ਇਥੇ ਨਜ਼ਰ ਨਿਰਤ ਬਣਕੇ ਪਰਮਸਤਾ ਦੇ ਨਜ਼ਾਰੇ ਵੇਖਦੀ ਹੈ ਪਰ ਗੂੰਗੇ ਦੇ ਗੁੜ ਖਾਣ ਵਾਂਗ ਕਥਨ ਨਹੀਂ ਕੀਤੇ ਜਾ ਸਕਦੇ। ਪ੍ਰਤੀਕਾਂ ਦੀ ਭਾਸ਼ਾ ਦੇ ਰਾਜ ਨੂੰ ਜਗਿਆਸੂ ਬਿਰਤੀ ਵਾਲੇ ਲੋਕ ਆਪਣੀ ਆਪਣੀ ਵਿਆਖਿਆ ਦੇ ਜਾਂਦੇ ਹਨ। ਇਹੀ ਕਾਰਣ ਹੈ ਕਿ ਧਰਮਚਿੰਤਨ ਵਿਚ ਪਰਮਸਤਿ ਜੋ ਨਿਰਦਵੰਦ ਜਾਂ ਏਕਤਵ ਹੈ ਨੂੰ ਬਿਆਨ ਕਰਨ ਦੀਆਂ ਅਨੇਕਾਂ ਪਰਤਾਂ ਸਾਹਮਣੇ ਆਉਂਦੀਆਂ ਹਨ। ਜਿਸ ਨੂੰ ਭਾਰਤੀ ਅਤੇ ਸਾਮੀ ਦ੍ਰਿਸ਼ਟੀਕੋਣ ਤੋਂ ਬਿਆਨ ਕਰਨ ਦਾ ਅੱਗੇ ਯਤਨ ਕੀਤਾ ਜਾ ਰਿਹਾ ਹੈ।

## ਭਾਰਤੀ ਚਿੰਤਨ ਅਨੁਸਾਰ ਪਰਮਸੱਤਾ :

**ਵੇਦਾਂ ਅਨੁਸਾਰ ਪਰਮਸੱਤਾ** : ਭਾਰਤੀ ਚਿੰਤਨ ਦਾ ਆਧਾਰ ਵੇਦ ਹਨ ਅਤੇ ਵੇਦਾਂ ਵਿਚ ਪਰਮਸੱਤਾ ਦੀ ਵਿਆਖਿਆ ਨਿੱਠ ਕੇ ਪ੍ਰਗਟ ਨਹੀਂ ਹੋਈ। ਕੇਵਲ ਕੁਝ ਮੰਤ੍ਰਾਂ ਵਿਚ ਸਿਰਫ ਇਸ਼ਾਰੇ ਮਾਤਰ ਬਿਆਨ ਆਉਂਦਾ ਹੈ ਜਿਵੇਂ :-

(1) ਮੂਲ ਸੱਤਾ (Reality) ਇੱਕ ਹੀ ਹੈ। 'ਏਕੰ ਸਤ' (ਰਿਗਵੇਦ 1 : 164: 46)

(2) ਦੇਵਤਿਆਂ ਦਾ ਅਸਲ ਵਿਚ ਇਕ ਹੀ ਸਾਰ ਹੈ। (ਉਹੀ 10:82:3)

(3) ਉਹ ਸੰਸਾਰ ਦੇ ਕਣ ਕਣ ਵਿਚ ਪੂਰੀ ਹੋਂਦ ਵਿਚ ਵਿਆਪਤ ਹੈ ਅਤੇ ਅਨੰਦ ਦੇਣ ਵਾਲਾ ਹੈ ਅਰ ਉਸ ਦੀ ਵਿਆਖਿਆ ਸ਼ਬਦਾਂ ਵਿਚ ਨਹੀਂ ਹੋ ਸਕਦੀ। (ਉਹੀ 10: 121: 1)

(4) ਉਹ ਸਾਰੀ ਸ੍ਰਿਸ਼ਟੀ ਵਿਚ ਰਮਿਆ ਹੋਇਆ ਅਤੇ ਇਸ ਤੋਂ ਪਰ੍ਹੇ ਵੀ ਹੈ। (ਅਥਰਵ ਵੇਦ 10: 8: 44)

ਇਹਨਾਂ ਮੰਤ੍ਰਾਂ ਤੋਂ ਪਰਮ ਸੱਤਾ ਦੀ ਹੋਂਦ ਨੂੰ ਤਾਂ ਸਵੀਕਾਰ ਕੀਤਾ ਗਿਆ ਹੈ ਪਰ ਉਸਦੀ ਸੋਝੀ ਨੂੰ ਮਾਨਵੀ ਕਰਮ ਵਜੋਂ ਸਵੀਕਾਰ ਨਹੀਂ ਕੀਤਾ ਗਿਆ। ਇਸ ਅਸਮਰਥਾ ਦਾ ਪ੍ਰਗਟਾਵਾ ਰਿਗਵੇਦ ਦੇ ਦਸਵੇਂ ਮੰਡਲ ਦੇ 129ਵੇਂ ਮੰਤ੍ਰ (ਜੋ ਨਿਸ਼ੇਧੀ ਕਰਕੇ ਪ੍ਰਸਿੱਧ ਹੈ) ਵਿਚ ਇਹ ਕਹਿ ਕੇ ਕੀਤਾ ਗਿਆ ਹੈ ਕਿ ਪਰਮਸਤਿ ਦਾ ਗਿਆਨ ਸ਼ਾਇਦ ਈਸ਼ਵਰ ਨੂੰ ਵੀ ਨਾ ਹੋਵੇ। ਭਾਵੇਂ ਦੇਵਤਿਆਂ ਦੇ ਨਾਮ ਨੂੰ ਧਾਰਨ ਕਰਨ ਲਈ ਸੱਤਾ ਇਕ ਹੀ ਹੈ ਪਰ ਵੇਦ ਆਧਾਰਿਤ ਚਿੰਤਨ ਵਿਚ ਬਹੁਦੇਵ ਉਪਾਸਨਾ ਭਾਰੂ ਹੋਣ ਕਰਕੇ ਇਸ ਇਕ ਦੀ ਸੱਤਾ ਬਾਰੇ ਨਿੱਠ ਕੇ ਵਿਚਾਰ ਚਰਚਾ ਨਹੀਂ ਹੋਈ ਹੈ।

**ਉਪਨਿਸ਼ਦਾਂ ਵਿਚ ਪਰਮਸਤਿ** :- ਉਪਨਿਸ਼ਦ ਦੇ ਰਿਸ਼ੀਆਂ ਨੇ ਸਤਿ ਦੇ ਸਰੂਪ ਦੀ ਕਈ ਢੰਗਾਂ ਅਤੇ ਉਦਾਹਰਣਾਂ ਰਾਹੀਂ ਵਿਆਖਿਆ ਕੀਤੀ ਹੈ। ਛਾਂਦੋਗਿਯ ਉਪਨਿਸ਼ਦ ਦਾ ਛੇਵਾਂ ਅਧਿਆਇ ਸਤਿ ਦੀ ਵਿਆਖਿਆ ਵਿਸ਼ੇਸ਼ ਰੂਪ ਵਿਚ ਕਰਦਾ ਹੈ। ਇਸ ਵਿਚ ਸਤਿ ਨੂੰ ਏਕਮੇਣ (ਏਕੰ+ਏਵ) ਅਤੇ ਆਦ੍ਵਿਤੀਯੰ ਕਿਹਾ ਗਿਆ ਹੈ। 'ਏਕੰ' ਦਾ ਅਰਥ ਹੈ 'ਇਕ' ਅਤੇ 'ਏਵ' ਦਾ ਅਰਥ 'ਹੀ' ਹੈ। ਆਦ੍ਵਿਤੀਯ ਸ਼ਬਦ ਦਾ ਭਾਵ ਹੈ ਦੂਜੇ ਦੀ ਨਿਖੇਧੀ ਅਰਥਾਤ 'ਦੂਜੇ ਤੋਂ ਬਿਨਾ ਹੋਣਾ'। ਸਤਿ ਸਾਰੇ ਤੱਤਾਂ ਦਾ ਆਧਾਰ ਹੈ ਅਤੇ ਸਾਰੇ ਜਗਤ ਦੀ ਆਤਮਾ ਹੈ। ਇਸੇ ਕਰਕੇ ਸਤਿ ਜਗਤ ਦਾ ਉਪਾਦਾਨ ਅਤੇ ਨਮਿੱਤ ਕਾਰਨ ਵੀ ਹੈ। ਇਸ ਉਪਨਿਸ਼ਦ ਵਿਚ ਸਤਿ ਨੂੰ ਆਤਮਾ ਦਾ ਰੂਪ ਮੰਨਦੇ ਹੋਏ 'ਸਆਤਮਾ' ਅਰਥਾਤ 'ਉਹ ਆਤਮਾ ਹੈ' ਕਿਹਾ ਗਿਆ ਹੈ। ਇਹ ਵਾਕ ਇਸ ਉਪਨਿਸ਼ਦ ਵਿਚ ਨੌਂ ਵਾਰੀ ਆਇਆ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਤਿ ਆਪਣੇ ਸਰੂਪ ਦੇ ਆਧਾਰ ਤੇ ਆਤਮ ਤੱਤ ਤੋਂ ਵੱਖਰਾ ਨਹੀਂ ਹੈ।

ਬ੍ਰਿਹਦਾਰਣਿਅਕ ਅਤੇ ਦੂਜੇ ਉਪਨਿਸ਼ਦਾਂ ਵਿਚ 'ਸਤਯੰ ਬਹ੍ਰਮ' ਵਾਕ ਮਿਲਦਾ ਹੈ। ਇਸ ਵਾਕ ਵਿਚ ਸਤਿ ਅਤੇ ਬ੍ਰਹਮ ਸ਼ਬਦ ਇਕ ਦੂਜੇ ਲਈ ਵਰਤੇ ਗਏ ਹਨ। ਇਸ ਦਾ ਅਰਥ ਇਹ ਹੈ ਕਿ ਬ੍ਰਹਮ ਸਤ ਹੈ ਅਤੇ ਸਤ ਬ੍ਰਹਮ ਹੈ। ਦੋਹਾਂ ਵਿਚ ਕਿਸੇ ਤਰ੍ਹਾਂ ਦਾ ਕੋਈ ਭੇਦ ਨਹੀਂ ਹੈ। ਸਾਰੇ ਉਪਨਿਸ਼ਦਾਂ ਵਿਚ ਇਹ ਧਾਰਨਾ ਪ੍ਰਬਲ ਰੂਪ ਵਿਚ ਸਾਹਮਣੇ ਆਈ ਹੈ ਕਿ ਮੂਲ ਸੱਤਾ (Supreme Power) ਹੀ ਬ੍ਰਹਮ ਹੈ ਅਤੇ ਇਹੀ ਸਤਿ (Supreme Reality) ਹੈ। ਬ੍ਰਹਮ ਦੇ ਅਸੱਤ ਹੋਣ ਦੀ ਤਾਂ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਅਸਤ ਸ਼ਬਦ ਦੇ ਅਰਥ ਅਣਹੋਂਦ ਹਨ। ਤੈਤਿਰੀਯ ਉਪਨਿਸ਼ਦ (11.6) ਵਿਚ ਕਿਹਾ ਗਿਆ ਹੈ ਕਿ ਜਿਹੜਾ ਵਿਅਕਤੀ ਬ੍ਰਹਮ ਨੂੰ ਅਸਤ ਸਮਝਦਾ ਹੈ, ਉਹ ਆਪ ਹੀ ਅਸਤ ਹੋ ਜਾਂਦਾ ਹੈ ਅਤੇ ਜਿਹੜਾ ਵਿਅਕਤੀ ਬ੍ਰਹਮ ਦੀ ਹੋਂਦ ਨੂੰ ਸਵੀਕਾਰ ਕਰਦਾ ਹੈ, ਉਹ ਉਸਦੀ ਸੱਤਾ ਨੂੰ ਜਾਣਦਾ ਹੈ।

ਛਾਂਦੋਗਿਯ ਉਪਨਿਸ਼ਦ ਦੇ ਛੇਵੇਂ ਅਧਿਆਇ ਵਿਚ ਸਤਿ ਦੀ ਜੋ ਪਰਿਭਾਸ਼ਾ ਪ੍ਰਗਟ ਹੋਈ ਹੈ, ਉਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਜਦੋਂ ਸਤ ਤਿੰਨ ਦੇਵਤਿਆਂ ਜਾਂ ਮੂਲ ਤੱਤਾਂ ਦੀ ਰਚਨਾ ਕਰਦਾ ਹੈ ਤਾਂ ਉਹ ਸੋਚਦਾ ਹੈ ਕਿ ਮੈਂ ਇਨ੍ਹਾਂ ਤਿੰਨ ਦੇਵਤਿਆਂ ਵਿਚ ਜੀਵਾਤਮਾ ਦੇ ਰੂਪ ਵਿਚ ਪ੍ਰਵੇਸ਼ ਕਰਕੇ ਨਾਮ ਅਤੇ ਰੂਪ ਦੀ ਅਭਿਵਿਅਕਤੀ ਕਰਦਾ ਹਾਂ। ਇਵੇਂ ਪਰਮ ਸੱਤਾ ਆਪ ਹੀ ਜੀਵ ਰੂਪ ਧਾਰਨ ਕਰਦੀ ਹੈ (ਪ੍ਰਾਣ, ਮਨ, ਇੰਦ੍ਰੀਆਂ ਅਤੇ ਬੁੱਧੀ ਵਿਚ ਪ੍ਰਤਿਭਾਸ਼ਿਤ ਚੇਤਨਾ ਤੱਤ ਜੀਵ ਹੈ)। ਮੁੰਡਕ ਉਪਨਿਸ਼ਦ ਵਿਚ ਅਮੂਰਤ ਪੁਰਸ਼ ਤੋਂ ਪ੍ਰਾਣ, ਮਨ ਅਤੇ ਸਾਰੀਆਂ ਇੰਦ੍ਰੀਆਂ ਦੀ ਉਤਪਤੀ ਦੱਸੀ ਗਈ ਹੈ (II: 1: 3:)। ਇਸੇ ਕਰਕੇ ਇਹਨਾਂ ਵਿਚ ਜਿਹੜੀ ਚੇਤਨਾ ਵਿਚਰਦੀ ਹੈ, ਉਹੀ ਜੀਵ ਹੈ ਅਤੇ ਉਹ ਪਰਮ ਸੱਤਾ ਤੋਂ ਵੱਖਰੀ ਨਹੀਂ ਹੈ।

ਛਾਂਦੋਗਿਯ ਉਪਨਿਸ਼ਦ ਵਿਚ ਸਤਿ ਨੂੰ ਸਾਰੇ ਤੱਤਾਂ ਦਾ ਸਾਰ-ਤੱਤ ਵੀ ਕਿਹਾ ਗਿਆ ਹੈ। ਸੰਸਾਰ ਵਿਚ ਜਿੰਨੇ ਵੀ ਤੱਤ ਹਨ, ਉਨ੍ਹਾਂ ਨੂੰ ਤਿੰਨ ਰੂਪਾਂ ਸਥੂਲ, ਸੂਖਮ ਅਤੇ ਸੂਖਮ ਦਾ ਵੀ ਸੂਖਮ ਵਿਚ ਵੰਡਿਆ ਜਾ ਸਕਦਾ ਹੈ। ਸੂਖਮ ਦੇ ਵੀ

ਸੂਖਮ ਤੱਤ ਇਸ ਉਪਨਿਸ਼ਦ ਵਿਚ 'ਅਣੀਯਸ' ਕਿਹਾ ਗਿਆ ਹੈ। ਇਹ ਤੱਤਾਂ ਦਾ ਸਾਰ ਹੈ ਕਿ ਇਹੀ ਅੰਤਮ ਸਤਿ ਅਤੇ ਸੱਤਾ ਹੈ। ਇਸੇ ਕਰਕੇ ਪੰਜਾਬੀ ਭਾਸ਼ਾ ਵਿਚ ਸਤਿ ਸ਼ਬਦ ਲਈ 'ਸਾਰ' ਸ਼ਬਦ ਵੀ ਵਰਤਿਆ ਜਾਂਦਾ ਹੈ। ਰਿਸ਼ੀ ਉਦਾਲਕ ਨੇ ਆਪਣੇ ਪੁੱਤਰ ਸਵੇਤਕੇਤੂ ਨੂੰ ਸਤਿ ਦੇ ਸਰੂਪ ਨੂੰ ਸਮਝਾਉਣ ਵਾਸਤੇ ਕਈ ਉਦਾਹਰਣ ਦਿੱਤੇ ਹਨ। ਇਹਨਾਂ ਉਦਾਹਰਣਾਂ ਵਿਚੋਂ ਇਕ ਘੁਲੇ ਹੋਏ ਲੂਣ ਵਾਲੇ ਪਾਣੀ ਦੀ ਉਦਾਹਰਣ ਹੈ। ਉਦਾਲਕ ਕਹਿੰਦਾ ਹੈ ਜਿਵੇਂ ਲੂਣ ਪਾਣੀ ਦੇ ਰੂਪ ਵਿਚ ਘੁਲਿਆ ਹੈ, ਉਸੇ ਤਰ੍ਹਾਂ ਸਤਿ ਵਿਸ਼ਵ ਦੀ ਹਰੇਕ ਜੜ੍ਹ-ਵਸਤੂ ਵਿਚ ਵਿਆਪਕ ਹੈ ਪਰ ਦਿਸਦਾ ਨਹੀਂ, ਸਾਧਨਾ (ਭਗਤੀ) ਰਾਹੀਂ ਉਸਦਾ ਅਨੁਭਵ ਕੀਤਾ ਜਾ ਸਕਦਾ ਹੈ।

ਸਤਿ ਨੂੰ ਸਰਬ ਗਿਆਨ ਵੀ ਮੰਨਿਆ ਗਿਆ ਹੈ। ਛਾਂਦੋਗਿਯ ਉਪਨਿਸ਼ਦ ਦੇ ਛੇਵੇਂ ਅਧਿਆਇ ਦੇ ਪਹਿਲੇ ਖੰਡ ਵਿਚ ਉਦਾਲਕ ਰਿਸ਼ੀ ਸ਼ਵੇਤਕੇਤੂ ਨੂੰ ਪੁੱਛਦਾ ਹੈ : ਕੀ ਤੈਨੂੰ ਉਸ ਆਦੇਸ਼ ਜਾਂ ਉਪਦੇਸ਼ ਦਾ ਪਤਾ ਹੈ ਜਿਸਨੂੰ ਸੁਣੇ ਬਗੈਰ ਹੀ ਸੁਣਿਆ ਜਾਂਦਾ ਹੈ, ਵਿਚਾਰ ਕੀਤੇ ਬਿਨਾਂ ਹੀ ਵਿਚਾਰਿਆ ਜਾਂਦਾ ਹੈ ਅਤੇ ਜਾਣੇ ਬਗੈਰ ਹੀ ਜਾਣਿਆ ਜਾਂਦਾ ਹੈ ? ਸਵੇਤਕੇਤੂ ਨੂੰ ਇਸ ਗਿਆਨ ਬਾਰੇ ਕੋਈ ਜਾਣਕਾਰੀ ਨਹੀਂ ਸੀ। ਰਿਸ਼ੀ ਉਦਾਲਕ ਕਹਿੰਦਾ ਹੈ ਜਿਵੇਂ ਮਿੱਟੀ ਦੇ ਭਾਂਡੇ ਮਿੱਟੀ ਹੀ ਹੁੰਦੇ ਹਨ ਅਤੇ ਮਿੱਟੀ ਦੇ ਗਿਆਨ ਨਾਲ ਮਿੱਟੀ ਦੇ ਬਣੇ ਪਦਾਰਥਾਂ ਦਾ ਆਪੇ ਹੀ ਗਿਆਨ ਹੋ ਜਾਂਦਾ ਹੈ, ਇਵੇਂ ਹੀ ਸਤਿ ਦਾ ਗਿਆਨ ਸਰਬ ਗਿਆਨ ਹੋ ਜਾਂਦਾ ਹੈ ਕਿਉਂਕਿ ਸਾਰੇ ਪਦਾਰਥ ਸਤਿ ਦੀ ਹੀ ਅਭਿਵਿਅਕਤੀ ਹਨ। ਇਸੇ ਨੂੰ ਇਸ ਉਪਨਿਸ਼ਦ ਵਿਚ ਉਦਮੀਥ (ਸ਼ਬਦ ਬ੍ਰਹਮ) ਕਿਹਾ ਗਿਆ ਹੈ।

ਇਵੇਂ ਉਪਨਿਸ਼ਦਾਂ ਵਿਚ ਸਤਿ ਦੀ ਵਿਆਖਿਆ ਅਨੇਕ ਰੂਪਾਂ ਵਿਚ ਖੁਲ੍ਹ ਕੇ ਹੋਈ ਅਤੇ ਸਭ ਤੱਤਾਂ ਦੀ ਸੱਤਾ ਦਾ ਮੂਲ ਆਧਾਰ ਇਸੇ ਨੂੰ ਪ੍ਰਵਾਨ ਕੀਤਾ ਗਿਆ ਹੈ।

**ਬੁਧ ਧਰਮ ਅਨੁਸਾਰ ਪਰਮਸੱਤਾ :**

ਬੁਧ ਧਰਮ ਵਿਚ ਪਰਮਸਤਿ ਲਈ ਨਾ ਬ੍ਰਹਮ ਸ਼ਬਦ ਦੀ ਵਰਤੋਂ ਹੋਈ ਹੈ ਅਤੇ ਨਾ ਹੀ ਪਰਮਸੱਤਾ ਦੀ ਹੋਂਦ ਬਾਰੇ ਕੋਈ ਜ਼ਿਕਰ ਆਇਆ ਹੈ। ਇਹ ਜ਼ਰੂਰ ਹੈ ਕਿ ਮਹਾਯਾਨ ਸ਼ਾਖਾ ਦੇ ਪ੍ਰਵਕਤਾ ਨਾਗਾਰਜੁਨ ਨੇ ਸ਼ੂਨਯ ਨੂੰ ਹੀ ਪਰਮ ਸੱਤਾ ਪ੍ਰਵਾਨ ਕੀਤਾ ਹੈ। ਉਸਨੇ 'ਸਵਭਾਵ ਪਰੀਕਸ਼ਾ' ਨਾਂ ਦੇ ਅਧਿਆਇ ਵਿਚ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਕਾਰ ਵਿਹਾਰ ਜਿਹਨਾਂ ਗੁਣਾਂ ਨੂੰ ਵਸਤੂ ਦਾ ਸੁਭਾਉ ਸਮਝਿਆ ਜਾਂਦਾ ਹੈ ਉਹ ਸਾਰੇ ਕਾਰਣ ਤੋਂ ਉਤਪੰਨ ਹੋਏ ਵਿਚਾਰ ਹੀ ਹਨ। ਨਿਰ-ਸੁਭਾਓ ਹੀ ਵਸਤੂ ਦਾ ਅਧਿਆਤਮਿਕ ਸਰੂਪ ਹੈ ਜਿਸ ਨੂੰ ਮਾਧਿਮਕ ਦਰਸ਼ਨ ਵਿਚ ਸੂਨਯ ਕਿਹਾ ਗਿਆ ਹੈ। ਇਹੋ ਹੀ ਇਕੋ ਇਕ ਸਤਯ ਹੈ, ਤੱਤ ਹੈ। ਇਹ ਨਾ ਯਥਾਰਥ ਹੈ, ਨਾ ਅਯਥਾਰਥ ਅਤੇ ਨਾ ਹੀ ਯਥਾਰਥ-ਅਯਥਾਰਥ ਹੈ, ਨਾ ਹੀ ਇਹਨਾਂ ਦੋਵਾਂ ਤੋਂ ਭਿੰਨ ਹੈ। ਇਹ ਅਸਲ ਵਿਚ ਬੁੱਧੀ ਦੀ ਪਕੜ ਤੋਂ ਪਰ੍ਹੇ ਹੈ ਅਤੇ ਸ਼ਬਦਾਂ ਵਿਚ ਇਸਨੂੰ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ।

ਸੱਤਾ ਦੀ ਹੋਂਦ ਨੂੰ ਨਾਗਾਰਜੁਨ ਨੇ ਦੋ ਪਰਤਾਂ ਵਿਚ ਵੇਖਣ ਦਾ ਯਤਨ ਕੀਤਾ ਹੈ : ਇਕ ਸੰਵਰਿਤੀ ਸਤਯ ਅਤੇ ਦੂਜੀ ਪਰਮਾਰਥ ਸਤਯ। ਸੰਸਾਰ ਵਿਚ ਰਹਿਣ ਲਈ ਸਰੀਰ ਧਾਰਨ ਕਰਨਾ ਪੈਂਦਾ ਹੈ ਅਤੇ ਸੰਸਾਰ ਦੀਆਂ ਵਸਤੂਆਂ ਨਾਲ ਕਾਰ ਵਿਹਾਰ ਕਰਨਾ ਪੈਂਦਾ ਹੈ। ਇਹ ਸੰਵਰਿਤੀ ਜਾਂ ਲੋਕਸਤਯ ਹੈ। ਇਹ ਪਰਮਾਰਥ ਸਤਯ ਤੇ ਪਰਦਾ ਪਾਉਂਦਾ ਹੈ। ਇਸੇ ਨੂੰ ਅਵਿੱਦਿਆ, ਮੋਹ, ਰਾਗ, ਭਰਮ ਆਦਿ ਕਿਹਾ ਜਾਂਦਾ ਹੈ। ਅਧਿਆਤਮਕ ਦ੍ਰਿਸ਼ਟੀ ਤੋਂ ਲੋਕਸਤਯ ਮਾਇਆ, ਸੁਪਨਾ ਗੰਧਰਵ-ਨਗਰ ਦੇ ਵਾਂਗ ਮਿਥਿਆ ਹੈ। ਇਹ ਬੁੱਧੀ ਰਾਹੀਂ ਜਾਣਿਆ ਜਾਂਦਾ ਹੈ।

ਪਰਮਾਰਥ ਸਤਯ ਨਿਰਵਾਨ ਹੈ। ਇਹ ਸਤਯ ਸਭ ਧਰਮਾਂ ਗੁਣਾਂ ਤੋਂ ਮੁਕਤ ਹੈ। ਇਹ ਨਿਰ-ਸੁਭਾਉ ਹੈ। ਇਸੇ ਨੂੰ ਸੁਨਯਤਾ, ਤਥਤ, ਭੂਤਕੋਟਿ, ਧਰਮਧਾਤੂ ਆਦਿ ਕਿਹਾ ਜਾਂਦਾ ਹੈ। ਸੁਭਾਓ ਤੋਂ ਮੁਕਤ ਹੋਣਾ ਹੀ ਪਰਮਸੱਤਾ ਨਾਲ ਅਭੇਦ ਹੈ।

**ਜੈਨ ਦਰਸ਼ਨ ਅਨੁਸਾਰ :**

ਜੈਨ ਦਰਸ਼ਨ ਵਿਚ ਸਤਿ (Reality) ਨੂੰ ਯਥਾਰਥਕਤਾ ਜਾਂ ਦ੍ਰਵ ਸ਼ਬਦ ਰਾਹੀਂ ਅਭਿਵਿਅਕਤ ਕਰਦੇ ਹੋਏ ਇਸ ਨੂੰ ਨਿੱਤ ਪਲ ਭਰੀ ਅਤੇ ਭਿੰਨ ਭਿੰਨ ਰੂਪਾਂ ਵਿਚ ਨਿੱਤ ਅਤੇ ਅਨਿੱਤ ਦੋਵੇਂ ਸਵੀਕਾਰ ਕੀਤਾ ਹੈ। ਇਸ ਦਰਸ਼ਨ ਵਿਚ ਇਹ ਗੱਲ ਵੀ ਆਈ ਹੈ ਕਿ ਯਥਾਰਥਤਾ (Reality being) ਸਦੈਵ ਪਰਿਵਰਤਨ ਸ਼ੀਲ ਹੈ ਪਰ ਫਿਰ ਵੀ ਇਸਦਾ ਆਪਣਾਪਨ ਕਦੀ ਨਸ਼ਟ ਨਹੀਂ ਹੁੰਦਾ। ਇਹ ਅਪਣਾਪਨ ਉਤੱਪਤੀ ਅਤੇ ਕਾਰਜ ਵਿਚ ਖਰਚ ਹੁੰਦੇ ਹੋਏ ਵੀ ਸਦਾ ਮੌਜੂਦ ਰਹਿੰਦਾ ਹੈ। ਇਸੇ ਗੱਲ ਨੇ ਜੈਨ ਮਤ ਵਿਚ ਅਨੇਕਵਾਦ ਦੇ ਸਿਧਾਂਤ ਨੂੰ ਸਥਾਪਤ ਕੀਤਾ ਹੈ। ਜੈਨ ਦਰਸ਼ਨ ਇਸ ਗੱਲ ਤੇ ਵੀ ਜ਼ੋਰ ਦਿੰਦਾ ਹੈ ਕਿ ਹਰ ਪਦਾਰਥ ਦੇ ਦੋ ਹਿੱਸੇ ਹਨ : ਇਕ ਸ਼ਾਸਵਤ (ਅਮਰ/ਨਿੱਤ) ਅਤੇ ਦੂਜਾ

ਅਨਸ਼ਾਸਵਤ (ਅਨਿੱਤ)। ਸ਼ਾਸਵਤ ਅੰਸ਼ ਕਾਰਨ ਹੀ ਹਰ ਵਸਤੂ ਨਿੱਤ ਹੈ ਅਤੇ ਅਨਸ਼ਾਸਵਤ ਅੰਸ਼ ਕਰਕੇ ਬਿਨਸ ਜਾਂਦੀ ਹੈ।

**ਖਟ ਦਰਸ਼ਨ ਅਨੁਸਾਰ** :- ਖਟ ਦਰਸ਼ਨ (ਸਾਂਖ ਯੋਗ, ਵੈਸ਼ੇਸਕ, ਨਿਆਇ, ਮੀਮਾਂਸਾ, ਵੇਦਾਂਤ) ਚੇਤੰਨ ਤਤ ਸਤਿ ਨੂੰ ਪੁਰਸ਼ ਅਤੇ ਅਚੇਤਨ ਸਤਿ ਨੂੰ ਪ੍ਰਕ੍ਰਿਤੀ ਮੰਨਿਆ ਗਿਆ ਹੈ। ਇਥੇ ਵੀ ਸਤਿ ਦੀ ਨਿਰਦਵੰਦ ਤੇ ਏਕਤਵ ਹੋਂਦ ਤੋਂ ਹਟ ਕੇ ਦੋ ਸੁਤੰਤਰ ਹੋਂਦਾਂ ਨੂੰ ਸਵੀਕਾਰ ਕੀਤਾ ਗਿਆ ਹੈ।

**ਵੇਦਾਂਤ ਅਨੁਸਾਰ** :- ਵੇਦਾਂਤ ਦਰਸ਼ਨ ਵਿਚ ਸੱਤਾ (supreme Reality) ਦੇ ਤਿੰਨ ਰੂਪ ਮੰਨੇ ਗਏ ਹਨ : ਪ੍ਰਾਤਿਭਾਸ਼ਿਕ ਸੱਤਾ, ਵਿਵਹਾਰਿਕ ਸੱਤਾ, ਅਤੇ ਪਰਮਾਰਥਿਕ ਸੱਤਾ। ਵੇਦਾਂਤੀਆਂ ਅਨੁਸਾਰ ਜਦੋਂ ਕਿਸੇ ਵਿਅਕਤੀ ਨੂੰ ਰੱਸੀ ਦੇ ਟੁਕੜੇ ਵਿਚ ਸੱਪ ਦਾ ਭਰਮ ਹੁੰਦਾ ਹੈ ਤਾਂ ਇਥੇ ਰੱਸੀ ਵਿਚ ਸੱਪ ਦੀ ਸੱਤਾ ਨੂੰ ਪ੍ਰਾਤਿਭਾਸ਼ਿਕ ਸੱਤਾ ਕਿਹਾ ਜਾਂਦਾ ਹੈ। ਜਦੋਂ ਵਿਅਕਤੀ ਰੱਸੀ ਨੂੰ ਰੱਸੀ ਅਤੇ ਸੱਪ ਨੂੰ ਸੱਪ ਸਮਝਦਾ ਹੈ ਤਾਂ ਇਥੇ ਰੱਸੀ ਅਤੇ ਸੱਪ ਦੀ ਸੁਤੰਤਰ ਸੱਤਾ ਨੂੰ ਵਿਵਹਾਰਿਕ ਸੱਤਾ ਮੰਨਿਆ ਜਾਂਦਾ ਹੈ। ਜਗਤ ਦੀ ਹਰ ਵਸਤੂ ਵਿਵਹਾਰ ਵਿਚ ਸਤਿ ਹੈ। ਪਰਮਾਰਥ ਸੱਤਾ ਪੂਰਨ ਸੱਚ ਨੂੰ ਵਿਖਾਉਣ ਵਾਲੀ ਸੱਤਾ ਹੈ। ਜਿਵੇਂ ਮਿੱਟੀ ਦਾ ਘੜਾ ਵਿਵਹਾਰ ਵਿਚ ਘੜਾ ਵੀ ਹੁੰਦਾ ਹੈ ਪਰ ਪਰਮਾਰਥ ਵਿਚ ਉਹ ਮਿੱਟੀ ਹੀ ਹੈ। ਇਵੇਂ ਹੀ ਸੋਨੇ ਦੇ ਗਹਿਣੇ ਜਦ ਸਰਾਫ ਪਾਸ ਜਾਂਦੇ ਹਨ ਤਾਂ ਉਸਦੀ ਨਜ਼ਰ ਗਹਿਣੇ ਦੇ ਆਕਾਰ ਨੂੰ ਨਹੀਂ ਦੇਖਦੀ ਸਗੋਂ ਸੋਨੇ ਦੀ ਪਰਖ ਕਰਦੀ ਹੈ। ਇਵੇਂ ਹੀ ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਜਗਤ ਦੇ ਰੂਪ-ਰੰਗ, ਆਕਾਰ ਪ੍ਰਕਾਰ, ਸੁੰਦਰਤਾ ਆਦਿ ਉੱਪਰ ਨਹੀਂ ਟਿੱਕਦੀ ਸਗੋਂ ਪਰਮਾਰਥ ਤੱਤ ਉੱਪਰ ਟਿੱਕਦੀ ਹੈ। ਪਰਮਾਰਥ ਸੱਤਾ ਆਪ ਬ੍ਰਹਮ ਸਰੂਪ ਹੈ ਜਦਕਿ ਬਾਕੀ ਦੀਆਂ ਦੋਵੇਂ ਸੱਤਾ ਮਾਇਆਵਾਦੀ ਰਚਨਾ ਹਨ। ਬ੍ਰਹਮ ਦੀ ਸੱਤਾ ਹੀ ਸਭ ਦੀ ਸੱਤਾ ਦਾ ਆਧਾਰ ਹੈ। ਇਵੇਂ ਬ੍ਰਹਮ ਪਰਮਾਰਥ ਵਿਚ ਸਤਿ ਹੈ ਅਤੇ ਇਸ ਉੱਪਰ ਦੇਸ਼-ਕਾਲ ਦਾ ਕੋਈ ਪ੍ਰਭਾਵ ਨਹੀਂ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਭਾਰਤੀ ਚਿੰਤਨ ਵਿਚ ਸਤਿ ਨੂੰ ਬਿਆਨ ਕਰਦੀਆਂ ਅਨੇਕਾਂ ਪਰਤਾਂ ਸਾਹਮਣੇ ਆਉਂਦੀਆਂ ਹਨ। ਇਹ 'ਆਪ ਆਪਨੀ ਬੁਧਿ ਹੈ ਜੇਤੀ ਬਰਨਤ ਭਿੰਨ ਭਿੰਨ ਤੁਹਿ ਤੇਤੀ' ਕਰਕੇ ਸਤਿ ਦੀ ਏਕਤਵ ਨੂੰ ਸਾਹਮਣੇ ਲਿਆਉਣ ਦੀ ਥਾਂ ਦਵੈਤ ਰੂਪ ਵਿਚ ਨਿਹਾਰਦੀਆਂ ਹਨ। ਬੌਧਿਕ ਪੱਧਰ ਤੇ ਜਿਥੇ ਸਤਿ ਨੂੰ ਬਿਆਨ ਕਰਨ ਦਾ ਅੰਸ਼ਕ ਪ੍ਰਗਟਾਵਾ ਹੋਇਆ ਹੈ, ਉਥੇ ਸਤਿ ਨੂੰ ਏਕਤਵ ਦੀ ਥਾਂ ਦਵੈਤ ਜਾਂ ਪਰਤਾਂ ਵਿਚ ਵੇਖਣ ਦੀ ਸੀਮਾ ਕਰਕੇ ਹੀ ਛੇ ਦਰਸ਼ਨਾਂ ਅਤੇਅਨੇਕਾਂ ਮਤਾਂ-ਮਤਾਂਤਰਾ ਦਾ ਜਨਮ ਹੋਇਆ ਹੈ ਜੋ ਆਪਣੀ ਸੀਮਾ ਅਤੇ ਦ੍ਰਿਸ਼ਟੀਕੋਣ ਤੋਂ ਸਤਿ ਨੂੰ ਪਛਾਨਣ ਦਾ ਯਤਨ ਕਰਦੇ ਹਨ। ਇਸੇ ਕਰਕੇ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ :

'ਏਕੁ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।'

**ਗੁਰਮਤਿ ਚਿੰਤਨ ਵਿਚ ਪਰਮਸੱਤਾ** :- ਭਗਤੀ ਮਾਰਗ ਵਿਚੋਂ ਪਰੋੜ ਹੋਏ ਗੁਰਮਤਿ ਚਿੰਤਨ ਅਨੁਸਾਰ ਸਤਿ ਨਿਰਦਵੰਦ ਜਾਂ ਏਕਤਵ ਹੈ। ਸਾਰਾ ਉਦਕਰਖਣ ਇਕ ਹੀ ਸੱਤਾ ਦਾ ਹੀ ਪਸਾਰਾ ਹੈ ਅਤੇ ਸਾਰੇ ਪਸਾਰੇ ਨੇ ਇਕ ਵਿਚ ਅਕਰਥ ਹੋ ਜਾਣਾ ਹੈ। ਅੰਤਿਮ ਸਤਿ ਇਕ ਹੈ ਅਤੇ ਇਸ ਨੂੰ '੧ਓ' ਜਾਂ ਅਧਿਆਤਮ ਏਕਤਵ ਪ੍ਰਵਾਨ ਕੀਤਾ ਗਿਆ ਹੈ। ਇਸ ਏਕਤਵ ਸਤਿ ਦੇ ਪ੍ਰਕਾਸ਼ਨ ਦੇ ਵੱਖ ਵੱਖ ਸੰਦਰਭ ਹੋ ਸਕਦੇ ਹਨ ਜਿਵੇਂ ਬ੍ਰਹਮ, ਆਤਮਾ ਅਤੇ ਜਗਤ ਪਰ ਇਹ ਅੰਤਿਮ ਸਤਿ ਪਾਰ ਬ੍ਰਹਮ ਅਕਾਲ ਪੁਰਖ ਹੀ ਹੈ। ਇਸ ਦਾ ਪਰਮ ਧਰਮ (ਗੁਣ) ਸਤਿ-ਚਿਤ-ਅਨੰਦ ਹੈ। ਗੁਰੂ ਨਾਨਕ ਦੇਵ ਜੀ ਨੇ ਓਅੰਕਾਰ ਨਾਲ ਜੋ ਇਕ (੧) ਲਾਇਆ ਹੈ, ਉਹ ਗਣਿਤ ਵਾਲਾ ਇਕ ਨਹੀਂ, ਸਗੋਂ ਇਸ ਇਕ ਤੋਂ ਭਾਵ ਉਹ 'ਇੱਕ' ਹੈ ਜੋ ਪ੍ਰਚਲਿਤ ਪ੍ਰਾਭੌਤਿਕਤਾ (metaphysics) ਅਨੁਸਾਰ ਪਛਾਣਿਆ ਜਾਂਦਾ ਹੈ। ਇਹ ਅਨਾਦਿ ਤੇ ਅਨੰਤ ਹੈ, ਜੋ ਵੇਦਾਂਤ ਆਧਾਰਿਤ ਭਾਰਤੀ ਚਿੰਤਨ ਪਰੰਪਰਾ ਦੀ ਨਿਰੰਤਰਤਾ ਵਿਚ ਪ੍ਰਸਤੁਤ ਪਰਮ ਸਤਿ। ਪਰਮ ਸੱਤਾ ਨੂੰ ਗੁਰਮਤਿ ਵਿਚਾਰਧਾਰਾ ਦੇ ਪ੍ਰਸੰਗ ਵਿਚ ਵੇਖੀਏ ਤਾਂ ਇਸਦਾ ਨਿਆਰਾ ਸੰਕਲਪ ਸਾਹਮਣੇ ਆਉਂਦਾ ਹੈ। ਵੇਦਾਂਤ ਅਨੁਸਾਰ ਸਤਿ ਉਹ ਹਸਤੀ ਹੈ ਜੋ ਭਿੰਨ ਕਾਲਾਂ (ਭੂਤ, ਵਰਤਮਾਨ, ਭਵਿੱਖ) ਵਿਚ ਸਦਾ-ਸਥਿਰ ਹੈ। ਡਾ. ਜਸਬੀਰ ਸਿੰਘ ਆਹਲੂਵਾਲੀਆ ਦੀ ਟਿੱਪਣੀ ਇਸ ਪੱਖੋਂ ਕਾਫੀ ਮਹੱਤਵ ਰੱਖਦੀ ਹੈ ਕਿ ਵੇਦਾਂਤਕ ਬ੍ਰਹਮ (ਪਰਮਸੱਤਾ) ਸਰਬ ਕਾਲੀ ਹਸਤੀ ਹੈ, ਕਾਲੋ ਤੋਂ ਪਰੇ (transcendent) । ਇਸਦੀ ਕੋਈ ਹੋਂਦ ਨਹੀਂ। ਇਸੇ ਆਧਾਰ ਤੇ ਵੇ ਦਾਂਤ ਦਰਸ਼ਨ religion of substance ਹੈ। ਗੁਰਮਤਿ ਕਿਉਂਕਿ Religion of spirit ਹੈ। ਇਸੇ ਕਰਕੇ ਇਥੇ ਪਰਮ ਸੱਤਾ ਸਥਾਨਗਤ ਕਾਲ ਵਿਚ ਸਰਬ ਕਾਲੀ ਸਤਿ ਨਹੀਂ, ਕਾਲੋ-ਪਰੇ (transcendental) ਹਸਤੀ ਹੈ।

ਇਹ ਪਰਮ ਹਸਤੀ ਕਿਰਿਆਸ਼ੀਲ ਹੈ ਇਸੇ ਕਰਕੇ ਗੁਰੂ ਨਾਨਕ ਦੇਵ ਜੀ ਨੇ ਇਸਨੂੰ 'ਕਰਤਾ ਪੁਰਖ' ਕਿਹਾ ਹੈ। ਵੇਦਾਂਤਕ ਪਰਮਸੱਤਾ ਸਤਿ ਚਿੱਤ-ਅਨੰਦ ਤਾਂ ਹੈ ਪਰ ਕਰਤਾ ਨਹੀਂ। ਪਰਮ ਸੱਤਾ ਨੂੰ ਅਕਾਲ ਪੁਰਖ ਕਹਿਣਾ ਇਸਦਾ ਨਿਵੇਕਲਾ ਸੰਦਰਭ ਸਥਾਪਤ ਕਰਦੀ ਹੈ। ਇਹ ਅਕਾਲ ਪੁਰਖ ਗੁਰੂ ਗੋਬਿੰਦ ਸਿੰਘ ਜੀ ਰਾਹੀਂ ਖਾਲਸਾ ਪੰਥ ਨਾਲ ਸਮਰੂਪ ਹੋ ਕੇ ਇਤਿਹਾਸ ਵਿਚ ਕਿਰਿਆਸ਼ੀਲ ਹੁੰਦਾ ਹੈ। ਇਸੇ ਕਰਕੇ ਖਾਲਸਾ ਅਕਾਲ ਪੁਰਖ ਦੀ ਫੌਜ ਹੈ ਜਾਂ ਫਿਰ ਭਾਈ ਪ੍ਰਹਿਲਾਦ ਸਿੰਘ ਦੇ ਸ਼ਬਦਾਂ ਵਿਚ –

'ਅਕਾਲ ਪੁਰਖ ਕੀ ਸੂਰਤਿ ਏਹਾ
ਪ੍ਰਗਟਿ ਅਕਾਲ ਖਾਲਸਾ ਦੇਹਾ।'

ਇਸੇ ਤਰ੍ਹਾਂ ਸਿੱਖ ਫਲਸਫੇ ਵਿਚ ਪਰਮ ਹਸਤੀ 'ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਹੈ। ਇਥੇ ਆਦਿ ਤੇ ਜੁਗਾਦਿ ਦੋ ਵੱਖ ਵੱਖ ਸੰਕਲਪ ਹਨ। ਆਦਿ ਪੂਰਵ-ਕਾਲੀਨ (ਕਾਲ-ਮੁਕਤ) ਅਵਸਥਾ ਵਲ ਸੰਕੇਤ ਹੈ। ਭਾਵ ਉਹ ਅਫੁਰ ਅਵੱਸਥਾ ਜਦੋਂ ਕਾਲ ਹੋਂਦ ਵਿਚ ਨਹੀਂ ਸੀ ਉਦੋਂ ਵੀ ਸਤਿ ਸੀ। ਜੁਗਾਦਿ ਸਚੁ ਕਾਲ ਦੇ ਆਗਮਨ (ਜੁਗਾਂ ਦੇ ਆਰੰਭ) ਦਾ ਸੰਕੇਤ ਹੈ। ਗੁਰਬਾਣੀ ਵਿਚ ਵਰਤੇ ਸੁੰਨ ਅਤੇ ਨਿਰਗੁਣ ਸ਼ਬਦ ਸਮਾਨ ਅਰਥੀ ਨਹੀਂ। ਸੁੰਨ ਪੂਰਵ–ਕਾਲੀਨ ਅਵਸਥਾ ਹੈ ਜਦਕਿ ਨਿਰਗੁਣ ਅਵਸਥਾ ਕਾਲ ਰਚਨਾ ਉਪਰੰਤ ਪਰਮ ਹਸਤੀ ਦੀ ਆਪਣੇ ਆਪ ਵਿਚ ਹੋਂਦ (in-itself Being) ਹੈ ਜਿਸਨੂੰ ੧ੴ ਕਿਹਾ ਗਿਆ ਹੈ। ਸੋ ਇਸ ਪ੍ਰਕਾਰ ਪਰਮ ਹਸਤੀ ਦੀ ਪਰਾ–ਸਾਮਿਅਕਤਾ ਇਸਨੂੰ ਅਕਾਲ ਪੁਰਖ (Transcendental spirit) ਹੋਣ ਦਾ ਨਿਆਰਾ ਸੰਕਲਪ ਦਿੰਦੀ ਹੈ। ਅਕਾਲ-ਪੁਰਖ ਕਰਤਾ ਹੈ ਪਰ ਰਚਨਾ ਤੇ ਜੀਵ ਨਾਲ ਨਾਮ-ਰੂਪ ਸਬੰਧ ਰਖਦਾ ਹੈ। ਇਹ ਕੇਵਲ ਚੇਤਨਾ ਹੀ ਨਹੀਂ ਸ੍ਵੈ-ਚੇਤਨ ਵੀ, ਸਿਰਫ ਅਨੰਦ ਹੀ ਨਹੀਂ, ਅਨੰਦ ਦਾਤਾ ਵੀ ਹੈ। ਆਪ ਸਚੁ ਹੀ ਨਹੀਂ ਸਚਿਆਰਾ ਹੋਣ ਦਾ ਲਕਸ਼ ਵੀ ਰੱਖਦਾ ਹੈ।

**(ਅ) ਸਾਮੀ ਚਿੰਤਨ ਵਿਚ ਪਰਮ ਸਤਾ** :– ਸਾਮੀ ਚਿੰਤਨ ਇਕ ਨਿਵੇਕਲੀ ਦਾਰਸ਼ਨਿਕ (ਸਿੱਧਾਂਤਕ) ਦ੍ਰਿਸ਼ਟੀ ਰਖਦਾ ਹੈ ਜੋ ਯਹੂਦੀ, ਈਸਾਈ, ਇਸਲਾਮ ਅਤੇ ਪਾਰਸੀ ਧਰਮਾਂ ਵਿਚੋਂ ਵੇਖੀ ਜਾ ਸਕਦੀ ਹੈ। ਗੁਰੂ ਸਾਹਿਬਾਨ ਨੇ ਇਸ ਵਿਚਾਰਧਾਰਾ ਲਈ ਸਰਬ ਸਾਂਝਾ ਸ਼ਬਦ ਤੁਰਕੀ ਵਰਤਿਆ ਹੈ ਅਤੇ ਇਹਨਾਂ ਦੇ ਧਰਮ ਗ੍ਰੰਥਾਂ ਨੂੰ ਕਤੇਬ ਕਿਹਾ ਹੈ। (ਜਿਵੇਂ ਭਾਰਤੀ ਚਿੰਤਨ ਨੂੰ ਵੇਦ ਕਿਹਾ ਹੈ) ਕਤੇਬਾਂ ਚਾਰ ਹਨ : ਤੌਰੇਤ, ਅੰਜੀਲ, ਕੁਰਾਨ ਅਤੇ ਅਵੇਸਤਾ ਸਾਮੀ ਧਰਮਾਂ ਦਾ ਮੁੱਢ ਯਹੂਦੀ ਕੌਮ ਵਿਚੋਂ ਬੱਝਾ ਹੈ। ਜੋ 2200 ਪੂਰਵ-ਈਸਵੀ ਵਿਚ ਸੁਮੀਰੀਆ ਤੋਂ ਆ ਕੇ ਫਲਸਤੀਨ ਵਿਖੇ (ਇਸਰਾਈਲ) ਵਸੇ ਸਨ।

**ਯਹੂਦੀ ਧਰਮ ਵਿਚ ਪਰਮ ਸੱਤਾ :–**

ਯਹੂਦੀਆਂ ਨੇ ਪਰਮ ਸੱਤਾ ਨੂੰ ਇਕ ਮੰਨਦੇ ਹੋਏ ਇਸ ਨੂੰ 'ਯਹੋਵਾ' ਦਾ ਨਾਮ ਦਿੱਤਾ ਹੈ। ਉਨ੍ਹਾਂ ਨੇ ਪਰਮ ਸੱਤਾ ਨੂੰ ਇਕ ਨਿੱਜੀ ਦੇਵਤੇ ਦੇ ਰੂਪ ਵਿਚ ਸਥਾਪਤ ਕਰਦੇ ਹੋਏ ਇਸਨੂੰ 'ਈਰਖਾਲੂ ਰੱਬ' ਵੀ ਕਿਹਾ ਹੈ ਜੋ ਆਪਣੇ ਮੁਕਾਬਲੇ ਤੇ ਕਿਸੇ ਹੋਰ ਦੀ ਪੂਜਾ ਪਸੰਦ ਨਹੀਂ ਕਰਦਾ। ਇਸ ਨੂੰ ਪਵਿੱਤਰ, ਜਗਤ ਰਚਨਾ ਤੋਂ ਨਿਰਲੇਪ ਦਸਿਆ ਗਿਆ ਹੈ। ਯਹੂਦੀਆਂ ਦਾ ਪਰਮਸੱਤਾ ਪ੍ਰਤੀ ਨਜ਼ਰੀਆ Personal God ਵਾਲਾ ਹੋਣ ਕਰਕੇ ਇਸ ਨੂੰ ਸਿਰਫ ਯਹੂਦੀਆਂ ਦਾ ਪਰਵਦਗਾਰ ਮੰਨਦੇ ਹਨ। ਇਸੇ ਕਰਕੇ ਯਸਾਯਾਹ ਨੇ ਉਸਨੂੰ ਇਸਰਾਈਲ ਦਾ ਪਵਿੱਤਰ ਕਹਿ ਕੇ ਯਾਦ ਕੀਤਾ ਹੈ।

ਪਰਮ ਸੱਤਾ ਬਾਰੇ ਪੁਰਾਣੇ ਅਹਿਦ (old Testament) ਵਿਚ ਇਸ ਪ੍ਰਕਾਰ ਜ਼ਿਕਰ ਆਇਆ ਹੈ :

(i) "Holy holy holy!
The Lord Almighty is holy,
His glory fills the word." (ISAIAH 6/3)

(ਭਾਵ ਪਵਿੱਤਰ, ਪਵਿੱਤਰ, ਪਵਿੱਤਰ ਸੈਨਾ ਦਾ ਯਹੋਵਾ ਪਵਿੱਤਰ, ਸਾਰੀ ਧਰਤੀ ਉਸਦੇ ਪ੍ਰਤਾਪ ਨਾਲ ਭਰੀ ਪਈ ਹੈ।)

(ii) ਸ੍ਰਿਸ਼ਟੀ ਦਾ ਕਰਤਾ, ਰਚਿਤਾ ਤੇ ਮਾਲਕ :

"I am the one who made the earth and created mankind to live there.

By my power I stretched out the heaven I control the sun, the moon and stars." (ISAIAH 45/12)

(ਭਾਵ ਮੈਂ ਹੀ ਸਾਰੀ ਧਰਤੀ ਨੂੰ ਬਣਾਇਆ ਅਤੇ ਉਸ ਉਪਰ ਮਨੁੱਖਾਂ ਦੀ ਸਿਰਜਣਾ ਕੀਤੀ ਹੈ। ਮੈਂ ਹੀ ਆਪਣੇ ਹੱਥਾਂ ਨਾਲ ਅਕਾਸ਼ ਨੂੰ ਤਾਣਿਆ ਹੈ। ਸੂਰਜ, ਚੰਦ ਤੇ ਤਾਰਿਆਂ ਉੱਪਰ ਮੇਰਾ ਹੀ ਨਿਯੰਤਰਣ ਹੈ)

"God is the one who made the mountain and created the winds. He makes his thought known to man. He changes day into night. He walks on the heights of the earth. This is his name : The Lord God Almighty !"
(Amos/4/13)

(ਭਾਵ ਦੇਖੋ, ਪਹਾੜਾਂ ਨੂੰ ਬਣਾਉਣ ਵਾਲਾ ਅਤੇ ਹਵਾਵਾਂ ਦਾ ਸਿਰਜਣਹਾਰ, ਮਨੁੱਖ ਨੂੰ ਉਸਦੇ ਮਨ ਦਾ ਵਿਚਾਰ ਦਸਣ ਵਾਲਾ ਅਤੇ ਸਵੇਰ ਨੂੰ ਅੰਧਕਾਰ ਵਿਚ ਬਦਲਣ ਵਾਲਾ ਅਤੇ ਜੋ ਪ੍ਰਿਥਵੀ ਦੇ ਉੱਚੇ ਸਥਾਨਾਂ ਤੇ ਵਿਚਰਣ ਵਾਲਾ ਹੈ, ਉਸ ਦਾ ਨਾਮ ਪਰਮੇਸਰ ਯਹੋਵਾ ਹੈ।)

"The lord made the stars,
The pleiades and Orion.
He turns darkness into daylight and
day into night.
He calls for the waters of the sea and pours them out on earth.
His name is the Lord. (Amos 5/8)

(ਭਾਵ ਜੋ ਤਾਰਿਆਂ ਨੂੰ ਬਣਾਉਣ ਵਾਲਾ ਹੈ, ਜੋ ਘੋਰ ਅੰਧਕਾਰ ਨੂੰ ਸਵੇਰ ਦਾ ਪ੍ਰਕਾਸ਼ ਬਣਾਉਂਦਾ ਹੈ, ਜੋ ਦਿਨ ਨੂੰ ਅੰਧਕਾਰ ਕਰਕੇ ਰਾਤ ਬਣਾ ਦਿੰਦਾ ਹੈ ਅਤੇ ਸਮੁੰਦਰ ਦਾ ਜਲ ਥਲ ਤੋਂ ਉੱਪਰ ਬਹਾ ਦਿੰਦਾ ਹੈ, ਉਸਦਾ ਨਾਮ ਯਹੋਵਾ ਹੈ)

**(iii) ਪਰਮਸਤਾ ਸੰਘਾਰ ਕਰਤਾ :-**

"The Lord is going to devastate the earth and leave it desolate. He will twist the earth's surface and scatter its people." (ISAIAH 24/1)

(ਯਹੋਵਾ ਪ੍ਰਿਥਵੀ ਨੂੰ ਨਿਰਜਿੰਦੀ ਅਤੇ ਸੁੰਨਸਾਨ ਕਰ ਦੇਵੇਗਾ, ਉਹ ਉਸਨੂੰ ਉਲਟਾ ਕੇ ਉਸ ਉਪਰ ਰਹਿਣ ਵਾਲਿਆਂ ਨੂੰ ਤਿੱਤਰ-ਬਿੱਤਰ ਕਰ ਦੇਵੇਗਾ। ਅਜਿਹੀ ਸਥਿਤੀ ਵਿਚ ਸਭਨਾ ਦੀ ਇਕੋ ਦਸ਼ਾ ਹੋਵੇਗੀ

"He brings destruction on the mighty and their strongholds." (Amos 5/9)

ਉਹ ਹੰਕਾਰੀਆਂ ਤੇ ਤਾਕਤਵਾਰਾਂ ਦਾ ਵਿਨਾਸ਼ ਕਰ ਦੇਵੇਗਾ।

**(iv) ਪਰਵਦਗਾਰ**

"Isreal the Lord who created you says -
Do not be afraid - I will save you
I have called you by name - you are mine."

(ਹੇ ਇਸਰਾਈਲ ਮੈਂ ਤੈਨੂੰ ਨਾਮ ਲੈ ਕੇ ਬੁਲਾਇਆ ਹੈ, ਤੂੰ ਮੇਰਾ ਹੀ ਹੈ, ਡਰ ਨਾ, ਮੈਂ ਤੈਨੂੰ ਬਚਾਵਾਂਗਾ।) (ISAIAH 43/1)

**(ਵਿਸਥਾਰ ਲਈ ਸਾਰਾ ਕਾਂਡ ਵੇਖੋ)**

ਸੋ ਇਵੇਂ ਯਹੂਦੀਆਂ ਦਾ ਪਰਮ ਸਤਿ ਯਹੋਵਾ ਹੈ ਜੋ ਇਕ ਹੈ, ਸਰਬਸ਼ਕਤੀਮਾਨ ਹੈ, ਸਰਬ ਵਿਆਪਕ, ਅਨਾਦੀ, ਦਿਆਲੂ ਅਤੇ ਸੱਚਾ ਹੈ। ਉਹ ਸਮਸਤ ਗਿਆਨ, ਬੁੱਧੀਮਤਾ ਅਤੇ ਸਿਆਣਪ ਦਾ ਸਰੋਤ ਹੈ। ਇਸ ਦੇ ਵਿਸਥਾਰ ਲਈ ਯਿਰਸਯਾਹ ਦਾਨੀਏਨ ਅਤੇ ਹਬਕੂਕ ਦੀਆਂ ਪੋਥੀਆਂ ਵਿਚਾਰੀਆਂ ਜਾ ਸਕਦੀਆਂ ਹਨ।

**ਈਸਾਈ ਮਤ ਅਨੁਸਾਰ ਪਰਮ ਸਤਾ** :- ਈਸਾਈ ਮਤ ਪਰਮ ਸਤਾ ਨੂੰ ਯਹੂਦੀ ਪਰੰਪਰਾ ਦੇ ਅਨੁਕੂਲ ਹੀ ਤੱਸਵਰ ਕਰਦਾ ਹੈ। ਇਥੇ ਪਰਮਸਤਾ ਲਈ ਸ਼ਬਦ ਦੀ ਕਰਤਾਰੀ ਸ਼ਕਤੀ ਦਾ ਵਰਨਣ ਆਇਆ ਹੈ। ਈਸਾ ਨੂੰ ਇਸੇ ਕਰਤਾਰੀ ਸ਼ਕਤੀ ਦਾ ਅਵਤਾਰ ਮੰਨਿਆ ਗਿਆ ਹੈ। ਉਹ ਇਕੋ ਸਮੇਂ ਪਿਤਾ ਵੀ ਹੈ, ਪੁੱਤਰ ਵੀ ਅਤੇ ਅਵਤਾਰ ਵੀ ਹੈ। ਇਵੇਂ ਈਸਾਈ ਮਤ ਦੀ ਪਰਮ ਸੱਤਾ ਦਵੈਤਵਾਦੀ ਹੈ। ਈਸਾਈ ਪਰਮ ਸਤਾ ਨੂੰ ਪਰਮੇਸ਼ਰ,

ਸ਼ਬਦ ਅਤੇ ਈਸਾ ਦੇ ਰੂਪ ਵਿਚ ਵੇਖਦੇ ਹਨ ਇਸੇ ਕਰਕੇ ਇਸ ਧਰਮ ਵਿਚ Trinity ਦਾ ਸਿਧਾਂਤ ਪ੍ਰਵਾਨ ਹੋਇਆ ਹੈ।

ਯੂਹੰਨਾ ਰਸੂਲ ਆਪਣੀ ਇੰਜੀਲ ਦੇ ਪ੍ਰਾਰੰਭਕ ਵਾਕਾਂ ਵਿਚ ਲਿਖਦੇ ਹਨ – 'ਸ੍ਰਿਸ਼ਟੀ ਦੇ ਰਚੇ ਜਾਣ ਤੋਂ ਪਹਿਲਾਂ ਸ਼ਬਦ ਸੀ। ਉਹ ਸ਼ਬਦ ਪਰਮੇਸ਼ਵਰ ਦੇ ਨਾਲ ਸੀ, ਜੋ ਪਰਮੇਸ਼ਵਰ ਸੀ, ਉਹ ਸ਼ਬਦ ਸੀ। ਉਹ ਸ਼ੁਰੂ ਤੋਂ ਹੀ ਪਰਮੇ ਸ਼ਵਰ ਦੇ ਨਾਲ ਸੀ। ਸਭ ਚੀਜ਼ਾਂ ਦੀ ਰਚਨਾ ਪਰਮੇਸ਼ਵਰ ਨੇ ਉਸਦੇ ਰਾਹੀਂ ਕੀਤੀ। ਸ੍ਰਿਸ਼ਟੀ ਦੀ ਕੋਈ ਵੀ ਚੀਜ਼ ਉਸਦੇ ਬਿਨਾਂ ਨਾ ਰਚੀ ਗਈ। ਉਸ ਵਿਚ ਜੀਵਨ ਸੀ ਅਤੇ ਇਹ ਜੀਵਨ ਮਨੁੱਖਤਾ ਦਾ ਚਾਨਣ ਸੀ। ਸ਼ਬਦ ਦੇਹਧਾਰੀ ਬਣਿਆ ਅਤੇ ਕਿਰਪਾ ਤੇ ਸਚਾਈ ਨਾਲ ਭਰਪੂਰ ਹੋ ਕੇ ਸਾਡੇ ਵਿਚ ਰਿਹਾ। ਅਸੀਂ ਉਸਦਾ ਪ੍ਰਤਾਪ ਦੇਖਿਆ। ਇਹ ਪ੍ਰਤਾਪ ਉਸ ਨੂੰ ਪਿਤਾ ਦੇ ਇਕਲੌਤੇ ਪੁੱਤਰ ਹੋਣ ਉਤੇ ਮਿਲਿਆ ਸੀ। ਅਸੀਂ ਸਾਰਿਆਂ ਨੇ ਉਸਦੀ ਸੰਪੂਰਨਤਾ ਵਿਚੋਂ ਕਿਰਪਾ ਪ੍ਰਾਪਤ ਕੀਤੀ।(ਯੂਹੰਨਾ ਦੀ ਇੰਜੀਲ 1.4-4, 8, 14, 16)

ਪਰਮਸਤਾ ਸਦਾ ਸਥਿਰ ਅਤੇ ਅਪਰਿਵਰਤਨਸ਼ੀਲ ਹੈ। ਇਸ ਕਰਕੇ ਸੰਤ ਪੌਲੁਸ ਇਬਰਾਨੀਆਂ ਦੇ ਨਾਮ ਲਿਖੇ ਪੱਤਰ ਵਿਚ ਕਹਿੰਦਾ ਹੈ – ਸ੍ਰਿਸ਼ਟੀ ਦੇ ਆਰੰਭ ਵਿਚ ਤੂੰ ਪ੍ਰਿਥਵੀ ਦੀ ਨੀਂਹ ਰੱਖੀ ਅਤੇ ਸਵਰਗ ਤੇਰੇ ਹੱਥਾਂ ਦੀ ਕਾਰੀਗਰੀ ਹੈ। ਉਹ ਤਾਂ ਨਾਸ਼ ਹੋ ਜਾਣਗੇ, ਪੁਰਾਣੇ ਵਸਤਾਂ ਦੀ ਨਿਆਈ ਜੀਰਣ ਹੋ ਜਾਣਗੇ, ਪਰ ਤੂੰ ਸਥਿਰ ਰਹੇਂਗਾ। ਤੂੰ ਉਹਨਾਂ ਨੂੰ ਚਾਦਰ ਦੀ ਨਿਆਈ ਲਪੇਟੇਂਗਾ। ਉਹ ਵਸਤਰ ਦੀ ਤਰ੍ਹਾਂ ਬਦਲ ਜਾਣਗੇ, ਪਰ ਤੂੰ ਉਹੀ ਰਹੇਂਗਾ। ਕਿਉਂਕਿ ਤੂੰ ਅਪਰਿਵਰਤਨਸ਼ੀਲ ਹੈ। ਤੇਰੇ ਵਰ੍ਹਿਆਂ ਦਾ ਅੰਤ ਨਹੀਂ ਹੋਣਾ। (The letter to the Hebrews 1 : 10-12)

ਈਸਾਈ ਦਰਸ਼ਨ ਵਿਚ ਪਰਮਸਤਾ ਦਾ ਸ਼ਬਦ ਰੂਪ ਵਿਚ ਯਿਸ਼ੂ ਦੀ ਦੇਹ ਵਿਚ ਅਵਤਰਣ ਦੋ ਮਕਸਦਾਂ ਦਾ ਹੱਲ ਕਰਦੀ ਹੈ – ਪਹਿਲਾਂ ਪਰਮੇਸ਼ਰ ਨੂੰ ਪ੍ਰਗਟ ਕਰਨਾ ਭਾਵ ਪਰਮੇਸ਼ਰੀ ਹੋਂਦ ਦਾ ਅਗੰਮੀ ਗਿਆਨ ਦੇਣਾ ਅਤੇ ਦੂਜਾ ਕਿਰਪਾ ਦ੍ਰਿਸ਼ਟੀ ਰਾਹੀਂ ਜੀਵਾਂ ਦੀ ਬੰਦ-ਖਲਾਸੀ ਕਰਨਾ।

ਸੋ ਇਵੇਂ ਪਰਮਸਤਾ ਕਰਤਾਰੀ ਹੁਕਮ ਦੇ ਰੂਪ ਵਿਚ ਸਿਰਜਣਕਾਰੀ ਸ਼ਕਤੀ ਹੈ, ਉਥੇ ਯਿਸ਼ੂ ਦੀ ਸ਼ਖ਼ਸੀਅਤ ਵਿਚ ਇਹ ਮੁਕਤੀਦਾਤਾ ਵਜੋਂ ਸਾਖਸ਼ਾਤ ਹੁੰਦੀ ਹੈ। ਇਵੇਂ ਇਹ ਚਿੰਤਨ ਦਵੈਤਵਾਦੀ ਹੈ।

**ਇਸਲਾਮ ਅਨੁਸਾਰ ਪਰਮਾਤਮਾ** :– ਕੁਰਾਨ ਦੇ 'ਸੂਰਾ–ਏ–ਇਖਲਾਸ' ਵਿਚ ਦਰਜ ਹੈ ਕਿ ਪਰਮਾਤਮਾ/ ਪਰਮਸਤਿ ਦਾ ਵਿਸ਼ੇਸ਼ ਨਾਮ 'ਅਲਾਹ' ਹੈ। ਉਹ ਇਕ ਹੈ, ਬੇਨਿਆਜ਼ ਹੈ, ਜਨਮ-ਮਰਨ ਤੋਂ ਪਰੇ ਹੈ, ਉਸਦੀ ਜ਼ਾਤ ਨਹੀਂ, ਦ੍ਰਿਸ਼ਟਮਾਨ ਜਗਤ ਵਿਚ ਕੋਈ ਉਸਦੇ ਸਮਾਨ ਅਤੇ ਸਮਸਰ ਨਹੀਂ। ਉਹ ਧਰਤੀ ਅਤੇ ਅਸਮਾਨਾਂ ਦਾ ਨੂਰ ਹੈ। ਹਕੀਕੀ ਵਜੂਦ ਸਿਰਫ ਇਕ ਅਲਾਹ ਦਾ ਹੈ ਜਿਸਨੂੰ 'ਅਨਾ–ਏ–ਮੁਤਲਕ' (ਨਿਰਪੇਖ ਆਤਮਾ) ਜਾਂ 'ਵਜੂਦ–ਏ–ਮੁਤਲਕ' ਪਰਮਸਤਾ ਆਖਿਆ ਜਾਂਦਾ ਹੈ। ਇਹ ਰੂਪ ਤੋਂ ਮੁਕਤ ਅਤੇ ਆਕਾਰ ਤੋਂ ਅਤੀਤ ਹੈ। ਪਰਮਸਤਾ ਇਕ ਹੈ ਜੋ ਅਮਿੱਤ ਅਤੇ ਅਨਿੱਤ ਹੈ। ਉਹ ਸਾਰੀਆਂ ਵਡਿਆਈਆਂ ਅਤੇ ਸਾਰੀਆਂ ਚੰਗਿਆਈਆਂ ਦਾ ਆਦਿ ਉੱਤਮ ਅਤੇ ਸਾਰ ਹੈ। ਦੇਸ਼ ਅਤੇ ਕਾਲ ਦੇ ਪਾਸਾਰੇ ਵਿਚ ਜੀਵਨ ਅਤੇ ਹੋਂਦ ਦੇ ਜਿਤਨੇ ਰੂਪ ਅਤੇ ਆਕਾਰ ਹਨ ਉਹਨਾਂ ਸਾਰਿਆਂ ਦਾ ਮਾਧਿਅਮ ਅਤੇ ਸਹਾਰਾ ਉਹੀ ਹੈ ਪਰ ਆਪਣੇ ਨਿੱਜੀ ਵਜੂਦ ਅਤੇ ਸਥਿਰਤਾ ਲਈ ਉਹ ਕਿਸੇ ਹੋਰ ਦਾ ਮੁਥਾਜ ਨਹੀਂ, ਕਿਉਂਕਿ ਉਹ ਨਿਰਵਿਕਾਰ ਅਤੇ ਨਿਰਲੰਬ ਹੈ।

ਇਸਲਾਮੀ ਧਰਮ ਚਿੰਤਨ ਵਿਚ ਵਿਦਵਾਨਾਂ ਨੇ ਪਰਮਸਤਾ ਨੂੰ 'ਤੌਹੀਦ' ਸ਼ਬਦ ਰਾਹੀਂ ਵੀ ਬਿਆਨ ਕੀਤਾ ਹੈ। ਉਨ੍ਹਾਂ ਅਨੁਸਾਰ ਹਕ (ਪਰਮਸਤਿ) ਨੂੰ ਹਕ ਦੁਆਰਾ ਸਮਝ ਕੇ ਚੰਗਿਆਈ ਅਤੇ ਬੁਰਿਆਈ ਨੂੰ ਪਰਖਣ ਦਾ ਸਿਧਾਂਤ ਤੌਹੀਦ ਹੈ।

ਇਸਲਾਮੀ ਵਿਸ਼ਵਾਸ ਅਨੁਸਾਰ ਪਰਮਸਤਿ ਉਸ ਵੇਲੇ ਵੀ ਵਿਦਮਾਨ ਸੀ ਜਦੋਂ ਇਨਸਾਨ ਅਤੇ ਕਾਇਨਾਤ ਮੌਜੂਦ ਨਹੀਂ ਸਨ। ਕੋਈ ਅਜਿਹਾ ਸਮਾਂ ਨਹੀਂ ਸੀ ਜਦੋਂ ਉਸਦੀ ਹੋਂਦ ਨਹੀਂ ਸੀ ਅਤੇ ਕੋਈ ਸਮਾਂ ਅਜਿਹਾ ਨਹੀਂ ਆਵੇ ਗਾ ਜਦੋਂ ਉਸਦਾ ਵਜੂਦ ਨਹੀਂ ਹੋਵੇਗਾ। ਉਹ 'ਅਜ਼ਲੀ–ਅਲ–ਜ਼ਹੂਰ' ਭਾਵ ਅਨਾਦਿ ਕਾਲ ਤੋਂ ਪ੍ਰਕਾਸ਼ਵਾਨ ਅਤੇ 'ਅਬਦੀ–ਉਲ–ਖਿਫ਼ਾ' ਅਨੰਤ ਕਾਲ ਲਈ ਅਲੱਖ ਅਤੇ ਅਗੰਮ ਹੈ। ਕੁਰਾਨ ਵਿਚ ਪਰਮਸੱਤਾ ਨੂੰ 'ਅਹਸਨ–ਉਲ–ਖਾਲਿਕੀਨ' ਭਾਵ ਸਰਵੋਤਮ ਸਿਰਜਣਹਾਰ ਕਿਹਾ ਗਿਆ ਹੈ। ਸਦੀਵੀ ਸਿਰਜਣਸ਼ੀਲਤਾ ਉਸ ਦਾ ਕਰਤਵ ਅਤੇ ਉਸ ਦੀ ਸੱਤਾ ਦਾ ਅਨਿੱਖੜਵਾ ਅੰਗ ਹੈ। ਉਸ ਵਿਚ ਇਲਮ (ਗਿਆਨ) ਅਤੇ ਕੁਦਰਤ (ਸ਼ਕਤੀ) ਪੂਰਨ ਰੂਪ ਵਿਚ ਵਿਦਮਾਨ ਹੈ। ਉਹ ਆਪ ਸੂੰਯਭੂ ਹੈ ਪਰ ਵਿਸ਼ਵ ਉਸਨੇ ਪੈਦਾ ਕੀਤਾ ਹੈ। ਉਸਦੀ ਸਿਰਜਣ-ਸ਼ਕਤੀ ਬਾਰੇ

ਕੁਰਾਨ ਦੀਆਂ ਆਇਤਾਂ ਵਿਚ, ਭਰਪੂਰ ਵਰਨਣ ਆਇਆ ਹੈ। ਕੁਰਾਨ ਵਿਚ ਪਰਮਸਤਾ ਦੀਆਂ ਜ਼ਾਤੀ ਸਿਫਤਾਂ ਕਰਕੇ ਅਨੇਕਾਂ ਵਿਸ਼ੇਸ਼ਣਾਂ (ਨਾਂਵਾਂ) ਰਾਹੀਂ ਯਾਦ ਕੀਤਾ ਗਿਆ ਹੈ ਜਿਵੇਂ ਅਲਰਹਿਮਾਨ (ਕਿਰਪਾ ਨਿਧਾਨ), ਅਲਰਹੀਮ (ਦਇਆਵਾਨ), ਕਾਮਲ (ਪਰਿਪੂਰਣ), ਜਮਾਲ (ਸੁੰਦਰ), ਇਹਸਾਨ (ਉਦਾਰ), ਜਲਾਲ (ਤੇਜੱਸਤਸਵ), ਅਲਵਦੂਦ (ਮਹਿਬੂਬੀ ਪਿਆਰ), ਅਲੂਲੀ (ਮਿੱਤਰ), ਅਲਰਊਫ (ਕੋਮਲ), ਗੱਫਰੂ (ਖਿਮਾਸ਼ੀਲ), ਅਲਅਦਲ (ਇਨਸਾਫ ਕਰਨ ਵਾਲਾ), ਅਲਅਫਵ (ਮੁਆਫ ਕਰ ਦੇਣ ਵਾਲਾ), ਅਲਹਲੀਮ (ਸਹਿਨਸ਼ੀਲ), ਅਲਮੁਕਸਿਤ ਆਦਿ। ਕੁਰਾਨ ਦੀ ਸੂਰਤ ਅਲਹਦੀਦ ਦਾ ਤੀਜੀ ਆਇਤ ਵਿਚ ਉਸਨੂੰ ਅਲ ਅਵੱਲ (ਪ੍ਰਥਮ), ਅਲ-ਆਖਿਰ (ਅੰਤਿਮ), ਅਲ-ਜਾਹਿਰ (ਪ੍ਰਤੱਖ), ਅਲ-ਬਾਤਿਨ (ਪੋਰਖ/ਗੁਪਤ) ਕਿਹਾ ਗਿਆ ਹੈ।

ਇਹ ਸਾਰੀ ਵਿਚਾਰ ਚਰਚਾ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਪਰਮਾਤਮਾ ਦਾ ਇਸਲਾਮੀ ਸੰਕਲਪ ਸਿੱਖ ਚਿੰਤਨ ਦੇ ਬਹੁਤ ਨੇੜੇ ਹੈ ਅਤੇ ਇਹ 'ਹਕੀਕਤ-ਏ-ਮਤਲਕ' ਦੇ ਰੂਪ ਵਿਚ ਸਰਬ ਸ੍ਰਸ਼ਟਾ, ਸਰਬ ਸੰਚਾਲਕ ਅਤੇ ਸਰਬ ਪਾਲਕ ਹੈ।

**ਪਾਰਸੀ ਦਰਸ਼ਨ ਅਨੁਸਾਰ ਪਰਮਸਤਾ** :- ਪਾਰਸੀ ਮੱਤ ਦਾ ਪਰਵਰੱਤਕ ਮਹਾਤਮਾ ਜ਼ਰਤੁਸਤ ਸੀ। ਉਸਨੇ ਪਰਮਾਤਮਾ ਲਈ ਸ਼ਬਦ ਅਹੁਰਮਜਦ ਵਰਤਿਆ ਹੈ। ਇਹ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ ਅਹੁਰ+ਮਜਦ। ਅਹੁਰ ਦੇ ਅਰਥ ਹਨ ਅਸੁਰ ਭਾਵ ਚੇਤਨ-ਜਗਤ ਅਤੇ ਮਜਦ ਦੇ ਅਰਥ ਹਨ ਜੜ੍ਹ-ਜਗਤ। ਇਵੇਂ ਅਹੁਰਮਜਦ ਤੋਂ ਭਾਵ ਉਹ ਸੱਤਾ ਹੈ ਜੋ ਚੇਤਨ (ਪ੍ਰਾਣੀ ਜਗਤ) ਅਤੇ ਪ੍ਰਕ੍ਰਿਤੀ ਜਗਤ ਦੋਹਾਂ ਦਾ ਸੁਆਮੀ ਹੈ। ਪਰਮਸਤਾ ਪੂਰਨ, ਅਨਾਦੀ, ਅਨੰਤ ਅਤੇ ਸਤਿ ਹੈ। ਸ੍ਰਿਸ਼ਟੀ ਰਚਨਾ ਉਸਦੀ ਇੱਛਾ ਦਾ ਕਾਰਣ ਹੈ ਅਤੇ ਇਸ ਵਿਚ ਨੇਕੀ (ਅਹਿਰ ਮਜ਼ਦ) ਅਤੇ ਬਦੀ (ਅਹਿਰਮਨ) ਕੰਮ ਕਰਦੇ ਹਨ। ਰੁਸਤਮ ਮਸਾਨੀ ਨੇ ਡਨਕਨ ਗ੍ਰੀਨਲੀਜ਼ (Duncan Greenles) ਦੇ The Gospal of Zarathushtra ਦੇ ਹਵਾਲੇ ਨਾਲ ਪਰਮਸਤਾ ਦੇ ਛੇ ਗੁਣਾਂ (1) ਵਾਹਮੁਨਾ (ਨੇਕਮਨ), (2) ਆਸ਼ਵ ਹਿਸਤਾ (ਸੱਚਾ ਹੁਕਮ), (3) ਖਸ਼ਤਮ ਵੇਰੀਆਂ (ਸਰਬ ਸ਼ਕਤੀਮਾਨ), (4) ਆਰਮਤੀ (ਵਿਚਾਰ ਤੱਤ), (5) ਹੁਮਵਾਤਾਤ (ਸੰਪੂਰਨ) ਅਤੇ, (6) ਅਸਰਤਾਤ (ਅਵਿਨਾਸ਼ੀ) ਦਾ ਜ਼ਿਕਰ ਕੀਤਾ ਹੈ। ਇਸ ਤੋਂ ਇਲਾਵਾ ਜ਼ਰਤੁਸ਼ਤ ਨੇ ਪਰਮਸਤਾ ਨੂੰ ਕਰੁਣਾਮਈ, ਨਿਆਇਸ਼ੀਲ ਵੀ ਪਰਵਾਨ ਕੀਤਾ ਹੈ।

**ਸਾਰੰਸ਼** :- ਸਾਰੰਸ਼ ਰੂਪ ਵਿਚ ਵੇਖਿਆ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਭਾਰਤੀ ਤੇ ਸਾਮੀ ਚਿੰਤਨ ਪਰੰਪਰਾ ਵਿਚ ਪਰਮਸਤਾ ਸਦਾ ਕਾਇਮ ਰਹਿਣ ਵਾਲੀ ਸੱਤਾ ਹੈ ਜੋ ਅਨਾਦੀ, ਸਦਾ ਸਤਿ ਅਤੇ ਵਿਸ਼ਵ ਰਚਨਾ ਘੜਨ ਭੰਨਣਹਾਰ ਹੈ। ਅਕਾਦਮਿਕ ਪਹੁੰਚ ਵਿਚ ਇਹ ਸਦਾ ਅਸੁਝ, ਗੁਪਤ, ਮੈਬੁਲ, ਅਗਾਧ ਬੋਧ, ਅਗਹੁ, ਅਗੰਮ ਅਤੇ ਅਕਹਿ ਰਹੀ ਹੈ। ਇਸਦੀ ਸੱਤਾ ਨੂੰ ਅਨੁਭਵੀ ਪੁਰਸ਼ਾਂ ਨੇ ਸਮਝਣ ਦਾ ਯਤਨ ਕੀਤਾ ਹੈ। ਅਨੁਭਵ ਕੇਵਲ ਹੰਢਾਇਆ ਜਾਂਦਾ ਹੈ, ਬਿਆਨ ਕਰਦੇ ਸਮੇਂ ਇਹ 'ਇਤਿ ਤੇ ਨੇਤਿ' ਦੇ ਦਵੰਦ ਵਿਚ ਘਿਰ ਜਾਂਦਾ ਹੈ। ਪਰਮਸਤਿ ਦੀ ਸੋਝੀ ਅੰਤਰਿ ਗਿਆਨ ਦਾ ਅਨੁਭਵ ਹੈ ਜਿਸ ਵਿਚ ਸਾਰੇ ਮਾਨਵੀ ਬੌਧਿਕ ਵਿਸ਼ਵਾਸ ਭਿੜਕ ਜਾਂਦੇ ਹਨ।

ਪਾਠ ਨੰ. 4.4 ਲੇਖਕ : ਡਾ. ਰਮਿੰਦਰਜੀਤ ਕੌਰ

# ਸਹਿਹੋਂਦ ਅਤੇ ਸਮਾਜਿਕ ਭਲਾਈ

ਕੋਇਨ ਕਿਸੈ ਵਰਜਈ, ਸੋਈ ਕਰੈ ਜੋਈ ਮਨ ਭਾਵੈ ॥
ਕਿਸੈ ਖੁਜਾਈ ਮਿਲਾ ਸੁਨ, ਕੋਈ ਗੋਰੀ ਮੜੀ ਪੁਜਾਵੈ,
ਤੰਤ੍ਰ ਮੰਤ ਪਾਖੰਡ ਕਰ, ਕਲਹ ਕ੍ਰੋਧ ਬਹੁ ਵਾਦ ਵਧਾਵੈ ॥
ਆਪੋ ਧਾਪੀ ਹੋਇ ਕੈ, ਨਯਾਰੇ ਨਯਾਰੇ ਘਰਮ ਚਲਾਵੈ ॥
ਕੋਈ ਪੂਜੇ ਚੰਦਰ ਸੂਰ, ਕੋਈ ਧਰਤ ਆਕਾਸ਼ ਮਨਾਵੈ।
ਪਉਣ ਪਾਣੀ ਬੈਸੰਤਰੋ, ਧਰਮ ਰਾਜ ਕੋਈ ਤ੍ਰਿਪਤਵੈ ॥
ਫੋਕਟ ਧਰਮੀ ਭਰਮ ਭੁਲਾਵੈ ॥

ਭਾਈ ਗੁਰਦਾਸ ਸਾਹਿਬ ਜੀ।

ਸੰਸਾਰ ਦੇ ਅਨੇਕਾਂ ਧਰਮਾਂ ਦੇ ਇਤਿਹਾਸ ਨੂੰ ਅਧਿਐਨ ਕੀਤਾ ਜਾਵੇ ਤਾਂ ਇਹ ਗੱਲ ਸਪਸ਼ਟ ਹੁੰਦੀ ਹੈ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੱਕ ਸਮੂਹ ਮਾਨਵ ਜਾਤੀ ਅਨੇਕਾਂ ਹੀ ਮਨੋ ਕਲਪਿਤ ਧਰਮਾਂ ਦੀ ਪੂਜਾ ਅਤੇ ਪ੍ਰਤਿਸ਼ਠਾ ਵਿੱਚ ਲਗੀ ਹੋਈ ਸੀ, ਅਨੇਕਾਂ ਕਿਸਮਾਂ ਦੇ ਧਾਰਮਿਕ ਨਿਸ਼ਾਨੇ ਨੀਯਤ ਹੋ ਚੁੱਕੇ ਸਨ ਅਤੇ ਉਹਨਾਂ ਹੀ ਨਿਸ਼ਾਨਿਆਂ ਦੀ ਪੂਰਤੀ ਲਈ ਸਭ ਪਾਸੇ ਅਗਿਆਨਤਾ ਸੀ। ਕਿਸੇ ਦੂਜੇ ਧਰਮ ਨਾਲ ਜ਼ੁਲਮ, ਧੱਕਾ ਅਤੇ ਧਰੋਹ ਕਰਨਾ ਆਮ ਜਿਹੀ ਗੱਲ ਸਮਝੀ ਜਾਂਦੀ ਸੀ, ਜਿਸ ਕਾਰਨ – 'ਕਹੁ ਨਾਨਕ ਬਿਨ ਆਪਾ ਚੀਨੈ – ਮਿਟੈ ਨ ਭਰਮ ਕੀ ਕਾਈ' ਵਾਲੀ ਸਥਿਤੀ ਬਣੀ ਹੋਈ ਸੀ। ਧਰਮ ਤਾਂ ਸੱਚ ਦਾ ਮਾਰਗ ਸੀ ਇਹ ਤਾਂ ਦਇਆ, ਪਿਆਰ, ਸੰਤੋਖ, ਸਹਿਨਸ਼ੀਲਤਾ ਅਤੇ ਨਿਰਵੈਰਤਾ ਦਾ ਪ੍ਰਤੀਕ ਸੀ ਪਰੰਤੂ ਅਖੌਤੀ ਧਰਮਾਂ ਦੇ ਠੇਕੇਦਾਰਾਂ ਨੇ ਧਰਮ ਦੇ ਨਾਂ ਨੂੰ ਦਾਗਦਾਰ ਬਣਾ ਦਿਤਾ ਸੀ।

ਇਸਲਾਮ, ਈਸਾਈਅਤ, ਹਿੰਦੂਮਤ ਤਕਰੀਬਨ ਹਰੇਕ ਧਰਮ ਦੇ ਇਤਿਹਾਸ ਵਿੱਚ ਅਜਿਹੀਆਂ ਘਟਨਾਵਾਂ ਉਭਰੀਆਂ ਹਨ, ਜਿਸ ਅਨੁਸਾਰ ਯਹੂਦੀਆਂ ਵਲੋਂ ਈਸਾਈਆਂ ਉਪਰ ਜ਼ੁਲਮ, ਈਸਾਈਆਂ ਵਲੋਂ ਯਹੂਦੀਆਂ ਉਤੇ ਅਤਿਆਚਾਰ, ਈਸਾਈਆਂ ਦੀਆਂ ਮੁਸਲਮਾਨਾਂ ਨਾਲ ਲੜਾਈਆਂ, ਹਿੰਦੂਮਤ ਵਲੋਂ ਬੋਧੀਆਂ ਉਪਰ ਕੀਤੇ ਗਏ ਅਤਿਆਚਾਰ, ਮੁਸਲਮਾਨਾਂ ਦੀਆਂ ਆਪਸੀ ਵਲੋਂ ਲੜਾਈਆਂ, ਹਿੰਦੂਮਤ ਵਲੋਂ ਬੋਧੀਆਂ ਉਪਰ ਕੀਤੇ ਗਏ ਅਤਿਆਚਾਰ, ਮੁਸਲਮਾਨਾਂ ਵਲੋਂ ਹਿੰਦੂਆਂ ਉਪਰ ਕੀਤੀ ਗਈ ਤਸ਼ੱਦਦ ਸਭ ਇਸ ਗਲ ਦਾ ਇਤਿਹਾਸਕ ਸਬੂਤ ਹਨ ਕਿ ਦੁਨੀਆਂ ਦਾ ਧਾਰਮਿਕ ਇਤਿਹਾਸ ਕੀ ਰਿਹਾ ਹੈ। ਯਹੂਦੀ ਕਹਿੰਦੇ ਸਨ ਕਿ ਇਸਰਾਈਲੀ ਹੀ ਰੱਬ ਦੇ ਚੋਣਵੇਂ ਪੁਤਰ ਹਨ ਅਤੇ ਯਾਕੂਬ ਦੀ ਸੰਤਾਨ ਨਾਲ ਹੀ ਸਭ ਬਖਸ਼ਿਸ਼ਾਂ ਦਾ ਇਕਰਾਰ ਹੈ। ਈਸਾਈਅਤ ਦਾ ਦਾਅਵਾ ਸੀ ਕਿ ਪਰਮੇਸ਼ਰ ਦੀਆ ਬਰਕਤਾਂ ਦਾ ਮੋਤੀ ਪ੍ਰਾਪਤ ਕਰਨ ਦਾ ਹੱਕ ਕੇਵਲ ਈਸੂ ਦੇ ਅਨੁਯਾਈਆਂ ਨੂੰ ਹੈ। ਇਸਲਾਮ ਦੇ ਅਨੁਯਾਈਆਂ ਨੂੰ ਕਲਮਾਂ ਨਾ ਪੜਨ ਵਾਲੇ ਸਭ 'ਕਾਫਿਰ' ਨਜ਼ਰ ਆਉਂਦੇ ਸਨ ਅਤੇ ਹਿੰਦੂਆਂ ਦੇ ਕੰਨ ਖੁਦਾ ਜਾਂ ਅੱਲਾ ਸੁਣਨ ਨਾਲ ਅਪਵਿੱਤਰ ਹੋ ਜਾਂਦੇ। ਹਿੰਦੂ ਸਮਾਜ ਤਾਂ ਆਪਸ ਵਿਚ ਹੀ ਚਾਰ ਵਰਨਾਂ ਵਿਚ ਵੰਡਿਆ ਹੋਇਆ ਸੀ ਅਤੇ ਬ੍ਰਾਹਮਣ ਸਭ ਤੋਂ ਉਪਰਲੇ ਹਿੱਸੇ ਚੋਂ ਪੈਦਾ ਹੋਈ ਸਰਵਉੱਚ ਸੰਤਾਨ ਸੀ।

ਭਈ ਗਿਲਾਨ ਜਗਤ ਵਿਚ ਚਾਰ ਵਰਨ ਅਸ੍ਰਮਉਪਾਏ ॥
ਦਸ ਨਾਲ ਸੰਨਿਆਸੀਆ, ਜੋਗੀ ਬਾਰਹ ਪੰਥ ਚਲਾਏ।
ਜੰਗਮ ਅਤੇ ਸਰੇ ਵੜ ਦਗੇ, ਦਗੇ ਦਗੰਬਰ ਵਾਦ ਕਰਾਏ।
ਬ੍ਰਹਮਨ ਬਹੁ ਪਰਕਾਰ ਕਰ, ਸਾਸਤ੍ਰ ਵੇਦ ਪੁਰਾਣ ਲੜਾਏ।
ਖਟੁ ਦਰਸ਼ਨ ਕਲਯੁਗ ਅੰਦਰਿ ਭਰਮ ਭੁਲਾਇ ॥

ਭਾਈ ਗੁਰਦਾਸ ਜੀ।

ਇਸੇ ਤਰਾਂ –

ਬਹੁ ਵਾਟੀ ਜੱਗ ਚਲੀਆਂ, ਜਬ ਹੀ ਭਏ ਮੁਹੰਮਦ ਯਾਰਾ।
ਕੌਮ ਬਹੱਤ੍ਰ ਸੰਗ ਕਰ, ਬਹੁ ਬਿਧ ਬੈਰ ਬਿਰੋਧ ਪਸਾਰਾ।

ਰੋਜੇ ਈਦ ਪਾਪੇ ਦਾ ਵਰਤਿਆ ਵਰਤਾਰਾ।

ਭਾਈ ਗੁਰਦਾਸ ਜੀ।

ਸੋ ਉਪਰੋਕਤ ਹਾਲਾਤ ਵਿੱਚ ਜਦੋਂ ਧਾਰਮਿਕ, ਸਮਾਜਿਕ, ਆਰਥਕ ਅਤੇ ਰਾਜਨੀਤਿਕ ਤੌਰ ਤੇ ਇਨਸਾਨ ਪਤਿਤ ਹੋ ਰਿਹਾ ਸੀ ਅਤੇ ਜਿਸ ਦਾ ਪ੍ਰਮੁੱਖ ਕਾਰਨ ਆਪਸੀ ਭੇਦ ਭਾਵ, ਵੰਡੀਆਂ, ਉਚ ਨੀਚ ਅਤੇ ਨਫਰਤ ਸੀ, ਗੁਰੂ ਨਾਨਕ ਦਾ ਇਹ ਨਾਅਰਾ –

'ਸਭ ਮਹਿ ਜੋਤਿ ਜੋਤਿ ਹੈ ਸੋਇ, ਤਿਸ ਦੇ ਚਾਨਣ ਸਭ ਮਹਿ ਚਾਨਣ ਹੋਇ' ਅਤੇ 'ਏਕ ਨੂਰ ਤੇ ਸਭ ਜਗੁ ਉਪਜਿਆ" ਕਿਵੇਂ ਕਾਰਗਰ ਹੋਇਆ ਅਤੇ ਵੱਖ ਵੱਖ ਕਿਸਮ ਦੇ ਮਨੋ ਕਲਪਿਤ ਧਰਮਾਂ ਦੀਆਂ ਨਫਰਤ, ਸਵਾਰਥ ਸਿੱਧੀਆਂ ਕਿਵੇਂ ਨਾਸ਼ ਹੋਈਆਂ ਇਸਦਾ ਵੀ ਇਤਿਹਾਸ ਗਵਾਹ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤ ਵਰਸ਼ ਦੇ ਕੁਝ ਕੁ ਪੁਰਾਤਨ ਰਿਸ਼ੀਆਂ ਮੁਨੀਆਂ ਨੇ ਉਪਨਿਸ਼ਦ ਆਦਿਕ ਧਰਮ ਗਰੰਥਾਂ ਵਿਚ ਪਰਮਾਤਮਾਂ ਦੇ ਇਕ ਹੋਣ ਦਾ ਇਸ਼ਾਰਾ ਕੀਤਾ ਹੈ ਜੈਸੇ ਕਿ: 'ਸਰਬ ਭੂਤੇਸ਼ੂ ਏਕ ਦੇਵਾਂ' ਪਰੰਤੂ ਇਹ ਇਸ਼ਾਰਾ ਕੇਵਲ ਫਿਲਾਸਫੀ ਦੇ ਰੂਪ ਵਿਚ ਹੀ ਸੀ। ਵਿਹਾਰਕ ਰੂਪ ਵਿਚ ਇਸ ਦਾ ਕੋਈ ਅਸਰ ਨਹੀਂ ਸੀ ਪ੍ਰਤੀਤ ਹੁੰਦਾ। ਇਕ ਪਰਮਾਤਮਾ ਦਾ ਖਿਆਲ ਈਸਾ ਨੇ ਵੀ ਦਿਤਾ ਤੇ ਕਿਹਾ ਕਿ 'ਪਰਮਾਤਮਾ ਮੇਰਾ ਪਿਤਾ ਹੈ ਅਤੇ ਮੈਂ ਉਸਦਾ ਪਾਪ ਰਹਿਤ ਪੁੱਤਰ ਹਾਂ' ਅਤੇ ਇਸ ਤੋਂ ਈਸਾ ਨੂੰ ਮੰਨਣ ਵਾਲਿਆਂ ਦਾ ਇਹ ਖਿਆਲ ਬਣ ਗਿਆ ਕਿ ਕੇਵਲ ਈਸਾ ਦੀ ਜਾਤ ਹੀ ਪਾਪ ਤੋਂ ਰਹਿਤ ਹੈ ਅਤੇ ਜਦੋਂ ਇਸ ਦਾ ਪ੍ਰਚਾਰ ਹੋਇਆ ਤਾਂ ਈਸਾਈਮਤ ਨੂੰ ਮੰਨਣ ਵਾਲਿਆਂ ਤੋਂ ਬਿਨਾਂ ਹਰ ਕਿਸੇ ਨੂੰ ਗੁਲਾਮ ਬਣਾਉਣ ਦੀਆਂ ਕੋਸ਼ਿਸ਼ਾਂ ਹੋਣ ਲਗੀਆਂ। ਇਸਲਾਮ ਦਾ ਵੀ ਇਹੀ ਨਿਸ਼ਚਾ ਸੀ ਕਿ ਰੱਬ ਤਾਂ ਜਰੂਰ ਇਕ ਹੈ ਪਰੰਤੂ ਜਿਹੜਾ ਇਨਸਾਨ ਹਜ਼ਰਤ ਮੁਹੰਮਤ ਸਾਹਿਬ ਉਪਰ ਈਮਾਨ ਨਹੀਂ ਰੱਖੇਗਾ ਉਸਨੂੰ ਦੋਜ਼ਖ ਦੀ ਅੱਗ ਵਿਚ ਸੜਨਾ ਪਵੇਗਾ। ਇਸ ਸਭ ਦਾ ਨਤੀਜਾ ਇਹ ਹੋਇਆ ਕਿ ਇਨਸਾਨ ਦਾ ਧਾਰਮਿਕ ਨਿਸ਼ਾਨਾ ਇਕ ਹੁੰਦੇ ਹੋਏ ਵੀ ਆਪਸੀ ਨਫਰਤ ਦੇ ਕਾਰਨ ਕਈ ਤਰ੍ਹਾਂ ਦੇ ਜ਼ੁਲਮ ਹੁੰਦੇ ਰਹੇ। ਅਤੇ ਐਸੇ ਸਮੇਂ ਵਿੱਚ ਗੁਰੂ ਨਾਨਕ ਦੇਵ ਜੀ ਨੇ ਇਨਸਾਨੀਅਤ ਨੂੰ ਇਹਨਾਂ ਸਭ ਵਿਰੋਧਾਂ ਤੋਂ ਉਪਰ ਉਠਣ ਦਾ ਸਰਬ ਸਾਂਝੀ ਵਾਲਤਾ ਦਾ ਨਵਾਂ ਖਿਆਲ ਦਿਤਾ। ਗੁਰੂ ਸਾਹਿਬ ਨੇ ਸਪਸ਼ਟ ਰੂਪ ਵਿੱਚ ਸੰਦੇਸ਼ ਦਿਤਾ ਕਿ ਇਨਸਾਨ ਦੀ ਮੁਕਤੀ, ਜੋ ਕਿ ਹਰ ਧਰਮ ਦਾ ਅੰਤਿਮ ਨਿਸ਼ਾਨਾ ਹੈ ਕਿਸੇ ਅਖੌਤੀ ਧਰਮ ਦੀ ਸਿਫਾਰਿਸ਼ ਕਰਕੇ ਨਹੀਂ ਹੋ ਸਕਦੀ ਬਲਕਿ ਇਨਸਾਨ ਦੇ ਆਪਣੇ ਆਚਾਰ ਦੇ ਆਧਾਰ ਉਪਰ ਹੋਣੀ ਹੈ। ਮਤਲਬ ਇਹ ਕਿ ਭਾਵੇਂ ਕੋਈ ਮੁਸਲਮਾਨ ਹੋਵੇ, ਈਸਾਈ ਹੋਵੇ, ਯਹੂਦੀ ਜਾਂ ਭਾਵੇਂ ਗੁਰਸਿਖ ਹੋਵੇ ਜੇ ਉਸਦਾ ਵਰਤਾਉ ਸਾਂਝੀ ਵਾਲਤਾ ਵਾਲਾ ਹੋਏਗਾ ਅਤੇ ਉਸਦੇ ਆਪਣੇ ਆਚਰਣ ਉੱਚਾ ਹੋਵੇ ਤਾਂ ਹੀ ਉਹ 'ਜੀਵਨ ਮੁਕਤ' ਦੇ ਲਕਸ਼ ਤੇ ਪਹੁੰਚ ਸਕਦਾ ਹੈ। ਭਾਈ ਗੁਰਦਾਸ ਅਨੁਸਾਰ :

ਪੁੱਛਨ ਗਲ ਈਮਾਨ ਦੀ ਕਾਜੀ ਮੁੱਲਾਂ ਇਕੱਠੇ ਹੋਈ।... ਸ਼ੁਭ ਅਮਲਾ ਬਾਝੋਂ ਦੋਵੇ ਰੋਈ।

ਅਤੇ

ਮਤੁ ਕੋ ਜਾਣੈ ਜਾਇ ਅਗੈ ਪਾਇਸੀ
ਜੇਹੇ ਕਰਮ ਕਮਾਇ ਤੇਹਾ ਹੋਇਸੀ ॥

ਗੁਰੂ ਨਾਨਕ ਦੇਵ ਜੀ ਅਨੁਸਾਰ ਇਹ ਜੋ ਸ਼ੁਭ ਕਰਮ ਅਤੇ ਸ਼ੁਭ ਅਮਲ ਹਨ, ਇਹ ਪ੍ਰਮਾਤਮਾ ਦੀ ਪ੍ਰਾਪਤੀ ਵਾਸਤੇ ਇਕਮਾਤਰ ਵਸੀਲਾ ਹਨ ਜਿਸ ਇਨਸਾਨ ਅੰਦਰ ਇਹਨਾਂ ਗੁਣਾਂ ਦੀ ਘਾਟ ਹੈ ਉਹ ਚਾਹੇ ਕਿਸੇ ਵੀ ਧਾਰਮਿਕ ਰਾਹ ਦਾ ਪਾਂਧੀ ਹੋਵੇ ਆਪਣੀ ਮੰਜਿਲ ਨਹੀਂ ਪਾ ਸਕਦਾ। ਪਰਮਾਤਮਾ ਇਕ ਜੋਤ ਸਰੂਪ ਹੈ ਜਿਸਦਾ ਚਾਨਣ ਇਸ ਧਰਤੀ ਦੇ ਹਰੇਕ ਜੀਵ ਵਿੱਚ ਮੌਜੂਦ ਹੈ ਇਸ ਲਈ ਇਨਸਾਨ ਦੀਆਂ ਬਣਾਈਆਂ ਹੋਈਆ ਵੰਡਾਂ ਉਸ ਪਰਮਾਤਮਾ ਤੱਕ ਪਹੁੰਚਣ ਦੇ ਰਸਤੇ ਵਿਚ ਅਟਕਲਾਂ ਹਨ। ਜੋ ਮਨੁਖ ਪਰਮਾਤਮਾ ਦੇ ਪੈਦਾ ਕੀਤੇ ਮਨੁੱਖਾਂ ਨੂੰ ਕਿਸੇ ਵੀ ਆਧਾਰ ਉਪਰ ਈਰਖਾ ਵੈਰ, ਵਿਰੋਧ ਨਫਰਤ ਕਰਦਾ ਹੈ ਭਾਵੇਂ ਉਹ ਕਿਤਨੀਆਂ ਸਮਾਧੀਆਂ ਲਗਾਵੇ, ਤੀਰਥਾਂ ਤੇ ਜਾਵੇ, ਤਪ ਕਰੇ, ਮੰਦਰਾਂ, ਮਜਜਿਦਾਂ, ਗਿਰਜਿਆਂ, ਗੁਰਦੁਆਰਿਆਂ ਦੀ ਦਹਿਲੀਜਾਂ ਤੇ ਨੱਕ ਰਗੜੇ ਉਹ ਪਰਮਾਤਮਾ ਦਾ ਨਦਰ ਦਾ ਪਾਤਰ ਨਹੀਂ ਬਣ ਸਕਦਾ। ਚੰਗੀ ਕਰਣੀ ਅਤੇ ਸ਼ੁੱਭ ਅਮਲਾਂ ਬਿਨਾਂ ਕੇਵਲ ਪਵਿਤਰ ਇਰਾਦੇ ਮਨੁੱਖ ਨੂੰ ਕਿਸੇ ਮੰਜਿਲ ਤੱਕ ਨਹੀਂ ਪਹੁੰਚਾ ਸਕਦੇ।

ਸਮਾਜਿਕ ਅਤੇ ਧਾਰਮਿਕ ਵਿਤਕਰਾ ਗੁਰੂ ਨਾਨਕ ਦੇ ਫਲਸਫੇ ਵਿੱਚ ਸਭ ਤੋਂ ਵੱਡਾ ਪਾਖੰਡ ਮੰਨਿਆ ਗਿਆ ਹੈ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਗੁਰੂ ਨਾਨਕ ਦਾ ਧਰਮ ਬਿਨਾਂ ਕਿਸੇ ਜਾਤੀ ਅਤੇ ਪ੍ਰਾਂਤ ਭੇਦ ਤੋਂ ਸੱਚ ਦਾ ਅਵਾਜ਼ ਨੂੰ ਸੁਣਨ ਸਮਝਣ ਅਤੇ ਉਸ ਉਪਰ ਅਮਲ ਕਰਨ ਦੇ ਲਈ ਤਿਆਰ ਹੈ, ਵਿਅਕਤੀ ਸਮਾਜ ਦੀ ਮਹੱਤਵ ਪੂਰਣ ਇਕਾਈ ਹੈ ਅਤੇ ਹਰੇਕ ਮਨੁੱਖ ਵਿੱਚ ਬੌਧਿਕ ਅਤੇ ਅਧਿਆਤਮਕ ਵਿਕਾਸ ਕਰਨ ਦੀ ਸਮਰੱਥਾ ਹੈ ਚਾਹੇ ਉਹ ਕਿਸੇ ਵੀ ਧਰਮ, ਜਾਤ, ਵਰਗ, ਦੇਸ਼, ਪ੍ਰਾਂਤ ਅਤੇ ਧਰਮ ਦਾ ਹੋਵੇ ਗੁਰਬਾਣੀ ਵਿਚ ਇਸ ਨੂੰ ਗੁਰਮੁਖ, ਬ੍ਰਹਮਗਿਆਨੀ ਅਤੇ ਖਾਲਸਾ

ਦੀ ਉਪਾਧੀ ਦਿਤੀ ਗਈ ਹੈ। ਬਾਣੀ ਵਿਚ ਇਹ ਝਲਕਾਰਾ ਸਪਸ਼ਟ ਹੈ ਕਿ ਹਰੇਕ ਵਿਅਕਤੀ ਵਿਚ ਮਨੁੱਖੀ ਪੱਧਰ ਤੋਂ ਦੇਵਤਿਆਂ ਦੇ ਪੱਧਰ ਵਲ ਉਠਣ ਦੀ ਸਮਰਥਾ ਮੌਜੂਦ ਹੈ। ਸੁਰਤ, ਮਤਿ, ਮਨ ਅਤੇ ਬੁਧੀ ਦੇ ਸੁਮੇਲ ਨਾਲ ਇਹ ਕਾਰਜ ਹਰੇਕ ਮਨੁਖ ਕਰ ਸਕਦਾ ਹੈ। ਇਸੇ ਫਲਸਫੇ ਦੇ ਮਜਬੂਤ ਆਧਾਰ ਉਪਰ ਸਿਖ ਧਰਮ ਨੇ ਹੰਕਾਰ ਤੋਂ ਵਿਹੂਣੇ ਅਜਿਹੇ ਇਨਸਾਨ ਦੀ ਸਿਰਜਣਾ ਕੀਤੀ ਜਿਸ ਵਿੱਚ ਭਾਵਨਾਵਾਂ, ਇੱਛਾਵਾਂ ਅਤੇ ਵਿਚਾਰਾਂ ਦਾ ਅਦੁੱਤੀ ਸੁਮੇਲ ਸੀ ਅਤੇ ਅਜਿਹੇ ਮਨੁੱਖਾਂ ਦੇ ਸਮੂਹ ਨੇ ਅਜਿਹੇ ਸਮਾਜ ਦੀ ਨੀਂਹ ਰੱਖੀ ਜਿਸ ਵਿੱਚ ਅੰਧ ਵਿਸ਼ਵਾਸ਼, ਮਾਨਸਿਕ ਪਛੜੇਵੇਂ ਅਤੇ ਗਰੀਬ ਜਾਂ ਕਿਸੇ ਵੀ ਪੱਧਰ ਤੋਂ ਨੀਵੇਂ ਦੇ ਸ਼ੋਸ਼ਣ ਲਈ ਕੋਈ ਥਾਂ ਨਹੀ ਸੀ।

ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਨੂੰ ਹਿੰਦੂ, ਸਿਖ, ਮੁਸਲਮਾਨ ਜਾਂ ਫਿਰ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਕਰਕੇ ਨਹੀ ਦੇਖਿਆ ਗਿਆ ਬਲਕਿ ਜੀਵ ਨੂੰ ਵਿਗਿਆਨਕ ਸਮੁੱਚ ਦੇ ਰੂਪ ਵਿਚ ਪਰਮ ਸੱਚ ਦੇ ਅੰਸ਼ ਦੇ ਰੂਪ ਵਿਚ ਸਵੀਕਾਰਿਆ ਗਿਆ। ਗੁਰੂ ਅੰਗਦ ਦੇਵ ਜੀ ਅਨੁਸਾਰ ਬੇਸ਼ਕ ਜੋਗੀਆਂ ਬ੍ਰਾਹਮਣਾਂ, ਖੱਤਰੀਆਂ ਅਤੇ ਸ਼ੂਦਰਾਂ ਦਾ ਜੀਵਨ ਮਾਰਗ, ਸਮਾਜ ਦੇ ਉੱਚ ਵਰਗ ਦੇ ਆਪਣੇ ਲਾਲਚ ਕਾਰਨ ਅਲਗ ਕੀਤਾ ਗਿਆ ਹੈ ਜਿਸ ਵਿਚ ਲੜੀਵਾਰ ਉਚੇ ਵਰਗ ਨੇ ਗਿਆਨ ਪ੍ਰਾਪਤ ਕਰਨਾ, ਜੰਗ ਯੁੱਧ ਕਰਨਾ, ਕਾਰ ਵਿਹਾਰ ਚਲਾਉਣਾ ਅਤੇ ਚੌਥੇ ਵਰਗ ਨੇ ਪਰਾਈ ਕਿਰਤ ਕਰਕੇ ਗੁਲਾਮੀ ਕਰਨਾ ਸਵੀਕਾਰਿਆ ਹੈ ਪਰੰਤੂ ਜੋ ਇਹਨਾਂ ਵੰਡਾਂ ਨੂੰ ਨਾ ਮੰਨ ਕੇ ਮਨੁੱਖ ਦੇ ਅੰਦਰ ਜਗਦੀ ਪਰਮਾਤਮਾ ਦੀ ਜੋਤ ਰਹੱਸ ਨੂੰ ਸਮਝਦਾ ਅਤੇ ਉਸ ਨੂੰ ਮਾਨਤਾ ਦਿੰਦਾ ਹੈ, ਮੈਂ ਉਸ ਦਾ ਦਾਸ ਬਣਨਾ ਸਵੀਕਾਰ ਕਰਦਾ ਹਾਂ।

ਜੋਗ ਸਬਦ ਦੇ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ................................ ਨਾਨਕ ਤਾ ਕਾ ਦਾਸ ਹੈ ਸੋਈ ਨਿਰੰਜਨ ਦੇਉ ॥

ਭਾਰਤੀ ਪਰੰਪਰਾ ਵਿਚ ਗੁਰੂ ਨਾਨਕ ਤੋਂ ਪਹਿਲਾਂ ਵੀ ਕਈ ਭਗਤਾਂ ਅਤੇ ਕ੍ਰਾਂਤੀਕਾਰੀ ਸੰਤਾਂ ਜਿਵੇਂ ਕਿ ਭਗਤ, ਕਬੀਰ ਅਤੇ ਭਗਤ ਨਾਮਦੇਵ, ਭਗਤ ਰਵੀਦਾਸ ਆਦਿ ਨੇ ਅਜਿਹੀ ਕੋਝੀ ਵਿਹਾਰਕਤਾ ਸੰਬੰਧੀ ਰੋਸ ਪ੍ਰਗਟ ਕੀਤਾ ਜਿਵੇ ਕਿ:

ਕਬੀਰ ਮੇਰੀ ਜਾਤਿ ਕਉ ਸਭ ਕੋ ਹਸਨੈ ਹਾਰ ॥ ਜਾਂ
ਤੁਮ ਕਤ ਬ੍ਰਹਮਣ ਹਮ ਕਤ ਸੂਦ
ਹਮ ਕਤ ਲੋਹੂ ਤੁਮ ਕਤ ਦੂਧ ॥

ਪਰੰਤੂ ਇਹਨਾਂ ਸਭ ਦਾ ਕੋਈ ਖਾਸ ਅਸਰ ਇਹਨਾਂ ਅਖੌਤੀ ਉੱਚ ਵਰਗਾਂ ਦੇ ਸਮਾਜ ਉਪਰ ਨਹੀਂ ਹੋਇਆ ਇਸੇ ਵਿਤਕਰੇ ਨੂੰ ਤੋੜਨ ਦੀ ਗੁਰੂ ਨਾਨਕ ਸਾਹਿਬ ਦੀ ਆਵਾਜ਼ ਬਾਹਰੋਂ ਨਹੀਂ ਬਲਕਿ ਉਚ ਵਰਗ ਦੇ ਸਮਾਜ (ਖੱਤਰੀ ਸਮਾਜ) ਵਿਚੋ ਉਠੀ ਇਕ ਦਬੰਗ ਆਵਾਜ਼ ਸੀ। ਉਹਨਾਂ ਨੇ ਵਿਹਾਰਕ ਤੌਰ ਤੇ ਵੀ ਆਪਸੀ ਸਹਿਹੋਂਦ ਨੂੰ ਪੱਕਿਆਂ ਕਰਨ ਲਈ ਆਪਣੇ ਜੀਵਨ ਦੇ ਆਰੰਭ ਵਿਚ ਹੀ ਮਰਦਾਨਾ ਆਪਣਾ ਸਾਥੀ ਚੁਣਿਆਂ ਜੋ ਕਿ ਜਾਤ ਦਾ ਮਿਰਾਸੀ ਹੀ ਨਹੀਂ ਸਗੋਂ ਮੁਸਲਮਾਨ ਵੀ ਸੀ। ਉਹਨਾਂ ਦਾ ਪੱਕਾ ਵਿਸ਼ਵਾਸ ਸੀ ਕਿ

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੈ ॥

ਇਸੇ ਤਰ੍ਹਾ ਗੁਰੂ ਅਮਰ ਦਾਸ ਜੀ ਦਾ ਫ਼ਰਮਾਨ ਹੈ।

ਨਾਮਾ ਛੀਬਾ ਕਬੀਰ ਜੋ ਲਾਹਾ ਪੂਰੇ ਗੁਰ ਤੇ ਗਤਿ ਪਾਈ
ਬ੍ਰਹਮ ਕੇ ਬੇਤੇ ਸਬਦ ਪਛਾਣਇ ਹਉਮੈ ਜਾਤਿ ਗਵਾਈ ॥

ਗੁਰਮਤਿ ਅਨੁਸਾਰ ਮਨੁੱਖ ਕੇਵਲ ਦੋ ਕਿਸਮ ਦੇ ਹੋ ਸਕਦੇ ਹਨ ਗੁਰਮੁਖ ਜਾਂ ਮਨਮੁਖ।

ਭਗਤਿ ਰਤੇ ਸੇ ਉਤਮਾ ਜਤਿ ਜਤਿ ਸਬਤੇ ਹੋਇ
ਬਿਨ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ ॥

ਸਿਖ ਸਮਾਜ ਦੀਆਂ ਸੰਸਥਾਵਾਂ ਲੰਗਰ, ਸੰਗਤ, ਸੇਵਾ ਆਦਿ ਅਜਿਹੀਆਂ ਸੰਸਥਾਵਾਂ ਹਨ ਜੋ ਸਮਾਜਿਕ ਜੀਵਨ ਦੇ ਅਧਿਆਤਮਕ ਅਤੇ ਵਿਹਾਰਕ ਸੰਦਰਭ ਦੋਹਾਂ ਦੀਆਂ ਵੰਡੀਆ ਨੂੰ ਖਤਮ ਕਰਦੀਆਂ ਹਨ। ਸਿਖ ਫਲਸਫਾ ਅਜਿਹੀ ਅਧਿਆਤਕਿਮਤਾ ਨੂੰ ਕਿਤੇ ਸਵੀਕਾਰ ਨਹੀ ਕਰਦਾ ਜੋ ਆਪਣੇ ਨਾਲ ਵਸਦੇ ਮਨੁੱਖਾਂ ਪ੍ਰਤੀ ਹਰੇਕ ਪੱਧਰ ਤੇ ਸਤਿਕਾਰ ਅਤੇ ਹਮਦਰਦੀ ਪੈਦਾ ਨਾ ਕਰ ਸਕੇ। ਸਮਾਜ ਦਾ ਉਹ ਸਰੂਪ ਜਿਸ ਵਿੱਚ ਮਾਨਵੀ ਰਿਸ਼ਤੇ ਨਾ ਹੋਣ ਉਸ ਦੀ ਕੋਈ ਜਗ੍ਹਾ ਨਹੀਂ ਹੈ। ਦਸਮ ਗੁਰੂ ਦੇ ਖਾਲਸਾ ਦੀ ਸਿਰਜਣਾ ਵਾਲੇ ਮਾਡਲ ਨੇ ਸੋਸ਼ਿਤ ਮਾਨਵ ਚੇਤਨਾ ਵਿਚ ਸ੍ਵੈ ਮਾਣ ਅਤੇ ਸ੍ਵੈ ਭਰੋਸੇ ਦੀ ਅਜਿਹੀ ਨਵੀਂ ਚੇਤਨਾ ਪੈਦਾ ਕੀਤੀ ਜਿਸ ਦੇ ਫਲਸਰੂਪ ਹਰੇਕ ਵਿਤਕਰੇ ਤੋਂ ਉਪਰ ਇਕ ਅਰੋਗ ਮਾਨਵ ਸਮਾਜ ਹੋਂਦ ਵਿਚ ਆਇਆ ਜਿਸ ਵਿਚ ਉਚ ਵਰਗ ਦੇ ਨਾਲ-ਨਾਲ ਅਖੌਤੀ ਨੀਵੇਂ ਵਰਗ ਦੇ ਦਬਾਏ, ਸਤਾਏ, ਮੁਰਝਾਏ ਸਮਾਜ ਨੂੰ ਸਤਿਕਾਰ, ਪਿਆਰ ਅਤੇ ਮਾਣ ਅਮਲੀ ਰੂਪ ਵਿਚ ਮਿਲਣ ਲੱਗਾ।

ਸਾਰੇ ਖਾਲਸਾ ਸਮਾਜ ਨੂੰ ਸ਼ਸ਼ਤਰਧਾਰੀ ਬਣਾਇਆ ਗਿਆ ਜਿਸ ਨਾਲ ਖੱਤਰੀਆਂ ਦੀ ਸਰਦਾਰੀ ਢਿਲੀ ਪੈ ਗਈ, ਖਾਲਸੇ ਨੂੰ ਵਿਹਲੜ ਅਤੇ ਨਿਖੱਟੂ ਪੁਣੇ ਤੋਂ ਉਪਰ ਉਠ ਕੇ ਸੁਚੀ ਕਿਰਤ (ਦਸਾਂ ਨਹੁ ਦੀ ਕਿਰਤ) ਵਾਲੇ ਪਾਸੇ ਲਗਾਇਆ ਜਿਸ ਨਾਲ ਹਰੇਕ ਖਾਲਸਾ ਵੈਸ਼ ਵੀ ਹੋ ਗਿਆ। ਧਰਮ ਕਰਮ ਕਰਦਿਆਂ ਦੁਸ਼ਟਾਂ ਦੇ ਸੰਘਾਰ ਲਈ ਹੱਥ ਵਿਚ ਖੰਡਾ ਖੜਕਾਉਂਦਾ ਖਾਲਸਾ ਜਦੋਂ ਗਰੀਬ ਅਤੇ ਲੋੜਵੰਦ ਹੀ ਮਦਦ ਲਈ ਅੱਗੇ ਆਇਆ ਤਾਂ ਉਸ ਵਿਚੋਂ ਸ਼ੂਦਰ ਹੋਣ ਦੀ ਭਾਵਨਾ ਕਿਤੇ ਉਡ ਗਈ ਕਿਸੇ ਵੀ ਜਾਤ ਪਾਤ, ਸ਼੍ਰੇਣੀ, ਨਸਲ ਦਾ ਮਨੁੱਖ ਖਾਲਸਾ ਰੂਪ ਧਾਰਨ ਕਰਕੇ ਬਿਨਾ ਭੇਦ ਭਾਵ ਦੇ ਸਭ ਕਾਰਜ ਕਰਨ ਦੇ ਯੋਗ ਬਣ ਗਿਆ। ਸੋ ਇਸ ਤਰ੍ਹਾਂ ਮਨੁੱਖ ਦੀ ਸੋਚਣ ਸ਼ਕਤੀ ਦਾ ਜੈਨੇਟਿਕਸ ਪੱਧਰ ਤੇ ਸੁਧਾਰ ਕੀਤਾ ਗਿਆ ਅਤੇ ਇਹੀ ਸੋਚ ਆਧਾਰ ਬਣੀ ਇਕ ਅਰੋਗ ਸਮਾਜ ਦੀ ਜਿਸ ਵਿਚ ਹਰ ਤਰਾਂ ਦੀ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਉਚ ਨੀਚ ਖਤਮ ਕਰਕੇ ਸਰਬ ਸਾਂਝੀ ਵਾਲਤਾ ਵਾਲੇ ਸਹਿਯੋਗੀ ਸਮਾਜ ਦੀ ਸਿਰਜਣਾ ਕੀਤੀ ਗਈ।

ਸਮਜਿਕ ਬਰਾਬਰੀ ਦੇ ਇਸ ਮਾਡਲ ਦਾ ਵਾਰਿਸ ਸਿਖ ਸਮਾਜ ਜੋ ਦੁਨੀਆਂ ਨੂੰ ਸੇਧ ਦੇਣ ਦੀ ਸਮਰਥਾ ਰੱਖਣ ਵਾਲੇ ਆਪਣੇ ਫਲਸਫੇ ਨੂੰ ਸੰਭਾਲੀ ਬੈਠਾ ਹੈ, ਅੱਜ ਜਰੂਰਤ ਹੈ ਉਸ ਸਿਖ ਸਮਾਜ ਨੂੰ ਕਿ ਉਹ ਇਹ ਆਦਰਸ਼ ਮਾਡਲ ਨੂੰ ਵਿਹਾਰ ਰੂਪ ਵਿੱਚ ਦੁਨੀਆਂ ਨੂੰ ਸੰਜੋ ਕੇ ਦਿਖਾਵੇ ਜਿਵੇਂ ਕਿ ਉਹ ਆਪਣੇ ਗੁਰੂ ਸਾਹਿਬਾਨ ਦੇ ਵਕਤ ਤੇ ਹੰਢਾ ਚੁਕਾ ਹੈ ਤਾਂ ਕਿ ਸਾਰੀ ਦੁਨੀਆਂ ਨੂੰ ਆਪਣੀ ਗਲਵਕੜੀ ਵਿਚ ਲੈਣ ਯੋਗ ਖਾਲਸਾ ਦੁਨੀਆਂ ਦਾ ਚਾਨਣ ਮੁਨਾਰਾ ਬਣ ਸਕੇ।

ਸਮਾਜਿਕ, ਧਾਰਮਿਕ ਅਤੇ ਅਧਿਆਤਮਕ ਸਹਿਹੋਂਦ ਦਾ ਜੀਉਂਦਾ ਜਾਗਦਾ ਸ੍ਰੋਤ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਸਿਖੀ ਕੋਲ ਮੌਜੂਦ ਹੈ। ਅੱਜ ਜਿਥੇ ਸਾਰੀ ਮਨੁਖਤਾ ਨੂੰ ਇਕ ਇਕਾਈ ਦੇ ਰੂਪ ਵਿਚ ਦੇਖਿਆ ਜਾ ਰਿਹਾ ਹੈ, ਵਿਸ਼ਵੀਕਰਨ ਹੋ ਰਿਹਾ ਹੈ, ਸੰਚਾਰ ਦੇ ਸਾਧਨਾਂ ਵਿਚ ਤੇਜੀ ਨਾਲ ਸੁਧਾਰ ਹੋ ਰਿਹਾ ਹੈ ਉਥੇ ਆਪਸੀ ਸਹਿਹੋਂਦ ਦੀ ਜਰੂਰਤ ਹੋਰ ਵੀ ਉੱਭਰ ਕੇ ਸਾਹਮਣੇ ਆਉਂਦੀ ਹੈ। ਸ਼ੋਸ਼ਲ ਮੀਡੀਆ ਆਦਿ ਸਾਧਨ ਇਤਨੇ ਪਰਪੱਕ ਅਤੇ ਤੇਜ ਹਨ ਕਿ ਦੁਨੀਆਂ ਵਿਚ ਕਿਤੇ ਹੋਈ ਕੋਈ ਵੀ ਅਮਾਨਵੀ, ਆਸਾਧਾਰਨ, ਘਟਨਾ ਮਿੰਟਾਂ ਸਕਿੰਟਾਂ ਵਿੱਚ ਦੁਨੀਆਂ ਦੇ ਹਰੇਕ ਇਨਸਾਨ ਕੋਲ ਪਹੁੰਚ ਜਾਂਦੀ ਹੈ, ਜੇਕਰ ਇਹਨਾਂ ਵਿਕਿਸਤ ਸਾਧਨਾਂ ਨੂੰ ਆਪਸੀ ਪਿਆਰ, ਭਾਈਚਾਰਾਂ ਅਤੇ ਸਾਂਝ ਬਣਾਉਣ ਲਈ ਵਰਤਿਆ ਜਾਵੇ ਤਾਂ ਦੁਨੀਆਂ ਸਚਮੁੱਚ ਹੀ ਇਕਜੁੱਟਤਾ, ਆਪਸੀ ਸਹਿਹੋਂਦ ਅਤੇ ਭਾਈਚਾਰਕ ਸਾਂਝ ਦਾ ਅਸਲੀ ਮਤਲਬ ਸਮਝ ਕੇ ਉਸ ਉਪਰ ਅਮਲ ਕਰ ਸਕਦੀ ਹੈ। ਜੇਕਰ ਅਧਿਆਤਮਕ ਤੌਰ ਤੇ ਸਾਰੀ ਮਨੁੱਖਤਾ ਨੂੰ ਏਕਤਾ ਦਾ ਪਾਠ ਪੜਾਉਣਾ ਹੋਵੇ ਤਾਂ ਉਹ ਸਿਧਾਂਤਕ ਰੂਪ ਵਿਚ ਹਰੇਕ ਧਰਮ ਕੋਲ ਮੌਜੂਦ ਹੈ, ਅੱਜ ਜਰੂਰਤ ਹੈ ਤਾਂ ਸਿਰਫ ਉਸਨੂੰ ਵਿਹਾਰਕ ਰੂਪ ਵਿਚ ਸਪਸ਼ਟ ਰੂਪ ਵਿਚ ਦੂਜੀਆਂ ਸਾਹਮਣੇ ਉਜਾਗਰ ਕਰਨ ਦੀ, ਤਾਂ ਕਿ ਇਹ ਸੰਸਾਰ ਇਨਸਾਨੀਅਤ ਨਾਲ ਭਰਪੂਰ ਸਵਰਗ ਬਣ ਸਕੇ।

## ਸਮਾਜਿਕ ਭਲਾਈ

### 'ਮਾਨਸ ਕੀ ਜਾਤ ਸਬੈ ਏਕੋ ਪਹਿਚਨਾਬੋ'

ਗੁਰਮਤਿ ਅਨੁਸਾਰ ਸਭਨਾਂ ਵਿੱਚ ਇਕੋ ਰੱਬੀ ਨੂਰ ਹੈ। ਸਾਰੇ ਪਾਸੇ ਸਰਬ ਸਾਂਝੀ ਵਾਲਤਾ ਦਾ ਮੁੱਜਸਮਾ ਬਣਾਉਣ ਲਈ ਸਭਨਾ ਨੂੰ ਗਲਵਕੜੀ ਵਿੱਚ ਲੈਣ ਦੀ ਭਾਵਨਾ ਤਦ ਹੀ ਪੈਦਾ ਹੋ ਸਕਦੀ ਹੈ ਜੇਕਰ ਸਭ ਨੂੰ ਇਕ ਸਮਾਨ ਸਮਝਿਆ ਜਾਵੇ। 'ਹਮ ਨਹੀਂ ਚੰਗੇ ਬੁਰਾ ਨਹੀਂ ਕੋਇ' ਅਤੇ 'ਬੁਰਾ ਭਲਾ ਕਹੁ ਕਿਸ ਨੂੰ ਕਹੀਐ' ਜਿਹੇ ਸੁਨਿਹਰੇ ਅਸੂਲ ਅਪਣਾਓਣ ਲਈ ਹਰ ਤਰ੍ਹਾਂ ਦਾ ਹੰਕਾਰ - ਭਾਵੇਂ ਉਹ ਉਚੀ ਕੁਲ ਦਾ ਹੋਵੇ, ਜਾਤ ਦਾ ਹੋਵੇ, ਧਨ ਸੰਪਤੀ ਦਾ ਹੋਵੇ, ਗਿਆਨ ਵਾਨ ਹੋਣ ਦਾ ਹੋਵੇ ਤਿਆਗਣਾ ਪਵੇਗਾ। ਯੂਨਾਨ ਦੇ ਪ੍ਰਸਿਧ ਦਾਰਸ਼ਨਿਕ ਅਰਸਤੂ ਨੇ ਮਨੁੱਖ ਨੂੰ ਸਮਾਜਿਕ ਪ੍ਰਾਣੀ ਕਿਹਾ ਸੀ ਪਰ ਸਮਾਜਿਕਤਾ ਨੂੰ ਮਨੁੱਖ ਦਾ ਵਿਲੱਖਣ ਚਿੰਨ੍ਹ ਮੰਨਣਾ ਸੰਭਵ ਨਹੀ[1] ਕਿਉਂਕਿ ਪਸ਼ੂ ਜਗਤ ਵਿਚ ਵੀ ਸਮਾਜਿਕਤਾ ਵੇਖੀ ਜਾ ਸਕਦੀ ਹੈ। ਘਰੇਲੂ ਜੀਵ ਜੰਤੂ (ਮੱਖੀ, ਕੀੜੀ ਆਦਿ) ਨੇ ਵੀ ਸਫਲ ਸਮਾਜਿਕ ਵਿਵਸਥਾਂ ਵਿਕਸਿਤ ਕੀਤੀ ਹੋਈ ਹੈ। ਇਸ ਲਈ ਅਰਸਤੂ ਨੇ ਆਪਣੀ ਪਰਿਭਾਸ਼ਾ ਵਿਚ ਕੇਵਲ ਮਨੁੱਖ ਦੀ ਪ੍ਰਕ੍ਰਿਤੀ ਦੇ ਇਕ ਪੱਖ ਨੂੰ ਪ੍ਰਸਤੁਤਿ ਕੀਤਾ ਹੈ ਪਰੰਤੂ ਦੇਖਣ ਯੋਗ ਹੈ ਕਿ ਮਨੁਖ ਕੋਲ ਭਾਸ਼ਾ, ਧਰਮ, ਕਲਾ ਆਦਿ ਅਜਿਹੇ ਤੱਤ ਹਨ ਜੋ ਉਸਨੂੰ ਪਸ਼ੂਆ ਤੋਂ ਅੱਡ ਕਰਦੇ ਹਨ। ਇਸੇ ਲਈ ਮਨੁੱਖ ਨੂੰ 'ਸਾਂਸਕ੍ਰਿਤਕ ਜੀਵ' ਵੀ ਮੰਨਿਆ ਗਿਆ ਹੈ। ਮਨੁੱਖ ਸੁਚੇਤ ਰੂਪ ਵਿਚ ਵਿਕਸਿਤ ਹੋਣ ਦਾ ਆਦਰਸ਼ ਲੈ ਕੇ ਜਿਉਂਦਾ ਹੈ ਅਤੇ ਕਈ ਪ੍ਰਤੀਕ ਰੂਪਾਂ ਦੀ ਸਹਾਇਤਾ ਲੈ ਕੇ ਆਦਰਸ਼ਾਂ ਦੀ ਸਾਜਣਾ ਕਰਦਾ ਹੈ। ਇਹ ਆਦਰਸ਼ ਉਸਨੂੰ 'ਨੈਤਿਕ ਜੀਵ' ਬਣਾ ਦਿੰਦੇ ਹਨ। ਨੈਤਿਕਤਾ ਤੋਂ ਬਿਨਾਂ ਮਨੁਖ ਪਸ਼ੂ ਮੰਨਿਆ ਜਾ ਸਕਦਾ ਹੈ। ਮਨੁਖ ਨੂੰ ਜਿਉਂਦਾ ਰਹਿਣ ਲਈ ਅੰਦਰੂਨੀ ਅਤੇ ਬਾਹਰੀ ਸੰਘਰਸ਼ ਚੋਂ ਲੰਘਣਾ ਪੈਂਦਾ ਹੈ। ਮਨੁੱਖ ਹਰ ਤਰਾਂ ਦੀ ਉੱਨਤੀ ਅਤੇ ਪਤਨ ਦਾ ਮਾਰਗ ਚੁਣਨ ਦੇ ਲਈ ਸੁਤੰਤਰ ਹੈ। ਮਨੁੱਖ ਨੂੰ ਇਕ

---

[1] ਡਾ. ਗੁਰਸ਼ਰਨ ਜੀਤ ਸਿੰਘ, ਗੁਰੂ ਨਾਨਕ ਬਾਣੀ ਵਿਚਲੀ ਨੈਤਿਕਤਾ ਦਾ ਅਜੋਕਾ ਪ੍ਰਸੰਗ ਪੰਨਾ, 78.

ਆਦਰਸ਼ ਮਰਿਯਾਦਾ ਦਾ ਪਾਲਣ ਕਰਨਾ ਪੈਂਦਾ ਹੈ ਜੋ ਮਨੁੱਖ ਨੂੰ ਸਵੈ ਅਨੁਸ਼ਾਸ਼ਨ ਅਤੇ ਸਮਾਜਿਕ ਅਨੁਸ਼ਾਸ਼ਨ ਮੁਹੱਈਆਂ ਕਰਵਾਉਂਦੀ ਹੈ। ਗੁਰੂ ਨਾਨਕ ਬਾਣੀ ਵਿਚ ਮਨੁੱਖ ਨੂੰ ਹੇਠ ਲਿਖੇ ਸਦਗੁਣਾਂ ਨੂੰ ਅਪਨਾਉਣ ਦੀ ਤਾਕੀਦ ਗਈ ਕੀਤੀ ਹੈ

ਸੱਚ,

ਗਿਆਨ, ਪ੍ਰੇਮ, ਦਇਆ, ਸੇਵਾ ਅਤੇ ਪਰਉਪਕਾਰ

ਨਿਰਭੈਤਾ ਜਾਂ ਬਹਾਦਰੀ ਅਤੇ ਸੰਤੋਖ

ਇਹ ਸਭ ਸਦਗੁਣ ਇਕ ਦੂਜੇ ਦੇ ਪੂਰਕ ਹਨ ਇਹਨਾ ਸਭ ਸਦਗੁਣਾਂ ਦਾ ਮੰਤਵ ਵਿਅਕਤੀ ਅਤੇ ਸਮਾਜ ਦੋਹਾਂ ਨਾਲ ਹੈ। ਅੱਜ ਦਾ ਸਮਾਜ ਪਦਾਰਥ ਵਾਦੀ ਰੁਚੀਆਂ ਵਿਚ ਗ੍ਰਸਤ ਹੈ ਜਿਸ ਕਾਰਨ ਹੰਕਾਰ ਅਤੇ ਤ੍ਰਿਸ਼ਨਾ ਦਾ ਤਪਿਸ਼ ਮਨੁਖਤਾ ਨੂੰ ਝੁਲਸਾ ਰਹੀ ਹੈ ਮਨੁਖ ਦਾ ਮਾਨਸਿਕ ਅਤੇ ਸਰੀਰਕ ਤਵਾਜ਼ਨ ਨਿਘਾਰ ਵਲ ਜਾ ਰਿਹਾ ਹੈ। ਸਾਰਾ ਵਿਗਿਆਨਕ ਮੰਡਲ ਪਦਾਰਥ ਲੋੜਾਂ ਪੂਰੀਆਂ ਕਰਨ ਲਈ ਸਿਰਜੋੜ ਮਿਹਨਤ ਕਰ ਰਿਹਾ ਹੈ ਮਨੁਖ ਦੀਆਂ ਸਦਗੁਣਾਂ ਨਾਲ ਭਰਪੂਰ ਲੁਕਵੀਆਂ ਆਤਮਿਕ ਤਾਕਤਾਂ ਦੀ ਭਾਲ ਵੱਲ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ ਜਿਸਦੇ ਫਲਸਰੂਪ ਦੁਨੀਆਂ ਉਪਰ ਖੁਦਗਰਜੀ ਦਾ ਬੋਲ ਬਾਲਾ ਹੋ ਗਿਆ ਹੈ। ਗੁਰੂ ਨਾਨਕ ਸਾਹਿਬ ਦਾ ਸਮਾਜਿਕ ਦ੍ਰਿਸ਼ਟੀਕੋਣ ਦੁਨੀਆਂ ਦੇ ਹਰੇਕ ਮਨੁਖ ਲਈ ਸਮਾਜਿਕ ਸੇਵਾ ਦਾ ਭਾਵ ਪ੍ਰਗਟ ਕਰਨ ਦੇ ਜ਼ੋਰ ਦਿੰਦਾ ਹੈ ਤਾਂ ਕਿ ਮਨੁੱਖ ਖੁਦਗਰਜੀ ਤੋਂ ਉਪਰ ਉਠ ਸਕੇ। ਅੱਜ ਕੱਲ ਸਾਰਾ ਵਿਸ਼ਵ ਭਾਈਚਾਰਕ ਸਾਂਝ ਦੀ ਲੋੜ ਮਹਿਸੂਸ ਕਰ ਰਿਹਾ ਹੈ। ਵਿਸ਼ਵ ਭਾਈਚਾਰੇ ਦੇ ਸਦਗੁਣ ਵਿਚ ਸਭ ਦੇ ਭਲੇ ਦੀ ਗਲ ਦਾ ਬੜਾ ਮਹੱਤਵਪੂਰਨ ਸਥਾਨ ਹੁੰਦਾ ਹੈ। ਸਰਬਤ ਦਾ ਭਲਾ ਮੰਗਣਾ ਸਿਖ ਧਰਮ ਦੀ ਆਧਾਰਸ਼ਿਲਾ ਹੈ। ਸਰਬਤ ਦਾ ਭਲਾ ਮੰਗਣਾ, ਸਰਬੱਤ ਦੀ ਸੇਵਾ ਕਰਨੀ, ਸਰਬੱਤ ਦੇ ਕੰਮ ਆਉਣਾ ਸਰਬਤ ਦਾ ਸ਼ੁਭ ਇੱਛੁਕ ਹੋਣਾ, ਸਰਬੱਤ ਦੀ ਦੇਖ ਭਾਲ ਕਰਨਾ ਅਤੇ ਲੋੜ ਪੈਣ ਤੇ ਸਰਬੱਤ ਦੇ ਹੱਕਾਂ ਦੀ ਰਾਖੀ ਲਈ ਜੂਝ ਮਰਨਾ ਸਿਖ ਦੇ ਮੁਢਲੇ ਅਸੂਲਾਂ ਵਿਚੋਂ ਹਨ। ਨਿ-ਸਵਾਰਥ ਜੀਵਨ ਜੀਣਾ ਬ੍ਰਹਿਮੰਡ ਦੀ ਨਿਯਮਾਵਲੀ ਦੇ ਅਨੁਸਾਰੀ ਹੋਣਾ ਹੈ। ਕੁਦਰਤ ਦੀ ਹਰ ਨਿਕੀ ਤੋਂ ਵੱਡੀ ਸ਼ੈਅ ਕਿਸੇ ਨਾ ਕਿਸੇ ਰੂਪ ਵਿੱਚ ਕਾਦਰ ਦੇ ਨਿਯਮ ਅਨੁਸਾਰ ਸਾਰੀ ਕੁਦਰਤ ਦੀ ਹੋਂਦ ਨੂੰ ਚਲਦੇ ਰੱਖਣ ਲਈ ਆਪਣਾ ਯੋਗਦਾਨ ਪਾ ਰਹੀ ਹੈ। ਦੂਜਿਆਂ ਦੇ ਸੁਖਾਂ ਲਈ ਆਪਣੇ ਸੁਖ ਨੂੰ ਤਿਆਗਣ ਵਿਚ ਅਲੌਕਿਕ ਸੰਤੁਸ਼ਟਤਾ, ਆਨੰਦ ਮਿਲਦਾ ਹੈ ਜਿਸਦਾ ਵਰਨਣ ਨਹੀਂ ਕੀਤਾ ਜਾ ਸਕਦਾ ਕੇਵਲ ਅਨੁਭਵ ਕੀਤਾ ਜਾ ਸਕਦਾ ਹੈ। ਧਾਰਮਿਕ ਸਥਾਨਾਂ ਉਪਰ ਜਾ ਕੇ ਸਮਾਜਿਕ ਸੇਵਾ ਦਾ ਵਿਖਾਵਾ ਕਰਨ ਨਾਲ ਇਹ ਸਦਾ ਚਿਰ ਆਨੰਦ ਨਹੀਂ ਮਿਲ ਸਕਦਾ ਇਹ ਤਾਂ ਜੀਵਨ ਜਾਚ ਵਿਚ ਹਰ ਪਲ ਜੀਉਣ ਦੀ ਕਲਾ ਹੈ। ਕੁਦਰਤ ਵਿਚ ਹਰ ਤਰਫ਼ ਜਦੋਂ ਅਜਿਹੀਆਂ ਪਿਆਰ ਅਤੇ ਭਾਈਚਾਰੇ ਦੀਆਂ ਤਰੰਗਾਂ ਉਠਦੀਆਂ ਹਨ ਤਾਂ ਇਹ ਚੁਤਰਫ਼ਾ ਅਸਰ ਕਰਦੀਆਂ ਹੋਈਆਂ ਸਾਕਾਰਾਤਮਿਕ ਊਰਜਾ (Positive energy) ਦੇ ਰੂਪ ਵਿਚ ਮਨੁੱਖ ਕੋਲ ਵਾਪਿਸ ਆਉਂਦੀਆਂ ਹਨ। ਇਹਨਾਂ Positive ਤਰੰਗਾਂ ਦਾ ਅਸਰ ਕੁਦਰਤ ਵਿਚ ਹਰ ਤਰਫ-ਜੀਅ ਜੰਤੂਆਂ ਪੌਦਿਆਂ ਆਦਿ ਸਭ ਉਪਰ ਦੇਖਣ ਨੂੰ ਮਿਲਦਾ ਹੈ ਉਦਾਹਰਣ ਦੇ ਤੌਰ ਤੇ ਕਿਸੇ ਜਾਨਵਰ ਨੂੰ ਵੀ ਪਿਆਰ ਅਤੇ ਹਮਦਰਦੀ ਦੀਆਂ ਤਰੰਗਾਂ ਭਰੀਆਂ ਨਜਰਾਂ ਨਾਲ ਦੇਖਿਆ ਜਾਵੇ ਤਾਂ ਉਹ ਵੀ ਪੂਛ ਹਿਲਾ ਕੇ ਸ਼ੁਕਰਾਨੇ ਵਜੋਂ ਆਪਣੀ ਪ੍ਰਸੰਨਤਾ ਦਾ ਪ੍ਰਗਟਾਵਾ ਕਰਦੇ ਹਨ। ਇਸ ਦੇ ਉਲਟ ਜੇਕਰ ਕੋਈ ਨਫਰਤ ਦੀਆਂ, ਈਰਖਾ ਦੀਆਂ ਤਰੰਗਾਂ ਆਪਣੇ ਆਲੇ ਦੁਆਲੇ ਭੇਜਦਾ ਹੈ ਤਾਂ ਉਹੀ ਤਰੰਗਾਂ ਮੁੜ ਕੇ ਉਸ ਵੱਲ ਪਰਤਦੀਆਂ ਹਨ। ਇਹ ਕੁਦਰਤ ਦਾ ਅਟੱਲ ਨਿਯਮ ਹੈ। ਇਸਦਾ ਸਿੱਟਾ ਇਹ ਨਿਕਲਦਾ ਹੈ ਕਿ ਹਰੇਕ ਚੰਗਾ, ਮੰਦਾ ਖਿਆਲ ਜਾ ਹਰੇਕ ਵਿਕਾਰੀ ਅਤੇ ਚੰਗਾ ਜਜ਼ਬਾ ਮਨੁੱਖ ਦੇ ਸਰੀਰ ਅਤੇ ਮਨ ਉਪਰ ਅਸਰ ਕਰਦਾ ਹੈ। ਅੱਛਾਈ ਦਾ ਫੁਰਨਾ ਸਰੀਰਕ ਅਤੇ ਮਾਨਸਿਕ ਅਰੋਗਤਾ ਪ੍ਰਦਾਨ ਕਰਦੇ ਹਨ, ਬੋਲਾਂ ਵਿੱਚ ਮਿਠਾਸ ਅਤੇ ਚਿਹਰੇ ਉੱਪਰ ਖੇੜਾ ਪੈਦਾ ਕਰਨ ਯੋਗ ਹੁੰਦਾ ਹੈ। ਇਸਦੇ ਉਲਟ ''ਕਾਮ ਕ੍ਰੋਧ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥'' ਅਤੇ

ਨਾਨਕ ਫਿਕਾ ਬੋਲਿਐ ਤਨ ਮਨ ਫਿਕਾ ਹੋਇ ॥

ਗੁਰਬਾਣੀ ਗੁਰਸਿੱਖ ਨੂੰ ''ਪਰ ਕਾ ਬੁਰਾ ਨ ਰਾਖਹੁ ਚੀਤ'' ਦਾ ਆਦੇਸ਼ ਦੇਂਦੀ ਹੈ ਅਤੇ ਗੁਰਸਿੱਖ ਆਪਣੇ ਨਿਤਨੇਮ ਵਿੱਚ ਅਰਦਾਸ ਵੇਲੇ ਦੋਹਾ ਵੇਲੇ 'ਸਰਬਤ ਦਾ ਭਲਾ' ਮੰਗਦਾ ਹੈ। ਗੁਰਮਤਿ ਵਿਚ ਹੱਥੀ ਕੰਮ ਕਾਰ ਕਰਕੇ ਦੂਜਿਆਂ ਦੀ ਸੇਵਾ ਕਰਨ ਦਾ ਉਪਦੇਸ਼ ਦਿਤਾ ਗਿਆ ਹੈ। ''ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ।'' ਸੋ ਇਹ ਸਿਧ ਹੈ ਕਿ ਮਨੁੱਖ ਦੇ ਅਧਿਆਤਮਕ ਅਤੇ ਸੰਸਾਰਕ ਵਿਕਾਸ ਕਰਨ ਵਿੱਚ ਸਮਾਜਿਕ ਭਲਾਈ ਦਾ ਜਜ਼ਬਾ ਕਿਸ ਤਰਾਂ ਸਹਾਈ ਹੋ ਸਕਦਾ ਹੈ ਅਸੀਂ ਇਹ ਮਹਿਸੂਸ ਕਰਦੇ ਹਾਂ ਸਾਰਾ ਸੰਸਾਰ ਆਪਸ ਵਿੱਚ (Positive and Negative waves) ਸਕਾਰਾਤਮ ਅਤੇ ਨਾਕਾਰਾਤਮਕ ਤਰੰਗਾਂ ਨਾਲ ਬੱਝਾ ਹੋਇਆ ਹੈ। ਮਨੁੱਖ ਜੋ ਵੀ ਊਰਜਾ ਇਸ ਚੁਗਿਰਦੇ ਵਿੱਚ ਛੱਡੇਗਾ ਉਹ ਘੁੰਮ ਘੁਮਾ ਕੇ ਉਸ ਵੱਲ ਹੀ ਪਰਤੇਗੀ। ਸੋ ਅੱਜ ਜਦੋਂ ਕਿ ਸਾਰਾ ਵਿਸ਼ਵ ਹਰ ਤਰ੍ਹਾਂ ਦੇ ਅੰਦਰੂਨੀ ਅਤੇ ਬਾਹਰੀ ਵਿਕਾਸ ਦੀ ਹੋੜ ਵਿੱਚ ਲੱਗਾ ਹੈ ਕਿਉਂ ਨਾ ਸਿਖ ਫਲਸਫੇ ਦੀ 'ਸਰੱਬਤ ਦੇ ਭਲੇ' ਦੀ ਅਰਦਾਸ ਦੀ ਡੋਰ ਸਾਂਭੀ ਜਾਵੇ ਅਤੇ ਦੁਨੀਆਂ ਨੂੰ ਦਰਪੇਸ ਉਸਦੀਆਂ

ਅਜੋਕੀਆਂ ਸੰਸਾਰਕ, ਵਿਅਕਤੀਗਤ, ਰਾਜਨੀਤਿਕ ਅਤੇ ਅਧਿਆਤਮਕ ਸਮੱਸਿਆਵਾਂ ਦਾ ਹੱਲ ਲੱਭਣ ਵਿਚ ਮੱਦਦ ਕੀਤੀ ਜਾਵੇ। ਪਿਆਰ ਸੇਵਾ ਅਤੇ ਪਰਉਪਕਾਰ ਦੇ ਸਦਗੁਣ ਵਿਸ਼ਵ ਭਾਈਚਾਰੇ ਵੱਲ ਵਧਦੇ ਕਦਮਾਂ ਲਈ ਮਜ਼ਬੂਤ ਨੀਂਹ ਦੇ ਤੌਰ ਤੇ ਕੰਮ ਕਰ ਸਕਦੇ ਹਨ। ਸਾਨੂੰ ਹਰੇਕ ਕਿਰਤ ਦਾ ਸਨਮਾਨ ਕਰਨਾ ਅੱਜ ਪੱਛਮ ਦਾ ਗੁਣ ਲਗਦਾ ਹੈ ਤਾਂ ਹੀ ਪੱਛਮੀ ਦੇਸ਼ਾਂ ਵਿਚ ਸਾਡਾ ਨੌਜੁਆਨ ਵਰਗ ਆਕਰਸ਼ਿਤ ਹੋ ਰਿਹਾ ਹੈ ਪਰੰਤੂ ਜੇਕਰ ਅਸੀਂ ਆਪਣੇ ਆਲੇ ਦੁਆਲੇ ਅਜਿਹਾ ਵਾਤਾਵਰਣ ਸਿਰਜ ਸਕੀਏ ਜਿਸ ਵਿਚ ਬਿਨਾਂ ਕਿਸੇ ਕਿਰਤ ਦੇ ਭਿੰਨ ਭੇਦ, ਨਸਲ ਦੇ ਭਿੰਨ ਭੇਦ, ਜਾਤ ਅਤੇ ਧਰਮ ਦੇ ਭਿੰਨ ਭੇਦ ਤੋਂ ਇਕ ਮਿਕ ਅਤੇ ਸਰਬ ਸਾਂਝੀਵਾਰਤਾ ਦੀ ਭਾਵਨਾ ਵਾਲਾ ਸਮਾਜ ਪਨਪ ਸਕੇ ਤਾਂ ਇਹ ਸਿੱਖ ਧਰਮ ਪ੍ਰਤੀ ਸਿਖਾਂ ਦੀ ਸੱਚੀ ਸ਼ਰਧਾ ਹੋ ਸਕਦੀ ਹੈ। ਗੁਰੂ ਗ੍ਰੰਥ ਸਾਹਿਬ ਦਾ ਸਹਿਜ ਗਿਆਨ, ਉਭਰ ਰਹੀਆਂ ਬੁਰਾਈਆਂ ਨੂੰ ਬੁਨਿਆਦੀ ਸੱਚਾਈਆਂ ਦੁਆਰਾ ਸੁਲਝਾਉਣ ਦੀ ਸ਼ਕਤੀ ਰਖਦਾਹੈ। ਗੁਰਸਿਖ ਨੂੰ ਆਪਣਾ ਸੁਆਰਥੀ ਦ੍ਰਿਸ਼ਟੀਕੋਣ ਤਿਆਗ ਕੇ ਸਰਬਤ ਮਨੁਖਤਾ ਦੇ ਭਲੇ ਦੀ ਚਿੰਤਾ ਕਰਨ ਨੂੰ ਆਪਣੇ ਆਦਰਸ਼ ਦੁਆਰਾ ਬਣਾਉਣਾ ਉਸਦਾ ਧਾਰਮਿਕ ਫਰਜ਼ ਹੈ। ਜਿਸ ਨੂੰ ਨਿਭਾਉਂਦੇ ਹੋਏ ਉਹ ਆਪਣੇ ਗੁਰੂ ਦੇ ਦਿੱਤੇ ਰਸਤੇ ਤੇ ਚਲ ਕੇ ਉਸ ਪਰਮ ਪਿਤਾ ਪਰਮਾਤਮਾਂ ਪ੍ਰਤੀ ਆਪਣੀ ਸੱਚੀ ਨਿਸ਼ਠਾ ਦਿਖਾ ਸਕਦਾ ਹੈ।

ਅੱਜ ਸਮੁੱਚਾ ਵਿਸ਼ਵ ਵਿਅਕਤੀਗਤ, ਨੈਤਿਕ, ਰਾਜਨੀਤਿਕ, ਸਮਾਜਿਕ ਅਤੇ ਅਧਿਆਤਮਕ ਸੱਮਸਿਆਵਾਂ ਨਾਲ ਜੂਝ ਰਿਹਾ ਹੈ, ਜਿਸ ਸਭ ਦਾ ਮੂਲ ਕਾਰਨ ਇਨਸਾਨੀਅਤ ਦੀ ਖੁਦਗਰਜ਼ੀ ਹੈ, ਉਥੇ ਜੇਕਰ ਸਰਬਤ ਦੇ ਭਲੇ ਵਾਲਾ ਮੂਲ ਮੰਤਰ ਅਮਲ ਵਿਚ ਲਿਆਂਦਾ ਜਾਵੇ ਤਾਂ ਇਹਨਾਂ ਸਭ ਚੁਣੌਤੀਆਂ ਦਾ ਸਾਹਮਣਾ ਕੀਤਾ ਜਾ ਸਕਦਾ ਹੈ।